ਹਊਆ ਤੋ ਕਰੋਪੀ

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

੫

ਵਣਜਾਰਾ ਬੇਦੀ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

ਜਿਲਦ 4
(ਹਊਆ ਤੋਂ ਕਰੋਪੀ ਤਕ)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਐਮ. ਏ., ਪੀਐਚ. ਡੀ.

ਨੈ.ਬੁ.ਸ਼
ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ - 110 006

Sri Satguru Jagjit Singh Ji eLibrary NamdhariElibrary@gmail.com

https://archive.org/details/namdhari

© ਡਾ. ਸੋਹਿੰਦਰ ਸਿੰਘ ਬੇਦੀ

ਪਹਿਲੀ ਵਾਰ : ਮਈ 1981
ਦੂਜੀ ਵਾਰ : 2004

ਮੁੱਲ . 150 ਰੁਪਏ (ਚੌਥੀ ਜਿਲਦ)

ਪ੍ਰਕਾਸ਼ਕ
**ਨੈਸ਼ਨਲ ਬੁਕ ਸ਼ਾਪ**
ਪਲਈਅਰ ਗਾਰਡਨ ਮਾਰਕੀਟ
ਚਾਂਦਨੀ ਚੌਕ, ਦਿੱਲੀ-110006

ਛਾਪਕ :
**ਐੱਚ.ਐੱਸ. ਆਫ਼ਸੈੱਟ ਪ੍ਰਿੰਟਰਜ਼**
ਦਰਿਆ ਗੰਜ, ਨਵੀਂ ਦਿੱਲੀ-110002

---

**PANJABI LOKEDHARA VISHAV KOSH, VOL. IV**
(Panjabi Folklore Encyclopeadia, vol. IV)
By
**Dr. Sohinder Singh Wanjara Bedi**
J-11/80, Rajouri Garden, New Delhi-110027

Published by
**NATIONAL BOOK SHOP**
Pleasure Garden Market, Chandni Chowk, Delhi-110006
**Phones : Off. : 64529291**
**23264342**

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜਾਬੀ
# ਲੋਕਧਾਰਾ
# ਵਿਸ਼ਵਕੋਸ਼

## ਪਾਠਕਾਂ ਤੇ ਪੁਸਤਕ ਵਿਕ੍ਰੇਤਾ ਲਈ ਜ਼ਰੂਰੀ ਜਾਣਕਾਰੀ

ਪਹਿਲੇ ਤੇ ਦੂਜੇ ਭਾਗ ਦੀ ਦੂਜੀ ਛਾਪ (2001) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 560 ਤੋਂ ਘਟ ਕੇ 308 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਪਾਠਕਾਂ ਲਈ ਪੰਨਾ 308 ਤੋਂ 560 ਪੰਨਾ ਤੀਕ ਦਾ ਮੈਟਰ ਚਲਦਾ ਹੈ।

ਤੀਜੇ ਭਾਗ ਦੀ ਦੂਜੀ ਛਾਪ (2002) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 808 ਤੋਂ ਘਟ ਕੇ 480 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਚੌਥੇ ਭਾਗ ਦੀ ਦੂਜੀ ਛਾਪ (2004) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 1048 ਤੋਂ ਘਟ ਕੇ 580 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਪੂਰੇ ਸੈਟ ਦੀ ਕੀਮਤ ਵਿਚ ਕੋਈ ਵਾਧਾ ਨਾ ਹੋਵੇ ਇਸ ਲਈ ਹੀ ਇਸ ਤਰ੍ਹਾਂ ਕੀਤਾ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਏਸੇ ਕਲਮ ਤੋਂ :

**ਲੋਕਧਾਰਾ ਅਧਿਅਨ :**

1. ਲੋਕ ਧਰਮ
2. ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ
3. ਲੋਕਧਾਰਾ ਅਤੇ ਸਾਹਿੱਤ
4. ਪੰਜਾਬ ਦੀ ਲੋਕਧਾਰਾ
5. ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ
6. ਗੁਰੂ ਨਾਨਕ ਤੇ ਲੋਕ-ਪ੍ਰਵਾਹ
7. ਆਪਣਾ ਦੇਸ ਪਰਾਇਆ ਦੇਸ
8. ਪੰਜਾਬ ਦਾ ਲੋਕ-ਸਾਹਿੱਤ
9. ਲੋਕ ਆਖਦੇ ਹਨ (ਅਖਾਣ ਅਧਿਅਨ)
10. ਸੁਹਜ ਪ੍ਰਬੋਧ (ਮੁਹਾਵਰਾ ਅਧਿਅਨ)
11. ਇਕ ਘੁਟ ਰਸ ਦਾ (ਲੋਕ-ਕਹਾਣੀਆਂ)
12. ਪੰਜਾਬ ਦੀਆਂ ਜਨੌਰ ਕਹਾਣੀਆਂ
13. ਪੰਜਾਬ ਦੀਆਂ ਲੋਕ-ਕਹਾਣੀਆਂ
14. ਪੰਜਾਬ : ਲੋਕ-ਸੰਸਕ੍ਰਿਤੀ ਔਰ ਸਾਹਿੱਤਯ (ਹਿੰਦੀ)
15. Folklore of Punjab
16. ਬਾਤਾਂ ਮੁੱਢ ਕਦੀਮ ਦੀਆਂ
17. ਪੰਜਾਬੀ ਸਾਹਿੱਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ
18. ਆਦਿ ਗ੍ਰੰਥ ਵਿਚ ਲੋਕ-ਸੰਕਲਪ

**ਕਵਿਤਾ :**

19. ਖ਼ੁਸ਼ਬੂਆਂ
20. ਕੰਵਲ ਪਤੀਆਂ
21. ਪਾਣੀ ਅੰਦਰ ਲੀਕ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਜਿਲਦ ੪

## ਹ.

**(ਹ-1) ਹਊਆ :**

ਇਕ ਖ਼ਿਆਲੀ ਡਰਾਉਣੀ ਸੂਰਤ ਜਿਸ ਦਾ ਨਾਂ ਲੈ ਕੇ ਮਾਵਾਂ ਛੋਟੇ ਬੱਚਿਆਂ ਨੂੰ ਡਰਾਉਂਦੀਆਂ ਹਨ। ਹਊਆ ਪਦ ਜਿੰਨ, ਭੂਤ-ਪ੍ਰੇਤ ਤੇ ਪਿਸਾਚ ਆਦਿ ਕਿਸੇ ਵੀ ਵਿਕਰਾਲ ਜਾਂ ਦੁਸ਼ਟ ਆਤਮਾ ਲਈ ਵਰਤ ਲਿਆ ਜਾਂਦਾ ਹੈ। ਅਸਲ ਵਿਚ, ਘੋਰ ਅੰਧਕਾਰ ਵਿਚ, ਜੋ ਡਰਾਉਣੇ ਤੇ ਕਾਲੇ ਸਿਆਹ ਆਕਾਰ ਉਭਰਦੇ ਬਿਨਸਦੇ ਵਿਖਾਈ ਦੇਂਦੇ ਹਨ, ਹਊਆ ਉਨ੍ਹਾਂ ਦਾ ਹੀ ਮਾਨਵੀਕਰਣ ਹੋਣ ਕਰ ਕੇ ਨਿਰੀ ਕਲਪਨਾ ਹੈ। ਪਰ ਲੋਕ-ਮਨ ਕਲਪਨਾ ਅਤੇ ਯਥਾਰਥ ਵਿਚ ਕੋਈ ਅੰਤਰ ਨਹੀਂ ਮੰਨਦਾ, ਇਸ ਲਈ ਕਲਪਿਤ ਮੂਰਤ ਨੂੰ ਵੀ ਲੋਕ ਇਕ ਵਾਸਤਵਿਕ ਹੋਂਦ ਮਿਥ ਲੈਂਦੇ ਹਨ (ਵੇਖੋ : ਭੂਤ ਪ੍ਰੇਤ)।

**(ਹ-2) ਹੱਈਆ :**

ਮਜ਼ਦੂਰਾਂ ਦੇ ਉਹ ਵਿਸ਼ੇਸ਼ ਲੋਕ-ਗੀਤ, ਜੋ ਉਹ ਮਿਹਨਤ ਮੁਸ਼ੱਕਤ ਵੇਲੇ ਕੰਮ ਦੀ ਨਿਠੁਰਤਾ ਨੂੰ ਰੋਚਿਕ ਬਨਾਉਣ ਲਈ ਅਤੇ ਥਕੇਵੇਂ ਵਲੋਂ ਧਿਆਨ ਲਾਂਭੇ ਰਖਣ ਲਈ, ਸਾਮੂਹਿਕ ਰੂਪ ਵਿਚ ਗਾਉਂਦੇ ਹਨ। ਇਸ ਤਰ੍ਹਾਂ ਮਨ ਗੀਤ ਦੀ ਲੈਅ ਵਿਚ ਲੀਨ ਹੋਇਆ ਅਨੰਦ-ਸਥਿਤੀ ਵਿਚ ਰਹਿੰਦਾ ਹੈ ਅਤੇ ਕਰੜੇ ਤੋਂ ਕਰੜਾ ਕੰਮ ਸਹਿਜ ਭਾਵ ਨਾਲ ਨੇਪਰੇ ਚੜ੍ਹ ਜਾਂਦਾ ਹੈ। ਇਹ ਗੀਤ ਵੰਗਾਰ ਨਾਲ ਟੱਕਰ ਲੈਣ ਦੀ ਲੋਕ-ਮਨ ਦੀ ਇਕ ਜੁਗਤੀ ਹਨ। ਹੱਈਆ ਸ਼ਬਦ ਦਾ ਪ੍ਰਯੋਗ ਜ਼ਿਆਦਾ ਹੋਣ ਕਰ ਕੇ, ਇਨ੍ਹਾਂ ਸਮੂਹ-ਗੀਤਾਂ ਨੂੰ ਹੱਈਆ ਕਿਹਾ ਜਾਣ ਲੱਗਾ। ਹੱਈਆ ਹੱਈ ਸ਼ਾਬਾ ਦਾ ਵਿਗਾੜ ਹੈ ਅਤੇ ਕਰੜੇ ਕੰਮ ਵਿਚ ਜ਼ੋਰ ਲਗਾਣ ਵੇਲੇ ਇਹ ਵਾਕੰਸ਼ ਇਕ ਸਹਿਜ ਉਚਾਰ ਬਣ ਗਿਆ ਹੈ।

ਹੱਈਆ ਦੋ ਟੋਲਿਆਂ ਵਿਚ ਵੰਡ ਕੇ ਗਾਇਆ ਜਾਂਦਾ ਹੈ। ਇਕ ਟੋਲੀ ਤੁਕ ਦਾ ਪਹਿਲਾ ਤੁਕਾਂਗ ਉਚਾਰਦੀ ਹੈ ਅਤੇ ਦੂਜੀ ਬਾਕੀ ਦਾ ਭਾਗ। ਹੱਈਏ ਦੀਆਂ ਤੁਕਾਂ ਆਕਾਰ ਵਿਚ ਛੋਟੀਆਂ, ਪਰ ਭਾਵਨਾ ਭਰਪੂਰ ਹੁੰਦੀਆਂ ਹਨ। ਕਈ ਸਤਰਾਂ ਭਾਵੇਂ ਤੁਕਾਂਤ ਮੇਲਣ ਲਈ ਹੀ ਹੁੰਦੀਆਂ ਹਨ, ਪਰ ਕੁਝ ਕੁ ਤੁਕਾਂ ਵਿਚ ਮਜ਼ਦੂਰ ਦੀ ਚੇਤਨਾ ਗੂੰਜਦੀ ਹੈ :

ਹੱਈਆ, ਬਈ ਹਈਆ — ਧਕਮ ਧਈਆ
ਧਕਮ ਧਾਣ — ਲਾ ਦੇ ਤਰਾਣ
ਜਿਤਨਾ ਜ਼ੋਰ — ਉਤਨੀ ਤੋਰ
ਜ਼ੋਰ ਦੇ ਅਗੇ — ਪਹੀਆ ਵਗੇ
ਅਲਾ ਬੇਲੀ — ਮਿਲੇ ਗੀ ਧੇਲੀ
ਧੇਲੀ ਦਾ ਮਿੱਠਾ — ਕਲ ਕਿਸ ਡਿੱਠਾ
ਚੋਣ ਦੇ ਪਸੀਨਾ — ਇਹੋ ਸਾਡਾ ਜੀਣਾ
ਥਕ ਗਏ ਪੈਰ — ਠਹਿਰ ਭਈ ਠਹਿਰ।

**(ਹ-3) ਹੱਈ ਸ਼ਾਬਾ :**

ਢੋਲਕੀ ਉਤੇ ਗੀਤ ਗਾਉਂਦਿਆਂ ਜਦੋਂ ਗਾਇਕਾ ਕਿਸੇ ਅਸਥਾਈ ਜਾਂ ਅੰਤਰੇ ਦੀ ਤੁਕ ਨੂੰ ਪੂਰਾ ਕਰ ਲੈਂਦੀ ਹੈ, ਤਾਂ ਸਮੂਹ ਵਿਚ ਬੈਠੀਆਂ ਕੁੜੀਆਂ ਰਲ ਕੇ 'ਹੱਈ ਸ਼ਾਬਾ' ਅਲਾਪਦੀਆਂ ਹਨ, ਜਿਸ ਨਾਲ ਵਾਤਾਵਰਣ ਵਿਚ ਸ਼ੋਖ਼ੀ, ਰੰਗਤ ਤੇ ਘੂਕਰ ਆ ਜਾਂਦੀ ਹੈ। ਇਹ ਗਾਇਕਾ ਨੂੰ ਉਤਸ਼ਾਹ ਦੇਣ ਲਈ ਇਕ ਸਾਮੂਹਿਕ ਜਿਹਾ ਹੁੰਗਾਰਾ ਹੈ, ਜੋ ਕੇਵਲ ਢੋਲਕੀ ਦੇ ਗੀਤਾਂ ਵਿਚ ਭਰਨ ਦੀ ਹੀ ਪਰੰਪਰਾ ਹੈ। ਮਜ਼ਦੂਰ ਵੀ ਕਿਸੇ ਕਰੜੇ ਕੰਮ ਨੂੰ ਕਰਦਿਆਂ ਜ਼ੋਰ ਲਗਾਉਣ ਵੇਲੇ ਹੱਈਆ ਸ਼ਬਦ ਵਰਤਦੇ ਹਨ, ਜੋ ਹੱਈ ਸ਼ਾਬਾ ਦਾ ਸੰਖੇਪ ਹੈ (ਵੇਖੋ : ਹੱਈਆ)।

**(ਹ-4) ਹੱਸ :**

ਤੀਵੀਆਂ ਦੇ ਗਲ ਦਾ ਇਕ ਗਹਿਣਾ, ਜੋ ਗਰਦਨ ਦੇ ਹੇਠਾਂ ਹੱਸ ਦੀ ਹੱਡੀ ਦੇ ਉਤੇ ਪਹਿਨਿਆ ਜਾਂਦਾ ਹੈ। ਇਸ ਹੱਡੀ ਦੇ ਨਾਂ ਤੋਂ ਹੀ ਗਹਿਣੇ ਦਾ ਨਾਂ ਵੀ ਹੱਸ ਪ੍ਰਚਲਤ ਹੋ ਗਿਆ। ਮੁੱਢ ਕਦੀਮ ਵਿਚ ਇਹ ਗਹਿਣਾ ਹੱਸ ਦੀ ਹੱਡੀ ਦੀ ਰੱਖਿਆ ਲਈ ਜੰਤਰ ਵਜੋਂ ਪਹਿਨਿਆ ਜਾਂਦਾ ਸੀ, ਤਾਂ ਜੋ ਖੂਹ ਵਿਚੋਂ ਪਾਣੀ ਕਢਦਿਆਂ ਜਾਂ ਕੋਈ ਹੋਰ ਕਰੜਾ ਕੰਮ ਕਰਦਿਆਂ, ਹੱਸ ਦੀ ਹੱਡੀ ਨੂੰ ਨੁਕਸਾਨ ਨਾ ਪੁਜੇ। ਛੋਟੀ ਹੱਸ ਨੂੰ ਹੱਸਲੀ ਜਾਂ ਹਸੀਰੀ ਕਹਿੰਦੇ ਹਨ।

ਜਗਰਾਉਂ ਦੇ ਮੁਸਲਮਾਨਾਂ ਵਿਚ ਬੱਚੇ ਦੇ ਸੁਖ ਵਾਸਤੇ ਜਾਂ ਬਦ-ਨਜ਼ਰ ਤੋਂ ਰੱਖਿਆ ਲਈ, ਹੱਸਲੀ ਦਾਨ ਦੀ ਰੀਤ ਪ੍ਰਚਲਤ ਸੀ। ਬੱਚੇ ਦੇ ਜੰਮਦੇ ਸਾਰ ਉਸ ਦੇ ਗਲ ਵਿਚ ਦੋ ਤਿੰਨ ਤੋਲਿਆਂ ਦੀ ਚਾਂਦੀ ਦੀ ਹੱਸਲੀ ਪਾ ਦਿਤੀ ਜਾਂਦੀ ਸੀ। ਫਿਰ ਹਰ ਸਾਲ ਬੱਚੇ ਦੀ ਵਰ੍ਹੇ-ਗੰਢ ਉਪਰ ਪਹਿਲੀ ਹੱਸਲੀ ਉਤਾਰ ਕੇ, ਉਸ ਨਾਲੋਂ ਰਤਾ ਵਡੇਰੀ ਹੱਸਲੀ ਪਹਿਨਾਈ ਜਾਂਦੀ ਸੀ। ਬਾਰ੍ਹਵੇਂ ਵਰ੍ਹੇ ਦੇ ਮੁਕਣ 'ਤੇ ਇਹ ਸਾਰੀਆਂ ਹੱਸਲੀਆਂ ਵੇਚ ਕੇ ਉਸ ਰਕਮ ਨੂੰ ਗ਼ਰੀਬਾਂ ਵਿਚ ਦਾਨ ਕਰ ਦਿਤਾ ਜਾਂਦਾ ਸੀ।

Sri Satguru Jagjit Singh Ji eLibrary NamdhariElibrary@gmail.com

(ਹ-5) **ਹੰਸ :**

(1) ਹੰਸ ਨਾਲ ਕਈ ਤਰ੍ਹਾਂ ਦੀਆਂ ਮਨੌਤਾਂ, ਵਿਸ਼ਵਾਸ਼ ਅਤੇ ਵਿਚਾਰ ਜੁੜੇ ਹੋਏ ਹਨ। ਹੰਸ ਦੀ ਉਤਪਤੀ ਬਾਰੇ ਇਕ ਮੁੱਢੀ ਲੋਕ-ਕਲਪਨਾ ਨੇ ਇਉਂ ਸਿਰਜੀ ਹੈ :–ਇਕ ਰਿਸ਼ੀ ਮਾਨਸਰੋਵਰ ਦੇ ਕੰਢੇ ਤਪੱਸਿਆ ਕੀਤਾ ਕਰਦਾ ਸੀ। ਸਰਦੀਆਂ ਦੇ ਦਿਨੀਂ ਉਸ ਉਤੇ ਬਰਫ਼ ਦੇ ਗੋਹੜੇ ਡਿਗਦੇ ਰਹਿੰਦੇ, ਪਰ ਉਹ ਰਿਸ਼ੀ ਅਡੋਲ ਬੈਠਾ ਰਹਿੰਦਾ। ਤੱਪ ਸਾਧਨਾ ਕਾਰਨ ਰਿਸ਼ੀ ਵਿਚ ਦੈਵੀ ਸ਼ਕਤੀ ਆ ਗਈ। ਜਦੋਂ ਉਸ ਨੂੰ ਭੁਖ-ਤ੍ਰੇਹ ਸਤਾਂਦੀ, ਤਾਂ ਉਹ ਚਿੱਟੇ ਪੰਛੀ ਦਾ ਰੂਪ ਧਾਰ ਕੇ ਦਾਣਾ ਚੁਗ ਆਉਂਦਾ। ਸਰੀਰ ਉਸ ਦਾ ਉਥੇ ਹੀ ਟਿਕਿਆ ਰਹਿੰਦਾ। ਇਕ ਵਾਰ ਉਸ ਰਿਸ਼ੀ ਦੀ ਆਤਮਾ ਹੰਸ ਦੇ ਰੂਪ ਵਿਚ ਉਡਦੀ ਹੋਈ ਕਾਫ਼ੀ ਦੂਰ ਨਿਕਲ ਗਈ। ਮਗਰੋਂ ਇਕ ਹੋਰ ਰਿਸ਼ੀ ਮਾਨਸਰੋਵਰ ਪੁਜਿਆ ਅਤੇ ਉਸ ਨੇ ਰਿਸ਼ੀ ਦੀ ਆਤਮਾ-ਰਹਿਤ ਦੇਹ ਨੂੰ ਮ੍ਰਿਤਕ ਸਰੀਰ ਸਮਝ ਕੇ ਦਾਹ ਦਿਤਾ। ਫਲਸਰੂਪ ਉਸ ਰਿਸ਼ੀ ਦੀ ਆਤਮਾ, ਸਰੀਰ ਦੇ ਦਾਹੇ ਜਾਣ ਮਗਰੋਂ ਸਦਾ ਹੀ ਹੰਸ ਦੇ ਰੂਪ ਵਿਚ ਵਿਚਰਦੀ ਰਹੀ। ਇਹੋ ਪੰਛੀ ਹੰਸ ਦੇ ਨਾਂ ਨਾਲ ਪ੍ਰਸਿਧ ਹੋਇਆ। ਹੰਸਾਂ ਦਾ ਮੂਲ ਅਸਥਾਨ ਕੈਲਾਸ਼ ਪਰਬਤ ਵਿਚ ਮਾਨਸਰੋਵਰ ਮੰਨਿਆ ਜਾਂਦਾ ਹੈ।

ਹੰਸ ਬਾਰੇ ਕਈ ਮਨੌਤਾਂ ਪ੍ਰਚਲਤ ਹਨ। ਹੰਸ ਵਿਚ ਦੁੱਧ ਅਤੇ ਪਾਣੀ ਨੂੰ ਨਿਖੇੜ ਦੇਣ ਦੀ ਵਚਿਤ੍ਰ ਸ਼ਕਤੀ ਮੰਨੀ ਜਾਂਦੀ ਹੈ। ਅਸਲ ਵਿਚ ਹੰਸ ਦੀ ਚੁੰਝ ਵਿਚ ਖਟਾਈ ਦੀ ਮਾਤਰਾ ਅਧਿਕ ਹੁੰਦੀ ਹੈ ਅਤੇ ਜਦੋਂ ਉਹ ਦੁੱਧ ਨੂੰ ਚੁੰਝ ਨਾਲ ਛੁਹੰਦਾ ਹੈ ਤਾਂ ਦੁੱਧ ਦੇ ਫੱਟ ਜਾਣ ਕਾਰਨ ਪਾਣੀ ਨਿਖੜ ਜਾਂਦਾ ਹੈ। ਹੰਸ ਬਾਰੇ ਇਹ ਵੀ ਧਾਰਨਾ ਹੈ ਕਿ ਉਹ ਸੁੱਚੇ ਮੋਤੀਆਂ ਤੋਂ ਬਗ਼ੈਰ ਹੋਰ ਕੁਝ ਨਹੀਂ ਖਾਂਦਾ। ਲੋਕ-ਕਹਾਣੀਆਂ ਵਿਚ ਹੰਸਾਂ ਨੂੰ ਮੋਤੀਆਂ ਦਾ ਚੋਗਾ ਪਾਉਣ ਦਾ ਜ਼ਿਕਰ ਆਮ ਆਉਂਦਾ ਹੈ। ਹੰਸ ਦਾ ਸ਼ਗਨ ਸ਼ੁਭ ਤੇ ਕਲਿਆਣੀ ਹੈ।

ਹੰਸ ਜੀਵਾਤਮਾ ਦਾ ਵੀ ਪ੍ਰਤੀਕ ਹੈ। ਗੁਰਮਤਿ ਵਿਚ ਗਿਆਨ ਦੀ ਪਰਮ ਅਵਸਥਾ ਉਤੇ ਪਹੁੰਚੇ ਪ੍ਰਾਣੀ ਲਈ ਹੰਸ ਦਾ ਪ੍ਰਤੀਕ ਵਰਤਿਆ ਗਿਆ ਹੈ। ਆਦਿ ਗ੍ਰੰਥ ਵਿਚ ਹੰਸ ਬਿੰਬ ਦੇ ਰੂਪ ਵਿਚ ਅਨੇਕ ਥਾਈਂ ਵਰਤਿਆ ਗਿਆ ਹੈ। ਹੰਸ ਸ਼ਬਦ ਪ੍ਰਸੰਗ ਅਨੁਸਾਰ ਸੁਛ ਜੀਵਾਤਮਾ, ਗੁਰਮੁਖ, ਬ੍ਰਹਮ, ਪ੍ਰਣ, ਸੰਤ, ਚਿਟੇ ਕੇਸ ਆਦਿ ਦਾ ਬੋਧਿਕ ਹੈ। ਹੰਸ ਪਦ ਸਤ-ਅਸਤ ਨਿਖੇੜਨ ਵਾਲੇ ਵਿਵੇਕੀ ਲਈ ਵੀ ਪ੍ਰਯੋਗ ਕੀਤਾ ਗਿਆ ਹੈ।

(2) ਹੰਸ ਨਾਂ ਦਾ ਇਕ ਮਹਾਨ ਯੋਧਾ, ਜਿਸ ਦੀ ਦਿੰਭਾਕ ਨਾਂ ਦੇ ਸੂਰਮੇ ਨਾਲ ਮਿਤ੍ਰਤਾ ਸੀ। ਮਹਾਭਾਰਤ ਅਨੁਸਾਰ ਬਲਰਾਮ ਦੇ ਹਥੋਂ ਕਿਸੇ ਹੋਰ ਹੰਸ ਨਾਂ ਦੇ ਰਾਜੇ ਦਾ ਬਧ ਹੋ ਗਿਆ। ਦਿੰਭਾਕ ਨੇ ਹੰਸ ਦੀ ਮੌਤ ਦੀ ਖ਼ਬਰ ਸੁਣਦੇ ਸਾਰ ਆਤਮ-ਘਾਤ ਕਰ ਲਿਆ, ਕਿਉਂ ਜੋ ਉਹ ਆਪਣੇ ਪਰਮ ਮਿਤ੍ਰ ਤੋਂ ਬਿਨਾਂ ਇਕੱਲਾ ਨਹੀਂ ਸੀ ਜਿਊਣਾ ਚਾਹੁੰਦਾ। ਦਿੰਭਾਕ ਦੀ ਮੌਤ ਦੀ ਖ਼ਬਰ ਜਦੋਂ ਹੰਸ ਨੇ ਸੁਣੀ, ਤਾਂ ਉਹ ਵੀ ਜਮਨਾ ਵਿਚ ਛਾਲ ਮਾਰ ਕੇ ਮਰ ਗਿਆ।

(3) ਇਕ ਪ੍ਰਚੀਨ ਜਾਤੀ, ਜਿਸ ਦਾ ਜ਼ਿਕਰ ਪੁਰਾਣਾਂ ਵਿਚ ਮਿਲਦਾ ਹੈ। 'ਭਾਗਵਤ ਪੁਰਾਣ' ਅਨੁਸਾਰ ਪ੍ਰਾਚੀਨ ਕਾਲ ਵਿਚ ਸਿਰਫ਼ ਇਕੋ ਵੇਦ, ਇਕ ਪ੍ਰਮਾਤਮਾ ਅਤੇ ਇਕੋ ਜਾਤੀ ਹੀ ਵਰਤਮਾਨ ਸੀ। ਇਹੋ ਜਾਤੀ ਹੰਸ ਸੀ।

(4) ਇਕ ਖ਼ਾਸ ਤਰ੍ਹਾਂ ਦਾ ਪ੍ਰਾਣਾਯਾਮ, ਸਵਾਸਾਂ ਦੇ ਅੰਦਰ ਬਾਹਰ ਜਾਣ ਦੇ ਵੇਗ ਨੂੰ ਕਾਬੂ ਵਿਚ ਰਖਣ ਦੀ ਇਕ ਵਿਧੀ। ਇਸ ਪ੍ਰਾਣਾਯਾਮ ਵਿਚ ਸਵਾਸ ਦੇ ਅੰਦਰ ਜਾਣ ਲਗਿਆਂ 'ਹੰ' ਅਤੇ ਬਾਹਰ ਆਉਣ ਸਮੇਂ 'ਸ' ਦਾ ਉਚਾਰਣ ਕੀਤਾ ਜਾਂਦਾ ਹੈ। 'ਹੰਸ' ਸ਼ਬਦ ਸੰਸਕ੍ਰਿਤ ਦੇ ਇਕ ਮੰਤ੍ਰ ਦਾ ਅਲਪ-ਰੂਪ ਹੈ ਤੇ ਇਹਦਾ ਜਾਪ ਕਰਨ ਨਾਲ ਅਥਾਹ ਸ਼ਕਤੀ ਪ੍ਰਾਪਤ ਹੋ ਜਾਂਦੀ ਮੰਨੀ ਗਈ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ (1,260) ਅਨੁਸਾਰ ਸ਼ਬਦ ਹੰਸਾ (ਹੰ+ਸਾ) ਦੀ ਉਤਪਤੀ ਇਸ ਤਰ੍ਹਾਂ ਹੈ : ਸ+ਅਹੰ, ਅਹੰ+ਸ ਜਿਸ ਦੇ ਅਰਥ ਹਨ 'ਉਹ ਮੈਂ ਹਾਂ', 'ਮੈਂ ਉਹ ਹਾਂ'।

(ਹ-6) **ਹੰਸ ਰਾਜਕੁਮਾਰ :**

ਪੰਜਾਬ ਦੀ ਇਕ ਪ੍ਰਸਿਧ ਲੋਕ-ਕਹਾਣੀ, ਜਿਸ ਵਿਚ ਇਕ ਭੈਣ ਆਪਣੇ ਤਿੰਨਾਂ ਭਰਾਵਾਂ ਨੂੰ, ਜੋ ਕਿਸੇ ਕਾਰਨਵਸ ਮਨੁਖ ਤੋਂ ਹੰਸ ਬਣ ਜਾਂਦੇ ਹਨ, ਮੁੜ ਮਨੁਖੀ ਜੂਨ ਵਿਚ ਲਿਆਉਣ ਲਈ ਬੜੀ ਕਰੜੀ ਸਾਧਨਾ ਕਰਦੀ ਹੈ। ਇਕ ਰਾਜਕੁਮਾਰੀ ਗੁਣਵੰਤੀ, ਜਿਸ ਦੇ ਤਿੰਨੋਂ ਭਰਾ ਆਪਣੇ ਪਿਉ ਦੀ ਕਰੋਪੀ ਤੋਂ ਡਰਦਿਆਂ ਜੰਗਲ ਵਿਚ ਜਾ ਛੁਪੇ ਸਨ, ਆਪਣੇ ਭਰਾਵਾਂ ਨੂੰ ਢੂੰਡਣ ਲਈ ਇਕੱਲੀ ਹੀ ਘਰੋਂ ਨਿਕਲ ਤੁਰਦੀ ਹੈ। ਉਹ ਆਪਣੇ ਬਗ਼ੀਚੇ ਵਿਚੋਂ ਆਪਣੇ ਨਾਲ ਕੁਝ ਸੂਰਜਮੁਖੀ ਫੁੱਲ ਵੀ ਲੈ ਲੈਂਦੀ ਹੈ। ਇਹ ਫੁੱਲ ਹਨੇਰੇ ਵਿਚ ਸੂਰਜ ਵਾਂਗ ਚਮਕਦੇ ਸਨ। ਭਰਾਵਾਂ ਨੂੰ ਉਹ ਜੰਗਲ ਵਿਚ ਇਕ ਕੁਟੀਆ ਵਿਚ ਜਾ ਮਿਲਦੀ ਹੈ। ਕਈ ਵਰ੍ਹਿਆਂ ਦੇ ਵਿਛੜੇ ਭੈਣ ਭਰਾ ਜਦੋਂ ਇਕ ਦੂਜੇ ਨੂੰ ਮਿਲਦੇ ਹਨ, ਤਾਂ ਇਕ ਵਚਿਤਰ ਦੁਖਾਂਤ ਵਾਪਰਦਾ ਹੈ ਤਿੰਨੋ ਭਰਾ, ਭੈਣ ਦੇ ਵਰਜਣ ਦੇ ਬਾਵਜੂਦ, ਸੂਰਜਮੁਖੀ ਦੇ ਮਸ਼ਾਲ ਵਾਂਗ ਚਮਕਦੇ ਫੁੱਲਾਂ ਨੂੰ ਫੜ ਕੇ ਵੇਖਣ ਲਗਦੇ ਹਨ ਅਤੇ ਉਸੇ ਵੇਲੇ ਉਹ ਹੰਸ ਬਣ ਜਾਂਦੇ ਹਨ। ਇਨ੍ਹਾਂ ਸੂਰਜਮੁਖੀ ਫੁੱਲਾਂ ਨੂੰ ਜੇ ਕੋਈ ਮਰਦ ਛੂਹੇ, ਤਾਂ ਉਹ ਉਸੇ ਛਿਣ ਹੰਸ ਬਣ ਜਾਂਦਾ ਸੀ – ਇਹ ਗੱਲ ਦਸਣ ਤੋਂ ਪਹਿਲਾਂ ਹੀ ਗੁਣਵੰਤੀ ਦੇ ਭਰਾਵਾਂ ਨੇ ਫੁੱਲ ਛੂਹ ਲਏ। ਆਪਣੇ ਭਰਾਵਾਂ ਨੂੰ ਮੁੜ ਮਨੁਖਾ ਜੂਨ ਵਿਚ ਲਿਆਉਣ ਲਈ ਗੁਣਵੰਤੀ ਨੂੰ ਬਾਰ੍ਹਾਂ ਵਰ੍ਹਿਆਂ ਲਈ ਮੋਨ ਵਰਤ ਰਖਣਾ ਪਿਆ।

ਕੁਝ ਸਮਾਂ ਲੰਘ ਗਿਆ। ਇਕ ਰਾਜਾ ਸ਼ਿਕਾਰ ਖੇਡਦਾ ਹੋਇਆ ਉਸ ਕੁਟੀਆ ਵਲ ਨਿਕਲਿਆ ਤੇ ਗੁਣਵੰਤੀ ਦੀ ਖ਼ੂਬਸੂਰਤੀ ਤੇ ਵਰਤੋਂ ਵਿਹਾਰ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਆਪਣੇ ਨਾਲ ਲੈ ਗਿਆ। ਉਸ ਨੇ ਗੁਣਵੰਤੀ ਨੂੰ ਆਪਣੀ ਰਾਣੀ ਬਣਾਵਣਾ ਚਾਹਿਆ, ਪਰ ਗੁਣਵੰਤੀ ਬੋਲਦੀ ਨਹੀਂ ਸੀ, ਜਿਸ ਕਰ ਕੇ ਰਾਜੇ ਦੀ ਹੈਰਾਨੀ ਵਧਦੀ ਗਈ। ਰਾਜੇ ਨੇ ਗੁਣਵੰਤੀ ਦਾ ਬੜਾ ਇਲਾਜ ਕਰਵਾਇਆ।

ਇਕ ਦਿਨ ਇਕ ਗੋਲੀ ਨੇ, ਗੁਣਵੰਤੀ ਨੂੰ ਮਹਿਲਾਂ ਦੀ ਛੱਤ ਉਤੇ ਚੜ੍ਹ ਕੇ, ਹੰਸਾਂ ਨੂੰ ਮੋਤੀ ਚੁਗਾਂਦੇ ਵੇਖ ਲਿਆ ਤੇ ਰਾਜੇ ਨੂੰ ਜਾ ਦਸਿਆ। ਰਾਜੇ ਨੇ ਵੀ ਛੁਪ ਕੇ ਇਹ ਗੱਲ ਵੇਖੀ। ਰਾਜੇ ਨੇ ਸੋਚਿਆ ਕਿ ਇਹ ਤਿੰਨੋਂ ਹੰਸ ਰਾਖਸ਼ ਹਨ ਅਤੇ ਗੁਣਵੰਤੀ ਰਾਖਸ਼ਣੀ। ਸੋ ਗੁਣਵੰਤੀ ਨੂੰ ਮਾਰ ਮੁਕਾਵਣ ਲਈ ਕਈ ਤਸੀਹੇ ਦਿਤੇ ਗਏ। ਪਹਿਲਾਂ ਭੁਖੇ ਸ਼ੇਰ ਅਗੇ ਗੁਣਵੰਤੀ ਨੂੰ ਸੁਟਿਆ ਗਿਆ, ਪਰ ਭਰਾਵਾਂ ਨੇ ਚੁੰਝਾਂ ਮਾਰ ਮਾਰ ਕੇ ਸ਼ੇਰ ਨੂੰ ਅੰਨ੍ਹਾਂ ਕਰ ਦਿਤਾ। ਫਿਰ ਗੁਣਵੰਤੀ ਨੂੰ ਥੰਮੀ ਨਾਲ ਬੰਨ੍ਹ ਕੇ ਫਨੀਅਰ ਸੱਪ ਛਡ ਦਿਤਾ ਗਿਆ, ਪਰ ਥੰਮੀ ਫਨੀਅਰ ਸੱਪ ਦੇ ਸਿਰ ਉਤੇ ਜਾ ਡਿਗੀ ਅਤੇ ਉਹ ਮਰ ਗਿਆ। ਅਖ਼ੀਰ ਗੁਣਵੰਤੀ ਨੂੰ ਪ੍ਰਹਿਲਾਦ ਵਾਂਗ ਤਪਦੇ ਥੰਮ ਨਾਲ ਬੰਨ੍ਹਣ ਲਗੇ। ਉਦੋਂ ਤਕ ਉਹਦਾ ਬਾਰਾਂ ਵਰ੍ਹਿਆਂ ਦਾ ਮੋਨ ਪੂਰਾ ਹੋ ਚੁਕਾ ਸੀ। ਸੋ ਗੁਣਵੰਤੀ ਬੋਲ ਪਈ ਤੇ ਉਸਨੇ ਅਸਲੀ ਗੱਲ ਰਾਜੇ ਨੂੰ ਦੱਸ ਦਿਤੀ। ਬਾਰਾਂ ਵਰ੍ਹਿਆਂ ਦੇ ਮੋਨ ਬਰਤ ਸਦਕਾ ਉਹਦੇ ਤਿੰਨੋਂ ਭਰਾ ਮੁੜ ਆਦਮੀ ਦੀ ਜੂਨ ਵਿਚ ਆ ਗਏ। ਇਹ ਕਹਾਣੀ ਇਕ ਭੈਣ ਦੇ ਆਪਣੇ ਭਰਾਵਾਂ ਪ੍ਰਤੀ ਮੋਹ ਅਤੇ ਕਰੜੀ ਸਾਧਨਾ ਨੂੰ ਸਮੂਰਤ ਕਰਦੀ ਹੈ।

ਇਸ ਲੋਕ-ਕਹਾਣੀ ਦਾ ਪਸਾਰ ਬਹੁਤ ਦੂਰ ਤਕ ਹੋਇਆ ਹੈ। ਯੂਰਪ ਦੇ ਕਈ ਦੇਸ਼ਾਂ ਵਿਚ ਇਸ ਦੇ ਰੂਪਾਂਤਰ ਮਿਲਦੇ ਹਨ। ਇਸ ਕਥਾ ਦੀਆਂ ਬਹੁਤ ਸਾਰੀਆਂ ਕਥਾਨਿਕ ਰੂੜ੍ਹੀਆਂ ਗਰਿਮ ਬ੍ਰਦਰਜ਼ ਦੀ ਪੁਸਤਕ 'ਪਾਪੂਲਰ ਸਟੋਰੀਜ਼'

Sri Satguru Jagjit Singh Ji eLibrary NamdhariElibrary@gmail.com

ਦੀ ਕਥਾ 'Hansel and Grettle' ਅਤੇ 'The Seven Ravens' ਨਾਲ ਮਿਲਦੀਆਂ ਹਨ। 'ਹੰਸਲ ਤੇ ਗ੍ਰੇਟਲ' ਕਹਾਣੀ ਵਿਚ ਇਕ ਪਰੀ ਦੇ ਜਾਦੂ ਨਾਲ ਭਰਾ ਹਰਨੌਟਾ ਬਣ ਜਾਂਦਾ ਹੈ। ਭੈਣ ਜੰਗਲ ਵਿਚ ਉਸ ਦੇ ਕੋਲ ਰਹਿ ਕੇ ਉਹਦੀ ਰੱਖਿਆ ਕਰਦੀ ਹੈ। ਸ਼ਿਕਾਰ ਖੇਡਣ ਲਈ ਆਇਆ ਇਕ ਰਾਜਾ ਉਨ੍ਹਾਂ ਦੋਹਾਂ ਨੂੰ ਆਪਣੇ ਨਾਲ ਲੈ ਜਾਂਦਾ ਹੈ। ਕੁੜੀ ਨਾਲ ਉਹ ਵਿਆਹ ਕਰ ਲੈਂਦਾ ਹੈ ਅਤੇ ਪਰੀ ਨੂੰ ਸਦਵਾ ਕੇ ਉਸ ਨੂੰ ਮਜਬੂਰ ਕਰਦਾ ਹੈ ਕਿ ਉਹ ਜਾਦੂ ਦਾ ਅਸਰ ਜ਼ਾਇਲ ਕਰ ਕੇ ਹਰਨੌਟੇ ਨੂੰ ਮੁੜ ਮਨੁਖੀ ਰੂਪ ਵਿਚ ਬਦਲ ਦੇਵੇਂ।

'ਦੀ ਸੈਵਨ ਰੇਵੰਨਜ਼' ਵਿਚ ਆਪਣੀ ਭੈਣ ਲਈ ਪਾਣੀ ਲੈਣ ਗਏ ਸੱਤ ਭਰਾ ਕਾਫ਼ੀ ਦੇਰ ਤਕ ਵਾਪਸ ਨਹੀਂ ਆਉਂਦੇ। ਪਿਉ ਰਾਜਾ ਚਿੜ ਕੇ ਆਪਣੇ ਪੁਤਰਾਂ ਨੂੰ ਬਦ ਅਸੀਸ ਦੇਂਦਾ ਹੈ, ਜਿਸ ਕਰ ਕੇ ਉਹ ਸਤੇ ਦੇ ਸਤੇ ਕਾਂ ਬਣ ਜਾਂਦੇ ਹਨ। ਭੈਣ ਜਵਾਨ ਹੋ ਕੇ ਆਪਣੇ ਭਰਾਵਾਂ ਨੂੰ ਜੰਗਲ ਵਿਚ ਢੂੰਡਦੀ ਫਿਰਦੀ ਹੈ। ਅਖ਼ੀਰ ਉਸ ਨੂੰ ਉਹ ਕਾਂ ਮਿਲ ਜਾਂਦੇ ਹਨ ਤੇ ਉਹ ਮੁੜ ਮਨੁਖੀ ਜੂਨ ਵਿਚ ਲਿਆਏ ਜਾਂਦੇ ਹਨ। ਪਰ ਉਪ੍ਰੋਕਤ ਦੋਹਾਂ ਕਹਾਣੀਆਂ ਵਿਚ ਭੈਣ ਦੀ ਉਹ ਸਾਧਨਾ ਤੇ ਦੀਰਘ ਤਪੱਸਿਆ ਨਹੀਂ, ਜੋ ਪੰਜਾਬੀ ਕਹਾਣੀ ਵਿਚ ਪ੍ਰਗਟ ਹੋਈ ਹੈ।

ਵਾਲਟ ਡੀ ਲਾ ਮਰੇ (Animal Stories) ਦੀ ਇਕ ਲੋਕ ਕਹਾਣੀ 'The Six Swans' ਤੀਆਂ ਕਈ ਕਥਾਨਿਕ ਰੂੜ੍ਹੀਆਂ ਪੰਜਾਬੀ ਦੀ ਕਹਾਣੀ ਵਿਚ ਵੀ ਮਿਲਦੀਆਂ ਹਨ। ਇਨ੍ਹਾਂ ਦੋਹਾਂ ਦੀ ਸਮਾਨਤਾ ਹੈਰਾਨ ਕਰਨ ਵਾਲੀ ਹੈ।

ਸਹਾਇਕ ਪੁਸਤਕ : (1) ਪੰਜਾਬ ਦੀਆਂ ਲੋਕ-ਕਹਾਣੀਆਂ, ਵਣਜਾਰਾ ਬੇਦੀ।

(2) Popular Stories by Grimm Brothers.

## (ਹ-7) ਹੱਸਣਾ ਤੇ ਰੋਣਾ :

ਪੰਜਾਬ ਦੀਆਂ ਲੋਕ-ਕਹਾਣੀਆਂ ਦੀ ਇਕ ਪ੍ਰਸਿੱਧ ਕਥਾਨਿਕ ਰੂੜ੍ਹੀ 'ਹੱਸਣਾ' ਜਾਂ 'ਹੱਸਣਾ ਤੇ ਰੋਣਾ' ਹੈ, ਜੋ ਕਈ ਰੂਪਾਂ ਵਿਚ ਉਪਲਬਧ ਹੈ। 'ਹੱਸਣਾ' ਉਦੋਂ ਤਕ ਕਥਾਨਿਕ ਰੂੜ੍ਹੀ ਨਹੀਂ ਬਣਦਾ, ਜਦੋਂ ਤਕ ਇਹ ਵਚਿਤ੍ਰ ਹੋਣ ਕਰ ਕੇ ਉਤਸੁਕਤਾ ਅਤੇ ਜਗਿਆਸਾ ਨਾ ਜਗਾਵੇ। ਮਿਸਾਲ ਦੇ ਤੌਰ ਤੇ ਮਰਨ ਵੇਲੇ ਕਿਸੇ ਪ੍ਰਾਣੀ ਦਾ 'ਹੱਸਣਾ' ਇਕ ਪ੍ਰਸਪਰ ਵਿਰੋਧੀ ਸਥਿਤੀ ਹੈ, ਜੋ ਅਸਾਧਾਰਣ ਹੋਣ ਕਰ ਕੇ ਕਥਾਨਿਕ ਰੂੜ੍ਹੀ ਹੈ, ਪਰ ਆਮ ਖ਼ੁਸ਼ੀ ਦੇ ਮੌਕੇ ਉਤੇ ਹੱਸਣਾ ਕਥਾਨਿਕ ਰੂੜ੍ਹੀ ਨਹੀਂ। ਇਸੇ ਤਰ੍ਹਾਂ 'ਹੱਸਣਾ ਤੇ ਰੋਣਾ' ਦੋ ਪ੍ਰਸਪਰ ਵਿਰੋਧੀ ਮਨੋਭਾਵ ਹਨ ਅਤੇ ਦੋਹਾਂ ਦਾ ਇਕੋ ਵੇਲੇ ਪ੍ਰਗਟਾਵਾ ਵਚਿਤ੍ਰ ਹੋਣ ਕਰ ਕੇ, ਇਸ ਦਾ ਰਹੱਸ ਜਾਣਨ ਦੀ ਉਤਸੁਕਤਾ ਪੈਦਾ ਹੋਣੀ ਸਹਿਜ ਹੈ।

ਇਸ ਕਥਾਨਿਕ ਰੂੜ੍ਹੀ ਦੀ ਸਭ ਤੋਂ ਪ੍ਰਾਚੀਨ ਵਰਤੋਂ 'ਬੇਤਾਲ ਪਚੀਸੀ' ਵਿਚ ਮਿਲਦੀ ਹੈ, ਜਦੋਂ ਸੂਲੀ ਉਤੇ ਚੜ੍ਹਨ ਵੇਲੇ ਇਕ ਚੋਰ, ਪਹਿਲਾਂ ਹੱਸਦਾ ਤੇ ਫਿਰ ਰੋਂਦਾ ਹੈ। ਇਸ ਕਥਾ ਅਨੁਸਾਰ ਜਦੋਂ ਚੋਰ ਨੂੰ ਸੂਲੀ ਵਲ ਲਿਜਾਇਆ ਜਾ ਰਿਹਾ ਸੀ, ਤਾਂ ਸੌਦਾਗਰ ਦੀ ਕੰਨਿਆਂ ਰਤਨਵਤੀ ਨੇ ਚੋਰ ਨੂੰ ਵੇਖਿਆ ਅਤੇ ਉਸ ਤੋਂ ਦਿਲ ਕੁਰਬਾਨ ਕਰ ਬੈਠੀ। ਰਤਨਵਤੀ ਨੇ ਆਪਣੇ ਪਿਤਾ ਰਤਨਾਦਤ ਨੂੰ ਮਜਬੂਰ ਕੀਤਾ ਕਿ ਉਹ ਕਾਫ਼ੀ ਸਾਰਾ ਧਨ ਦੌਲਤ ਦੇ ਕੇ ਚੋਰ ਨੂੰ ਰਾਜੇ ਦੇ ਬੰਧਨ ਤੋਂ ਮੁਕਤ ਕਰਵਾ ਲਏ। ਰਤਨਦਤ ਦੇ ਤਰਲਿਆਂ ਦੇ ਬਾਵਜੂਦ ਵੀ ਰਾਜਾ ਖ਼ੂਨੀ ਚੋਰ ਨੂੰ ਮੁਕਤ ਕਰਨ ਲਈ ਰਜ਼ਾਮੰਦ ਨਾ ਹੋਇਆ। ਇਸ ਲਈ ਰਤਨਵਤੀ ਨੇ ਚੋਰ ਦੇ ਨਾਲ ਹੀ ਸਤੀ ਹੋਣ ਦਾ ਨਿਸਚਾ ਕੀਤਾ। ਚੋਰ ਨੂੰ ਸੂਲੀ ਉਤੇ ਚੜ੍ਹਨ ਵੇਲੇ ਜਦੋਂ ਇਸ ਸਾਰੀ ਗੱਲ ਦਾ ਪਤਾ ਚਲਿਆ, ਤਾਂ ਉਹ ਇਕ ਛਿਣ ਰੋਇਆ ਤੇ ਦੂਜੇ ਛਿਣ ਹੱਸਿਆ ਅਤੇ ਫਿਰ ਸੂਲੀ ਉਤੇ ਚੜ੍ਹ ਗਿਆ। ਸੌਦਾਗਰ ਦੀ ਕੰਨਿਆਂ ਚੋਰ ਦੀ ਲੋਥ ਨਾਲ ਸਤੀ ਹੋ ਗਈ। ਬੇਤਾਲ ਨੇ ਰਾਜੇ ਤ੍ਰਿਵਿਕ੍ਰਮ ਨੂੰ ਉਪ੍ਰੋਕਤ ਕਥਾ ਸੁਣਾ ਕੇ ਚੋਰ ਦੇ ਸੂਲੀ ਚੜ੍ਹਨ ਵੇਲੇ ਹੱਸਣ ਅਤੇ ਰੋਣ ਦਾ ਕਾਰਨ ਪੁਛਿਆ। ਤਦ ਰਾਜੇ ਨੇ ਇਸ ਗੱਲ ਦੀ ਇਉਂ ਵਿਆਖਿਆ ਕੀਤੀ — 'ਚੋਰ ਇਸ ਲਈ ਰੋਇਆ ਸੀ ਕਿ ਜੋ ਸੌਦਾਗਰ ਉਸ ਨੂੰ ਬੰਧਨ ਤੋਂ ਮੁਕਤ ਕਰਵਾਣ ਲਈ ਆਪਣਾ ਬੇਸ਼ੁਮਾਰ ਧਨ ਦੇਣਾ ਚਾਹੁੰਦਾ ਸੀ ਅਤੇ ਆਪਣੀ ਕੰਨਿਆਂ ਉਹਦੇ ਨਾਲ ਵਿਆਹੁਣਾ ਚਾਹੁੰਦਾ ਸੀ, ਉਸ ਦਾ ਬਦਲਾ ਉਹ ਨਹੀਂ ਸੀ ਚੁਕਾ ਸਕਿਆ। ਹੱਸਿਆ ਇਸ ਲਈ ਸੀ ਕਿ ਇਸਤ੍ਰੀ ਦੀ ਚਿਤ-ਬ੍ਰਿਤੀ ਕਿਤਨੀ ਵਿਚਿਤ੍ਰ ਹੈ। ਰਤਨਵਤੀ ਅਨੇਕਾਂ ਧਨੀ ਅਤੇ ਬਲਵਾਨ ਰਾਜਿਆਂ ਨੂੰ ਛਡ ਕੇ ਇਕ ਚੋਰ ਨੂੰ ਪਤੀ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਤਰਲੋਮਛੀ ਹੋ ਰਹੀ ਸੀ।"

ਬੇਤਾਲ ਕਥਾ ਦੀ ਇਹ ਰੂੜ੍ਹੀ ਵਚਿਤ੍ਰ ਤੇ ਰੌਚਕ ਹੋਣ ਕਰ ਕੇ ਮਗਰੋਂ ਪੰਜਾਬੀ ਦੀ ਪ੍ਰਸਿਧ ਕਥਾ-ਰੂੜ੍ਹੀ ਦਾ ਰੂਪ ਧਾਰ ਗਈ। ਪੰਜਾਬੀ ਵਿਚ ਇਸ ਦੀ ਪ੍ਰਾਚੀਨਤਮ ਵਰਤੋਂ ਰਾਜਾ ਰਸਾਲੂ ਦੀ ਕਥਾ ਵਿਚ ਮਿਲਦੀ ਹੈ। ਇਕ ਪਿੰਡ ਵਿਚੋਂ ਲੰਘਦਿਆਂ, ਰਾਜੇ ਰਸਾਲੂ ਨੇ ਇਕ ਬ੍ਰਿਧ ਤੀਵੀਂ ਨੂੰ ਵੇਖਿਆ, ਜੋ ਆਟਾ ਗੁੰਨ੍ਹਦੀ ਹੋਈ ਰੋ ਵੀ ਰਹੀ ਸੀ ਅਤੇ ਹੱਸ ਵੀ ਰਹੀ ਸੀ। ਰਸਾਲੂ ਨੇ ਹੈਰਾਨ ਹੋ ਕੇ ਇਸ ਵਿਰੋਧੀ ਸਥਿਤੀ ਦਾ ਕਾਰਨ ਪੁਛਿਆ। ਤਾਂ ਬੁੱਢੀ ਨੇ ਦਸਿਆ ਕਿ ਦੇਸ਼ ਦੇ ਰਾਜੇ ਦਾ ਹੁਕਮ ਪਾਲਦੀ ਹੋਈ ਉਹ ਆਪਣੇ ਸਤਵੇਂ ਤੇ ਅਖ਼ੀਰਲੇ ਲੜਕੇ ਨੂੰ ਰਾਖਸ਼ ਦੀ ਭੁਖ ਮਿਟਾਣ ਲਈ ਭੇਜ ਰਹੀ ਹੈ। ਇਸ ਲਈ ਉਹ ਪਲ ਦੀ ਪਲ ਰੋ ਪੈਂਦੀ ਹੈ, ਪਰ ਉਸ ਦੇ ਇਸ ਅਖ਼ੀਰਲੇ ਪੁੱਤਰ ਦਾ ਅੱਜੇ ਹੀ ਵਿਆਹ ਹੋਇਆ ਹੈ। ਇਸ ਲਈ ਉਹ ਇਕ ਛਿਣ ਹੱਸ ਵੀ ਲੈਂਦੀ ਹੈ। ਇਸ ਤੋਂ ਵਧ ਅਦਭੁਤ ਤੇ ਸੰਵੇਦਨਾ ਭਰਪੂਰ ਸਥਿਤੀ ਹੋਰ ਕੀ ਹੋ ਸਕਦੀ ਹੈ ?

ਪੰਜਾਬ ਦੀਆਂ ਪਰੀ ਕਹਾਣੀਆਂ ਵਿਚ ਇਸ ਕਥਾਨਿਕ ਰੂੜ੍ਹੀ ਦਾ ਪ੍ਰਯੋਗ ਆਮ ਮਿਲਦਾ ਹੈ। ਕੋਈ ਸਾਹਸੀ ਬੀਰ ਕਿਸੇ ਰਾਖਸ਼ ਦਾ ਨਾਸ ਕਰਨ ਲਈ ਕਿਸੇ ਜੰਗਲ ਵਿਚ ਪਹੁੰਚਦਾ ਹੈ, ਤਾਂ ਉਥੇ ਉਸ ਨੂੰ ਇਕ ਖ਼ੂਬਸੂਰਤ ਮੁਟਿਆਰ ਜਾਂ ਪਰੀ ਮਿਲਦੀ ਹੈ, ਜੋ ਬੀਰ ਯੁਵਕ ਨੂੰ ਵੇਖ ਕੇ ਇਕ ਛਿਣ ਹੱਸਦੀ ਹੈ ਤੇ ਦੂਜੇ ਛਿਣ ਰੋਂਦੀ ਹੈ। ਬੀਰ ਦੇ ਪੁੱਛਣ ਉਤੇ ਉਹ ਇਸ ਵਰਤਾਰੇ ਦਾ ਕਾਰਨ ਇਉਂ ਦਸਦੀ ਹੈ — "ਹੱਸੀ ਉਹ ਇਸ ਲਈ ਹੈ ਕਿ ਅੱਜ ਵਰ੍ਹਿਆਂ ਮਗਰੋਂ ਉਸ ਨੂੰ ਆਦਮ ਜ਼ਾਤ ਵਿਖਾਈ ਦਿਤੀ ਹੈ ਤੇ ਰੋਈ ਇਸ ਲਈ ਕਿ ਹੁਣੇ ਰਾਖਸ਼ ਆ ਕੇ ਯੁਵਕ ਨੂੰ ਖਾ ਜਾਵੇਗਾ।" ਪਰ ਉਹ ਸਾਹਸੀ ਬੀਰ ਉਸ ਮੁਟਿਆਰ/ਪਰੀ ਦੀ ਮਦਦ ਨਾਲ ਰਾਖਸ਼ ਨੂੰ ਮਾਰ ਕੇ ਉਹਨੂੰ ਮੁਕਤ ਕਰਵਾਂਦਾ ਅਤੇ ਉਸ ਨਾਲ ਖ਼ੁਦ ਵਿਆਹ ਕਰ ਲੈਂਦਾ ਹੈ।

ਹਾਸ਼ਮ ਦੇ ਕਿੱਸੇ 'ਸ਼ੀਰੀਂ ਫ਼ਰਹਾਦ' ਵਿਚ 'ਹੱਸਣ-ਰੋਣ' ਦੀ ਕਥਾਨਿਕ ਰੂੜ੍ਹੀ ਕਾਵਿ-ਅਨੁਭਵ ਦਾ ਵਸਤੂ ਬਣੀ ਹੈ। ਫ਼ਰਹਾਦ ਸੂਲੀ ਨੂੰ ਵੇਖ ਕੇ ਪਹਿਲਾਂ ਹੱਸਦਾ ਹੈ ਤੇ ਫਿਰ ਰੋਂਦਾ ਹੈ :—

ਪਰ ਮੈਂ ਦੇਖ ਸੂਲੀ ਨੂੰ ਹੱਸਿਆ,
ਖ਼ੁਸ਼ ਹੋ ਬਹੁਤ ਹਸਾਬੋਂ।
ਖ਼ੂਨੀ ਇਸ਼ਕ ਕਸਾਈ ਕੋਲੋਂ,
ਛੁਟੀ ਜਾਨ ਅਜ਼ਾਬੋਂ।
ਰੁੰਨਾ ਕਰ ਅਫ਼ਸੋਸ ਅਜਾਈਂ,
ਹੋਇਆ ਘਾਟ ਕਹਿਰ ਦਾ।
ਸ਼ੀਰੀਂ ਪਾਸ ਖਲੋਤੀ ਹੋਵੇ,
ਵੇਖੇ ਆਸ਼ਕ ਮਰਦਾ।

ਇਸ ਕਥਾਨਿਕ ਰੂੜ੍ਹੀ ਦੇ ਇਕ ਹੋਰ ਰੂਪਾਂਤਰ ਵਿਚ ਮੁਟਿਆਰ/ਪਰੀ ਦੇ ਹੱਸਣ ਨਾਲ ਉਸ ਦੇ ਮੁਖੜੇ ਵਿਚੋਂ ਫੁੱਲ ਝੜਦੇ ਹਨ ਅਤੇ ਰੋਣ ਨਾਲ ਮੋਤੀ ਕਿਰਦੇ ਹਨ। ਹੱਸਣ ਵੇਲੇ ਫੁੱਲ ਖਿੜਨੇ ਤੇ ਰੋਣ ਵੇਲੇ ਮੋਤੀ ਝੜਨੇ ਕਾਵਿ ਕਲਪਨਾ ਹੈ, ਜਿਸ ਨੂੰ ਲੋਕ-ਮਨ ਨੇ ਯਥਾਰਥ ਦਾ ਰੂਪ ਦੇ ਦਿਤਾ ਹੈ ਅਤੇ ਲੋਕ-ਕਹਾਣੀਆਂ ਵਿਚ ਕਥਾਨਿਕ ਰੂੜ੍ਹੀ ਵਜੋਂ ਵਰਤਿਆ ਹੈ।

Sri Satguru Jagjit Singh Ji eLibrary NamdhariElibrary@gmail.com

ਕਈ ਵਾਰ ਕੇਵਲ 'ਹੱਸਣ' ਦੀ ਹੀ ਕਥਾਨਿਕ ਰੂੜ੍ਹੀ ਦਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਇਹ 'ਹੱਸਣਾ' ਰਹੱਸਮਈ ਹੋਣ ਕਰ ਕੇ ਅਤੇ ਕਥਾ ਦੀ ਬਣਤਰ ਵਿਚ ਮਹੱਤਤਾ ਰਖਣ ਕਰ ਕੇ, ਵਿਸ਼ੇਸ਼ ਕਥਾਨਿਕ ਰੂੜ੍ਹੀ ਦੇ ਰੂਪ ਵਿਚ ਉਭਰਦਾ ਹੈ ਜਿਵੇਂ 'ਰੰਨ ਦਾ ਮੁਰਸ਼ਦ ਖਲਾ' ਨਾਂ ਦੀ ਲੋਕ-ਕਹਾਣੀ ਵਿਚ ਇਕ ਸ਼ਖ਼ਸ ਸੁਲੇਮਾਨ ਤੋਂ ਜਾਨਵਰਾਂ ਦੀ ਬੋਲੀ ਸਿਖਦਾ ਹੈ। ਸੁਲੇਮਾਨ ਬੋਲੀ ਤਾਂ ਸਿਖਾ ਦੇਂਦਾ ਹੈ, ਪਰ ਨਾਲ ਹੀ ਉਸ ਸ਼ਖ਼ਸ ਨੂੰ ਚੇਤਾਵਨੀ ਵੀ ਦੇਂਦਾ ਹੈ ਕਿ ਜੇ ਕਿਸੇ ਨੂੰ ਵੀ ਇਸ ਗੱਲ ਦਾ ਭੇਤ ਪ੍ਰਗਟ ਹੋ ਗਿਆ ਕਿ ਉਹ ਜਾਨਵਰਾਂ ਦੀ ਬੋਲੀ ਜਾਣਦਾ ਹੈ, ਤਾਂ ਉਹਦੀ ਉਸੇ ਪਲ ਮੌਤ ਹੋ ਜਾਵੇਗੀ। ਉਸ ਸ਼ਖ਼ਸ ਦੇ ਕੋਲ ਇਕ ਬਲਦ ਅਤੇ ਇਕ ਖੋਤਾ ਸੀ। ਉਹ ਬਲਦ ਉਪਰ ਭਾਰ ਲਦ ਕੇ ਸ਼ਹਿਰ ਮੰਡੀ ਵਿਚ ਲਿਜਾਇਆ ਕਰਦਾ ਸੀ ਅਤੇ ਖੋਤੇ ਨੂੰ ਵਾੜੇ ਵਿਚ ਹੀ ਬੰਨ੍ਹੀ ਰਖਦਾ ਸੀ। ਇਕ ਦਿਨ ਬਲਦ ਨੇ ਖੋਤੇ ਤੋਂ ਰੋਜ਼ ਦੇ ਦੁਖ ਮੁਸੀਬਤ ਤੋਂ ਬਚਣ ਦਾ ਕੋਈ ਉਪਾਅ ਪੁਛਿਆ। ਖੋਤੇ ਨੇ ਕਿਹਾ ਕਿ ਜੇ ਉਹ ਖਾਣਾ ਪੀਣਾ ਤਿਆਗ ਕੇ ਬੀਮਾਰੀ ਦਾ ਬਹਾਨਾ ਕਰੇ, ਤਾਂ ਮਾਲਕ ਉਸ ਉਪਰ ਭਾਰ ਨਹੀਂ ਲੱਦੇਗਾ। ਮਾਲਕ ਇਹ ਵਾਰਤਾਲਾਪ ਸੁਣ ਰਿਹਾ ਸੀ। ਇਸ ਲਈ ਬਲਦ ਨੂੰ ਬੀਮਾਰੀ ਦਾ ਬਹਾਨਾ ਕਰਦਿਆਂ ਵੇਖ, ਮਾਲਕ ਨੇ ਖੋਤੇ ਉਪਰ ਉਹ ਭਾਰ ਲਦ ਦਿਤਾ। ਖੋਤਾ ਬਲਦ ਦਾ ਬੋਝ ਆਪਣੇ ਉਪਰ ਲਦਿਆ ਵੇਖ ਘਬਰਾ ਗਿਆ ਤੇ ਮੰਡੀ ਤੋਂ ਵਾਪਸ ਆ ਕੇ ਬਲਦ ਨੂੰ ਕਹਿਣ ਲੱਗਾ ਕਿ ਸਾਡਾ ਮਾਲਕ ਰਸਤੇ ਵਿਚ ਆਪਣੇ ਇਕ ਮਿਤ੍ਰ ਨੂੰ ਕਹਿ ਰਿਹਾ ਸੀ ਕਿ ਜੇ ਬਲਦ ਇਸੇ ਤਰ੍ਹਾਂ ਹੀ ਬੀਮਾਰ ਰਿਹਾ, ਤਾਂ ਉਸ ਨੂੰ ਉਹ ਕਸਾਈ ਅੱਗੇ ਵੇਚ ਦੇਵੇਗਾ। ਬਲਦ ਘਬਰਾ ਕੇ ਖੋਤੇ ਤੋਂ ਪੁੱਛਣ ਲੱਗਾ — "ਹੁਣ ਮੈਨੂੰ ਕੀ ਕਰਨਾ ਚਾਹੀਦਾ ਏ ?" "ਖਾ ਪੀ ਤੇ ਨਚ ਟਪ" — ਖੋਤੇ ਨੇ ਸਲਾਹ ਦਿਤੀ। ਉਸੇ ਵੇਲੇ ਬਲਦ ਘਾਹ ਚਰਨ ਤੇ ਨੱਚਣ ਟੱਪਣ ਲੱਗਾ। ਇਹ ਸਭ ਗੱਲਾਂ ਮਾਲਕ ਸੁਣ ਰਿਹਾ ਸੀ, ਇਸ ਲਈ ਉਸ ਦਾ ਹਾਸਾ ਨਿਕਲ ਗਿਆ। ਮਾਲਕ ਦੀ ਤੀਵੀਂ ਨੇ ਉਸ ਨੂੰ ਰਹੱਸਮਈ ਢੰਗ ਨਾਲ ਹੱਸਦਿਆਂ ਵੇਖ, ਕਾਰਨ ਪੁਛਿਆ। ਜੇ ਕਾਰਨ ਨਹੀਂ ਦਸਦਾ, ਤਾਂ ਪਤਨੀ ਨਾਲ ਝਗੜਾ, ਜੇ ਦਸੇ ਤਾਂ ਉਸ ਦੀ ਆਪਣੀ ਮੌਤ ਹੋ ਜਾਣੀ ਸੀ। ਘਰ ਵਿਚ ਸੋਗ ਪੈ ਗਿਆ। ਬਲਦ, ਖੋਤਾ ਤੇ ਕੁੱਤਾ ਸਭ ਪਸ਼ੂ ਦੁਖੀ ਸਨ, ਪਰ ਕੁੱਕੜ ਖ਼ੁਸ਼ੀ ਨਾਲ ਫੁਦਕ ਰਿਹਾ ਸੀ। ਕੁੱਤੇ ਨੇ ਕੁੱਕੜ ਨੂੰ ਫਿਟਕਾਰਦੇ ਹੋਏ ਕਿਹਾ ਕਿ ਮਾਲਕ ਨੂੰ ਦੁਖੀ ਦੇਖ ਕੇ ਉਹ ਪ੍ਰਸੰਨ ਕਿਉਂ ਹੈ ? ਕੁੱਕੜ ਨੇ ਜੁਆਬ ਦਿਤਾ ਕਿ "ਅਜਿਹੇ ਮੂਰਖ ਮਾਲਕ ਨੂੰ ਮਰਨਾ ਹੀ ਚਾਹੀਦਾ ਏ, ਉਹ ਮੇਰੇ ਵਲ ਵੇਖੇ। ਮੈਂ ਚਾਲ੍ਹੀ ਕੁੱਕੜੀਆਂ ਨੂੰ ਕਾਬੂ ਕੀਤਾ ਹੋਇਆ ਏ, ਪਰ ਉਹ ਆਪਣੀ ਇਕ ਪਤਨੀ ਨੂੰ ਵੀ ਵਸ ਵਿਚ ਨਹੀਂ ਰਖ ਸਕਦਾ। ਜੇ ਉਹ ਹੱਥ ਵਿਚ ਡੰਡਾ ਫੜ ਲਏ, ਤਾਂ ਹੁਣੇ ਉਸ ਦੀ ਪਤਨੀ ਹਠ ਛੱਡ ਦੇਵੇਗੀ।" ਮਾਲਕ ਨੇ ਕੁੱਕੜ ਦੀ ਗੱਲ ਉਤੇ ਅਮਲ ਕਰਦਿਆਂ ਡੰਡਾ ਫੜ ਲਿਆ ਅਤੇ ਤੀਵੀਂ ਨੂੰ ਕੁੱਟਣ ਲੱਗਾ। ਤੀਵੀਂ ਨੇ ਮਾਰ ਤੋਂ ਡਰਦਿਆਂ ਹਠ ਨੂੰ ਛੱਡ ਦਿਤਾ। ਇਸ ਕਥਾਨਿਕ ਰੂੜ੍ਹੀਆਂ ਦੀਆਂ ਕਈ ਹੋਰ ਲੋਕ-ਕਥਾਵਾਂ ਵੀ ਮਿਲਦੀਆਂ ਹਨ।

(ਹ-8) **ਹੱਸਣੀ ਖੇਡਣੀ ਮਾਤਾ** :

ਸੀਤਲਾ ਦੇਵੀ ਦਾ ਇਕ ਮੰਗਲ ਭਾਸ਼ੀ ਨਾਂ (ਵੇਖੋ : ਸੀਤਲਾ)।

(ਹ-9) **ਹਸਤ** :

ਹੱਥ ਦੀ ਸ਼ਕਲ ਦਾ ਇਕ ਨਛੱਤਰ, ਜਿਸ ਵਿਚ ਪੰਜ ਤਾਰੇ ਸਪਸ਼ਟ ਰੂਪ ਵਿਚ ਵਿਖਾਈ ਦੇਂਦੇ ਹਨ। ਤਾਰਿਆਂ ਦੇ ਇਸ ਸਮੂਹ ਨੂੰ ਹਿੰਦੂ ਪੰਜਾਂ ਪਾਂਡੂਆਂ ਦਾ ਦੈਵੀ ਸਰੂਪ ਮੰਨਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਪਰਲੋਕ ਗਮਨ ਮਗਰੋਂ ਪਾਂਡੋ ਹਸਤ ਰੂਪ ਵਿਚ ਹੀ ਅਸਮਾਨ ਵਿਚ ਸੁਸ਼ੋਭਤ ਹੋਏ। ਮੁਸਲਮਾਨਾਂ ਅਨੁਸਾਰ ਇਹ ਨਛੱਤ੍ਰ ਪੰਜਾਂ ਪੀਰਾਂ ਦੀਆਂ ਜੋਤਾਂ ਹਨ। ਪੰਜੇ ਦੀ ਸ਼ਕਲ ਦਾ ਹੋਣ ਕਰ ਕੇ ਇਸ ਦੇ ਦਰਸ਼ਨ ਦੁਖ ਦਲਿਦਰ ਤੇ ਸੰਕਟ ਨੂੰ ਦੂਰ ਰਖਦੇ ਹਨ ਅਤੇ ਸ਼ੁਭ ਹਨ।

(ਹ-10) **ਹਸਤ ਉਚ** :

ਗਊ ਦੇ ਮੁਖ ਦੀ ਸ਼ਕਲ ਦੀ ਇਕ ਗੁਥੀ, ਇਸ ਨੂੰ ਗੁਪਤੀ ਵੀ ਕਹਿੰਦੇ ਹਨ। ਕਈ ਹਿੰਦੂ ਸੰਤ ਇਸ ਗੁਪਤੀ ਵਿਚ ਮਾਲਾ ਪਾ ਕੇ ਫੇਰਦੇ ਹਨ। ਮਾਲਾ ਫੇਰਦਿਆਂ ਜੇ ਕਿਸੇ ਦੂਜੇ ਨੂੰ ਪਤਾ ਨਾ ਚਲੇ, ਤਾਂ ਜਾਪ ਦਾ ਪੁੰਨ ਫਲ ਵਧ ਜਾਂਦਾ ਹੈ। ਜਾਪ ਵੇਲੇ ਇਸ ਗੁਥੀ ਨੂੰ ਛਾਤੀ ਦੀ ਕੌਡੀ ਨਾਲ ਲਗਾ ਕੇ ਰਖਣਾ ਵਿਧਾਨ ਹੈ, ਇਸੇ ਤੋਂ ਇਹਦਾ ਨਾਂ 'ਹਸਤ ਉਚ' ਪ੍ਰਚਲਤ ਹੋਇਆ। ਧਾਰਨਾ ਹੈ ਕਿ ਮਾਲਾ ਫੇਰਨ ਵੇਲੇ ਜੇ ਹੱਥ ਕੌਡੀ ਨੂੰ ਛੁਹੇ, ਤਾਂ ਸੁਆਸ ਪਵਿਤ੍ਰ ਹੋ ਜਾਂਦੇ ਹਨ, ਜਿਸ ਦਾ ਖ਼ਾਸ ਮਹਾਤਮ ਹੈ। ਹਸਤ ਉਚ ਹਮੇਸ਼ਾਂ ਕਿਸੇ ਉੱਚੀ ਥਾਂ ਰਖਿਆ ਜਾਂਦਾ ਹੈ ਜਾਂ ਕਿੱਲੀ ਨਾਲ ਟੰਗਿਆ ਜਾਂਦਾ ਹੈ। ਜੇ ਇਹ ਗੁਥੀ ਜ਼ਿਮੀਂ ਨਾਲ ਛੁਹ ਜਾਵੇ, ਤਾਂ ਸਭ ਜਾਪ ਖੰਡਿਤ ਹੋ ਜਾਂਦੇ ਹਨ।

(ਹ-11) **ਹਸਤ ਗ੍ਰਹਿਣ** :

ਵਿਆਹ ਨਾਲ ਸੰਬੰਧਿਤ ਇਕ ਰਸਮ, ਜਿਸ ਵਿਚ ਵਰ ਕੰਨਿਆਂ ਦਾ ਹੱਥ ਗ੍ਰਹਿਣ ਕਰਦਾ ਹੈ। ਇਸ ਨੂੰ ਹੱਥਲੇਵਾ ਵੀ ਕਹਿੰਦੇ ਹਨ (ਵੇਖੋ : ਹੱਥਲੇਵਾ)।

(ਹ-12) **ਹਸਨ ਅਬਦਾਲ** :

ਜ਼ਿਲਾ ਅਟਕ (ਪੱਛਮੀ ਪੰਜਾਬ) ਦਾ ਇਕ ਇਤਿਹਾਸਕ ਕਸਬਾ, ਜਿਸ ਨਾਲ ਕਈ ਕਿਸਮ ਦੀਆਂ ਬੋਧੀ, ਮੁਸਲਮਾਨੀ ਅਤੇ ਸਿੱਖ ਰਵਾਇਤਾਂ ਸੰਬੰਧਿਤ ਹਨ। ਹਸਨ ਅਬਦਾਲ, ਜੋ ਰਾਵਲਪਿੰਡੀ ਤੋਂ 29 ਮੀਲ ਦੂਰ ਹੈ, ਸਮਰਾਟ ਅਸ਼ੋਕ ਦੀ ਰਾਜਧਾਨੀ ਟੈਕਸਲਾ ਦਾ ਕਦੇ ਭਾਗ ਸੀ। ਟੈਕਸਲਾ ਦੀ ਥੇਹ (ਸ਼ਾਹ ਢੇਰੀ) ਤੋਂ ਹਸਨ ਅਬਦਾਲ, ਮੀਲ ਕੁ ਦੀ ਵਾਟ ਤੇ ਸਥਿਤ ਹੈ। ਹਸਨ ਅਬਦਾਲ ਦੇ ਪਹਾੜ ਤਾਂ ਬੜੇ ਰੁਖੇ ਅਤੇ ਕਰੜੇ ਹਨ, ਪਰ ਇਨ੍ਹਾਂ ਦੇ ਪੈਰਾਂ ਵਿਚ ਕਈ ਰਮਣੀਕ ਚਸ਼ਮੇ ਹਨ, ਜਿਨ੍ਹਾਂ ਦਾ ਨਿਰਮਲ ਠੰਢਾ ਜਲ ਇਕ ਲੰਮੀ ਧਾਰਾ ਵਿਚ ਵਹਿੰਦਾ, ਅਖੀਰ 'ਵਾਹ' ਨਾਂ ਦੀ ਕੱਸੀ ਵਿਚ ਜਾ ਸਮਾਂਦਾ ਹੈ।

ਇਸ ਕਸਬੇ ਦਾ ਅਜੋਕਾ ਨਾਉਂ ਹਸਨ ਅਬਦਾਲ, ਇਸੇ ਨਾਉਂ ਦੇ ਇਕ ਮੁਸਲਮਾਨ ਪੀਰ ਤੋਂ ਪਿਆ, ਜੋ ਖ਼ੁਰਾਸਾਨ ਦੇ ਇਕ ਨਗਰ ਸ਼ਬਜ਼ਵਾਰ ਦਾ ਨਿਵਾਸੀ ਸੀ। ਹਸਨ ਅਬਦਾਲ ਤਹਿਮੂਰ ਦੇ ਪੁਤਰ ਮਿਰਜ਼ਾ ਸ਼ਾਹ ਰੁਖ਼ ਦੀ ਫ਼ੌਜ ਨਾਲ ਭਾਰਤ ਆਇਆ ਅਤੇ ਇਸ ਰਮਣੀਕ ਅਸਥਾਨ ਉਤੇ ਇਕਾਂਤ ਵਿਚ ਤੱਪ ਕਰਨ ਲੱਗਾ, ਜਿਥੇ ਹੁਣ ਤਕ ਇਕ ਖ਼ਾਨਗਾਹ ਮੌਜੂਦ ਹੈ। ਇਸ ਖ਼ਾਨਗਾਹ ਤੇ ਮੁਸਲਮਾਨ ਜ਼ਿਆਰਤ ਕਰਨ ਲਈ ਆਉਂਦੇ ਹਨ ਅਤੇ ਦੀਵੇ ਜਗਾਂਦੇ ਹਨ। ਜੀਵਨ ਦੇ ਅੰਤਲੇ ਦਿਨਾਂ ਵਿਚ ਬਾਬਾ ਹਸਨ ਅਬਦਾਲ ਵਾਪਸ ਕੰਧਾਰ ਚਲਾ ਗਿਆ ਅਤੇ ਉਥੇ ਹੀ ਉਸ ਦਾ ਦੇਹਾਂਤ ਹੋਇਆ। ਇਸੇ ਤੋਂ ਪੀਰ ਹਸਨ ਅਬਦਾਲ ਨੂੰ ਵਲੀ ਕੰਧਾਰੀ ਵੀ ਕਿਹਾ ਜਾਣ ਲੱਗਾ।

ਸਿੱਖਾਂ ਵਿਚ ਇਹ ਕਸਬਾ 'ਪੰਜਾ ਸਾਹਿਬ' ਦੇ ਨਾਉਂ ਨਾਲ ਪ੍ਰਸਿਧ ਹੈ। ਇਥੇ 'ਪੰਜਾ ਸਾਹਿਬ' ਨਾਂ ਦਾ ਇਕ ਗੁਰਦੁਆਰਾ ਹੈ, ਜਿਸ ਵਿਚ ਇਕ ਸਿਲ ਉਪਰ ਗੁਰੂ ਨਾਨਕ ਸਾਹਿਬ ਦੇ ਪੰਜੇ ਦੇ ਨਿਸ਼ਾਨ ਹਨ। ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਮਰਦਾਨੇ ਨਾਲ ਜਦੋਂ ਇਸ ਇਲਾਕੇ ਵਿਚੋਂ ਲੰਘੇ, ਤਾਂ ਮਰਦਾਨਾ ਪਿਆਸ ਨਾਲ ਬੇਹਾਲ ਸੀ। ਉਦੋਂ ਇਥੇ ਪਹਾੜ ਦੀ ਚੋਟੀ ਉਪਰ ਇਕੋ ਚਸ਼ਮਾ ਹੁੰਦਾ ਸੀ, ਜਿਸ ਦੇ ਕੰਢੇ ਉਪਰ ਵਲੀ ਕੰਧਾਰੀ ਤੱਪ ਕੀਤਾ ਕਰਦਾ ਸੀ। ਹੇਠਾਂ ਕਿਧਰੇ ਵੀ ਪਾਣੀ ਨਹੀਂ ਸੀ। ਜਦੋਂ ਮਰਦਾਨਾ ਵਲੀ ਕੰਧਾਰੀ ਦੇ ਕੋਲ ਪਾਣੀ ਮੰਗਣ ਲਈ ਗਿਆ, ਤਾਂ ਅਭਿਮਾਨ ਵਿਚ ਆਏ ਵਲੀ ਨੇ ਪਾਣੀ ਦੇਣ ਤੋਂ ਇਨਕਾਰ ਕਰ ਦਿਤਾ। ਮਰਦਾਨੇ ਨੇ ਸਾਰੀ ਗੱਲ

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਜੀ ਨੂੰ ਜਾ ਦਸੀ, ਤਾਂ ਉਨ੍ਹਾਂ ਨੇ ਦੈਵੀ ਸ਼ਕਤੀ ਨਾਲ ਚਸ਼ਮੇ ਦਾ ਪਾਣੀ ਹੇਠਾਂ ਵਲ ਖਿਚ ਲਿਆ। ਵਲੀ ਨੇ ਕਰੋਧ ਵਿਚ ਆ ਕੇ ਉਪਰੋਂ ਪਹਾੜੀ ਦਾ ਇਕ ਵੱਡਾ ਸਾਰਾ ਟੁਕੜਾ ਰੇੜ੍ਹਿਆ, ਜਿਸ ਨੂੰ ਗੁਰੂ ਸਾਹਿਬ ਨੇ ਆਪਣੇ ਪੰਜੇ ਉਪਰ ਰੋਕ ਲਿਆ। ਪੰਜੇ ਦੇ ਨਿਸ਼ਾਨ ਸਿੱਲ ਉਪਰ ਉਕਰੇ ਗਏ। ਮਹਾਰਾਜਾ ਰਣਜੀਤ ਸਿੰਘ ਨੇ ਇਸ ਸਿਲ ਦੁਆਲੇ ਇਕ ਸੁੰਦਰ ਗੁਰਦੁਆਰੇ ਦੀ ਉਸਾਰੀ ਕਰਵਾਈ।

ਪੁਰਾਤਤਵ ਖੋਜੀਆਂ ਅਨੁਸਾਰ ਇਸ ਰਮਣੀਕ ਅਸਥਾਨ ਦੀ ਪ੍ਰਾਚੀਨ ਕਾਲ ਤੋਂ ਹੀ ਬੜੀ ਧਾਰਮਿਕ ਮਹਾਨਤਾ ਰਹੀ ਹੈ। ਹਿਊਨ ਸਾਂਗ ਸਤਵੀਂ ਸਦੀ ਈਸਵੀ ਵਿਚ ਬੋਧੀ ਅਸਥਾਨਾਂ ਦੀ ਯਾਤ੍ਰਾ ਕਰਦਾ ਇਥੇ ਵੀ ਆਇਆ ਸੀ। ਉਦੋਂ ਇਥੇ ਨਾਗ ਰਾਜਾ ਇਲਾਪਤ੍ਰ ਦਾ 250 ਫੁਟ ਦੇ ਘੇਰੇ ਵਿਚ ਇਕ ਵੱਡਾ ਸਰੋਵਰ ਸੀ, ਜਿਸ ਵਿਚ ਕਈ ਰੰਗਾਂ ਦੇ ਸੁੰਦਰ ਕੰਵਲ ਖਿੜੇ ਹੋਏ ਸਨ। ਜਦੋਂ ਕਿਧਰੇ ਇਲਾਕੇ ਵਿਚ ਔੜ ਪੈ ਜਾਂਦੀ ਜਾਂ ਮੌਸਮ ਖ਼ਰਾਬ ਹੁੰਦਾ, ਤਾਂ ਲੋਕੀਂ ਬੋਧੀ ਭਿਖਸ਼ੂਆਂ ਨਾਲ ਇਥੇ ਪ੍ਰਾਰਥਨਾ ਕਰਨ ਲਈ ਆਉਂਦੇ ਸਨ ਅਤੇ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਸਨ। ਕੰਨਿਘਮ ਨੇ ਇਸ ਇਲਾਕੇ ਵਿਚੋਂ ਇਕ ਸਤੂਪ ਅਤੇ ਪੁਰਾਣੇ ਮੰਦਰ ਦੇ ਕੁਝ ਖੰਡਰ ਲਭੇ ਹਨ, ਜੋ ਬੋਧੀ ਕਾਲ ਵਿਚ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਦਾ ਪ੍ਰਮਾਣ ਹਨ।

ਇਸ ਅਸਥਾਨ ਦੀ ਮਹੱਤਤਾ ਬਾਰੇ ਵਿਲੀਅਮ ਕਰੁਕ (E. R. E. 6,525) ਲਿਖਦਾ ਹੈ — ਇਹ ਅਸਥਾਨ ਮੂਲ ਵਿਚ ਆਪਣੀ ਪਵਿਤ੍ਰਤਾ ਲਈ ਰਮਣੀਕ ਚਸ਼ਮੇ ਦਾ ਰਿਣੀ ਹੈ,ਜਿਸਦੇ ਦੁਆਲੇ ਪ੍ਰਾਚੀਨ ਕਾਲ ਵਿਚ ਨਾਗ-ਸੰਪ੍ਰਦਾਇ ਉਭਰੀ। ਨਾਗ ਬਾਰੇ ਧਾਰਨਾ ਸੀ ਕਿ ਉਨ੍ਹਾਂ ਦਾ ਮੌਸਮ ਉਪਰ ਅਧਿਕਾਰ ਹੁੰਦਾ ਹੈ। ਚਸ਼ਮੇ ਦੁਆਲੇ ਜੋ ਬੋਧੀ ਮਿਥ ਪ੍ਰਚਲਤ ਸੀ, ਉਸ ਦੀ ਥਾਂ ਮਗਰੋਂ ਬ੍ਰਾਹਮਣੀ ਕਥਾ ਨੇ ਲੈ ਲਈ ਤੇ ਫਿਰ ਮੁਸਲਮਾਨੀ ਦੰਦ-ਕਥਾ ਨੇ, ਜਿਸ ਦਾ ਨਾਇਕ ਬਾਬਾ ਵਲੀ ਸੀ। ਅਖ਼ੀਰ ਸਿੱਖਾਂ ਦੇ ਰਾਜ ਵੇਲੇ ਇਹ ਅਸਥਾਨ ਗੁਰੂ ਨਾਨਕ ਦੇਵ ਜੀ ਦੀ ਅਲੌਕਿਕ ਕਰਾਮਾਤ ਨਾਲ ਸੰਬੰਧਤ ਹੋ ਗਿਆ। ਦੰਦ-ਕਥਾਵਾਂ ਦਾ ਇਹ ਲੰਮਾ ਸਿਲਸਿਲਾ ਇਸ ਗੱਲ ਦੀ ਦਿਲਚਸਪ ਮਿਸਾਲ ਹੈ ਕਿ ਕੋਈ ਅਸਥਾਨ ਜਦੋਂ ਆਪਣੀ ਪ੍ਰਾਕ੍ਰਿਤਕ ਸੁੰਦਰਤਾ ਕਾਰਨ ਪਵਿਤ੍ਰਤਾ ਪ੍ਰਾਪਤ ਕਰ ਲੈਂਦਾ ਹੈ, ਤਾਂ ਮਗਰੋਂ ਦੂਜੀਆਂ ਸੰਪ੍ਰਦਾਵਾਂ ਦੇ ਅਨੁਯਾਈ ਆਪੋ ਆਪਣੀ ਰਾਜਸੀ ਸਤਾ ਵੇਲੇ ਕਿਵੇਂ ਉਸ ਨੂੰ ਆਪਣੇ ਧਰਮ ਅਸਥਾਨ ਬਣਾਉਂਦੇ ਰਹੇ ਹਨ।

## (ਹ-13) ਹਸਨ ਹੁਸੈਨ :

ਇਮਾਮ ਹਸਨ ਹੁਸੈਨ, ਬੀਬੀ ਫ਼ਾਤਿਮਾ ਤੋਂ ਹਜ਼ਰਤ ਅਲੀ ਦੇ ਪੁਤਰ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਸਨ। ਇਨ੍ਹਾਂ ਦੋਹਾਂ ਦੀ ਸ਼ਹਾਦਤ ਇਸਲਾਮੀ ਇਤਿਹਾਸ ਵਿਚ ਇਕ ਸੰਵੇਦਨਾਸ਼ੀਲ ਘਟਨਾ ਮੰਨੀ ਜਾਂਦੀ ਹੈ। ਸ਼ੀਆ ਮੁਸਲਮਾਨ ਹਸਨ ਹੁਸੈਨ ਦੀ ਸ਼ਹੀਦੀ ਨੂੰ ਲਾਸਾਨੀ ਮੰਨਦੇ ਹਨ ਅਤੇ ਹਰ ਸਾਲ ਮੁਹੱਰਮ ਦੇ ਮਹੀਨੇ ਇਨ੍ਹਾਂ ਦੇ ਤਾਜ਼ੀਏ ਕਢਦੇ ਹਨ। ਉਹ ਰੋਂਦੇ ਪਿਟਦੇ ਹੋਏ ਹਸਨ ਹੁਸੈਨ ਪ੍ਰਤੀ ਸਹਾਨੁਭੂਤੀ ਪ੍ਰਗਟ ਕਰਦੇ ਹਨ ਅਤੇ ਨਾਲੋਂ ਨਾਲ ਨਾਅਤੇ ਪੜ੍ਹਦੇ ਹਨ।

ਕਿੱਸਾ ਕਾਵਿ ਅਤੇ ਇਸਲਾਮੀ ਪੰਜਾਬੀ ਸਾਹਿੱਤ ਵਿਚ ਹਸਨ ਹੁਸੈਨ ਦਾ ਜ਼ਿਕਰ ਅਨੇਕ ਥਾਈਂ ਮਿਲਦਾ ਹੈ। ਕੁਝ ਕਵੀਆਂ ਹਾਮਦ, ਹਾਫ਼ਜ਼ ਬਰਖ਼ੁਰਦਾਰ, ਮੁਕਬਲ ਆਦਿ ਨੇ ਹਸਨ ਹੁਸੈਨ ਦੀ ਸ਼ਹਾਦਤ ਬਾਰੇ ਜੰਗਨਾਮੇ ਵੀ ਲਿਖੇ, ਜਿਨ੍ਹਾਂ ਵਿਚ ਮੁਕਬਲ ਦਾ ਜੰਗਨਾਮਾ ਇਕ ਮਹੱਤਵਪੂਰਣ ਰਚਨਾ ਹੈ। ਮੁਕਬਲ ਨੇ ਇਤਿਹਾਸ ਤੇ ਮਿਥਿਹਾਸ ਦੇ ਸੁਮੇਲ ਨਾਲ ਇਸ ਰਚਨਾ ਨੂੰ ਵਧੇਰੇ ਰੌਚਿਕ ਬਣਾ ਦਿਤਾ ਹੈ। ਹਸਨ ਹੁਸੈਨ ਦੀ ਸ਼ਹਾਦਤ ਪੰਜਾਬੀ ਲੋਕਧਾਰਾ ਦਾ ਹਿੱਸਾ ਬਣ ਚੁਕੀ ਹੈ ਅਤੇ ਪੰਜਾਬੀ ਕਵੀਆਂ ਨੇ ਇਸ ਨੂੰ ਸਥਾਨਿਕ ਰੰਗ ਵਿਚ ਰੰਗਣਾ ਚਾਹਿਆ ਹੈ, ਜਿਵੇਂ ਕਿ ਹੁਸੈਨ ਦੇ ਭਤੀਜੇ ਕਾਸਮ ਦਾ ਨਿਕਾਹ ਉਹਦੀ ਸ਼ਹੀਦੀ ਤੋਂ ਇਕ ਦਿਨ ਪਹਿਲਾਂ ਹੋਇਆ। ਉਸ ਵਿਆਹ ਦਾ ਵਰਨਣ ਕਰਨ ਵੇਲੇ ਅਰਬ ਦੇਸ਼ ਦੀਆਂ ਰੀਤਾਂ ਰਸਮਾਂ ਦੀ ਥਾਂ ਪੰਜਾਬੀ ਵਿਆਹ ਦਾ ਮਾਹੌਲ ਉਸਾਰਿਆ ਗਿਆ ਹੈ :

ਰੋ ਰੋ ਢਾਈਂ ਮਾਰਦੀ ਕੋਲੋਂ ਤੇਰੀ ਭੈਣ।
ਵੀਰਾ ਏਸ ਵਿਆਹ ਕੀ ਕਰਾਂ ਸਿਆਪੇ ਵੈਣ।
ਨਾ ਮੈਂ ਸ਼ਗਨ ਵਿਚਾਰਿਆ,
ਗਾਨਾ ਦਸਤ ਨਾ ਬੰਨ੍ਹ।
ਨਾਗੀ ਮਲਕੁਲ ਮੌਤ ਦਾ ਚੜ੍ਹਿਆ ਤੇਰੀ ਜੰਞ।
ਲਾੜ੍ਹਾ ਹੋਕੇ ਨਾ ਗਇਉਂ ਡੋਲੀ ਦੇ ਤੂੰ ਨਾਲ।
ਪਾਣੀ ਤੇਰੀ ਮਾਉਂ ਨੇ ਪੀਤਾ ਵਾਰ ਨਾ ਲਾਲ।
ਮਹਿੰਦੀ ਲਗੇ ਸ਼ਾਹ ਨੂੰ ਮੂਲ ਨਾ ਚੜ੍ਹਿਆ ਤੇਲ।
ਜੰਞ ਵਿਹੁੜੇ ਰਹਿ ਗਈ ਬੂਹੇ ਬੈਠਾ ਮੇਲ।
ਘੋੜੀ ਚੜ੍ਹਕੇ ਨਾ ਗਿਓਂ
ਨਾ ਮੈਂ ਪਕੜੀ ਵਾਗ।
ਜੰਞ ਨਾ ਚੜ੍ਹਿਉਂ ਮਹਿਕਦੀ
ਬਾਪ ਨਾ ਵੰਡੀ ਲਾਗ।
ਵਟਣਾ ਤੇਲ ਨਾ ਚਾਹੜਿਆ
ਵੀਰਾ ਤੇਰੇ ਅੰਗ।
ਮਹਿੰਦੀ ਦਸਤ ਨਾ ਲਗਿਆ,

ਹਸਨ ਹੁਸੈਨ ਦਾ ਲੋਕ ਗੀਤਾਂ, ਖ਼ਾਸ ਤੌਰ ਤੇ ਢੋਲਿਆਂ ਵਿਚ ਜ਼ਿਕਰ ਆਉਂਦਾ ਹੈ। ਇਸ ਲਈ ਇਸ ਸ਼ਹਾਦਤ ਬਾਰੇ ਵੇਰਵੇ ਨਾਲ ਲਿਖਣਾ ਜ਼ਰੂਰੀ ਹੈ।

ਹਜ਼ਰਤ ਮੁਹੰਮਦ ਸਾਹਿਬ ਦੇ ਦਿਹਾਂਤ ਮਗਰੋਂ ਉਪਰਥਲੀ ਚਾਰ ਖ਼ਲੀਫ਼ੇ ਉਨ੍ਹਾਂ ਦੇ ਉਤਰਾਧਿਕਾਰੀ ਬਣੇ, ਜਿਨ੍ਹਾਂ ਦੇ ਕ੍ਰਮਵਾਰ ਨਾਉਂ ਹਨ — (1) ਹਜ਼ਰਤ ਅਬੂ ਬਕਰ ਸਦੀਕ, (2) ਹਜ਼ਰਤ ਉਮਰ, (3) ਹਜ਼ਰਤ ਉਸਮਾਨ ਅਤੇ (4) ਹਜ਼ਰਤ ਅਲੀ। ਪਹਿਲੇ ਤਿੰਨ ਖ਼ਲੀਫ਼ਿਆਂ ਵੇਲੇ ਤਾਂ ਕਿਸੇ ਵਲੋਂ ਵੀ ਕੋਈ ਵਿਰੋਧ ਨਾ ਹੋਇਆ, ਪਰ ਚੌਥੇ ਖ਼ਲੀਫ਼ੇ ਹਜ਼ਰਤ ਅਲੀ ਦੇ ਸਮੇਂ ਅਮੀਰ ਮੁਆਵੀਆ ਨੇ, ਜੋ ਮੁਹੰਮਦ ਸਾਹਿਬ ਦਾ ਸਾਕੇਦਾਰੀ ਵਿਚ ਭਰਾ ਲੱਗਦਾ ਸੀ, ਖ਼ਲਾਫ਼ਤ ਉਤੇ ਆਪਣਾ ਹੱਕ ਜਤਾਇਆ। ਅਮੀਰ ਮੁਆਵੀਆ ਉਦੋਂ ਦਮਿਸ਼ਕ ਦਾ ਹਾਕਮ ਸੀ। ਦੋ ਧਿਰਾਂ ਵਿਚ ਲੜਾਈ ਹੋਈ ਤੇ ਅਖ਼ੀਰ ਕੁਝ ਅਮੀਰਾਂ ਨੇ ਦੋਹਾਂ ਵਿਚ ਸੁਲਹ ਕਰਵਾ ਦਿਤੀ ਅਤੇ ਇਸਲਾਮੀ ਸਲਤਨਤ ਅੱਧੀ ਅਲੀ ਨੂੰ ਅਤੇ ਅੱਧੀ ਮੁਆਵੀਏ ਨੂੰ ਦਿਵਾ ਦਿਤੀ। ਅਮੀਰ ਮੁਆਵੀਏ ਦੇ ਮਨ ਵਿਚ ਖੋਟ ਸੀ। ਸੋ ਉਸ ਨੇ 27 ਜਨਵਰੀ ਸੰਨ 661 ਈ: ਨੂੰ, ਜਦੋਂ ਹਜ਼ਰਤ ਅਲੀ ਮਸੀਤ ਵਿਚ ਨਮਾਜ਼ ਪੜ੍ਹਨ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਆਪਣੇ ਨੌਕਰ ਹੱਥੋਂ ਕਤਲ ਕਰਵਾ ਦਿਤਾ।

ਹਜ਼ਰਤ ਅਲੀ ਦੀ ਮੌਤ ਮਗਰੋਂ ਇਮਾਮ ਹਸਨ ਕੂਫ਼ੇ ਦੀ ਗੱਦੀ ਉਤੇ ਬੈਠਾ। ਮੁਆਵੀਏ ਨੇ ਉਸ ਦਾ ਕੰਡਾ ਕੱਢਣ ਲਈ ਕਈ ਗੋਂਦਾਂ ਗੁੰਦੀਆਂ। ਇਮਾਮ ਹਸਨ ਐਸ਼ ਇਸ਼ਰਤ ਵਿਚ ਜ਼ਿਆਦਾ ਸਮਾਂ ਬਿਤਾਂਦਾ ਸੀ। ਉਸ ਨੇ 90 ਦੇ ਕਰੀਬ ਵਿਆਹ ਕੀਤੇ ਹੋਏ ਸਨ – 'ਆਹੇ ਹਜ਼ਰਤ ਹਸਨ ਨੇ ਕੀਤੇ ਕਈ ਨਿਕਾਹ। ਪੰਜ ਸ਼ੰਬੇ ਦੇ ਰੋਜ਼ ਸੀ ਕਰਦਾ ਨਿਤ ਵਿਆਹ' (ਹਾਮਿਦ ਅਬਾਸੀ)। ਇਸ ਲਈ ਇਮਾਮ ਹਸਨ ਬੜਾ ਅਰਾਮ ਤਲਬ ਸੀ ਅਤੇ ਅਮੀਰ ਮੁਆਵੀਏ ਨਾਲ ਲੜਨਾ ਨਹੀਂ ਸੀ ਚਾਹੁੰਦਾ। ਇਮਾਮ ਹੁਸੈਨ ਅਮੀਰ ਮੁਆਵੀਏ ਨਾਲ ਯੁਧ ਕਰਨ ਲਈ ਤਿਆਰ ਸੀ, ਪਰ ਇਮਾਮ ਹਸਨ ਨੇ ਅਮੀਰ ਮੁਆਵੀਏ ਨਾਲ ਸੁਲਹ ਕਰ ਕੇ ਆਪਣੇ ਗੁਜ਼ਾਰੇ ਲਈ ਸਾਲਾਨਾ ਵਜ਼ੀਫ਼ਾ ਮੁਕੱਰਰ ਕਰਵਾ ਕੇ ਰਾਜ ਤਖ਼ਤ ਤਿਆਗ ਦਿਤਾ। ਪਰ ਸੁਲਹ ਵਿਚ ਇਹ ਸ਼ਰਤ ਲਿਖਵਾ ਲਈ ਗਈ ਕਿ ਅਮੀਰ ਮੁਆਵੀਏ ਦੇ ਮਰਨ ਮਗਰੋਂ ਰਾਜ ਗੱਦੀ ਦਾ ਹਕਦਾਰ ਹਜ਼ਰਤ ਹਸਨ ਜਾਂ ਉਹਦਾ ਕੋਈ ਜਾਨਸ਼ੀਨ ਹੋਵੇਗਾ। ਸੁਲਹ ਤੋਂ ਮਗਰੋਂ ਹਜ਼ਰਤ ਹਸਨ ਪਰਿਵਾਰ ਸਮੇਤ ਕੂਫ਼ੇ ਤੋਂ ਮਦੀਨੇ ਜਾ ਵਸਿਆ।

Sri Satguru Jagjit Singh Ji eLibrary NamdhariElibrary@gmail.com

ਯਜੀਦ ਦੀ ਇੱਛਾ ਸੀ ਕਿ ਅੱਗੋਂ ਇਸਲਾਮੀ ਰਿਆਸਤ ਉਨ੍ਹਾਂ ਦੇ ਖ਼ਾਨਦਾਨ ਦੇ ਕਬਜ਼ੇ ਵਿਚ ਹੀ ਰਹੇ, ਇਸ ਲਈ ਉਹ ਇਮਾਮ ਹਸਨ ਨੂੰ ਮਰਵਾਣ ਦੀਆਂ ਸਾਜ਼ਸ਼ਾਂ ਗੁੰਦਣ ਲਗੇ। ਇਮਾਮ ਹਸਨ ਦੀਆਂ ਅਨੇਕਾਂ ਪਤਨੀਆਂ ਸਨ, ਜਿਨ੍ਹਾਂ ਵਿਚ ਆਪਸੀ ਵੈਰ ਵਿਰੋਧ ਰਹਿੰਦਾ ਸੀ। ਇਸ ਦਾ ਫ਼ਾਇਦਾ ਉਠਾਕੇ, ਯਜੀਦ ਨੇ ਇਕ ਮੱਕਾਰ ਔਰਤ ਦੁਆਰਾ, ਹਜ਼ਰਤ ਹਸਨ ਦੀ ਇਕ ਬੀਵੀ ਜ਼ਾਅਦਾ ਬਿਨ ਕੈਸ ਅਲਕੰਦੀ ਨਾਲ ਰਾਅਬਤਾ ਕਾਇਮ ਕੀਤਾ ਅਤੇ ਉਸ ਨੂੰ ਚਕਮਾ ਦਿਤਾ ਕਿ ਜੇ ਉਹ ਹਜ਼ਰਤ ਹਸਨ ਨੂੰ ਜ਼ਹਿਰ ਦੇ ਕੇ ਮਰਵਾ ਦੇਵੇਗੀ, ਤਾਂ ਉਹ ਉਹਦੇ ਨਾਲ ਖ਼ੁਦ ਵਿਆਹ ਕਰਵਾ ਲਏਗਾ। ਇਹ ਸਾਜ਼ਸ਼ ਤੋੜ ਚੜ੍ਹ ਗਈ ਅਤੇ 661 ਈ: ਵਿਚ ਹਜ਼ਰਤ ਹਸਨ ਨੂੰ ਜ਼ਹਿਰ ਦੇ ਕੇ ਮਾਰ ਦਿਤਾ ਗਿਆ। ਹਸਨ ਦੀ ਮੌਤ ਉਤੇ ਉਹਦੀ ਭੈਣ ਜ਼ੈਨਬ ਨੇ ਜੋ ਕੀਰਨੇ ਪਾਏ, ਉਹਦਾ ਵਰਨਣ ਮੁਕਬਲ ਨੇ ਬੜੇ ਕਰੁਣਾਮਈ ਸ਼ਬਦਾਂ ਵਿਚ ਕੀਤਾ ਹੈ :

ਲਕੜੀ ਹੋਵੇ ਜਲ ਬੁਝਾਂ, ਲੂਣ ਹੋਵੇ ਗਲ ਜਾਂ।
ਤੇਰੀ ਜੰਮਣ ਰਾਤ ਤੋਂ, ਸਾਈਆਂ ਬਲ ਬਲ ਜਾਂ।
ਸਾਈਆਂ ! ਜੇ ਮੈਂ ਜਾਣਦੀ,
ਗੋਲੀ ਵਿਚ ਹੈ ਜ਼ਹਿਰ।
ਖਾ ਕੇ ਮਰਦੀ ਆਪ ਮੈਂ,
ਕਿਉਂ ਪੈਂਦਾ ਇਹ ਕਹਿਰ।
ਪੈਰ ਕੁਹਾੜਾ ਮਾਰਿਆ, ਮੈਂ ਤੱਤੀ ਨੇ ਆਪ।
ਸਾਰੀ ਉਮਰ ਨਾ ਵੰਞਸੀ, ਮੇਰੇ ਦਿਲੋਂ ਵਞਾਪ।
ਲਾਅਨਤ ਸਾਡੀ ਅਕਲ ਨੂੰ,
ਖੁਰੀ ਜਿਨ੍ਹਾਂ ਦੀ ਮੱਤ।
ਸਾਇਤ ਵੇਲਾ ਗੁਜ਼ਰਿਆ,
ਹੱਥ ਨਾ ਆਵੇ ਵੱਤ।

ਹਜ਼ਰਤ ਹਸਨ ਦਾ ਛੋਟਾ ਭਰਾ ਇਮਾਮ ਹੁਸੈਨ ਬੜਾ ਦਲੇਰ ਅਤੇ ਸਾਹਸੀ ਸੀ, ਪਰ ਉਹ ਨੀਤੀ ਨਿਪੁੰਨ ਨਹੀਂ ਸੀ। ਅਮੀਰ ਮੁਆਵੀਆ ਅਤੇ ਯਜੀਦ ਨੇ ਉਸ ਨੂੰ ਵੀ ਮਾਰ ਮੁਕਾਣ ਦੀਆਂ ਕਈ ਚਾਲਾਂ ਚਲੀਆਂ, ਪਰ ਉਹ ਸਫਲ ਨਾ ਹੋਈਆਂ। ਸੰਨ 680 ਈ: ਵਿਚ ਮੁਆਵੀਏ ਦੀ ਮੌਤ ਮਗਰੋਂ ਯਜੀਦ ਤਖ਼ਤ ਉਤੇ ਬੈਠਾ ਅਤੇ ਉਸ ਨੇ ਇਮਾਮ ਹੁਸੈਨ ਵਿਰੁਧ ਸਰਗਰਮੀਆਂ ਤੇਜ਼ ਕਰ ਦਿਤੀਆਂ। ਮਜਬੂਰ ਹੋ ਕੇ ਹੁਸੈਨ ਮਦੀਨਾ ਛੱਡ ਕੇ ਮੱਕੇ ਜਾ ਵਸਿਆ। ਪਰ ਕੁਝ ਕਬੀਲਿਆਂ ਨੇ ਹਜ਼ਰਤ ਹੁਸੈਨ ਨੂੰ ਮੁੜ ਕੂਫ਼ੇ ਪਰਤ ਆਉਣ ਲਈ ਸੁਨੇਹੇ ਭੇਜੇ। ਇਹਦੇ ਵਿਚ ਵੀ ਯਜੀਦ ਦੀ ਕੋਈ ਚਾਲ ਸੀ, ਜੋ ਇਮਾਮ ਹੁਸੈਨ ਸਮਝ ਨਾ ਸਕਿਆ। ਸੋ ਇਮਾਮ ਹੁਸੈਨ ਪਰਿਵਾਰ ਸਮੇਤ ਕੂਫ਼ੇ ਵਲ ਚਲ ਪਿਆ। ਉਸ ਨੇ ਆਪਣੇ ਇਕ ਖ਼ਾਸ ਵਿਅਕਤੀ ਮੁਸਲਿਮ ਇਬ ਅਕੀਲ ਨੂੰ ਅਗੇ ਅਗੇ ਕੂਫ਼ੇ ਵਲ ਤੋਰ ਦਿਤਾ, ਤਾਂ ਜੋ ਉਥੋਂ ਦੇ ਹਾਲਾਤ ਦਾ ਠੀਕ ਜਾਇਜ਼ਾ ਲਗਾਕੇ ਉਸਨੂੰ ਪਤਾ ਦੇਵੇ. ਪਰ ਕੂਫ਼ੇ ਵਿਚ ਪਹੁੰਚਦੇ ਹੀ ਮੁਸਲਿਮ ਇਬ ਅਕੀਲ ਦਾ ਖ਼ਾਤਮਾ ਕਰ ਦਿਤਾ ਗਿਆ। ਇਸ ਗੱਲ ਦੀ ਖ਼ਬਰ ਜਦੋਂ ਇਮਾਮ ਹੁਸੈਨ ਨੂੰ ਮਿਲੀ, ਤਾਂ ਉਹ ਰਸਤੇ ਵਿਚ ਹੀ ਸੀ। ਉਸ ਨੇ ਪਿਛੇ ਪਰਤਣਾ ਠੀਕ ਨਾ ਸਮਝਿਆ ਅਤੇ ਕਰਬਲਾ ਦੇ ਮੈਦਾਨ ਵਿਚ ਜਾ ਟਿਕਾਣਾ ਕੀਤਾ। ਕਰਬਲਾ ਵਿਚ ਹੁਸੈਨ ਦੇ ਨਾਲ ਪਰਿਵਾਰ ਤੋਂ ਇਲਾਵਾ ਕੇਵਲ 72 ਸਾਥੀ ਸਨ। ਯਜੀਦ ਨੇ ਕੂਫ਼ੇ ਦੇ ਹਾਕਮ ਅਬਦੁਲਾ ਬਿਨ ਜ਼ਿਆਦ ਨੂੰ ਹਜ਼ਰਤ ਹੁਸੈਨ ਦੀ ਨਾਕਾਬੰਦੀ ਕਰਨ ਲਈ ਕਿਹਾ, ਤਾਂ ਜੋ ਉਹ ਫ਼ਰਾਤ ਤੋਂ ਪੀਣ ਲਈ ਪਾਣੀ ਹਾਸਿਲ ਨਾ ਕਰ ਸਕੇ। ਫਿਰ ਯਜੀਦ ਨੇ ਖ਼ੁਦ ਇਕ ਵੱਡੇ ਲਸ਼ਕਰ ਨਾਲ ਹਜ਼ਰਤ ਹੁਸੈਨ ਉਤੇ ਹੱਲਾ ਬੋਲ ਦਿਤਾ। ਮੁਹੱਰਮ ਦੀ 8 ਤੋਂ 10 ਤ੍ਰੀਕ ਤਕ ਤਿੰਨ ਦਿਨ ਖ਼ੂਬ ਲੜਾਈ ਹੋਈ। ਇਮਾਮ ਹੁਸੈਨ ਤੇ ਉਹਦੇ ਸਾਥੀ ਪਿਆਸ ਨਾਲ ਤੜਪ ਰਹੇ ਸਨ; ਸੋ ਉਹ ਮੁਕਾਬਲਾ ਨਾ ਕਰ ਸਕੇ। ਹੁਸੈਨ ਤੇ ਉਹਦੇ ਕਈ ਸਾਥੀਆਂ ਦੇ ਸਿਰ ਵਢ ਕੇ ਨੇਜ਼ਿਆਂ ਉਤੇ ਟੰਗ ਲਏ ਗਏ। ਯਜੀਦ ਦੇ ਦੋ ਸਿਪਾਹੀਆਂ ਨੇ, ਭੈਣ ਜ਼ੈਨਬ ਦੇ ਸਾਹਮਣੇ, ਉਸ ਦੇ ਰੋਕਦਿਆਂ ਹੋਇਆਂ, ਇਮਾਮ ਹੁਸੈਨ ਦਾ ਸਿਰ ਕਟ ਕੇ ਨੇਜ਼ੇ ਉਤੇ ਟੰਗ ਲਿਆ। ਲੋਥਾਂ ਉਤੇ ਘੋੜੇ ਦੁੜਾਏ ਗਏ। ਪਾਣੀ ਲਈ ਸਹਿਕ ਰਹੇ ਬੱਚੇ ਤੜਪ ਤੜਪਾ ਕੇ ਮਾਰ ਦਿਤੇ ਗਏ। ਹਰਮ ਦੀਆਂ ਔਰਤਾਂ ਅਤੇ ਹੋਰ ਧੀਆਂ ਭੈਣਾਂ ਦਾ ਨੰਗਾ ਜਲੂਸ ਕਢਿਆ ਗਿਆ। ਅਗੇ ਅਗੇ ਹਜ਼ਰਤ ਹੁਸੈਨ ਤੇ ਉਹਦੇ ਸਾਥੀਆਂ ਦੇ ਸਿਰ ਨੇਜ਼ੇ ਉਤੇ ਟੰਗੇ ਹੋਏ ਸਨ ਅਤੇ ਪਿਛੇ ਪਿਛੇ ਉਨ੍ਹਾਂ ਦੀਆਂ ਤੀਵੀਆਂ ਤੇ ਲੜਕੀਆਂ ਰੋਂਦੀਆਂ ਪਿਟਦੀਆਂ ਜਾ ਰਹੀਆਂ ਸਨ।

### (ਹ-14) ਹਸਨ ਦਰੀਯਾ :

ਬਹਾਵਲਪੁਰ ਦੇ ਇਕ ਪ੍ਰਸਿਧ ਪੀਰ, ਜੋ ਗ਼ਾਜ਼ੀ ਸੱਯਦ ਸਦਰ-ਉੱਦ-ਦੀਨ ਦੇ ਪੁੱਤਰ ਸਨ। ਹਸਨ ਦਰੀਯਾ ਦਾ ਅਸਲੀ ਨਾਂ ਕਬੀਰ-ਉੱਦ-ਦੀਨ ਸੀ। ਆਪ ਦੀ ਮਜ਼ਾਰ ਉੱਚ ਤੋਂ ਪੂਰਬ ਵਲ ਮੀਲ ਕੁ ਦੀ ਵਿਥ ਉਤੇ ਸਥਿਤ ਹੈ।

ਆਪ ਬੜੇ ਕਰਣੀ ਵਾਲੇ ਤੇ ਪਰਤਾਪੀ ਫ਼ਕੀਰ ਸਨ। ਇਨ੍ਹਾਂ ਨੇ ਅਨੇਕਾਂ ਹਿੰਦੂ ਕਬੀਲਿਆਂ ਨੂੰ ਇਸਲਾਮ ਮੱਤ ਵਿਚ ਲਿਆਂਦਾ। ਇਨ੍ਹਾਂ ਦੇ ਕਈ ਮੋਅਜਜ਼ੇ ਦੰਦ-ਕਥਾ ਬਣੇ ਹੋਏ ਹਨ। ਇਕ ਦੰਦ-ਕਥਾ ਅਨੁਸਾਰ ਇਕ ਵਾਰੀ ਸਿੰਧ ਦੇ ਸਨਾਤਨੀ ਹਿੰਦੂਆਂ ਦਾ ਇਕ ਜੱਥਾ ਗੰਗਾ ਦੀ ਯਾਤ੍ਰਾ ਲਈ ਜਾ ਰਿਹਾ ਸੀ। ਰਾਹ ਵਿਚ ਜੱਥੇ ਨੇ ਉੱਚ-ਸ਼ਰੀਫ਼ ਵਿਚ ਪੜਾਅ ਕੀਤਾ। ਹਸਨ ਦਰੀਯਾ ਜੱਥੇ ਦੇ ਹਿੰਦੂਆਂ ਨੂੰ ਪੁੱਛਣ ਲਗੇ ਕਿ ਜੇ ਉਹ ਸਭਨਾਂ ਨੂੰ ਇਥੇ ਹੀ ਜਮਨਾ ਗੰਗਾ ਦੇ ਦਰਸ਼ਨ ਕਰਵਾ ਦੇਣ, ਤਾਂ ਕੀ ਉਹ ਇਸਲਾਮ ਮੱਤ ਧਾਰਨ ਕਰ ਲੈਣਗੇ? ਹਿੰਦੂਆਂ ਨੇ ਕਿਹਾ ਕਿ ਜਿਸ ਦਰਿਆ ਦੇ ਉਹ ਇਥੇ ਦਰਸ਼ਨ ਕਰਵਾਣਗੇ, ਉਹ ਪੰਜ ਨਦ ਹੋਵੇਗਾ, ਗੰਗਾ ਜਮਨਾ ਨਹੀਂ। ਪੀਰ ਨੇ ਕਿਹਾ ਕਿ ਉਹ ਜਮਨਾ ਗੰਗਾ ਨੂੰ ਪੰਜ ਨਦ ਨਾਲੋਂ ਨਿਖੇੜਨ ਲਈ ਕੁਝ ਨਿਸ਼ਾਨੀਆਂ ਮਨ ਵਿਚ ਮਿਥ ਲੈਣ। ਯਾਤ੍ਰੀ ਇਹ ਗੱਲ ਮੰਨ ਗਏ। ਅਗਲੇ ਦਿਨ ਪੀਰ ਨੇ ਮੋਅਜਜ਼ਾ ਵਿਖਾਇਆ ਅਤੇ ਜੱਥੇ ਵਿਚ ਸ਼ਾਮਲ ਸਭ ਹਿੰਦੂਆਂ ਨੂੰ ਗੰਗਾ ਜਮਨਾ ਦੋਵੇਂ ਨਾਲੋ ਨਾਲ ਵਗਦੀਆਂ ਵਿਖਾ ਦਿਤੀਆਂ ਅਤੇ ਨਿਰਣਾ ਕਰਨ ਲਈ ਕਿ ਇਹ ਗੰਗਾ ਜਮਨਾ ਦਰਿਆ ਹੀ ਹਨ, ਉਨ੍ਹਾਂ ਨੇ ਜੋ ਜੋ ਨਿਸ਼ਾਨੀਆਂ ਮਨ ਵਿਚ ਮਿਥੀਆਂ ਸਨ, ਉਹ ਸਭ ਉਨ੍ਹਾਂ ਦਰਿਆਵਾਂ ਵਿਚ ਮੌਜੂਦ ਸਨ। ਇਹ ਵੇਖ ਜੱਥੇ ਦੇ ਸਭ ਹਿੰਦੂ ਪੀਰ ਦੀ ਸ਼ਰਨ ਆ ਡਿਗੇ ਤੇ ਉਨ੍ਹਾਂ ਨੇ ਇਸਲਾਮ ਮੱਤ ਗ੍ਰਹਿਣ ਕਰ ਲਿਆ।

ਰਵਾਇਤ ਹੈ ਕਿ ਪੀਰ ਹਸਨ ਦਰੀਯਾ ਜਿਸ ਹਿੰਦੂ ਵਲ ਇਕ ਵਾਰ ਡੂੰਘੀ ਨਜ਼ਰ ਨਾਲ ਵੇਖਦੇ, ਉਹ ਸ਼ਖ਼ਸ ਕੀਲਿਆ ਹੋਇਆ ਉਸੇ ਵੇਲੇ ਚਰਨ ਆ ਫੜਦਾ ਤੇ ਇਸਲਾਮ ਮੱਤ ਧਾਰਨ ਕਰ ਲੈਂਦਾ। ਇਸ ਡਰੋਂ ਕਈ ਹਿੰਦੂ ਪੀਰ ਸਾਹਿਬ ਦੇ ਕੋਲੋਂ ਲੰਘਣ ਤੋਂ ਖਮ ਖਾਂਦੇ ਸਨ। ਇਕ ਵਾਰ ਪੀਰ ਸਾਹਿਬ ਨੇ ਇਕ ਹਿੰਦੂ ਵੈਦ ਨੂੰ ਆਪਣੀ ਕਿਸੇ ਬੀਮਾਰੀ ਦੇ ਇਲਾਜ ਲਈ ਸੱਦਿਆ, ਪਰ ਵੈਦ ਨੇ ਆਉਣ ਤੋਂ ਸਾਫ਼ ਇਨਕਾਰ ਕਰ ਦਿਤਾ ਕਿ ਕਿਧਰੇ ਪੀਰ ਦੇ ਨਾਲ ਅੱਖ ਮਿਲਦਿਆਂ ਹੀ ਉਹ ਧਰਮ ਤਿਆਗਣ ਉਤੇ ਮਜਬੂਰ ਨਾ ਹੋ ਜਾਵੇ। ਉਹ ਵੈਦ ਬੜਾ ਸਿਆਣਾ ਸੀ, ਉਸ ਨੇ ਪੀਰ ਦਾ ਪਿਸ਼ਾਬ ਮੰਗਵਾਇਆ, ਤਾਂ ਜੋ ਉਹਦੇ ਤੋਂ ਬੀਮਾਰੀ ਬਾਰੇ ਜਾਣ ਕੇ ਇਲਾਜ ਕਰੇ। ਪਰ ਪੀਰ ਦੇ ਪਿਸ਼ਾਬ ਨੂੰ ਵੇਖਦਿਆਂ ਸਾਰ ਵੈਦ ਦੇ ਅੰਦਰ ਅਜਿਹੀ ਭਾਵਨਾ ਜਾਗ ਪਈ ਕਿ ਉਸ ਨੇ ਉਸੇ ਵੇਲੇ ਇਸਲਾਮ ਧਾਰਨ ਕਰ ਲਿਆ।

### (ਹ-15) ਹੰਸਨ ਬੀਰ :

ਬਾਵਨ ਬੀਰਾਂ ਵਿਚੋਂ ਇਕ ਬੀਰ; ਹੰਸਨ ਅਤੇ ਬੰਸਨ ਬੀਰ ਦਾ ਇਸਤ੍ਰੀ ਜਾਤੀ ਉਤੇ ਅਧਿਕਾਰ ਮੰਨਿਆ ਜਾਂਦਾ ਹੈ। ਕਿਸੇ ਇਸਤ੍ਰੀ ਨੂੰ ਵੱਸ ਵਿਚ ਕਰਨ ਲਈ ਹੰਸਨ ਅਤੇ ਬੰਸਨ ਬੀਰ ਨੂੰ ਧਿਆਇਆ ਜਾਂਦਾ ਹੈ। ਇਹ ਰਹੱਸਮਈ ਢੰਗ ਨਾਲ ਇਸਤ੍ਰੀ ਦੇ ਮਨ ਨੂੰ ਪ੍ਰੇਰਦੇ ਹਨ। ਇਸਤ੍ਰੀ ਨੂੰ ਵਸ ਵਿਚ ਕਰਨ ਲਈ ਇਕ ਮੰਤਰ ਵਿਚ ਹੰਸਨ ਬੀਰ ਅਤੇ ਬੰਸਨ ਬੀਰ ਨੂੰ ਇਉਂ ਧਿਆਇਆ ਗਿਆ ਹੈ —

Sri Satguru Jagjit Singh Ji eLibrary NamdhariElibrary@gmail.com

ਹੰਸਨ ਬੀਰ, ਬੰਸਨ ਬੀਰ,
ਬੀਰੋਂ ਮੇਂ ਬਸੇ ਨਾਹਰ ਸਿੰਘ ਬੀਰ,
ਹਮ ਚਲੇ ਬੀਰ ਕੇ ਸਾਥ।
ਸੈਣ ਘਰ ਛੋੜੇ, ਦਰ ਛੋੜੇ,
ਛੋੜੇ ਛੋੜੇ ਸਿਰ ਦਾ ਸਾਈਂ।
ਖੜੀ ਸੁਖ ਨਾ ਬੈਠੀ ਸੁਖ,
ਨਿਤ ਆ ਦੇਖੇ ਹਮਰਾ ਮਖ।
ਹਮ ਕੋ ਛੋੜ ਔਰ ਪੈ ਜਾਵੇ,
ਗੁਰੂ ਗੋਰਖ ਨਾਥ ਕੀ ਦੁਹਾਈ ਚਲੇ।

ਬੀਰਾਂ ਦੀ ਸੰਖਿਆ ਬਾਵਨ ਹਜ਼ਾਰ ਮੰਨੀ ਜਾਂਦੀ ਹੈ (ਵੇਖੋ : ਬੀਰ)।

(ਹ-16) **ਹਸ਼ਰ :**

ਕਿਆਮਤ (ਵੇਖੋ : ਕਿਆਮਤ)।

(ਹ-17) **ਹਸਲੀ :**

ਕੰਠ ਵਿਚ ਪਹਿਨਣ ਵਾਲਾ ਇਕ ਗਹਿਣਾ, ਹੰਸਲੀ (ਵੇਖੋ : ਹੱਸ)।

(ਹ-18) **ਹੰਸਾ ਅਵਤਾਰ :**

ਵਿਸ਼ਨੂੰ ਦਾ ਇਕ ਅਵਤਾਰ, ਜੋ ਹੰਸ ਦੇ ਰੂਪ ਵਿਚ ਪ੍ਰਗਟ ਹੋਇਆ। ਭਾਗਵਤ (11, 13) ਅਨੁਸਾਰ ਬ੍ਰਹਮਾ ਦੇ ਮਸਤਕ ਤੋਂ ਉਪਜੇ ਸਨਕ, ਸਨੰਦ, ਸਨਾਤਨ ਤੇ ਸਨਤਕੁਮਾਰ ਨੇ ਬ੍ਰਹਮਾ ਤੋਂ ਆਤਮ ਵਿਵੇਕ ਬਾਰੇ ਕੁਝ ਪ੍ਰਸ਼ਨ ਪੁਛੇ, ਬ੍ਰਹਮਾ ਨੂੰ ਕੋਈ ਉੱਤਰ ਨਹੀਂ ਸੀ ਔਹੜ ਰਿਹਾ। ਤਦ ਵਿਸ਼ਨੂੰ ਨੇ ਹੰਸ ਦਾ ਰੂਪ ਧਾਰ ਕੇ ਉਨ੍ਹਾਂ ਨੂੰ ਗਿਆਨ ਦਿਤਾ।

(ਹ-19) **ਹੰਸਾ ਰਾਜਕੁਮਾਰੀ :**

ਪੰਜਾਬ ਦੀ ਇਕ ਪ੍ਰਸਿਧ ਲੋਕ-ਕਥਾ, ਜੋ ਪੰਜਾਬ ਤੋਂ ਬਾਹਰ ਰਾਜਸਥਾਨ ਵਿਚ ਵੀ ਪ੍ਰਸਿਧ ਹੈ। ਰਾਜਸਥਾਨ ਵਿਚ ਇਸ ਕਥਾ ਦੀਆਂ ਕਈ ਪ੍ਰਾਚੀਨ ਹਥ-ਲਿਖਤ ਪ੍ਰਤੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਸਭ ਤੋਂ ਪੁਰਾਣੀ ਹਥ-ਲਿਖਤ ਸੰਮਤ 1614 ਦੀ ਹੈ (ਰਾਜਸਥਾਨ ਦੇ ਪ੍ਰੇਮਾਖਿਆਨ, ਪੰਨਾ 33)। ਰਾਜਸਥਾਨੀ ਕਥਾ ਅਨੁਸਾਰ ਖੰਭਾਤ ਦੇ ਰਾਜੇ ਦੀ ਕੰਨਿਆਂ ਹੰਸਾ ਦੇ ਹੁਸਨ ਦੀ ਚਰਚਾ ਚੁਹ-ਚਕੀ ਫੈਲੀ ਹੋਈ ਸੀ। ਆਪਣੇ ਵਜ਼ੀਰ ਤੋਂ, ਹੰਸਾ ਦੇ ਰੂਪ ਦੀ ਮਹਿਮਾ ਸੁਣ ਕੇ, ਅਵੰਤੀ ਦੇ ਰਾਜਕੁਮਾਰ ਵਿਕ੍ਰਮ ਚਰਿਤ੍ਰ ਦੇ ਮਨ ਵਿਚ ਅਥਾਹ ਪ੍ਰੇਮ ਜਾਗ ਉਠਿਆ। ਵਿਕ੍ਰਮ ਚਰਿਤ੍ਰ ਭੇਸ ਬਦਲ ਕੇ ਖੰਭਾਤ ਗਿਆ ਅਤੇ ਮਾਲਣ ਦੀ ਮਦਦ ਨਾਲ ਹੰਸਾ ਨੂੰ ਮਿਲਿਆ। ਦੋਵੇਂ ਇਕ ਦੂਜੇ ਦੇ ਪ੍ਰੇਮ ਬੰਧਨ ਵਿਚ ਬਝ ਗਏ।

ਹੰਸਾ ਦੀ ਕੁੜਮਾਈ ਕਿਸੇ ਹੋਰ ਰਾਜਕੁਮਾਰ ਨਾਲ ਹੋ ਚੁਕੀ ਸੀ ਅਤੇ ਜੰਞ ਢੁਕਣ ਵਾਲੀ ਹੀ ਸੀ, ਜਿਸ ਕਰ ਕੇ ਹੰਸਾ ਨੇ ਵਿਕ੍ਰਮ ਚਰਿਤ੍ਰ ਨਾਲ ਨਠ ਜਾਣ ਦੀ ਵਿਉਂਤ ਬਣਾਈ। ਵਿਕ੍ਰਮ ਚਰਿਤ੍ਰ ਘੋੜੇ ਉਤੇ ਸਵਾਰ ਹੋ ਕੇ ਰਾਤ ਵੇਲੇ ਮਿਥੇ ਹੋਏ ਅਸਥਾਨ ਉਤੇ ਪੁਜਾ, ਪਰ ਹੰਸਾ ਨੂੰ ਮਰਦਾਵਾਂ ਭੇਸ ਧਾਰਨ ਵਿਚ ਕਾਫ਼ੀ ਦੇਰ ਲਗ ਗਈ। ਵਿਕ੍ਰਮ ਚਰਿਤ੍ਰ ਘਬਰਾ ਗਿਆ ਅਤੇ ਹੰਸਾ ਦਾ ਪਤਾ ਲੈਣ ਲਈ ਉਸ ਦੇ ਮਹਿਲ ਵਲ ਗਿਆ, ਪਰ ਮਗਰੋਂ ਹੰਸਾ ਮਿਥੇ ਹੋਏ ਸਥਾਨ ਉਤੇ ਪੁਜ ਗਈ।

ਧੁੰਦਲੇ ਹਨੇਰੇ ਵਿਚ ਹੰਸਾ ਨੇ ਵਿਕ੍ਰਮ ਚਰਿਤ੍ਰ ਦੇ ਨੌਕਰ ਨੂੰ ਹੀ ਰਾਜਕੁਮਾਰ ਸਮਝ ਲਿਆ ਅਤੇ ਉਸ ਨਾਲ ਨਠ ਤੁਰੀ। ਪਹੁ ਫੁਟਣ ਮਗਰੋਂ ਜਦੋਂ ਉਸ ਨੂੰ ਅਸਲੀਅਤ ਦਾ ਪਤਾ ਲੱਗਾ, ਤਾਂ ਉਹ ਨਿਰਾਸ ਹੋ ਕੇ ਘਰ ਪਰਤਣ ਦੀ ਥਾਂ ਮਰਦਾਵੇਂ ਭੇਸ ਵਿਚ ਕਾਂਸ਼ੀ ਵਲ ਚਲੀ ਗਈ। ਕਾਂਸ਼ੀ ਦੇ ਰਾਜੇ ਦਾ ਕੋਈ ਲੜਕਾ ਨਹੀਂ ਸੀ। ਉਸ ਨੇ ਲੜਕੇ ਦੇ ਭੇਸ ਵਿਚ ਵਿਚਰਦੀ ਹੰਸਾ ਨੂੰ ਰਾਜਕੁਮਾਰ ਸਮਝ ਕੇ ਉਸ ਨਾਲ ਆਪਣੀ ਕੰਨਿਆਂ ਵਿਆਹ ਦਿਤੀ ਅਤੇ ਅੱਧਾ ਰਾਜ ਵੀ ਦੇ ਦਿਤਾ। ਦੂਜੇ ਪਾਸੇ ਵਿਕ੍ਰਮ ਚਰਿਤ੍ਰ ਵੀ ਨਿਰਾਸ ਹੋ ਕੇ ਕਾਂਸ਼ੀ ਆ ਗਿਆ। ਇਥੇ ਦੋਹਾਂ ਪ੍ਰੇਮੀਆਂ ਦਾ ਮੇਲ ਹੋ ਗਿਆ ਅਤੇ ਵਿਕ੍ਰਮ ਚਰਿਤ੍ਰ ਨੇ ਦੋਹਾਂ ਰਾਜਕੁਮਾਰੀਆਂ ਨਾਲ ਵਿਆਹ ਕਰ ਲਿਆ। ਪੰਜਾਬੀ ਵਿਚ ਇਹ ਕਥਾ ਕਈ ਰੂਪਾਂ ਵਿਚ ਪ੍ਰਚਲਤ ਹੈ। ਇਸ ਕਥਾ ਦੀਆਂ ਕੁਝ ਰੂੜ੍ਹੀਆਂ 'ਦਾਨਾ ਟਹਿਲੀਆ' ਨਾਲ ਮਿਲਦੀਆਂ ਹਨ ਅਤੇ ਕੁਝ 'ਸੁਨਿਆਰੀ ਰਾਣੀ ਵਿਆਹ ਆਂਦੀ' (ਪੰਜਾਬ ਦੀਆਂ ਲੋਕ ਕਹਾਣੀਆਂ, ਪੰਨਾ 129-135) ਦੀ ਕਥਾ ਨਾਲ।

(ਹ-20) **ਹੰਸਾ ਰਿਸ਼ੀ :**

ਇਕ ਰਿਸ਼ੀ ਜਿਸ ਨੇ ਕਰੜੀ ਤਪੱਸਿਆ ਦੁਆਰਾ, ਅਜਿਹੀ ਸਿਧੀ ਪ੍ਰਾਪਤ ਕਰ ਲਈ ਸੀ ਕਿ ਉਹ ਇੱਛਾ ਅਨੁਸਾਰ ਜੋ ਰੂਪ ਚਾਹੇ, ਧਾਰਨ ਕਰ ਲੈਂਦਾ ਸੀ। ਉਸ ਨੇ ਹੰਸ ਦਾ ਰੂਪ ਧਾਰ ਕੇ ਅਠਾਹਠ ਤੀਰਥਾਂ ਦਾ ਰਟਨ ਕੀਤਾ। ਹਰੇਕ ਪਵਿਤ੍ਰ ਤੀਰਥ ਉਤੇ ਪਹੁੰਚ ਕੇ ਉਥੇ ਉਹ ਸਰੋਵਰ ਦੇ ਕੰਢੇ ਜਾਂ ਤੀਰਥ ਦੇ ਅੰਦਰ, ਕਿਸੇ ਪਵਿਤ੍ਰ ਅਸਥਾਨ 'ਤੇ ਪੌਦੇ ਦੇ ਰੂਪ ਵਿਚ ਉਗ ਪੈਂਦਾ ਅਤੇ ਹਵਾ ਪਾਣੀ ਦੇ ਆਸਰੇ ਨਿਰਲੇਪ ਜੀਵਨ ਬਤੀਤ ਕਰਦਾ। ਮਰਨ ਮਗਰੋਂ ਜਦੋਂ ਉਹ ਧਰਮ ਰਾਜ ਦੇ ਦਰਬਾਰ ਵਿਚ ਹਾਜ਼ਰ ਹੋਇਆ, ਤਾਂ ਧਰਮ ਰਾਜ ਨੇ ਉਸ ਨੂੰ ਸਵਰਗ ਲੋਕ ਵਿਚ ਭੇਜਣ ਦੀ ਥਾਂ ਸੰਸਾਰ ਉਤੇ ਵਾਪਸ ਜੂਨ ਭੋਗਣ ਲਈ ਘਲਣਾ ਚਾਹਿਆ, ਕਿਉਂ ਜੋ ਉਸ ਨੇ ਜ਼ਿੰਦਗੀ ਵਿਚ ਕਿਸੇ ਦਾ ਦੁਖ ਸੁਖ ਨਹੀਂ ਸੀ ਵੰਡਿਆ, ਨਾ ਹੀ ਲੋਕ-ਕਲਿਆਨ ਲਈ ਕੋਈ ਕੰਮ ਕੀਤਾ ਸੀ। ਉਹ ਸਾਰੀ ਉਮਰ ਨਿਰੋਲ ਆਪਣੇ ਲਈ ਹੀ ਜੀਵਿਆ ਸੀ। ਹੰਸਾ ਰਿਸ਼ੀ ਨੇ ਹੈਰਾਨ ਹੋ ਕੇ ਧਰਮਰਾਜ ਨੂੰ ਦਸਿਆ, "ਮਹਾਰਾਜ, ਮੈਂ ਬੜੇ ਤੱਪ ਕੀਤੇ ਹਨ, ਸ੍ਰਿਸ਼ਟੀ ਵਿਚ ਕੁਝ ਵੀ ਨਹੀਂ ਭੋਗਿਆ, ਸੁੱਚੀ ਕਾਇਆ ਮਿਲੀ ਸੀ, ਸੁੱਚੀ ਹੀ ਰਖੀ ਏ।" ਤਾਂ ਧਰਮਰਾਜ ਨੇ ਉਸ ਦੇ ਇਸ ਕਰਤੱਵ ਨੂੰ ਨਕਾਰਦੇ ਹੋਏ ਕਿਹਾ, "ਧਰਤੀ ਭੋਗ ਭੂਮੀ ਏ, ਜਿਸ ਨੇ ਉਥੇ ਕੁਝ ਭੋਗਿਆ ਨਹੀਂ, ਉਸ ਦੇ ਜੋਗ ਦਾ ਸਮਝੋ ਇਮਤਿਹਾਨ ਨਹੀਂ ਹੋਇਆ, ਉਹਦਾ ਜੋਗ ਖੰਡਿਤ ਹੈ।"

ਧਰਮਰਾਜ ਨੇ ਹੰਸਾ ਰਿਸ਼ੀ ਨੂੰ ਮੁੜ ਧਰਤੀ ਉਤੇ ਜੂਨ ਭੋਗਣ ਲਈ ਭੇਜਣ ਦਾ ਹੁਕਮ ਦਿਤਾ।

"ਕਿਸ ਜੂਨ ਵਿਚ ਭੇਜੀਏ ?" ਦੂਤਾਂ ਨੇ ਧਰਮਰਾਜ ਤੋਂ ਪੁਛਿਆ।

"ਜਿਸ ਜੂਨ ਨੂੰ ਰਿਸ਼ੀ ਨੇ ਵਧੇਰੇ ਹੰਢਾਣ ਦੀ ਚੇਸ਼ਟਾ ਕੀਤੀ ਏ।" ਧਰਮਰਾਜ ਨੇ ਉੱਤਰ ਦਿਤਾ।

"ਇਹ ਤਾਂ ਬਨਸਪਤੀ ਦੇ ਰੂਪ ਵਿਚ ਧਰਤੀ ਨੂੰ ਭੋਗਦਾ ਰਿਹਾ ਏ।" ਦੂਤਾਂ ਨੇ ਫ਼ਰਮਾਇਆ।

"ਤਾਂ ਫਿਰ ਇਸ ਨੂੰ ਬਨਸਪਤੀ ਦੇ ਰੂਪ ਵਿਚ ਮੁੜ ਪੈਦਾ ਕਰੋ।" ਧਰਮਰਾਜ ਦਾ ਉੱਤਰ ਸੀ।

ਹੰਸਾ ਰਿਸ਼ੀ ਇਕ ਛੱਪੜ ਦੇ ਕੰਢੇ ਪੌਦੇ ਦੇ ਰੂਪ ਵਿਚ ਮੁੜ ਪੈਦਾ ਹੋਇਆ।

ਇਹ ਕਥਾ ਤਿਆਗ ਨੂੰ ਨਕਾਰਦੀ ਹੈ।

(ਹ-21) **ਹਸਾਵਣੀ :**

ਲੋਕ-ਕਹਾਣੀਆਂ ਦਾ ਇਕ ਵਿਸ਼ੇਸ਼ ਰੂਪ; ਹਾਸੇ ਮਜ਼ਾਕ ਦੀ ਲਘੂ ਕਥਾ, ਜਿਸ ਦੀ ਤਹਿ ਵਿਚ ਸੂਖਮ ਜਿਹਾ ਹਾਸ ਵਿਅੰਗ ਹੋਵੇ। ਵੈਸੇ ਤਾਂ ਹਸਾਵਣੀ ਪਦ ਕਿਸੇ ਵੀ ਹਾਸੇ ਠੱਠੇ ਦੀ ਕਥਾ ਕਹਾਣੀ ਲਈ ਵਰਤਿਆ ਜਾ ਸਕਦਾ ਹੈ, ਪਰ ਲਹਿੰਦੇ ਵਿਚ ਇਹ ਸ਼ਬਦ ਇਕ ਖ਼ਾਸ ਵੰਨਗੀ ਦੀ ਕਥਾ ਲਈ ਰੂੜ੍ਹ ਹੈ, ਜਿਸ ਵਿਚ ਕਿਸੇ ਕੁਲ, ਜਾਤੀ, ਕਬੀਲੇ ਆਦਿ ਜਾਂ ਇਕੋ ਤਰ੍ਹਾਂ ਦਾ ਧੰਦਾ ਕਰਨ ਵਾਲੇ ਪੇਸ਼ਾਵਰਾਂ ਉਤੇ ਕਟਾਖਸ਼ ਹੁੰਦਾ ਹੈ। ਮੱਧਕਾਲ ਵਿਚ ਵਿਅਕਤੀ ਦੀ ਆਪਣੀ ਕੋਈ ਵੱਖਰੀ ਹੋਂਦ ਉਸ ਭਾਂਤ ਨਹੀਂ ਸੀ ਮੰਨੀ ਜਾਂਦੀ ਜਿਸ ਭਾਂਤ ਆਧੁਨਿਕ ਵਿਗਿਆਨਕ ਯੁਗ ਵਿਚ। ਉਦੋਂ ਵਿਅਕਤੀ ਉਸ ਸਮੂਹ ਤੋਂ ਜਾਣਿਆ ਜਾਂਦਾ ਸੀ, ਜਿਸ ਦਾ ਕਿ ਉਹ ਇਕ ਅਨਿਖੜ ਅੰਗ ਸੀ।

Sri Satguru Jagjit Singh Ji eLibrary NamdhariElibrary@gmail.com

ਉਸ ਸਮੂਹ ਵਿਸ਼ੇਸ਼ ਦੀਆਂ ਸਾਰੀਆਂ ਖ਼ਸਲਤਾਂ, ਗੁਣ, ਲੱਛਣ ਬਹੁਤੀ ਮਾਤਰਾ ਵਿਚ ਹਰੇਕ ਵਿਅਕਤੀ ਵਿਚ ਰਚੇ ਹੋਏ ਮੰਨੇ ਜਾਂਦੇ ਸਨ। ਵਿਅਕਤੀ ਹਮੇਸ਼ਾਂ ਕਿਸੇ ਨਾ ਕਿਸੇ ਸਮੂਹ — ਕੁਲ, ਜਾਤ, ਬਰਾਦਰੀ, ਪੇਸ਼ੇ ਆਦਿ ਤੋਂ ਹੀ ਜਾਣਿਆ ਜਾਂਦਾ ਸੀ। ਹਰੇਕ ਜਾਤ ਕਬੀਲਾ ਇਕ ਖ਼ਾਸ ਤਰ੍ਹਾਂ ਦੇ ਭਾਈਚਾਰਕ ਜੀਵਨ ਅਤੇ ਅਨੁਭਵ ਖੰਡ ਵਿਚ ਵਿਚਰਦਾ ਇਕੋ ਕਿੱਤੇ ਦਾ ਧਾਰਨੀ ਹੁੰਦਾ ਸੀ, ਜਿਸ ਕਰ ਕੇ ਇਕੋ ਜਾਤ ਬਰਾਦਰੀ ਦੇ ਬਹੁਤੇ ਲੋਕਾਂ ਦੇ ਸੁਭਾਵ ਅਤੇ ਵਰਤਾਰੇ ਵਿਚ ਕੁਝ ਖ਼ਾਸ ਤਰ੍ਹਾਂ ਦੇ ਚਿਹਨ ਚਰਿਤ੍ਰ ਉਘੜ ਆਉਂਦੇ ਸਨ। ਇਸ ਲਈ ਦੂਜੀਆਂ ਜਾਤਾਂ-ਗੋਤਾਂ ਵਾਲੇ ਉਨ੍ਹਾਂ ਖ਼ਸਲਤਾਂ ਤੇ ਕਮਜ਼ੋਰੀਆਂ ਬਾਰੇ ਵਿਅੰਗਾਤਮਕ ਕਥਾਵਾਂ ਸਿਰਜਦੇ ਰਹੇ ਹਨ, ਜੋ ਹੌਲੇ ਹੌਲੇ ਪਰੰਪਰਾ ਦਾ ਅੰਗ ਬਣ ਜਾਂਦੀਆਂ ਰਹੀਆਂ। ਲਗਪਗ ਹਰੇਕ ਜਾਤੀ ਦੀਆਂ ਖ਼ਸਲਤਾਂ ਬਾਰੇ ਅਨੇਕਾਂ ਹਸਾਵਣੀਆਂ ਮਿਲਦੀਆਂ ਹਨ, ਪਰ ਬਹੁਤੀਆਂ ਹਸਾਵਣੀਆਂ ਡੂੰਮ, ਜੁਲਾਹੇ, ਮਿਰਾਸੀ, ਬਾਣੀਏ, ਬ੍ਰਾਹਮਣ, ਮੌਲਵੀ ਆਦਿ ਬਾਰੇ ਹਨ।

ਬ੍ਰਾਹਮਣਾਂ ਦਾ ਸਰਾਧਾਂ ਦੇ ਦਿਨਾਂ ਵਿਚ ਲੋੜ ਤੋਂ ਵਧ ਖਾ ਲੈਣਾ, ਇਸ਼ਨਾਨ ਦਾ ਝੂਠਾ ਭਰਮ ਸਿਰਜਣਾ; ਜੱਟਾਂ ਦਾ ਮੂੰਹ ਫਟ, ਯਮਲਾ ਅਤੇ ਊਤ ਹੋਣਾ; ਖਤਰੀ ਦੀ ਚਾਤਰੀ; ਬਾਣੀਏ ਦਾ ਸੂਮਪੁਣਾ; ਜੁਲਾਹੇ ਦੀ ਬੇਅਕਲੀ; ਡੂੰਮ ਦਾ ਮਸਖ਼ਰਾਪਨ, ਸੁਨਿਆਰੇ ਦੀ ਠੱਗੀ, ਚੰਮਿਆਰ ਦਾ ਭੇਖੜਾ ਆਦਿ, ਆਦਿ ਜਾਤੀ ਵਿਸ਼ੇਸ਼ ਨਾਲ ਜੁੜੀਆਂ ਖ਼ਸਲਤਾਂ ਬਾਰੇ ਅਨੇਕਾਂ ਹਸਾਵਣੀਆਂ ਪ੍ਰਚਲਤ ਹਨ। ਇਨ੍ਹਾਂ ਦੀ ਰੌਚਿਕਤਾ, ਇਨ੍ਹਾਂ ਵਿਚਲੇ ਵਿਅੰਗ ਅਤੇ ਕਟਾਖ਼ਸ਼ ਵਿਚ ਹੈ, ਜੋ ਵਿਅਕਤੀਗਤ ਹੁੰਦਿਆਂ ਵੀ ਸਮੂਹ-ਗਤ ਹੁੰਦਾ ਹੈ। ਪੰਜਾਬੀਆਂ ਦੀ ਟਿਚਕਰ ਅਤੇ ਬੁਧੀ-ਬਿਲਾਸ ਦੀ ਰੁਚੀ ਇਨ੍ਹਾਂ ਕਥਾਵਾਂ ਵਿਚ ਪੂਰੀ ਤਰ੍ਹਾਂ ਰੂਪਮਾਨ ਹੋਈ ਹੈ। ਹਸਾਵਣੀਆਂ ਪੰਜਾਬੀਆਂ ਦੀ ਇਸ ਖ਼ਸਲਤ ਦਾ ਪ੍ਰਮਾਣ ਹਨ ਕਿ ਉਨ੍ਹਾਂ ਵਿਚ ਜਿਥੇ ਵਿਅੰਗ ਅਤੇ ਕਟਾਖ਼ਸ਼ ਕਰਨ ਦੀ ਕੁਸ਼ਲ ਕਲਾ ਹੈ, ਉਥੇ ਵਿਅੰਗ ਨੂੰ ਸਹਿਣ ਅਤੇ ਕੌੜੀ ਗੱਲ ਨੂੰ ਜਰਨ ਦੀ ਸਮਰੱਥਾ ਵੀ ਹੈ। ਕਿਉਂ ਜੋ ਹਸਾਵਣੀ ਵਿਚ ਜਿਸ ਕਬੀਲੇ/ਜਾਤ-ਗੋਤ ਉਪਰ ਵਿਅੰਗ ਹੁੰਦਾ ਹੈ, ਉਹ ਵੀ ਉਸ ਕਥਾ ਨੂੰ ਸੁਣ ਕੇ ਉਹਦਾ ਆਨੰਦ ਮਾਣਦਾ ਹੈ। ਹੇਠਾਂ ਜੁਲਾਹੇ ਬਾਰੇ ਇਕ ਹਸਾਵਣੀ ਦਿਤੀ ਜਾਂਦੀ ਹੈ —

ਇਕ ਵਾਰ ਕੋਈ ਮੁੱਲਾ ਮਸੀਤ ਵਿਚ ਬੈਠਾ ਕੁਰਆਨ ਸ਼ਰੀਫ਼ ਪੜ੍ਹ ਰਿਹਾ ਸੀ। ਹੋਰ ਲੋਕਾਂ ਦੇ ਨਾਲ ਇਕ ਜੁਲਾਹਾ ਵੀ ਉਥੇ ਬੈਠਾ ਪਾਠ ਸੁਣ ਰਿਹਾ ਸੀ। ਪਹਿਲਾਂ ਤਾਂ ਜੁਲਾਹਾ ਕੁਝ ਚਿਰ ਧਿਆਨ ਨਾਲ ਮੌਲਵੀ ਦੇ ਮੂੰਹ ਵਲ ਬਿਟ ਬਿਟ ਵੇਖਦਾ ਰਿਹਾ, ਫਿਰ ਫੁਟ ਫੁਟ ਕੇ ਰੋ ਪਿਆ।

ਜੁਲਾਹੇ ਨੂੰ ਰੋਂਦੇ ਵੇਖ ਲੋਕ ਬੜੇ ਹੈਰਾਨ ਹੋਏ ਤੇ ਪੁੱਛਣ ਲਗੇ — "ਮੀਆਂ ਜੀ, ਤੁਹਾਨੂੰ ਕਿਹੜੀ ਆਇਤ ਚੰਗੀ ਲੱਗੀ ਏ, ਜੋ ਦਿਲ ਭਰ ਆਇਆ ਜੇ।"

"ਮੌਲਵੀ ਜੀ ਜਦੋਂ ਕੁਰਆਨ ਪੜ੍ਹ ਰਹੇ ਸਨ, ਤਾਂ ਉਨ੍ਹਾਂ ਦੀ ਹਿਲਦੀ ਦਾਹੜੀ ਵੇਖ ਕੇ ਮੈਨੂੰ ਆਪਣੀ ਪਿਆਰੀ ਬਕਰੀ ਯਾਦ ਆ ਗਈ ਸੀ। ਉਸ ਦੀ ਦਾੜ੍ਹੀ ਬਿਲਕੁਲ ਮੌਲਵੀ ਜੀ ਵਰਗੀ ਸੀ। ਕੁਝ ਦਿਨ ਹੋਏ ਉਹ ਅੱਲਾ ਨੂੰ ਪਿਆਰੀ ਹੋ ਗਈ ਏ।" ਜੁਲਾਹੇ ਨੇ ਅੱਥਰੂ ਪੂੰਝਦੇ ਹੋਏ ਕਿਹਾ।

ਲੋਕੀਂ ਜੁਲਾਹੇ ਦੀ ਗੱਲ ਸੁਣ ਕੇ ਬੜੇ ਹੱਸੇ ਤੇ ਕਹਿਣ ਲਗੇ — "ਦੁਰ ਫਿਟੇ ਮੂੰਹ।"

ਕੁਝ ਹਸਾਵਣੀਆਂ ਅਫ਼ੀਮੀਆਂ, ਪੋਸਤੀਆਂ ਆਦਿ ਨਸ਼ਈਆਂ ਬਾਰੇ ਵੀ ਪ੍ਰਚਲਤ ਹਨ, ਜਿਨ੍ਹਾਂ ਵਿਚ ਨਸ਼ੇ ਦੇ ਸੇਵਨ ਕਰਨ ਵਾਲਿਆਂ ਦੇ ਕਿਸੇ ਵਚਿਤ੍ਰ ਲੱਛਣ ਅਤੇ ਵਰਤਣ ਵਿਹਾਰ ਉਪਰ ਖਿਲ੍ਹੀ ਪਾਈ ਗਈ ਹੁੰਦੀ ਹੈ। ਪੋਸਤੀਆਂ ਬਾਰੇ ਇਕ ਹਸਾਵਣੀ ਇਉਂ ਪ੍ਰਚਲਤ ਹੈ —

ਇਕ ਪੋਸਤੀ ਮਾਂ ਨੂੰ ਆਵਾਜ਼ ਮਾਰ ਕੇ ਕਹਿਣ ਲੱਗਾ, "ਮਾਂ, ਵੇਖ ਲੜਦੀ ਏ।" ਮਾਂ ਅੱਗੋਂ ਗਾਹਲਾਂ ਕਢਦੀ ਹੋਈ ਕਹਿਣ ਲੱਗੀ — "ਵੇ ਕਿਹੜੀ ਨਿਖਸਮੀ, ਭਰਾ ਪਿੱਟੀ ਏ।" ਪੋਸਤੀ ਥਿੜਕਦੀ ਹੋਈ ਆਵਾਜ਼ ਵਿਚ ਕਹਿਣ ਲੱਗਾ — "ਮਾਂ ਮੱਖੀ ਏ।" "ਪੁੱਤਾ ਉਡਾ ਦੇ" ਮਾਂ ਦਾ ਉੱਤਰ ਸੀ। "ਮਾਂ ਇਕ ਨਹੀਂ, ਦੋ ਨੇ।" ਪੋਸਤੀ ਨੇ ਜੁਆਬ ਦਿਤਾ।

ਸਹਾਇਕ ਪੁਸਤਕ :
(1) ਮਧਕਾਲੀਨ ਪੰਜਾਬੀ ਕਥ—ਰੂਪ ਤੇ ਪਰੰਪਰਾ,
(2) ਇਕ ਘੁਟ ਰਸ ਦਾ।

## (ਹ-22) ਹੱਸੀ :

ਹੀਰ ਦੀ ਸਖੀ ਸਹੇਲੀ ਅਤੇ ਹਮਦਰਦਣ, ਜਿਸ ਨਾਲ ਹੀਰ ਆਪਣੀ ਸੰਵੇਦਨਾ ਅਤੇ ਦਿਲੀ ਭੇਤ ਸਾਂਝੇ ਕਰ ਲੈਂਦੀ ਸੀ। ਦਮੋਦਰ ਅਨੁਸਾਰ ਹੀਰ ਦੀਆਂ 360 ਸਹੇਲੀਆਂ ਸਨ, ਜਿਨ੍ਹਾਂ ਵਿਚੋਂ ਹੱਸੀ ਸਿਰਕਢ ਸੀ। ਭਾਰਤੀ ਪ੍ਰੇਮ ਕਾਵਿ ਵਿਚ ਸਖੀ ਦਾ ਮਹੱਤਵਪੂਰਣ ਸਥਾਨ ਰਿਹਾ ਹੈ। 'ਨਾਟ ਸ਼ਾਸਤਰ' ਅਤੇ 'ਸਾਹਿੱਤ ਦਰਪਣ' ਵਿਚ ਸਖੀ ਸਹੇਲੀ ਨੂੰ ਨਾਇਕ ਅਤੇ ਨਾਇਕਾ ਦੇ ਸੰਜੋਗ ਦੇ ਹੇਤੂ ਮੰਨ ਕੇ ਉਸ ਦੇ ਕੁਝ ਵਿਸ਼ੇਸ਼ ਲੱਛਣਾਂ ਦਾ ਉਲੇਖ ਹੈ। 'ਹੱਸੀ' ਦੀ ਸਖੀ ਦੇ ਸਰੂਪ ਵਿਚ ਸਿਰਜਣਾ, ਦਮੋਦਰ ਨੇ, ਭਾਰਤੀ ਪਰੰਪਰਾ ਤੋਂ ਹੀ ਪ੍ਰਭਾਵਿਤ ਹੋ ਕੇ ਕੀਤੀ ਜਾਪਦੀ ਹੈ। ਹੱਸੀ ਦੇ ਕਰਦਾਰ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਹੀਰ ਦੀਆਂ ਦਬੀਆਂ ਘੁਟੀਆਂ ਭਾਵਨਾਵਾਂ ਨੂੰ ਸਾਕਾਰ ਕਰਨ ਵਿਚ ਮਾਧਿਅਮ ਬਣਦੀ ਹੈ।

## (ਹ-23) ਹੱਸੂ ਤੇਲੀ :

ਤੇਲੀਆਂ ਦਾ ਪੀਰ; ਆਪ ਦਾ ਪੂਰਾ ਨਾਂ ਸ਼ੇਖ ਹਸਨ ਸੀ। ਆਪ ਅਕਬਰ ਦੇ ਸਮਕਾਲੀ ਸਨ ਅਤੇ ਲਾਹੌਰ ਚੌਕ ਝੰਡਾ ਵਿਚ ਪ੍ਰਚੂਨ ਦੀ ਹੱਟੀ ਕਰਦੇ ਸਨ, ਜਿਥੇ ਹੁਣ ਤਕ ਸ਼ਰਧਾਲੂ ਦੀਵਾ ਜਗਾਂਦੇ ਹਨ। ਮੁੱਢ ਤੋਂ ਹੀ ਹੱਸੂ ਦੀ ਭਜਨ ਬੰਦਗੀ ਵਿਚ ਬੜੀ ਰੁਚੀ ਸੀ ਅਤੇ ਉਹ ਆਪਣਾ ਸਾਰਾ ਵਿਹਲਾ ਸਮਾਂ ਤੱਪ ਤੇ ਜ਼ੁਹਦ ਵਿਚ ਗੁਜ਼ਾਰਦੇ ਸਨ। ਹੱਸੂ ਨੇ ਸਾਈਂ ਸ਼ਾਹ ਜਮਾਲ ਨੂੰ ਮੁਰਸ਼ਦ ਧਾਰਨ ਕੀਤਾ ਸੀ, ਜਿਨ੍ਹਾਂ ਦੀ ਮਜ਼ਾਰ ਲਾਹੌਰ ਦੀ ਇਕ ਅਬਾਦੀ ਇਛਰਾਂ ਵਿਚ ਹੈ।

ਮਗਰੋਂ ਹੱਸੂ ਨੇ ਤੇਲ ਵੇਚਣ ਦਾ ਕੰਮ ਸ਼ੁਰੂ ਕੀਤਾ, ਜਿਸ ਕਰ ਕੇ ਲੋਕ ਆਪ ਨੂੰ ਹੱਸੂ ਤੇਲੀ ਕਹਿਣ ਲੱਗ ਪਏ। ਅਨੇਕਾਂ ਤੇਲੀ ਆਪ ਦੇ ਮੁਰੀਦ ਬਣ ਗਏ। ਵਾਰਸ ਸ਼ਾਹ ਨੇ ਵੀ ਆਪ ਨੂੰ ਤੇਲੀਆਂ ਦਾ ਪੀਰ ਕਿਹਾ ਹੈ—"ਹੱਸੂ ਪੀਰ ਹੈ ਤੇਲੀਆਂ ਸਾਰਿਆਂ ਦਾ...।" 'ਹਿਸਟਰੀ ਆਫ਼ ਲਾਹੌਰ' ਵਿਚ ਹੱਸੂ ਤੇਲੀ ਦੇ ਜੀਵਨ ਦੇ ਹਾਲਾਤ ਵੇਰਵੇ ਨਾਲ ਮਿਲਦੇ ਹਨ। ਹੱਸੂ ਦੀ ਮ੍ਰਿਤੂ 1593 ਈਸਵੀ ਵਿਚ ਹੋਈ। ਆਪ ਦੀ ਕਬਰ ਉਪਰ ਹਰ ਸਾਲ ਭਾਰੀ ਮੇਲਾ ਲੱਗਦਾ ਹੈ।

## (ਹ-24) ਹੱਕ ਨਿਆਂ ਦੀ ਕਮਾਈ :

ਪੰਜਾਬੀ ਲੋਕ-ਕਹਾਣੀਆਂ ਦੀ ਇਕ ਵਿਸ਼ੇਸ਼ ਕਥਾਨਿਕ ਰੂੜ੍ਹੀ 'ਹੱਕ ਨਿਆਂ ਦੀ ਕਮਾਈ' ਹੈ। ਇਹ ਰੂੜ੍ਹੀ ਕਈ ਰੂਪਾਂ ਵਿਚ ਉਪਲਬਧ ਹੈ। ਪੰਜਾਬੀ ਲੋਕਧਾਰਾ ਵਿਚ ਲਹੂ ਪਸੀਨੇ ਤੇ ਹੱਕ-ਨਿਆਂ ਦੀ ਰੋਟੀ ਨੂੰ ਹਮੇਸ਼ਾਂ ਵਡਿਆਇਆ ਗਿਆ ਹੈ ਅਤੇ ਗ਼ਰੀਬਾਂ ਦਾ ਖ਼ੂਨ ਚੂਸ ਕੇ ਇਕੱਠੇ ਕੀਤੇ ਧਨ ਦੀ ਰੋਟੀ ਨੂੰ ਨਿੰਦਿਆ ਹੈ।

ਪੰਜਾਬੀ ਮਾਵਾਂ ਆਪਣੇ ਬੱਚਿਆਂ ਨੂੰ 'ਪਰਾਇਆ ਖਿਚੜ' ਨਾ ਖਾਣ ਦੀ ਨਸੀਹਤ ਗੁੜ੍ਹਤੀ ਵਿਚ ਹੀ ਦੇ ਦੇਂਦੀਆਂ ਹਨ। ਬੱਚੇ ਨੂੰ ਪਹਿਲੀ ਬਾਤ 'ਚਿੜੀ ਕਾਂ' ਦੀ ਸੁਣਾਈ ਜਾਂਦੀ ਹੈ। ਕਾਂ ਚਾਵਲਾਂ ਦੇ ਦਾਣੇ ਲਿਆਂਦਾ ਹੈ ਅਤੇ ਚਿੜੀ ਮੁੰਗੀ ਦੀ ਦਾਲ। ਦੋਵੇਂ ਰਲ ਕੇ ਖਿਚੜੀ ਰਿੰਨ੍ਹਦੇ ਹਨ। ਕਾਂ ਖਾਣ ਤੋਂ ਪਹਿਲਾਂ ਚੁੰਝ ਧੋਣ ਵਾਸਤੇ ਜਾਂਦਾ ਹੈ ਤਾਂ ਪਿਛੋਂ ਚਿੜੀ ਸਾਰੀ ਖਿਚੜੀ ਡਕਾਰ ਕੇ, ਚੱਕੀ ਦੇ ਉਹਲੇ ਛੁਪ ਜਾਂਦੀ ਹੈ। ਕਾਂ ਵੇਖ ਲੈਂਦਾ ਹੈ ਅਤੇ ਚੱਕੀ ਨੂੰ ਜ਼ੋਰ ਦੀ ਘੁੰਮਾਂਦਾ ਹੈ। ਗਾਲੇ ਵਿਚ ਚਿੜੀ ਦਾ ਬੂੰਡਾ ਫਸ ਜਾਂਦਾ ਹੈ ਅਤੇ

Sri Satguru Jagjit Singh Ji eLibrary NamdhariElibrary@gmail.com

ਉਹ ਚਿਚਲਾਂਦੀ ਹੈ :

ਚੀਂ ਚੀਂ ਮੇਰਾ ਬੂੰਡਾ ਫਾਥਾ ।

ਤਾਂ ਕਾਂ ਰੋਹ ਨਾਲ ਕਹਿੰਦਾ ਹੈ :

ਕਿਉਂ ਬਿਗਾਨਾ ਖਿਚੜ ਖਾਧਾ ।

'ਬਿਗਾਨਾ ਖਿਚੜ' ਖਾਣ ਵਾਲੇ ਨੂੰ ਲੋਕ-ਮਨ ਤਸੀਹੇ ਦੇ ਕੇ ਮਾਰਨ ਦੇ ਹੱਕ ਵਿਚ ਹੈ।

ਹੱਕ ਨਿਆਂ ਦੀ ਕਮਾਈ ਬਾਰੇ ਪੰਜਾਬੀ ਵਿਚ ਸਭ ਤੋਂ ਦਿਲਚਸਪ ਅਤੇ ਪ੍ਰਭਾਵਸ਼ਾਲੀ ਕਥਾਨਿਕ ਰੂੜ੍ਹੀ ਦੁੱਧ-ਲਹੂ ਦੀ ਹੈ । ਹੱਕ ਨਿਆਂ ਬਾਰੇ ਇਹਦੇ ਤੋਂ ਵਧ ਰੌਚਿਕ ਅਤੇ ਗੌਰਵ ਵਾਲੀ ਰੂੜ੍ਹੀ ਸਿਰਜੀ ਹੀ ਨਹੀਂ ਜਾ ਸਕਦੀ । ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੱਜੇ ਹੱਥ ਵਿਚ ਭਾਈ ਲਾਲੋ ਦੇ ਕੋਧਰੇ ਦੀ ਰੋਟੀ ਫੜ ਲਈ ਅਤੇ ਖੱਬੇ ਵਿਚ ਮਲਕ ਭਾਗੋ ਦਾ ਘਿਉ ਵਿਚ ਤਲਿਆ ਪੂੜਾ । ਜਦੋਂ ਗੁਰੂ ਜੀ ਨੇ ਦੋਹਾਂ ਨੂੰ ਨਚੋੜਿਆ, ਤਾਂ ਮਿਹਨਤ ਨਾਲ ਕਮਾਈ ਕੋਧਰੇ ਦੀ ਰੋਟੀ ਵਿਚੋਂ ਦੁੱਧ ਸਿੰਮਣ ਲੱਗਾ ਅਤੇ ਗ਼ਰੀਬਾਂ ਦਾ ਲਹੂ ਚੂਸ ਕੇ ਇਕੱਠੇ ਕੀਤੇ ਧਨ ਨਾਲ ਬਣੇ ਪੂੜੇ ਵਿਚੋਂ ਲਹੂ। ਪੰਜਾਬੀਆਂ ਨੇ ਦੁੱਧ ਪੀਣਾ ਸਿਖਿਆ ਹੈ, ਲਹੂ ਨਹੀਂ ।

ਹੱਕ ਬੇਹੱਕ ਦੇ ਫਲ ਤੇ ਲੋਕ-ਮਨ ਪੂਰੀ ਤਰ੍ਹਾਂ ਸੁਚੇਤ ਜਾਪਦਾ ਹੈ । ਇਕ ਲੋਕ-ਕਹਾਣੀ ਵਿਚ, ਇਕ ਪੰਡਤ, ਰਾਜੇ ਤੋਂ ਉਸ ਦੀ ਆਪਣੀ ਮਿਹਨਤ ਦੀ ਕਮਾਈ ਵਿਚੋਂ ਦਾਨ ਮੰਗਦਾ ਹੈ । ਰਾਜਾ ਰਾਤ ਭਰ ਲੁਹਾਰ ਦੇ ਕੋਲ ਮਜ਼ਦੂਰੀ ਕਰ ਕੇ ਇਕ ਟਕਾ ਅਤੇ ਚਾਰ ਕੌਡਾਂ ਕਮਾਂਦਾ ਹੈ ਅਤੇ ਉਹੋ ਉਸ ਪੰਡਤ ਨੂੰ ਦਾਨ ਵਜੋਂ ਦਿੰਦਾ ਹੈ । ਪੰਡਤਾਣੀ ਗੁਸੇ ਵਿਚ ਉਹ ਟਕਾ ਅਤੇ ਕੌਡਾਂ ਪੰਡਤ ਤੋਂ ਖੋਹ ਕੇ ਘਰ ਦੇ ਪਿਛਵਾੜੇ ਵਲ ਸੁਟ ਦੇਂਦੀ ਹੈ । ਪੰਡਤ ਸਵੇਰੇ ਜਾਗ ਕੇ ਕੀ ਵੇਖਦਾ ਹੈ ਕਿ ਟਕੇ ਤੇ ਕੌਡਾਂ ਵਿਚੋਂ ਪੌਦੇ ਉਗ ਆਏ ਹਨ। ਟਕੇ ਨਾਲ ਸੋਨੇ ਦੀਆਂ ਵੇਲਾਂ ਉਗੀਆਂ ਹਨ ਤੇ ਕੋਡਾਂ ਨਾਲ ਚਾਂਦੀ ਦੀਆਂ ।

ਇਕ ਹੋਰ ਪੰਜਾਬੀ ਕਥਾ ਵਿਚ ਇਕ ਪਿਉ ਆਪਣੇ ਦੂਹਾਂ ਪੁਤਰਾਂ ਨੂੰ ਹੱਕ ਹਲਾਲ ਦੀ ਕਮਾਈ ਕਰਨ ਲਈ ਭੇਜਦਾ ਹੈ । ਵੱਡਾ ਪੁੱਤਰ ਕਰੜੀ ਘਾਲਣਾ ਨਾਲ ਇਕ ਪੈਸਾ ਕਮਾ ਕੇ ਪਿਉ ਦੀ ਤਲੀ ਤੇ ਧਰਦਾ ਹੈ, ਪਰ ਛੋਟਾ ਕਿਧਰੋਂ ਹਰਾਮ ਦਾ ਪੈਸਾ ਚੁਕ ਲਿਆਂਦਾ ਹੈ । ਸੋਮਵਤੀ ਅਮਾਵਸ ਵਾਲੇ ਦਿਨ ਪਿਉ ਉਹ ਦੋਵੇਂ ਪੈਸੇ ਆਪਣੇ ਵਿਹੜੇ ਵਿਚ ਬੀਜ ਦੇਂਦਾ ਹੈ। ਕੁਝ ਚਿਰ ਪਿਛੋਂ ਉਥੇ ਇਕ ਬੂਟਾ ਉਗਦਾ ਹੈ, ਜੋ ਅੱਧਾ ਸੋਨੇ ਦਾ ਹੈ ਅਤੇ ਅੱਧਾ ਮਿੱਟੀ ਦਾ । ਸੋਨਾ ਉਸ ਦੇ ਵਡੇ ਪੁਤਰ ਦੀ ਹੱਕ ਹਲਾਲ ਦੀ ਕਮਾਈ ਵਿਚੋਂ ਫੁਟਿਆ ਸੀ ਅਤੇ ਮਿੱਟੀ ਛੋਟੇ ਪੁੱਤਰ ਦੇ ਹਰਾਮ ਦੇ ਪੈਸੇ ਵਿਚੋਂ ।

ਇਸੇ ਤਰ੍ਹਾਂ ਇਕ ਪਰੀ-ਕਥਾ ਵਿਚ ਇਕ ਸੌਦਾਗਰ ਸਫ਼ਰ ਕਰਦਾ ਪਰੀਆਂ ਦੇ ਦੇਸ਼ ਜਾ ਪਹੁੰਚਦਾ ਹੈ । ਇਕ ਪਰੀ ਉਸ ਉਤੇ ਮੋਹਿਤ ਹੋ ਜਾਂਦੀ ਹੈ ਅਤੇ ਤੁਰਨ ਵੇਲੇ ਹੀਰੇ ਜਵਾਹਰਾਤ ਨਾਲ ਉਹਦੀਆਂ ਝੋਲੀਆਂ ਭਰਨਾ ਚਾਹੁੰਦੀ ਹੈ । ਪਰ ਸੌਦਾਗਰ ਉਸ ਤੋਂ ਹੱਕ ਨਿਆਂ ਦੀ ਕਮਾਈ ਦੀ ਕੋਈ ਚੀਜ਼ ਮੰਗਦਾ ਹੈ । ਪਰੀ ਉਸੇ ਵੇਲੇ ਆਪਣੇ ਖੇਤ ਦੀ ਕਣਕ ਦਾ, ਆਪਣੇ ਹੱਥੀਂ ਆਟਾ ਪੀਸ ਕੇ, ਰੋਟੀ ਪਕਾਂਦੀ ਅਤੇ ਸੌਦਾਗਰ ਨੂੰ ਦੇਂਦੀ ਹੈ । ਸੌਦਾਗਰ ਸਿਰਫ਼ ਉਹੋ ਰੋਟੀ ਲੈ ਕੇ ਤੁਰ ਪੈਂਦਾ ਹੈ । ਉਸ ਰੋਟੀ ਵਿਚ ਅਜਿਹੀ ਅਦਭੁਤ ਸ਼ਕਤੀ ਹੈ ਕਿ ਉਹ ਸੌਦਾਗਰ ਦੀ ਹਰ ਇੱਛਾ ਦੀ ਪੂਰਤੀ ਕਰਦੀ ਹੈ ।

ਪਰ ਹੱਕ ਨਿਆਂ ਦੀ ਰੋਟੀ ਕਿਹੜੀ ਹੁੰਦੀ ਹੈ ? ਇਸ ਦੀ ਵਿਆਖਿਆ ਵੀ ਪੰਜਾਬੀ ਦੀ ਇਕ ਲੋਕ-ਕਹਾਣੀ ਕਰਦੀ ਹੈ । ਇਕ ਰਾਜੇ ਨੇ ਕਿਸੇ ਮਹਾਤਮਾ ਪੁਰਸ਼ ਨੂੰ ਭੋਜ ਉਤੇ ਸੱਦਿਆ । ਮਹਾਤਮਾ ਅੱਗੇ ਜਦੋਂ ਛੱਤੀ ਪ੍ਰਕਾਰ ਦੇ ਭੋਜਨ ਪਰੋਸੇ ਗਏ, ਤਾਂ ਉਸ ਨੇ ਹੱਕ ਹਲਾਲ ਦੀ ਰੋਟੀ ਮੰਗੀ । ਰਾਜੇ ਨੇ ਹੱਕ ਨਿਆਂ ਦੀ ਵਿਆਖਿਆ ਪੁਛੀ, ਤਾਂ ਮਹਾਤਮਾ ਨੇ ਉਸ ਨੂੰ ਮਾਈ ਦੌਲਤਾਂ ਦੇ ਘਰ ਭੇਜਿਆ, ਜੋ ਮਹਿਲਾਂ ਦੇ ਪਿਛਵਾੜੇ ਇਕ ਝੁੱਗੀ ਵਿਚ ਰਹਿੰਦੀ ਸੀ । ਫ਼ਕੀਰ ਦੇ ਭੇਸ ਵਿਚ ਰਾਜੇ ਨੇ ਮਾਈ ਦੌਲਤਾਂ ਤੋਂ ਹੱਕ ਨਿਆਂ ਦੀ ਰੋਟੀ ਮੰਗੀ, ਤਾਂ ਬੁਢੀ ਨੇ ਦਸਿਆ ਕਿ ਇਸ ਵੇਲੇ ਉਹਦੇ ਘਰ ਇਕੋ ਰੋਟੀ ਹੈ, ਜੋ ਅੱਧੀ ਹੱਕ ਦੀ ਹੈ ਅਤੇ ਅੱਧੀ ਬੇਹੱਕੀ । ਰਾਜੇ ਨੇ ਜਦੋਂ ਇਸ ਗੱਲ ਦੀ ਵਿਆਖਿਆ ਮੰਗੀ, ਤਾਂ ਬੁੱਢੀ ਨੇ ਦਸਿਆ ਕਿ ਕਲ੍ਹ ਜਦੋਂ ਉਹ ਚਰਖਾ ਕੱਤ ਰਹੀ ਸੀ, ਤਾਂ ਅੱਧਾ ਮੁੱਢਾ ਹੀ ਕਤਿਆ ਸੀ ਕਿ ਹਨੇਰਾ ਪੈ ਗਿਆ । ਉਹ ਮੁੱਢਾ ਅਧੂਰਾ ਛਡ ਕੇ ਉੱਠਣ ਹੀ ਲੱਗੀ ਸੀ ਕਿ ਰਾਜੇ ਦੇ ਕਰਮਚਾਰੀ ਇਧਰੋਂ ਦੀ ਲੰਘੇ ਤੇ ਕੁਝ ਦੇਰ ਲਈ ਝੁੱਗੀ ਦੇ ਸਾਹਮਣੇ ਰੁਕ ਗਏ । ਉਨ੍ਹਾਂ ਕੋਲ ਮਸ਼ਾਲਾਂ ਸਨ, ਜਿਨ੍ਹਾਂ ਦੀ ਰੌਸ਼ਨੀ ਵਿਚ ਉਹਨੇ ਮੁੱਢਾ ਪੂਰਾ ਕਰ ਲਿਆ । ਅੱਜ ਉਸੇ ਮੁੱਢੇ ਨੂੰ ਵੇਚ ਕੇ ਲਿਆਏ ਆਟੇ ਨਾਲ ਇਹ ਰੋਟੀ ਬਣਾਈ ਹੈ । ਸੋ ਅੱਧੀ ਹੱਕ ਨਿਆਂ ਦੀ ਹੈ ਤੇ ਅੱਧੀ ਬੇਹੱਕੀ । ਰਾਜੇ ਦੀਆਂ ਅੱਖਾਂ ਖੁਲ੍ਹ ਗਈਆਂ ।

ਲੋਕ-ਗੀਤਾਂ ਵਿਚ ਵੀ ਹੱਕ ਹਲਾਲ ਦੀ ਕਮਾਈ ਨੂੰ ਵਡਿਆਇਆ ਗਿਆ ਹੈ —

ਜਿਥੇ ਤੇਰਾ ਮੁੜ੍ਹਕਾ ਡੁਲ੍ਹੇ,  
ਉਥੇ ਸੋਨੇ ਦੇ ਰੁਖ ਉੱਗਦੇ ।

ਸਹਾਇਕ ਪੁਸਤਕ :  
(1) ਮਧਕਾਲੀਨ ਪੰਜਾਬੀ ਕਥਾ—ਰੂਪ ਤੇ ਪਰੰਪਰਾ,  
(2) ਬਾਤਾਂ ਮੁੱਢ ਕਦੀਮ ਦੀਆਂ ।

(ਹ-25) **ਹਕਾਇਤ :**

(ਵੇਖੋ : ਹਿਕਾਇਤ) ।

(ਹ-26) **ਹਕੀਕਤ ਰਾਏ :**

ਧਰਮੀ ਹਕੀਕਤ ਰਾਏ ਬਾਲ ਉਮਰ ਵਿਚ ਹੀ ਮੁਸਲਮਾਨੀ ਤਅੱਸੁਬ ਅਤੇ ਅੱਤਿਆਚਾਰ ਦਾ ਸ਼ਿਕਾਰ ਹੋ ਗਿਆ । ਉਸ ਦੀ ਸਮਾਧੀ ਲਾਹੌਰ ਤੋਂ ਦੋ ਮੀਲ ਚੜ੍ਹਦੇ ਵਲ ਸਥਿਤ ਹੈ, ਜਿਥੇ ਵੰਡਾਰੇ ਤੋਂ ਪਹਿਲਾਂ ਬਸੰਤ ਪੰਚਮੀ ਨੂੰ ਹਰ ਸਾਲ ਭਾਰੀ ਮੇਲਾ ਜੁੜਦਾ ਸੀ।

ਹਕੀਕਤ ਰਾਏ ਸਿਆਲਕੋਟ ਦੇ ਇਕ ਖੜ੍ਹੀ ਬਾਘ ਮਲ ਦੇ ਘਰ 1729 ਈਸਵੀ ਵਿਚ ਪੈਦਾ ਹੋਇਆ । ਆਪ ਦੀ ਮਾਤਾ ਦਾ ਨਾਂ ਕੌਰਾਂ (ਮਹਾਂ ਕੋਸ਼ (192) ਅਨੁਸਾਰ ਗੌਰਾਂ) ਸੀ । ਹਕੀਕਕਤ ਰਾਏ ਸਿੱਖੀ ਵਾਤਾਵਰਣ ਵਿਚ ਪ੍ਰਵਾਨ ਚੜ੍ਹਿਆ । ਕਿਉਂ ਜੋ ਆਪ ਦੀ ਮਾਤਾ ਕੌਰਾਂ ਸਿੱਖ-ਪੁਤ੍ਰੀ ਹੋਣ ਕਰ ਕੇ ਗੁਰੂ ਘਰ ਦੀ ਅਨਿਨ ਭਗਤ ਸੀ। ਹਕੀਕਤ ਦਾ ਵਿਆਹ ਬਾਲ ਉਮਰ ਵਿਚ ਹੀ ਵਟਾਲਾ ਨਿਵਾਸੀ ਸਹਿਜਧਾਰੀ ਸਿੱਖ ਕਿਸ਼ਨ ਚੰਦ ਉੱਪਲ ਖੜ੍ਹੀ ਦੀ ਸਪੁਤ੍ਰੀ ਦੁਰਗਾਦੇਵੀ ਨਾਲ ਹੋਇਆ ਅਤੇ ਭਾਈ ਬੁਧ ਸਿੰਘ ਵਟਾਲੀਏ ਦੀ ਸੰਗਤਿ ਤੋਂ ਸਿੱਖ ਧਰਮ ਦੇ ਨਿਯਮਾਂ ਦਾ ਵਿਸ਼ਵਾਸੀ ਹੋਇਆ (ਮਹਾਨ ਕੋਸ਼, 192) । ਸਿੱਖੀ ਪ੍ਰਭਾਵ ਹੇਠ ਇਹ ਬੱਚਾ ਬੜਾ ਨਿਡਰ, ਦਲੇਰ ਤੇ ਦ੍ਰਿੜ ਇਰਾਦੇ ਵਾਲਾ ਨਿਕਲਿਆ। ਹਕੀਕਤ ਰਾਏ ਨੂੰ ਸਿਖਸ਼ਾ ਪ੍ਰਾਪਤ ਕਰਨ ਲਈ, ਸਮੇਂ ਦੇ ਰਿਵਾਜ ਅਨੁਸਾਰ ਮਦਰਸੇ ਭੇਜਿਆ ਗਿਆ, ਜਿਥੇ ਇਕ ਵਾਰ ਬਾਲ ਹਕੀਕਤ ਰਾਏ ਦੀ ਮੁਸਲਮਾਨ ਮੁੰਡਿਆਂ ਨਾਲ ਕਿਸੇ ਧਾਰਮਿਕ ਵਿਸ਼ੇ ਉਤੇ ਚਰਚਾ ਛਿੜ ਪਈ । ਮੁਸਲਮਾਨ ਬੱਚਿਆਂ ਨੇ ਦੇਵੀ ਮਾਤਾ ਦੇ ਪ੍ਰਸੰਗ ਵਿਚ ਕੁਝ ਅਪਮਾਨਤ ਸ਼ਬਦ ਵਰਤੇ । ਹਕੀਕਤ ਰਾਏ ਨੇ ਕਰੋਧ ਵਿਚ ਭੜਕ ਕੇ ਉਹੋ ਹੀ ਅਯੋਗ ਸ਼ਬਦ ਬੀਬੀ ਫ਼ਾਤਮਾ ਬਾਰੇ ਵਰਤ ਦਿਤੇ । ਮਦਰਸੇ ਦੇ ਮੌਲਵੀ ਨੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਨੂੰ ਇਹ ਗੱਲ ਜਾ ਦੱਸੀ । ਉਸ ਨੇ ਹਕੀਕਤ ਰਾਏ ਨੂੰ ਬੰਦੀ ਬਣਾ ਕੇ ਲਾਹੌਰ ਦੇ ਹਾਕਮ ਪਾਸ ਭੇਜ ਦਿਤਾ । ਉਦੋਂ ਲਾਹੌਰ ਦਾ ਸੂਬਾ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਸੀ, ਜੋ ਹਿੰਦੂਆਂ ਸਿੱਖਾਂ ਦਾ ਬੀਜ ਨਾਸ ਕਰਨ ਉਤੇ ਤੁਲਿਆ ਪਿਆ ਸੀ । ਕਾਜ਼ੀ ਨੇ ਸਾਰੀ ਘਟਨਾ ਸੁਣ ਕੇ ਫਤਵਾ ਦਿਤਾ ਕਿ ਬਾਲਕ ਹਕੀਕਤ ਰਾਏ ਜੇ ਇਸਲਾਮ ਕਬੂਲ ਕਰ ਲਏ, ਤਾਂ ਉਸ ਦਾ ਗੁਨਾਹ ਮਾਫ਼ ਕੀਤਾ ਜਾ ਸਕਦਾ ਹੈ। ਪਰ ਹਕੀਕਤ ਰਾਏ, ਜੋ ਉਦੋਂ 12 ਕੁ ਸਾਲਾਂ ਦਾ ਸੀ, ਨੇ ਮੁਸਲਮਾਨ ਬਣਨ ਤੋਂ ਸਾਫ਼ ਇਨਕਾਰ

Sri Satguru Jagjit Singh Ji eLibrary NamdhariElibrary@gmail.com

ਕਰ ਦਿਤਾ । ਅਖ਼ੀਰ ਲਾਹੌਰ ਦੇ ਸੂਬੇ ਦੇ ਹੁਕਮ ਨਾਲ ਹਕੀਕਤ ਰਾਏ ਨੂੰ 1741 ਈਸਵੀ (ਮਾਘ ਪੰਚਮੀ ਸੰਮਤ 1798) ਨੂੰ ਸ਼ਹੀਦ ਕਰ ਦਿਤਾ ਗਿਆ। 'ਅਗਰਾ' ਕਵੀ ਨੇ ਹਕੀਕਤ ਰਾਏ ਦੀ ਸੰਵੇਦਨਾਸ਼ੀਲ ਵਾਰ ਲਿਖੀ। ਹਕੀਕਤ ਰਾਏ ਦਾ 'ਸਵਾਂਗ' ਪਿੰਡਾਂ ਵਿਚ ਰਾਸ ਧਾਰੀਏ ਆਮ ਖੇਡਦੇ ਹਨ।

(ਹ-27) **ਹੰਗਾਮਾ :**

ਮੌਤ ਨਾਲ ਸੰਬੰਧਿਤ ਇਕ ਰਸਮ; ਜਦੋਂ ਕੋਈ ਵਿਅਕਤੀ ਲੰਮੀ ਆਯੂ ਭੋਗ ਕੇ ਅਤੇ ਪੋਤਰਿਆਂ ਦੋਹਤਰਿਆਂ ਵਾਲਾ ਹੋ ਕੇ ਮਰੇ, ਤਾਂ ਉਸ ਦਾ ਕਿਰਿਆ ਕਰਮ ਅਤੇ ਮਰਨਾ ਪਰਨਾ ਧੂਮ ਧਾਮ ਨਾਲ ਕਰਨ ਦੀ ਪ੍ਰਥਾ ਹੈ। ਇਸੇ ਰਸਮ ਨੂੰ ਜੱਟਾਂ ਵਿਚ 'ਹੰਗਾਮਾ' ਕਿਹਾ ਜਾਂਦਾ ਹੈ, ਜੋ ਸਾਲ ਦੇ ਅੰਦਰ ਅੰਦਰ ਕੀਤੀ ਜਾਂਦੀ ਹੈ। ਕਈ ਲੋਕ ਹੰਗਾਮੇ ਨੂੰ ਮਖ਼ੌਲ ਨਾਲ 'ਬੁੜ੍ਹੇ ਦਾ ਵਿਆਹ' ਵੀ ਕਹਿੰਦੇ ਹਨ, ਕਿਉਂ ਜੋ ਹੰਗਾਮੇ ਦਾ ਇਕੱਠ ਅਤੇ ਵਾਤਾਵਰਣ ਵਿਆਹ ਵਾਂਗ ਹੀ ਵਿਨੋਦੀ ਤੇ ਮਜ਼ਾਕੀਆ ਹੁੰਦਾ ਹੈ। ਹੰਗਾਮੇ ਵਿਚ ਖ਼ੁਸ਼ੀ ਤੇ ਗ਼ਮੀ ਦੀ ਮਿੱਸ ਹੁੰਦੀ ਹੈ। ਘਰ ਦੇ ਜੀਆਂ ਦੇ ਮਨ ਰਤਾ ਕੁ ਉਦਾਸ ਹੁੰਦੇ ਹਨ, ਪਰ ਹੰਗਾਮੇ ਵਿਚ ਸ਼ਾਮਲ ਹੋਏ ਦੂਜੇ ਲੋਕ ਖ਼ੁਸ਼ੀ ਦੇ ਰੰਗ ਵਿਚ ਰਤੇ ਹੁੰਦੇ ਹਨ। ਇਸ ਰਸਮ ਉਤੇ ਜੱਟਾਂ ਵਿਚ ਕਾਫ਼ੀ ਧਨ ਖ਼ਰਚ ਕਰਨ ਦੀ ਪ੍ਰਥਾ ਹੈ।

ਹੰਗਾਮੇ ਵਾਲੇ ਦਿਨ ਰੋਟੀ ਦੇ ਨਾਲ ਕੜਾਹ ਪ੍ਰਸ਼ਾਦਿ, ਲੱਡੂ, ਜਲੇਬੀਆਂ ਆਦਿ ਵੀ ਪਰੋਸੀਆਂ ਜਾਂਦੀਆਂ ਹਨ। ਪਹਿਲਾ ਥਾਲ ਪਰੋਸ ਕੇ ਬਜ਼ੁਰਗ ਦੀ ਮੜ੍ਹੀ ਉਪਰ ਭੇਜਿਆ ਜਾਂਦਾ ਹੈ। ਸਰਦੇ ਪੁਜਦੇ ਲੋਕ ਕੜਾਹ ਪ੍ਰਸ਼ਾਦਿ ਦਾ 'ਗਦੌੜਾ' ਹਰੇਕ ਘਰ ਵਿਚ ਫੇਰਦੇ ਹਨ ਅਤੇ ਕਈ ਇਸ ਮੌਕੇ ਉਪਰ ਕਵੀਸ਼ਰ ਵੀ ਸੱਦ ਲੈਂਦੇ ਹਨ। ਦਿਨੇ ਭੰਗੜਾ ਅਤੇ ਰਾਤੀਂ ਗਿੱਧਾ ਵੀ ਪਾ ਲਿਆ ਜਾਂਦਾ ਹੈ। ਹੰਗਾਮੇ ਉਪਰ ਕਾਫ਼ੀ ਰੁਪਿਆ ਖ਼ਰਚ ਕੀਤਾ ਜਾਂਦਾ ਹੈ, ਇਸ ਲਈ ਇਹ ਰਸਮ ਸਾਲ ਦੇ ਅੰਦਰ ਅੰਦਰ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ। ਪਰ ਜਦੋਂ ਤਕ ਹੰਗਾਮਾ ਨਹੀਂ ਹੋ ਜਾਂਦਾ, ਉਦੋਂ ਤਕ ਘਰ ਵਿਚ ਕੋਈ ਮੰਗਲ ਕਾਰਜ ਨਹੀਂ ਕੀਤਾ ਜਾਂਦਾ। ਖਤਰੀਆਂ ਤੇ ਅਰੋੜਿਆਂ ਵਿਚ **ਹੰਗਾਮੇ ਨੂੰ** 'ਬੁੱਢ ਮਰਨਾ' ਕਿਹਾ ਜਾਂਦਾ ਹੈ ਅਤੇ ਇਹ ਆਮ ਤੌਰ ਤੇ ਕਿਰਿਆ ਕਰਮ ਵਾਲੇ ਦਿਨ ਹੀ ਕੀਤਾ ਜਾਂਦਾ ਹੈ। ਪਰ ਕਈਆਂ ਕੁਲ ਕਟੁੰਬਾਂ ਵਿਚ ਵਰ੍ਹੀਣੇ ਵਾਲੇ ਦਿਨ ਨੂੰ।

'ਹੰਗਾਮਾ' ਕਿਸੇ ਆਦਿਮ ਰੀਤ ਦੀ ਰਹਿੰਦ ਜਾਪਦਾ ਹੈ।

(ਹ-28) **ਹੱਜ :**

ਕਾਅਬੇ ਦੀ ਯਾਤ੍ਰਾ ਜੋ ਇਸਲਾਮ ਦੇ ਪੰਜ ਬੁਨਿਆਦੀ ਨੇਮਾਂ ਵਿਚੋਂ ਇਕ ਹੈ। ਹਰੇਕ ਮੁਸਲਮਾਨ ਲਈ ਲਾਜ਼ਮੀ ਹੈ ਕਿ ਉਹ ਜੀਵਨ ਵਿਚ ਇਕ ਵਾਰ ਹੱਜ ਕਰੇ। ਮਿਸਕਾਤ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਫ਼ਰਮਾਇਆ ਸੀ ਕਿ ਇਸ ਨਗਰ ਦੀ ਯਾਤਰਾ ਕਰਨ ਵਾਲਾ ਅਗਲੀ ਦੁਨੀਆਂ ਵਿਚ ਸੁਖੀ ਰਹੇਗਾ। ਮੱਕੇ ਦੀ ਯਾਤ੍ਰਾ ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ 'ਜ਼ੁਲਹਿਜਹ' ਵਿਚ ਕੀਤੀ ਜਾਂਦੀ ਹੈ। 1970 ਈਸਵੀ ਵਿਚ 15 ਲੱਖ ਯਾਤਰੀ 67 ਭਿੰਨ ਭਿੰਨ ਦੇਸ਼ਾਂ ਵਿਚੋਂ ਹੱਜ ਕਰਨ ਲਈ ਮੱਕੇ ਗਏ, ਜਿਨ੍ਹਾਂ ਵਿਚੋਂ 16 ਹਜ਼ਾਰ ਯਾਤਰੀ ਭਾਰਤੀ ਸਨ। ਪੰਜਾਬ ਵਿਚੋਂ ਹਰ ਸਾਲ ਕਈ ਮੁਸਲਮਾਨ ਹੱਜ ਦੀ ਯਾਤਰਾ ਲਈ ਮੱਕੇ ਜਾਂਦੇ ਹਨ।

ਮੱਕਾ ਪੂਰਬ ਇਸਲਾਮੀ ਕਾਲ ਵਿਚ ਵੀ ਅਰਬਾਂ ਦਾ ਪਵਿਤ੍ਰ ਅਸਥਾਨ ਸੀ ਅਤੇ ਇਸ ਦੀ ਯਾਤਰਾ ਦਾ ਖ਼ਾਸ ਮਹਾਤਮ ਸੀ। ਪ੍ਰਾਚੀਨ ਰਵਾਇਤਾਂ ਅਨੁਸਾਰ ਪੈਗ਼ੰਬਰ ਇਬਰਾਹੀਮ ਨੇ ਇਥੇ ਕਾਅਬੇ ਦੀ ਉਸਾਰੀ ਕਰਵਾਈ। ਜਿਸ ਪੱਥਰ ਉਪਰ ਕਦਮ ਰਖ ਕੇ ਇਬਰਾਹੀਮ ਨੇ ਨੀਂਹ ਰਖੀ, ਉਸ ਪੱਥਰ ਨੂੰ 'ਮੁਕਾਮੇ ਇਬਰਾਹੀਮ' ਕਿਹਾ ਜਾਂਦਾ ਹੈ, ਜੋ ਕਾਅਬੇ ਵਿਚ ਹੁਣ ਤਕ ਮੌਜੂਦ ਹੈ। ਸੰਗੇ ਅਸਵਦ ਨਾਂ ਦਾ ਪੱਥਰ, ਜਿਸ ਨੂੰ ਮੱਕੇ ਵਿਚ ਜਾ ਕੇ ਯਾਤ੍ਰੀ ਆਦਰ ਨਾਲ ਚੁੰਮਦੇ ਹਨ, ਉਹ ਜਬਰਾਈਲ ਫ਼ਰਿਸ਼ਤੇ ਨੇ ਇਬਰਾਹੀਮ ਨੂੰ ਲਿਆ ਕੇ ਦਿਤਾ ਸੀ। ਇਕ ਹੋਰ ਰਵਾਇਤ ਅਨੁਸਾਰ ਕਾਅਬੇ ਦੀ ਉਸਾਰੀ ਬਾਬੇ ਆਦਮ ਨੇ ਕੀਤੀ, ਜਦੋਂ ਉਸ ਨੂੰ ਜੰਨਤ ਵਿਚੋਂ ਧਰਤੀ ਉਤੇ ਸੁਟਿਆ ਗਿਆ, ਤਾਂ ਉਹ ਇਸੇ ਥਾਂ ਉਪਰ ਆ ਕੇ ਡਿਗਿਆ ਸੀ।

ਮੁਸਲਮਾਨੀ ਰਵਾਇਤਾਂ ਅਨੁਸਾਰ ਮੱਕਾ ਧਰਤੀ ਦੀ ਨਾਭੀ ਹੋਣ ਕਰ ਕੇ ਸਭ ਤੋਂ ਪਵਿਤ੍ਰ ਅਸਥਾਨ ਹੈ। ਇਸ ਦੀ ਸਿਰਜਣਾ ਅੱਲਾ ਨੇ ਸਾਰੀ ਪ੍ਰਿਥਵੀ ਨਾਲੋਂ ਪਹਿਲਾਂ ਕੀਤੀ। ਇਕ ਹੋਰ ਰਵਾਇਤ ਹੈ ਕਿ ਸੰਸਾਰ ਦੀ ਉਤਪਤੀ ਤੋਂ ਚਾਲ੍ਹੀ ਸਾਲ (ਕਈਆਂ ਅਨੁਸਾਰ ਦੋ ਹਜ਼ਾਰ ਸਾਲ) ਪਹਿਲਾਂ ਕਾਅਬਾ ਇਕ ਖ਼ੁਸ਼ਕ ਜਿਹੇ ਢੇਲੇ ਵਾਂਗ ਪਾਣੀ ਉਪਰ ਤਰਦਾ ਰਹਿੰਦਾ ਸੀ। ਉਥੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਆਰੰਭ ਕੀਤੀ ਗਈ। ਇਹ ਵੀ ਧਾਰਨਾ ਹੈ ਕਿ ਮੱਕਾ ਧਰਤੀ ਦਾ ਸਭ ਤੋਂ ਉੱਚਤਮ ਅਸਥਾਨ ਹੋਣ ਕਰ ਕੇ ਜੰਨਤ ਦੇ ਬਹੁਤ ਨੇੜੇ ਹੈ। ਇਸ ਵਾਸਤੇ ਮੱਕੇ ਵਿਚ ਪੜ੍ਹੀ ਨਿਮਾਜ਼ ਜੰਨਤ ਵਿਚ ਛੇਤੀ ਕਬੂਲ ਹੁੰਦੀ ਹੈ।

ਇਸਲਾਮੀ ਗ੍ਰੰਥਾਂ ਅਨੁਸਾਰ ਕਾਅਬਾ ਧਰਤੀ ਦੀ ਹੀ ਨਹੀਂ, ਬ੍ਰਹਿਮੰਡ ਦੀ ਵੀ ਨਾਭੀ ਹੈ। ਸੱਤ ਤਬਕ ਧਰਤੀ ਤੋਂ ਉਪਰ ਹਨ ਅਤੇ ਸੱਤ ਹੀ ਤਬਕ ਹੇਠਾਂ। ਹਰ ਤਬਕ ਦੀ ਮੁਕਦਸ ਥਾਂ ਨਾਭੀ ਹੈ। ਮੱਕਾ ਇਨ੍ਹਾਂ ਚੌਹਾਂ ਨਾਭੀਆਂ ਦੇ ਮਧ ਵਿਚ ਹੈ। ਇਥੋਂ ਹੀ ਥੋੜੀ ਜਿਹੀ ਮਿੱਟੀ ਲੈ ਕੇ ਅੱਲਾ ਨੇ ਮਨੁੱਖ ਜਾਤੀ ਦੀ ਸਿਰਜਣਾ ਕੀਤੀ।

ਮੱਕੇ ਵਿਚ ਮੁਸਲਮਾਨਾਂ ਦੀ ਪਵਿਤ੍ਰ ਮਸਜਦ ਅਲਹਰਮ ਹੈ, ਜਿਸ ਦੀਆਂ ਚਾਰੇ ਕੰਧਾਂ 545 ਫ਼ੁਟ, 554 ਫ਼ੁਟ, 360 ਫ਼ੁਟ ਤੇ 364 ਫ਼ੁਟ ਹੋਣ ਕਰ ਕੇ ਸ਼ਕਲ ਵਿਚ ਮੁਸਤਤੀਲ ਹਨ। ਇਥੇ ਇਕੋ ਵੇਲੇ ਪੈਂਤੀ ਹਜ਼ਾਰ ਯਾਤ੍ਰੀ ਇਕੱਠੇ ਖੜੇ ਹੋ ਕੇ ਨਿਮਾਜ਼ ਪੜ੍ਹ ਸਕਦੇ ਹਨ। ਇਸ ਮਸਜਦ ਦੇ ਐਨ ਮੱਧ ਵਿਚਕਾਰ 40 ਫ਼ੁਟ ਲੰਬਾ ਅਤੇ 33 ਫ਼ੁਟ ਚੌੜਾ ਕਾਅਬਾ ਹੈ, ਜਿਸ ਦੀਆਂ ਕੰਧਾਂ 50 ਫ਼ੁਟ ਉੱਚੀਆਂ ਹਨ। ਕਾਅਬੇ ਦੇ ਅੰਦਰ ਪੂਰਬੀ ਗੁਠ ਵਲ, ਫ਼ਰਸ਼ ਤੋਂ ਪੰਜ ਕੁ ਫ਼ੁਟ ਉੱਚਾ ਸੰਗੇ ਅਸਵਦ ਸਥਾਪਿਤ ਹੈ। ਕਾਅਬੇ ਦੇ ਅੰਦਰ ਸੰਗੇ ਅਸਵਦ ਤੋਂ ਲੈ ਕੇ ਦਰਵਾਜ਼ੇ ਤਕ ਦੀ ਥਾਂ, ਜਿਸ ਨੂੰ 'ਮੁਲਤਜ਼ਮ' ਕਹਿੰਦੇ ਹਨ, ਬੜੀ ਮੁਕਦਸ ਮੰਨੀ ਜਾਂਦੀ ਹੈ। ਇਥੇ ਹਾਜੀ ਦੀਵਾਰ ਨਾਲ ਖੜੇ ਹੋ ਕੇ ਬਖ਼ਸ਼ਿਸ਼ ਪ੍ਰਾਪਤ ਕਰਨ ਲਈ, ਆਪਣੀ ਛਾਤੀ ਕੰਧ ਨਾਲ ਲਗਾਂਦੇ ਜਾਂ ਬਾਹਵਾਂ ਉਪਰ ਵਲ ਫੈਲਾਂਦੇ ਹੋਏ ਪ੍ਰਾਰਥਨਾ ਕਰਦੇ ਹਨ।

ਕਾਅਬੇ ਦੀ ਪਛਮੀ ਗੁਠ ਨੂੰ 'ਕਿਬਲਾ' ਕਿਹਾ ਜਾਂਦਾ ਹੈ। ਇਸੇ ਦਿਸ਼ਾ ਵਲ ਮੂੰਹ ਕਰ ਕੇ ਮੁਸਲਮਾਨ ਨਿਮਾਜ਼ ਪੜ੍ਹਦੇ ਹਨ। ਕਾਅਬੇ ਦੀ ਉੱਤਰ ਪੱਛਮੀ ਕੰਧ ਦੇ ਨੇੜੇ ਬਾਤਿਮ ਹੈ, ਜਿਥੇ ਇਸਮਾਈਲ ਅਤੇ ਉਸ ਦੀ ਮਾਂ ਹਾਦਿਰਾ ਦੀਆਂ ਕਬਰਾਂ ਹਨ। ਕਾਅਬੇ ਵਿਚ ਪੂਰਬ ਇਸਲਾਮੀ ਕਾਲ ਵਿਚ ਤਿੰਨ ਸੌ ਸੱਠ ਬੁੱਤ ਸਨ। ਮੁਹੰਮਦ ਸਾਹਿਬ ਨੇ ਮੱਕੇ ਨੂੰ ਫ਼ਤਹ ਕਰਨ ਮਗਰੋਂ ਇਨ੍ਹਾਂ ਬੁੱਤਾਂ ਨੂੰ ਨਸ਼ਟ ਕਰ ਦਿਤਾ।

ਮੱਕੇ ਦੇ ਹੱਜ ਦਾ ਇਕ ਖ਼ਾਸ ਵਿਧਾਨ ਹੈ। ਮੱਕੇ ਤੋਂ ਇਕ ਪੜਾ (ਮਿਕਾਤ) ਪਹਿਲਾਂ ਹੀ ਯਾਤ੍ਰੀ (ਹਾਜੀ) ਇਸ਼ਨਾਨ ਕਰ ਕੇ ਆਪਣੇ ਪਹਿਲੇ ਵਸਤ੍ਰ ਤਿਆਗ ਕੇ 'ਏਹਰਾਮ' ਪਹਿਨਦੇ ਹਨ, ਜੋ ਛੇ ਫ਼ੁਟ ਲੰਮੇ ਅਤੇ ਸਾਢੇ ਤਿੰਨ ਫ਼ੁਟ ਚੌੜੇ ਦੋ ਸੂਤੀ ਦੇ ਚਾਦਰੇ ਹੁੰਦੇ ਹਨ। ਇਕ ਚਾਦਰ ਨੂੰ ਤੇੜ ਅਤੇ ਦੂਜੀ ਨੂੰ ਸਰੀਰ ਦੇ ਉਪਰਲੇ ਹਿੱਸੇ ਉਤੇ ਲਪੇਟ ਲਿਆ ਜਾਂਦਾ ਹੈ। ਪੈਰਾਂ ਵਿਚ ਖੜਾਵਾਂ ਧਾਰਨ ਕੀਤੀਆਂ ਜਾਂਦੀਆਂ ਹਨ, ਪਰ ਸਿਰ ਨੰਗਾ ਰਖਿਆ ਜਾਂਦਾ ਹੈ। ਹੱਜ ਕਰਨ ਵਾਲੀਆਂ ਤੀਵੀਆਂ ਸਿਰ ਤੋਂ ਪੈਰਾਂ ਤਕ ਲੰਮਾ ਚੋਗਾ ਪਹਿਨਦੀਆਂ ਹਨ। 'ਏਹਰਾਮ' ਜਾਂ ਚੋਗਾ ਉਦੋਂ ਤਕ ਸਰੀਰ ਤੋਂ ਉਤਾਰਿਆ ਨਹੀਂ ਜਾਂਦਾ,

Sri Satguru Jagjit Singh Ji eLibrary NamdhariElibrary@gmail.com

ਜਦੋਂ ਤਕ 'ਮੀਨਾ' ਵਿਚ ਬਕਰੇ ਦੀ ਬਲੀ ਦੇਣ ਦੀ ਅਤੇ ਸਿਰ ਮੁੰਨਾ ਕੇ ਇਸ਼ਨਾਨ ਕਰਨ ਦੀ, ਅੰਤਿਮ ਰੀਤ ਨਹੀਂ ਭੁਗਤਾ ਲਈ ਜਾਂਦੀ।

ਹਾਜੀ ਲਈ ਯਾਤ੍ਰਾ ਸਮੇਂ ਕੁਝ ਖ਼ਾਸ ਨਿਸ਼ੇਧ ਪ੍ਰਚਲਿਤ ਹਨ। ਅਸ਼ਲੀਲ ਸ਼ਬਦਾਂ ਦਾ ਪ੍ਰਯੋਗ, ਮੰਦੀ ਭਾਵਨਾ ਜਾਂ ਦ੍ਰਿਸ਼ਟੀ, ਪੰਛੀਆਂ ਨੂੰ ਉਡਾਨਾ ਜਾਂ ਸ਼ਿਕਾਰ ਕਰਨਾ, ਘਾਹ ਤੋੜਨਾ, ਇਸਤ੍ਰੀ ਦਾ ਚੁੰਮਣ ਜਾਂ ਆਲਿੰਗਨ ਆਦਿ ਵਰਜਿਤ ਹਨ। ਹਾਜੀ ਰਾਹ ਵਿਚ ਕੇਵਲ ਇਲ, ਕਾਂ, ਬਿਛੂ, ਚੂਹੇ ਅਤੇ ਪਾਗਲ ਕੁੱਤੇ ਨੂੰ ਹੀ ਮਾਰ ਸਕਦਾ ਹੈ, ਪਰ ਹਰ ਅਜਿਹੀ ਹੱਤਿਆ ਦੇ ਪਸ਼ਚਾਤਾਪ ਵਜੋਂ ਉਸ ਲਈ ਇਕ ਭੇਡ ਦੀ ਬਲੀ ਦੇਣ ਦਾ ਵਿਧਾਨ ਹੈ। ਯਾਤ੍ਰਾ ਦੇ ਦੌਰਾਨ ਹਾਜੀ ਵਾਸਤੇ ਦਾੜ੍ਹੀ ਮੁੱਛ ਮੁੰਨਣਾ, ਵਾਲ ਰੰਗਣੇ ਜਾਂ ਖੋਹਣੇ, ਨਹੁੰ ਉਤਾਰਨੇ, ਸਰੀਰ ਉਪਰ ਤੇਲ ਖ਼ੁਸ਼ਬੋ ਆਦਿ ਦੀ ਮਾਲਸ਼ ਕਰਨੀ ਨਿਸ਼ੇਧ ਹੈ।

ਮਿਕਾਤ ਤੋਂ 'ਤਲਬੀਯਾ' (ਅੱਲਾ ਦੀ ਉਸਤਤੀ) ਪੜ੍ਹਦਾ ਹੋਇਆ ਹਾਜੀ ਮੱਕੇ ਪਹੁੰਚਦਾ ਹੈ। ਉਥੇ ਪਹੁੰਚ ਕੇ ਹਾਜੀ ਵਜ਼ੂ ਕਰ ਕੇ ਮਸਜਿਦ ਅਲਹਰਮ ਵਿਚ, ਉੱਤਰੀ ਦਰਵਾਜ਼ੇ ਵਲੋਂ ਦਾਖ਼ਲ ਹੁੰਦਾ ਹੈ। ਬਨੀਸ਼ੈਬਾ ਦੀ ਮਹਿਰਾਬ ਹੇਠੋਂ ਲੰਘਦਾ ਹੋਇਆ ਉਹ ਸੰਗੇ ਅਸਵਦ ਵਲ ਵਧਦਾ ਹੈ। ਕਾਅਬਾ ਉਸ ਦੇ ਖੱਬੇ ਹੱਥ ਵਲ ਹੁੰਦਾ ਹੈ, ਜਿਸ ਦੇ ਉਹ ਸੱਤ 'ਤਵਾਫ਼' (ਪ੍ਰਕਰਮਾ) ਕਰਦਾ ਹੈ। ਪਹਿਲੇ ਤਿੰਨ ਤਵਾਫ਼ ਤਿੱਖੀ ਤੋਰ ਵਿਚ ਹੁੰਦੇ ਹਨ ਅਤੇ ਮਗਰਲੇ ਚਾਰ ਮੱਧਮ ਤੋਰ ਵਿਚ, ਜਿਵੇਂ ਕੋਈ ਡੂੰਘੀ ਰੇਤ ਵਿਚੋਂ ਦੀ ਲੰਘ ਰਿਹਾ ਹੋਵੇ। ਸੰਗੇ ਅਸਵਦ ਕੋਲੋਂ ਲੰਘਦਿਆਂ ਉਸ ਨੂੰ ਚੁੰਮਣਾ ਵਿਧਾਨ ਹੈ। ਜੇ ਭੀੜ ਜ਼ਿਆਦਾ ਹੋਣ ਕਰ ਕੇ ਸੰਗੇ ਅਸਵਦ ਨੂੰ ਚੁੰਮਿਆ ਨਾ ਜਾ ਸਕੇ, ਤਾਂ ਹੱਥਾਂ ਨਾਲ ਜਾਂ ਕਿਸੇ ਡੰਡੇ ਨਾਲ ਪੱਥਰ ਨੂੰ ਛੂਹ ਕੇ ਉਸ ਨੂੰ ਮੂੰਹ ਉਤੇ ਫੇਰਨ ਦਾ ਵੀ ਉਹੋ ਸੁਆਬ ਹੈ, ਜੋ ਚੁੰਮਣ ਦਾ। ਸਤਵੀਂ ਤਵਾਫ਼ ਵੇਲੇ ਹਾਜੀ 'ਮਲਤਜ਼ਮ' ਨਾਲ ਆਪਣੀ ਛਾਤੀ ਲਗਾ ਕੇ ਬਾਹਵਾਂ ਫੈਲਾਂਦਾ ਹੋਇਆ ਬਖ਼ਸ਼ਿਸ਼ ਮੰਗਦਾ ਹੈ। ਫਿਰ 'ਕਦਮੇ-ਇਬਰਾਹੀਮ' ਉਤੇ ਦੋ ਰਿਕਾਤੀ ਨਿਮਾਜ਼ ਪੜ੍ਹ ਕੇ ਆਬੇ ਜ਼ਮਜ਼ਮ ਪੀਂਦਾ ਹੈ।

ਇਥੋਂ ਵਿਹਲਾ ਹੋ ਕੇ ਹਾਜੀ 'ਸਫ਼ਾ ਮਰੂਹ' ਦੀਆਂ ਪਹਾੜੀਆਂ ਵਲ ਜਾਂਦਾ ਹੈ। ਇਨ੍ਹਾਂ ਪਹਾੜੀਆਂ ਵਿਚਕਾਰ ਸਤ ਵਾਰ ਦੌੜਨਾ ਵਿਧਾਨ ਹੈ। ਪਹਾੜ ਦੇ ਸਿਖਰ ਉਪਰ ਪੁਜ ਕੇ ਹਾਜੀ ਕੁਝ ਪਲ ਠਹਿਰਦਾ ਅਤੇ ਖੁਲ੍ਹੇ ਹੱਥ ਅਸਮਾਨ ਵਲ ਕਰ ਕੇ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਪ੍ਰਾਰਥਨਾ ਕਰਦਾ ਹੈ। ਧਾਰਨਾ ਹੈ ਕਿ ਇਥੇ ਕੀਤੀ ਅਰਦਾਸ ਅਵੱਸ਼ ਪੂਰੀ ਹੁੰਦੀ ਹੈ। ਹਾਦਿਰਾ ਨੇ ਇਥੇ ਹੀ ਪਾਣੀ ਲਈ ਪ੍ਰਾਰਥਨਾ ਕੀਤੀ ਸੀ, ਫਲਸਰੂਪ ਉਸ ਵੇਲੇ 'ਜ਼ਮਜ਼ਮ' ਦਾ ਚਸ਼ਮਾ ਫੁਟ ਨਿਕਲਿਆ ਸੀ। 'ਸਫ਼ਾ ਮਰੂਹ' ਤੋਂ ਕਾਅਬੇ ਵਾਪਸ ਆ ਕੇ ਹਾਜੀ 'ਖ਼ੁਤਬਾ' ਸੁਣਦਾ ਹੈ।

ਫਿਰ ਹਾਜੀ 'ਮੀਨਾ' ਦੇ ਅਸਥਾਨ ਵਲ ਤੁਰ ਪੈਂਦਾ ਹੈ, ਜੋ ਮੱਕੇ ਤੋਂ ਪੰਜ ਮੀਲ ਦੂਰ ਹੈ। ਮੀਨਾ ਇਕ ਤੰਗ ਜਿਹੀ ਵਾਦੀ ਹੈ, ਜਿਸ ਦੇ ਦੁਆਲੇ ਖ਼ੁਸ਼ਕ ਪਥਰੀਲੀਆਂ ਪਹਾੜੀਆਂ ਹਨ। ਇਹ ਥਾਂ ਸਾਰਾ ਸਾਲ ਵੀਰਾਨ ਪਈ ਰਹਿੰਦੀ ਹੈ, ਸਿਰਫ਼ ਹੱਜ ਦੇ ਦਿਨਾਂ ਵਿਚ ਹੀ ਇਥੇ ਰੌਣਕ ਹੁੰਦੀ ਹੈ। ਮੀਨਾ ਵਿਚ ਯਾਤ੍ਰੀ ਨਿਮਾਜ਼ ਪੜ੍ਹਦੇ ਅਤੇ ਇਕ ਰਾਤ ਠਹਿਰਦੇ ਹਨ, ਕਿਉਂ ਜੋ ਇਥੇ ਹਜ਼ਰਤ ਮੁਹੰਮਦ ਸਾਹਿਬ ਇਕ ਰਾਤ ਲਈ ਠਹਿਰੇ ਸਨ। ਇਥੋਂ ਯਾਤ੍ਰੀ 'ਅਰਫ਼ਾਤ' ਨੂੰ ਜਾਂਦੇ ਹਨ, ਜੋ ਮੀਨਾ ਤੋਂ ਨੌਂ ਮੀਲ ਪੂਰਬ ਵਲ ਇਕ ਚੌੜਾ ਮੈਦਾਨ ਹੈ। ਇਥੇ ਜਲਹਿਜਹ ਦੀ ਨੌਮੀ ਨੂੰ ਮੱਕੇ ਦਾ ਕਾਜ਼ੀ ਇਕ ਊਠ ਉਪਰ ਬੈਠ ਕੇ ਦੋ ਖ਼ੁਤਬੇ ਪੜ੍ਹਦਾ ਹੈ। ਹਾਜੀ 'ਵਕੂਫ਼' ਦੀ ਅਵਸਥਾ ਵਿਚ ਇਹ ਖ਼ੁਤਬੇ ਸੁਣਦੇ ਹਨ। ਅਰਫ਼ਾਤ ਵਿਚ 'ਵਕੂਫ਼' ਹੀ ਹੱਜ ਹੈ। ਇਸ ਵਿਚ ਸ਼ਾਮਲ ਹੋਣਾ ਇਤਨਾ ਲਾਜ਼ਮੀ ਹੈ ਕਿ ਜਿਹੜਾ ਇਸ ਖ਼ੁਤਬੇ ਵਿਚ ਸ਼ਾਮਲ ਨਹੀਂ ਹੁੰਦਾ, ਉਸ ਦਾ ਹੱਜ ਲੇਖੇ ਨਹੀਂ ਲੱਗਦਾ। ਇਥੋਂ ਹਾਜੀ ਮੁਜ਼ਦਲਿਫ਼ਾ ਦੇ ਸਥਾਨ ਉਤੇ ਆ ਜਾਂਦੇ ਹਨ, ਜਿਥੇ ਸੰਝ ਦੀ ਨਮਾਜ਼ ਪੜ੍ਹੀ ਜਾਂਦੀ ਹੈ। ਮੁਜ਼ਦਲਿਫ਼ਾ ਵਿਚ ਹਾਜੀ ਜਗਰਾਤਾ ਕਟਦੇ ਹਨ। ਮੁਜ਼ਦਲਿਫ਼ਾ ਵਿਚ ਹੀ ਇਕ ਹੋਰ ਖ਼ੁਤਬਾ ਸੁਣਿਆ ਜਾਂਦਾ ਹੈ, ਜੋ ਮੱਕੇ ਦਾ ਕਾਜ਼ੀ ਪੜ੍ਹਦਾ ਹੈ।

ਇਥੋਂ ਹਾਜੀ ਮਿਨਾ ਨੂੰ ਜਾਂਦਾ ਹੈ। ਰਾਹ ਵਿਚ ਹਾਜੀ ਸੱਤਰ ਨਿਕੇ ਨਿਕੇ ਪੱਥਰ ਸੰਗਮਾਰੀ ਲਈ ਇਕੱਠੇ ਕਰ ਲੈਂਦਾ ਹੈ। ਮਿਨਾ ਵਿਚ ਸ਼ੈਤਾਨ ਨਾਲ ਸੰਬੰਧਿਤ ਤਿੰਨ ਬੁਤੀਆਂ ਪਈਆਂ ਹਨ। ਸ਼ੈਤਾਨ ਉਤੇ ਲਾਅਨਤਾਂ ਪਾਉਣ ਲਈ ਯਾਤਰੀ ਇਨ੍ਹਾਂ ਬੁਤੀਆਂ ਉਪਰ ਪੱਥਰ ਸੁਟਦੇ ਹਨ, ਜੋ ਹੱਜ ਦਾ ਹੀ ਇਕ ਵਿਧਾਨ ਹੈ। ਰਵਾਇਤ ਹੈ ਕਿ ਜਦੋਂ ਇਬਰਾਹੀਮ ਇਸਮਾਈਲ ਦੀ ਬਲੀ ਦੇਣ ਲੱਗੇ ਸਨ, ਤਾਂ ਸ਼ੈਤਾਨ ਨੇ ਇਸਮਾਈਲ ਨੂੰ ਵਰਗਲਾਇਆ ਸੀ। ਸ਼ੈਤਾਨ ਉਪਰ ਸੰਗਮਾਰੀ ਕਰਨ ਦੇ ਬਾਅਦ ਮਿਨਾ ਵਿਚ ਭੇਡ, ਬਕਰੀ, ਗਊ ਜਾਂ ਊਠ ਦੀ ਬਲੀ ਦਿਤੀ ਜਾਂਦੀ ਹੈ। ਇਕ ਇਕੱਲਾ ਹਾਜੀ ਤਾਂ ਬਕਰੇ ਜਾਂ ਭੇਡ ਦੀ ਬਲੀ ਦੇ ਸਕਦਾ ਹੈ, ਪਰ ਸੱਤ ਹਾਜੀ ਰਲ ਕੇ ਗਊ ਜਾਂ ਊਠ ਦੀ। ਇਸ ਬਲੀ ਦਾ ਮਾਸ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਇਕ ਹਿੱਸਾ ਰਿਸ਼ਤੇਦਾਰਾਂ ਲਈ, ਦੂਜਾ ਫ਼ਕੀਰਾਂ ਲਈ ਅਤੇ ਤੀਜਾ ਆਪਣੇ ਲਈ। ਇਸੇ ਥਾਂ ਉਤੇ ਇਬਰਾਹੀਮ ਨੇ ਇਸਮਾਈਲ ਦੀ ਬਲੀ ਦੇਣੀ ਚਾਹੀ ਸੀ, ਜਦੋਂ ਕਿ ਜਬਰਾਈਲ ਫ਼ਰਿਸ਼ਤੇ ਨੇ ਇਸਮਾਈਲ ਦੀ ਥਾਂ ਭੇਡੂ ਖੜਾ ਕਰ ਦਿਤਾ ਸੀ। ਉਸੇ ਬਲੀ ਦੀ ਸਿਮਰਤੀ ਵਿਚ ਇਥੇ ਬਲੀ ਦੇਣ ਦੀ ਪਰੰਪਰਾ ਹੈ।

ਬਲੀ ਦੀ ਰਸਮ ਮਗਰੋਂ ਹਾਜੀ ਸਿਰ ਮੁੰਨਵਾਂਦੇ ਹਨ ਅਤੇ ਹਾਜਣਾਂ ਆਪਣੇ ਵਾਲਾਂ ਦੀ ਇਕ ਅੱਧ ਲਿਟ ਰਸਮ ਵਜੋਂ ਕਟਵਾਂਦੀਆਂ ਹਨ। ਇਸ ਤੋਂ ਬਾਅਦ 'ਏਹਰਾਮ' ਉਤਾਰ ਦਿਤਾ ਜਾਂਦਾ ਹੈ। ਵਾਪਸੀ ਉਪਰ ਹਾਜੀ ਮੁੜ ਕਾਅਬੇ ਆਉਂਦੇ ਹੋਏ ਰਾਹ ਵਿਚ ਸ਼ੈਤਾਨ ਨੂੰ ਪੱਥਰ ਮਾਰਦੇ ਅਤੇ ਕਾਅਬੇ ਦੀ 'ਤਵਾਫ਼' ਕਰਦੇ ਹੋਏ ਮਦੀਨੇ ਜਾਂਦੇ ਹਨ। ਮਦੀਨੇ ਹਜ਼ਰਤ ਮੁਹੰਮਦ ਸਾਹਿਬ ਦਾ ਮਕਬਰਾ ਹੈ। ਪਰ ਹਾਜੀਆਂ ਲਈ ਮਦੀਨੇ ਦੀ ਯਾਤ੍ਰਾ ਜ਼ਰੂਰੀ ਨਹੀਂ।

(ਹ-29) **ਹਜ਼ਰਤ ਸ਼ਾਹ ਸਲਾਮ** :

ਸੁਲਤਾਨਪੁਰ ਲੋਧੀ ਦਾ ਇਕ ਪ੍ਰਸਿਧ ਪੀਰ; ਹਜ਼ਰਤ ਸ਼ਾਹ ਸਲਾਮ ਬੜੇ ਕਠੋਰ ਸੁਭਾਓ ਦਾ ਸੀ ਅਤੇ ਲੋਕਾਂ ਨੂੰ ਡਰਾ ਧਮਕਾ ਕੇ ਅਤੇ ਗ਼ੈਬੀ ਸ਼ਕਤੀ ਦਾ ਵਿਖਾਲਾ ਕਰ ਕੇ ਆਪਣੇ ਮੁਰੀਦ ਬਣਾਇਆ ਕਰਦਾ ਸੀ। ਰਵਾਇਤ ਹੈ ਕਿ ਇਹ ਪੀਰ ਝੋਟੇ ਜਾਂ ਸੱਪ ਦਾ ਰੂਪ ਧਾਰ ਕੇ ਆਪਣੇ ਦੋਖੀ ਦੇ ਖਹਿੜੇ ਪੈ ਜਾਂਦਾ। ਜਾਂ ਤਾਂ ਉਸ ਨੂੰ ਮਾਰ ਸੁਟਦਾ ਜਾਂ ਫਿਰ ਬੇਹਾਲ ਕਰ ਦੇਂਦਾ। ਲੋਕੀਂ ਇਸ ਪੀਰ ਦੀ ਨਿੰਦਿਆ ਚੋਰੀ ਛੁਪੀ ਵੀ ਕਰਨ ਤੋਂ ਡਰਦੇ ਸਨ।

(ਹ-30) **ਹਜ਼ਰਤ ਬੰਦਗੀ ਸ਼ਾਹ** :

ਹਜ਼ਰਤ ਬੰਦਗੀ ਸ਼ਾਹ ਬੜੇ ਕਰਣੀ ਵਾਲੇ ਪ੍ਰਤਾਪੀ ਫ਼ਕੀਰ ਹੋਏ ਹਨ। ਆਪ ਨੇ ਅਨੇਕਾਂ ਮੋਅਜਜ਼ੇ ਵਿਖਾਏ। ਇਕ ਵਾਰ ਇਕ ਯਾਤ੍ਰੀ ਮਨ ਵਿਚ ਇਹ ਧਾਰ ਕੇ ਆਪ ਦੇ ਦਰਸ਼ਨਾਂ ਲਈ ਤੁਰ ਪਿਆ ਕਿ ਜੇ ਪੀਰ ਜੀ ਉਸ ਦੀ ਪਰਖ ਵਿਚ ਪੂਰੇ ਉਤਰੇ ਤਾਂ ਉਹ ਉਨ੍ਹਾਂ ਦਾ ਮੁਰੀਦ ਬਣ ਜਾਵੇਗਾ। ਹਜ਼ਰਤ ਬੰਦਗੀ ਨੇ ਅੰਤਰ-ਬੋਧ ਦੁਆਰਾ ਉਸ ਯਾਤ੍ਰੀ ਦੇ ਦਿਲ ਦੀ ਗੱਲ ਜਾਣ ਲਈ ਅਤੇ ਆਪਣੇ ਮੁਰੀਦਾਂ ਨੂੰ ਪਲਾਓ ਤਿਆਰ ਕਰਨ ਦਾ ਉਚੇਚਾ ਹੁਕਮ ਦਿਤਾ। ਉਸ ਯਾਤ੍ਰੀ ਨੇ ਹਜ਼ਰਤ ਬੰਦਗੀ ਦੇ ਦਰਬਾਰ ਵਿਚ ਪੁਜਦਿਆਂ ਸਾਰ ਸਿਰ ਝੁਕਾ ਕੇ ਆਖਿਆ — "ਪਲਾਅ ਖਵਾਓ – ਖ਼ੁਦਾ ਮਿਲਾਓ।" ਪਲਾਓ ਪਹਿਲਾਂ ਤੋਂ ਹੀ ਤਿਆਰ ਸੀ। ਸੋ ਮੁਰੀਦਾਂ ਨੇ ਤੁਰੰਤ ਪਲਾਓ ਲਿਆ ਕੇ ਉਹਦੇ ਅੱਗੇ ਰਖ ਦਿਤਾ। ਜਦੋਂ ਉਹ ਯਾਤਰੀ ਪਲਾਓ ਖਾ ਚੁਕਾ, ਤਾਂ ਹਜ਼ਰਤ ਬੰਦਗੀ ਨੇ ਉਸ ਨੂੰ ਅੱਖਾਂ ਮੀਟਣ ਦਾ ਆਦੇਸ਼ ਦਿਤਾ। ਉਸ ਨੂੰ ਅੱਲਾ ਦਾ ਨੂਰ ਵਿਖਾਈ

Sri Satguru Jagjit Singh Ji eLibrary NamdhariElibrary@gmail.com

ਦਿਤਾ, ਜਿਸ ਕਰ ਕੇ ਉਸ ਨੇ ਵਿਸਮਾਦ ਵਿਚ ਆ ਕੇ ਹਜ਼ਰਤ ਜੀ ਦੇ ਚਰਨ ਫੜ ਲਏ।

ਸੁਲਤਾਨਪੁਰ ਲੋਧੀ ਵਿਚ ਹਜ਼ਰਤ ਬੰਦਗੀ ਸ਼ਾਹ ਦਾ ਤਕੀਆ ਅਤੇ ਮਜ਼ਾਰ ਹੈ। ਇਥੇ ਤੀਵੀਆਂ ਪੁੱਤਰ ਦੀ ਦਾਤ ਪ੍ਰਾਪਤ ਕਰਨ ਲਈ ਸੁੱਖਣਾ ਸੁੱਖਦੀਆਂ ਹਨ। ਹਜ਼ਰਤ ਬੰਦਗੀ ਸ਼ਾਹ ਦਾ ਛੋਟਾ ਭਰਾ 'ਨਿਕਾ ਪੀਰ' ਆਪ ਨਾਲ ਈਰਖਾ ਕਰਦਾ ਸੀ। ਕਰਣੀ ਵਾਲਾ ਹੋਣ ਕਰ ਕੇ ਉਹ ਬੰਦਗੀ ਸ਼ਾਹ ਵਲੋਂ ਦਿਤੀ ਮੁੰਡੇ ਦੀ ਦਾਤ ਨੂੰ ਕੰਨਿਆਂ ਵਿਚ ਬਦਲ ਦਿਤਾ ਕਰਦਾ ਸੀ। ਇਸ ਲਈ ਲੋਕਾਂ ਵਿਚ ਦੋਹਾਂ ਪੀਰਾਂ ਦੀ ਮੰਨਤ ਸ਼ੁਰੂ ਹੋ ਗਈ।

(ਹ-31) **ਹਜ਼ਰਾਤ** :

(ਅਰਬੀ ਹਾਜ਼ਰਾਤ) ਇਕ ਖ਼ਾਸ ਤਰ੍ਹਾਂ ਦਾ ਮੰਤਰ ਜਾਂ ਕਰਮ-ਕਾਂਡ, ਜਿਸ ਦੁਆਰਾ ਭੂਤ-ਪ੍ਰੇਤ ਨੂੰ ਹਾਜ਼ਰ ਹੋਣ ਦਾ ਆਦੇਸ਼ ਦਿਤਾ ਜਾਂਦਾ ਹੈ। ਕਈ ਪੀਰ, ਸਾਧ ਤੇ ਚੇਲੇ ਚਿਲ੍ਹੇ ਕਟ ਕੇ ਭੂਤ-ਪ੍ਰੇਤਾਂ ਉਪਰ ਵਸੀਕਾਰ ਪ੍ਰਾਪਤ ਕਰ ਲੈਂਦੇ ਹਨ ਅਤੇ ਲੋੜ ਪੈਣ 'ਤੇ ਮੰਤਰ ਦੁਆਰਾ ਉਨ੍ਹਾਂ ਨੂੰ ਬੁਲਾ ਕੇ ਕੰਮ ਸਾਧਦੇ ਹਨ। ਕਈ ਪੀਰ, ਜੰਗਲਾਂ ਉਝੜਾਂ ਵਿਚ ਕਰੜੇ ਤੱਪ ਕਰ ਕੇ, ਇਕ ਵਿਸ਼ੇਸ਼ ਮੰਤਰ ਇਕ ਸੌ ਇਕ ਵਾਰ ਰੋਜ਼ ਰਾਤੀਂ ਰਟਦੇ ਹਨ। ਇਸ ਤਰ੍ਹਾਂ ਚਾਲ੍ਹੀ ਦਿਨ ਪੂਰੇ ਹੋਣ 'ਤੇ ਸੁਲੇਮਾਨ ਪੈਗ਼ੰਬਰ ਪ੍ਰਗਟ ਹੁੰਦਾ ਹੈ। ਸੁਲੇਮਾਨ ਦਾ ਜਿਸਮ ਪ੍ਰਤੱਖ ਵਿਖਾਈ ਨਹੀਂ ਦੇਂਦਾ, ਕੇਵਲ ਝਾਵਲਾ ਪੈਂਦਾ ਹੈ ਜਾਂ ਉਸ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ। ਸੁਲੇਮਾਨ ਪੀਰ ਤੋਂ ਪੁਛਦਾ ਹੈ ਕਿ ਤੈਨੂੰ ਕੀ ਚਾਹੀਦਾ ਹੈ। ਪੀਰ ਉਸ ਤੋਂ ਭੂਤ ਪ੍ਰੇਤਾਂ ਨੂੰ ਸੱਦਣ ਤੇ ਉਨ੍ਹਾਂ ਤੋਂ ਆਪਣੀ ਮਰਜ਼ੀ ਅਨੁਸਾਰ ਕੰਮ ਲੈਣ ਦੀ ਸ਼ਕਤੀ ਮੰਗਦਾ ਹੈ। ਸੁਲੇਮਾਨ ਦੀ ਪ੍ਰਵਾਨਗੀ ਮਿਲਦੇ ਹੀ ਪੀਰ ਬਕਰੇ ਦਾ ਸਿਰ ਵੱਢ ਕੇ ਸੁਲੇਮਾਨ ਨੂੰ ਭੇਟ ਕਰਦਾ ਹੈ। ਇਸ ਤਰ੍ਹਾਂ ਭੂਤ ਪ੍ਰੇਤ ਪੀਰ ਦੇ ਵਸ ਵਿਚ ਆ ਜਾਂਦੇ ਹਨ ਅਤੇ ਉਹਦੇ ਹੁਕਮ ਦੀ ਪਾਲਣਾ ਕਰਦੇ ਹਨ।

'ਹਜ਼ਰਾਤ' ਦੀ ਮਦਦ ਨਾਲ 'ਪੁੱਛਾਂ' ਦੇ ਉੱਤਰ ਵੀ ਪ੍ਰਾਪਤ ਕੀਤੇ ਜਾਂਦੇ ਹਨ। ਇਸ ਦੀ ਵਿਧੀ ਇਸ ਤਰ੍ਹਾਂ ਹੈ। ਪੀਰ/ਚੇਲਾ ਕਿਸੇ ਕਾਗ਼ਜ਼/ਫੁੱਲ ਉਪਰ ਕੋਈ ਮੰਤਰ ਲਿਖ ਕੇ ਉਹਦੇ ਉਤੇ ਥੋੜੀ ਜਿਹੀ ਸਿਆਹੀ ਸੁਟ ਦੇਂਦਾ ਹੈ। ਫਿਰ ਕਿਸੇ ਬਾਲ ਦੇ ਹੱਥਾਂ ਉਪਰ ਉਹ ਕਾਗਜ਼/ਫੁੱਲ ਰਖ ਕੇ ਉਸ ਨੂੰ ਆਦੇਸ਼ ਦਿਤਾ ਜਾਂਦਾ ਹੈ ਕਿ ਉਹ ਸਿਆਹੀ ਵਲ ਵੇਖਦਾ ਰਹੇ। ਜਦੋਂ ਬਾਲਕ ਧਿਆਨ ਵਿਚ ਲੀਨ ਹੋ ਜਾਂਦਾ ਹੈ ਜਾਂ ਆਪਣੀ ਹੋਂਦ ਦਾ ਅਹਿਸਾਸ ਭੁਲ ਜਾਂਦਾ ਹੈ, ਤਾਂ ਉਸ ਤੋਂ ਕੁਝ ਸੁਆਲ ਪੁਛੇ ਜਾਂਦੇ ਹਨ, ਜਿਨ੍ਹਾਂ ਦੇ ਉੱਤਰ ਬਾਲਕ ਦੇ ਮੂੰਹ ਵਿਚੋਂ ਸਹਿਜ ਭਾਵ ਵਿਚ ਨਿਕਲਦੇ ਜਾਂਦੇ ਹਨ। ਇਹ ਉੱਤਰ ਗ਼ੈਬੀ ਮੰਨੇ ਜਾਂਦੇ ਹਨ (ਵੇਖੋ : ਪੁੱਛਾਂ)।

(ਹ-32) **ਹਜ਼ਾਰੀ** :

ਮੁਸਲਮਾਨਾਂ ਵਿਚ ਪ੍ਰਚਲਤ ਇਕ ਵਿਸ਼ੇਸ਼ ਗੀਤ; ਸੱਯਦ ਜਲਾਲ ਬੁਖ਼ਾਰੀ, ਜਿਨ੍ਹਾਂ ਦੀ ਮਜ਼ਾਰ ਬਹਾਵਲਪੁਰ ਦੇ ਨਗਰ ਉਚ ਵਿਚ ਸਥਿਤ ਹੈ, ਦੀ ਲਹਿੰਦੇ ਦੇ ਇਲਾਕੇ ਵਿਚ ਬੜੀ ਮਾਨਤਾ ਹੈ। ਇਨ੍ਹਾਂ ਦੇ ਅਨੁਯਾਈ ਰਜਬ ਦੇ ਮਹੀਨੇ ਦੇ ਜੁਮੇਂ/ਜੁਮੇਂਰਾਤ ਨੂੰ ਇਨ੍ਹਾਂ ਦੇ ਨਾਂ ਦਾ ਫ਼ਾਤਿਹਾ ਪੜ੍ਹ ਕੇ ਅੰਨ ਅਤੇ ਫਲ ਫੁਲ ਭੇਟ ਕਰਦੇ ਹਨ। ਇਹ ਚੀਜ਼ਾਂ ਮਗਰੋਂ ਵੰਡ ਕੇ ਖਾ ਲਈਆਂ ਜਾਂਦੀਆਂ ਹਨ (ਬਹਾਵਲਪੁਰ ਗਜ਼ਟੀਅਰ)। ਸ਼ੀਆ ਮੱਤ ਵਾਲੇ ਅਲੀ ਦੇ ਨਾਂ ਉਪਰ ਫਲ ਵੰਡ ਕੇ ਖਾਂਦੇ ਹਨ। ਇਸ ਗੀਤ ਨੂੰ ਵੀ 'ਹਜ਼ਾਰੀ' ਕਹਿੰਦੇ ਹਨ।

(ਹ-33) **ਹਜ਼ੂਰ ਸਾਹਿਬ** :

ਹੈਦਰਾਬਾਦ ਵਿਚ ਗੋਦਾਵਰੀ ਨਦੀ ਦੇ ਕੰਢੇ, ਨੰਦੇੜ ਸ਼ਹਿਰ ਦੇ ਲਾਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਪਵਿਤ੍ਰ ਅਸਥਾਨ, ਜਿਥੇ ਉਹ ਕੱਤਕ ਸ਼ੁਦੀ 5, ਸੰਮਤ 1765 ਨੂੰ ਜੋਤੀ ਜੋਤ ਸਮਾਏ ਸਨ। ਇਥੋਂ ਦੇ ਗੁਰਦੁਆਰੇ ਨੂੰ ਆਦਰ ਨਾਲ ਹਜ਼ੂਰ ਸਾਹਿਬ ਕਿਹਾ ਜਾਂਦਾ ਹੈ ਅਤੇ ਇਸ ਨਗਰ ਨੂੰ ਅਬਿਚਲ ਨਗਰ (ਵੇਖੋ : ਅਬਿਚਲ ਨਗਰ)। ਇਸ ਅਸਥਾਨ ਦੇ ਨੇੜੇ ਤੇੜੇ ਕਈ ਹੋਰ ਪਾਵਨ ਗੁਰਧਾਮ ਵੀ ਹਨ। ਸਿੱਖਾਂ ਵਿਚ ਹਜ਼ੂਰ ਸਾਹਿਬ ਦੀ ਯਾਤ੍ਰਾ ਦਾ ਬੜਾ ਮਹਾਤਮ ਹੈ। ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਫ਼ਰਮਾਇਆ ਸੀ ਕਿ ਮੇਰਾ ਸੱਚਾ ਸਿੱਖ ਜ਼ਿੰਦਗੀ ਵਿਚ ਇਕ ਵਾਰ ਇਥੇ ਜ਼ਰੂਰ ਪਧਾਰੇਗਾ। ਹਜ਼ੂਰ ਸਾਹਿਬ ਦੀ ਯਾਤ੍ਰਾ ਦਾ ਸਿੱਖਾਂ ਵਿਚ ਉਹੋ ਦਰਜਾ ਹੈ, ਜੋ ਮੁਸਲਮਾਨਾਂ ਵਿਚ ਹੱਜ ਦਾ। ਹਜ਼ੂਰ ਸਾਹਿਬ ਦੀ ਯਾਤ੍ਰਾ ਕਰਨ ਵਾਲੇ ਸਿੱਖ ਨੂੰ ਹਜ਼ੂਰੀਆ ਕਿਹਾ ਜਾਂਦਾ ਹੈ।

(ਹ-34) **ਹੱਟੜੀ** :

ਹੱਟੀ (ਦੁਕਾਨ) ਦੀ ਸ਼ਕਲ ਦਾ ਮਿੱਟੀ ਦਾ ਖਿਡੌਣਾ। ਦੀਵਾਲੀ ਵਾਲੀ ਰਾਤ ਕਈ ਹਿੰਦੂ ਸਿੱਖ ਆਪਣੇ ਨਵੇਂ ਜੰਮੇ ਬਾਲ ਜਾਂ ਸਭ ਤੋਂ ਛੋਟੇ ਬੱਚੇ ਦੀ ਹਟੀ ਸਜਾਉਂਦੇ ਹਨ। ਇਸ ਹੱਟੀ ਦੀਆਂ ਚੁਹਾਂ ਗੁੱਠਾਂ ਵਿਚ ਜੋਤ ਜਗਾਈ ਜਾਂਦੀ ਹੈ। ਹੱਟੀ ਦੇ ਅੰਦਰ ਬਣੀ ਮੋਕਲੀ ਥਾਂ ਵਿਚ ਮਠਿਆਈ ਅਤੇ ਫਲ ਆਦਿ ਰਖੇ ਜਾਂਦੇ ਹਨ। ਜਿਨ੍ਹਾਂ ਬੱਚਿਆਂ ਦੀ ਪਹਿਲੀ ਦੀਵਾਲੀ ਹੁੰਦੀ ਹੈ, ਉਨ੍ਹਾਂ ਨੂੰ ਵਧਾਈ ਦੇਣ ਆਏ ਰਿਸ਼ਤੇਦਾਰ ਹੱਟੀ ਵਿਚ ਸ਼ਗਨ ਵਜੋਂ ਕੁਝ ਰੁਪਏ ਪੈਸੇ ਤੇ ਮਠਿਆਈ ਪਾ ਜਾਂਦੇ ਹਨ। ਧਾਰਨਾ ਹੈ ਕਿ ਜਿਸ ਬੱਚੇ ਦੀ ਹੱਟੀ ਦੀਵਾਲੀ ਨੂੰ ਪਾਈ ਜਾਵੇ, ਉਸ ਉਤੇ ਲਛਮੀ ਦੀ ਬਖ਼ਸ਼ਿਸ਼ ਰਹਿੰਦੀ ਹੈ ਅਤੇ ਵੱਡਾ ਹੋ ਕੇ ਉਸ ਦੀ ਦੁਕਾਨਦਾਰੀ ਬੜੀ ਚਲਦੀ ਹੈ। ਪੁਰਾਣੇ ਵੇਲਿਆਂ ਵਿਚ ਖਤਰੀਆਂ ਅਤੇ ਅਰੋੜਿਆਂ ਦਾ ਕਿੱਤਾ ਦੁਕਾਨਦਾਰੀ ਤੇ ਵਣਜ ਵਪਾਰ ਸੀ, ਜਿਸ ਦੀ ਨੀਂਹ ਉਹ ਬੱਚੇ ਦੀ ਪਹਿਲੀ ਦੀਵਾਲੀ ਉਪਰ ਹੀ ਹੱਟੀ ਪਾ ਕੇ ਰਖ ਦਿਤਾ ਕਰਦੇ ਸਨ। ਹੱਟੜੀ ਦੀ ਰੀਤ ਖਤਰੀਆਂ, ਅਰੋੜਿਆਂ, ਵੈਸ਼ਾਂ ਤੇ ਬਨੀਆਂ ਵਿਚ ਹੀ ਪ੍ਰਚਲਤ ਹੈ। ਕੁੜੀ ਦੀ ਹੱਟੀ ਨਹੀਂ ਪਾਈ ਜਾਂਦੀ, ਜੇ ਪਾਈ ਜਾਵੇ ਤਾਂ ਘਰ ਵਿਚ ਕੁੜੀਆਂ ਦਾ ਵਾਧਾ ਹੁੰਦਾ ਹੈ।

(ਹ-35) **ਹਣਵੰਤਰ** :

(ਵੇਖੋ : ਹਨੂਮਾਨ)।

(ਹ-36) **ਹੱਠ ਯੋਗ** :

ਯੋਗ ਦੀ ਇਕ ਕਿਸਮ; ਹੱਠ ਯੋਗ ਵਿਚ, ਸਰੀਰ ਦੀਆਂ ਕਈ ਤਰ੍ਹਾਂ ਦੀਆਂ ਯੋਗਿਕ ਕਿਰਿਆਵਾਂ ਜਾਂ ਪ੍ਰਾਣਾਯਾਮ ਅਤੇ ਹੋਰ ਸਾਧਨਾਂ ਦੁਆਰਾ ਈਸ਼ਵਰ ਨਾਲ ਅਭੇਦ ਹੋਣ ਦਾ ਯਤਨ ਕ੍ਰੀਤਾ ਜਾਂਦਾ ਹੈ। ਇਸ ਯੋਗ ਦਾ ਮੋਢੀ ਮਛਿੰਦਰ ਨਾਥ ਮੰਨਿਆ ਜਾਂਦਾ ਹੈ, ਪਰ ਕਈ ਹੱਠ ਯੋਗ ਦਾ ਮੁੱਢ ਸ਼ਿਵਜੀ ਤੋਂ ਮੰਨਦੇ ਹਨ। 'ਹੱਠ ਯੋਗ ਪ੍ਰਦੀਪਿਕਾ' ਵਿਚ ਇਸ ਯੋਗ ਦਾ ਵੇਰਵੇ ਭਰਿਆ ਵਰਨਣ ਮਿਲਦਾ ਹੈ। ਚੌਰਾਸੀ ਸਿਧ ਇਸੇ ਮੱਤ ਦੇ ਹੀ ਉਪਾਸ਼ਕ ਸਨ। ਪੰਜਾਬ ਵਿਚ ਇਹ ਮੱਤ ਨਾਥ ਸੰਪ੍ਰਦਾਇ ਦੇ ਨਾਂ ਨਾਲ ਪ੍ਰਸਿਧ ਹੈ, ਜਿਸ ਦਾ ਮੁਖੀ ਗੋਰਖ ਨਾਥ ਸੀ। ਇਹ ਯੋਗੀ ਬੜੇ ਹਠੀ ਤੇ ਜ਼ਿੱਦੀ ਹੁੰਦੇ ਹਨ। ਕਈ ਇਕ ਟੰਗ ਦੇ ਆਸਰੇ ਬਾਰ੍ਹਾਂ ਸਾਲ ਖੜੇ ਰਹਿੰਦੇ ਹਨ, ਕਈ ਮੋਨ ਧਾਰੀ ਰਖਦੇ ਹਨ, ਕਈ ਹੋਰ ਪੁੱਠੇ ਲਟਕਦੇ ਹਨ (ਵੇਖੋ : ਨਾਥ ਸੰਪ੍ਰਦਾਇ)।

(ਹ-37) **ਹੱਡਲ** :

ਇਕ ਵਿਸ਼ੇਸ਼ ਪ੍ਰਕਾਰ ਦਾ ਭਿਆਨਕ ਪ੍ਰੇਤ, ਜੋ ਕਿਸੇ ਪ੍ਰਾਣੀ ਦੇ ਹੱਡਾਂ ਵਿਚ ਦਾਖ਼ਲ ਹੋ ਕੇ ਉਹਦੇ ਅੰਦਰ ਦਾ ਸਾਰਾ ਰਸ ਚੂਸ ਲੈਂਦਾ ਹੈ। ਸਰੀਰ ਖੋਖਲਾ ਹੋ ਜਾਣ ਕਾਰਨ ਉਸ ਦੀਆਂ ਹੱਡੀਆਂ ਖੁਰਨ ਲੱਗਦੀਆਂ ਹਨ। ਹੱਡਲ ਨੂੰ ਮੰਤਰਾਂ ਤੇ ਝਾੜੇ ਦੁਆਰਾ ਸਰੀਰ ਵਿਚੋਂ ਬਾਹਰ ਕਢਣਾ ਅਸੰਭਵ ਹੈ (P. N. Q. 3,197)।

Sri Satguru Jagjit Singh Ji eLibrary NamdhariElibrary@gmail.com

ਹੱਡਲ ਦਾ ਸ਼ਿਕਾਰ ਹੋਇਆ ਪ੍ਰਾਣੀ ਵਸੇ ਵਸੇ ਬਚਦਾ ਨਹੀਂ।

(ਹ-38) **ਹੱਤਿਆਰਾ** :

ਗਊ ਬ੍ਰਾਹਮਣ ਦੀ ਹੱਤਿਆ ਕਰਨ ਵਾਲਾ; ਸ਼ਾਸਤਰਾਂ ਅਨੁਸਾਰ ਗਊ ਬ੍ਰਾਹਮਣ ਦੀ ਹੱਤਿਆ ਕਰਨ ਵਾਲਾ ਘੋਰ ਨਰਕ ਦਾ ਭਾਗੀ ਹੁੰਦਾ ਹੈ। ਇਸ ਪਾਪ ਤੋਂ ਮੁਕਤ ਹੋਣ ਦੇ ਕਈ ਉਪਾਉ ਹਨ ਜਿਵੇਂ ਕਿ ਹੱਤਿਆਰਾ ਆਪਣੀਆਂ ਅੱਖਾਂ ਤੋਂ ਇਲਾਵਾ ਬਾਕੀ ਸਾਰੇ ਸਰੀਰ ਨੂੰ ਕਿਸੇ ਪੁਰਾਣੇ ਕਪੜੇ ਨਾਲ ਢਕ ਲਏ। ਫਿਰ ਆਪਣੇ ਗਲੇ ਵਿਚ ਮ੍ਰਿਤਕ ਗਊ ਦੀ ਪੂਛਲ ਲਟਕਾ ਕੇ 'ਮੈਂ ਹੱਤਿਆਰਾ', 'ਮੈਂ ਹੱਤਿਆਰਾ' ਦੀ ਰੱਟ ਲਗਾਂਦਾ, ਗੰਗਾ ਇਸ਼ਨਾਨ ਲਈ ਪੈਦਲ ਹਰਦੁਆਰ/ਪ੍ਰਯਾਗ ਜਾਵੇ। ਉਥੇ ਪਹੁੰਚ ਕੇ ਬ੍ਰਾਹਮਣਾਂ ਦੀਆਂ ਦਸੀਆਂ ਸ਼ੁੱਧੀ ਦੀਆਂ ਵਿਧੀਆਂ ਉਪਰ ਅਮਲ ਕਰੇ ਅਤੇ ਫਿਰ ਗੰਗਾ ਇਸ਼ਨਾਨ ਕਰੇ। ਬ੍ਰਾਹਮਣ ਦੀ ਹੱਤਿਆ ਕਰਨ ਵਾਲਾ ਵੀ ਹੱਤਿਆਰਾ ਹੈ। ਜਦੋਂ ਬ੍ਰਹਮਾ ਦੇਵਤਾ ਕਾਮਾਤੁਰ ਹੋਇਆ ਆਪਣੀ ਕੰਨਿਆਂ ਨਾਲ ਸੰਭੋਗ ਕਰਨਾ ਚਾਹੁੰਦਾ ਸੀ, ਤਾਂ ਸ਼ਿਵ ਨੇ ਬ੍ਰਹਮਾ ਨੂੰ ਅਜਿਹੀ ਅਵਸਥਾ ਵਿਚ ਕੰਨਿਆਂ ਦਾ ਪਿੱਛਾ ਕਰਦਿਆਂ ਵੇਖ, ਉਹਦਾ ਇਕ ਸਿਰ ਵੱਢ ਦਿਤਾ ਸੀ। ਫਲਸਰੂਪ ਬ੍ਰਹਮਾ ਦੀ ਇਕ ਲਿਟ ਸ਼ਿਵ ਦੇ ਹੱਥ ਨਾਲ ਚਮੁਟ ਗਈ। ਸ਼ਿਵ ਨੇ ਬ੍ਰਾਹਮਣ ਦੀ ਹੱਤਿਆ ਤੋਂ ਮੁਕਤ ਹੋਣ ਲਈ ਕਪਾਲ ਮੋਚਨ ਜਾ ਕੇ ਇਸ਼ਨਾਨ ਕੀਤਾ (ਵੇਖੋ : ਕਪਾਲ ਮੋਚਨ)।

ਬਿੱਲੀ ਦਾ ਹੱਤਿਆਰਾ ਵੀ ਘੋਰ ਨਰਕ ਦਾ ਭਾਗੀ ਹੁੰਦਾ ਹੈ, ਕਿਉਂ ਜੋ ਬਿੱਲੀ ਪ੍ਰੋਹਤਣੀ ਹੈ। ਉਸ ਨੂੰ ਮਾਰਨਾ ਬ੍ਰਾਹਮਣੀ ਦੀ ਹੱਤਿਆ ਦੇ ਤੁਲ ਹੈ। ਜੇ ਬਿੱਲੀ ਅਣਜਾਣੇ ਵਿਚ ਹੀ ਕਿਸੇ ਤੋਂ ਮਾਰੀ ਜਾਵੇ, ਤਾਂ ਉਸ ਲਈ ਇਸ ਹੱਤਿਆ ਦੇ ਪਾਪ ਤੋਂ ਮੁਕਤ ਹੋਣ ਲਈ ਸੋਨੇ ਦੀ ਬਿੱਲੀ ਬਣਵਾ ਕੇ ਤੇ ਹਰਦੁਆਰ/ਪ੍ਰਯਾਗ ਜਾ ਕੇ ਦਾਨ ਕਰਨੀ ਲਾਜ਼ਮੀ ਹੈ।

(ਹ-39) **ਹੱਥ** :

ਮਨੁੱਖੀ ਸਰੀਰ ਦਾ ਮਹੱਤਵਪੂਰਣ ਅੰਗ ਹੋਣ ਦੇ ਨਾਤੇ, ਹੱਥ ਨਾਲ ਕਈ ਕਿਸਮ ਦੀਆਂ ਮਨੌਤਾਂ, ਭਰਮ ਵਹਿਮ੍ਹ ਅਤੇ ਲੋਕਧਾਰਾਈ ਸਾਮਗ੍ਰੀ ਜੁੜਨੀ ਸਹਿਜ ਹੈ। ਆਦਿਮ ਅਵਸਥਾ ਤੋਂ ਹੀ ਹੱਥ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਰਿਹਾ ਹੈ, ਜਿਸ ਕਰ ਕੇ ਪਹਿਲਾਂ ਟੂਣੇ ਟੱਪੇ ਵਿਚ ਅਤੇ ਫਿਰ ਧਾਰਮਿਕ ਕਰਮ-ਕਾਂਡਾਂ ਵਿਚ ਇਹ ਵਿਸ਼ੇਸ਼ ਮਹੱਤਤਾ ਦਾ ਧਾਰਨੀ ਰਿਹਾ। ਮੁੱਢ ਕਦੀਮ ਤੋਂ ਹੀ ਘਰ ਦੇ ਮੱਥੇ, ਵਡੇ ਦਰਵਾਜ਼ੇ ਜਾਂ ਕਿਸੇ ਕੰਧ ਉਪਰ ਹੱਥ ਦਾ ਥਾਪਾ ਲਗਾਉਣ ਦੀ ਪ੍ਰਥਾ ਚਲੀ ਆ ਰਹੀ ਹੈ। ਇਹ ਥਾਪਾ ਜਾਦੂ ਟੂਣੇ, ਬਦ ਨਜ਼ਰ ਅਤੇ ਪ੍ਰੇਤ ਰੂਹਾਂ ਤੋਂ ਰੱਖਿਆ ਕਰਦਾ ਹੈ। ਥਾਪੇ ਦੀ ਰੀਤ ਭਾਰਤ ਤੋਂ ਬਾਹਰ ਮਿਸਰ, ਫੋਨੇਸ਼ੀਆ, ਬੈਬਲੋਨੀਆ ਅਤੇ ਜਪਾਨ ਆਦਿ ਵਿਚ ਵੀ ਪ੍ਰਚਲਤ ਰਹੀ ਹੈ।

ਵਿਆਹ ਸ਼ਾਦੀ ਜਾਂ ਕਿਸੇ ਮੰਗਲ ਕਾਰਜ ਵੇਲੇ ਵੀ ਥਾਪਾ ਲਗਾਉਣ ਦੀ ਰੀਤ ਪ੍ਰਚਲਤ ਹੈ। ਵਰ ਅਤੇ ਕੰਨਿਆਂ ਦੋਵੇਂ ਆਪੋ ਆਪਣੇ ਘਰਾਂ ਵਿਚ, ਵਿਆਹ ਦੀ ਪੂਰਵ-ਰਾਤ੍ਰੀ ਨੂੰ, ਹੱਥਾਂ ਉਪਰ ਮਹਿੰਦੀ ਲਗਾ ਕੇ, ਗੀਤਾਂ ਦੀ ਮਧੁਰ ਧੁਨੀ ਵਿਚ ਘਰ ਦੀ ਕਿਸੇ ਕੰਧ ਉਪਰ, ਪੂਰਬ-ਮੁਖ ਬੈਠ ਕੇ, ਪਿਛੇ ਕੰਧ ਉਤੇ ਥਾਪਾ ਲਗਾਉਂਦੇ ਹਨ (ਵੇਖੋ : ਥਾਪਾ)।

ਹੱਥ ਨਾਲ ਕੁਝ ਕੁ ਰੀਤਾਂ ਰਸਮਾਂ ਵੀ ਸੰਬੰਧਿਤ ਹਨ ਜਿਵੇਂ ਵਿਆਹ ਵੇਲੇ ਹੱਥਾਂ ਵਿਚ ਮਹਿੰਦੀ ਰਚਾਣੀ, 'ਹੱਥ ਲੇਵਾ', 'ਹੱਥ ਭਰਾ', 'ਹੱਥ ਕੰਗਣਾ' ਆਦਿ। 'ਹੱਥ ਲੇਵਾ' ਦੀ ਰੀਤ ਵੈਦਿਕ ਕਾਲ (ਰਿਗ ਵੇਦ 10,85,36) ਤੋਂ ਚਲੀ ਆ ਰਹੀ ਰੀਤ 'ਪਾਣੀ ਗ੍ਰਹਿਣ' ਦਾ ਹੀ ਪੰਜਾਬੀ ਰੂਪ ਹੈ। ਇਸ ਰੀਤ ਸਮੇਂ ਕੰਨਿਆਂ ਦਾ ਪਿਉ ਕੰਨਿਆਂ ਦਾ ਹੱਥ ਵਰ ਦੇ ਹੱਥਾਂ ਵਿਚ ਪਕੜਾਂਦਾ ਹੈ। ਪ੍ਰੋਹਿਤ ਸ਼ਲੋਕਾਂ ਦਾ ਉਚਾਰਨ ਕਰਦਾ ਹੋਇਆ ਵਰ ਅਤੇ ਕੰਨਿਆਂ ਦੇ ਹੱਥਾਂ ਉਪਰ ਮੌਲੀ ਦਾ ਧਾਗਾ ਵਲ੍ਹੇਟ ਦੇਂਦਾ ਹੈ। ਲਹਿੰਦੇ ਦੇ ਹਿੰਦੂਆਂ ਵਿਚ ਇਹ ਰੀਤ ਜ਼ਰਾ ਕੁ ਵੱਖਰੀ, ਪਰ ਰੋਚਕ ਹੈ। ਵਰ ਅਤੇ ਕੰਨਿਆਂ ਦੇ ਖਾਰਿਆਂ ਉਪਰ ਬੈਠਣ ਉਪ੍ਰੰਤ ਉਨ੍ਹਾਂ ਦੇ ਮੱਧ ਵਿਚ ਆਟੇ ਦਾ ਇਕ ਪੇੜਾ ਰਖ ਦਿਤਾ ਜਾਂਦਾ ਹੈ। ਵਰ ਤੇ ਕੰਨਿਆਂ ਦੋਵੇਂ ਆਪੋ ਆਪਣਾ ਸੱਜਾ ਹੱਥ ਪੇੜੇ ਉਪਰ ਰਖਦੇ ਹਨ ਅਤੇ ਪ੍ਰੋਹਿਤ ਸਲੋਕ ਉਚਾਰਦਾ ਹੈ। ਸਿੱਖਾਂ ਵਿਚ ਹੱਥ ਲੇਵੇ ਦੀ ਥਾਂ 'ਪੱਲਾ ਫੜਨ' ਦੀ ਰੀਤ ਪ੍ਰਚਲਤ ਹੈ।

'ਹੱਥ ਭਰੇ' ਦੀ ਰਸਮ ਵਿਚ ਵਿਆਹੰਦੜ ਮੁੰਡੇ ਨੂੰ ਆਟੇ ਦੇ ਚੌਕ ਉਪਰ ਚੌਂਕੀ ਵਿਛਾ ਕੇ ਬਿਠਾਇਆ ਜਾਂਦਾ ਅਤੇ ਵਟਣੇ ਆਦਿ ਦੀਆਂ ਰੀਤਾਂ ਕੀਤੀਆਂ ਜਾਂਦੀਆਂ ਹਨ। ਇਸ ਉਪ੍ਰੰਤ ਮੁੰਡੇ ਦੀ ਮਾਂ (ਜਾਂ ਕੋਈ ਹੋਰ ਵਡੇਰੀ ਤੀਵੀਂ) ਸਿਰ ਉਪਰ ਲਾਲ ਭੋਛਣ ਲੈ ਕੇ, ਇਸ ਚੌਕ 'ਤੇ ਹੱਥ ਫੇਰ ਕੇ, ਚੌਂਕ ਨੂੰ ਪੂੰਝਦੀ ਹੋਈ ਘਰ ਦੇ ਕਿਸੇ ਦਰਵਾਜ਼ੇ ਦੇ ਪਿਛੇ ਥਾਪਾ ਲਗਾਂਦੀ ਹੈ। ਥਾਪਾ ਲਗਾਉਣ ਤੋਂ ਪਹਿਲਾਂ ਜੇ ਇਸ ਚੌਂਕ ਉਪਰੋਂ ਕੋਈ ਤੀਵੀਂ ਟੱਪ ਜਾਵੇ, ਤਾਂ ਬਦਸ਼ਗਨੀ ਹੁੰਦੀ ਹੈ। ਇਸ ਰੀਤ ਸਮੇਂ ਵਿਆਹੰਦੜ ਮੁੰਡੇ/ਕੁੜੀ ਦੀ ਮਾਂ ਜੋ ਕਪੜੇ ਪਹਿਨਦੀ ਹੈ, ਉਹ ਨਾਨਕੇ ਭੇਜਦੇ ਹਨ ਤੇ ਇਨ੍ਹਾਂ ਨੂੰ 'ਹੱਥ ਭਰੇ ਦੇ ਕਪੜੇ' ਕਹਿੰਦੇ ਹਨ। ਇਸ ਤਰ੍ਹਾਂ 'ਹੱਥ ਕੰਗਣੇ' ਦੀ ਰਸਮ ਡੋਲੀ ਆਉਣ ਮਗਰੋਂ ਕੀਤੀ ਜਾਂਦੀ ਹੈ। ਇਸ ਰਸਮ ਵੇਲੇ ਦੂਲ੍ਹਾ ਤੇ ਦੂਲ੍ਹਨ ਆਮ੍ਹੋ ਸਾਹਮਣੇ ਬੈਠ ਕੇ ਕੱਚੀ ਲੱਸੀ ਦੀ ਭਰੀ ਪਰਾਤ ਵਿਚ ਕੰਗਣ ਸੁਟ ਕੇ ਫਿਰ ਹੱਥਾਂ ਨਾਲ ਟਟੋਲਦੇ ਹੋਏ ਲਭਦੇ ਹਨ (ਵੇਖੋ : ਕੰਗਣਾ ਖੇਡਣਾ)।

ਹੱਥ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਜੁੜੇ ਹੋਏ ਹਨ। ਜੇ ਮਰਦ ਦੀ ਸੱਜੀ ਤਲੀ ਉਪਰ ਖੁਰਕ ਹੋਵੇ ਤਾਂ ਧਨ ਆਉਂਦਾ ਹੈ ਜਾਂ ਕਿਸੇ ਤੋਂ ਕੁਝ ਪ੍ਰਾਪਤ ਹੁੰਦਾ ਹੈ, ਖੱਬੀ ਉਪਰ ਹੋਵੇ ਤਾਂ ਅਚਾਨਕ ਖ਼ਰਚਾ ਉਠਦਾ ਜਾਂ ਕਿਸੇ ਨੂੰ ਕੁਝ ਦੇਣਾ ਪੈਂਦਾ ਹੈ। ਇਹੋ ਵਿਚਾਰ ਜਰਮਨੀ ਤੇ ਨਾਰਵੇ ਵਿਚ ਵੀ ਪ੍ਰਚਲਤ ਹਨ (E. R. E. 6/496)। ਰੋਟੀ ਖਾ ਕੇ ਹੱਥਾਂ ਨੂੰ ਛੰਡਣਾ ਅਪਸ਼ਗਨ ਹੈ, ਅੰਨ ਦਾ ਘਾਟਾ ਹੁੰਦਾ ਹੈ। ਹੱਥ ਛੰਡਦਿਆਂ ਜੇ ਕਿਸੇ ਉਪਰ ਅੰਨ ਦਾ ਭੋਰਾ ਜਾ ਡਿਗੇ, ਤਾਂ ਉਸ ਲਈ ਵਾਧੇ ਦਾ ਸ਼ਗਨ ਹੈ। ਹੱਥਾਂ ਦੀਆਂ ਉਂਗਲਾਂ ਦੇ ਕੜਾਕੇ ਕਢਣੇ ਅਸ਼ੁਭ ਹਨ, ਘਰ ਵਿਚ ਦਲਿਦਰ ਅਤੇ ਰੋਗ ਫੈਲਦਾ ਹੈ। ਜ਼ਿਲਾ ਲਹੀਆ ਦੇ ਹਿੰਦੂਆਂ ਵਿਚ ਕੰਨਿਆਂ ਲਈ ਸ਼ਾਦੀ ਤੋਂ ਪਹਿਲਾਂ ਹੱਥ-ਪਾਣੀ ਕਰਨਾ ਨਿਸ਼ੇਧ ਹੈ (ਪੰਜਾਬ ਦੀ ਸੈਰ, 155)।

ਹੱਥਾਂ ਦੁਆਰਾ ਹੀ ਮਹਾਂਪੁਰਖ ਆਪਣੀ ਪ੍ਰਭੁਤਾ ਅਤੇ ਦੈਵੀ ਸ਼ਕਤੀ ਦਾ ਸੰਚਾਰ ਸ਼ਰਧਾਲੂਆਂ ਵਿਚ ਕਰਦੇ ਹਨ। ਜੇ ਕਿਸੇ ਪਾਪੀ ਦੇ ਸਿਰ ਉਪਰ ਕੋਈ ਮਹਾਂਪੁਰਖ ਹੱਥ ਫੇਰੇ, ਤਾਂ ਉਸ ਦੀ ਕਾਇਆ ਕਲਪ ਹੋ ਜਾਂਦੀ ਹੈ ਅਤੇ ਉਹ ਸਭ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਨੇ ਆਪਣੇ ਹੱਥ ਦੇ ਪੰਜੇ ਉਪਰ ਵਲੀ ਕੰਧਾਰੀ ਵਲੋਂ ਸੁਟਿਆ ਪਹਾੜ ਰੋਕ ਲਿਆ ਸੀ (ਵੇਖੋ : ਹਸਨ ਅਬਦਾਲ)। ਗੁਰੂ ਨਾਨਕ ਦੇਵ ਦੇ ਪੰਜਾ ਖੜਾ ਕਰਨ ਨਾਲ ਕੌਡੇ ਰਾਖਸ਼ ਦਾ ਤਪਤ ਕੜਾਹਾ ਠੰਢਾ ਹੋ ਗਿਆ ਸੀ। ਬਜ਼ੁਰਗ ਆਪਣੇ ਕਿਸੇ ਅਜ਼ੀਜ਼ ਨੂੰ ਮਿਲਣ ਵੇਲੇ ਸਨੇਹ ਪ੍ਰਗਟ ਕਰਦੇ ਹੋਏ, ਉਸ ਦੇ ਸਿਰ ਜਾਂ ਪਿੱਠ ਉਪਰ ਅਸੀਸਾਂ ਦੇਂਦੇ ਹੋਏ ਹੱਥ ਫੇਰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਦੈਵੀ ਗੁਣ ਉਸ ਅਜ਼ੀਜ਼ ਵਿਚ ਲੀਨ ਹੋ ਜਾਂਦੇ ਹਨ। ਹੱਥਾਂ ਨਾਲ ਕਿਸੇ ਬਜ਼ੁਰਗ ਜਾਂ ਮਹਾਂਪੁਰਖ ਦੇ ਚਰਨ ਛੁਹਣ ਪਿਛੇ ਵੀ ਟੂਣਾ ਚਿੰਤਨ ਦਾ ਇਹੋ ਸਿਧਾਂਤ ਹੈ ਕਿ ਹੱਥਾਂ ਦੁਆਰਾ ਅਸੀਂ ਉਸ ਮਹਾਂਪੁਰਖ ਦੀ ਦੈਵੀ ਸ਼ਕਤੀ ਨੂੰ ਗ੍ਰਹਿਣ ਕਰ ਰਹੇ ਹੁੰਦੇ ਹਾਂ, ਜੋ ਅਦ੍ਰਿਸ਼ਟ ਰੂਪ ਵਿਚ ਉਸ ਦੇ ਚਰਨਾਂ ਵਿਚੋਂ ਪ੍ਰਵਾਹਿਤ ਹੁੰਦੀ ਰਹਿੰਦੀ ਹੈ। ਚੇਲਾ 'ਹਥੌਲੇ' ਦੁਆਰਾ ਕਿਸੇ

Sri Satguru Jagjit Singh Ji eLibrary NamdhariElibrary@gmail.com

ਪਕੜ ਵਾਲੇ ਰੋਗੀ ਨੂੰ ਭੂਤ ਪ੍ਰੇਤ ਤੋਂ ਮੁਕਤ ਕਰ ਦੇਂਦਾ ਹੈ। 'ਹਥੌਲੇ' ਵਿਚ ਹੱਥਾਂ ਦੀ ਰਹੱਸਮਈ ਸ਼ਕਤੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ (ਵੇਖੋ : ਹਥੌਲਾ)।

ਹੱਥਾਂ ਦੀ ਛੁਹ ਨਾਲ ਜੋ ਰਾਬਤਾ ਇਕ ਵਾਰ ਸਥਾਪਿਤ ਹੋ ਜਾਂਦਾ ਹੈ, ਟੂਣਾ ਚਿੰਤਨ ਅਨੁਸਾਰ ਉਹ ਸਦੀਵ ਕਾਲ ਤਕ ਰਹਿੰਦਾ ਹੈ। ਇਸ ਲਈ ਮੰਤਰ ਫੂਕਣ ਵੇਲੇ ਜੇ ਰੋਗੀ ਖ਼ੁਦ ਨਾ ਆ ਸਕੇ ਤਾਂ ਚੇਲੇ ਉਸ ਦੇ ਹੱਥਾਂ ਦੀ ਛੁਹੀ ਹੋਈ ਕੋਈ ਚੀਜ਼ ਵਸਤ ਮੰਗਵਾ ਕੇ ਉਸ ਦੇ ਉਪਰ ਹੀ ਮੰਤਰ ਫੂਕ ਦੇਂਦੇ ਹਨ। ਜਦੋਂ ਕੋਈ ਪ੍ਰਾਣੀ ਸੁਆਸ ਤਿਆਗ ਰਿਹਾ ਹੁੰਦਾ ਹੈ ਤਾਂ ਥਾਲੀ ਵਿਚ ਅੰਨ, ਚਾਵਲ ਜਾਂ ਮੋਠ ਆਦਿ ਸਾਮਗ੍ਰੀ ਪਾ ਕੇ ਉਸ ਦੇ ਹੱਥ ਛੁਹਾ ਕੇ ਦਾਨ ਕਰ ਦਿਤੀ ਜਾਂਦੀ ਹੈ। ਧਾਰਨਾ ਹੈ ਕਿ ਇਹ ਸਾਮਗ੍ਰੀ ਅਗਲੇ ਲੋਕ ਵਿਚ ਪ੍ਰਾਣੀ ਦੇ ਕੰਮ ਆਉਂਦੀ ਹੈ। ਇਸ ਰੀਤ ਨੂੰ 'ਹੱਥ ਲਵਾਨਾ' ਕਹਿੰਦੇ ਹਨ।

ਮਨੁੱਖ ਹੱਥਾਂ ਦੁਆਰਾ ਹੀ ਦੂਜੀਆਂ ਵਸਤੂਆਂ ਦੀ ਅਪਵਿਤ੍ਰਤਾ ਗ੍ਰਹਿਣ ਕਰਦਾ ਹੈ। ਬਹੁਤੀ ਛੁਹ (ਛੂਤ) ਅਤੇ ਭਿੱਟ ਹੱਥਾਂ ਦੁਆਰਾ ਹੀ ਮਨੁੱਖ ਨੂੰ ਲੱਗਦੀ ਹੈ। ਹੱਥਾਂ ਦੁਆਰਾ ਹੀ ਭੂਤ ਪ੍ਰੇਤ ਸਾਡੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਸ ਲਈ ਧਰਮ ਨਾਲ ਸੰਬੰਧਤ ਹਰ ਕਾਰਜ, ਕਰਮ-ਕਾਂਡ, ਪੂਜਾ ਅਰਚਾ ਤੇ ਪ੍ਰਾਰਥਨਾ ਆਦਿ ਤੋਂ ਪਹਿਲਾਂ ਹੱਥਾਂ ਦਾ ਧੋਣਾ ਲਾਜ਼ਮੀ ਹੈ। ਕਿਸੇ ਧਰਮ ਪੁਸਤਕ, ਗੁਰੂ ਪੀਰ ਦੀ ਵਸਤੂ, ਨਿਸ਼ਾਨੀ ਆਦਿ ਨੂੰ ਛੂਹਣ ਤੋਂ ਪਹਿਲਾਂ ਹੱਥ ਧੋਣੇ ਵਿਧਾਨ ਹੈ। ਸਿੱਖ ਪਾਠ ਕਰਨ ਤੋਂ ਪਹਿਲਾਂ ਹੱਥ ਧੋਂਦੇ ਤੇ ਚੁਲੀ ਕਰਦੇ ਹਨ, ਭਾਵੇਂ ਉਹ ਪਾਠ ਜ਼ਬਾਨੀ ਹੀ ਕਿਉਂ ਨਾ ਕਰ ਰਹੇ ਹੋਣ। ਮੁਸਲਮਾਨ ਨਿਮਾਜ਼ ਤੋਂ ਪਹਿਲਾਂ ਵਜ਼ੂ ਕਰਦੇ ਹਨ। ਹਿੰਦੂ ਸੰਸਕਾਰਾਂ ਤੇ ਧਾਰਮਿਕ ਰੀਤਾਂ ਤੋਂ ਪਹਿਲਾਂ ਹੱਥ ਜ਼ਰੂਰ ਧੋਂਦੇ ਹਨ, ਨਹੀਂ ਤਾਂ ਸਭ ਫਲ ਖੰਡਿਤ ਹੋ ਜਾਂਦਾ ਹੈ।

ਸਹੁੰ ਚੁਕਣ ਵੇਲੇ ਵੀ ਹੱਥ ਨੂੰ ਹੀ ਕਿਸੇ ਪਾਕ ਗ੍ਰੰਥ ਉਪਰ ਰਖਣ ਦਾ ਵਿਧਾਨ ਹੈ। ਧਾਰਨਾ ਹੈ ਕਿ ਜੇ ਕੋਈ ਪ੍ਰਾਣੀ ਇਸ ਤਰ੍ਹਾਂ ਦੀ ਸਹੁੰ ਭੰਗ ਕਰੇ ਤਾਂ ਉਸ ਪਵਿਤ੍ਰ ਗ੍ਰੰਥ ਦੀ ਦੈਵੀ ਸ਼ਕਤੀ ਉਸ ਦੀ ਕਾਇਆ ਨੂੰ ਰਹੱਸਮਈ ਢੰਗ ਨਾਲ ਨੁਕਸਾਨ ਪਹੁੰਚਾਂਦੀ ਹੈ।

ਦੋਹਾਂ ਹੱਥਾਂ ਵਿਚੋਂ ਸੱਜਾ ਵਧੇਰੇ ਪਵਿਤ੍ਰ ਮੰਨਿਆ ਜਾਂਦਾ ਹੈ। ਲੋਕਧਾਰਾ ਅਨੁਸਾਰ ਦੇਵ ਸ਼ਕਤੀ ਮਰਦ ਦੇ ਸੱਜੇ ਹਿੱਸੇ ਵਿਚ ਸਥਿਤ ਹੁੰਦੀ ਹੈ (ਵੇਖੋ : ਸੱਜਾ ਖੱਬਾ)। ਧਾਰਮਿਕ ਰਸਮਾਂ ਰੀਤਾਂ ਵੇਲੇ ਸੱਜੇ ਹੱਥ ਨਾਲ ਹੀ ਚੁਲੀ ਭਰੀ ਜਾਂਦੀ ਹੈ। ਸਿੱਖ ਅੰਮ੍ਰਿਤ ਦੀ ਚੁਲੀ ਭਰਨ ਵੇਲੇ ਦੋਹਾਂ ਹੱਥਾਂ ਦੀ ਕਟੋਰੀ ਬਣਾਉਂਦੇ ਹਨ, ਜਿਸ ਵਿਚ ਸੱਜਾ ਹੱਥ ਉਪਰ ਰਖਿਆ ਹੁੰਦਾ ਹੈ।

ਹੱਥਾਂ ਦਾ ਸੰਕੇਤ-ਵਿੱਦਿਆ ਵਿਚ ਵੀ ਮਹੱਤਵਪੂਰਣ ਸਥਾਨ ਹੈ। ਕਿਸੇ ਗੱਲ ਉਤੇ ਜ਼ੋਰ ਦੇਣ ਵੇਲੇ ਵਕਤਾ ਆਪਣੇ ਹੱਥ ਜ਼ੋਰ ਦੀ ਮਾਰਦਾ ਹੈ। ਪ੍ਰਭੂ ਤੋਂ ਬਖ਼ਸ਼ਿਸ਼ ਮੰਗਣ ਵੇਲੇ ਦੋਵੇਂ ਹੱਥ ਉਪਰ ਵਲ ਉਲਾਰੇ ਜਾਂਦੇ ਹਨ। ਮੁਸਲਮਾਨਾਂ ਵਿਚ ਹੱਜ ਵੇਲੇ ਹਾਜੀ ਕਾਅਬੇ ਦੀ ਕੰਧ ਨਾਲ ਲਗ ਕੇ, ਦੋਵੇਂ ਹੱਥ ਉਪਰ ਵਲ ਕਰ ਕੇ, ਪ੍ਰਾਰਥਨਾ ਕਰਦੇ ਅਤੇ ਦੁਆ ਮੰਗਦੇ ਹਨ। ਬੋਧੀਆਂ ਵਿਚ ਹੱਥਾਂ ਨੂੰ ਲੇਟਵੇਂ ਦਾਅ ਫੈਲਾ ਕੇ ਪ੍ਰਾਰਥਨਾ ਕਰਨ ਦੀ ਪ੍ਰਵਿਰਤੀ ਹੈ। ਮੁਸਲਮਾਨ ਨਿਮਾਜ਼ ਪੜ੍ਹਨ ਵੇਲੇ ਹੱਥਾਂ ਨੂੰ ਕਈ ਸਥਿਤੀਆਂ ਵਿਚ ਰਖਦੇ ਅਤੇ ਉਨ੍ਹਾਂ ਨਾਲ ਕਈ ਸੰਕੇਤ ਕਰਦੇ ਹਨ। ਸਿੱਖਾਂ ਵਿਚ ਦੋਵੇਂ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਜਾਂਦੀ ਹੈ।

ਹਾਰ-ਸ਼ਿੰਗਾਰ ਵਿਚ, ਮੂੰਹ ਤੋਂ ਬਾਅਦ ਹੱਥਾਂ ਦਾ ਹੀ ਦਰਜਾ ਹੈ। ਹੱਥਾਂ ਦੀਆਂ ਉਂਗਲੀਆਂ ਵਿਚ ਕਈ ਤਰ੍ਹਾਂ ਦੇ ਗਹਿਣੇ ਸਜਾਏ ਜਾਂਦੇ ਹਨ, ਜਿਨ੍ਹਾਂ ਦਾ ਮੁੱਢ ਟੂਣਾ ਚਿੰਤਨ ਤੋਂ ਹੀ ਬਝਿਆ ਹੈ (ਵੇਖੋ : ਗਹਿਣੇ)। ਹੱਥਾਂ ਵਿਚ ਮਹਿੰਦੀ ਰਚਾਣਾ ਸ਼ੁਭ ਸ਼ਗਨ ਹੈ।

ਹੱਥਾਂ ਦੀ ਤਾੜੀ ਕੇਵਲ ਅਨੰਦਿਤ ਮਨ ਨੂੰ ਹੀ ਨਹੀਂ ਪ੍ਰਗਟਾਂਦੀ, ਸਗੋਂ ਇਸ ਦੇ ਰਹੱਸਮਈ ਅਰਥ ਵੀ ਹਨ। ਚੇਲੇ ਤਾੜੀ ਦੁਆਰਾ ਕਿਸੇ ਰੂਹ ਨੂੰ ਬੁਲਾਉਂਦੇ ਹਨ ਅਤੇ ਪਕੜ ਵਾਲੇ ਪ੍ਰਾਣੀ ਨੂੰ ਭੂਤ ਪ੍ਰੇਤ ਤੋਂ ਮੁਕਤ ਕਰਨ ਲਈ, ਹੋਰ ਉਪਾਵਾਂ ਦੇ ਨਾਲ ਨਾਲ, ਤਾੜੀ ਦਾ ਵੀ ਪ੍ਰਯੋਗ ਕਰਦੇ ਹਨ।

### (ਹ-40) ਹੱਥ ਸਫਲਾ :

ਸ਼ਮਸ਼ਾਨ ਭੂਮੀ ਵਿਚ, ਦਾਹ-ਸੰਸਕਾਰ ਵੇਲੇ, ਮ੍ਰਿਤਕ ਦੀ ਚਿਖਾ ਪੂਰਨ ਲਗਿਆਂ ਰਿਸ਼ਤੇਦਾਰ ਅਤੇ ਭਾਈਚਾਰੇ ਦੇ ਲੋਕ, ਲਕੜੀਆਂ ਚੁਕ ਕੇ ਚਿੱਖਾ ਉਤੇ ਰਖਣ ਵਿਚ, ਜੋ ਹੱਥ ਵਟਾਂਦੇ ਹਨ, ਉਸ ਨੂੰ ਹੱਥ ਸਫਲਾ ਕਿਹਾ ਜਾਂਦਾ ਹੈ। ਇਸ ਦਾ ਬੜਾ ਪੁੰਨ ਫਲ ਮੰਨਿਆ ਜਾਂਦਾ ਹੈ। ਕਹਿੰਦੇ ਹਨ ਕਿ ਇਕ ਸੌ ਇਕ ਵਾਰ ਹੱਥ ਸਫਲਾ ਕਰਨ ਵਾਲਾ ਪ੍ਰਾਣੀ ਸਿਧਾ ਸਵਰਗ ਲੋਕ ਨੂੰ ਜਾਂਦਾ ਹੈ। ਕਿਸੇ ਰੋਗੀ ਦਾ ਦੁਖ ਨਵਿਰਤ ਕਰਨ ਦੇ ਵਿਚਾਰ ਨਾਲ, ਦਾਨ ਦੇਣ ਵੇਲੇ, ਦਾਨ ਦੀ ਵਸਤੂ ਨੂੰ ਰੋਗੀ ਦਾ ਹੱਥ ਛੁਹਾ ਲਿਆ ਜਾਂਦਾ ਹੈ। ਇਸ ਰੀਤ ਨੂੰ ਵੀ ਹੱਥ ਸਫਲਾ ਕਹਿੰਦੇ ਹਨ। ਗੁਰਦਵਾਰੇ ਵਿਚ ਜੋੜਿਆਂ ਦੀ ਸੇਵਾ ਕਰਨੀ ਜਾਂ ਲੰਗਰ ਤਿਆਰ ਕਰਨ ਜਾਂ ਵੰਡਣ ਵਿਚ ਹੱਥ ਵਟਾਣ ਨੂੰ ਵੀ ਹੱਥ ਸਫਲਾ ਕਿਹਾ ਜਾਂਦਾ ਹੈ। ਇਹ ਸਭ ਪੁੰਨ ਕਾਰਜ ਹਨ, ਜਿਨ੍ਹਾਂ ਦਾ ਫਲ ਅਗਲੇ ਲੋਕ ਵਿਚ ਮਿਲਦਾ ਮੰਨਿਆ ਜਾਂਦਾ ਹੈ।

### (ਹ-41) ਹੱਥ ਕੰਗਣਾ :

(ਵੇਖੋ : ਕੰਗਣਾ)।

### (ਹ-42) ਹੱਥ ਕਟੋਰਾ :

ਮੁਹੱਰਮ ਦੇ ਦਿਨਾਂ ਵਿਚ ਦਾਨ ਮੰਗਣ ਵਾਲਾ ਇਕ ਫ਼ਕੀਰ, ਜੋ ਆਪਣੇ ਹੱਥਾਂ ਵਿਚ ਕਟੋਰਾ ਚੁਕੀ ਫਿਰਦਾ ਹੈ। ਇਸ ਫ਼ਕੀਰ ਨੇ ਆਪਣੇ ਕੰਠ ਦੁਆਲੇ ਲਾਲ, ਹਰਾ ਜਾਂ ਪੀਲਾ ਰੁਮਾਲ ਬੰਨ੍ਹਿਆ ਹੁੰਦਾ ਹੈ ਅਤੇ ਸਿਰ ਉਪਰ ਅਰਬੀ ਵਿਧੀ ਨਾਲ ਕੋਈ ਕਪੜਾ ਲਿਆ ਹੁੰਦਾ ਹੈ। ਇਹ ਫ਼ਕੀਰ ਹਸਨ ਹੁਸੈਨ ਦੇ ਜਸ ਵਿਚ ਨਾਅਤੇ ਪੜ੍ਹਦਾ ਹੋਇਆ ਗਲੀਆਂ ਬਜ਼ਾਰਾਂ ਵਿਚ ਘੁੰਮਦਾ ਰਹਿੰਦਾ ਹੈ। ਸ਼ੀਐ ਇਸ ਨੂੰ ਦਾਨ ਦੇਣਾ ਸੁਆਬ ਸਮਝਦੇ ਹਨ।

### (ਹ-43) ਹੱਥ ਭਰਾ :

(ਵੇਖੋ : ਹੱਥ)।

### (ਹ-44) ਹੱਥ ਫੁਲ :

ਇਕ ਗਹਿਣਾ ਜੋ ਹੱਥ ਦੇ ਪੁਠੇ ਪਾਸੇ ਵਲ, ਪੰਜਾਂ ਉਂਗਲਾਂ ਵਿਚ ਪਹਿਨਿਆ ਜਾਂਦਾ ਹੈ। ਇਹ ਗਹਿਣਾ ਪੰਜਾਂ ਮੁੰਦਰੀਆਂ ਦਾ ਸਮੂਹ ਹੁੰਦਾ ਹੈ, ਜੋ ਜ਼ੰਜੀਰੀ ਦੁਆਰਾ ਬਝੀਆਂ ਹੁੰਦੀਆਂ ਹਨ। ਇਸ ਗਹਿਣੇ ਨਾਲ ਹੱਥ ਦਾ ਸਾਰਾ ਉਪਰਲਾ ਪਾਸਾ ਢਕਿਆ ਜਾਂਦਾ ਹੈ। ਇਸ ਗਹਿਣੇ ਨੂੰ 'ਪੰਜ ਅੰਗਲਾ' ਜਾਂ 'ਰਤਨ ਚੌਂਕ' ਵੀ ਕਹਿੰਦੇ ਹਨ। ਕਿਸੇ ਸਮੇਂ ਅਮੀਰ ਘਰਾਣਿਆਂ ਵਿਚ ਇਹਦਾ ਬੜਾ ਰਵਾਜ ਸੀ।

### (ਹ-45) ਹੱਥ ਲਵਾਨਾ :

(ਵੇਖੋ : ਹੱਥ)।

### (ਹ-46) ਹੱਥ ਲੇਵਾ :

(ਵੇਖੋ : ਹੱਥ)।

### (ਹ-47) ਹੱਥਾ :

ਕਿਸੇ ਸ਼ੁਭ ਮੌਕੇ ਜਾਂ ਮੰਗਲ ਕਾਰਜ ਵੇਲੇ ਕੰਧਾਂ ਉਤੇ ਹਲਦੀ ਜਾਂ ਮਹਿੰਦੀ ਨਾਲ ਲਗਾਈ ਗਈ ਪੰਜੇ ਦੀ ਛਾਪ (ਵੇਖੋ : ਥਾਪਾ)।

Sri Satguru Jagjit Singh Ji eLibrary NamdhariElibrary@gmail.com

**(ਹ-48) ਹਥੌਲਾ :**

ਕਿਸੇ ਸ਼ਖਸ ਦਾ ਦੁਖ-ਰੋਗ ਝਾੜੇ ਫੂਕ ਅਤੇ ਮੰਤਰ ਦੁਆਰਾ ਦੂਰ ਕਰਨਾ; ਹਥੌਲਾ ਉਹ ਝਾੜਾ ਹੈ, ਜਿਸ ਵਿਚ ਹੱਥ ਦੀ ਸ਼ਕਤੀ ਜਾਂ ਬਰਕਤ ਨਾਲ ਰੋਗੀ ਦੀ ਤਕਲੀਫ਼ ਦੂਰ ਕੀਤੀ ਜਾਂਦੀ ਹੈ (ਵੇਖੋ : ਝਾੜ ਫੂਕ)।

**(ਹ-49) ਹੰਦਾ :**

ਉਹ ਰੋਟੀ ਜੋ ਪ੍ਰੋਹਿਤਣੀ ਆਪਣੇ ਜਜਮਾਨਾਂ ਦੇ ਘਰੋਂ ਮੰਗ ਕੇ ਲਿਆਂਦੀ ਹੈ। ਹਰੇਕ ਕੁਲ ਦਾ ਆਪਣਾ ਪ੍ਰੋਹਿਤ ਹੁੰਦਾ ਹੈ, ਜੋ ਆਪਣੇ ਜਜਮਾਨਾਂ ਦੀਆਂ ਸਭ ਧਾਰਮਿਕ ਰਸਮਾਂ ਰੀਤਾਂ ਅਤੇ ਸੰਸਕਾਰ ਕਰਾਉਂਦਾ ਹੈ। ਇਨ੍ਹਾਂ ਪ੍ਰੋਹਿਤਾਂ ਦਾ ਜੀਵਨ ਨਿਰਬਾਹ ਜਜਮਾਨਾਂ ਦੇ ਦਾਨ ਪੁੰਨ ਨਾਲ ਹੀ ਚਲਦਾ ਹੈ। ਪ੍ਰੋਹਿਤ ਦੀ ਬ੍ਰਾਹਮਣੀ, ਆਪਣੇ ਜਜਮਾਨਾਂ ਦੇ ਘਰੋਂ, ਨੇਮ ਨਾਲ ਦੁਪਹਿਰੀਂ ਹੰਦੇ ਮੰਗ ਕੇ ਲੈ ਜਾਂਦੀ ਹੈ। ਪਰ ਹੁਣ ਇਹ ਪ੍ਰਥਾ ਖ਼ਤਮ ਹੁੰਦੀ ਜਾ ਰਹੀ ਹੈ (ਵੇਖੋ : ਪ੍ਰੋਹਿਤ)। ਸਿੱਖਾਂ ਵਿਚ ਬ੍ਰਾਹਮਣੀ ਪ੍ਰਭਾਵ ਹੇਠ ਗੁਰਦਵਾਰੇ ਦਾ ਭਾਈ ਸਿੱਖ ਘਰਾਂ ਵਿਚੋਂ ਪ੍ਰਸ਼ਾਦੀ ਮੰਗ ਕੇ ਲੈ ਜਾਂਦਾ ਹੈ (ਵੇਖੋ : ਪ੍ਰਸ਼ਾਦੀ)।

**(ਹ-50) ਹਦੀਆ ਕੁਰਾਨ :**

ਮੀਆਂਵਾਲੀ ਦੇ ਇਲਾਕੇ ਦੇ ਮੁਸਲਮਾਨਾਂ ਵਿਚ ਪ੍ਰਚਲਤ ਇਕ ਰਸਮ; ਪ੍ਰਾਣ ਤਿਆਗਣ ਵੇਲੇ ਪ੍ਰਾਣੀ ਦੇ ਹੱਥਾਂ ਵਿਚ ਕੁਰਆਨ ਸ਼ਰੀਫ਼ ਦਿਤਾ ਜਾਂਦਾ ਹੈ। ਪ੍ਰਾਣੀ ਕੁਰਆਨ ਨੂੰ ਹੱਥ ਵਿਚ ਫੜ ਕੇ ਆਪਣੇ ਸਭ ਗੁਨਾਹਾਂ ਦਾ ਪਸਚਾਤਾਪ ਕਰਦਾ ਹੈ। ਇਸ ਤੋਂ ਬਾਅਦ ਕੁਰਆਨ ਦੇ ਵਜ਼ਨ ਦੇ ਬਰਾਬਰ ਸਾਮਗਰੀ ਗ਼ਰੀਬਾਂ ਵਿਚ ਵੰਡੀ ਜਾਂਦੀ ਹੈ। ਜੇ ਮਰਨ ਵਾਲਾ ਪ੍ਰਾਣੀ ਸੁਰਤ ਵਿਚ ਨਾ ਹੋਵੇ, ਤਾਂ ਉਸ ਦਾ ਕੋਈ ਸਕਾ ਸਬੰਧੀ ਇਸ ਰਸਮ ਨੂੰ ਨਿਭਾ ਦੇਂਦਾ ਹੈ।

**(ਹ-51) ਹਦੀਸ :**

ਇਸਲਾਮੀ ਪਰੰਪਰਾ ਵਿਚ ਕੁਰਆਨ ਤੋਂ ਬਾਅਦ ਹਦੀਸਾਂ ਨੂੰ ਮਾਨਤਾ ਪ੍ਰਾਪਤ ਹੈ। ਹਜ਼ਰਤ ਮੁਹੰਮਦ ਸਾਹਿਬ ਨੂੰ ਜੋ ਬਾਨੀ ਇਲਹਾਮ ਦੇ ਰੂਪ ਵਿਚ ਉਤਰੀ, ਉਹ ਕੁਰਆਨ ਵਿਚ ਦਰਜ ਮਿਲਦੀ ਹੈ। ਪਰ ਹਜ਼ਰਤ ਮੁਹੰਮਦ ਸਾਹਿਬ ਅਤੇ ਉਨ੍ਹਾਂ ਦੇ ਖ਼ਲੀਫ਼ਿਆਂ ਨੇ, ਆਪਣੇ ਜੀਵਨ ਦੇ ਦੌਰਾਨ ਬਚਨ ਬਿਲਾਸ ਵੇਲੇ ਜੋ ਫ਼ੁਰਮਾਨ ਦਿਤੇ ਅਥਵਾ ਲੋਕਾਂ ਨੂੰ ਸਦਾਚਾਰਕ, ਭਾਈਚਾਰਕ ਅਤੇ ਵਿਹਾਰਕ ਉਪਦੇਸ਼ ਦਿਤੇ, ਉਹ ਸਭ ਹਦੀਸਾਂ ਦੇ ਰੂਪ ਵਿਚ ਪ੍ਰਚਲਤ ਹਨ। ਹਦੀਸਾਂ ਨੂੰ, ਹਜ਼ਰਤ ਮੁਹੰਮਦ ਸਾਹਿਬ ਦੇ ਮੋਗਰੋਂ, ਲੋਕਾਂ ਤੋਂ ਸੁਣ ਕੇ ਇਕੱਠਾ ਕੀਤਾ ਗਿਆ ਹੈ। ਹਦੀਸਾਂ ਮੂਲ ਵਿਚ ਇਸਲਾਮੀ ਲੋਕਧਾਰਾ ਦਾ ਹੀ ਲਿਪੀਬਧ ਰੂਪ ਹਨ। ਸਹੀ ਬੁਖ਼ਾਰੀ ਨੇ 7397 ਹਦੀਸਾਂ ਇਕੱਠੀਆਂ ਕੀਤੀਆਂ। ਹਦੀਸ ਸ਼ਰ੍ਹਾ ਫ਼ਿਕਾ ਦਾ ਅਨਿਖੜ ਅੰਗ ਹਨ ਅਤੇ ਕਾਜ਼ੀ ਮੁਕੱਦਮਿਆਂ ਦੇ ਫ਼ੈਸਲੇ ਹਦੀਸਾਂ ਅਨੁਸਾਰ ਹੀ ਕਰਦੇ ਹਨ।

**(ਹ-52) ਹਨੂਮਾਨ :**

ਇਕ ਪੌਰਾਣਿਕ ਪੁਰਸ਼; ਹਨੂਮਾਨ ਦੀ ਉਤਪੱਤੀ ਬਾਰੇ ਕਈ ਕਥਾਵਾਂ ਗ੍ਰੰਥਾਂ ਵਿਚ ਮਿਲਦੀਆਂ ਹਨ। ਵਾਲਮੀਕੀ ਰਾਮਾਇਣ ਅਨੁਸਾਰ ਹਨੂਮਾਨ ਇਕ ਅਪੱਛਰਾਂ 'ਪੁੰਜਿਕਸਥਲਾ', ਜਿਸ ਨੂੰ ਅੰਜਨਾ ਵੀ ਕਹਿੰਦੇ ਹਨ, ਦਾ ਪੁੱਤਰ ਸੀ। ਇਕ ਵਾਰ ਜੰਗਲ ਵਿਚ ਪਵਨ (ਵਾਯੂ) ਦੇਵਤੇ ਦੀ ਨਜ਼ਰ ਅੰਜਨਾ ਉਪਰ ਜਾ ਪਈ ਅਤੇ ਉਹ ਕਾਮਾਤੁਰ ਹੋ ਉਠਿਆ। ਅੰਜਨਾ ਦੇ ਵਿਰੋਧ ਕਰਨ 'ਤੇ, ਪਵਨ ਦੇਵਤੇ ਨੇ ਉਸਨੂੰ ਇਹ ਕਹਿ ਕੇ ਚੁਪ ਕਰਾ ਦਿਤਾ ਕਿ ਉਸ ਦੀ ਕੁਖੋਂ ਜੋ ਬਾਲਕ ਜਨਮੇਗਾ, ਉਹ ਬੜਾ ਬਲਵਾਨ ਹੋਵੇਗਾ। ਪਵਨ ਦਾ ਪੁਤਰ ਹੋਣ ਦੇ ਨਾਤੇ ਹੀ ਹਨੂਮਾਨ ਨੂੰ 'ਪਵਨ ਪੁਤਰ' ਕਿਹਾ ਜਾਂਦਾ ਹੈ।

ਇਕ ਹੋਰ ਕਥਾ ਅਨੁਸਾਰ ਹਨੂਮਾਨ ਦੀ ਮਾਂ ਅੰਜਨਾ ਨੂੰ ਇਕ ਵਿਸ਼ੇਸ਼ ਪਿੰਨੀ ਦੇ ਖਾਣ ਨਾਲ ਗਰਭ ਠਹਿਰ ਗਿਆ ਸੀ। ਦਸਰਥ ਦੇ ਘਰ ਸੰਤਾਨ ਨਹੀਂ ਸੀ ਹੁੰਦੀ ਅਤੇ ਉਸ ਨੇ ਵਸ਼ਿਸ਼ਟ ਰਿਸ਼ੀ ਦੇ ਆਦੇਸ਼ 'ਤੇ ਇਕ ਯੱਗ ਕੀਤਾ। ਯੱਗ ਵਿਚੋਂ ਹੀ ਘਿਉ, ਖੰਡ ਅਤੇ ਚਾਵਲ ਦੀ ਥੋੜੀ ਜਿਹੀ ਸਮਿਗਰੀ ਕਢ ਕੇ, ਤਿੰਨ ਪਿੰਨੀਆਂ ਤਿਆਰ ਕੀਤੀਆਂ ਅਤੇ ਦਸਰਥ ਦੀਆਂ ਤਿੰਨੋਂ ਪਤਨੀਆਂ ਨੂੰ ਇਕ ਇਕ ਪਿੰਨੀ ਖਾਣ ਲਈ ਦਿਤੀ ਗਈ। ਕਕਈ ਦੀ ਪਿੰਨੀ ਇਕ ਇੱਲ ਝਪਟਾ ਕੇ ਪਰਬਤ ਵਲ ਉੱਡ ਗਈ ਅਤੇ ਉਸ ਨੇ ਉਹ ਪਿੰਨੀ ਸ਼ਿਵਜੀ ਦੀ ਮੂਰਤੀ ਦੇ ਸਾਹਮਣੇ, ਸੰਤਾਨ ਲਈ ਪ੍ਰਾਰਥਨਾ ਵਿਚ ਲੀਨ, ਅੰਜਨਾ ਦੇ ਅੱਗੇ ਜਾ ਸੁਟੀ। ਉਸੇ ਵੇਲੇ ਸ਼ਿਵ ਜੀ ਪ੍ਰਗਟ ਹੋਏ ਅਤੇ ਅੰਜਨਾ ਨੂੰ ਕਹਿਣ ਲੱਗੇ ਕਿ ਇਸ ਪਿੰਨੀ ਦੇ ਖਾਣ ਨਾਲ ਤੇਰੇ ਘਰ ਬੀਰ ਯੋਧਾ ਪੈਦਾ ਹੋਏਗਾ। ਇਹ ਕਥਾ ਰਾਮ ਚੰਦਰ ਅਤੇ ਹਨੂਮਾਨ ਵਿਚ ਜਮਾਂਦਰੂ ਰਿਸ਼ਤਾ ਸਿੱਧ ਕਰਨ ਲਈ ਲੋਕ-ਮਨ ਨੇ ਘੜੀ ਜਾਪਦੀ ਹੈ।

ਹਨੂਮਾਨ ਬੜੀਆਂ ਅਲੌਕਿਕ ਤੇ ਪਰਾਸਰੀਰਕ ਸ਼ਕਤੀਆਂ ਦਾ ਮਾਲਕ ਸੀ। ਕਹਿੰਦੇ ਹਨ, ਜੰਮਦਿਆਂ ਸਾਰ ਹੀ ਹਨੂਮਾਨ ਨੇ ਮਾਂ ਦੀਆਂ ਛਾਤੀਆਂ ਨੂੰ ਜ਼ੋਰ ਨਾਲ ਚੁੰਘਣਾ ਸ਼ੁਰੂ ਕਰ ਦਿਤਾ, ਪਰ ਉਸ ਦੀ ਪੂਰੀ ਤਰ੍ਹਾਂ ਤ੍ਰਿਪਤੀ ਨਾ ਹੋਈ। ਬਾਲਕ ਹਨੂਮਾਨ ਦੀ ਨਜ਼ਰ ਪੂਰਬ ਵਲੋਂ ਚੜ੍ਹਦੇ ਸੂਰਜ ਉਤੇ ਜਾ ਪਈ, ਜਿਸ ਨੂੰ ਫਲ ਜਾਣ ਕੇ ਹਨੂਮਾਨ ਖਾਣ ਲਈ ਉਛਲਿਆ। ਸੂਰਜ ਘਬਰਾਇਆ ਹੋਇਆ ਇੰਦਰਪੁਰੀ ਵਿਚ ਜਾ ਛੁਪਿਆ, ਪਰ ਹਨੂਮਾਨ ਉਸ ਦਾ ਪਿੱਛਾ ਕਰਦਾ ਉਥੇ ਵੀ ਜਾ ਪੁਜਾ। ਇੰਦਰ ਨੇ ਸੂਰਜ ਦੀ ਰੱਖਿਆ ਕਰਨ ਲਈ ਆਪਣੇ ਵਜਰ ਨਾਲ ਬਾਲਕ ਨੂੰ ਭੋਇੰ ਉਤੇ ਪਟਕਾ ਕੇ ਮਾਰਿਆ, ਜਿਸ ਕਰ ਕੇ ਉਹਦਾ ਹਨੁ (ਜਬਾੜਾ) ਵਿੰਗਾ ਹੋ ਗਿਆ ਅਤੇ ਉਹ ਬਾਲਕ ਹਨੂਮਾਨ ਅਖਵਾਇਆ। ਹਨੂਮਾਨ ਦਾ ਸ਼ਾਬਦਿਕ ਅਰਥ ਹੈ : ਜਿਸ ਦਾ ਜਬੜਾ ਵਧਿਆ ਹੋਵੇ। ਪੌਣ ਦੇਵਤੇ ਨੂੰ ਇਸ ਗੱਲ ਦਾ ਬੜਾ ਦੁਖ ਹੋਇਆ ਅਤੇ ਉਸ ਨੇ ਸਭ ਦੇਵਤਿਆਂ ਤੋਂ ਬਦਲਾ ਲੈਣ ਦੀ ਭਾਵਨਾ ਨਾਲ ਉਨ੍ਹਾਂ ਦੇ ਪੇਟ ਵਿਚ ਭਿਆਨਕ ਸੂਲ ਪੈਦਾ ਕਰ ਦਿਤਾ। ਦੇਵਤੇ ਘਬਰਾ ਕੇ ਵਾਯੂ ਨੂੰ ਪਤਿਆਣ ਲਗੇ। ਬ੍ਰਹਮਾ ਨੇ ਵਾਯੂ ਨੂੰ ਖ਼ੁਸ਼ ਕਰਨ ਲਈ ਹਨੂਮਾਨ ਨੂੰ ਵਰ ਦਿਤਾ ਕਿ ਇਹ ਬੀਰ ਯੁਧ ਵਿਚ ਕਦੇ ਵੀ ਕਿਸੇ ਤੋਂ ਮਾਰਿਆ ਨਹੀਂ ਜਾ ਸਕੇਗਾ। ਇੰਦਰ ਨੇ ਪੀੜਤ ਹੋ ਕੇ ਪਵਨ ਤੋਂ ਖਿਮਾ ਮੰਗੀ ਅਤੇ ਹਨੂਮਾਨ ਨੂੰ ਅਮਰ ਜੀਵਨ ਤੇ ਸਦੀਵ ਕਾਲ ਲਈ ਯੁਵਾ ਅਵਸਥਾ ਬਖਸ਼ੀ, ਤਾਂ ਜਾ ਕੇ ਪੌਣ ਦੇਵਤੇ ਨੇ ਸਭ ਦੇਵਤਿਆਂ ਦੀ ਜਾਨ ਛੱਡੀ।

ਸੀਤਾ ਦੀ ਖੋਜ ਵੇਲੇ ਸਾਗਰ ਨੂੰ ਪਾਰ ਕਰਨ ਲਗਿਆਂ ਹਨੂਮਾਨ ਨੇ ਅਸਚਰਜ ਕਰ ਦੇਣ ਵਾਲੀ ਸ਼ਕਤੀ ਵਿਖਾਈ। ਸੁਗਰੀਵ ਨੇ ਸੀਤਾ ਦੀ ਭਾਲ ਵਿਚ, ਆਪਣੇ ਚਾਰ ਦੂਤ ਚਹੁੰ ਕੂੰਟਾਂ ਵਲ ਭੇਜੇ, ਤਾਂ ਹਨੂਮਾਨ ਨੂੰ ਦੱਖਣ ਦਿਸ਼ਾ ਵਲ ਜਾਣ ਦਾ ਆਦੇਸ਼ ਹੋਇਆ। ਜਦੋਂ ਹਨੂਮਾਨ ਤੇ ਉਹਦੇ ਸਾਥੀ ਦੱਖਣ ਦੇ ਜੰਗਲਾਂ ਵਿਚ ਸੀਤਾ ਨੂੰ ਢੂੰਡ ਰਹੇ ਸਨ ਤਾਂ ਉਨ੍ਹਾਂ ਦੀ ਸੰਪਾਤੀ ਨਾਂ ਦੇ ਗਿਰਝ ਨਾਲ ਮੁਲਾਕਾਤ ਹੋਈ, ਜੋ ਜਟਾਊ ਦਾ ਭਰਾ ਸੀ। ਸੰਪਾਤੀ ਨੇ ਹਨੂਮਾਨ ਨੂੰ ਸੀਤਾ ਦੇ ਲੰਕਾ ਵਲ ਜਾਣ ਬਾਰੇ ਦਸਿਆ। ਸਮੁੰਦਰ ਦੇ ਕੰਢੇ ਤੋਂ ਲੰਕਾ ਦੇ ਟਾਪੂ ਤਕ ਲੰਮੀ ਛਾਲ ਮਾਰਨੀ ਹਨੂਮਾਨ ਲਈ ਸੌਖੀ ਗੱਲ ਨਹੀਂ ਸੀ। ਪਰ ਉਦੋਂ ਹਨੂਮਾਨ ਨੇ ਆਪਣੀ ਪਰਾਪ੍ਰਕ੍ਰਿਤਕ ਸ਼ਕਤੀ ਦੀ ਵਰਤੋਂ ਕਰਦਿਆਂ ਵੱਡਾ ਆਕਾਰ ਧਾਰਨ ਕਰ ਕੇ ਛਾਲ ਮਾਰੀ। ਜਦੋਂ ਉਹ ਗਰਜਦਾ ਹੋਇਆ ਪਹਾੜ ਵਾਂਗ ਅਕਾਸ਼ ਤੋਂ ਲੰਘ ਰਿਹਾ ਸੀ ਤਾਂ ਇਕ ਰਾਖਸ਼ਣੀ ਸੁਰਸਾ ਨੇ ਉਸ ਨੂੰ ਨਿਗਲਣ ਦੀ ਚੇਸ਼ਟਾ ਨਾਲ ਆਪਣਾ ਮੂੰਹ ਅੱਡਿਆ। ਸੁਰਸਾ ਬੜੇ ਵਡੇ ਆਕਾਰ ਦੀ ਸ਼ਕਤੀਸ਼ਾਲੀ ਰਾਖਸ਼ਣੀ ਸੀ, ਜੋ

Sri Satguru Jagjit Singh Ji eLibrary NamdhariElibrary@gmail.com

ਅਸਮਾਨ ਵਿਚ ਉਡਦੇ ਪ੍ਰਾਣੀ ਦੇ ਪ੍ਰਛਾਵੇਂ ਨੂੰ ਗ੍ਰਸ ਕੇ ਉਹਨੂੰ ਆਪਣੀ ਗਰਾਹੀ ਬਣਾ ਲੈਂਦੀ ਸੀ। ਹਨੂਮਾਨ ਬਚਾਓ ਲਈ ਝਟ ਸੁੰਗੜ ਕੇ ਅੰਗੂਠੇ ਜਿਤਨਾ ਲਘੂ ਹੋ ਗਿਆ ਅਤੇ ਰਾਖਸ਼ਣੀ ਦੇ ਸਰੀਰ ਦੇ ਅੰਦਰ ਲੰਘ ਕੇ, ਮੁੜ ਵੱਡਾ ਅਕਾਰ ਧਾਰਨ ਕਰ ਕੇ, ਉਹਦੇ ਸੱਜੇ ਕੰਨ ਵਿਚੋਂ ਬਾਹਰ ਨਿਕਲ ਗਿਆ। ਇਸ ਤਰ੍ਹਾਂ ਸੁਰਸਾ ਦਾ ਸਾਰਾ ਸਰੀਰ ਟੁਕੜੇ ਟੁਕੜੇ ਹੋ ਗਿਆ ਅਤੇ ਉਹ ਮਾਰੀ ਗਈ। ਲੰਕਾ ਪਹੁੰਚ ਕੇ, ਹਨੂਮਾਨ ਬਿੱਲੀ ਦਾ ਰੂਪ ਧਾਰ ਕੇ ਰਾਵਨ ਦੇ ਮਹਿਲਾਂ ਵਿਚ ਘੁੰਮਦਾ ਰਿਹਾ ਤੇ ਅਖ਼ੀਰ ਸੀਤਾ ਨੂੰ ਅਸ਼ੋਕ ਬਾਗ਼ ਜਾ ਮਿਲਿਆ। ਲੰਕਾ ਵਿਚ ਹਨੂਮਾਨ ਨੇ ਕਈ ਅਸਚਰਜ ਕਾਰਨਾਮੇ ਕੀਤੇ। ਰਾਖਸ਼ਾਂ ਨੇ ਹਨੂਮਾਨ ਦੀ ਪੂਛਲ ਉਤੇ ਤੇਲ ਮਲ ਕੇ ਅੱਗ ਲਗਾ ਦਿਤੀ, ਤਾਂ ਜੋ ਉਹ ਸੜ ਕੇ ਭਸਮ ਹੋ ਜਾਏ, ਪਰ ਹਨੂਮਾਨ ਕੋਠੇ ਕੰਧਾਂ ਟੱਪਦਾ ਸਾਰੇ ਨਗਰ ਵਿਚ ਅੱਖ ਪਲਕਾਰੇ ਵਿਚ ਘੁੰਮ ਗਿਆ, ਜਿਸ ਕਰ ਕੇ ਸਾਰੇ ਸ਼ਹਿਰ ਨੂੰ ਅੱਗ ਲਗ ਗਈ। ਇਸੇ ਪ੍ਰਸੰਗ ਵਿਚ ਹਨੂਮਾਨ ਨੂੰ 'ਲੰਕਾ-ਦਾਹੀ' ਕਿਹਾ ਜਾਂਦਾ ਹੈ।

ਯੁਧ ਵਿਚ ਜਦੋਂ ਰਾਮ ਤੇ ਲਛਮਣ ਨੂੰ ਸਖ਼ਤ ਘਾਉ ਲਗੇ ਤਾਂ ਲਛਮਣ ਮੂਰਛਿਤ ਹੋ ਗਿਆ। ਉਦੋਂ ਉਨ੍ਹਾਂ ਦੀ ਜਾਨ ਬਚਾਣ ਲਈ ਹਨੂਮਾਨ ਹਿਮਾਲਾ ਦੇ ਦ੍ਰੋਣਾਗਿਰੀ ਪਰਬਤ ਉਤੋਂ ਸੰਜੀਵਨੀ ਅਤੇ ਕੁਝ ਹੋਰ ਬੂਟੀਆਂ ਲੈਣ ਲਈ ਗਿਆ। ਪਰ ਰਾਵਨ ਨੇ ਕਾਲਨੇਮੀ ਦੈਂਤ ਨੂੰ ਪਹਿਲਾਂ ਤੋਂ ਹੀ ਹਿਮਾਲਾ ਪਰਬਤ ਉਤੇ, ਹਨੂਮਾਨ ਦਾ ਨਾਸ਼ ਕਰਨ ਲਈ ਭੇਜ ਦਿਤਾ ਸੀ। ਕਾਲਨੇਮੀ ਨੇ ਹਨੂਮਾਨ ਨੂੰ ਭੋਜਨ ਖਾਣ ਦੀ ਦਾਅਵਤ ਦਿਤੀ, ਪਰ ਇਕ ਅਪੱਛਰਾਂ, ਜੋ ਦਖਸ਼ ਦੇ ਸਰਾਪ ਕਾਰਨ, ਮਗਰਮਛ ਦੇ ਰੂਪ ਵਿਚ, ਤਲਾਬ ਵਿਚ ਰਹਿੰਦਾ ਸੀ ਅਤੇ ਜਿਸ ਨੂੰ ਹਨੂਮਾਨ ਨੇ ਸਰਾਪ ਤੋਂ ਮੁਕਤ ਕੀਤਾ ਸੀ, ਨੇ ਹਨੂਮਾਨ ਨੂੰ ਅਸਲੀ ਗੱਲ ਦਸ ਦਿਤੀ। ਹਨੂਮਾਨ ਨੇ ਕਰੋਧ ਵਿਚ ਆ ਕੇ ਕਾਲਨੇਮੀ ਨੂੰ ਲੱਤੋਂ ਪਕੜ ਕੇ ਹਵਾ ਵਿਚ ਅਜਿਹੀ ਭੁਆਂਟੀ ਦਿਤੀ ਕਿ ਉਸ ਦਾ ਮ੍ਰਿਤਕ ਸਰੀਰ ਲੰਕਾ ਵਿਚ ਰਾਵਨ ਦੇ ਕਦਮਾਂ ਵਿਚ ਜਾ ਡਿਗਿਆ।

ਹਨੂਮਾਨ ਜਦੋਂ ਸੰਜੀਵਨੀ ਬੂਟੀ ਲਭਣ ਲੱਗਾ ਤਾਂ ਇੰਦਰ ਦੇ ਛਲ ਕਾਰਨ ਉਸ ਨੂੰ ਸਭ ਬੂਟੀਆਂ ਇਕੋ ਜਿਹੀਆਂ ਦਿਸੀਆਂ; ਅਖ਼ੀਰ ਹਨੂਮਾਨ ਪਹਾੜ ਦਾ ਇਕ ਵੱਡਾ ਸਾਰਾ ਟੁਕੜਾ ਹੀ ਚੁਕ ਕੇ ਲੰਕਾ ਵਲ ਦੌੜਿਆ। ਸੰਜੀਵਨੀ ਬੂਟੀ ਦਾ ਅਸਰ ਚੰਨ ਚੜ੍ਹਨ ਤੋਂ ਪਹਿਲਾਂ ਹੁੰਦਾ ਸੀ। ਸੋ, ਹਨੂਮਾਨ ਨੇ ਚੰਨ ਨੂੰ ਚੜ੍ਹਦੇ ਸਾਰ ਮੂੰਹ ਵਿਚ ਪਾ ਲਿਆ ਅਤੇ ਲੰਕਾ ਪਹੁੰਚ ਕੇ ਰਾਮ, ਲਛਮਨ ਅਤੇ ਅਨੇਕਾਂ ਹੋਰ ਜ਼ਖ਼ਮੀਆਂ ਨੂੰ ਇਸ ਬੂਟੀ ਨਾਲ ਨਵਾਂ ਨਰੋਆ ਕਰ ਦਿਤਾ

ਹਨੂਮਾਨ ਨੂੰ ਅਮਰ ਜੀਵਨ ਤੇ ਸਦੀਵ ਕਾਲ ਲਈ ਯੁਵਾ ਅਵਸਥਾ ਦਾ ਵਰ ਪ੍ਰਾਪਤ ਹੈ, ਜਿਸ ਕਰ ਕੇ ਉਹ ਅਬਿਨਾਸ਼ੀ ਹੈ। ਮਹਾਂਭਾਰਤ ਅਨੁਸਾਰ ਸ੍ਰੀ ਰਾਮ ਚੰਦਰ ਦੀ ਮ੍ਰਿਤੂ ਪਿਛੋਂ ਹਨੂਮਾਨ ਹਿਮਾਲਾ ਪਰਬਤ ਉਤੇ ਜਾ ਕੇ ਰਹਿਣ ਲੱਗਾ। ਦੁਆਪਰ ਯੁਗ ਵਿਚ ਇਕ ਵਾਰ ਭੀਮ, ਜੋ ਪਵਨ ਦੇਵਤੇ ਤੋਂ ਕੁੰਤੀ ਦੇ ਉਦਰ ਤੋਂ ਪੈਦਾ ਹਣ ਕਰ ਕੇ, ਹਨੂਮਾਨ ਦਾ ਭਰਾ ਲੱਗਦਾ ਸੀ, ਦਰੋਪਤੀ ਦੀ ਇੱਛਾ ਪੂਰਤੀ ਲਈ, ਪੌਰਾਣਿਕ ਕਲਪ ਬ੍ਰਿਛ ਨੂੰ ਖੋਜਦਾ ਹੋਇਆ ਉਧਰੋਂ ਦੀ ਲੰਘਿਆ। ਅੱਗੇ ਪਰਬਤ ਵਾਂਗ ਹਨੂਮਾਨ ਲੇਟਿਆ ਪਿਆ ਸੀ। ਭੀਮ ਆਦਰ ਸਦਕਾ ਨਾ ਤਾਂ ਹਨੂਮਾਨ ਉਤੋਂ ਦੀ ਟਪ ਕੇ ਅਤੇ ਨਾ ਹੀ ਉਹਦੇ ਸਿਰ ਵਲੋਂ ਦੀ ਲੰਘਣਾ ਚਾਹੁੰਦਾ ਸੀ, ਕਿਉਂ ਜੋ ਹਨੂਮਾਨ ਉਸ ਦਾ ਵੱਡਾ ਭਰਾ ਸੀ, ਪਰ ਹਨੂਮਾਨ ਵੀ ਉਥੋਂ ਹਿਲਣਾ ਨਹੀਂ ਸੀ ਚਾਹੁੰਦਾ। ਅਖ਼ੀਰ, ਕੁਝ ਬਚਨ ਬਿਲਾਸ ਮਗਰੋਂ ਭੀਮ ਹਨੂਮਾਨ ਦੀ ਪੂਛਲ ਵਲੋਂ ਲੰਘਣਾ ਮੰਨ ਗਿਆ, ਪਰ ਜਦੋਂ ਭੀਮ ਪੂਛਲ ਵਲੋਂ ਲੰਘਣ ਲੱਗਾ ਤਾਂ ਹਨੂਮਾਨ ਦੀ ਪੂਛਲ ਸ਼ੈਤਾਨ ਦੀ ਆਂਦਰ ਵਾਂਗ ਵਧਦੀ ਗਈ। ਭੀਮ ਨੇ ਆਪਣੇ ਗੁਰਜ ਨਾਲ ਪੂਛਲ ਨੂੰ ਪਰ੍ਹੇ ਹਟਾਣਾ ਚਾਹਿਆ, ਪਰ ਗੁਰਜ ਟੁਕੜੇ ਟੁਕੜੇ ਹੋ ਗਿਆ। ਅਖ਼ੀਰ, ਭੀਮ ਨੇ ਮਾਯੂਸ ਹੋ ਕੇ ਹਨੂਮਾਨ ਤੋਂ ਖਿਮਾ ਮੰਗੀ ਤਾਂ ਹਨੂਮਾਨ ਨੇ ਸੁੰਗੜ ਕੇ ਉਸ ਨੂੰ ਲੰਘਣ ਲਈ ਰਾਹ ਦਿਤਾ।

ਹਨੂਮਾਨ ਵਡਾ ਵਿਦਵਾਨ, ਵਿਆਕਰਣੀ ਅਤੇ ਸ਼ਾਸਤ੍ਰਾਂ ਦਾ ਗਿਆਤਾ ਵੀ ਸੀ। ਰਾਮਾਇਣ ਦੇ ਉਤਰ ਖੰਡ ਅਨੁਸਾਰ ਸ਼ਾਸਤਰਾਂ ਦਾ ਗਿਆਨ ਰਖਣ ਅਤੇ ਧਰਮ ਗ੍ਰੰਥਾਂ ਦੇ ਸਾਰਤਤ ਜਾਣਨ ਵਿਚ, ਕੋਈ ਦੂਜਾ ਹਨੂਮਾਨ ਦੇ ਬਰਾਬਰ ਨਹੀਂ ਸੀ ਪੁਜਦਾ। ਹਰ ਤਰ੍ਹਾਂ ਦੇ ਗਿਆਨ, ਵਿਗਿਆਨ ਤੇ ਆਤਮ-ਸੰਜਮ ਵਿਚ ਉਹ ਦੇਵਤਿਆਂ ਦੇ ਗੁਰੂ ਨਾਲ ਤੁਲ ਸਕਦਾ ਸੀ।

ਹਨੂਮਾਨ ਨੇ ਭਾਵੇਂ ਸ੍ਰੀ ਰਾਮ ਚੰਦਰ ਜੀ ਦੀ ਬੜੀ ਸੇਵਾ ਕੀਤੀ, ਪਰ ਉਸ ਨੂੰ ਤਨ ਢਕਣ ਲਈ ਕਛੋਟੀ ਤੋਂ ਸਿਵਾ ਹੋਰ ਕੁਝ ਨਸੀਬ ਨਹੀਂ ਹੋਇਆ। ਇਸ ਬਾਰੇ ਵੀ ਇਕ ਕਥਾ ਪ੍ਰਚਲਤ ਹੈ— ਇਕ ਵਾਰ ਹਨੂਮਾਨ ਨੇ ਜੰਗਲ ਵਿਚੋਂ ਲੰਘ ਰਹੇ ਰਿਸ਼ੀਆਂ ਨੂੰ ਘੇਰ ਕੇ ਲੁਟ ਲਿਆ ਅਤੇ ਉਨ੍ਹਾਂ ਦੇ ਤਨ ਉਤੇ ਕਛੋਟੀ ਤੋਂ ਸਿਵਾ ਹੋਰ ਕੁਝ ਨਾ ਰਹਿਣ ਦਿਤਾ। ਰਿਸ਼ੀਆਂ ਨੇ ਹਨੂਮਾਨ ਨੂੰ ਸਰਾਪ ਦਿਤਾ ਕਿ ਤੂੰ ਭਾਵੇਂ ਕਿਤਨਾ ਤੇਜਵਾਨ ਹੋ ਜਾਵੇਂ, ਤੇਰੇ ਤਨ ਉਤੇ ਕਛੋਟੀ ਹੀ ਰਹੇਗੀ।

ਹਨੂਮਾਨ ਕਈ ਹੋਰ ਨਾਵਾਂ ਨਾਲ ਵੀ ਪ੍ਰਸਿਧ ਹੈ। ਪੌਣ ਦੇਵਤੇ ਦਾ ਪੁਤਰ ਹੋਣ ਕਰ ਕੇ ਇਸ ਨੂੰ 'ਪੌਣ ਪੁਤਰ', 'ਮਰੁਤ ਪੁਤਰ', 'ਆਨਿਲ' ਤੇ 'ਮਾਰੁਤੀ' ਵੀ ਕਿਹਾ ਜਾਂਦਾ ਹੈ ਅਤੇ ਅੰਜਨਾ ਦੇ ਕੁਖੋਂ ਪੈਦਾ ਹੋਣ ਕਰ ਕੇ 'ਆਂਜਨੇਯ'।

ਹਨੂਮਾਨ ਭਗਤ ਇਸ ਨੂੰ ਦੇਵਤੇ ਵਾਂਗ ਪੂਜਦੇ ਹਨ। ਪੰਜਾਬ ਵਿਚ ਹਨੂਮਾਨ ਦੇ ਮੰਦਰ ਤੇ ਮੂਰਤੀਆਂ ਆਮ ਮਿਲਦੀਆਂ ਹਨ। ਨਿਰਸੰਤਾਨ ਤੀਵੀਆਂ ਸੰਤਾਨ ਦੀ ਇੱਛਾ ਨਾਲ ਮੰਗਲਵਾਰ ਨੂੰ ਹਨੂਮਾਨ ਦਾ ਵਰਤ ਰਖਦੀਆਂ ਤੇ ਪੂਜਾ ਅਰਚਾ ਕਰਦੀਆਂ ਹਨ। ਨੀਵੀਆਂ ਜਾਤੀਆਂ ਵਿਚ ਹਨੂਮਾਨ ਦੇ ਅਨੇਕਾਂ ਅਨਿਨ ਭਗਤ ਮਿਲਦੇ ਹਨ। ਬਾਂਦਰ ਹਨੂਮਾਨ ਦਾ ਦੂਤ ਸਮਝਿਆ ਜਾਂਦਾ ਹੈ। ਇਸ ਲਈ ਵੈਸ਼ਨੋ ਮੰਦਰਾਂ ਵਿਚ ਬਾਂਦਰਾਂ ਨੂੰ ਦੁਰਕਾਰਿਆ ਨਹੀਂ ਜਾਂਦਾ (ਵੇਖੋ : ਹਨੂਮਾਨ ਪੂਜਾ)।

ਪੰਜਾਬ ਵਿਚ ਕੁਝ ਹਨੂਮਾਨ ਕੁੰਡ ਵੀ ਮਿਲਦੇ ਹਨ, ਇਸ ਤਰ੍ਹਾਂ ਦਾ ਇਕ ਕੁੰਡ ਸੈਦਪੁਰ ਵਿਚ ਹੈ।

### (ਹ-53) ਹਨੂਮਾਨ ਪੂਜਾ :

ਵੈਸ਼ਨੋ ਭਗਤਾਂ ਵਿਚ, ਰਾਮ ਅਤੇ ਕ੍ਰਿਸ਼ਨ ਤੋਂ ਬਾਅਦ, ਹਨੂਮਾਨ ਨੂੰ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਵੈਸ਼ਨੋ ਮੰਦਰਾਂ ਵਿਚ ਕਈ ਥਾਈਂ ਰਾਮ ਚੰਦਰ ਦੀ ਮੂਰਤੀ ਦੇ ਨਾਲ ਹੀ ਹਨੂਮਾਨ ਦੀ ਮੂਰਤੀ ਵੀ ਸਥਾਪਿਤ ਹੁੰਦੀ ਹੈ। ਪਰ ਹਨੂਮਾਨ ਦੀ ਪੂਜਾ ਵੱਖਰੀ ਸੰਪ੍ਰਦਾਇ ਦੇ ਰੂਪ ਵਿਚ ਵੀ ਪ੍ਰਚਲਤ ਹੈ, ਜਿਸ ਕਰ ਕੇ ਪੰਜਾਬ ਦੇ ਕਈ ਮੰਦਰਾਂ ਵਿਚ ਹਨੂਮਾਨ ਨੂੰ ਹੀ ਸਰਬ-ਸੰਮ੍ਰਥ, ਦੁਖਹਰਤਾ ਅਤੇ ਕਲਿਆਣਕਾਰੀ ਮੰਨ ਕੇ ਪੂਜਿਆ ਜਾਂਦਾ ਹੈ। ਪਿੰਡਾਂ ਵਿਚ ਪਛੜੀਆਂ ਜਾਤਾਂ ਵਾਲੇ, ਦੋ ਇਟਾਂ ਰਖ ਕੇ ਤੇ ਉਨ੍ਹਾਂ ਨੂੰ ਸੰਧੂਰ ਅਤੇ ਤੇਲ ਨਾਲ ਰੰਗ ਕੇ, ਜਾਂ ਹਨੂਮਾਨ ਦੀ ਨਿੱਕੀ ਜਿਹੀ ਮੂਰਤੀ ਸਥਾਪਿਤ ਕਰ ਕੇ, ਉਹਦਾ ਲਘੂ-ਮੰਦਿਰ ਜਾਂ ਮੜ੍ਹੀ ਸਿਰਜ ਲੈਂਦੇ ਹਨ। ਹਨੂਮਾਨ ਸ਼ਕਤੀ ਅਤੇ ਬਲ ਦਾ ਦੇਵਤਾ ਹੋਣ ਦੇ ਨਾਤੇ ਪਿੰਡ ਦਾ ਰੱਖਿਅਕ ਹੈ। ਵੈਸੇ ਖੇਤਰਪਾਲ ਨੂੰ ਪਿੰਡ ਦਾ ਰੱਖਿਅਕ ਮੰਨਿਆ ਜਾਂਦਾ ਹੈ। ਇਕ ਮੰਤਰ ਵਿਚ ਹਨੂਮਾਨ ਨੂੰ ਖੇਤਰਪਾਲ ਦਾ ਪੁਤਰ ਦਸਿਆ ਗਿਆ ਹੈ— "ਕੌਣ ਜਤੀ, ਹਨਵੰਤ ਜਤੀ, ਖੇਤਰਪਾਲ ਦਾ ਪੁਤਰ।" ਇਸ ਲਈ ਹਨੂਮਾਨ ਨੂੰ ਵੀ ਪਿੰਡ ਦਾ ਰੱਖਿਅਕ ਮੰਨਣਾ ਸੁਭਾਵਿਕ ਹੈ। ਹਨੂਮਾਨ ਦੀ ਮੂਰਤੀ ਹਮੇਸ਼ਾਂ ਲਾਲ ਰੰਗ ਦੀ ਹੁੰਦੀ ਹੈ, ਜਿਸ ਵਿਚ ਹਨੂਮਾਨ ਆਪਣੇ ਹੱਥ ਵਿਚ ਗੁਰਜ ਫੜੀ ਬੀਰਤਾ ਦੀ ਨੁਮਾਇਸ਼ ਕਰ ਰਿਹਾ ਹੁੰਦਾ ਹੈ।

ਮੰਗਲਵਾਰ ਹਨੂਮਾਨ ਦਾ ਪਾਵਨ ਦਿਵਸ ਹੈ। ਇਸ ਦਿਨ ਹਨੂਮਾਨ ਭਗਤ ਵਰਤ ਰਖਦੇ ਅਤੇ ਮੰਦਰ ਵਿਚ ਫਲ ਫੁਲ ਤੇ ਪ੍ਰਸ਼ਾਦਿ ਚੜ੍ਹਾਂਦੇ ਹਨ। ਪੁਰਾਣਾਂ ਅਨੁਸਾਰ ਹਨੂਮਾਨ ਨੂੰ ਕੇਵਲ ਨਰ

Sri Satguru Jagjit Singh Ji eLibrary NamdhariElibrary@gmail.com

ਫਲ ਫੁੱਲ ਹੀ ਭੇਟਾ ਕਰਨਾ ਵਿਧਾਨ ਹੈ, ਕਿਉਂ ਜੋ ਹਨੂਮਾਨ ਸਾਰੀ ਉਮਰ ਬ੍ਰਹਮਚਾਰੀ ਰਿਹਾ। ਚੰਬੇਲੀ, ਰਾਤ ਦੀ ਰਾਣੀ ਅਤੇ ਚੰਪਾ ਆਦਿ ਮਾਦਾ ਫੁੱਲਾਂ ਦੀ ਭੇਟਾ ਹਨੂਮਾਨ ਕਬੂਲ ਨਹੀਂ ਕਰਦਾ।

ਹਨੂਮਾਨ ਭਗਤ ਚੇਤਰ ਦੀ ਚਾਨਣੀ ਪੂਰਨਮਾ ਨੂੰ ਹਨੂਮਾਨ ਦਾ ਜਨਮ ਉਤਸ਼ਵ ਮਨਾਉਂਦੇ ਹਨ। ਬਾਲਮੀਕੀ ਰਾਮਾਇਣ ਅਨੁਸਾਰ ਇਸ ਤਿੱਥ ਨੂੰ ਅੱਧੀ ਰਾਤ ਵੇਲੇ ਹਨੂਮਾਨ ਨੇ ਜਨਮ ਲਿਆ ਸੀ। ਇਸ ਦਿਨ ਰਾਮ ਚਰਿਤ੍ਰ ਮਾਨਸ ਦੇ ਪਾਠ ਤੋਂ ਇਲਾਵਾ ਹਨੂਮਾਨ ਦੀ ਜੀਵਨ ਕਥਾ ਕੀਤੀ ਜਾਂਦੀ ਹੈ। ਹਨੂਮਾਨ ਭਗਤਾਂ ਵਿਚ 'ਹਨੂਮਾਨ ਚਾਲੀਸਾ' ਦੇ ਪਾਠ ਦਾ ਵਿਧਾਨ ਹੈ। ਧਾਰਨਾ ਹੈ ਕਿ ਹਨੂਮਾਨ ਚਾਲੀਸਾ ਪੜ੍ਹਨ ਨਾਲ ਸਭ ਦੁਖ ਤੇ ਸੰਕਟ ਦੂਰ ਹੋ ਜਾਂਦੇ ਹਨ।

ਪਛੜੀਆਂ ਜਾਤੀਆਂ ਨਟ, ਬਾਜੀਗਰ ਆਦਿ ਹਨੂਮਾਨ ਵਿਚ ਵਿਸ਼ੇਸ਼ ਆਸਥਾ ਰਖਦੇ ਹਨ। ਉਨ੍ਹਾਂ ਵਿਚ ਰਾਮ ਨਾਲੋਂ ਹਨੂਮਾਨ ਦੀ ਪੂਜਾ ਵਧੇਰੇ ਵਿਆਪਕ ਰੂਪ ਵਿਚ ਪ੍ਰਚਲਤ ਹੈ।

ਹਿਸਾਰ ਅਤੇ ਬਾਂਗਰ ਦੇ ਇਲਾਕੇ ਵਿਚ ਖੂਹ ਪੁਟਣ ਤੋਂ ਪਹਿਲਾਂ ਹਨੂਮਾਨ ਦੀ ਇਕ ਛੋਟੀ ਜਿਹੀ ਢੇਰੀ (ਹਨੂਮਾਨ ਮਾੜੀ) ਬਣਾ ਦਿਤੀ ਜਾਂਦੀ ਹੈ, ਤਾਂ ਜੋ ਖੁਦਾਈ ਸਮੇਂ ਕੋਈ ਦੁਰਘਟਨਾ ਨਾ ਵਾਪਰੇ ਅਤੇ ਖੂਹ ਦਾ ਪਾਣੀ ਮਿੱਠਾ ਨਿਕਲੇ।

ਧਾਰਨਾ ਹੈ ਕਿ ਹਨੂਮਾਨ ਝਖੜ ਝੋਲਿਆਂ ਤੋਂ ਵੀ ਰੱਖਿਆ ਕਰਦਾ ਹੈ। ਵਾਵਰੋਲੇ ਨੂੰ ਆਉਂਦਾ ਵੇਖ ਕਈ ਹਿੰਦੂ ਹਨੂਮਾਨ ਨੂੰ ਸਿਮਰਦੇ ਹੋਏ ਕਹਿੰਦੇ ਹਨ—"ਹਨੂਮਾਨ ਜੋਧਾ ਤੇਰੀ ਕਾਰ", ਤਾਂ ਵਾਵਰੋਲਾ ਇਕ ਪਾਸੇ ਵਲੋਂ ਲੰਘ ਜਾਂਦਾ ਹੈ। ਧਾਰਨਾ ਹੈ ਕਿ ਇਹੋ ਵਾਕ ਸਤ ਵਾਰ ਪੜ੍ਹਨ ਨਾਲ ਭੂਤ ਪ੍ਰੇਤ ਵੀ ਨਠ ਜਾਂਦੇ ਹਨ। ਜੇ ਕਿਸੇ ਭੂਤ ਉਪਰ ਇਹ ਮੰਤਰ ਸਤ ਵਾਰ ਫੂਕ ਕੇ ਤੇ ਉਸ ਨੂੰ ਬੋਦੀ ਤੋਂ ਫੜ ਕੇ ਬੰਨ੍ਹ ਲਿਆ ਜਾਵੇ ਅਤੇ ਉਦੋਂ ਤਕ ਉਸ ਨੂੰ ਮੁਕਤ ਨਾ ਕੀਤਾ ਜਾਵੇ, ਜਦੋਂ ਤਕ ਉਹ ਤਿੰਨ ਵਾਰ ਹਨੂਮਾਨ ਦਾ ਨਾਂ ਲੈ ਕੇ ਹਰ ਸੰਕਟ ਵੇਲੇ ਮਦਦ ਕਰਨ ਲਈ ਬਚਨਬਧ ਨਾ ਹੋ ਜਾਵੇ, ਤਾਂ ਉਹ ਭੂਤ ਹਮੇਸ਼ਾਂ ਲਈ ਅਧੀਨ ਹੋ ਜਾਂਦਾ ਹੈ (P. N. Q.)। ਅਨੇਕਾਂ ਮੰਤਰਾਂ ਵਿਚ ਹਨੂਮਾਨ ਨੂੰ ਧਿਆਇਆ ਜਾਂਦਾ ਹੈ।

ਦੁਖ ਅਤੇ ਸੰਕਟ ਵੇਲੇ ਹਨੂਮਾਨ ਨੂੰ ਸਿਮਰਿਆ ਜਾਂਦਾ ਹੈ। ਹੇਠਲਾ ਮੰਤਰ ਪੜ੍ਹਨ ਨਾਲ ਹਨੂਮਾਨ ਹਮੇਸ਼ਾਂ ਬਹੁੜਦਾ ਤੇ ਆਪਣੇ ਸ਼ਰਧਾਲੂਆਂ ਦੀ ਰੱਖਿਆ ਕਰਦਾ ਹੈ :

ਹਨੂਮਾਨ ਬਲੀ ਜੰਗੀ ਹਠੀਲਾ
ਮਾਤਾ ਅੰਜਨੀ ਦਾ ਜਾਇਆ
ਔਖੇ ਵੇਲੇ ਸਿਮਰੀਏ
ਦੌੜਦਾ ਆਇਆ।

ਫੁਰੇ ਮੰਤਰ
ਈਸਰ ਮਹਾਦੇਵ ਤੇਰਾ ਵਾਚਾ ਚਲੇ।

ਜਿਨ੍ਹਾਂ ਤੀਵੀਆਂ ਨੂੰ ਅਠਰਾਹੇ ਦਾ ਰੋਗ ਹੁੰਦਾ ਹੈ, ਉਹ ਹਨੂਮਾਨ ਨੂੰ ਸਿਮਰਕੇ ਅਠਰਾਹੇ ਦਾ ਮੰਤਰ ਪੜ੍ਹਦੀਆਂ ਹਨ। ਇਸ ਤਰ੍ਹਾਂ ਅਠਰਾਹਾ ਦੂਰ ਹੋ ਜਾਂਦਾ ਮੰਨਦੇ ਹਨ।

### (ਹ-54) ਹਬੋਛੀ :

ਇਕ ਲੋਕ-ਨਾਚ; ਹਬੋਛੀ ਗਿੱਧੇ ਨਾਲ ਮਿਲਦਾ ਜੁਲਦਾ ਇਕ ਬਲੋਚੀ ਨਾਚ ਹੈ, ਜੋ ਡੇਹਰਾ ਅਸਮਾਈਲ ਖ਼ਾਂ, ਡੇਹਰਾ ਗ਼ਾਜ਼ੀ ਖ਼ਾਨ ਤੇ ਉਹਦੇ ਆਸ ਪਾਸ ਦੇ ਇਲਾਕੇ ਵਿਚ ਆਮ ਨਚਿਆ ਜਾਂਦਾ ਹੈ। ਇਸ ਵਿਚ ਪਠਾਣੀ ਰੰਗ ਹੈ ਅਤੇ 'ਵਈ' 'ਵਈ' ਆਦਿ ਅਵਾਜ਼ਾਂ ਨਾਲ ਪਠਾਣੀ ਵਾਤਾਵਰਣ ਸਿਰਜ ਲਿਆ ਜਾਂਦਾ ਹੈ।

### (ਹ-55) ਹਮਦ :

ਹਮਦ ਅਰਬੀ ਸ਼ਬਦ ਹੈ, ਜਿਸ ਦੇ ਕੋਸ਼ਗਤ ਅਰਥ ਹਨ, ਉਸਤਤ, ਮਹਿਮਾ, ਵਡਿਆਈ। ਪੰਜਾਬੀ ਕਾਵਿ ਵਿਚ ਹਮਦ ਕਿਸੇ ਲੰਮੇਰੀ ਰਚਨਾ ਦਾ ਉਹ ਆਰੰਭਕ ਖੰਡ ਹੈ, ਜਿਸ ਵਿਚ ਕਵੀ ਆਪਣੇ ਇਸ਼ਟ, ਗੁਰ ਪੀਰ ਅਥਵਾ ਦੇਵੀ ਦੇਵਤੇ ਦੀ ਅਰਾਧਨਾ ਕਰਦਾ ਹੈ। ਇਸ ਉਪ੍ਰੰਤ ਹੀ ਮੂਲ ਰਚਨਾ ਨੂੰ ਛਹਿਆ ਜਾਂਦਾ ਹੈ। ਰਚਨਾ ਦੇ ਆਰੰਭ ਵਿਚ ਇਸ਼ਟ, ਰੱਬ ਜਾਂ ਗੁਰ ਪੀਰ ਦੀ ਅਰਾਧਨਾ ਕਰਨੀ ਲੋਕ-ਮਨ ਦੀ ਹੀ ਇਕ ਅਭਿਵਿਅਕਤੀ ਹੈ। ਇਸ ਤਰ੍ਹਾਂ ਇਸ਼ਟ ਦੀ ਨਜ਼ਰ ਸਵੱਲੀ ਰਹਿੰਦੀ ਹੈ ਅਤੇ ਉਹ ਰਹੱਸਮਈ ਢੰਗ ਨਾਲ ਕਿਰਤ ਦੀ ਸਿਰਜਨਾ ਤੇ ਸਫਲਤਾ ਵਿਚ ਸਹਾਇਕ ਹੁੰਦਾ ਹੈ। ਪੰਜਾਬੀ ਕਾਵਿ ਵਿਚ ਹਮਦ ਸ਼ਬਦ ਉਸੇ ਵਿਆਪਕ ਅਰਥਾਂ ਵਿਚ ਵਰਤਿਆ ਗਿਆ ਹੈ ਜਿਸ ਵਿਚ ਮੰਗਲਾਚਰਣ (ਵੇਖੋ : ਮੰਗਲਾਚਰਣ)।

ਮੁਸਲਮਾਨ ਕਵੀ ਹਮਦ ਨਾਲ ਕਿੱਸਾ ਆਰੰਭ ਕਰਦੇ ਹਨ। ਕੁਝ ਕਿੱਸੇਕਾਰਾਂ ਦੀਆਂ ਹਮਦਾਂ ਬਹੁਤ ਲੰਮੀਆਂ ਹਨ ਅਤੇ ਉਨ੍ਹਾਂ ਨੇ ਪਹਿਲਾਂ ਖ਼ੁਦਾ ਦੀ, ਫਿਰ ਪੈਗ਼ੰਬਰ ਹਜ਼ਰਤ ਮੁਹੰਮਦ ਦੀ, ਇਸ ਉਪ੍ਰੰਤ ਚਾਰ ਯਾਰਾਂ ਦੀ ਅਤੇ ਫਿਰ ਆਪਣੇ ਸ਼ਖ਼ਸੀ ਪੀਰ ਜਾਂ ਵੇਲੇ ਦੇ ਪ੍ਰਸਿਧ ਪੀਰ ਦੀ ਉਸਤਤੀ ਕੀਤੀ ਹੈ। ਇਸ ਦੇ ਬਾਅਦ ਇਸ਼ਕ ਦੀ ਮਹਿਮਾ ਨਾਲ ਕਿੱਸਾ ਸ਼ੁਰੂ ਕੀਤਾ ਹੈ। ਇਸ ਤਰ੍ਹਾਂ ਦੀ ਦੀਰਘ ਅਤੇ ਵਿਆਪਕ ਹਮਦ ਦੀ ਸਭ ਤੋਂ ਵਧੀਆ ਮਿਸਾਲ ਅਹਿਮਦ ਯਾਰ ਦੇ ਕਿੱਸੇ 'ਅਹਸਨੁਲ ਕਸਿਸ' ਦੀ ਹੈ। ਇਸ ਹਮਦ ਵਿਚ ਪਹਿਲਾਂ 'ਹਮਦਿ ਇਲਾਹੀ', ਫਿਰ 'ਨਾਅਤਿ ਸ਼ਰੀਫ਼' (ਹਜ਼ਰਤ ਮੁਹੰਮਦ ਸਾਹਿਬ ਦੀ ਵਡਿਆਈ), 'ਚਾਰ ਯਾਰਾਂ ਦੀ ਉਸਤਤੀ', ਫਿਰ 'ਮਦਹਿ ਮੁਰਸ਼ਦ' (ਸੱਯਦ ਅਬਦੁਲ ਕਾਦਿਰ ਦੀ ਮਹਿਮਾ) ਅਤੇ ਅੰਤ ਵਿਚ 'ਇਸ਼ਕ ਦੀ ਮਹਿਮਾ' ਗਾਈ ਗਈ ਹੈ। ਇਸ ਤੋਂ ਬਾਅਦ ਹੀ ਜ਼ੁਲੇਖ਼ਾਂ ਦੀ ਕਹਾਣੀ ਸ਼ੁਰੂ ਕੀਤੀ ਗਈ ਹੈ। ਅਹਿਮਦ ਯਾਰ ਨੇ 'ਹਮਦਿ ਇਲਾਹੀ' ਵਿਚ ਸ੍ਰਿਸ਼ਟੀ ਦੀ ਰਚਨਾ ਬਾਰੇ ਲੋਕ-ਵਿਚਾਰ ਪ੍ਰਗਟ ਕੀਤੇ ਹਨ —

"ਕੁਦਰਤ ਨਾਲ ਹਵਾ ਦੇ ਅੰਦਰ ਚੌਦਾਂ ਤਬਕ ਖਿਲਾਰੇ।"

ਵਖੋ ਵਖ ਮਜ਼ਹਬਾਂ ਦੀ ਰਚਨਾ ਵੀ ਅੱਲਾ ਨੇ ਕੀਤੀ —

ਹਰ ਮਜ਼ਹਬ ਵਿਚ ਦਸੇ ਹੋਏ
ਤੁਧ ਹੀ ਹੱਦਾਂ ਬੰਨ੍ਹੇ।
ਜਾ ਵਤ ਤੇਰੀ ਖ਼ਾਹਿਸ਼ ਆਵੇ
ਉਹ ਬੰਨ੍ਹੇ ਚਾ ਭੰਨੇ।

ਮਨੁਖ ਦੀ ਰਚਨਾ ਰੱਬ ਨੇ ਮਿੱਟੀ ਤੋਂ ਕੀਤੀ —

ਹੁਕਮ ਫ਼ਰਿਸ਼ਤਿਆਂ ਨੂੰ ਤੁਧ ਕੀਤਾ
ਮੁੱਠ ਮਿੱਟੀ ਦੀ ਲਿਆਵਣ।
ਜਿਥੇ ਕਬਰ ਬੰਦੇ ਦੀ ਹੋਵੇ
ਪੇਟ ਮਾਉ ਦੇ ਪਾਵਣ।
ਬੇਰਾ ਬਣ ਜਾਵੇ ਮਾਸ ਦਾ
ਰੂਹ ਇਸ ਦੇ ਵਿਚ ਪਾਏ।
ਵਾਲ ਜਮਾ ਨਹੁੰ ਸਾਬਤ ਕਰ ਕੇ
ਸ਼ਕਲ ਇਨਸਾਨ ਬਣਾਏ।

ਇਸੇ ਤਰ੍ਹਾਂ ਬ੍ਰਹਿਮੰਡ ਬਾਰੇ ਵੀ ਕਈ ਰਹੱਸ ਮਿਥਾਂ ਦੇ ਮਾਧਿਅਮ ਦੁਆਰਾ ਖੋਲ੍ਹੇ ਹਨ।

'ਹਮਦਿ ਇਲਾਹੀ' ਤੋਂ ਬਾਅਦ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤੀ ਹੈ। ਉਨ੍ਹਾਂ ਦੇ ਹਿਰਦੇ ਦੀ ਪਾਕੀਜ਼ਗੀ ਦਾ ਵਰਨਣ ਇਕ ਅਲੌਕਿਕ ਮਿੱਥ ਦੁਆਰਾ ਕੀਤਾ ਹੈ। ਹਜ਼ਰਤ ਮੁਹੰਮਦ ਅਜੇ ਬਾਲ ਅਵਸਥਾ ਵਿਚ ਹੀ ਸਨ ਕਿ ਇਕ ਫ਼ਰਿਸ਼ਤੇ ਨੇ ਉਨ੍ਹਾਂ ਦੀ ਛਾਤੀ ਨੂੰ ਚੀਰ ਕੇ, ਦਿਲ ਨੂੰ ਕਢਿਆ ਅਤੇ ਦੁਨਿਆਵੀ ਮੈਲ ਤੋਂ ਸਾਫ਼ ਕਰ ਕੇ, ਉਸ ਵਿਚ ਇਲਾਹੀ ਗੁਣਾਂ ਦਾ ਸੰਚਾਰ ਕੀਤਾ। ਫਿਰ ਉਸ ਦਿਲ ਨੂੰ ਮੁੜ ਮੁਹੰਮਦ ਸਾਹਿਬ ਦੀ ਛਾਤੀ ਵਿਚ ਟਿਕਾ ਦਿਤਾ —

ਉਹ ਮੁਹੰਮਦ ਖਤਮਿ ਨਬੀਆ,
ਸ਼ੁਕਿ ਸਦਰ ਕਰਵਾ ਕੇ।
ਸੀਨਿਉਂ ਗਰਦ ਕਸਾਫ਼ਤ ਵਾਲੀ,
ਸੁੱਟੀ ਮੈਲ ਧੁਆ ਕੇ।

ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਜਿਵੇਂ 'ਸਿਰ ਤੇ ਬਦਲੀ ਛਾਇਆ ਰਖੇ' ਅਤੇ 'ਮਿਅਰਾਜ' ਦਾ ਵੇਰਵੇ ਨਾਲ ਵਰਨਣ ਹੈ। ਇਸ ਉਪ੍ਰੰਤ ਪੈਗ਼ੰਬਰ ਦੇ ਚਾਰ ਯਾਰਾਂ ਦੀ ਉਸਤਤੀ ਹੈ। ਫਿਰ 'ਮਦਹਿ ਮੁਰਸ਼ਦ' ਹੈ ਜਿਸ ਵਿਚ

Sri Satguru Jagjit Singh Ji eLibrary NamdhariElibrary@gmail.com

ਅਬਦੁਲ ਕਾਦਿਰ ਜੀਲਾਨੀ ਦਾ ਜਸ ਗਾਇਆ ਗਿਆ ਹੈ। ਅਖ਼ੀਰ ਵਿਚ ਇਸ਼ਕ ਦੀ ਮਹਿਮਾ ਹੈ —

ਇਸ਼ਕ ਕੰਨੇ ਰੱਬ ਸਚੇ ਜ਼ਾਹਿਰ,
ਕੀਤੇ ਸਭ ਪਸਾਰੇ।

ਪਰ ਦੂਜੇ ਪਾਸੇ ਕੁਝ ਕਿੱਸਿਆਂ ਵਿਚ ਹਮਦ ਬੜੀ ਹੀ ਸੰਖੇਪ ਹੈ। ਅਠ ਦਸ ਸਤਰਾਂ ਵਿਚ ਰੱਬ ਦੀ ਮਹਿਮਾ ਕਰ ਕੇ ਕਿੱਸੇ ਦਾ ਆਰੰਭ ਕੀਤਾ ਹੈ। ਹਾਸ਼ਮ ਨੇ ਕੇਵਲ ਇਕੋ ਦੋਹੜੇ ਵਿਚ ਖ਼ੁਦਾ ਤੇ ਉਸ ਦੀ ਕੁਦਰਤ ਦੀ ਮਹਿਮਾ ਕੀਤੀ ਹੈ, ਜੋ ਬਹੁਤ ਹੀ ਸੰਖੇਪ ਹੈ ਅਤੇ ਦੂਜੇ ਬੰਦ ਵਿਚ ਇਸ਼ਕ ਦੇ ਪਸਾਰੇ ਦਾ ਵਰਨਣ ਕੀਤਾ ਹੈ :

ਹਰ ਅਰਵਾਹ ਅਸੀਰ ਇਸ਼ਕ ਦਾ,
ਕੈਦ ਜਿਸਮ ਵਿਚ ਪਾਇਆ।
ਜੋ ਮਖ਼ਲੂਕ ਨਾ ਬਾਹਿਰ ਉਸ ਥੀਂ,
ਅਰਜ਼ ਸਮਾ ਵਿਚ ਆਇਆ।

ਗ਼ੈਰ ਮੁਸਲਮਾਨ ਕਵੀਆਂ ਨੇ ਹਮਦ ਦੀ ਥਾਂ ਮੰਗਲਚਰਨ ਲਿਖੇ ਹਨ ਜਿਨ੍ਹਾਂ ਵਿਚ ਆਪਣੇ ਇਸ਼ਟ ਗੁਰੂ ਜਾਂ ਦੇਵੀ ਦੇਵਤੇ ਦੀ ਅਰਾਧਨਾ ਕੀਤੀ ਹੈ। ਜਿਵੇਂ ਕਿ ਦਮੋਦਰ ਨੇ —

ਅੱਵਲ ਨਾਮ ਸਾਹਿਬ ਦਾ ਲਈਏ,
ਜਿਨ ਇਹ ਜਗਤ ਉਪਾਇਆ।

ਭਗਵਾਨ ਸਿੰਘ ਨੇ ਹੀਰ ਦੇ ਕਿੱਸੇ ਦੇ ਆਰੰਭ ਵਿਚ ਦੇਵੀ ਮਾਤਾ ਦਾ ਸਿਮਰਨ ਕੀਤਾ ਹੈ, ਕਿਉਂ ਜੋ ਲੋਕ-ਗੀਤਾਂ ਦੀ ਇਕ ਪੰਗਤੀ ਅਨੁਸਾਰ 'ਦੇਵੀ ਮਾਤਾ ਗਉਣ ਬਖ਼ਸ਼ਦੀ' ਹੈ। ਇਸ ਤਰ੍ਹਾਂ ਵੇਖਿਆਂ, ਹਿੰਦੂ ਅਤੇ ਮੁਸਲਮਾਨ ਕਵੀ ਦੋਵੇਂ ਹੀ, ਕਿੱਸੇ ਕਾਵਿ ਦੀ ਪੰਜਾਬੀ ਵਿਚ ਸਿਰਜਨਾ ਕਰਨ ਵੇਲੇ ਆਪੋ ਆਪਣੀ ਧਾਰਮਿਕ ਤੇ ਅਧਿਆਤਮਕ ਪਰੰਪਰਾ ਨਾਲ ਜੁੜੇ ਰਹਿਣ ਲਈ ਯਤਨਸ਼ੀਲ ਹਨ।

ਪੰਜਾਬੀ ਕਿੱਸਿਆਂ ਦੀਆਂ 'ਹਮਦਾਂ' ਅਤੇ 'ਮੰਗਲਾਚਰਨਾਂ' ਦੇ ਅਧਿਐਨ ਦੁਆਰਾ ਮਧਕਾਲੀ ਲੋਕਧਰਮ ਬਾਰੇ ਕਾਫ਼ੀ ਰੋਚਿਕ ਗਿਆਨ ਪ੍ਰਾਪਤ ਹੋ ਸਕਦਾ ਹੈ।

(ਹ-56) **ਹਮੀਰ** :

ਰਣਸੰਭੋਰ ਦਾ ਪ੍ਰਸਿਧ ਰਾਜਪੂਤ ਰਾਜਾ, ਜਿਸ ਦਾ ਹਠ ਮੁਹਾਵਰਾ ਬਣ ਚੁਕਾ ਹੈ— "ਤਿਰਿਆ ਤੇਲ, ਹਮੀਰ ਹਠ, ਚੜ੍ਹੇ ਨਾ ਦੂਜੀ ਵਾਰ"। ਰਾਜਾ ਹਮੀਰ ਅਲਾਉਦੀਨ ਖ਼ਿਲਜੀ ਦਾ ਸਮਕਾਲੀ ਸੀ। ਅਲਾਉਦੀਨ ਦਾ ਇਕ ਅਹਿਲਕਾਰ ਮੀਰ ਮੁਹੰਮਦ ਬਾਗੀ ਹੋ ਕੇ ਹਮੀਰ ਦੀ ਸ਼ਰਨ ਵਿਚ ਜਾ ਰਿਹਾ। ਅਲਾਉਦੀਨ ਨੂੰ ਜਦੋਂ ਇਸ ਗੱਲ ਦੀ ਖ਼ਬਰ ਮਿਲੀ, ਤਾਂ ਉਸ ਨੇ ਹਮੀਰ ਤੋਂ ਆਪਣਾ ਬਾਗ਼ੀ ਅਹਿਲਕਾਰ ਵਾਪਸ ਮੰਗਿਆ। ਹਮੀਰ ਬੜਾ ਦਲੇਰ, ਬਚਨ ਦਾ ਸੂਰਾ ਅਤੇ ਹਠੀ ਸੀ। ਸੋ ਉਸ ਨੇ ਉੱਤਰ ਦਿਤਾ ਕਿ ਸ਼ਰਨਾਗਤ ਨੂੰ ਬਾਦਸ਼ਾਹ ਦੇ ਹਵਾਲੇ ਕਰਨ ਦੀ ਆਗਿਆ ਉਸ ਦਾ ਧਰਮ ਨਹੀਂ ਦੇਂਦਾ। ਜਦੋਂ ਤਕ ਹਮੀਰ ਵਿਚ ਜਾਨ ਹੈ, ਉਹ ਮੀਰ ਮੁਹੰਮਦ ਦਾ ਵਾਲ ਵਿੰਗਾ ਨਹੀਂ ਹੋਣ ਦੇਵੇਗਾ। ਅਲਾਉਦੀਨ ਨੇ ਮਜਬੂਰ ਹੋ ਕੇ ਰਨਸੰਭੋਰ ਉਤੇ ਚੜ੍ਹਾਈ ਕਰ ਦਿਤੀ। ਹਮੀਰ ਲੜਾਈ ਵਿਚ ਵੀਰਤਾ ਵਿਖਾਂਦਾ ਹੋਇਆ ਸ਼ਹੀਦ ਹੋ ਗਿਆ।

(ਹ-57) **ਹਮੇਲ** :

ਇਕ ਗਹਿਣਾ, ਜੋ ਗਲ ਵਿਚ ਪਹਿਨਿਆ ਜਾਂਦਾ ਹੈ। ਪੰਜਾਬ ਵਿਚ ਸੋਨੇ ਚਾਂਦੀ ਦੇ ਸਿਕਿਆਂ ਨੂੰ ਕੁੰਡੇ ਲਗਾ ਕੇ, ਸੂਤਰੇ ਵਿਚ ਮਾਲਾ ਵਾਂਗ ਪਰੋ ਕੇ, ਪਹਿਨਣ ਦਾ ਰਵਾਜ ਆਮ ਹੈ। ਜੇ ਸੂਤਰੇ ਵਿਚ ਪੌਂਡ ਪਰੋਤੇ ਹੋਣ ਤਾਂ ਇਸ ਨੂੰ ਤਗਾ, ਜੇ ਤਿਕੋਨੇ ਤਵੀਤ ਪਰੋਤੇ ਹੋਣ ਤਾਂ ਇਨਾਮ, ਸੋਨੇ ਦੇ ਸਿੱਕੇ ਪਰੋਤੇ ਹੋਣ ਤਾਂ ਬੁਘਤੀਆਂ ਅਤੇ ਰੁਪਏ ਪਰੋਤੇ ਹੋਣ ਤਾਂ ਇਸ ਮਾਲਾ ਨੂੰ ਹਮੇਲ ਕਿਹਾ ਜਾਂਦਾ ਹੈ। ਚਾਂਦੀ ਦੀਆਂ ਹਮੇਲਾਂ ਦਾ ਰਵਾਜ ਆਮ ਹੈ ਅਤੇ ਪਛੜੀਆਂ ਸ਼੍ਰੇਣੀਆਂ ਦਾ ਇਹ ਹਰਮਨ-ਪਿਆਰਾ ਗਹਿਣਾ ਹੈ।

ਮੁਸਲਮਾਨਾਂ ਵਿਚ ਹਮੇਲ ਦੀ ਮੰਨਤ ਵੀ ਸੁੱਖੀ ਜਾਂਦੀ ਹੈ। 'ਸਫ਼ਰ' ਮਹੀਨੇ ਦੇ ਅਖ਼ੀਰਲੇ ਬੁਧਵਾਰ ਬੱਚੇ ਦੇ ਗਲ ਵਿਚ ਚਾਂਦੀ ਦੀ ਹਮੇਲ ਪਹਿਨਾ ਦਿਤੀ ਜਾਂਦੀ ਹੈ। ਫਿਰ ਹਰ ਸਾਲ ਜਨਮ ਦਿਵਸ ਤੇ ਇਸ ਮਾਲਾ ਵਿਚ ਵਿੱਤ ਅਨੁਸਾਰ ਇਕ ਦੋ ਰੁਪਏ ਹੋਰ ਪਰੋ ਦਿਤੇ ਜਾਂਦੇ ਹਨ। ਜਦੋਂ ਬੱਚਾ ਸੱਤਾਂ, ਦੱਸਾਂ ਜਾਂ ਬਾਰਾਂ ਵਰ੍ਹਿਆਂ ਦਾ ਹੋ ਜਾਂਦਾ ਹੈ, ਤਾਂ ਇਸ ਹਮੇਲ ਨੂੰ ਵੇਚ ਕੇ ਉਹ ਰਕਮ ਗ਼ਰੀਬਾਂ ਵਿਚ ਵੰਡ ਦਿਤੀ ਜਾਂਦੀ ਹੈ। ਜੇ ਇਹ ਰੀਤ ਦਸਵੇਂ ਸਾਲ ਕੀਤੀ ਜਾਵੇ, ਤਾਂ ਇਸ ਨੂੰ 'ਦਸੌਂਧ' ਕਹਿੰਦੇ ਹਨ। ਸਿਆਲਕੋਟ ਦੇ ਇਲਾਕੇ ਦੇ ਮੁਸਲਮਾਨ ਅਜਿਹੀ ਹਮੇਲ ਨੂੰ ਸੰਭਾਲ ਕੇ ਘਰ ਵਿਚ ਰਖ ਦੇਂਦੇ ਹਨ ਅਤੇ ਬੱਚੇ ਦੇ ਵਿਆਹ ਵੇਲੇ ਉਸ ਦੀ ਪਤਨੀ ਨੂੰ ਢੋ ਦੇਂਦੇ ਹਨ। ਕਪੂਰਥਲੇ ਦੇ ਮੁਸਲਮਾਨ ਅਜਿਹੀ ਹਮੇਲ ਨੂੰ, ਜਿਥੇ ਮੰਨਤ ਸੁੱਖੀ ਹੋਵੇ, ਉਸ ਪੀਰ ਦੀ ਮਜ਼ਾਰ ਉਤੇ ਚੜ੍ਹਾ ਦੇਂਦੇ ਹਨ। ਹਿਸਾਰ ਦੇ ਮੁਸਲਮਾਨ ਅਜਿਹੀ ਹਮੇਲ ਨੂੰ ਵੇਚ ਕੇ, ਉਸ ਦੀ ਮਠਿਆਈ ਖ਼ਰੀਦ ਕੇ, ਭਾਈਚਾਰੇ ਵਿਚ ਵੰਡਦੇ ਹਨ। ਲੁਧਿਆਣੇ ਦੇ ਮੁਸਲਮਾਨਾਂ ਵਿਚ ਹਮੇਲ ਦੀ ਰਕਮ ਵਿਚ ਹੋਰ ਰੁਪਏ ਪਾ ਕੇ ਗ਼ਰੀਬਾਂ ਵਿਚ ਵੰਡਣ ਦੀ ਰੀਤ ਹੈ, ਜਿਸ ਨੂੰ ਉਹ ਵਧਾਵਾ ਕਹਿੰਦੇ ਹਨ।

(ਹ-58) **ਹੱਯਗ੍ਰੀਵ** :

(1) ਇਕ ਦੈਂਤ ਜੋ ਘੋੜੇ ਦੀ ਗਰਦਨ ਦੀ ਸ਼ਕਲ ਦਾ ਸੀ। ਵਿਸ਼ਨੂੰ ਪੁਰਾਣ ਅਨੁਸਾਰ ਹੱਯਗ੍ਰੀਵ ਭੌਮਾਸੁਰ ਦਾ ਸੈਨਾਪਤੀ ਅਤੇ ਮੁਰ ਦੈਂਤ ਦਾ ਸਾਥੀ ਸੀ। ਇਸ ਦਾ ਬੱਧ ਕ੍ਰਿਸ਼ਨ ਨੇ ਕੀਤਾ।

ਪੌਰਾਣਿਕ ਕਥਾ ਅਨੁਸਾਰ ਹੱਯਗ੍ਰੀਵ ਦੈਂਤ ਸੁਤੇ ਪਏ ਬ੍ਰਹਮਾ ਦੇ ਮੂੰਹ ਵਿਚੋਂ ਨਿਕਲੇ ਵੇਦਾਂ ਨੂੰ ਚੁਰਾ ਕੇ ਸਮੁੰਦਰ ਵਿਚ ਜਾ ਛੁਪਿਆ। ਵਿਸ਼ਨੂੰ ਨੇ ਮੱਛ ਦਾ ਅਵਤਾਰ ਧਾਰਨ ਕੀਤਾ ਅਤੇ ਹੱਯਗ੍ਰੀਵ ਨੂੰ ਮਾਰ ਕੇ ਉਸ ਤੋਂ ਵੇਦ ਪ੍ਰਾਪਤ ਕੀਤੇ।

ਇਕ ਹੋਰ ਕਥਾ ਅਨੁਸਾਰ ਵਿਸ਼ਨੂੰ ਨੇ ਵੇਦਾਂ ਦਾ ਉਧਾਰ ਕਰਨ ਲਈ ਮੱਧ ਅਤੇ ਕੈਟਭ ਦੈਂਤਾਂ ਨੂੰ ਮਾਰਨ ਲਈ ਹੱਯਗ੍ਰੀਵ ਦਾ ਅਵਤਾਰ ਲਿਆ।

(2) ਦੇਵੀ ਭਾਗਵਤ ਅਨੁਸਾਰ ਹੱਯਗ੍ਰੀਵ ਵਿਸ਼ਨੂੰ ਦਾ ਇਕ ਅਵਤਾਰ ਸੀ। ਇਕ ਵਾਰ ਵਿਸ਼ਨੂੰ ਤੀਰ ਚਲਾਉਣ ਲੱਗੇ, ਤਾਂ ਚਿਲੇ ਨਾਲ ਉਨ੍ਹਾਂ ਦਾ ਆਪਣਾ ਗਲਾ ਵਢਿਆ ਗਿਆ। ਦੇਵੀ ਦੇ ਆਦੇਸ਼ ਉਤੇ ਦੇਵਤਿਆਂ ਨੇ ਘੋੜੇ ਦਾ ਸਿਰ ਵਿਸ਼ਨੂੰ ਦੇ ਧੜ ਨਾਲ ਜੋੜ ਦਿਤਾ, ਜਿਸ ਕਰ ਕੇ ਵਿਸ਼ਨੂੰ ਮੁੜ ਸੁਰਜੀਤ ਹੋ ਗਏ। ਵਿਸ਼ਨੂੰ ਦੇ ਇਸ ਰੂਪ ਨੂੰ ਹੱਯਗ੍ਰੀਵ ਕਿਹਾ ਜਾਣ ਲੱਗਾ।

(ਹ-59) **ਹੱਯਾਤੀ ਦਾ ਪੰਛੀ** :

ਉਹ ਵਿਸ਼ੇਸ਼ ਪੰਛੀ, ਜਿਸ ਵਿਚ ਕਿਸੇ ਪ੍ਰਾਣੀ ਨੇ ਜਾਦੂ ਸ਼ਕਤੀ ਦੁਆਰਾ ਆਪਣੀ ਜਿੰਦ ਜਾਨ ਦਾਖ਼ਲ ਕਰ ਦਿਤੀ ਹੋਵੇ। ਆਦਿਮ ਮਨੁੱਖ ਦੀ ਧਾਰਨਾ ਸੀ ਕਿ ਪ੍ਰਾਣੀ ਦੀ ਜਾਨ ਮੰਤ੍ਰ ਅਤੇ ਟੂਣੇ ਦੁਆਰਾ, ਉਸ ਨਾਲੋਂ ਅੱਡ ਕਰ ਕੇ ਕਿਸੇ ਹੋਰ ਪ੍ਰਾਣਧਾਰੀ ਜਾਂ ਜੜ੍ਹ ਵਸਤੂ ਵਿਚ ਪ੍ਰਵਿਰਤ ਕੀਤੀ ਜਾ ਸਕਦੀ ਹੈ। ਜੇ ਪ੍ਰਾਣ ਦਾ ਕਿਸੇ ਪੰਛੀ ਵਿਚ ਇੰਤਕਾਲ ਕੀਤਾ ਜਾਵੇ ਤਾਂ ਉਸ ਨੂੰ 'ਹੱਯਾਤੀ ਦਾ ਪੰਛੀ' ਅਤੇ ਜੇ ਰੁੱਖ ਵਿਚ ਕੀਤਾ ਜਾਵੇ, ਤਾਂ ਉਸ ਨੂੰ 'ਹੱਯਾਤੀ ਦਾ ਰੁੱਖ' ਕਿਹਾ ਜਾਂਦਾ ਹੈ। ਇਸ ਵਿਚਾਰ ਪਿਛੇ ਕੁਝ ਵਿਸ਼ੇਸ਼ ਸੰਕਲਪ ਕੰਮ ਕਰ ਰਹੇ ਹਨ। ਇਕ ਤਾਂ ਪ੍ਰਾਣਾਂ ਬਾਰੇ ਇਹ ਵਿਚਾਰ ਕਿ ਪ੍ਰਾਣਾਂ ਨੂੰ ਮੰਤਰਾਂ ਦੁਆਰਾ ਸਰੀਰ ਨਾਲੋਂ ਅੱਡ ਕੀਤਾ ਜਾ ਸਕਦਾ ਹੈ। ਮੂਲ ਪ੍ਰਾਣੀ ਪਹਿਲਾਂ ਵਾਂਗ ਹੀ ਸੁਰਜੀਤ ਰਹਿੰਦਾ ਹੈ ਅਤੇ ਉਸ ਦੀ ਕਰਮ ਗਤੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਦੂਜਾ, ਜਿਸ ਪ੍ਰਾਣੀ ਦੀ ਜਾਨ ਅੱਡ ਕਰ ਕੇ ਕਿਸੇ ਵਸਤੂ ਵਿਚ ਸੁਰੱਖਿਅਤ ਕੀਤੀ ਜਾਵੇ, ਉਸ ਨੂੰ ਨਾ ਤਾਂ ਦੁਖ ਤਸੀਹੇ ਦਿਤੇ ਜਾ ਸਕਦੇ ਹਨ ਅਤੇ ਨਾ ਹੀ ਮਾਰਿਆ ਜਾ ਸਕਦਾ ਹੈ। ਮੂਲ ਪ੍ਰਾਣੀ ਕੇਵਲ ਉਹੋ ਦੁਖ ਤਸੀਹੇ ਹੀ ਭੋਗਦਾ ਹੈ ਜੋ ਉਸ ਦੀ ਪ੍ਰਾਣ-ਪੱਟੇ ਨੂੰ ਦਿਤੇ ਜਾਂਦੇ ਹਨ। ਤੀਜਾ ਸੰਕਲਪ

Sri Satguru Jagjit Singh Ji eLibrary NamdhariElibrary@gmail.com

ਜਾਦੂ ਟੂਣੇ ਦਾ ਹੈ, ਜਿਸ ਅਨੁਸਾਰ ਸਰੀਰ ਨਾਲੋਂ ਅੱਡ ਹੋਈ ਵਸਤੂ ਦਾ ਕਿਸੇ ਅਦ੍ਰਿਸ਼ਟ ਸ਼ਕਤੀ ਦੁਆਰਾ ਮੂਲ ਵਸਤੂ ਨਾਲ ਰਾਬਤਾ ਜੁੜਿਆ ਰਹਿੰਦਾ ਹੈ ਅਤੇ ਉਸ ਨੂੰ ਦਿਤੇ ਦੁਖ ਅਸਲ ਪ੍ਰਾਣੀ ਭੋਗਦਾ ਹੈ (ਵੇਖੋ : ਜਾਦੂ ਟੂਣਾ)।

ਲੋਕ-ਕਹਾਣੀਆਂ ਵਿਚ ਇਸ ਤਰ੍ਹਾਂ ਦਾ ਪ੍ਰਾਣ-ਪੱਟਾ (Life Index) ਇਕ ਵਿਸ਼ੇਸ਼ ਕਥਾਨਿਕ ਰੂੜ੍ਹੀ ਦੇ ਰੂਪ ਵਿਚ ਮਿਲਦਾ ਹੈ। ਜੇ ਇਹ ਪ੍ਰਾਣ-ਪੱਟਾ ਪੰਛੀ ਹੋਵੇ, ਤਾਂ ਮੂਲ ਪ੍ਰਾਣੀ ਇਸ ਨੂੰ ਕਿਸੇ ਮਜ਼ਬੂਤ ਪਿੰਜਰੇ ਵਿਚ ਬੰਦ ਕਰ ਕੇ, ਕਿਸੇ ਅਪਹੁੰਚ ਤੇ ਸੁਰੱਖਿਅਤ ਸਥਾਨ ਉਤੇ ਸੱਪਾਂ, ਚੂਹਿਆਂ ਤੇ ਅਜ਼ਦਿਆਂ ਦੀ ਨਿਗਰਾਨੀ ਹੇਠ ਰਖ ਦੇਂਦਾ ਹੈ ਅਤੇ ਫਿਰ ਖ਼ੁਦ ਮੌਤ ਦੇ ਸੰਕਟ ਤੋਂ ਮੁਕਤ ਹੋ ਜਾਣ ਕਰ ਕੇ, ਲੋਕਾਂ ਉਤੇ ਜ਼ੁਲਮ ਤੇ ਅਨਿਆਂ ਕਰਦਾ ਹੈ। ਅਖ਼ੀਰ ਕੋਈ ਲੋਕ-ਬੀਰ ਕਈ ਤਰ੍ਹਾਂ ਦੇ ਜਫ਼ਰ ਜਾਲਦਾ ਹੋਇਆ, ਕਿਸੇ ਪਰੀ ਜਾਂ ਤੀਵੀਂ ਤੋਂ 'ਹੱਯਾਤੀ ਦੇ ਪੰਛੀ' ਦਾ ਰਹੱਸ ਜਾਣਕੇ, ਉਹਦੇ ਥਹੁ ਟਿਕਾਣੇ ਉਤੇ ਜਾ ਪਹੁੰਚਦਾ ਤੇ ਉਸ ਨੂੰ ਪ੍ਰਾਪਤ ਕਰਦਾ ਹੈ। ਐਨ ਉਸੇ ਵੇਲੇ ਅਸਲੀ ਪ੍ਰਾਣੀ ਵੀ ਤੁਰੰਤ ਉਥੇ ਪਹੁੰਚ ਜਾਂਦਾ ਹੈ ਅਤੇ ਉਸ ਪੰਛੀ ਨੂੰ ਮੁਕਤ ਕਰਵਾਣ ਲਈ ਤਰਲੇ ਲੈਂਦਾ ਹੈ। ਪਰ ਬੀਰ ਉਸ ਪੰਛੀ ਦੇ ਅੰਗ ਭੰਗ ਕਰ ਕੇ ਵੱਖ ਕਰਦਾ ਜਾਂਦਾ ਹੈ। ਪੰਛੀ ਦਾ ਜਿਹੜਾ ਅੰਗ ਭੰਗ ਕੀਤਾ ਜਾਂਦਾ ਹੈ, ਮੂਲ ਪ੍ਰਾਣੀ ਦਾ ਉਹੋ ਅੰਗ ਨਕਾਰਾ ਹੁੰਦਾ ਜਾਂਦਾ ਹੈ ਅਤੇ ਪੰਛੀ ਦੇ ਮਰਨ ਨਾਲ ਅਸਲੀ ਪ੍ਰਾਣੀ ਦੀ ਵੀ ਮ੍ਰਿਤੂ ਹੋ ਜਾਂਦੀ ਹੈ (ਵੇਖੋ : ਪ੍ਰਾਣ-ਪੱਟਾ)।

(ਹ-60) **ਹੱਯਾਤੀ ਦਾ ਦੀਵਾ :**

ਜੋ ਦੀਵਾ ਕਿਸੇ ਬੱਚੇ ਦੀ ਜੀਵਨ-ਜੋਤ ਨੂੰ ਬਲਵਾਨ ਰੱਖਣ ਲਈ ਬਾਲਿਆ ਜਾਵੇ। ਬੱਚੇ ਦੇ ਜਨਮ ਮਗਰੋਂ, ਔਲ ਨੂੰ, ਘਰ ਦੀ ਕਿਸੇ ਗੁੱਠ ਵਿਚ ਹੀ ਦੱਬ ਦਿਤਾ ਜਾਂਦਾ ਹੈ। ਜਦੋਂ ਕਿਧਰੇ ਬੱਚਾ ਮਾਂਦਾ ਪੈ ਜਾਵੇ, ਤਾਂ ਔਲ ਵਾਲੀ ਥਾਂ ਦੇ ਉਪਰ ਦੀਵਾ ਬਾਲ ਕੇ, ਬੱਚੇ ਨੂੰ ਜੀਵਨ ਸ਼ਕਤੀ ਪ੍ਰਦਾਨ ਕੀਤੀ ਜਾਂਦੀ ਹੈ। ਅਜਿਹੇ ਦੀਵੇ ਨੂੰ ਲਹਿੰਦੇ ਪੰਜਾਬ ਵਿਚ 'ਹੱਯਾਤੀ ਦਾ ਦੀਵਾ' ਕਹਿੰਦੇ ਹਨ। ਇਸ ਦੀਵੇ ਨਾਲ ਬੱਚੇ ਦੀ ਜੀਵਨ-ਜੋਤ ਨੂੰ ਬਲ ਮਿਲਦਾ ਹੈ ਤੇ ਉਹ ਨਵਾਂ ਨਰੋਆ ਹੋ ਜਾਂਦਾ ਹੈ। ਇਹ ਵਿਚਾਰ 'ਅਨੁਕਰਣੀ ਟੂਣੇ' ਉਤੇ ਆਧਾਰਿਤ ਹੈ (ਵੇਖੋ : ਜਾਦੂ ਟੂਣਾ)।

ਸੂਤਕ ਦੇ ਦਿਨਾਂ ਵਿਚ ਵੀ ਛਿਲੇ ਵਿਚ ਤੇਰਾਂ ਦਿਨ ਲਗਾਤਾਰ ਦੀਵਾ ਬਾਲਿਆ ਜਾਂਦਾ ਹੈ। ਇਸ ਦੀਵੇ ਨੂੰ ਵੀ ਲਹਿੰਦੇ ਦੇ ਮੁਸਲਮਾਨ 'ਹੱਯਾਤੀ ਦਾ ਦੀਵਾ' ਅਤੇ ਹਿੰਦੂ ਸਿੱਖ 'ਜੀਵਨ ਬੱਤੀ' ਕਹਿੰਦੇ ਹਨ। ਜੇ ਇਹ ਦੀਵਾ ਹਵਾ ਦੇ ਝੌਂਕੇ ਨਾਲ ਬੁਝ ਜਾਵੇ, ਤਾਂ ਅਪਸ਼ਗਨ ਸਮਝਿਆ ਜਾਂਦਾ ਹੈ ਅਤੇ ਬੱਚਾ ਲੰਮੀ ਆਯੂ ਨਹੀਂ ਭੋਗਦਾ।

(ਹ-61) **ਹੱਯਾਤੀ ਦਾ ਰੁੱਖ :**

ਉਹ ਰੁੱਖ ਜਿਹੜਾ ਕਿਸੇ ਬੱਚੇ ਦੇ ਜਨਮ ਵੇਲੇ ਬੀਜਿਆ ਜਾਵੇ। ਇਸ ਤਰ੍ਹਾਂ ਬੱਚੇ ਅਤੇ ਰੁੱਖ ਵਿਚ ਇਕ ਦੈਵੀ ਰਾਬਤਾ ਕਾਇਮ ਹੋ ਜਾਂਦਾ ਹੈ ਅਤੇ ਜਿਵੇਂ ਜਿਵੇਂ ਬੂਟਾ ਵਧਦਾ ਫੁਲਦਾ ਹੈ, ਬੱਚਾ ਵੀ ਗੁਣਵਾਨ ਅਤੇ ਸ਼ਕਤੀਸ਼ਾਲੀ ਹੁੰਦਾ ਜਾਂਦਾ ਹੈ। ਬ੍ਰਿਛ ਦੀ ਆਯੂ ਆਮ ਤੌਰ ਤੇ ਲੰਮੀ ਹੁੰਦੀ ਹੈ ਤੇ ਉਸ ਉਤੇ ਸਾਧਾਰਣ ਗਰਮੀ ਸਰਦੀ ਦਾ ਅਸਰ ਨਹੀਂ ਹੁੰਦਾ, ਇਸ ਲਈ ਉਹ ਬੱਚਾ ਵੀ ਦੀਰਘ ਆਯੂ ਭੋਗਦਾ ਅਤੇ ਦੁਖ-ਸੰਕਟ ਤੋਂ ਮੁਕਤ ਰਹਿੰਦਾ ਹੈ।

ਕੋਕਿਲਾਂ ਦੇ ਜੰਮਣ ਵੇਲੇ ਸਿਰਕਪ ਨੇ ਅੰਬੀ ਦਾ ਬੂਟਾ ਆਪਣੇ ਵਿਹੜੇ ਵਿਚ ਬੀਜਿਆ ਸੀ। ਜਦੋਂ ਕੋਕਿਲਾਂ ਦਾ ਵਿਆਹ ਰਾਜੇ ਰਸਾਲੂ ਨਾਲ ਹੋਇਆ, ਤਾਂ ਅੰਬੀ ਦਾ ਉਹ ਬੂਟਾ ਵੀ ਕੋਕਿਲਾਂ ਦੇ ਡੋਲੇ ਨਾਲ ਭੇਜਿਆ ਗਿਆ। (ਵੇਖੋ : ਕੋਕਿਲਾਂ)।

(ਹ-62) **ਹਰ ਹਰ ਮਹਾਂਦੇਵ :**

ਹਿੰਦੂਆਂ ਦਾ ਇਕ ਜੈਕਾਰਾ (ਵੇਖੋ : ਜੈਕਾਰਾ)।

(ਹ-63) **ਹਰਨ ਮੁਨਾਰਾ :**

(ਵੇਖੋ : ਸ਼ੇਖ਼ੂਪੁਰਾ)।

(ਹ-64) **ਹਰਨਾਕਸ਼ :**

ਹਰਨਾਖਸ਼ ਦਾ ਵੱਡਾ ਭਰਾ, ਹਿਰਣਯਾਕਸ਼, ਭਾਵ ਸੁਨਹਿਰੀ ਅੱਖਾਂ ਵਾਲਾ। ਇਸ ਨੇ ਸ਼ਿਵ ਦੀ ਅਰਾਧਨਾ ਕਰ ਕੇ ਅਥਾਹ ਸ਼ਕਤੀ ਪ੍ਰਾਪਤ ਕਰ ਲਈ ਸੀ। ਇਹ ਪ੍ਰਿਥਵੀ ਨੂੰ ਖਿਚ ਕੇ ਸਮੁੰਦਰ ਦੀ ਤਹਿ ਵਿਚ ਜਾ ਲੁਕਿਆ। ਪ੍ਰਿਥਵੀ ਨੂੰ ਗ਼ਰਕ ਹੋਣ ਤੋਂ ਬਚਾਣ ਲਈ ਵਿਸ਼ਨੂੰ ਨੇ ਵਰਾਹ ਦਾ ਅਵਤਾਰ ਧਾਰ ਕੇ ਹਰਨਾਕਸ਼ ਨੂੰ ਸਮੁੰਦਰ ਦੀ ਤਹਿ ਵਿਚ ਹੀ ਮਾਰ ਦਿਤਾ (ਵੇਖੋ : ਹਰਨਾਖਸ਼)।

(ਹ-65) **ਹਰਨਾਖਸ਼ :**

ਕਸ਼ਯਪ ਅਤੇ ਅਦਿਤੀ ਦਾ ਪੁੱਤਰ ਅਤੇ ਪ੍ਰਹਿਲਾਦ ਦਾ ਪਿਤਾ। ਹਰਨਾਖਸ਼ ਦੈਂਤ ਦਾ ਪੂਰਾ ਨਾਉਂ ਹਿਰਣਯ-ਕਸ਼ਿਪ ਸੀ। ਸੁਨਹਿਰੀ ਪੁਸ਼ਾਕ ਧਾਰਨ ਕਰਨ ਸਦਕਾ ਇਸ ਦੈਂਤ ਦਾ ਇਹ ਨਾਉਂ ਪ੍ਰਚਲਤ ਹੋ ਗਿਆ। ਮਹਾਂਭਾਰਤ ਅਨੁਸਾਰ ਹਰਨਾਖਸ਼ ਦੈਂਤ ਨੇ ਲੰਮੀ ਤਪੱਸਿਆ ਅਤੇ ਸਾਧਨਾ ਦੁਆਰਾ ਸ਼ਿਵ ਜੀ ਨੂੰ ਪ੍ਰਸੰਨ ਕਰ ਕੇ, ਦਸ ਲਖ ਸਾਲਾਂ ਤਕ ਤ੍ਰੈ-ਲੋਕੀ ਉਪਰ ਰਾਜ ਕਰਨ ਦਾ ਵਰ ਪ੍ਰਾਪਤ ਕਰ ਲਿਆ। ਅਭਿਮਾਨ ਵਿਚ ਆ ਕੇ ਹਰਨਾਖਸ਼ ਨੇ ਦੇਵਤਿਆਂ ਨਾਲ ਯੁਧ ਕਰ ਕੇ ਇੰਦਰ ਕੋਲੋਂ ਵੀ ਰਾਜ ਖੋਹ ਲਿਆ। ਹਰਨਾਖਸ਼ ਨੇ ਸ਼ਿਵ ਤੋਂ ਇਹ ਵਰ ਵੀ ਪ੍ਰਾਪਤ ਕੀਤਾ ਕਿ ਉਸ ਦੀ ਮ੍ਰਿਤੂ ਨਾ ਥਲ ਉਤੇ ਹੋਵੇ ਨਾ ਜਲ ਉਤੇ; ਨਾ ਉਹ ਮਨੁਖ ਦੇ ਹਥੋਂ ਮਰੇ ਨਾ ਪਸ਼ੂ ਦੇ ਹਥੋਂ; ਨਾ ਦਿਨ ਵੇਲੇ ਮਰੇ ਅਤੇ ਨਾ ਰਾਤ ਵੇਲੇ। ਨਾ ਹੀ ਉਹ ਅਸਤ੍ਰ ਨਾਲ ਮਰੇ ਅਤੇ ਨਾ ਹੀ ਸ਼ਸਤ੍ਰ ਨਾਲ। ਇਸ ਲਈ ਹਰਨਾਖਸ਼ ਆਪਣੇ ਆਪ ਨੂੰ ਅਮਰ ਸਮਝ ਕੇ ਇਤਨਾ ਅਭਿਮਾਨੀ ਹੋ ਗਿਆ ਕਿ ਪਰਜਾ ਤੋਂ ਆਪਣੇ ਨਾਮ ਦਾ ਇਉਂ ਜਾਪ ਕਰਵਾਣ ਲੱਗਾ — 'ਜਲੇ ਹਰਨਾਖਸ਼, ਥਲੇ ਹਰਨਾਖਸ਼, ਪਤਾਲ ਹਰਨਾਖਸ਼, ਅਕਾਸ਼ ਹਰਨਾਖਸ਼।' ਪਰ ਹਰਨਾਖਸ਼ ਦਾ ਆਪਣਾ ਪੁਤ੍ਰ ਪ੍ਰਹਿਲਾਦ ਵਿਸ਼ਨੂੰ ਦਾ ਅਨਿੰਨ ਭਗਤ ਸੀ। ਹਰਨਾਖਸ਼ ਨੇ, ਪ੍ਰਹਿਲਾਦ ਨੂੰ, ਵਿਸ਼ਨੂੰ-ਭਗਤੀ ਤੋਂ ਵਰਜਣ ਲਈ ਬੜੇ ਤਸੀਹੇ ਦਿਤੇ; ਸੱਪਾਂ ਕੋਲੋਂ ਡੰਗ ਮਰਵਾਏ; ਮਸਤ ਹਾਥੀਆਂ ਦੇ ਪੈਰਾਂ ਵਿਚ ਰੋਂਦਿਆ ਤੇ ਅੱਗ ਦੀਆਂ ਮਚਦੀਆਂ ਲਾਟਾਂ ਵਿਚ ਸੁਟਿਆ, ਪਰ ਪ੍ਰਹਿਲਾਦ ਉਤੇ ਕਿਸੇ ਚੀਜ਼ ਦਾ ਅਸਰ ਨਾ ਹੋਇਆ। ਅਖ਼ੀਰ ਹਰਨਾਖਸ਼ ਨੇ ਪ੍ਰਹਿਲਾਦ ਨੂੰ ਲੋਹੇ ਦੇ ਤਪਦੇ ਥੰਮ ਨਾਲ ਬੰਨ੍ਹ ਕੇ ਸਾੜ ਦੇਣ ਦਾ ਹੁਕਮ ਦਿਤਾ। ਥੰਮ ਵਿਚੋਂ ਵਿਸ਼ਨੂੰ ਨਰਸਿੰਘ (ਅੱਧਾ ਨਰ ਤੇ ਅੱਧਾ ਸ਼ੇਰ) ਦੇ ਰੂਪ ਵਿਚ ਪ੍ਰਗਟ ਹੋਏ ਅਤੇ ਉਨ੍ਹਾਂ ਨੇ ਹਰਨਾਖਸ਼ ਨੂੰ ਆਪਣੇ ਨਹੁੰਆਂ ਨਾਲ, ਸੰਧਿਆ ਵੇਲੇ ਉਦੋਂ ਮਾਰਿਆ, ਜਦੋਂ ਦਿਨ ਅੰਦਰ ਬਾਹਰ ਸੀ। ਇਸ ਤਰ੍ਹਾਂ ਸ਼ਿਵ ਦਾ ਵਰ ਵੀ ਕਾਇਮ ਰਿਹਾ ਅਤੇ ਹਰਨਾਖਸ਼ ਦਾ ਨਾਸ ਵੀ ਹੋ ਗਿਆ। ਇਸ ਘਟਨਾ ਦੀ ਸਿਮਰਤੀ ਵਿਚ ਮੁਲਤਾਨ ਵਿਚ ਇਕ ਮੰਦਰ ਹੁਣ ਤਕ ਮੌਜੂਦ ਹੈ।

ਹਰਨਾਖਸ਼ ਅਤੇ ਉਹਦਾ ਭਰਾ ਹਰਨਾਕਸ਼ (ਹਿਰਣਯਾਕਸ਼) ਦੋਵੇਂ ਜੋੜੇ ਭਰਾ ਸਨ ਅਤੇ ਦੈਂਤਾਂ ਦੇ ਮੁਖੀਏ ਸਨ। ਹਰਨਾਕਸ਼ ਨੂੰ ਵੀ ਵਿਸ਼ਨੂੰ ਨੇ ਵਰਾਹ ਅਵਤਾਰ ਧਾਰ ਕੇ ਮਾਰਿਆ ਸੀ (ਵੇਖੋ : ਹਰਨਾਕਸ਼)। ਇਨ੍ਹਾਂ ਦੋਹਾਂ ਭਰਾਵਾਂ ਦੀ ਮੌਤ ਮਗਰੋਂ ਪ੍ਰਹਿਲਾਦ ਦੈਂਤਾਂ ਦਾ ਰਾਜਾ ਬਣਿਆ।

ਗੁਰਬਾਣੀ ਵਿਚ ਕਈ ਥਾਈਂ ਹਰਨਾਖਸ਼ ਵਲ ਸੰਕੇਤ ਮਿਲਦਾ ਹੈ—'ਹਰਨਾਖਸ਼ ਦੁਸ਼ਟ ਹਰਿ ਮਾਰਿਆ, ਪ੍ਰਹਿਲਾਦ ਤਰਾਇਆ' (ਆਸਾ ਛੰਤ, ਮਹਲਾ ੫)।

(ਹ-66) **ਹਰਮਲ :**

ਇਕ ਖ਼ੁਦਰੋ ਜੰਗਲੀ ਬੂਟੀ, ਜਿਸ ਨੂੰ ਲੋਕ ਦੁਆਦਾਰੂ ਲਈ ਵਰਤਦੇ ਹਨ। ਹਰਮਲ ਦੇ ਬੀਜਾਂ ਦਾ ਧੂੰਆਂ ਰੋਗ-ਨਾਸ਼ਿਕ ਤੇ ਕਲਿਆਣੀ ਮੰਨਿਆ ਗਿਆ ਹੈ। ਜੇ ਬੱਚੇ ਨੂੰ ਬਦ-ਨਜ਼ਰ

Sri Satguru Jagjit Singh Ji eLibrary NamdhariElibrary@gmail.com

ਲੱਗੀ ਹੋਵੇ ਤਾਂ ਹਰਮਲ ਦੀ ਧੂਣੀ ਦੇਣ ਨਾਲ ਉਤਰ ਜਾਂਦੀ ਹੈ। ਇਸ ਦੀ ਧੂਣੀ ਦੇ ਨੇੜੇ ਬਦਰੂਹਾਂ ਵੀ ਨਹੀਂ ਢੁਕਦੀਆਂ। ਜੇ ਕਿਸੇ ਪ੍ਰਾਣੀ ਨੂੰ ਪਕੜ ਹੋਵੇ ਅਥਵਾ ਭੂਤ ਪ੍ਰੇਤ ਚੰਬੜਿਆ ਹੋਵੇ; ਤਾਂ ਉਸ ਪ੍ਰਾਣੀ ਦੇ ਨਕ ਵਿਚ ਹਰਮਲ ਦੀ ਧੂਣੀ ਦੇਣ ਨਾਲ ਪ੍ਰੇਤ ਨਠ ਜਾਂਦਾ ਹੈ। ਇਸ ਤੋਂ ਇਹ ਧਾਰਨਾ ਬਣ ਗਈ ਹੈ ਕਿ ਜਿਸ ਘਰ ਵਿਚ ਦੂਜੇ ਚੌਥੇ ਰੋਜ਼ ਹਰਮਲ ਦੀ ਧੂਣੀ ਧੁਖਾਈ ਜਾਵੇ, ਉਧਰ ਭੂਤ ਪ੍ਰੇਤ ਮੂੰਹ ਨਹੀਂ ਕਰਦੇ। ਜਦੋਂ ਕਿਸੇ ਬੱਚੇ ਨੂੰ ਮਾਤਾ ਨਿਕਲੀ ਹੋਵੇ ਤਾਂ ਕਈ ਲੋਕ ਬੱਚੇ ਦੇ ਕਮਰੇ ਦੇ ਬਾਹਰ, ਕਿਸੇ ਕੁੰਨੀ ਵਿਚ ਹਰਮਲ ਧੁਖਾ ਕੇ ਰਖ ਦੇਂਦੇ ਹਨ। ਜਦੋਂ ਕੋਈ ਪਰਿਵਾਰ ਤੋਂ ਬਾਹਰਲਾ ਬੰਦਾ ਰੋਗੀ ਨੂੰ ਵੇਖਣ ਲਈ ਆਉਂਦਾ ਹੈ, ਤਾਂ ਪਹਿਲਾਂ ਕੁੰਨੀ ਵਿਚ ਹਰਮਲ ਧੁਖਾ ਕੇ ਫ਼ਿਰ ਅੰਦਰ ਕਦਮ ਧਰਦਾ ਹੈ। ਇਸ ਤਰ੍ਹਾਂ ਜੇ ਉਸ ਸਖ਼ਸ ਨੇ ਕੋਈ ਬਦਪ੍ਰਹੇਜ਼ਗੀ ਕੀਤੀ ਹੋਵੇ ਤਾਂ ਮਾਤਾ ਦੇਵੀ ਨਰਾਜ਼ ਨਹੀਂ ਹੁੰਦੀ। ਇਹ ਰਵਾਜ ਵਧੇਰੇ ਕਰ ਕੇ ਲਹਿੰਦੇ ਵਿਚ ਹੈ।

(ਹ-67) **ਹਰੜ :**

ਹਰੀੜਾਂ, ਇਹ ਕਈ ਦਵਾਈਆਂ ਵਿਚ ਕੰਮ ਆਉਂਦੀਆਂ ਹਨ। ਹਰੜ ਜਾਦੂ ਟੂਣੇ ਦੇ ਮਾਧਿਅਮ ਵਜੋਂ ਵੀ ਬੜਾ ਕਾਰਗਰ ਮੰਨਿਆ ਜਾਂਦਾ ਹੈ। ਇਸ ਉਤੇ ਕੀਤਾ ਟੂਣਾ ਨਿਸਫਲ ਨਹੀਂ ਜਾਂਦਾ। ਹਰੜ ਉਤੇ ਸਿਆਣੇ ਤੋਂ ਮੰਤਰ ਫੂਕਵਾ ਕੇ, ਉਸ ਨੂੰ ਦੁਸ਼ਮਣ ਦੇ ਘਰ, ਕਿਸੇ ਅਜਿਹੀ ਥਾਂ ਦੱਬ ਦਿਤਾ ਜਾਂਦਾ ਹੈ, ਜਿਥੋਂ ਉਹ ਆਮ ਲੰਘਦਾ ਹੋਵੇ। ਹਰੜ ਤੋਂ ਟਪਦੇ ਸਾਰ ਜਾਦੂ ਟੂਣੇ ਦਾ ਬੁਰਾ ਅਸਰ ਆਰੰਭ ਹੋ ਜਾਂਦਾ ਹੈ। ਕਈ ਵਾਰ ਮੰਤਰਿਆ ਹਰੜ ਮੰਜੀ ਦੇ ਅਠਿਆਂ ਵਿਚ ਛੁਪਾ ਕੇ ਰਖ ਦਿਤਾ ਜਾਂਦਾ ਹੈ। ਅਜਿਹੇ ਮੰਜੇ ਉਤੇ ਸਭ ਤੋਂ ਪਹਿਲਾਂ ਜੋ ਸ਼ਖ਼ਸ ਲੇਟਦਾ ਹੈ, ਉਸ ਉਤੇ ਜਾਦੂ ਦਾ ਅਸਰ ਚਲ ਜਾਂਦਾ ਹੈ। ਪਹਿਲਿਆਂ ਵਿਚ ਪਾਂਧੇ ਹਰੜ ਦਾ ਪੋਂ ਸੁਟ ਕੇ ਭਵਿਸ਼ ਵਾਚਿਆ ਕਰਦੇ ਸਨ (ਵੇਖੋ : ਹਰੜ ਪੋਪੋ)।

(ਹ-68) **ਹਰੜ ਪੋਪੋ :**

ਰਮਲ ਸੁਟ ਕੇ ਜਾਂ ਹੱਥ ਦੀਆਂ ਲਕੀਰਾਂ ਵੇਖ ਕੇ ਭਵਿਸ਼ ਦਸਣ ਵਾਲਾ ਪਾਂਧੇ (ਪਾਂਡੇ), ਜਿਨ੍ਹਾਂ ਨੂੰ ਰਾਉਲ ਵੀ ਕਿਹਾ ਜਾਂਦਾ ਹੈ। ਪਹਿਲਿਆਂ ਵਿਚ ਕਈ ਪਾਂਧੇ ਹਰੜ (ਹਰੀੜਾਂ) ਦਾ ਪੋਂ ਸੁਟ ਕੇ ਭਵਿਸ਼ ਵਾਚਿਆ ਕਰਦੇ ਸਨ, ਜਿਸ ਕਰ ਕੇ ਉਨ੍ਹਾਂ ਪਾਂਧਿਆਂ ਲਈ ਹਰੜ ਪੋਪੋ (ਹਰੀੜਾਂ ਦਾ ਪੋਂ ਸੁਟਣ ਵਾਲਾ) ਨਾਂ ਪ੍ਰਚਲਤ ਹੋ ਗਿਆ। ਪਿੰਡਾਂ ਵਿਚ ਹਰੜ ਪੋਪੋ, ਪਾਂਧੇ, ਰਾਉਲ ਆਮ ਵੇਖੇ ਜਾਂਦੇ ਹਨ ਤੇ ਪਛੜੇ ਲੋਕ ਇਨ੍ਹਾਂ ਦੀਆਂ ਦਸੀਆਂ ਗੱਲਾਂ ਉਪਰ ਪੂਰਾ ਯਕੀਨ ਕਰਦੇ ਹਨ (ਵੇਖੋ : ਜੋਤਿਸ਼ੀ)।

(ਹ-69) **ਹਰਾ ਰੰਗ :**

ਪੰਜਾਬੀ ਲੋਕਧਾਰਾ ਵਿਚ ਹਰਾ ਰੰਗ, ਹਰਿਆਵਲੀ (ਬਨਸਪਤੀ) ਦਾ ਪ੍ਰਤੀਕ ਹੋਣ ਕਰ ਕੇ, ਸ਼ੁਭ ਮੰਨਿਆ ਜਾਂਦਾ ਹੈ। ਬਨਸਪਤੀ ਦਾ ਮਾਨਵੀਕਰਣ ਹਰਿਆਲੀ ਦੇਵੀ ਦੇ ਰੂਪ ਵਿਚ ਕੀਤਾ ਜਾਂਦਾ ਹੈ, ਜੋ ਹਰੇ ਰੰਗ ਦੇ ਕਪੜੇ ਧਾਰਨ ਕਰਦੀ ਹੈ। ਹਰੇ ਰੰਗ ਨੂੰ ਧਾਰਨ ਕਰਨ ਨਾਲ ਉਤਪਾਦਨ ਸ਼ਕਤੀ ਵਧਦੀ ਮੰਨੀ ਜਾਂਦੀ ਹੈ। ਮਹਾਵਾਰੀ ਬੰਦ ਹੋਣ 'ਤੇ ਇਸ਼ਨਾਨ ਕਰ ਕੇ ਜੇ ਤੀਵੀਂ ਹਰੇ ਰੰਗ ਦੀ ਚੁੰਨੀ ਸਿਰ ਤੇ ਲਏ, ਤਾਂ ਛੇਤੀ ਹੀ ਗਰਭ ਠਹਿਰ ਜਾਂਦਾ ਹੈ। ਕਈ ਬਾਂਝ ਇਸਤ੍ਰੀਆਂ ਹਰੇ ਰੰਗ ਦਾ ਕੋਈ ਪੰਛੀ ਤੋਤਾ ਆਦਿ ਇਸੇ ਵਿਚਾਰ ਨਾਲ ਪਾਲਦੀਆਂ ਹਨ ਕਿ ਗਰਭ ਠਹਿਰ ਜਾਵੇਗਾ। ਵੇਲ ਹਰੀ ਰਹੇ ਦਾ ਅਰਥ ਵੀ ਕੁਲ ਦੀ ਉਤਪਾਦਨ ਸ਼ਕਤੀ ਵਧਣ ਫੁਲਣ ਤੋਂ ਹੈ।

(ਹ-70) **ਹਰਿ :**

ਵਿਸ਼ਨੂੰ ਦੀ ਇਕ ਉਪਾਧੀ; ਕਈ ਵਾਰ ਇਹੋ ਸੰਗਿਆ ਸ਼ਿਵ, ਬ੍ਰਹਮਾ ਤੇ ਇੰਦਰ ਦੇਵਤੇ ਲਈ ਵੀ ਵਰਤੀ ਜਾਂਦੀ ਹੈ। ਭਗਤੀ ਕਾਲ ਵਿਚ ਇਹ ਸ਼ਬਦ ਪ੍ਰਭੂ ਦੇ ਸਮਾਨਾਰਥ ਰੂੜ੍ਹ ਹੋ ਗਿਆ।

(ਹ-71) **ਹਰਿਆ :**

ਇਕ ਪ੍ਰਸਿਧ ਲੋਕ-ਕਾਵਿ, ਜੋ ਬੱਚੇ ਦੇ ਜੰਮਣ ਵੇਲੇ ਗਾਉਣ ਦੀ ਪ੍ਰਥਾ ਹੈ। ਪੰਜਾਬੀ ਦੇ ਦੂਜੇ ਕਾਵਿ-ਰੂਪਾਂ ਵਾਂਗ ਹਰਿਆ ਦੇ ਰੂਪ ਦਾ ਮੁਢ ਵੀ ਰੀਤਕ ਹੈ। ਪੰਜਾਬ ਵਿਚ ਬੱਚੇ ਦੇ ਜੰਮਦੇ ਸਾਰ ਘਰ ਦੇ ਮੋਹਰਲੇ ਦਰਵਾਜ਼ੇ ਉਪਰ ਹਰੀ ਵੇਲ ਜਾਂ ਅੰਬ ਦੇ ਪੱਤੇ, ਮੌਲੀ ਦੇ ਧਾਗੇ ਵਿਚ ਪਰੋ ਕੇ, ਟੰਗਣ ਦੀ ਪ੍ਰਥਾ ਹੈ। ਹਰੇ ਪੱਤੇ ਸ਼ੁਭਤਾ, ਕਲਿਆਣਤਾ ਤੇ ਵਧਾਵੇ ਦਾ ਚਿੰਨ੍ਹ ਹਨ। ਪੁਤਰ ਦੇ ਜਨਮ ਨਾਲ ਵੇਲ ਵਧਦੀ ਅਤੇ ਕੁਲ ਦੀ ਜੜ੍ਹ ਹਰੀ ਹੁੰਦੀ ਹੈ। ਇਸ ਲਈ 'ਹਰਿਆ' ਗਾਇਆ ਜਾਣਾ ਸੁਭਾਵਿਕ ਹੈ। ਹੌਲੇ ਹੌਲੇ 'ਹਰਿਆ' ਨਾਂ ਨਵੇਂ ਜੰਮੇ ਬੱਚੇ ਲਈ ਪ੍ਰਚਲਤ ਹੋ ਗਿਆ ਅਤੇ ਬੱਚੇ ਦੇ ਜਨਮ ਨਾਲ ਸੰਬੰਧਿਤ ਗਾਏ ਜਾਣ ਵਾਲੇ ਗੀਤਾਂ ਨੂੰ ਵੀ 'ਹਰਿਆ' ਕਿਹਾ ਜਾਣ ਲੱਗਾ —

ਹਰਿਆ ਨੀ ਮਾਏ ਭਰਿਆ ਨੀ ਮਾਏ ਹਰਿਆ,
ਜਿਤ ਦਿਹਾੜੇ ਹਰਿਆ ਨੀ ਜੰਮਿਆ,
ਸੋ ਦਿਹਾੜਾ ਭਾਗੇ ਭਰਿਆ।

ਹਰਿਆ ਦੇ ਕਈ ਸ਼ਾਬਦਿਕ ਅਰਥ ਹਨ — ਹਲ ਵਾਹੁਣ ਵਾਲਾ ਕਿਸਾਨ, ਉਪਾਸ਼ਕ, ਭਗਤ ਆਦਿ। ਪੰਜਾਬ ਦੀ ਸੰਸਕ੍ਰਿਤੀ ਕ੍ਰਿਸ਼ੀ ਮੂਲਿਕ ਹੈ, ਇਸ ਲਈ ਜੰਮਦੇ ਬੱਚੇ ਨੂੰ 'ਹਰਿਆ' ਕਹਿ ਕੇ ਸੰਬੋਧਨ ਕਰਨਾ ਵੀ ਸਹਿਜ ਹੈ। ਬੱਚਾ ਰੱਬ ਦਾ ਰੂਪ ਹੈ। ਸੋ ਬੱਚੇ ਦੇ ਜੰਮਣ ਨਾਲ ਘਰ ਵਿਚ ਹਰਿ (ਵਿਸ਼ਨੂੰ) ਦਾ ਪ੍ਰਵੇਸ਼ ਹੁੰਦਾ ਹੈ। ਇਸ ਲਈ ਹਰਿ ਦੇ ਆਉਣ ਉਤੇ ਗਾਏ ਜਾਣ ਵਾਲੇ ਗੀਤਾਂ ਦਾ ਨਾਂ ਹਰਿਆ ਪੈ ਜਾਣਾ ਵੀ ਸੁਭਾਵਿਕ ਹੈ। ਪਰ ਜੇ ਹਰਿਆ ਸ਼ਬਦ ਦੇ ਮੂਲ ਅਰਥ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਇਹਦਾ ਸੰਬੰਧ ਮੌਲਣ ਵਿਗਸਣ ਨਾਲ ਹੈ। ਪੰਜਾਬ ਵਿਚ ਜਦੋਂ ਕਿਸੇ ਦੇ ਘਰ ਜੇਠੀ ਔਲਾਦ ਜੰਮਦੀ ਹੈ ਤਾਂ 'ਕੁਖ ਹਰੀ ਹੋਣ' ਦਾ ਮੁਹਾਵਰਾ ਵਰਤਿਆ ਜਾਂਦਾ ਹੈ। ਸੋ, ਮਾਂ ਦੀ ਕੁਖ ਹਰੀ ਕਰਨ ਵਾਲੇ ਲਈ ਹਰਿਆ ਸ਼ਬਦ ਦਾ ਪ੍ਰਯੋਗ ਕੁਦਰਤੀ ਹੈ।

'ਹਰਿਆ' ਦੇ ਗੀਤਾਂ ਵਿਚ, ਮਾਂ ਦੀਆਂ ਪੁਤਰ ਪ੍ਰਤੀ ਸਧਰਾਂ, ਰੀਝਾਂ ਤੇ ਅਕਾਂਖਿਆਂ ਦਾ ਭਾਵੁਕ ਜਿਹਾ ਕਾਵਿ ਪ੍ਰਗਟਾਵਾ ਹੈ; ਖ਼ੁਸ਼ੀਆਂ ਦੀਆਂ ਉਹ ਛਲਾਂ, ਜੋ ਪੁਤਰ ਦੇ ਜੰਮਣ 'ਤੇ ਸਭ ਹੱਦ-ਬੰਨੇ ਟੱਪ ਜਾਂਦੀਆਂ ਹਨ। ਇਨ੍ਹਾਂ ਗੀਤਾਂ ਵਿਚ ਮਾਂ ਦੀਆਂ ਸਧਰਾਂ ਅਤੇ ਸੁਪਨੇ ਸਾਕਾਰ ਹੁੰਦੇ ਹਨ :

ਜੰਮਦੜਾ ਹਰਿਆ ਪੱਟ ਨੀ ਵਲ੍ਹੇਟਿਆ,
ਕੁਛੜ ਦਿਓ ਏਨ੍ਹਾਂ ਮਾਈਆਂ।
ਮਾਈਆਂ ਤੇ ਦਾਈਆਂ,
ਨਾਲੇ ਸਕੀਆਂ ਭਰਜਾਈਆਂ,
ਹੋਰ ਚਾਚੇ ਤਾਏ ਦੀਆਂ ਜਾਈਆਂ।

(ਹ-72) **ਹਰਿਆਣਾ :**

ਹਰਿਆਣਾ ਮੁਢ ਕਦੀਮ ਤੋਂ ਹੀ ਭੂਗੋਲਿਕ, ਰਾਜਨੀਤਕ ਅਤੇ ਸਾਂਸਕ੍ਰਿਤਕ ਤੌਰ 'ਤੇ ਪੰਜਾਬ ਦਾ ਹੀ ਇਕ ਖੇਤਰ ਰਿਹਾ ਹੈ। ਇਸ ਲਈ ਇਹਦੀ ਕੋਈ ਨਿਵੇਕਲੀ ਹੋਂਦ ਸਥਾਪਿਤ ਨਹੀਂ ਹੋ ਸਕੀ। ਵੈਦਿਕ ਕਾਲ ਵਿਚ ਸਪਤ ਸਿਧੂ ਵਾਦੀ ਜਮਨਾ ਤੋਂ ਲੈ ਕੇ ਸਿੰਧ ਦਰਿਆ ਤਕ ਫੈਲੀ ਹੋਈ ਸੀ, ਜਿਸ ਵਿਚ ਹਰਿਆਣਾ ਵੀ ਸ਼ਾਮਲ ਸੀ। ਉਸ ਤੋਂ ਬਾਅਦ ਵੀ, ਇਤਿਹਾਸ ਦੇ ਇਕ ਵਡੇਰੇ ਖੰਡ ਤਕ, ਹਰਿਆਣੇ ਦੀ ਕਿਸਮਤ ਪੰਜਾਬ ਨਾਲ ਹੀ ਬਝੀ ਰਹੀ। ਇਸ ਲਈ, ਪ੍ਰਾਗੈਤਿਹਾਸਕ ਕਾਲ ਤੋਂ ਹੁਣ ਤਕ ਦੇ ਇਤਿਹਾਸ ਵਿਚ, ਹਰਿਆਣੇ ਦੇ ਖੇਤਰ ਦਾ ਵਖਰੇ ਰੂਪ ਵਿਚ ਜ਼ਿਕਰ ਨਹੀਂ ਆਇਆ। ਪ੍ਰਾਚੀਨ ਹਿੰਦੂ ਗ੍ਰੰਥਾਂ ਵਿਚ ਵੀ ਹਰਿਆਣੇ ਦਾ ਨਿਵੇਕਲਾ ਵਰਨਣ ਕਿਧਰੇ ਨਹੀਂ ਮਿਲਦਾ।

ਪੰਜਾਬ ਦੇ ਜਿਸ ਖੇਤਰ ਨੂੰ ਹਰਿਆਣਾ ਕਿਹਾ ਵੀ ਜਾਂਦਾ ਰਿਹਾ, ਉਸ ਵਿਚ, ਡਾ: ਗੰਡਾ ਸਿੰਘ ਅਨੁਸਾਰ "ਹਿਸਾਰ ਦੇ ਜ਼ਿਲੇ ਦਾ ਚੜ੍ਹਦਾ ਅੱਧ (ਹਾਂਸੀ ਦਾ ਸਾਰਾ ਇਲਾਕਾ, ਫ਼ਤਿਹ ਆਬਾਦ

Sri Satguru Jagjit Singh Ji eLibrary NamdhariElibrary@gmail.com

ਹਿਸਾਰ ਅਤੇ ਭਵਾਨੀ ਦਾ ਚੜ੍ਹਦਾ ਇਲਾਕਾ), ਰੋਹਤਕ ਦੇ ਜ਼ਿਲੇ ਦਾ ਕੁਝ ਹਿੱਸਾ ਅਤੇ ਪੁਰਾਣੀਆਂ ਪਟਿਆਲੇ ਅਤੇ ਜੀਂਦ ਦੀਆਂ ਰਿਆਸਤਾਂ ਦੇ ਕੁਝ ਦੱਖਣੀ ਹਿਸੇ ਸ਼ਾਮਲ ਹਨ...ਇਸ ਦੇ ਉੱਤਰ ਲਹਿੰਦੇ ਨੂੰ ਘੱਗਰ ਦੀ ਵਾਦੀ ਹੈ। ਲਹਿੰਦੇ, ਦੱਖਣ ਲਹਿੰਦੇ ਤੇ ਦੱਖਣ ਨੂੰ ਬਾਂਗੜ ਦਾ ਰੇਤ-ਥਲ ਹੈ, ਜੋ ਬੀਕਾਨੇਰ ਨਾਲ ਜਾ ਰਲਦਾ ਹੈ। ਚੜ੍ਹਦੇ ਪਾਸੇ ਜਮਨਾ ਦਾ ਬੇਟ ਹੈ ਅਤੇ ਉੱਤਰ ਵਲ ਕੁਰਖੇਤਰ (ਨਰਦਕ) ਦਾ ਇਲਾਕਾ। ਇਸ ਸਾਰੇ ਇਲਾਕੇ ਦਾ ਰਕਬਾ 3000 ਮੁਰੱਬਾ ਮੀਲ ਦੇ ਲਗਪਗ ਹੈ" (ਪੰਜਾਬ, ਭ: ਵਿ: 5,)।

ਹਿਸਾਰ ਜ਼ਿਲੇ ਦੀ ਬੰਦੋਬਸਤ ਰਿਪੋਰਟ (Settlement Report, 1863) ਵਿਚ ਹਰਿਆਨਾ ਦੀਆਂ ਹੱਦਾਂ ਇਉਂ ਮਿਥੀਆਂ ਗਈਆਂ ਹਨ — "ਪੂਰਬ ਵਿਚ ਝੱਜਰ ਤੇ ਬਹਾਦਰਗੜ੍ਹ (ਜ਼ਿਲਾ ਰੋਹਤਕ) ਅਤੇ ਪੱਛਮ ਵਿਚ ਅਗਰੋਹਾ ਅਤੇ ਭੂਨਾ (ਜ਼ਿਲਾ ਹਿਸਾਰ); ਉਤਰ ਵਿਚ ਜੀਂਦ ਤੇ ਸਫੀਦੋਂ ਦਾ ਇਲਾਕਾ; ਦੱਖਣ ਵਿਚ ਦਾਦਰੀ ਦਾ ਇਲਾਕਾ; ਆਦਿ।" ਇਸੇ ਰਿਪੋਰਟ ਅਨੁਸਾਰ ਹਰਿਆਣੇ ਦੀ ਲੰਬਾਈ ਬਹਾਦਰਗੜ੍ਹ ਤੋਂ ਅਗਰੋਹਾ ਤਕ ਪੂਰਬ ਪੱਛਮ 104 ਮੀਲ ਅਤੇ ਚੌੜਾਈ ਜੀਂਦ ਤੋਂ ਦਾਦਰੀ ਤਕ ਉੱਤਰ ਦੱਖਣ 57 ਮੀਲ ਦੀ ਬਣਦੀ ਹੈ। ਇਸ ਆਧਾਰ 'ਤੇ ਹਰਿਆਣੇ ਦਾ ਕੁਲ ਖੇਤਰਫਲ 5928 ਵਰਗ ਮੀਲ ਹੈ। ਡਾ: ਸ਼ੰਕਰ ਲਾਲ ਯਾਦਵ ('ਹਰਿਆਨਾ ਪ੍ਰਦੇਸ਼ ਦਾ ਲੋਕ ਸਾਹਿੱਤ') ਅਨੁਸਾਰ ਹਰਿਆਣੇ ਦੇ ਵਿਸ਼ਾਲ ਪ੍ਰਦੇਸ਼ ਵਿਚ ਰੋਹਤਕ, ਮੋਹਿਮ, ਹਾਂਸੀ, ਦਾਦਰੀ, ਹਿਸਾਰ, ਜੀਂਦ, ਸਫੀਦੋਂ, ਕੈਥਲ ਅਤੇ ਠਰਵਾਨਾ ਪ੍ਰਧਾਨ ਨਗਰ ਹਨ।

ਹਰਿਆਣੇ ਦਾ ਅਜੋਕਾ ਸੂਬਾ 1 ਨਵੰਬਰ, 1966 ਨੂੰ ਹੋਂਦ ਵਿਚ ਆਇਆ। ਇਸ ਵਿਚ ਪੰਜਾਬ ਨਾਲੋਂ ਕੁਝ ਇਲਾਕਾ—ਗੁੜਗਾਵਾਂ, ਰੋਹਤਕ, ਮਹਿੰਦਰਗੜ੍ਹ, ਹਿਸਾਰ, ਜੀਂਦ, ਭਵਾਨੀ, ਸੋਨੀਪਤ, ਕਰਨਾਲ, ਕੁਰਕਸ਼ੇਤਰ ਅਤੇ ਅੰਬਾਲਾ ਅੱਡ ਕਰਕੇ ਇਕ ਵੱਖਰਾ ਪ੍ਰਾਂਤ ਬਣਾਇਆ ਗਿਆ। ਅੱਜ ਹਰਿਆਣੇ ਵਿਚ ਉਪ੍ਰੋਕਤ ਨਾਵਾਂ ਦੇ ਦਸ ਜ਼ਿਲੇ ਹਨ।

ਹਰਿਆਣੇ ਦਾ ਇਹ ਨਾਂ ਕਦੋਂ ਪਿਆ ਅਤੇ ਕਿਵੇਂ ਪਿਆ ? ਇਸ ਬਾਰੇ ਇਤਿਹਾਸਕ ਪ੍ਰਮਾਣਾਂ ਦੀ ਅਣਹੋਂਦ ਕਾਰਨ, ਨਿਸਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪਰ ਪੰਜਾਬ ਦੇ ਬਹੁਤੇ ਖੇਤਰਾਂ ਦੇ ਨਾਂ ਕਬੀਲਿਆਂ ਦੇ ਨਾਵਾਂ ਉਤੇ ਹੀ ਪ੍ਰਚਲਤ ਹੋਏ ਹਨ, ਜਿਵੇਂ ਭੱਟੀ ਕਬੀਲੇ ਦੇ ਇਲਾਕੇ ਨੂੰ ਭਟਿਆਣਾ; ਮਲ ਕਬੀਲੇ ਦੀ ਵਸੋਂ ਵਾਲੇ ਇਲਾਕੇ ਨੂੰ ਮਾਲਵਾ; ਲੋਧੀ ਪਠਾਣ ਵਲੋਂ ਵਸਾਏ ਖੇਤਰ ਨੂੰ ਲੁਧਿਆਣਾ ਕਿਹਾ ਜਾਂਦਾ ਹੈ। ਹਰਿਆਣੇ ਦੇ ਖੇਤਰ ਵਿਚ, ਕਿਸੇ ਜ਼ਮਾਨੇ ਵਿਚ, ਅਹੀਰ ਕਾਫ਼ੀ ਮਾਤਰਾ ਵਿਚ ਵਸਦੇ ਸਨ। ਇਸ ਕਬੀਲੇ ਤੋਂ ਇਲਾਕੇ ਦਾ ਨਾਂ ਅਹੀਰਿਆਣਾ ਪੈ ਜਾਣਾ ਸੁਭਾਵਿਕ ਸੀ, ਜੋ ਮਗਰੋਂ ਵਿਗੜ ਕੇ ਹਰਿਆਣਾ ਬਣ ਗਿਆ। ਡਾ: ਬੁਧ ਪ੍ਰਕਾਸ਼ ਹਰਿਆਣਾ ਸ਼ਬਦ ਨੂੰ ਅਭੀਰਯਾਨਾ ਦਾ ਹੀ ਵਿਗਾੜ ਮੰਨਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਮਹਾਂਭਾਰਤ ਮਗਰੋਂ ਇਸ ਖੇਤਰ ਵਿਚ ਅਹੀਰ ਆ ਵਸੇ ਅਤੇ ਇਹ ਇਲਾਕਾ ਉਪ੍ਰੋਕਤ ਨਾਉਂ ਨਾਲ ਪ੍ਰਸਿਧ ਹੋਇਆ।

ਹਰਿਆਣੇ ਦੇ ਨਾਮਕਰਣ ਨਾਲ ਲੋਕ-ਮਨ ਨੇ ਕੁਝ ਰੌਚਿਕ ਦੰਦ-ਕਥਾਵਾਂ ਵੀ ਜੋੜ ਲਈਆਂ ਹਨ, ਜਿਨ੍ਹਾਂ ਦਾ ਇਥੇ ਜ਼ਿਕਰ ਕਰਨਾ ਜ਼ਰੂਰੀ ਹੈ। ਜ਼ਿਲਾ ਹਿਸਾਰ ਦੀ ਬੰਦੋਬਸਤ ਰਿਪੋਰਟ (Settlement Report, 1863) ਅਨੁਸਾਰ ਇਸ ਇਲਾਕੇ ਦਾ ਨਾਂ ਹਰੀ (ਪਰਸੂਰਾਮ) ਤੋਂ ਪਿਆ। ਪਰਸੂਰਾਮ ਨੇ, ਜੋ ਹਰੀ ਦਾ ਇਕ ਅਵਤਾਰ ਸੀ, ਇਸ ਇਲਾਕੇ ਵਿਚ ਖਤਰੀਆਂ ਨੂੰ ਇੱਕੀ ਵਾਰ ਇਕੱਤਰ ਕਰ ਕੇ ਉਨ੍ਹਾਂ ਦੀ ਬਲੀ ਦਿਤੀ। ਬਲੀ ਵਾਲਾ ਅਸਥਾਨ ਜੀਂਦ ਦੇ ਲਾਗੇ ਰਾਮ ਹਿਰਦੇ ਨਾਂ ਨਾਲ ਪ੍ਰਸਿਧ ੦ ਤੇ ਉਥੇ ਹਿੰਦੂਆਂ ਦਾ ਇਕ ਪਵਿਤਰ ਸਰੋਵਰ ਹੈ। ਇਸੇ ਧਾਰਨਾ ਅਨੁਸਾਰ ਹਰਿਆਣਾ ਹਰੀ ਅਤੇ ਯਾਨ ਦੇ ਦੋ ਪਦਾਂ ਦਾ ਸੰਯੁਕਤ ਹੈ, ਜਿਸ ਦਾ ਭਾਵ ਹੈ ਹਰੀ ਦਾ ਸਥਾਨ। ਭਾਵ ਉਹ ਧਰਤੀ ਜਿਥੇ ਪਰਸੂਰਾਮ ਨੇ ਖਤਰੀਆਂ ਦੀ ਬਲੀ ਦਿਤੀ। ਉਪ੍ਰੋਕਤ ਬੰਦੋਬਸਤ ਰਿਪੋਰਟ ਵਿਚ ਇਕ ਹੋਰ ਰਵਾਇਤ ਵੀ ਦਿਤੀ ਹੈ ਕਿ ਮਹਾਰਾਜ ਹਰੀਸ਼ ਚੰਦਰ ਇਕ ਵਾਰ ਆਪਣੀ ਰਾਜਧਾਨੀ ਅਜੁਧਿਆ ਤੋਂ ਵਿਚਰਦੇ ਹੋਏ ਇਸ ਇਲਾਕੇ ਵਿਚ ਆਏ। ਉਦੋਂ ਇਹ ਸਾਰਾ ਭੂਖੰਡ ਜੰਗਲ ਸੀ। ਹਰੀਸ਼ਚੰਦਰ ਦੇ ਨਾਉਂ ਉਤੇ ਇਹਦਾ ਨਾਂ ਹਰਿਆਣਾ (ਹਰੀਸ਼ ਚੰਦਰ ਦਾ ਆਣਾ) ਪੈ ਗਿਆ। ਇਕ ਰਵਾਇਤ ਇਹ ਵੀ ਹੈ ਕਿ ਕੌਰਵਾਂ ਅਤੇ ਪਾਂਡਵਾਂ ਦੇ ਯੁਧ ਵੇਲੇ ਕ੍ਰਿਸ਼ਨ ਮਹਾਰਾਜ ਪਹਿਲਾਂ ਇਸੇ ਇਲਾਕੇ ਵਿਚ ਆ ਕੇ ਠਹਿਰੇ ਸਨ। ਹਰੀ (ਕ੍ਰਿਸ਼ਨ) ਦੇ ਪਧਾਰਨ 'ਤੇ ਇਹ ਇਲਾਕਾ ਹਰਿਆਣਾ ਪ੍ਰਸਿਧ ਹੋ ਗਿਆ। ਇਸ ਤਰ੍ਹਾਂ ਦੀਆਂ ਅਨੇਕਾਂ ਦੰਦ-ਕਥਾਵਾਂ ਹਰਿਆਣੇ ਦੇ ਨਾਮਕਰਣ ਨੂੰ ਪੌਰਾਣਿਕ ਲੋਕਧਾਰਾ ਨਾਲ ਜੋੜਨ ਲਈ ਸਿਰਜੀਆਂ ਗਈਆਂ ਹਨ। ਪਰ ਇਹ ਸਭ ਸੁਭਾਵਿਕ ਨਹੀਂ ਜਾਪਦੀਆਂ, ਬਾਅਦ ਦੀ ਕਲਪਨਾ ਹਨ। ਵਧੇਰੇ ਦਰੁਸਤ ਗੱਲ ਇਹੋ ਲੱਗਦੀ ਹੈ ਕਿ ਅਹੀਰਾਂ ਦੀ ਵਸੋਂ ਦਾ ਇਲਾਕਾ ਹੋਣ ਕਰ ਕੇ, ਇਹਦਾ ਨਾਂ ਪਹਿਲੇ ਅਭੀਰਯਾਨਾ (ਅਹੀਰਾਂ ਦਾ ਘਰ) ਪਿਆ, ਜੋ ਮਗਰੋਂ ਵਿਗੜ ਕੇ ਹਰਿਆਣਾ ਬਣ ਗਿਆ।

**ਪੌਰਾਣਿਕ ਅਤੇ ਇਤਿਹਾਸਕ ਮਹੱਤਤਾ :**

ਹਰਿਆਣੇ ਦੇ ਕਈ ਅਸਥਾਨ ਪੌਰਾਣਿਕ ਮਹੱਤਤਾ ਰਖਦੇ ਹਨ। ਮਹਾਂਭਾਰਤ ਕਾਲ ਵਿਚ ਹਰਿਆਣੇ ਦਾ ਖੇਤਰ ਕਈ ਜਨਪਦਾਂ ਵਿਚ ਵੰਡਿਆ ਹੋਇਆ ਸੀ। ਇਸੇ ਇਲਾਕੇ ਵਿਚ ਪਾਂਡੂਆਂ ਨੇ ਆਪਣੀ ਇਤਿਹਾਸਕ ਰਾਜਧਾਨੀ ਇੰਦਰਪ੍ਰਸਥ ਵਸਾਈ ਸੀ। ਮਹਾਂਭਾਰਤ ਦੀ ਲਹੂ ਡਲ੍ਹਵੀਂ ਲੜਾਈ ਕੁਰਕਸ਼ੇਤਰ ਦੇ ਮੈਦਾਨ ਵਿਚ ਹੀ ਲੜੀ ਗਈ ਸੀ, ਇਥੇ ਹੀ ਹਿੰਦੂਆਂ ਦੇ ਕਈ ਅਹਿਮ ਤੀਰਥ ਹਨ। ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਜਯੋਤੀਸਰ ਦੇ ਕੰਢੇ ਦਿਤਾ ਸੀ। ਕਹਿੰਦੇ ਹਨ ਸੂਰਜ ਗ੍ਰਹਿਣ ਵੇਲੇ ਪੰਜਾਬ ਦੇ ਸਭ ਦਰਿਆ ਅਤੇ ਸਰੋਵਰ ਸਨੇਹਤ ਵਿਚ ਰਹੱਸਮਈ ਢੰਗ ਨਾਲ ਪਹੁੰਚਦੇ ਅਤੇ ਇਸ਼ਨਾਨ ਕਰ ਕੇ ਪਵਿਤ੍ਰਤਾ ਗ੍ਰਹਿਣ ਕਰਦੇ ਹਨ। ਇਸ ਲਈ ਧਾਰਨਾ ਹੈ ਕਿ ਸੂਰਜ ਗ੍ਰਹਿਣ ਦੇ ਵੇਲੇ ਸਨੇਹਤ ਵਿਚ ਇਸ਼ਨਾਨ ਕਰਨ ਨਾਲ ਸਭ ਤੀਰਥਾਂ ਦੇ ਇਸ਼ਨਾਨ ਦਾ ਮਹਾਤਮਾ ਪ੍ਰਾਪਤ ਹੋ ਜਾਂਦਾ ਹੈ।

ਕੁਰਕਸ਼ੇਤਰ ਦੇ ਨੇੜੇ ਇਕ ਹੋਰ ਪ੍ਰਾਚੀਨ ਕਸਬਾ ਪਹੇਵਾ ਹੈ। ਕਰਨਾਲ ਗਜ਼ਟੀਅਰ ਅਨੁਸਾਰ ਇਸ ਅਸਥਾਨ ਦਾ ਪ੍ਰਾਚੀਨ ਨਾਂ ਪ੍ਰਿਥੂਡਕ (ਪ੍ਰਿਥੂ ਦਾ ਸਰੋਵਰ) ਹੈ। ਇਹ ਤੀਰਥ ਸਰਸਵਤੀ ਦੇ ਖੱਬੇ ਕੰਢੇ ਉਤੇ ਸਥਿਤ ਹੈ। ਇਥੇ ਪਿੰਡ ਦਾਨ ਦਾ ਉਹੀ ਮਹਾਤਮ ਹੈ, ਜੋ ਗਯਾ ਵਿਚ ਪਿੰਡ ਦਾਨ ਕਰਨ ਦਾ।

ਮਹਾਂਭਾਰਤ ਵਿਚ ਹਰਿਆਣੇ ਦੇ ਕਈ ਨਗਰਾਂ ਦਾ ਵਰਨਣ ਮਿਲਦਾ ਹੈ। ਰੋਹਤਕ ਦਾ ਜ਼ਿਕਰ ਰੋਹਿਤਕਾ ਦੇ ਨਾਂ ਹਠ ਆਉਂਦਾ ਹੈ। ਇਕ ਧਾਰਨਾ ਅਨੁਸਾਰ ਰੋਹਤਕ ਦਾ ਪੁਰਾਣਾ ਨਾਉਂ ਰੋਹਤਾਸਗੜ੍ਹ ਸੀ, ਇਸ ਨੂੰ ਰਾਜੇ ਰੋਹਤਾਸ ਨੇ ਵਸਾਇਆ ਸੀ। ਰੋਹਤਾਸਗੜ੍ਹ ਸਮੇਂ ਨਾਲ ਵਿਗੜਦਾ ਹੋਇਆ ਰੋਹਤਕ ਹੋ ਗਿਆ। ਸੋਨੀਪਤ ਦਾ ਜ਼ਿਕਰ ਮਹਾਂਭਾਰਤ ਵਿਚ ਸ਼੍ਰੋਣੀਪ੍ਰਸਥ ਦੇ ਨਾਂ ਹੇਠ ਮਿਲਦਾ ਹੈ। ਰਵਾਇਤ ਹੈ ਕਿ ਰਾਮਾਇਣ ਕਾਲ ਵਿਚ ਸਰਵਣ ਕੁਮਾਰ ਆਪਣੇ ਅੰਨ੍ਹੇ ਮਾਤਾ ਪਿਤਾ ਨੂੰ ਵਹਿੰਗੀ ਵਿਚ ਬੈਠਾ ਕੇ ਇਥੇ ਆਇਆ ਸੀ। ਇਥੋਂ ਦੀ ਰਮਣੀਕ ਧਰਤੀ ਉਸ ਨੂੰ ਇਤਨੀ ਪਸੰਦ ਆਈ ਕਿ ਉਸ ਨੇ ਇਥੇ ਹੀ ਟਿਕ ਜਾਣ ਦਾ ਫ਼ੈਸਲਾ ਕੀਤਾ। ਸੋਨੀਪਤ ਵਿਚ ਪੁਰਾਣੇ ਸ਼ਹਿਰ ਦੇ ਨੇੜੇ ਇਕ ਰੋਜ਼ਾ 'ਮਾਮੂ ਭਾਂਜਾ' ਹੈ। ਇਹ ਦੋਵੇਂ ਸ਼ਖ਼ਸ ਵਿਦੇਸ਼ੀ ਸੌਦਾਗਰ ਸਨ, ਜੋ ਇਸੇ ਅਸਥਾਨ ਉਤੇ ਬੜੀ ਦੁਖਦਾਈ ਅਵਸਥਾ ਵਿਚ ਮਰੇ। ਲੋਕੀਂ ਇਸ ਰੋਜ਼ੇ ਉਤੇ ਚੜ੍ਹਾਵੇ ਚੜ੍ਹਾਂਦੇ ਅਤੇ ਸੁੱਖਾਂ ਦੇਂਦੇ ਹਨ। ਪਾਨੀਪਤ ਦਾ ਪ੍ਰਾਚੀਨ ਨਾਉਂ ਪਾਨੀਪ੍ਰਸਥ ਸੀ। ਮਹਾਂਭਾਰਤ ਅਨੁਸਾਰ ਯੁਧਿਸ਼ਟਰ ਨੇ ਦਰਯੋਧਨ ਤੋਂ ਜੋ ਪੰਜ ਪ੍ਰਸਥ

Sri Satguru Jagjit Singh Ji eLibrary NamdhariElibrary@gmail.com

ਮੰਗੇ, ਉਨ੍ਹਾਂ ਵਿਚੋਂ ਦੋ ਸ਼੍ਰੇਣੀਪ੍ਰਸਥ ਅਤੇ ਪਾਨੀਪ੍ਰਸਥ ਸਨ। ਪਾਣੀਪਤ ਵਿਚ ਹੀ ਤੇਰ੍ਹਵੀਂ ਸਦੀ ਵਿਚ ਹੋਏ ਬੋਅਲੀ ਕਲੰਦਰ ਸਾਹਿਬ ਦੀ ਇਤਿਹਾਸਕ ਦਰਗਾਹ ਹੈ।

ਗੁੜਗਾਵਾਂ ਦਾ ਸਬੰਧ ਵੀ ਮਹਾਂਭਾਰਤ ਕਾਲ ਨਾਲ ਜੋੜਿਆ ਜਾਂਦਾ ਹੈ। ਗੁੜਗਾਵਾਂ ਗਜ਼ਟੀਅਰ ਅਨੁਸਾਰ ਗੁੜਗਾਵਾਂ ਦਾ ਮੂਲ ਨਾਉਂ 'ਗੁਰੂ ਗਾਓਂ' ਹੈ। ਰਵਾਇਤ ਅਨੁਸਾਰ ਇਹ ਪਿੰਡ ਯੁਧਿਸ਼ਟਰ ਨੇ ਆਪਣੇ ਗੁਰੂ ਦਰੋਣਾਚਾਰੀਆ ਨੂੰ ਭੇਟ ਵਜੋਂ ਦਿਤਾ ਸੀ। ਦਰੋਣਾਚਾਰੀਆ ਨੇ ਇਥੇ ਇਕ ਸਰੋਵਰ ਬਣਾਇਆ, ਜੋ ਹੁਣ ਤਕ ਮੌਜੂਦ ਹੈ। ਗੁੜਗਾਵਾਂ ਵਿਚ ਮਸਾਣੀ ਦੇਵੀ ਦਾ ਇਕ ਪ੍ਰਾਚੀਨ ਮੰਦਰ ਹੈ, ਜਿਥੇ ਸੀਤਲਾ ਦੇਵੀ ਨੂੰ ਪਤਿਆਣ ਲਈ ਹਰ ਸੋਮਵਾਰ ਨੂੰ ਮੇਲਾ ਲੱਗਦਾ ਹੈ। ਕਿਸੇ ਸਮੇਂ ਇਸ ਮੇਲੇ ਉਤੇ ਪੰਜਾਬ ਅਤੇ ਸਰਹੱਦੀ ਸੂਬੇ ਪਿਸ਼ਾਵਰ ਤੋਂ ਲੋਕ ਯਾਤਰਾ ਲਈ ਆਉਂਦੇ ਸਨ।

ਕੈਥਲ ਦੀ ਨੀਂਹ ਯੁਧਿਸ਼ਟਰ ਨੇ ਰਖੀ। ਪਰ ਇਸ ਅਸਥਾਨ ਦਾ ਸਬੰਧ ਹਨੂਮਾਨ ਨਾਲ ਵੀ ਜੋੜਿਆ ਜਾਂਦਾ ਹੈ। ਕੈਥਲ ਦਾ ਪ੍ਰਾਚੀਨ ਨਾਂ ਕਪਿਸਥਲ ਸੀ, ਜਿਸ ਦਾ ਅਰਥ ਹੈ—ਬਾਂਦਰਾਂ ਦੀ ਰਿਹਾਇਸ਼ਗਾਹ। ਕਰਨਾਲ ਦੇ ਸ਼ਹਿਰ ਦੀ ਨੀਂਹ ਕਰਨ ਨੇ ਰਖੀ ਸੀ।

ਅਸਥਲ ਬੋਹਰ ਇਕ ਹੋਰ ਪ੍ਰਾਚੀਨ ਅਸਥਾਨ ਹੈ, ਜੋ ਪਹਿਲਾਂ ਜੈਨੀ, ਫੇਰ ਬੋਧੀ ਅਤੇ ਫੇਰ ਨਾਥ ਸੰਪ੍ਰਦਾਇ ਦਾ ਗੜ੍ਹ ਰਿਹਾ। ਅੱਜ ਕਲ੍ਹ ਇਥੇ ਨਾਥ ਸੰਪ੍ਰਦਾਇ ਦੇ ਜੋਗੀਆਂ ਦਾ ਇਕ ਮੱਠ ਹੈ। ਅਸਥਲ ਬੋਹਰ ਵਿਚੋਂ, ਪਾਰਸਵ ਨਾਥ ਦੀਆਂ ਮੂਰਤੀਆਂ ਤੋਂ ਇਲਾਵਾ, ਕਈ ਜੈਨੀ ਮਹਾਂਪੁਰਖਾਂ ਦੀਆਂ ਮੂਰਤੀਆਂ ਵੀ ਮਿਲੀਆਂ ਹਨ, ਜਿਸ ਤੋਂ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਖੇਤਰ ਕਦੇ ਜੈਨੀਆਂ ਦੇ ਪ੍ਰਭਾਵ ਹੇਠ ਸੀ। ਬੁੱਧ ਧਰਮ ਦੀ ਚੜ੍ਹਤ ਵੇਲੇ ਇਥੇ ਬੋਧੀਆਂ ਨੇ ਮੱਠ ਬਣਾ ਲਿਆ। ਜਦੋਂ ਨਾਥ ਸੰਪ੍ਰਦਾਇ ਦਾ ਗੌਰਵ ਵਧਿਆ, ਤਾਂ ਅਸਥਲ ਬੋਹਰ ਗੋਰਖ ਨਾਥ ਨਾਲ ਜੁੜ ਗਿਆ। ਪੂਰਨ ਭਗਤ ਨੇ, ਜਿਸ ਨੂੰ ਨਾਥ ਪ੍ਰਣਾਲੀ ਵਿਚ ਚੌਰੰਗੀ ਨਾਥ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ, ਇਥੇ ਆ ਕੇ ਇਕ ਮੱਠ ਕਾਇਮ ਕੀਤਾ। ਹੌਲੇ ਹੌਲੇ ਇਸ ਮੱਠ ਦੀ ਮਾਨਤਾ ਘਟਦੀ ਗਈ। 1791 ਈ: ਵਿਚ ਬਾਵਾ ਮਸਤ ਨਾਥ ਨੇ ਇਸ ਮੱਠ ਨੂੰ ਮੁੜ ਸੁਰਜੀਤ ਕੀਤਾ।

ਗੁੜਗਾਵਾਂ ਤੋਂ 24 ਕਿਲੋਮੀਟਰ ਦੂਰ ਸੁਹਾਨਾ ਵਿਚ ਗਰਮ ਪਾਣੀ ਦਾ ਇਕ ਚਸ਼ਮਾ ਹੈ। ਇਥੇ ਇਸ਼ਨਾਨ ਕਰਨ ਨਾਲ ਹਰ ਤਰ੍ਹਾਂ ਦੀਆਂ ਜਿਲਦ ਦੀਆਂ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਗੁੜਗਾਵਾਂ ਗਜ਼ਟੀਅਰ (141) ਅਨੁਸਾਰ ਇਸ ਚਸ਼ਮੇ ਦਾ ਉਦੈ ਬੜੇ ਰਹੱਸਮਈ ਢੰਗ ਨਾਲ ਹੋਇਆ। ਸੁਹਾਨਾ ਵਿਚ, ਇਕ ਪਹਾੜੀ ਦੇ ਪੈਰਾਂ ਵਿਚ, ਇਕ ਫ਼ਕੀਰ ਰਕੀਸੂ ਰਹਿੰਦਾ ਸੀ, ਜਿਸ ਨੇ ਪਾਣੀ ਇਕੱਠਾ ਕਰਨ ਲਈ ਇਥੇ ਇਕ ਛੋਟਾ ਜਿਹਾ ਚੁਬੱਚਾ ਬਣਾਇਆ ਹੋਇਆ ਸੀ। ਇਕ ਵਾਰ ਇਕ ਸੌਦਾਗਰ ਚਤਰ ਭੋਜ, ਇਕ ਲੱਖ ਬਲਦਾਂ ਉਪਰ ਮਾਲ ਲੱਦੀ, ਇਧਰੋਂ ਦੀ ਲੰਘਿਆ। ਕਾਫ਼ਲੇ ਦੇ ਸਾਰੇ ਪ੍ਰਾਣੀ ਪਿਆਸ ਨਾਲ ਵਿਆਕੁਲ ਸਨ। ਸੌਦਾਗਰ ਨੇ ਫ਼ਕੀਰ ਤੋਂ ਪਾਣੀ ਮੰਗਿਆ। ਫ਼ਕੀਰ ਨੇ ਸੌਦਾਗਰ ਨੂੰ ਕਿਹਾ ਕਿ ਉਹ ਚੁਬੱਚੇ ਵਿਚੋਂ ਸਭਨਾਂ ਜੀਆਂ ਨੂੰ ਰੱਜਕੇ ਪਾਣੀ ਪਿਲਾ ਲਏ। ਰੱਬ ਦੀ ਬਖ਼ਸ਼ਿਸ਼ ਨਾਲ ਸਾਰੇ ਕਾਫ਼ਲੇ ਨੇ ਪਸ਼ੂਆਂ ਸਮੇਤ ਰਜਵਾਂ ਪਾਣੀ ਪੀਤਾ, ਪਰ ਚੁਬੱਚੇ ਵਿਚੋਂ ਪਾਣੀ ਨਾ ਮੁਕਿਆ। ਸੌਦਾਗਰ ਨੇ ਕਾਫ਼ਲੇ ਦਾ ਮਾਲ ਵੇਚ ਕੇ ਸਾਰਾ ਮੁਨਾਫ਼ਾ ਫ਼ਕੀਰ ਨੂੰ ਦੇ ਦਿਤਾ, ਤਾਂ ਜੋ ਉਹ ਮੁਸਾਫ਼ਰਾਂ ਦੀ ਸਹੂਲਤ ਲਈ ਇਥੇ ਇਕ ਵੱਡਾ ਸਾਰਾ ਸਰੋਵਰ ਬਣਵਾਏ। ਜਦੋਂ ਸਰੋਵਰ ਦੀ ਖੁਦਾਈ ਕਰਨ ਲਈ ਪਹਿਲਾ ਪੱਥਰ ਖੋਦਿਆ ਗਿਆ, ਤਾਂ ਹੇਠੋਂ ਪਾਣੀ ਦਾ ਚਸ਼ਮਾ ਨਿਕਲ ਆਇਆ। ਇਸ ਘਟਨਾ ਨੂੰ ਲਗਪਗ ਤਿੰਨ ਸਦੀਆਂ ਹੋਣ ਲੱਗੀਆਂ ਹਨ।

ਹਰਿਆਣੇ ਦਾ ਇਕ ਹੋਰ ਪ੍ਰਾਚੀਨ ਨਗਰ ਅਗਰੋਹਾ ਹੈ, ਜੋ ਹਿਸਾਰ ਤੋਂ ਉੱਤਰ ਪੱਛਮ ਵਲ 20 ਕਿਲੋਮੀਟਰ ਦੂਰ ਫ਼ਤਹਬਾਦ ਨੂੰ ਜਾਂਦੀ ਸੜਕ ਉਤੇ ਸਥਿਤ ਹੈ (ਵੇਖੋ : ਅਗਰੋਹਾ)। ਇਥੇ ਕਈ ਪੁਰਾਣੀਆਂ ਥੇਹਾਂ ਹਨ। ਇਸ ਨਗਰ ਨੂੰ ਅਗਰਵਾਲਾਂ ਦੇ ਵਡਿਕੇ ਰਾਜੇ ਅਗਰਸੈਨ ਨੇ ਵਸਾਇਆ ਸੀ। ਅਗਰਸੈਨ ਨੇ ਇਥੇ ਇਕ ਸ਼ਾਨਦਾਰ ਕਿਲ੍ਹਾ ਬਣਵਾਇਆ, ਜਿਸ ਦੇ ਖੰਡਰ ਹੁਣ ਤਕ ਮੌਜੂਦ ਹਨ।

ਜਗਾਧਰੀ ਦੇ ਪੂਰਬ ਵਲ ਪੰਜ ਕਿਲੋਮੀਟਰ ਦੂਰ ਇਕ ਛੋਟਾ ਜਿਹਾ ਪਿੰਡ ਸੁਗ ਹੈ। ਇਹ ਕਦੇ ਘੁਗ ਵਸਦਾ ਸ਼ਹਿਰ ਸੀ। ਕੰਨਿਘਮ ਇਸ ਅਸਥਾਨ ਦਾ ਏਕੀਕਰਣ ਸਰੂਗਣਾ ਨਾਲ ਕਰਦਾ ਹੈ। ਸਤਵੀਂ ਸਦੀ ਵਿਚ, ਹਿਊਨ ਸਾਂਗ ਭਾਰਤ ਦੀ ਯਾਤ੍ਰਾ ਕਰਦਾ ਇਥੇ ਵੀ ਆਇਆ ਸੀ। ਉਦੋਂ ਇਹ ਅਸਥਾਨ, ਮਹਾਤਮਾ ਬੁਧ ਦੇ ਪੂਰਬਲੇ ਜਨਮ ਨਾਲ ਸੰਬੰਧਿਤ ਹੋਣ ਕਰ ਕੇ, ਪਾਵਨ ਮੰਨਿਆ ਜਾਂਦਾ ਸੀ। ਅਸ਼ੋਕ ਨੇ ਇਥੇ ਇਕ ਸਤੂਪ ਤੇ ਮੱਠ ਬਣਵਾਇਆ ਸੀ।

ਰਿਵਾੜੀ ਦਾ ਨਗਰ, ਰਾਜੇ ਰਾਵਤ ਨੇ ਆਪਣੀ ਕੈਨਿਆਂ ਰੇਵਤੀ ਦੇ ਨਾਂ ਉਤੇ ਵਸਾਇਆ। ਰਾਜੇ ਅੰਬ ਨੇ ਚੌਧਵੀਂ ਸਦੀ ਵਿਚ ਅੰਬਾਲੇ ਦੀ ਨੀਂਹ ਰਖੀ। ਹਿਸਾਰ ਦੀ ਬੁਨਿਆਦ ਫ਼ਿਰੋਜ਼ ਸ਼ਾਹ ਤੁਗਲਕ ਨੇ ਚੌਧਵੀਂ ਸਦੀ ਵਿਚ ਰਖੀ ਅਤੇ ਇਥੇ ਇਕ ਵੱਡਾ ਸਾਰਾ ਕਿਲ੍ਹਾ ਬਣਵਾਇਆ। ਫ਼ਾਰਸੀ ਵਿਚ ਹਿਸਾਰ ਦਾ ਮਤਲਬ ਕਿਲ੍ਹਾ ਹੈ। ਹਰਿਆਣੇ ਵਿਚ ਅੰਬਾਲਾ ਸ਼ਿਮਲਾ ਸੜਕ ਉਤੇ ਕਾਲਕਾ ਦੇ ਨੇੜੇ ਪਿੰਜੌਰ ਬਾਗ਼ ਹਨ, ਜੋ ਜਹਾਂਗੀਰ ਦੇ ਰਾਜ ਵੇਲੇ ਫ਼ਿਦਈ ਖ਼ਾਨ ਨੇ ਬਣਵਾਏ।

**ਲੋਕ :**— ਪੰਜਾਬ ਵਾਂਗ ਹਰਿਆਣੇ ਦੀ ਵਸੋਂ ਵੀ ਮਿੱਸੀ ਹੈ ਅਤੇ ਇਥੇ ਕਈ ਜਾਤਾਂ, ਕਬੀਲਿਆਂ ਅਤੇ ਨਸਲਾਂ ਦੇ ਲੋਕ ਇਕ ਦੂਜੇ ਵਿਚ ਰਚ ਮਿਚ ਗਏ ਹਨ। ਉਪਰਲੀਆਂ ਸ਼੍ਰੇਣੀਆਂ—ਬ੍ਰਾਹਮਣ, ਰਾਜਪੂਤ ਅਤੇ ਜੱਟ ਇੰਡੋ ਆਰੀਅਨ ਨਸਲ ਵਿਚੋਂ ਹਨ; ਪੱਛੜੀਆਂ ਸ਼੍ਰੇਣੀਆਂ—ਚੂਹੜੇ, ਚਮਿਆਰਾਂ ਆਦਿ ਵਿਚ ਦਰਾਵੜੀ ਅੰਸ਼ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਅਹੀਰ, ਮੀਉ, ਗੁਜਰ ਆਦਿ ਕਬੀਲਿਆਂ ਦੇ ਲੋਕ ਵੀ ਇਥੇ ਕਾਫ਼ੀ ਮਾਤਰਾ ਵਿਚ ਵਸੇ ਹੋਏ ਮਿਲਦੇ ਹਨ।

ਹਰਿਆਣੇ ਵਿਚ ਜੱਟ ਬਾਕੀ ਕਬੀਲਿਆਂ ਨਾਲੋਂ ਮਾਤਰਾ ਵਿਚ ਸਭ ਤੋਂ ਵਧ ਹਨ। ਗੁੜਗਾਵਾਂ, ਹਿਸਾਰ, ਕਰਨਾਲ ਅਤੇ ਅੰਬਾਲਾ ਵਿਚ ਜੱਟਾਂ ਦੀਆਂ ਅਨੇਕਾਂ ਗੋਤਾਂ ਮਿਲਦੀਆਂ ਹਨ। ਪੰਜਾਬ ਦੇ ਜੱਟਾਂ ਵਾਂਗ ਹਰਿਆਣੇ ਦੇ ਜੱਟ ਵੀ ਉੱਦਮੀ ਅਤੇ ਬਲਵਾਨ ਹੋਣ ਤੋਂ ਇਲਾਵਾ ਕਰੜੇ ਜੁਸੇ ਵਾਲੇ ਅੱਛੇ ਵਾਹਕ ਹਨ।

ਰਾਜਪੂਤ ਭਾਵੇਂ ਮਾਤਰਾ ਵਿਚ ਬਹੁਤੇ ਨਹੀਂ, ਪਰ ਹਰਿਆਣੇ ਵਿਚ ਇਨ੍ਹਾਂ ਨੂੰ ਪਰੰਪਰਾਗਤ ਮਹੱਤਤਾ ਪ੍ਰਾਪਤ ਰਹੀ ਹੈ। ਇਸ ਇਲਾਕੇ ਵਿਚ ਵਧੇਰੇ ਕਰ ਕੇ ਚੁਹਾਨ, ਪੁੰਨਵਾਰ, ਤੁੰਵਾਰ, ਬਡਗੁਜਰ ਅਤੇ ਮੰਧੜ ਆਦਿ ਕੁਲਾਂ ਦੇ ਰਾਜਪੂਤ ਬਿਖਰੇ ਪਏ ਹਨ, ਜੋ ਆਪਣਾ ਮੁੱਢ ਸੂਰਜ ਬੰਸੀ, ਚੰਦਰ ਬੰਸੀ ਜਾਂ ਰਾਜ ਕੁਲਾਂ ਨਾਲ ਜੋੜਦੇ ਹਨ ਮੰਧੜਾਂ ਦਾ ਦਾਅਵਾ ਹੈ ਕਿ ਉਹ ਲਵ ਦੀ ਸੰਤਾਨ ਵਿਚੋਂ ਹਨ। ਬਡਗੁਜਰ ਜਲੰਧਰ ਦੇ ਇਲਾਕੇ ਤੋਂ ਹਰਿਆਣੇ ਵਿਚ ਆ ਕੇ ਵਸੇ। ਇਸ ਪਰਵਾਸ ਬਾਰੇ ਉਨ੍ਹਾਂ ਵਿਚ ਇਕ ਰੌਚਕ ਰਵਾਇਤ ਪ੍ਰਚਲਤ ਹੈ। ਇਕ ਵਾਰ ਬਡਗੁਜਰਾਂ ਦਾ ਕੁਲ ਵਡਿਕਾ ਦੇਵੀ ਮਾਤਾ ਨਾਲ ਪਾਸਾ ਖੇਡ ਰਿਹਾ ਸੀ। ਪਾਸਾ ਸੁਟਣ ਵੇਲੇ ਦੇਵੀ ਮਾਤਾ ਦੇ ਹੱਥ ਪਾਣੀ ਨਾਲ ਭਿਜੇ ਵੇਖ ਕੇ ਵਡਿਕੇ ਨੇ ਇਹਦਾ ਕਾਰਨ ਪੁਛਿਆ। ਦੇਵੀ ਨੇ ਦਸਿਆ ਕਿ ਉਹ ਆਪਣੇ ਇਸ ਹੱਥ ਨਾਲ ਆਪਣੇ ਇਕ ਸੇਵਕ ਦੇ ਡੁਬਦੇ ਜਹਾਜ਼ ਨੂੰ ਬਚਾ ਰਹੀ ਸੀ, ਇਸੇ ਕਰਕੇ ਉਹਦਾ ਹੱਥ ਪਾਣੀ ਨਾਲ ਗਿਲਾ ਹੋ ਗਿਆ ਸੀ। ਬਡਗੁਜਰਾਂ ਦੇ ਵਡਿਕੇ ਨੇ ਇਸ ਗੱਲ ਨੂੰ ਗੱਪ ਸਮਝ ਕੇ ਖਿਚਕਿਲੀ ਮਾਰੀ। ਦੇਵੀ ਨੇ ਕਰੋਧ ਵਿਚ ਆ ਕੇ ਉਸ ਨੂੰ ਸਰਾਪ ਦੇ ਦਿਤਾ ਕਿ ਉਹਦੀ ਔਲਾਦ ਦਰ ਦਰ ਦੀਆਂ ਠੋਕਰਾਂ ਖਾਵੇਗੀ ਅਤੇ ਅਖ਼ੀਰ ਜਿਸ ਥਾਂ ਗੱਡੇ ਦਾ ਧੁਰਾ ਟੁਟੇਗਾ, ਉਥੇ ਹੀ ਮਜਬੂਰ ਹੋ ਕੇ ਵਸੇਗੀ। ਇਹ ਘਟਨਾ ਪੰਦਰ੍ਹਵੀਂ ਸਦੀ ਦੀ ਦੱਸੀ ਜਾਂਦੀ ਹੈ। ਬਡਗੁਜਰਾਂ

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਦਾ ਪਰਿਵਾਰ ਜਲੰਧਰ ਤੋਂ ਤੁਰ ਪਿਆ ਅਤੇ ਥਾਂ ਥਾਂ ਦੀਆਂ ਠੋਕਰਾਂ ਖਾਂਦਾ ਸੁਹਾਨਾ ਪੁਜਾ, ਜਿਥੇ ਗੱਡੇ ਦਾ ਧੁਰਾ ਟੁਟ ਗਿਆ ਅਤੇ ਉਹ ਸਾਰਾ ਪਰਿਵਾਰ ਹਮੇਸ਼ਾਂ ਲਈ ਉਥੇ ਹੀ ਵਸ ਗਿਆ।

ਹਰਿਆਣੇ ਵਿਚ, ਬ੍ਰਾਹਮਣਾਂ ਦਾ ਪਰੰਪਰਾਗਤ ਮਾਣ ਮਰਤਬਾ ਬਹੁਤ ਹੱਦ ਤਕ ਅਜੇ ਕਾਇਮ ਹੈ। ਪੰਜਾਬ ਵਿਚ ਭਗਤੀ ਲਹਿਰ ਨੇ ਬ੍ਰਾਹਮਣਾਂ ਦੇ ਰਹੇ ਖਹੇ ਬਿੰਬ ਨੂੰ ਵੀ ਖੰਡਿਤ ਕਰ ਦਿਤਾ ਸੀ, ਪਰ ਹਰਿਆਣੇ ਵਿਚ ਭਗਤੀ ਲਹਿਰ ਦਾ ਕੋਈ ਡੂੰਘਾ ਪ੍ਰਭਾਵ ਨਹੀਂ ਸੀ ਪਿਆ। ਹਰਿਆਣੇ ਵਿਚ ਮਿਲਦੇ ਬਹੁਤੇ ਬ੍ਰਾਹਮਣ ਗੌੜ ਹਨ, ਜੋ ਚੌਰਾਸੀ ਉਪਭਾਗਾਂ ਵਿਚ ਵੰਡੇ ਹੋਏ ਹਨ। ਗੌੜ ਬ੍ਰਾਹਮਣ ਜਨਮੇਜੇ ਦੇ ਸਮੇਂ ਹਰਿਆਣੇ ਵਿਚ ਆ ਕੇ ਵਸੇ ਸਨ। ਜਨਮੇਜੇ ਨੇ ਜਦੋਂ ਸਫੀਦੋਂ (ਜ਼ਿਲਾ ਜੀਂਦ) ਵਿਚ ਸਰਪ ਦਾਨ ਯੱਗ ਕੀਤਾ, ਤਾਂ ਉਸ ਨੇ ਬੜੇ ਦੂਰੋਂ ਦੂਰੋਂ ਬ੍ਰਾਹਮਣ ਸਦਵਾਏ (ਵੇਖੋ : ਸਫੀਦੋਂ)। ਬ੍ਰਾਹਮਣਾਂ ਵਿਚੋਂ ਇਕ ਧੜੇ ਨੇ ਯੱਗ ਦੇ ਦਾਨ ਵਜੋਂ ਕੇਵਲ ਜ਼ਮੀਨ ਹੀ ਲਈ ਅਤੇ ਉਨ੍ਹਾਂ ਨੇ ਅੱਗੋਂ ਹਮੇਸ਼ਾਂ ਵਾਸਤੇ ਦਾਨ ਨਾ ਲੈਣ ਦਾ ਫ਼ੈਸਲਾ ਕਰ ਲਿਆ। ਇਹ ਬ੍ਰਾਹਮਣ ਤਗਾ ਅਖਵਾਏ। ਪਰ ਜਿਨ੍ਹਾਂ ਬ੍ਰਾਹਮਣਾਂ ਨੇ ਜਨਮੇਜੇ ਤੋਂ ਰੁਪਏ ਪੈਸੇ ਅਤੇ ਗੌੜ ਦੀ ਭੇਟਾ ਕਬੂਲ ਕੀਤੀ, ਉਹ ਗੌੜ ਬ੍ਰਾਹਮਣ ਦੇ ਨਾਂ ਨਾਲ ਪ੍ਰਸਿਧ ਹੋਏ। ਤਗਾ ਭਾਵੇਂ ਜੰਞੂ ਪਹਿਨਦੇ ਹਨ, ਪਰ ਗੌੜ ਬ੍ਰਾਹਮਣ ਉਨ੍ਹਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਦੇ। ਹਰਿਆਣੇ ਵਿਚ ਬ੍ਰਾਹਮਣਾਂ ਦੀਆਂ ਕੁਝ ਹੋਰ ਗੋਤਾਂ—ਭਾਰਦੁਵਾਜ, ਗੌਤਮ, ਵਸ਼ਿਸ਼ਟ, ਪਰਾਸ਼ਰ ਅਤੇ ਬਚਸ ਆਦਿ ਹਨ। ਇਹ ਗੋਤਾਂ ਆਪਣੇ ਜਜਮਾਨਾਂ ਦੇ ਨਾਲ ਹੀ ਇਥੇ ਆ ਕੇ ਵਸੀਆਂ।

ਹਰਿਆਣੇ ਵਿਚ ਕੁਝ ਬ੍ਰਾਹਮਣ ਗੁਜਰਾਤ ਦੇ ਇਲਾਕੇ ਵਿਚੋਂ ਆ ਕੇ ਵਸੇ। ਇਹ ਗੁਜਰਾਤੀ ਬ੍ਰਾਹਮਣ ਦੂਜੇ ਬ੍ਰਾਹਮਣਾਂ ਨਾਲੋਂ ਸ੍ਰੇਸ਼ਟ ਮੰਨੇ ਜਾਂਦੇ ਹਨ। ਸੰਸਕਾਰਾਂ ਵੇਲੇ ਗੁਜਰਾਤੀ ਬ੍ਰਾਹਮਣਾਂ ਨੂੰ ਸਭ ਤੋਂ ਪਹਿਲਾਂ ਭੋਜ ਖਵਾਇਆ ਜਾਂਦਾ ਹੈ। ਕਿਰਿਆ ਕਰਮ ਵੇਲੇ ਬਾਰ੍ਹਵੇਂ ਦਿਨ ਪਹਿਲਾਂ ਗੁਜਰਾਤੀ ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ ਹੈ, ਤਾਂ ਗੌੜ ਬ੍ਰਾਹਮਣ ਤੇਰ੍ਹਵੇਂ ਦਿਨ ਭੋਜਨ ਛਕਦੇ ਹਨ। ਜੇ ਗੁਜਰਾਤੀ ਬ੍ਰਾਹਮਣਾਂ ਨੂੰ ਇਕ ਦਿਨ ਪਹਿਲਾਂ ਭੋਜਨ ਨਾ ਖਵਾਇਆ ਗਿਆ ਹੋਵੇ, ਤਾਂ ਗੌੜ ਵੀ 'ਤੇਹਰਵੇਂ' ਨੂੰ ਖਾਣ ਤੋਂ ਇਨਕਾਰ ਕਰ ਦੇਂਦੇ ਹਨ। ਮਿਲਣ ਵੇਲੇ ਗੁਜਰਾਤੀ ਬ੍ਰਾਹਮਣ ਗੌੜਾਂ ਨੂੰ ਹਮੇਸ਼ਾਂ ਅਸ਼ੀਰਵਾਦ ਦੇਂਦੇ ਹਨ, ਪਰ ਖ਼ੁਦ ਉਹ ਗੌੜਾਂ ਦੇ ਹੱਥਾਂ ਦੀ ਪੱਕੀ ਰੋਟੀ ਨਹੀਂ ਖਾਂਦੇ।

ਹਰਿਆਣੇ ਵਿਚ ਕੁਝ ਡਕੌਤ ਬ੍ਰਾਹਮਣ ਵੀ ਹਨ, ਜੋ ਗ੍ਰਹਿਣ ਵੇਲੇ ਪੁੰਨ ਦਾਨ ਇਕੱਠਾ ਕਰਦੇ ਹਨ। ਅੱਜ ਕਲ੍ਹ ਬਹੁਤ ਸਾਰੇ ਬ੍ਰਾਹਮਣਾਂ ਨੇ ਆਪਣਾ ਪਿਤਾ ਪੁਰਖੀ ਧੰਦਾ ਤਿਆਗ ਕੇ ਵਾਹੀ ਖੇਤੀ ਜਾਂ ਕੋਈ ਹੋਰ ਕਿੱਤਾ ਅਪਣਾ ਲਿਆ ਹੈ।

ਹਰਿਆਣੇ ਵਿਚ ਅਹੀਰ, ਗੁਜਰ ਅਤੇ ਮੀਊ ਕਬੀਲਿਆਂ ਦੀ ਵਸੋਂ ਵੀ ਕਾਫ਼ੀ ਹੈ। ਅਹੀਰ ਜੋ ਆਪਣਾ ਪਿੱਛਾ ਕ੍ਰਿਸ਼ਨ ਮਹਾਰਾਜ ਦੀ ਯਾਦਵ ਕੁਲ ਨਾਲ ਜੋੜਦੇ ਹਨ, ਮਹਾਂਭਾਰਤ ਕਾਲ ਤੋਂ ਇਥੇ ਵਸੇ ਹੋਏ ਹਨ ਅਤੇ ਰਿਵਾੜੀ, ਗੁੜਗਾਵਾਂ, ਰੋਹਤਕ ਅਤੇ ਮਹਿੰਦਰਗੜ੍ਹ ਵਿਚ ਬਿਖਰੇ ਪਏ ਹਨ। ਅਹੀਰਾਂ ਦਾ ਧੰਦਾ ਪਸ਼ੂ ਪਾਲਣਾ ਹੈ। ਮੀਊ ਮੇਵਾਤ ਦੇ ਇਲਾਕੇ ਵਿਚ ਅਬਾਦ ਹਨ, ਜਿਸ ਦਾ ਕੁਝ ਹਿੱਸਾ ਤਾਂ ਹਰਿਆਣੇ ਵਿਚ ਆਉਂਦਾ ਹੈ, ਪਰ ਕੁਝ ਰਾਜਸਥਾਨ ਵਿਚ। ਮੀਊ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਵਡਿਕੇ ਨੇ ਕੁਤਬ-ਉਦ-ਦੀਨ ਦੇ ਵੇਲੇ ਇਸਲਾਮ ਮੱਤ ਧਾਰਣ ਕੀਤਾ ਸੀ (ਗੁੜਗਾਵਾਂ ਗਜ਼ਟੀਅਰ, ਪੰਨਾ 52)। ਭਾਵੇਂ ਮੀਊ ਰਾਜਪੂਤ ਹੋਣ ਦਾ ਦਾਅਵਾ ਕਰਦੇ ਹਨ, ਪਰ ਗੁੜਗਾਵਾਂ ਗਜ਼ਟੀਅਰ ਅਨੁਸਾਰ ਮੀਊ ਅਤੇ ਮਿਨਾਸ ਦੋਵੇਂ ਗ਼ੈਰ-ਆਰਿਆਈ ਨਸਲਾਂ ਵਿਚੋਂ ਹਨ। ਹਰਬਰਟ ਰਿਸਲੇ (The People of India) ਅਨੁਸਾਰ ਮੀਊ ਭੀਲਾਂ ਦੀ ਵੰਸ਼ਜ ਹਨ। ਮੀਊ ਬੜੇ ਜ਼ਿੰਦਾ ਦਿਲ ਅਤੇ ਦਲੇਰ ਲੋਕ ਹਨ। ਮੇਵਾਤ ਵਿਚ ਇਨ੍ਹਾਂ ਦਾ ਕਿਸੇ ਸਮੇਂ ਬੜਾ ਦਬਦਬਾ ਰਿਹਾ ਹੈ। ਮੁਸਲਮਾਨ ਹੋਣ ਦੇ ਬਾਵਜੂਦ ਵੀ, ਇਨ੍ਹਾਂ ਵਿਚ ਵਿਆਹ ਦੀਆਂ ਬਹੁਤ ਸਾਰੀਆਂ ਗੀਤਾਂ ਹਿੰਦੂਆਂ ਵਾਲੀਆਂ ਹੀ ਪ੍ਰਚਲਤ ਹਨ। ਮੀਊ ਹੋਲੀ ਦਾ ਤਿਉਹਾਰ ਬੜੇ ਜੋਸ਼ ਨਾਲ ਮਨਾਂਦੇ ਹਨ। ਹਿੰਦੂਆਂ ਵਾਂਗ ਹੀ ਉਹ ਆਪਣੀ ਗੋਤ ਵਿਚ ਵਿਆਹ ਨਹੀਂ ਕਰਦੇ।

ਗੁੱਜਰ ਵਧੇਰੇ ਕਰ ਕੇ ਕਰਨਾਲ ਜ਼ਿਲੇ ਵਿਚ ਮਿਲਦੇ ਹਨ। ਗੁੱਜਰ ਭਾਵੇਂ ਪਸ਼ੂਆਂ ਨੂੰ ਪਾਲ ਕੇ ਗੁਜ਼ਾਰਾ ਕਰਦੇ ਹਨ, ਪਰ ਇਨ੍ਹਾਂ ਦੀ ਜੱਟਾਂ, ਰਾਜਪੂਤਾਂ ਅਤੇ ਅਹੀਰਾਂ ਨਾਲ ਖਾਣ ਪੀਣ ਦੀ ਸਾਂਝ ਹੈ।

ਗ਼ੈਰ-ਕਿਸਾਨੀ ਜਮਾਤਾਂ ਵਿਚੋਂ ਬਹੁਤੀ ਵਸੋਂ ਵੈਸ਼ਾਂ ਦੀ ਹੈ, ਜਿਨ੍ਹਾਂ ਨੂੰ ਬਾਣੀਏਂ ਵੀ ਕਿਹਾ ਜਾਂਦਾ ਹੈ। ਵੈਸ਼ਾਂ ਦੀਆਂ ਪ੍ਰਮੁਖ ਜਾਤਾਂ ਅਗਰਵਾਲ, ਓਸਵਾਲ ਅਤੇ ਮਹੇਸ਼ਵਰੀ ਹਨ। ਅਗਰੋਹਾ ਅਗਰਵਾਲਾਂ ਦਾ ਗੜ੍ਹ ਰਿਹਾ ਹੈ ਅਤੇ ਇਥੋਂ ਹੀ ਅਗਰਵਾਲ ਆਸ ਪਾਸ ਦੇ ਦੂਜੇ ਇਲਾਕਿਆਂ ਵਿਚ ਬਿਖਰੇ ਹਨ। ਹਰਿਆਣੇ ਦੀ ਆਬਾਦੀ ਦਾ ਪੰਜਵਾਂ ਹਿੱਸਾ ਪਛੜੀਆਂ ਸ਼੍ਰੇਣੀਆਂ ਜਾਂ ਹਰੀਜਨਾਂ ਦਾ ਹੈ, ਜਿਨ੍ਹਾਂ ਵਿਚ ਚੂਹੜੇ, ਚਮਿਆਰ, ਧਾਣਕ ਅਤੇ ਜੁਲਾਹੇ ਆਦਿ ਸ਼ਾਮਲ ਹਨ। ਇਹ ਲੋਕ ਆਪਣੇ ਪਿਤਾ ਪੁਰਖੀ ਕਿੱਤੇ ਤੋਂ ਇਲਾਵਾ ਖੇਤਾਂ ਵਿਚ ਮਜ਼ਦੂਰੀ ਵੀ ਕਰਦੇ ਹਨ। ਦੇਸ਼ਵੰਡ ਤੋਂ ਬਾਅਦ ਪੱਛਮੀ ਪੰਜਾਬ ਵਿਚੋਂ ਅਨੇਕਾਂ ਹਿੰਦੂ ਸਿੱਖ ਖੱਤਰੀ ਅਤੇ ਅਰੋੜੇ ਅੰਬਾਲਾ, ਕਰਨਾਲ, ਗੁੜਗਾਵਾਂ ਅਤੇ ਫ਼ਰੀਦਾਬਾਦ ਆਦਿ ਨਗਰਾਂ ਵਿਚ ਆ ਵਸੇ ਹਨ।

**ਸੰਸਕ੍ਰਿਤੀ :**—ਹਰਿਆਣੇ ਦੀ ਸੰਸਕ੍ਰਿਤੀ ਬੁਨਿਆਦੀ ਤੌਰ 'ਤੇ ਲੋਕ-ਸੰਸਕ੍ਰਿਤੀ ਹੈ। ਇਥੋਂ ਦੀ 80 ਫ਼ੀ ਸਦੀ ਆਬਾਦੀ ਪਿੰਡਾਂ ਵਿਚ ਵਸਦੀ ਹੈ। ਸ਼ਹਿਰ ਅਤੇ ਕਸਬੇ ਤਾਂ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ, ਪਰ ਪਿੰਡ 7000 ਤੋਂ ਉਪਰ ਹਨ। ਬਹੁਤੇ ਪਿੰਡਾਂ ਵਿਚ ਅੱਜ ਵੀ ਕਿਸੇ ਇਕ ਕੁਲ, ਗੋਤ ਜਾਂ ਜਾਤ ਕਬੀਲੇ ਦੇ ਲੋਕ ਹੀ ਪ੍ਰਧਾਨ ਰੂਪ ਵਿਚ ਵਸਦੇ ਹਨ। ਦੂਜੇ ਸ਼ਬਦਾਂ ਵਿਚ ਪਿੰਡ ਜਾਤ ਗੋਤ ਉਤੇ ਆਧਾਰਤ ਹਨ। ਜੱਟਾਂ ਦੇ ਪਿੰਡਾਂ ਦਾ ਸਰੂਪ ਅਤੇ ਚਰਿਤ੍ਰ ਰਾਜਪੂਤੀ ਪਿੰਡਾਂ ਨਾਲੋਂ; ਬ੍ਰਾਹਮਣੀ ਪਿੰਡਾਂ ਦਾ ਗੁਜਰ ਪਿੰਡਾਂ ਨਾਲੋਂ ਅਤੇ ਮੀਊ ਪਿੰਡਾਂ ਦਾ ਅਹੀਰ ਪਿੰਡਾਂ ਨਾਲੋਂ ਵੱਖਰਾ ਹੈ। ਇਸ ਲਈ ਹਰਿਆਣੇ ਦੇ ਪਿੰਡ ਵੰਨ-ਸੁਵੰਨੇ ਹਨ। ਉਨ੍ਹਾਂ ਦਾ ਇਕ ਉਭਰਵਾਂ ਰੂਪ ਅਤੇ ਬਣਤਰ ਨਹੀਂ। ਲੋਕ ਜਿਸ ਜਾਤ ਕਬੀਲੇ ਜਾਂ ਗੋਤ ਨਾਲ ਸਬੰਧਤ ਹਨ, ਉਸ ਪ੍ਰਤੀ ਉਨ੍ਹਾਂ ਦੀ ਪਹਿਲੀ ਵਫ਼ਾ ਹੈ, ਭਾਵ ਲੋਕ ਆਪਣੀ ਜਾਤ ਗੋਤ ਦੀਆਂ ਰਸਮਾਂ ਗੀਤਾਂ, ਮਨੌਤਾਂ ਅਤੇ ਰਵਾਇਤਾਂ ਪ੍ਰਤੀ ਪੂਰੀ ਸ਼ਰਧਾ ਰਖਦੇ ਹਨ। ਆਜ਼ਾਦੀ ਮਗਰੋਂ ਭਾਵੇਂ ਪਿੰਡਾਂ ਵਿਚ ਬੜੇ ਪਰਿਵਰਤਨ ਆਏ, ਵਿੱਦਿਆ ਦੇ ਫੈਲਣ ਨਾਲ ਨਵੀਂ ਚੇਤਨਾ ਜਾਗੀ, ਵਿਗਿਆਨ ਨਾਲ ਇਕ ਨਵੀਂ ਸੰਸਕ੍ਰਿਤੀ ਪੁੰਗਰਨ ਲੱਗੀ, ਪਰ ਇਸ ਦੇ ਬਾਵਜੂਦ ਵੀ ਹਰਿਆਣੇ ਵਿਚ, ਪੁਰਾਣੀਆਂ ਪਰੰਪਰਾਵਾਂ ਨੂੰ ਤਿੜਕਣ ਵਿਚ, ਅਜੇ ਕਾਫ਼ੀ ਲੰਮਾ ਸਮਾਂ ਲੱਗੇਗਾ। ਅੱਜ ਵੀ ਖਾਣ-ਪੀਣ, ਵਰਤਣ-ਵਿਹਾਰ ਤੇ ਨਾਤੇ-ਰਿਸ਼ਤੇ ਕੁਲ ਕਬੀਲੇ ਨੂੰ ਹੀ ਮੁਖ ਰਖ ਕੇ ਕੀਤੇ ਜਾਂਦੇ ਹਨ। ਜ਼ਨਾਨੀਆਂ ਵਿਚ ਪਰਦੇ ਦਾ ਰਵਾਜ ਹੈ, ਖ਼ਾਸ ਤੌਰ ਤੇ ਰਾਜਪੂਤਾਂ ਵਿਚ, ਕੁੜੀਆਂ ਸਿਰ ਨੂੰ ਕੱਜ ਕੇ ਰਖਦੀਆਂ ਹਨ। ਨੂੰਹਾਂ ਮੂੰਹ ਨੂੰ ਢੱਕ ਕੇ ਬਾਹਰ ਨਿਕਲਦੀਆਂ ਹਨ। ਘਰਾਂ ਦੇ ਅੰਦਰ ਵੀ ਨੂੰਹਾਂ ਬਜ਼ੁਰਗਾਂ ਸਾਹਮਣੇ ਮੂੰਹ ਨੰਗਾ ਨਹੀਂ ਕਰਦੀਆਂ। ਸ਼ਹਿਰਾਂ ਵਿਚ ਭਾਵੇਂ ਇਹ ਪੁਰਾਣੀਆਂ ਪਰੰਪਰਾਵਾਂ ਤਿਆਗੀਆਂ ਜਾ ਰਹੀਆਂ ਹਨ, ਪਰ ਪਿੰਡ ਅਜੇ ਵੀ ਰੂੜ੍ਹੀਵਾਦੀ ਬੰਦਸ਼ਾਂ ਦੇ ਘੁਟਵੇਂ ਮਾਹੌਲ ਵਿਚ ਸਾਹ ਲੈ ਰਹੇ ਹਨ।

ਲੋਕਾਂ ਦੀ ਪੁਸ਼ਾਕ ਸਿਧੀ ਸਾਦੀ, ਪਰ ਪੁਰਾਣੇ ਢੰਗ ਦੀ ਹੈ। ਇਕ ਆਮ ਹਰਿਆਣਵੀ ਧੋਤੀ ਕੁੜਤਾ ਪਹਿਨਦਾ ਹੈ, ਸਿਰ ਤੇ ਪੱਗ ਰਖਦਾ ਹੈ ਅਤੇ ਪੈਰਾਂ ਵਿਚ ਜੁੱਤੀ। ਉਪਰੋਂ ਚਾਦਰ ਦੀ ਬੁਕਲ ਮਾਰਨ ਦਾ ਰਵਾਜ ਹੈ। ਜੱਟਾਂ, ਰਾਜਪੂਤਾਂ,

Sri Satguru Jagjit Singh Ji eLibrary NamdhariElibrary@gmail.com

ਅਹੀਰਾਂ, ਗੁਜਰਾਂ, ਬ੍ਰਾਹਮਣਾਂ ਅਤੇ ਬਾਣੀਆਂ ਦੀ ਪੱਗ (ਖੰਡਵਾ) ਬੰਨ੍ਹਣ ਦੀ ਸ਼ੈਲੀ ਵਖੋ ਵਖਰੀ ਹੈ, ਮਰਦ ਪੱਗ ਤੋਂ ਹੀ ਪਛਾਣਿਆ ਜਾਂਦਾ ਹੈ ਕਿ ਉਹ ਕਿਸ ਜਾਤ ਕਬੀਲੇ ਦਾ ਹੈ। ਇਸੇ ਤਰ੍ਹਾਂ ਤੀਵੀਆਂ ਵੀ ਪੁਸ਼ਾਕ ਤੋਂ ਸਹਿਜੇ ਹੀ ਪਛਾਣੀਆਂ ਜਾ ਸਕਦੀਆਂ ਹਨ ਕਿ ਉਹ ਕਿਹੜੀ ਜਾਤ ਬਰਾਦਰੀ ਵਿਚੋਂ ਹਨ। ਜੱਟ ਤੀਵੀਆਂ ਘੱਗਰੀ-ਕੁੜਤੀ ਪਹਿਨਦੀਆਂ ਹਨ ਅਤੇ ਉਪਰ ਰੰਗ-ਬਰੰਗੇ ਫੁੱਲਾਂ ਬੂਟੀਆਂ ਵਾਲੀ ਓੜ੍ਹਨੀ ਲੈਂਦੀਆ ਹਨ। ਉਨ੍ਹਾਂ ਦੀ ਘੱਗਰੀ ਗਿਟਿਆਂ ਤਕ ਉੱਚੀ ਹੁੰਦੀ ਹੈ। ਅਹੀਰਨਾਂ ਲਕ ਹੇਠਾਂ ਲਹਿੰਗਾ ਪਹਿਨਦੀਆਂ ਹਨ ਅਤੇ ਗਲ ਵਿਚ ਅੰਗੀ। ਉਨ੍ਹਾਂ ਦੀ ਓੜ੍ਹਨੀ ਜੱਟੀਆਂ ਦੀ ਓੜ੍ਹਨੀ ਨਾਲੋਂ ਲੰਮੀ ਹੁੰਦੀ ਹੈ, ਕਿਉਂ ਜੋ ਉਨ੍ਹਾਂ ਨੇ ਓੜ੍ਹਨੀ ਨਾਲ ਆਪਣਾ ਪੇਟ ਵੀ ਢਕਣਾ ਹੁੰਦਾ ਹੈ। ਰਾਜਪੂਤਣੀਆਂ ਦੀ ਪੁਸ਼ਾਕ ਕੁਝ ਹੱਦ ਤਕ ਅਹੀਰਨਾਂ ਨਾਲ ਮਿਲਦੀ ਹੈ, ਪਰ ਰਾਜਪੂਤਣੀਆਂ ਸਿਰ ਉਪਰ ਚਿੱਟੀ ਓੜ੍ਹਨੀ ਲੈਂਦੀਆਂ ਹਨ। ਬ੍ਰਾਹਮਣੀਆਂ ਧੋਤੀ ਜਾਂ ਸਾੜ੍ਹੀ ਪਹਿਨਦੀਆਂ ਹਨ। ਗੁੱਜਰੀਆਂ ਆਮ ਤੌਰ ਤੇ ਨੀਲੇ ਰੰਗ ਦੇ ਕਪੜੇ ਪਹਿਨਦੀਆਂ ਹਨ ਅਤੇ ਚੁਮਾਰਨਾਂ ਲਾਲ ਰੰਗ ਦੇ। ਵੰਡਾਰੇ ਤੋਂ ਮਗਰੋਂ ਹਰਿਆਣੇ ਵਿਚ ਪੱਛਮੀ ਪੰਜਾਬ ਤੋਂ ਅਨੇਕਾਂ ਹਿੰਦੂ ਸਿੱਖ ਖੱਤਰੀ ਅਤੇ ਅਰੋੜੇ ਆ ਕੇ ਵਸੇ। ਫਲਸਰੂਪ ਇਥੋਂ ਦੀ ਪੁਸ਼ਾਕ, ਰਹਿਣੀ ਬਹਿਣੀ ਅਤੇ ਖਾਦ ਖ਼ੁਰਾਕ ਵਿਚ ਕਾਫ਼ੀ ਪਰਿਵਰਤਨ ਆਏ ਹਨ। ਨਵੀਂ ਪੀੜ੍ਹੀ ਵਿਚ ਘੱਗਰੀ ਦਾ ਰਿਵਾਜ ਘਟਦਾ ਜਾ ਰਿਹਾ ਹੈ। ਹਰਿਆਣੇ ਦੀਆਂ ਤੀਵੀਆਂ ਗਹਿਣਿਆਂ ਦੀਆਂ ਬੜੀਆਂ ਸ਼ੌਕੀਨ ਹਨ। ਆਮ ਗਹਿਣੇ ਹਾਰ, ਹੰਸਲੀ (ਭਾਰੀ, ਪਰ ਚਾਂਦੀ ਦੀ), ਮੁੰਦਰੀ, ਕੜੇ, ਕੰਗਣ, ਕਰਨਫੂਲ, ਨੱਥ ਆਦਿ ਹਨ। ਚਾਂਦੀ ਦੇ ਰੁਪਏ ਜਾਂ ਸੋਨੇ ਦੀਆਂ ਮੁਹਰਾਂ ਦੇ ਬਣੇ ਕੰਠ-ਹਾਰ ਦਾ ਵੀ ਰਿਵਾਜ ਹੈ, ਜਿਸ ਨੂੰ ਝਲਰ ਕਹਿੰਦੇ ਹਨ। ਅਹੀਰਨਾਂ ਤੇ ਜੱਟੀਆਂ ਕੜੀ, ਛੈਲਕੜਾ, ਨਿਓਂਡੀ ਅਤੇ ਪਟੀ ਪਹਿਨਦੀਆਂ ਹਨ, ਪਰ ਰਾਜਪੂਤ ਔਰਤਾਂ ਜ਼ਿਆਦਾਤਰ ਕੰਨਾਂ ਵਿਚ ਬਾਲੀਆਂ, ਵੀਣੀ ਵਿਚ ਚੂੜੀਆਂ ਅਤੇ ਗਲ ਵਿਚ ਪੈਂਡਲ ਪਹਿਨਦੀਆਂ ਹਨ।

ਹਰਿਆਣਵੀ ਲੋਕ ਸਭਾਓ ਵਿਚ ਪਰੰਪਰਾਵਾਦੀ ਹੋਣ ਦੇ ਨਾਤੇ, ਪੁਰਾਣੇ ਰੀਤ ਰਵਾਜਾਂ ਅਤੇ ਮਨੌਤਾਂ ਵਿਚ ਪੂਰੀ ਸ਼ਰਧਾ ਰਖਦੇ ਹਨ। ਸੰਸਕਾਰਾਂ ਵਿਚੋਂ ਗਰਭ ਸੰਸਕਾਰ, ਨਾਮਕਰਣ ਸੰਸਕਾਰ, ਮੁੰਡਨ ਸੰਸਕਾਰ, ਵਿਆਹ ਅਤੇ ਅੰਤੇਸ਼ਟੀ ਸੰਸਕਾਰ ਆਦਿ ਪੂਰੇ ਅਡੰਬਰ ਨਾਲ ਕੀਤੇ ਜਾਂਦੇ ਹਨ। ਬ੍ਰਾਹਮਣਾਂ ਵਿਚ ਪੰਦਰ੍ਹਵੇਂ ਵਰ੍ਹੇ ਜਨੇਊ ਪਹਿਨਣ ਦੀ ਰਸਮ ਪ੍ਰਚਲਤ ਹੈ। ਬੱਚੇ ਨੂੰ ਜੰਮਦਿਆਂ ਹੀ ਮੰਗ ਦਿਤਾ ਜਾਂਦਾ ਹੈ, ਪਰ ਹੁਣ ਸਥਿਤੀ ਬਦਲਦੀ ਜਾ ਰਹੀ ਹੈ। ਜੱਟਾਂ ਵਿਚ ਕਦੇ ਕੁੜੀ ਮਾਰਨ ਦਾ ਬੜਾ ਰਵਾਜ ਸੀ, ਜੋ ਨਵੀਂ ਸਮਾਜਿਕ ਚੇਤਨਤਾ ਨਾਲ ਖ਼ਤਮ ਹੁੰਦਾ ਜਾ ਰਿਹਾ ਹੈ। ਰਾਜਪੂਤ ਅਜੇ ਵੀ ਆਪਣੀਆਂ ਪਰੰਪਰਾਗਤ ਰੀਤਾਂ ਦੀ ਪਾਲਣਾ ਕਰੜਾਈ ਨਾਲ ਕਰਦੇ ਹਨ, ਉਨ੍ਹਾਂ ਵਿਚ ਵਿਧਵਾ ਵਿਆਹ ਦੀ ਪ੍ਰਥਾ ਨਹੀਂ। ਹਿੰਦੂ ਮੁਰਦੇ ਫੂਕਦੇ ਹਨ, ਪਰ ਅਸਥਲ ਬੋਹਰ ਦੇ ਕੰਨ ਪਾਟੇ ਜੋਗੀ, ਮੁਸਲਮਾਨਾਂ ਦੇ ਵਾਂਗ, ਆਪਣੇ ਮੁਰਦੇ ਦਬਦੇ ਹਨ। ਔਰਤ ਦਾ ਕਿਰਿਆ ਕਰਮ ਬਾਰ੍ਹਵੇਂ ਦਿਨ ਕੀਤਾ ਜਾਂਦਾ ਹੈ ਅਤੇ ਮਰਦ ਦਾ ਤੇਹਰਵੇਂ ਦਿਨ। ਬਿਸ਼ਨਵੀ ਜੱਟਾਂ ਵਿਚ ਵੱਡਾ ਭੋਜ ਦੇਣ ਦੀ ਪ੍ਰਥਾ ਹੈ, ਜੋ ਪੰਜਾਬ ਦੇ 'ਹੰਗਾਮੇ' ਵਰਗਾ ਹੁੰਦਾ ਹੈ। ਬਹੁਤੇ ਹਿੰਦੂ ਹਰਦੁਆਰ ਜਾ ਕੇ ਗੰਗਾ ਵਿਚ ਫੁੱਲ ਪ੍ਰਵਾਹ ਕਰਦੇ ਹਨ, ਪਰ ਕਈ ਤਾਂ ਹਰਿਆਣੇ ਵਿਚੋਂ ਲੰਘਦੀ ਜਮਨਾ ਨਦੀ ਵਿਚ ਫੁੱਲ ਪ੍ਰਵਾਹ ਦੇਂਦੇ ਹਨ ਅਤੇ ਕਈ ਗੜ੍ਹ ਮੁਕਤੇਸ਼ਵਰ ਜਾਂਦੇ ਹਨ। ਜੋ ਹਿੰਦੂ ਗੰਗਾ ਵਿਚ ਫੁੱਲ ਪ੍ਰਵਾਹਤ ਕਰਦੇ ਹਨ, ਉਹ ਵੀ ਜਮਨਾ ਦੇ ਕੰਢੇ ਕੋਈ ਰੀਤ ਕਰਨੀ ਲਾਜ਼ਮੀ ਸਮਝਦੇ ਹਨ। ਪਿਤਰਾਂ ਦੀ ਤ੍ਰਿਪਤੀ ਲਈ ਸੂਰਜ ਨੂੰ ਪਾਣੀ ਦਿਤਾ ਜਾਂਦਾ ਹੈ। ਕਰਮ ਕਾਂਡ ਵੇਲੇ ਬ੍ਰਾਹਮਣਾਂ ਨੂੰ ਸਦਿਆ ਜਾਂਦਾ ਹੈ।

**ਲੋਕ ਧਰਮ** :—ਹਰਿਆਣੇ ਦੇ ਬਹੁਤੇ ਲੋਕ ਇਕ ਤਾਂ ਪਿੰਡਾਂ ਵਿਚ ਵਸੇ ਹੋਏ ਹਨ, ਦੂਜਾ, ਪਰੰਪਰਾਗਤ ਰੁਚੀਆਂ ਦੇ ਧਾਰਨੀ ਹਨ, ਜਿਸ ਕਰ ਕੇ ਉਹ ਵਿਗਿਆਨ ਸੰਸਕ੍ਰਿਤੀ ਦੇ ਪ੍ਰਭਾਵਾਂ ਤੋਂ ਨਿਰਲੇਪ ਹਨ। ਲੋਕਾਂ ਵਿਚ ਲੋਕ-ਮਨ ਵਾਲੀਆਂ ਪ੍ਰਵਿਰਤੀਆਂ ਪੂਰੀ ਤਰ੍ਹਾਂ ਸਜੀਵ ਹਨ। ਇਹੋ ਵਜਹ ਹੈ ਕਿ ਹਰਿਆਣੇ ਵਿਚ ਲੋਕ ਧਰਮ ਦੇ ਅਨੇਕਾਂ ਤੱਤ ਅਤੇ ਪਰੰਪਰਾਗਤ ਰੂੜ੍ਹੀਆਂ ਆਪਣੇ ਪੂਰੇ ਜਲੌ ਵਿਚ ਵੇਖਣ ਨੂੰ ਮਿਲਦੀਆਂ ਹਨ। ਹਰਿਆਣੇ ਦੇ ਲੋਕ ਭਾਵੇਂ ਹਿੰਦੂ ਹੋਣ ਤੇ ਭਾਵੇਂ ਮੁਸਲਮਾਨ (ਖ਼ਾਸ ਕਰ ਕੇ ਮੀਊ ਜਾਤੀ ਦੇ) ਉਹ ਸਮਾਨ ਭਾਵਨਾ ਨਾਲ ਭੂਮੀਏ, ਖੇੜਾ ਦਿਉਤਾ ਆਦਿ ਵਿਚ ਵਿਸ਼ਵਾਸ਼ ਰਖਦੇ ਹਨ। ਪ੍ਰਕ੍ਰਿਤੀ ਪੂਜਾ ਹਿੰਦੂਆਂ ਦੇ ਦੈਨਿਕ ਧਰਮ ਦਾ ਅਜੇ ਅੰਗ ਬਣੀ ਹੋਈ ਹੈ ਅਤੇ ਸੂਰਜ ਦੇਵਤਾ, ਚੰਦਰਮਾ, ਪਿੱਪਲ, ਔਲਾ, ਧਰਤੀ ਮਾਤਾ, ਸੀਤਲਾ ਦੇਵੀ ਅਤੇ ਮਸਾਣੀ ਦੇਵੀ ਆਦਿ ਪ੍ਰਾਕ੍ਰਿਤਕ ਵਸਤੂਆਂ ਅਤੇ ਦੇਵੀਆਂ ਦੀ ਅਰਚਾ ਪੂਜਾ ਪੂਰੀ ਸ਼ਰਧਾ ਨਾਲ ਕੀਤੀ ਜਾਂਦੀ ਹੈ। ਪਿਤਰ ਪੂਜਾ ਵੀ ਕਈ ਰੂਪਾਂ ਵਿਚ ਪ੍ਰਚਲਤ ਹੈ।

ਭੂਮੀਆ ਪਿੰਡ ਦਾ ਸਥਾਨਿਕ ਦਿਉਤਾ ਹੈ, ਜਿਸ ਦੀ ਮਟੀ ਕਿਸੇ ਘਣੇ ਛਾਂ ਦਾਰ ਦਰੱਖ਼ਤ ਦੇ ਹੇਠਾਂ, ਥੜੇ ਜਿਹੇ ਦੀ ਸ਼ਕਲ ਵਿਚ ਬਣਾਈ ਜਾਂਦੀ ਹੈ। ਪਿੰਡ ਦੀ ਬੁਨਿਆਦ ਰਖਣ ਵਾਲੇ ਵਿਅਕਤੀਆਂ ਵਿਚੋਂ ਹੀ, ਪਹਿਲਾਂ ਮਰਨ ਵਾਲਾ ਸ਼ਖ਼ਸ ਭੂਮੀਆ ਬਣਦਾ ਹੈ। ਕਈ ਥਾਈਂ ਇਹ ਪਿੰਡ ਬੰਨ੍ਹਣ ਵਾਲਿਆਂ ਦਾ ਪਹਿਲਾ ਪ੍ਰੋਹਿਤ ਹੁੰਦਾ ਹੈ। ਇਸੇ ਸ਼ਖਸ ਦਾ ਉਦਾਤੀਕਰਣ ਕਰ ਕੇ ਇਸ ਨੂੰ ਆਮ ਮਨੁਖ ਤੋਂ ਦਿਉਤਾ ਬਣਾ ਦਿਤਾ ਜਾਂਦਾ ਹੈ, ਜੋ ਪਿੰਡ ਦੀ ਸਾਰੀ ਭੂਮੀ ਦੀ ਰੱਖਿਆ ਕਰਦਾ ਹੈ। ਭੂਮੀਏ ਨੂੰ ਹਰ ਮਹੀਨੇ ਦੀ ਚੌਦਸ ਨੂੰ ਭੇਟਾ ਚੜ੍ਹਾਈਆਂ ਜਾਂਦੀਆਂ ਹਨ। ਭੂਮੀਆ ਆਮ ਤੌਰ ਉਤੇ ਦਿਆਲੂ ਸੁਭਾਅ ਦਾ ਦਿਓਤਾ ਮੰਨਿਆ ਗਿਆ ਹੈ, ਪਰ ਜੇ ਕੋਈ ਸ਼ਖ਼ਸ ਅਵਿਗਿਆ ਕਰੇ ਅਥਵਾ ਭੂਮੀਏ ਦੀ ਮਟੀ ਦੇ ਨੇੜੇ ਮੰਜੀ ਵਿਛਾ ਕੇ ਉਪਰ ਸੌਂਵੇਂ, ਤਾਂ ਭੂਮੀਏ ਦੀ ਕਰੋਪੀ ਸਦਕਾ ਉਸ ਨੂੰ ਆਪਣੀ ਛਾਤੀ ਉਤੇ ਬੜਾ ਦੁਖਾਵਾਂ ਬੋਝ ਪ੍ਰਤੀਤ ਹੁੰਦਾ ਹੈ। ਜੇ ਕੋਈ ਸ਼ਖ਼ਸ ਭੂਮੀਏ ਦੀ ਮਟੀ ਦੇ ਨੇੜੇ ਦਾਤਨ ਕਰ ਕੇ ਸੁਟੇ ਜਾਂ ਥੁਕੇ, ਤਾਂ ਭੂਮੀਆ ਉਸ ਨੂੰ ਕੋਈ ਰੋਗ ਚਮੋੜ ਦਿੰਦਾ ਹੈ। ਅਜਿਹੀ ਅਵਸਥਾ ਵਿਚ ਭੂਮੀਏ ਨੂੰ ਪਤਿਆਇਆ ਜਾਂਦਾ ਹੈ ਅਤੇ ਉਸ ਨੂੰ ਚੜ੍ਹਾਵੇ ਦਿਤੇ ਜਾਂਦੇ ਹਨ (ਵੇਖੋ : ਭੂਮੀਆ)।

ਭੂਮੀਏ ਤੋਂ ਇਲਾਵਾ ਪਿੰਡ ਦਾ ਇਕ ਹੋਰ ਦਿਉਤਾ ਖੇੜਾ ਹੈ। ਇਸ ਦਾ ਸਾਰੇ ਪਿੰਡ ਉਤੇ ਅਧਿਕਾਰ ਹੁੰਦਾ ਹੈ। ਖੇੜਾ ਦਿਉਤਾ ਭਾਵੇਂ ਭੂਮੀਏ ਨਾਲੋਂ ਵਖਰਾ ਹੈ, ਪਰ ਕਈ ਵਾਰ ਭੂਮੀਏ ਅਤੇ ਖੇੜੇ ਦਾ ਅਧਿਕਾਰ ਖੇਤਰ ਨਿਖੇੜਨਾ ਮੁਸ਼ਕਲ ਹੋ ਜਾਂਦਾ ਹੈ। ਗੁੜਗਾਵਾਂ ਦੇ ਇਲਾਕੇ ਵਿਚ ਖੇੜੇ ਨੂੰ ਚੰਵੰਡ ਵੀ ਕਿਹਾ ਜਾਂਦਾ ਹੈ ਅਤੇ ਕਈ ਲੋਕ ਇਸ ਨੂੰ ਭੂਮੀਏ ਦੀ ਹੀ ਪਤਨੀ ਮੰਨਦੇ ਹਨ।

ਭੂਮੀਏ ਨਾਲ ਮਿਲਦਾ ਜੁਲਦਾ ਇਕ ਹੋਰ ਦਿਉਤਾ ਪੱਥਰਾਂਵਾਲੀ ਹੈ। ਗੁੜਗਾਵਾਂ ਗਜ਼ਟੀਅਰ (42) ਅਨੁਸਾਰ ਕਈ ਲੋਕ ਜਦੋਂ ਬੀਮਾਰ ਪੈਂਦੇ ਹਨ, ਤਾਂ ਉਹ ਅਰੋਗਤਾ ਲਈ ਦੇਵੀ ਦਾ ਧਾਗਾ ਬੰਨ੍ਹਦੇ ਹਨ। ਜਦੋਂ ਅਰੋਗ ਹੋ ਜਾਣ, ਤਾਂ ਉਹ ਨਗਰਕੋਟ ਜਾ ਜਵਾਲਾਮੁਖੀ ਦੇ ਅਸਥਾਨ 'ਤੇ ਦੇਵੀ ਦੀ ਮੰਨਤ ਦੇਣ ਲਈ ਜਾਂਦੇ ਹਨ, ਤਾਂ ਪਿਛੋਂ ਘਰ ਦੀਆਂ ਤੀਵੀਆਂ ਪਥਰਾਂਵਾਲੀ ਦੀ ਪੂਜਾ ਕਰਦੀਆਂ ਹਨ।

ਹਰਿਆਣੇ ਦਾ ਇਕ ਹੋਰ ਸਥਾਨਿਕ ਦਿਉਤਾ ਬੁੰਧੇਲਾ ਹੈ, ਇਸ ਨੂੰ ਹੜਦੌੜ ਵੀ ਕਿਹਾ ਜਾਂਦਾ ਹੈ। ਇਹ ਦਿਉਤਾ ਵੱਬਾ ਫੈਲਣ ਦੇ ਦਿਨਾਂ ਵਿਚ ਪੂਜਿਆ ਜਾਂਦਾ ਹੈ। ਖ਼ਾਸ ਤੌਰ ਤੇ ਜਦੋਂ ਹੈਜ਼ਾ ਫੈਲਿਆ ਹੋਵੇ। ਇਸ ਦਿਉਤੇ ਦੀ ਪੂਜਾ ਆਪਣੇ ਆਪ ਵਿਚ ਇਕ ਰੌਚਿਕ ਦ੍ਰਿਸ਼ਟਮਾਨ ਹੈ। ਇਕ ਵਾਰ ਲਾਰਡ ਹੇਸਟਿੰਗਜ਼ ਦੇ ਸਿਪਾਹੀਆਂ ਨੇ ਬੁੰਦੇਲਖੰਡ ਦੇ ਸਰਦਾਰ ਲਾਲਾ ਹਰਦੌਲ ਦੀ ਸਮਾਧ ਦੇ ਨੇੜੇ ਕੁਝ ਪਸ਼ੂ ਮਾਰ ਦਿਤੇ। ਇਸ ਤੋਂ ਫ਼ੌਰਨ ਬਾਅਦ ਸਿਪਾਹੀਆਂ ਵਿਚ ਹੈਜ਼ੇ ਦੀ ਵੱਬਾ ਫੈਲ

Sri Satguru Jagjit Singh Ji eLibrary NamdhariElibrary@gmail.com

ਗਈ। ਲੋਕਾਂ ਦਾ ਨਿਸਚਾ ਸੀ ਕਿ ਇਹ ਬੀਮਾਰੀ ਹਰਦੌਲ ਦੀ ਕਰੋਪੀ ਦਾ ਫਲ ਹੈ। ਉਦੋਂ ਤੋਂ ਹਰਦੌਲ ਦਾ ਹੈਜ਼ੇ ਉਤੇ ਅਧਿਕਾਰ ਮੰਨਿਆ ਜਾਣ ਲੱਗਾ ਅਤੇ ਪਿੰਡਾਂ ਵਿਚ ਉਸ ਦੀ ਮਟੀ ਬਣਾਉਣ ਦੀ ਪ੍ਰਥਾ ਪੈ ਗਈ। ਮਗਰੋਂ ਜਦੋਂ ਕਦੇ ਪਲੇਗ ਫੈਲਦੀ ਤਾਂ ਵੀ ਹਰਦੌਲ ਨੂੰ ਪਤਿਆਇਆ ਜਾਂਦਾ (ਗੁੜਗਾਵਾਂ ਗਜ਼ਟੀਅਰ, 47)।

ਹਰਿਆਣੇ ਵਿਚ ਇਕ ਹੋਰ ਪ੍ਰੇਤ-ਰੂਹ 'ਪਿਤਾ' ਨੂੰ ਵੀ ਅਰਾਧਿਆ ਜਾਂਦਾ ਹੈ। ਪਿਤਾ ਉਸ ਸ਼ਖ਼ਸ ਦਾ ਪ੍ਰੇਤ ਹੈ, ਜੋ ਨਿਰਸੰਤਾਨ ਮਰ ਗਿਆ ਹੋਵੇ। ਧਾਰਨਾ ਹੈ ਕਿ ਅਜਿਹੀ ਰੂਹ ਸਾਰੇ ਪਿੰਡ ਵਿਚ ਭਟਕਦੀ ਫਿਰਦੀ ਹੈ ਅਤੇ ਖੌਰੂ ਸੁਭਾਓ ਦੀ ਹੁੰਦੀ ਹੈ, ਇਸ ਪ੍ਰਤੀ ਕਦੇ ਵੀ ਲਾਪ੍ਰਵਾਹੀ ਨਹੀਂ ਵਿਖਾਣੀ ਚਾਹੀਦੀ। ਪਿਤਾ ਦੇ ਅਸਥਾਨ ਨੂੰ 'ਚੂਲ੍ਹਾ' ਕਿਹਾ ਜਾਂਦਾ ਹੈ, ਜੋ ਆਮ ਤੌਰ ਤੇ ਪਿੰਡ ਦੇ ਤਲਾਅ ਦੇ ਨੇੜੇ ਬਣਾਇਆ ਜਾਂਦਾ ਹੈ। ਚੂਲ੍ਹੇ ਉਤੇ ਸਮੇਂ ਸਮੇਂ ਚੜ੍ਹਾਵੇ ਚੜ੍ਹਾਏ ਜਾਂਦੇ ਹਨ। ਕਈ ਵਾਰ ਪਿਤਾ ਦੀ ਰੂਹ ਕਿਸੇ ਸ਼ਖ਼ਸ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਉਹ ਆਦਮੀ ਸਿਰ ਮਾਰਦਾ ਅਤੇ ਅੱਖਾਂ ਦੇ ਆਨੇ ਘੁੰਮਾਂਦਾ ਹੋਇਆ ਝੂਮਦਾ ਹੈ। ਉਸ ਸ਼ਖ਼ਸ ਦੁਆਰਾ ਹੀ ਪਿਤਾ ਆਪਣੀ ਕੋਈ ਇੱਛਾ ਪ੍ਰਗਟ ਕਰਦਾ ਹੈ, ਜਿਸ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਸ ਸਾਰੀ ਕਿਰਿਆ ਨੂੰ 'ਖੇਡਣਾ' ਕਹਿੰਦੇ ਹਨ।

ਹਰਿਆਣੇ ਵਿਚ ਸਤੀ ਦੀ ਪੂਜਾ ਦੀ ਵੀ ਪ੍ਰਥਾ ਹੈ। ਸਤੀ ਉਸ ਤੀਵੀਂ ਦਾ ਦੇਵੀਕਰਣ ਹੈ, ਜੋ ਪਤੀ ਦੀ ਚਿਖਾ ਉਤੇ ਜੀਉਂਦੇ ਜੀਅ ਸੜ ਮੋਈ ਹੋਵੇ। ਸਤੀ ਦੀ ਮੜ੍ਹੀ ਉਤੇ ਨਵੇਂ ਚੰਨ ਵਾਲੇ ਦਿਨ ਬ੍ਰਾਹਮਣਾਂ ਨੂੰ ਭੋਜ ਦੇਣ ਦੀ ਪ੍ਰਥਾ ਹੈ। ਜੇ ਸਤੀ ਕਿਸੇ ਅਵਿਗਿਆ ਕਾਰਨ ਨਰਾਜ਼ ਹੋ ਜਾਵੇ ਤਾਂ ਉਹਦੀ ਕਰੋਪੀ ਸਰੀਰ ਵਿਚ ਪੀੜਾਂ ਜਗਾ ਦੇਂਦੀ ਹੈ। ਸਤੀ ਹਰ ਕਬੀਲੇ ਦੀ ਵਖਰੀ ਹੁੰਦੀ ਹੈ। ਜੱਟਾਂ ਵਿਚ ਸਤੀਆਂ ਪੂਜਣ ਦਾ ਰਵਾਜ ਵਧੇਰੇ ਹੈ (ਵੇਖੋ : ਸਤੀਆਂ)।

ਹਰਿਆਣੇ ਵਿਚ 'ਪੰਜਾਂ' ਦੀ ਵੀ ਪੂਜਾ ਪ੍ਰਚਲਤ ਹੈ। ਹਿੰਦੂ ਇਨ੍ਹਾਂ ਨੂੰ ਪੰਜ ਪਾਂਡੋ ਦੇ ਰੂਪ ਵਿਚ ਪੂਜਦੇ ਹਨ, ਪਰ ਮੁਸਲਮਾਨ ਪੰਜ ਪੀਰਾਂ ਦੇ ਰੂਪ ਵਿਚ। ਪਿੰਡਾਂ ਵਿਚ ਇਨ੍ਹਾਂ ਦੇ ਸਥਾਨ ਬਣੇ ਹੁੰਦੇ ਹਨ। ਮੀਊ ਪਿੰਡਾਂ ਵਿਚ ਸ਼ੇਖ਼ ਸਲਾਰ ਅਤੇ ਸ਼ੇਖ਼ ਮਦਾਰ ਦੀ ਬੜੀ ਮਾਨਤਾ ਹੈ। ਇਨ੍ਹਾਂ ਦੋਹਾਂ ਦੇ ਝੰਡੇ ਫੇਰੇ ਜਾਂਦੇ ਹਨ, ਜਿਨ੍ਹਾਂ ਨੂੰ ਸ਼ਰਧਾਲੂ ਚੜ੍ਹਾਵੇ ਦੇਂਦੇ ਹਨ। ਸਲਾਰ ਮਸਊਦ, ਜਿਸ ਨੂੰ ਗ਼ਾਜ਼ੀ ਪੀਰ ਵੀ ਕਹਿੰਦੇ ਹਨ, ਮਹਿਮੂਦ ਗ਼ਜ਼ਨੀ ਦਾ ਸੈਨਾਪਤੀ ਸੀ (ਵੇਖੋ : ਸਲਾਰ ਮਸਊਦ)। ਉਹਦਾ ਮਕਬਰਾ ਅਵਧ ਵਿਚ ਬੜੈਚ ਵਿਖੇ ਹੈ। ਸਲਾਰ ਮਸਊਦ ਇਕ ਯੁੱਧ ਵਿਚ ਕਾਫ਼ਰਾ ਵਿਰੁਧ ਲੜਦਾ ਸ਼ਹੀਦ ਹੋਇਆ ਸੀ, ਜਿਸ ਕਰਕੇ ਉਸਨੂੰ ਵੱਡਾ ਸ਼ਹੀਦ ਕਰਾਰ ਦਿਤਾ ਗਿਆ ਹੈ। ਮੀਊ ਸਲਾਰ ਮਸਊਦ ਨੂੰ ਆਪਣਾ ਸਭ ਤੋਂ ਪ੍ਰਧਾਨ ਪੀਰ ਮੰਨਦੇ ਹਨ।

ਸ਼ਾਹ ਮਦਾਰ ਦੀ ਮਜ਼ਾਰ ਅਲੀਗੜ੍ਹ ਦੇ ਨੇੜੇ ਮਕਨਪੁਰ ਵਿਚ ਹੈ। ਪਰ ਹਰਿਆਣੇ ਦੇ ਮੀਊ ਮਕਨਪੁਰ ਮਜ਼ਾਰ ਉਤੇ ਮੰਨਤਾਂ ਦੇਣ ਜਾਂਦੇ ਹਨ (ਵੇਖੋ : ਸ਼ਾਹ ਮਦਾਰ)। ਉਪ੍ਰੋਕਤ ਪੀਰਾਂ ਤੋਂ ਇਲਾਵਾ ਕੁਝ ਸਥਾਨਿਕ ਪੀਰ ਵੀ ਹਨ। ਸ਼ੇਖ਼ ਅਹਿਮਦ ਚਿਸ਼ਤੀ ਦੀ ਖ਼ਾਨਗਾਹ ਸੇਜਵਰੀ (ਤਹਿਸੀਲ ਪਲਵਲ) ਵਿਚ ਹੈ, ਜਿਥੇ ਮੁਸਲਮਾਨਾਂ ਤੋਂ ਇਲਾਵਾ ਹਿੰਦੂ ਵੀ ਦੀਵੇ ਜਗਾਂਦੇ ਹਨ। ਇਲਾਕੇ ਦੇ ਕਈ ਹਿੰਦੂ ਆਪਣੇ ਬੱਚਿਆਂ ਦਾ ਮੁੰਡਨ ਵੀ ਇਥੇ ਕਰਦੇ ਹਨ। ਕਈ ਹੋਰ ਖ਼ਾਨਗਾਹਾਂ ਵੀ ਹਨ। ਪੀਰਾਂ ਨਾਲ ਕਈ ਤਰ੍ਹਾਂ ਦੇ ਮੋਅਜਜ਼ੇ ਵੀ ਜੁੜੇ ਹੋਏ ਹਨ।

**ਭਰਮ ਵਹਿਮ** :—ਰੂੜ੍ਹੀਵਾਦੀ ਵਿਚਾਰਾਂ ਦੇ ਧਾਰਨੀ ਹੋਣ ਦੇ ਨਾਤੇ, ਇਕ ਆਮ ਹਰਿਆਣਵੀ ਭਰਮਾਂ ਵਹਿਮਾਂ ਵਿਚ ਪੂਰੀ ਤਰ੍ਹਾਂ ਗ੍ਰਸਿਆ ਹੋਇਆ ਹੈ। ਅਜ਼ਾਦੀ ਮਗਰੋਂ ਗਿਆਨ-ਵਿਗਿਆਨ ਦੇ ਪਸਾਰੇ ਨਾਲ ਭਾਵੇਂ ਨਵੀਂ ਸਮਾਜਿਕ ਸੂਝ ਤੇ ਮਾਨਸਿਕ ਚੇਤਨਾ ਜਾਗੀ ਹੈ, ਪਰ ਹਰਿਆਣੇ ਵਿਚ ਅੱਜ ਵੀ ਭਰਮ ਵਹਿਮ ਇਕ ਸ਼ਕਤੀਸ਼ਾਲੀ ਸੰਸਥਾ ਵਾਂਗ ਲੋਕਾਂ ਦੇ ਜੀਵਨ ਪ੍ਰਵਾਹ ਵਿਚ ਰਚੇ ਹੋਏ ਹਨ।

ਲੋਕੀਂ ਭੂਤ-ਪ੍ਰੇਤ ਵਿਚ ਵਿਸ਼ਵਾਸ਼ ਰਖਦੇ ਹਨ। ਜਿਹੜੀ ਤੀਵੀਂ ਪ੍ਰਸੂਤ ਦੇ ਦਿਨੀਂ ਪ੍ਰਾਣ ਤਿਆਗੇ, ਉਹਦੀ ਰੂਹ ਪ੍ਰੇਤ ਬਣ ਕੇ ਭਟਕਦੀ ਹੈ। ਇਸੇ ਤਰ੍ਹਾਂ ਨਿਰਸੰਤਾਨ ਮਰਦ ਅਤੇ ਤੀਵੀਆਂ ਦੀ ਰੂਹ ਵੀ ਭੂਤ-ਪ੍ਰੇਤ ਦਾ ਰੂਪ ਧਾਰ ਕੇ ਵਿਚਰਦੀ ਹੈ। ਭੂਤ-ਪ੍ਰੇਤ ਦੇ ਸਾਏ ਨੂੰ 'ਝਪਟ' ਕਹਿੰਦੇ ਹਨ, ਜਿਸ ਦਾ ਇਲਾਜ ਪਿੰਡਾਂ ਦੇ 'ਸਿਆਣੇ' ਕਰਦੇ ਹਨ। ਨਜ਼ਰ ਦਾ ਭਰਮ ਵੀ ਆਮ ਮੰਨਿਆ ਜਾਂਦਾ ਹੈ। ਬੱਚੇ ਨੂੰ ਨਜ਼ਰ ਛੇਤੀ ਲਗਦੀ ਹੈ। ਇਸ ਲਈ ਨਜ਼ਰ ਤੋਂ ਰੱਖਿਆ ਲਈ ਅਤੇ ਲੱਗੀ ਨਜ਼ਰ ਨੂੰ ਉਤਾਰਨ ਲਈ ਕਈ ਉਪਾਅ ਕੀਤੇ ਜਾਂਦੇ ਹਨ। ਜੇ ਫ਼ਸਲ ਭਰਵੀਂ ਹੋਵੇ, ਤਾਂ ਨਜ਼ਰ ਤੋਂ ਬਚਣ ਲਈ ਖੇਤਾਂ ਵਿਚ ਕਾਲੀ ਕੁੰਨੀ ਲਟਕਾ ਦਿਤੀ ਜਾਂਦੀ ਹੈ (ਵੇਖੋ : ਨਜ਼ਰ)। ਨਜ਼ਰ ਤੋਂ ਬਚਣ ਲਈ ਤਾਅਵੀਜ਼ਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਤਾਅਵੀਜ਼ ਦੋ ਤਰ੍ਹਾਂ ਦੇ ਵਰਤੇ ਜਾਂਦੇ ਹਨ। ਇਕ ਤਾਂ ਉਹ ਜਿਹੜੇ ਆਪਣੇ ਆਪ ਵਿਚ ਹੀ ਸ਼ਕਤੀਸ਼ਾਲੀ ਹਨ ਅਤੇ ਜਿਨ੍ਹਾਂ ਉਤੇ ਬਦਨਜ਼ਰ ਦਾ ਪ੍ਰਭਾਵ ਹੀ ਨਹੀਂ ਪੈ ਸਕਦਾ, ਜਿਵੇਂ ਸ਼ੇਰ ਦਾ ਨਹੁੰ ਜਾਂ ਦੰਦ ਧਾਗੇ ਵਿਚ ਪਰੋ ਕੇ ਗਲ ਵਿਚ ਲਟਕਾ ਲੈਣਾ। ਦੂਜਾ, ਕੋਈ ਘਟੀਆ ਚੀਜ਼ ਕਾਣੀ ਕੌਡੀ ਜਾਂ ਖੋਟਾ ਪੈਸਾ ਗਲ ਵਿਚ ਪਹਿਨ ਲੈਣਾ। ਇਸ ਤਰ੍ਹਾਂ ਕਾਣੀ ਕੌਡੀ ਜਾਂ ਖੋਟਾ ਪੈਸਾ ਧਿਆਨ ਖਿਚ ਲੈਂਦਾ ਹੈ ਅਤੇ ਨਜ਼ਰ ਨਹੀਂ ਲਗਦੀ।

ਲੋਕਾਂ ਦਾ ਜਾਦੂ ਟੂਣੇ ਉਤੇ ਵੀ ਵਿਸ਼ਵਾਸ਼ ਹੈ। ਟੂਣਾ ਆਮ ਤੌਰ 'ਤੇ ਦੁਸ਼ਮਣ ਦੀ ਕਿਸੇ ਚੀਜ਼ ਵਸਤ—ਕਪੜੇ ਦੀ ਕਾਤਰ, ਵਾਲਾਂ ਦੇ ਗੁੱਛੇ ਆਦਿ ਉਤੇ ਕੀਤਾ ਜਾਂਦਾ ਹੈ। ਲੋਕਾਂ ਦੀ ਧਾਰਨਾ ਹੈ ਕਿ ਕਈ ਜਾਦੂਗਰ ਇਸਤ੍ਰੀ ਦੇ ਵਾਲਾਂ ਦੀ ਲਿਟ ਕਟ ਕੇ ਮੰਤਰਾਂ ਦੁਆਰਾ ਉਸ ਨੂੰ ਮਾਰ ਦੇਂਦੇ ਹਨ। ਜਦੋਂ ਉਸ ਔਰਤ ਦਾ ਦਾਹ ਸੰਸਕਾਰ ਹੋ ਜਾਂਦਾ ਹੈ, ਤਾਂ ਜਾਦੂਗਰ ਉਸ ਲਿਟ ਦੁਆਰਾ ਉਸ ਨੂੰ ਮੁੜ ਜ਼ਿੰਦਾ ਕਰ ਕੇ ਉਸ ਨਾਲ ਆਨੰਦ ਭੋਗਦਾ ਹੈ (ਗੁੜਗਾਵਾਂ ਗਜ਼ਟੀਅਰ, 43)।

ਹਰਿਆਣੇ ਦੇ ਲੋਕਾਂ ਦਾ ਸ਼ਗਨ ਅਪਸ਼ਗਨ ਵਿਚ ਪੂਰਾ ਵਿਸ਼ਵਾਸ਼ ਹੈ। ਵਿਆਹ ਸ਼ਾਦੀ ਜਾਂ ਮਕਾਨ ਦੁਕਾਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮਹੂਰਤ ਕਢਵਾਇਆ ਜਾਂਦਾ ਹੈ। ਕੁਝ ਸ਼ਗਨ ਅਪਸ਼ਗਨ ਪਸ਼ੂ ਪੰਛੀਆਂ ਨਾਲ ਵੀ ਸੰਬੰਧਿਤ ਹਨ। ਕਾਂ ਜਾਂ ਕਾਲੀ ਬੱਤਖ ਸੱਜੇ ਪਾਸਿਉਂ ਲੰਘੇ ਤਾਂ ਮੰਦੀ, ਸੱਪ ਸੱਜੇ ਪਾਸੇ ਵਲੋਂ ਲੰਘੇ ਤਾਂ ਚੰਗਾ। ਗਊ ਜਾਂ ਰਾਮ ਦਾ ਘੋੜਾ ਜਿਸ ਹਾਲਤ ਵਿਚ ਵੀ ਮਿਲੇ ਸ਼ੁਭ ਹੈ। ਦੁਸਹਿਰੇ ਦੇ ਦਿਨਾਂ ਵਿਚ ਰਾਮ ਦਾ ਘੋੜਾ ਵਿਖਾਈ ਦੇਵੇ, ਤਾਂ ਸਨਾਤਨੀ ਹਿੰਦੂ ਉਸ ਨੂੰ ਪ੍ਰਨਾਮ ਕਰਦੇ ਹਨ।

ਕੁਝ ਭਰਮ ਵਹਿਮ ਅੰਕੜਿਆਂ, ਵਾਰਾਂ, ਦਿਸ਼ਾਵਾਂ ਆਦਿ ਨਾਲ ਸੰਬੰਧਿਤ ਹਨ। ਟਾਂਕ ਅੰਕ ਸ਼ੁਭ ਹਨ, ਪਰ ਤਿੰਨ ਅਤੇ ਤੇਰਾਂ ਦੇ ਅੰਕ ਅਸ਼ੁਭ। ਤੀਜਾ ਵਿਆਹ ਕਰਨ ਤੋਂ ਪਹਿਲਾਂ ਮਰਦ ਕਿਸੇ ਬ੍ਰਿਛ ਬੂਟੇ ਨਾਲ ਭੁਲਾਵਾਂ ਵਿਆਹ ਰਚਾਂਦਾ ਹੈ। ਇਸ ਤਰ੍ਹਾਂ ਤੀਵੀਂ ਨਾਲ ਉਹਦਾ ਚੌਥਾ ਵਿਆਹ ਸਮਝਿਆ ਜਾਂਦਾ ਹੈ ਅਤੇ ਉਸ 'ਤੇ ਤੀਜੇ ਦੀ ਕਰੋਪੀ ਨਹੀਂ ਪੈਂਦੀ। ਵਾਰਾਂ ਵਿਚ ਬੁਧਵਾਰ ਜ਼ਿਆਦਾ ਸ਼ੁਭ ਹੈ। ਸੋਮਵਾਰ ਅਤੇ ਸਨਿਚਰਵਾਰ ਪੂਰਬ ਦਿਸ਼ਾ ਵਲ ਜਾਣਾ ਲਾਹੇਵੰਦਾ ਨਹੀਂ ਹੁੰਦਾ ਅਤੇ ਐਤਵਾਰ ਪੱਛਮ ਵਲ ਜਾਣਾ। ਇਨ੍ਹਾਂ ਦਿਨਾਂ ਵਿਚ ਦਿਸ਼ਾ ਸੂਲ ਇਨ੍ਹਾਂ ਦਿਸ਼ਾਵਾਂ ਵਲ ਹੁੰਦਾ ਹੈ (ਵੇਖੋ : ਦਿਸ਼ਾ ਸੂਲ)। ਸਫ਼ਰ ਵੇਲੇ ਜੇ ਦਾਂਦ ਸਿਰ ਮਾਰਦਾ ਮਿਲੇ ਤਾਂ ਮਾੜਾ। ਮੱਝ ਕਿੱਲਾ ਤੁੜਾਂਦੀ ਮਿਲੇ ਤਾਂ ਵੀ ਮਾੜੀ। ਪਰ ਜੇ ਕੋਈ ਮੱਝ ਨੂੰ ਦੋ ਤਿੰਨ ਡੰਡੇ ਮਾਰ ਕੇ ਮਜ਼ਬੂਤੀ ਨਾਲ ਬੰਨ੍ਹ ਦੇਵੇ, ਤਾਂ ਬੁਰਾ ਸ਼ਗਨ ਨਹੀਂ ਰਹਿੰਦਾ। ਪਸ਼ੂਆਂ ਦੇ ਸੂਣ ਲਈ ਕੁਝ ਮਹੀਨੇ ਚੰਗੇ ਨਹੀਂ।

Sri Satguru Jagjit Singh Ji eLibrary NamdhariElibrary@gmail.com

ਭਾਦਰੋਂ ਵਿਚ ਗਊ ਅਤੇ ਮਾਘ ਵਿਚ ਮੱਝ ਸੂਈ ਮਾੜੀ। ਸਾਵਣ ਦੇ ਮਹੀਨੇ ਦਿਨ ਵੇਲੇ ਖੱਚਰ ਸੂਈ ਚੰਗੀ ਨਹੀਂ ਹੁੰਦੀ। ਅਜਿਹੇ ਦੁਸ਼ਟ ਪ੍ਰਭਾਵ ਨੂੰ ਨਸ਼ਟ ਕਰਨ ਲਈ ਪੁੰਨ ਦਾਨ ਕੀਤਾ ਜਾਂਦਾ ਹੈ।

ਮਕਾਨ ਦੀ ਨੀਂਹ ਖੋਦਣ ਵੇਲੇ ਜੇ ਹੇਠੋਂ ਕੋਲਾ ਨਿਕਲੇ ਤਾਂ ਸ਼ਗਨ ਚੰਗਾ ਨਹੀਂ, ਫ਼ੌਰਨ ਥਾਂ ਤਬਦੀਲ ਕਰ ਲੈਣੀ ਚਾਹੀਦੀ ਹੈ। ਜੇ ਮਕਾਨ ਦਾ ਮੱਥਾ ਛੋਟਾ ਅਤੇ ਪਿੱਛਾ ਵੱਡਾ ਹੋਵੇ ਅਥਵਾ ਗਊਮੁਖਾ ਹੋਵੇ ਤਾਂ ਫਲਦਾ ਹੈ, ਪਰ ਜੇ ਇਸ ਦੇ ਉਲਟ ਸ਼ੇਰਮੁਖਾ ਹੋਵੇ ਤਾਂ ਉਸ ਘਰ ਵਿਚ ਦੁਖ ਦਲਿਦ੍ਰ ਫੈਲਿਆ ਰਹਿੰਦਾ ਹੈ (ਵੇਖੋ : ਸ਼ੇਰਮੁਖਾ)।

ਨਿੱਛ ਸ਼ੁਭ ਹੈ, ਨਿੱਛ ਮਾਰਨ ਵਾਲੇ ਸ਼ਖ਼ਸ ਨੇ ਅਜੇ ਕਾਫ਼ੀ ਚਿਰ ਹੋਰ ਜ਼ਿੰਦਾ ਰਹਿਣਾ ਹੈ। ਮਰਦ ਦੇ ਸੱਜੇ ਅੰਗ ਫਰਕਣ ਤਾਂ ਸ਼ੁਭ ਹਨ, ਖੱਬੇ ਫਰਕਣ ਤਾਂ ਮਾੜੇ। ਇਸ ਦੇ ਉਲਟ ਤੀਵੀਂ ਦੇ ਖੱਬੇ ਅੰਗ ਫਰਕਣ ਤਾਂ ਚੰਗੇ, ਸੱਜੇ ਫਰਕਣ ਤਾਂ ਮਾੜੇ।

ਰੋਗਾਂ ਦਾ ਇਲਾਜ ਦਵਾਈਆਂ ਨਾਲ ਵੀ ਕੀਤਾ ਜਾਂਦਾ ਹੈ ਅਤੇ ਟੂਣੇ ਟੋਟਕਿਆਂ ਨਾਲ ਵੀ। ਕਈ ਲੋਕ ਬੀਮਾਰੀ ਵੇਲੇ ਕਿਸੇ ਸਿਆਣੇ ਤੋਂ ਮਿੱਟੀ ਦੇ ਭਾਂਡੇ ਜਾਂ ਕਿਸੇ ਪੱਤੇ ਉਤੇ ਮੰਤਰ ਲਿਖਵਾ ਲਿਆਂਦੇ ਹਨ ਅਤੇ ਰੋਗ ਨਿਵਾਰਨ ਲਈ ਉਸ ਮੰਤਰ ਨੂੰ ਜਲ ਵਿਚ ਧੋ ਕੇ ਪੀ ਲੈਂਦੇ ਹਨ।

**ਮੇਲੇ ਅਤੇ ਉਤਸ਼ਵ :**—ਹਰਿਆਣੇ ਦੇ ਬਹੁਤੇ ਉਤਸ਼ਵ ਪੰਜਾਬ ਨਾਲ ਮਿਲਦੇ ਜੁਲਦੇ ਹਨ। ਪੰਜਾਬ ਵਾਂਗ ਹਰਿਆਣੇ ਵਿਚ ਵੀ ਹੋਲੀ, ਲੋਹੜੀ, ਦੁਸਹਿਰਾ, ਦਿਵਾਲੀ, ਸਰਾਧ, ਨਰਾਤੇ, ਅਸ਼ਟਮੀ, ਰਾਮ ਨੌਮੀ ਆਦਿ ਤਿਉਹਾਰ ਮਨਾਏ ਜਾਂਦੇ ਹਨ। ਹਰਿਆਣੇ ਵਿਚ ਹੋਲੀ ਨੂੰ 'ਧੁਲਹੰਡੀ' (ਫਾਗ) ਅਤੇ ਰਖੜੀ ਦੇ ਤਿਉਹਾਰ ਨੂੰ ਸਲੋਨੋ ਕਿਹਾ ਜਾਂਦਾ ਹੈ। ਹਰਿਆਣੇ ਦੇ ਕੁਝ ਸਥਾਨਿਕ ਮੇਲੇ ਵਖਰੀ ਕਿਸਮ ਦੇ ਹਨ, ਜਿਨ੍ਹਾਂ ਬਾਰੇ ਕੁਝ ਕੁ ਚਰਚਾ ਕਰਨੀ ਜ਼ਰੂਰੀ ਹੈ।

ਮੇਲਾ ਗੁਪਾਲ ਮੋਚਨ—ਇਹ ਮੇਲਾ ਪ੍ਰਾਚੀਨ ਕਾਲ ਤੋਂ ਹੀ ਜਗਾਧਰੀ ਤਹਿਸੀਲ ਵਿਚ ਗੁਪਾਲ ਮੋਚਨ ਦੇ ਪਵਿਤਰ ਸਰੋਵਰ ਦੇ ਕੰਢੇ ਲਗਦਾ ਆ ਰਿਹਾ ਹੈ। ਇਸ ਸਰੋਵਰ ਨੂੰ ਪੌਰਾਣਿਕ ਮਹੱਤਾ ਪ੍ਰਾਪਤ ਹੈ। ਪੌਰਾਣਿਕ ਕਥਾਵਾਂ ਅਨੁਸਾਰ ਜਦੋਂ ਬ੍ਰਹਮਾ ਕਾਮਾਤੁਰ ਹੋ ਕੇ ਸਰਸਵਤੀ ਨੂੰ ਭੋਗਣ ਲਈ ਉਹਦਾ ਪਿੱਛਾ ਕਰ ਰਿਹਾ ਸੀ, ਤਾਂ ਸ਼ਿਵਜੀ ਨੇ ਕਰੋਧ ਵਿਚ ਆ ਕੇ ਬ੍ਰਹਮਾ ਦਾ ਇਕ ਸਿਰ ਵੱਢ ਦਿਤਾ। ਬ੍ਰਹਮਾ ਦਾ ਸੀਸ (ਕਈਆਂ ਕਥਾਵਾਂ ਅਨੁਸਾਰ ਵਾਲਾਂ ਦਾ ਇਕ ਗੁੱਛਾ) ਸ਼ਿਵ ਦੇ ਹਥੇਲੀ ਨਾਲ ਚੁਮਟ ਗਿਆ ਅਤੇ ਸਾਰਾ ਸਰੀਰ ਕਾਲਾ ਸਿਆਹ ਹੋ ਗਿਆ। ਸ਼ਿਵਜੀ ਨੇ ਬ੍ਰਾਹਮਣ ਦੀ ਹੱਤਿਆ ਦੇ ਪਾਪ ਤੋਂ ਮੁਕਤ ਹੋਣ ਲਈ ਅਨੇਕਾਂ ਤੀਰਥਾਂ ਦਾ ਰਟਨ ਕੀਤਾ, ਪਰ ਕੋਈ ਫ਼ਾਇਦਾ ਨਾ ਹੋਇਆ। ਇਕ ਰਾਤ ਜੰਗਲ ਵਿਚ ਵਿਚਰਦਿਆਂ ਸ਼ਿਵ ਨੇ ਇਕ ਗਊ ਅਤੇ ਉਹਦੇ ਵਛੜੇ ਨੂੰ ਝਗੜਦਿਆਂ ਸੁਣਿਆ। ਵਛੜਾ ਗਊ ਨੂੰ ਕਹਿ ਰਿਹਾ ਸੀ ਕਿ ਉਹ ਆਪਣੇ ਮਾਲਕ ਨੂੰ, ਜੋ ਜ਼ਾਤ ਦਾ ਬ੍ਰਾਹਮਣ ਹੈ, ਧੁਸਾਂ ਨਾਲ ਮਾਰ ਮੁਕਾਣਾ ਚਾਹੁੰਦਾ ਹੈ। ਉਹ ਬ੍ਰਾਹਮਣ ਗਊ ਵਛੜੇ ਦੋਹਾਂ ਉਤੇ ਬੜੇ ਅਤਿਆਚਾਰ ਕਰ ਰਿਹਾ ਸੀ। ਗਊ ਨੇ ਵਛੜੇ ਨੂੰ ਵਰਜਿਆ, ਕਿਉਂ ਜੋ ਬ੍ਰਾਹਮਣ ਦੀ ਹੱਤਿਆ ਕਰਨੀ ਘੋਰ ਪਾਪ ਹੈ, ਜਿਸ ਦਾ ਕੋਈ ਪਸਚਾਤਾਪ ਨਹੀਂ। ਪਰ ਵਛੜੇ ਨੇ ਗਊ ਨੂੰ ਦਸਿਆ ਕਿ ਉਹ ਇਕ ਅਜਿਹੇ ਦੈਵੀ ਸਰੋਵਰ ਨੂੰ ਜਾਣਦਾ ਹੈ, ਜਿਥੇ ਇਸ਼ਨਾਨ ਕਰਨ ਨਾਲ ਪ੍ਰਾਣੀ ਬ੍ਰਾਹਮਣ ਦੀ ਹੱਤਿਆ ਦੇ ਪਾਪ ਤੋਂ ਮੁਕਤ ਹੋ ਜਾਂਦਾ ਹੈ। ਸ਼ਿਵਜੀ ਨੇ ਗਊ ਵਛੜੇ ਦੀ ਪੈਰਵੀ ਕੀਤੀ। ਵਛੜੇ ਨੇ ਬ੍ਰਾਹਮਣ ਨੂੰ ਧੁਸਾਂ ਨਾਲ ਮਾਰ ਮੁਕਾਇਆ। ਫਲਸਰੂਪ ਗਊ ਵਛੜੇ ਦੋਹਾਂ ਦਾ ਸਰੀਰ ਕਾਲਾ ਸਿਆਹ ਹੋ ਗਿਆ। ਫਿਰ ਵਛੜਾ ਗਊ ਨੂੰ ਨਾਲ ਲੈ ਕੇ ਗੋਪਾਲ ਮੋਚਨ ਦੇ ਸਰੋਵਰ ਉਤੇ ਗਿਆ ਅਤੇ ਉਹ ਦੋਵੇਂ ਇਸ਼ਨਾਨ ਕਰ ਕੇ ਹੱਤਿਆ ਦੇ ਪਾਪ ਤੋਂ ਮੁਕਤ ਹੋ ਗਏ। ਸ਼ਿਵ ਨੇ ਵੀ ਸਰੋਵਰ ਵਿਚ ਇਸ਼ਨਾਨ ਕੀਤਾ, ਉਹਨਾਂ ਦੀ ਹਥੇਲੀ ਨਾਲੋਂ ਸੀਸ/ਵਾਲਾਂ ਦਾ ਗੁੱਛਾ ਲੱਥ ਗਿਆ। ਉਦੋਂ ਤੋਂ ਕਪਾਲ ਮੋਚਨ ਸਰੋਵਰ ਦਾ ਜਲ ਗੰਗਾ ਤੋਂ ਜ਼ਿਆਦਾ ਪਵਿਤਰ ਸਮਝਿਆ ਜਾਣ ਲੱਗਾ। ਇਥੇ ਸਰੋਵਰ ਦੇ ਕੰਢੇ ਹਰ ਸਾਲ ਭਾਰੀ ਮੇਲਾ ਲਗਦਾ ਹੈ।

ਇਸ ਸਰੋਵਰ ਤੋਂ ਥੋੜੇ ਫ਼ਾਸਲੇ ਉਤੇ ਇਕ ਹੋਰ ਸਰੋਵਰ ਰਿਣ ਮੋਚਨ ਹੈ, ਜਿਥੇ ਇਸ਼ਨਾਨ ਕਰਨ ਨਾਲ ਪ੍ਰਾਣੀ ਪਿਤਰਾਂ ਦੇ ਰਿਣ ਤੋਂ ਮੁਕਤ ਹੋ ਜਾਂਦਾ ਹੈ। ਇਥੇ ਕੱਤਕ ਦੀ ਪੂਰਨਮਾਸ਼ੀ ਨੂੰ ਭਾਰੀ ਮੇਲਾ ਲਗਦਾ ਹੈ।

ਕੁਰਕਸ਼ੇਤਰ ਵਿਚ ਸਨੇਹਤ ਸਰੋਵਰ ਦੇ ਕੰਢੇ ਹਰ ਸਾਲ ਸੂਰਜ ਗ੍ਰਹਿਣ ਵੇਲੇ ਇਕ ਭਾਰੀ ਮੇਲਾ ਲਗਦਾ ਹੈ। ਧਾਰਨਾ ਹੈ ਕਿ ਸੂਰਜ ਗ੍ਰਹਿਣ ਵੇਲੇ ਇਥੇ ਇਸ਼ਨਾਨ ਕਰਨ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਮਿਲਦਾ ਹੈ, ਕਿਉਂ ਜੋ ਉਦੋਂ ਭਾਰਤ ਦੇ ਸਭ ਪਵਿਤ੍ਰ ਸਰੋਵਰ ਤੇ ਨਦੀਆਂ ਇਥੇ ਇਸ਼ਨਾਨ ਲਈ ਆਉਂਦੀਆਂ ਹਨ।

ਰੋਹਤਕ ਦੇ ਨੇੜੇ ਅਸਥਲ ਬੋਹਰ ਵਿਚ ਪੋਹ ਦੇ ਮਹੀਨੇ ਬਾਬਾ ਮਸਤ ਨਾਥ ਦੀ ਸਮਾਧੀ ਉਤੇ, ਇਕ ਭਾਰੀ ਮੇਲਾ ਲਗਦਾ ਹੈ। ਝੱਝਰ ਤਹਿਸੀਲ (ਜ਼ਿਲਾ ਰੋਹਤਕ) ਦੇ ਇਕ ਪਿੰਡ ਬੇਰੀ ਵਿਚ ਦੇਵੀ ਮਾਤਾ ਦਾ ਮੇਲਾ ਲਗਦਾ ਹੈ। ਰਵਾਇਤ ਹੈ ਕਿ ਭੂਮੇਸ਼ਵਰੀ ਦੇਵੀ ਦੀ ਮੂਰਤੀ ਪਹਾੜਾਂ ਵਿਚੋਂ ਲਿਆ ਕੇ ਇਥੇ ਸਥਾਪਿਤ ਕੀਤੀ ਗਈ ਸੀ। ਇਥੇ ਨਵੇਂ ਵਿਆਹੇ ਜੋੜੇ ਪੁਤਰ ਦੀ ਦਾਤ ਲਈ ਸੁਖਣਾ ਸੁਖਦੇ ਹਨ।

ਗੁੜਗਾਵਾਂ ਵਿਚ ਹਰ ਸਾਲ ਚੇਤਰ ਅਤੇ ਅੱਸੂ ਦੇ ਨਰਾਤਿਆਂ ਵਿਚ, ਮਸਾਣੀ ਦੇਵੀ ਦੇ ਮੰਦਰ ਵਿਚ ਮੇਲੇ ਲਗਦੇ ਹਨ। ਲੋਕੀਂ ਦੂਰੋਂ ਦੂਰੋਂ ਆ ਕੇ ਸੀਤਲਾ ਦੇਵੀ ਦੀ ਅਰਾਧਨਾ ਕਰਦੇ ਹਨ, ਤਾਂ ਜੋ ਬੱਚਿਆਂ ਉਤੇ ਸੀਤਲਾ ਦੀ ਬਖਸ਼ਿਸ਼ ਰਹੇ। ਵੈਸੇ ਤਾਂ ਸਾਵਣ ਦੇ ਮਹੀਨੇ ਤੋਂ ਇਲਾਵਾ ਹਰ ਮੰਗਲਵਾਰ ਨੂੰ ਹੀ, ਇਥੇ ਮਸਾਣੀ ਦੇਵੀ ਨੂੰ ਪਤਿਆਣ ਲਈ ਮੇਲਾ ਲਗਦਾ ਹੈ। ਸੋਮਵਤੀ ਅਮਾਵਸ ਨੂੰ, ਸੋਹਾਨਾ ਦੇ ਗਰਮ ਚਸ਼ਮੇ ਦੇ ਪਾਣੀ ਵਿਚ, ਨਹਾਣ ਦਾ ਬੜਾ ਮਹਾਤਮ ਹੈ, ਇਸ ਲਈ ਇਸ ਤਿੱਥ ਨੂੰ ਇਥੇ ਇਕ ਭਾਰੀ ਮੇਲਾ ਭਰਦਾ ਹੈ।

ਰਿਵਾੜੀ ਤਹਿਸੀਲ ਦੇ ਪਿੰਡ ਬਸਡੋਡਾ ਵਿਚ ਭੈਰੋਂ ਦਾ ਇਕ ਪ੍ਰਾਚੀਨ ਮੰਦਰ ਹੈ, ਜਿਥੇ ਚੇਤਰ ਸੁਦੀ ਇਕਾਦਸ਼ੀ ਨੂੰ ਇਕ ਵੱਡਾ ਮੇਲਾ ਭਰਦਾ ਹੈ, ਜਿਸ ਵਿਚ ਦੂਰੋਂ ਦੂਰੋਂ ਲੋਕ ਸ਼ਾਮਿਲ ਹੋਣ ਲਈ ਆਉਂਦੇ ਹਨ। ਕੋਈ ਵੇਲਾ ਸੀ ਜਦੋਂ ਇਥੇ ਧੀਵਰਾਂ ਦੀਆਂ ਲੜਕੀਆਂ ਭੈਰੋਂ ਦੇਵਤੇ ਨਾਲ ਵਿਆਹ ਕਰਦੀਆਂ ਸਨ। ਪਰ ਹੁਣ ਇਹ ਰਿਵਾਜ ਨਹੀਂ ਰਿਹਾ।

ਗੁੜਗਾਵਾਂ ਦੀ ਫ਼ਿਰੋਜ਼ਪੁਰ ਡਡਕਾ ਤਹਿਸੀਲ ਦੇ ਇਕ ਪਿੰਡ ਖੇੜਾ ਚੋਖਾ ਸ਼ਾਹ ਵਿਚ 5-7 ਜਮਾਦੀ-ਉਲ-ਅੱਵਲ ਨੂੰ ਇਕ ਭਾਰੀ ਮੇਲਾ ਲਗਦਾ ਹੈ, ਜਿਸ ਵਿਚ ਮੁਸਲਮਾਨਾਂ ਤੋਂ ਇਲਾਵਾ ਹਿੰਦੂ ਵੀ ਸ਼ਾਮਲ ਹੁੰਦੇ ਹਨ। ਇਸ ਮੇਲੇ ਵਿਚ ਕਿਸੇ ਵੇਲੇ ਕਾਫ਼ੀ ਉਧਾਲੇ ਹੁੰਦੇ ਸਨ। ਤੀਵੀਂ ਨੂੰ ਉਧਾਲਣ ਵਾਲਾ ਸ਼ਖ਼ਸ ਇਹੋ ਕਹਿੰਦਾ ਸੀ ਕਿ ਪੀਰ ਜੀ ਨੇ ਤੀਵੀਂ ਨੂੰ ਉਹਦੀ ਝੋਲੀ ਵਿਚ ਪਾਇਆ ਸੀ (ਗੁੜਗਾਵਾਂ ਗਜ਼ਟੀਅਰ)।

**ਲੋਕ-ਨਾਚ :**—ਹਰਿਆਣੇ ਦੇ ਲੋਕ-ਨਾਚ ਨਾ ਤਾਂ ਕੋਈ ਵਖਰਾ ਸਥਾਨ ਪ੍ਰਾਪਤ ਕਰ ਸਕੇ ਹਨ, ਨਾ ਹੀ ਇਨ੍ਹਾਂ ਦਾ ਕੋਈ ਵਖਰਾ ਸਰੂਪ ਹੈ, ਜੋ ਇਨ੍ਹਾਂ ਦੀ ਪਛਾਣ ਬਣ ਗਿਆ ਹੋਵੇ। ਪੰਜਾਬ ਦੇ ਭੰਗੜੇ ਅਤੇ ਗਿੱਧੇ ਵਿਚ ਜੋ ਗੌਰਵ ਹੈ, ਉਹ ਹਰਿਆਣੇ ਦੇ ਨਾਚਾਂ ਵਿਚ ਨਹੀਂ।

ਰਾਸ ਲੀਲਾ ਪੰਜਾਬ ਵਿਚ ਲੋਕ-ਨਾਟ ਦੇ ਰੂਪ ਵਿਚ ਵਿਗਸੀ ਹੈ, ਪਰ ਹਰਿਆਣੇ ਵਿਚ ਇਹ ਇਕ ਨਿਰਤ ਬਣ ਕੇ ਹੀ ਰਹਿ ਗਈ ਹੈ। ਇਹ ਨਿਰਤ ਵੈਸ਼ਨੋ ਭਗਤਾਂ ਵਿਚ ਵਧੇਰੇ ਪ੍ਰਚਲਤ ਹੈ, ਜੋ ਕਦੇ ਕਦੇ ਵਜਦ ਵਿਚ ਨੱਚਿਆ ਜਾਂਦਾ ਹੈ।

ਫਾਗ—ਇਹ ਇਕ ਮਸ਼ਹੂਰ ਮੌਸਮੀ ਨਾਚ ਹੈ,

Sri Satguru Jagjit Singh Ji eLibrary NamdhariElibrary@gmail.com

ਜੋ ਕਿਸਾਨ ਫੱਗਣ ਦੇ ਮਹੀਨੇ ਖੇਤਾਂ ਵਿਚ ਇਕੱਠੇ ਹੋ ਕੇ ਨਚਦੇ ਹਨ। ਇਨ੍ਹਾਂ ਦਿਨਾਂ ਵਿਚ ਬਹਾਰ ਰੁੱਤ ਦਾ ਆਰੰਭ ਹੁੰਦਾ ਹੈ, ਲੋਕਾਂ ਦੇ ਮਨ ਮਚਲੇ ਹੁੰਦੇ ਹਨ। ਫ਼ਸਲਾਂ ਨਿਸਰ ਰਹੀਆਂ ਹੁੰਦੀਆਂ ਹਨ ਅਤੇ ਕਿਸਾਨਾਂ ਕੋਲ ਵੀ ਕਾਫ਼ੀ ਵਿਹਲ ਹੁੰਦੀ ਹੈ। ਇਸ ਲਈ ਮਰਦ ਅਤੇ ਤੀਵੀਆਂ ਇਕੱਠੇ ਹੋ ਕੇ ਫਾਗ ਨਾਚ ਨਚਦੇ ਹਨ। ਤੀਵੀਆਂ ਨੇ ਪਰੰਪਰਾਗਤ ਰੰਗ-ਬਰੰਗੇ ਕਪੜੇ ਪਹਿਨੇ ਹੁੰਦੇ ਹਨ।

ਡੱਫ ਨਾਚ—ਇਹ ਵੀ ਮੌਸਮੀ ਨਾਚ ਹੈ, ਜਿਸ ਦਾ ਸਬੰਧ ਫ਼ਸਲਾਂ ਨਾਲ ਹੈ। ਡੱਫ ਢੋਲ ਵਰਗਾ ਇਕ ਸਾਜ਼ ਹੈ, ਜੋ ਇਕ ਪਾਸੇ ਤੋਂ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਇਸ ਨੂੰ ਡੱਗੇ ਨਾਲ ਜਾਂ ਹੱਥ ਮਾਰ ਕੇ ਵਜਾਇਆ ਜਾਂਦਾ ਹੈ। ਮਰਦ ਡੱਫ ਵਜਾਂਦੇ ਹੋਏ ਨਚਦੇ ਹਨ ਅਤੇ ਤੀਵੀਆਂ ਤਾੜੀਆਂ ਮਾਰ ਕੇ ਤਾਲ ਦੇਂਦੀਆਂ ਹਨ।

ਧਮਾਲ ਨਾਚ—ਇਹ ਨਾਚ ਵਧੇਰੇ ਕਰ ਕੇ ਗੁੜਗਾਵਾਂ ਜ਼ਿਲੇ ਦੇ ਅਹੀਰਾਂ ਵਿਚ ਪ੍ਰਚਲਤ ਹੈ। ਮਹਿੰਦਰਗੜ੍ਹ ਅਤੇ ਝੱਜਰ ਦੇ ਇਲਾਕੇ ਵਿਚ ਇਹ ਨਾਚ ਖ਼ੂਬ ਨਚਿਆ ਜਾਂਦਾ ਹੈ ਅਤੇ ਫੱਗਣ ਦੀਆਂ ਚਾਨਣੀਆਂ ਰਾਤਾਂ ਵਿਚ ਆਪਣੇ ਪੂਰੇ ਜੋਬਨ ਵਿਚ ਹੁੰਦਾ ਹੈ। ਇਸ ਨਾਚ ਵਿਚ ਦਸ ਪੰਦਰਾਂ ਨਚਾਰ ਸ਼ਾਮਲ ਹੁੰਦੇ ਹਨ, ਜੋ ਸਾਰੰਗੀ, ਢੋਲਕ ਅਤੇ ਖੜਤਾਲਾਂ ਦੀ ਮਧੁਰ ਧੁਨੀ ਵਿਚ, ਲੋਕ-ਗੀਤਾਂ ਦੀ ਸੰਗਤ ਵਿਚ ਧਮਾਲ ਪਾਉਂਦੇ ਹਨ।

ਝੁੰਮਰ ਨਾਚ—ਇਹ ਤੀਵੀਆਂ ਦਾ ਨਾਚ ਹੈ, ਜੋ ਢੋਲਕੀ ਅਤੇ ਥਾਲੀ ਦੀ ਮਧੁਰ ਧੁਨੀ ਵਿਚ, ਘੇਰਾ ਬਣਾ ਕੇ ਨਚਿਆ ਜਾਂਦਾ ਹੈ। ਗਿੱਧੇ ਨਾਲ ਕਾਫ਼ੀ ਮਿਲਦਾ ਜੁਲਦਾ ਹੋਣ ਕਰ ਕੇ, ਇਸ ਨੂੰ ਹਰਿਆਣਵੀ ਗਿੱਧਾ ਵੀ ਕਹਿ ਲਿਆ ਜਾਂਦਾ ਹੈ। ਹਰਿਆਣੇ ਦਾ ਝੁੰਮਰ ਨਾਚ ਬਾਰ ਦੇ ਝੁੰਮਰ ਨਾਲੋਂ ਬਿਲਕੁਲ ਵਖਰਾ ਹੈ (ਵੇਖੋ : ਝੁੰਮਰ)।

ਗੁੱਗਾ ਨਾਚ—ਇਹ ਨਾਚ ਗੁੱਗੇ ਦੇ ਭਗਤ ਗੁੱਗਾ ਨੌਮੀ ਦੇ ਤਿਉਹਾਰ ਦੇ ਨੇੜੇ ਤੇੜੇ ਨਚਦੇ ਹਨ। ਆਮ ਤੌਰ ਤੇ ਪੰਜ ਭਗਤ ਇਕੱਠੇ ਹੋ ਕੇ ਨਚਦੇ ਹਨ, ਜਿਨ੍ਹਾਂ ਨੇ ਹੱਥਾਂ ਵਿਚ ਇਕ ਇਕ ਕਰਕੇ ਢੋਲਕ, ਮੰਜੀਰਾ, ਡੌਰੂ, ਚਿਮਟਾ ਅਤੇ ਖੜਤਾਲ ਫੜੇ ਹੁੰਦੇ ਹਨ। ਨਾਚ ਦੇ ਨਾਲ ਨਾਲ ਗੁਗੇ ਦੀ ਮਹਿਮਾ ਵਿਚ ਲੋਕ-ਗੀਤ ਵੀ ਅਲਾਪੇ ਜਾਂਦੇ ਹਨ।

ਲੂਰ ਨਾਚ—ਇਹ ਨਾਚ, ਹੋਲੀ ਦੇ ਦਿਨੀਂ, ਬਾਂਗਰ ਦੇ ਇਲਾਕੇ ਵਿਚ, ਕੁੜੀਆਂ ਰਲ ਕੇ ਨਚਦੀਆਂ ਹਨ। ਦਾਦਰੀ ਦੇ ਇਲਾਕੇ ਵਿਚ 'ਲੂਰ' ਸ਼ਬਦ ਕੰਨਿਆਂ ਲਈ ਵਰਤਿਆ ਜਾਂਦਾ ਹੈ। ਇਹ ਨਾਚ ਸਾਦਾ ਤੇ ਸੁਭਾਵਿਕ ਹੋਣ ਦੇ ਬਾਵਜੂਦ ਵੀ ਦਿਲਕਸ਼ ਹੈ।

ਲੋਕ-ਨਾਟ—ਹਰਿਆਣੇ ਦਾ ਇਕੋ ਇਕ ਲੋਕ-ਨਾਟ ਸਾਂਗ ਹੈ, ਜੋ ਪੰਜਾਬ ਦੇ ਸਵਾਂਗ ਦਾ ਹੀ ਸਥਾਨਿਕ ਰੂਪ ਹੈ (ਵੇਖੋ : ਸਾਂਗ)। ਇਹ ਨਾਟ ਕਿਸੇ ਵੀ ਖੁਲ੍ਹੀ ਥਾਂ ਉਤੇ ਤਖ਼ਤਿਆਂ ਦਾ ਉੱਚਾ ਮੰਚ ਬਣਾ ਕੇ ਅਤੇ ਉਸ ਦੇ ਚਾਰ ਚੁਫੇਰੇ ਬਾਂਸਾਂ ਦੀ ਵਲਗਣ ਖੜੀ ਕਰ ਕੇ ਖੇਡ ਲਿਆ ਜਾਂਦਾ ਹੈ। ਮੰਚ ਦੇ ਤਿੰਨ ਪਾਸੇ ਦਰਸ਼ਕ ਘੇਰਾ ਪਾ ਕੇ ਬੈਠ ਜਾਂਦੇ ਹਨ। ਪੰਜਾਬ ਦੇ ਸਾਂਗ ਵਾਂਗ ਹਰਿਆਣੇ ਦੇ ਸਾਂਗ ਵਿਚ ਵੀ ਪਾਤਰਾਂ ਦੇ ਸੰਬਾਦ ਤਾਂ ਕਾਵਿ ਵਿਚ ਹੁੰਦੇ ਹਨ, ਪਰ ਕਹਾਣੀ ਦਾ ਬਾਕੀ ਹਿੱਸਾ ਵਾਰਤਕ ਦੁਆਰਾ ਹੀ ਪੇਸ਼ ਕੀਤਾ ਜਾਂਦਾ ਹੈ। ਪੰਜਾਬ ਵਾਂਗ ਹਰਿਆਣੇ ਵਿਚ ਵੀ ਗੋਪੀ ਚੰਦ, ਭਰਥਰੀ ਹਰੀ, ਹਰੀਸ਼ ਚੰਦਰ, ਰਾਜਾ ਭੋਜ, ਪੂਰਨ ਭਗਤ, ਪ੍ਰਹਿਲਾਦ, ਦਰੋਪਤੀ ਚੀਰ ਹਰਨ ਦੇ ਸਵਾਂਗ ਖੇਡੇ ਜਾਂਦੇ ਹਨ। ਪਰ ਇਨ੍ਹਾਂ ਸਵਾਂਗਾਂ ਤੋਂ ਇਲਾਵਾ ਹਰਿਆਣੇ ਵਿਚ ਸੋਰਠ, ਨਿਹਾਲਦੇ, ਪਦਮਾਵਤ, ਅਮਰ ਸਿੰਘ ਰਾਠੌਰ, ਸਰਵਰ ਵੀਰ ਆਦਿ ਦੇ ਸਵਾਂਗ ਵੀ ਪ੍ਰਚਲਤ ਹਨ।

ਹਰਿਆਣੇ ਦੇ ਲੋਕ-ਗੀਤ ਪੰਜਾਬ ਨਾਲੋਂ ਕਾਫ਼ੀ ਹੱਦ ਤਕ ਵਖਰੇ ਹਨ ਅਤੇ ਇਨ੍ਹਾਂ ਵਿਚ ਹਰਿਆਣਵੀ ਸੰਸਕ੍ਰਿਤੀ ਪੂਰੀ ਤਰ੍ਹਾਂ ਰੂਪਮਾਨ ਹੋਈ ਹੈ। ਪਰ ਇਥੋਂ ਦੀਆਂ ਲੋਕ-ਕਹਾਣੀਆਂ ਤੇ ਦੰਦ-ਕਥਾਵਾਂ ਪੰਜਾਬ ਦੀਆਂ ਲੋਕ-ਕਹਾਣੀਆਂ ਦੇ ਹੀ ਰੂਪਾਂਤਰ ਹਨ।

## (ਹ-73) ਹਰਿਆਲੀ ਦੇਵੀ :

ਇਕ ਦੇਵੀ, ਜੋ ਬਨਸਪਤੀ ਦਾ ਹੀ ਮਾਨਵੀ-ਕਰਣ ਹੋਣ ਕਰਕੇ, ਲੋਕ-ਮਨ ਦੀ ਸਿਰਜਨਾ ਹੈ। ਇਸ ਦੇਵੀ ਦਾ ਅਧਿਕਾਰ ਦਰੱਖ਼ਤਾਂ, ਫਲਾਂ ਫੁੱਲਾਂ ਅਤੇ ਫ਼ਸਲਾਂ ਉਤੇ ਮੰਨਿਆ ਜਾਂਦਾ ਹੈ। ਫ਼ਸਲਾਂ ਦੀ ਬੀਜਾਈ ਅਤੇ ਕਟਾਈ ਵੇਲੇ ਇਸ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਇਸ ਨੂੰ ਪਸ਼ੂ-ਪੰਛੀ ਦੀ ਬਲੀ ਵੀ ਚੜ੍ਹਾਈ ਜਾਂਦੀ ਸੀ। ਸੋਕੇ ਦੇ ਦਿਨਾਂ ਵਿਚ ਇਹਦੀ ਵਿਸ਼ੇਸ਼ ਰੂਪ ਵਿਚ ਪੂਜਾ ਕੀਤੀ ਜਾਂਦੀ। ਹੁਣ ਇਹ ਦੇਵੀ ਅਤੀਤ ਦੀ ਯਾਦ ਬਣ ਕੇ ਰਹਿ ਗਈ ਹੈ। ਹਰਿਆਵਲੀ ਦੇਵੀ ਬਸੰਤ ਦੇਵੀ ਦੀ ਹੀ ਪੂਰਵਵਰਤੀ ਹੈ (ਵੇਖੋ : ਬਸੰਤ)। ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲੇ ਵਿਚ ਹਾੜ ਅਤੇ ਸਾਵਣ ਦੀ ਸੰਗਰਾਂਦ ਨੂੰ ਕਈ ਨਿਕੇ ਨਿਕੇ ਪਿੰਡਾਂ ਵਿਚ ਹਰਿਆਲੀ ਦੇਵੀ ਦਾ ਮੇਲਾ ਲਗਦਾ ਹੈ। ਦੇਵੀ ਦੀ ਮੂਰਤੀ ਪਾਲਕੀ ਵਿਚ ਬਿਰਾਜਮਾਨ ਕਰ ਕੇ ਮੇਲੇ ਵਿਚ ਲਿਆਈ ਜਾਂਦੀ ਹੈ। ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲੇ ਵਿਚ ਹਰਿਆਲੀ ਜਾਂ ਹਰੀ ਦੇਵੀ ਦਾ ਇਕ ਮੰਦਰ ਲਹਿਰ ਸਰਿਆਲ (ਤਹਿਸੀਲ ਅਮਰਵੀ) ਦੇ ਨੇੜੇ ਇਕ ਪਹਾੜੀ ਦੀ ਚੋਟੀ ਉਤੇ ਸਥਿਤ ਹੈ। ਇਥੇ ਹਰੀ ਦੇਵੀ ਦੀ ਮੂਰਤੀ ਸਥਾਪਿਤ ਹੈ। ਇਹ ਮੇਲਾ ਪੰਜ ਸੌ ਸਾਲ ਪੁਰਾਣਾ ਹੈ। ਅੱਜ ਕਲ੍ਹ ਸਤ ਅਠ ਜੇਠ ਨੂੰ ਲਗਦਾ ਹੈ।

## (ਹ-74) ਹਰਿ ਹਰਿ ਛੇਤ੍ਰ :

ਪਟਨਾ ਤੋਂ ਤਿੰਨ ਕੁ ਮੀਲ ਦੂਰ ਗੰਗਾ ਦੇ ਕੰਢੇ ਇਕ ਪਾਵਨ ਅਸਥਾਨ। ਪੁਰਾਣਾਂ ਅਨੁਸਾਰ ਇਸ ਥਾਂ 'ਤੇ ਵਿਸ਼ਨੂੰ ਦੇਵਤੇ ਨੇ, ਤੰਦੂਏ ਦੇ ਜਾਲ ਵਿਚ ਫਸੇ ਹੋਏ ਇਕ ਹਾਥੀ ਦੀ ਰੱਖਿਆ ਕੀਤੀ ਸੀ। ਹਾਥੀ ਨੇ ਜਦੋਂ ਵੇਖਿਆ ਕਿ ਉਹਦੀ ਲੱਤ ਤੰਦੂਏ ਨੇ ਆਪਣੇ ਜਾਲ ਵਿਚ ਲਪੇਟ ਲਈ ਹੈ, ਤਾਂ ਉਸ ਨੇ ਆਪਣੀ ਸੁੰਡ ਵਿਚ ਕੰਵਲ ਫੁੱਲ ਲੈ ਕੇ ਪ੍ਰਭੂ ਅੱਗੇ ਰੱਖਿਆ ਵਾਸਤੇ ਪ੍ਰਾਰਥਨਾ ਕੀਤੀ। ਉਸੇ ਵੇਲੇ ਵਿਸ਼ਨੂੰ ਗਰੜ ਉਤੇ ਸਵਾਰ ਹੋ ਕੇ ਆ ਪਹੁੰਚੇ ਤੇ ਉਨ੍ਹਾਂ ਨੇ ਸੁਦਰਸ਼ਨ ਚੱਕਰ ਨਾਲ ਤੰਦੂਏ ਦਾ ਜਾਲ ਕਟ ਸੁਟਿਆ। ਇਸ ਤੀਰਥ ਉਪਰ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਭਾਰੀ ਮੇਲਾ ਲਗਦਾ ਹੈ। ਮੇਲੇ ਵਿਚ ਹਾਥੀਆਂ ਨੂੰ ਸ਼ਿੰਗਾਰ ਕੇ ਲਿਆਇਆ ਜਾਂਦਾ ਹੈ, ਜਿਨ੍ਹਾਂ ਨੂੰ ਵਿਸ਼ਨੂੰ ਭਗਤ ਸ਼ਰਧਾ ਨਾਲ ਪਰਨਾਮ ਕਰਦੇ ਅਤੇ ਭੇਟਾ ਚੜ੍ਹਾਂਦੇ ਹਨ।

## (ਹ-75) ਹਰਿ ਕੀ ਪੌੜੀ :

(1) ਹਰਦੁਆਰ ਵਿਚ, ਬ੍ਰਹਮ ਕੁੰਡ ਦੇ ਨੇੜੇ, ਗੰਗਾ ਨਦੀ ਦੀ ਇਕ ਪੌੜੀ, ਜਿਸ ਨੂੰ ਹਿੰਦੂ ਬੜਾ ਪਵਿਤ੍ਰ ਅਸਥਾਨ ਮੰਨਦੇ ਹਨ। ਇਥੇ ਇਸ਼ਨਾਨ ਕਰਨ ਦਾ ਬੜਾ ਮਹਾਤਮ ਹੈ। ਲੋਕ-ਨਿਸਚੇ ਅਨੁਸਾਰ ਇਹ ਅਸਥਾਨ ਰਹੱਸਮਈ ਢੰਗ ਨਾਲ ਅਕਾਸ਼-ਗੰਗਾ ਨਾਲ ਜੁੜਿਆ ਹੋਇਆ ਹੈ ਤੇ ਅਕਾਸ਼ ਗੰਗਾ ਦਾ ਅੰਮ੍ਰਿਤ ਜਲ ਇਥੇ ਨਿਰੰਤਰ ਟਪਕਦਾ ਰਹਿੰਦਾ ਹੈ। ਰਵਾਇਤ ਹੈ ਕਿ ਇਸੇ ਸਥਾਨ 'ਤੇ ਅਸਮਾਨ ਤੋਂ ਗੰਗਾ ਧਰਤੀ ਉਤੇ ਉਤਰੀ ਸੀ।

ਹਰਿ ਕੀ ਪੌੜੀ ਉਪਰ ਇਸ਼ਨਾਨ ਕਰਨ ਲਗਿਆਂ, ਲੋਕੀਂ ਆਪਣੇ ਨਜ਼ਦੀਕੀ ਅੰਗਾਂ-ਸਾਕਾਂ ਅਤੇ ਮਿਤਰਾਂ ਦੇ ਨਾਉਂ ਲੈ ਕੇ ਵੀ ਟੁਭੀਆਂ ਲਗਾਂਦੇ ਹਨ। ਧਾਰਨਾ ਹੈ ਕਿ ਜਿਸ ਸ਼ਖ਼ਸ ਦਾ ਨਾਉਂ ਲੈ ਕੇ ਟੁਭੀ ਮਾਰੀ ਜਾਵੇ, ਉਸ ਨੂੰ ਇਸ਼ਨਾਨ ਦਾ ਪੂਰਾ ਮਹਾਤਮ ਮਿਲ ਜਾਂਦਾ ਹੈ। ਹਰਿ ਕੀ ਪੌੜੀ ਦੇ ਨਾਲ ਹੀ ਇਕ ਮੰਦਰ ਹੈ, ਜੋ ਪਹਿਲੀ ਪੌੜੀ ਦੇ ਸਿਰੇ 'ਤੇ ਇਕ ਚਬੂਤਰੇ ਉਪਰ ਬਣਿਆ ਹੋਇਆ ਹੈ। ਇਸ ਦੇ ਚਾਰੇ ਪਾਸੇ ਗੰਗਾ ਦਾ ਜਲ-ਪ੍ਰਵਾਹ ਹੈ। ਇਸ ਮੰਦਰ ਦੀ ਪ੍ਰਕਰਮਾ ਦਾ ਵੀ ਬੜਾ ਮਹਾਤਮ ਹੈ। ਕਹਿੰਦੇ ਹਨ ਕਿ ਇਥੇ

Sri Satguru Jagjit Singh Ji eLibrary NamdhariElibrary@gmail.com

ਜੇ ਮਰਦ ਆਪਣੀ ਤੀਵੀਂ ਦਾ ਨਾਉਂ ਲੈ ਕੇ ਪ੍ਰਕਰਮਾ ਕਰੇ, ਤਾਂ ਦੋਹਾਂ ਵਿਚ ਪਿਆਰ-ਮੁਹੱਬਤ ਬਣੀ ਰਹਿੰਦੀ ਹੈ। ਲੋਕੀਂ ਇਥੇ ਵੀ ਅੰਗਾਂ-ਸਾਕਾਂ ਦੇ ਨਾਉਂ ਦੀ ਪ੍ਰਕਰਮਾ ਕਰਦੇ ਹਨ।

ਗੰਗਾ ਦੇ ਪਾਟ ਦੇ ਕੋਲ, ਅੰਤਲੀ ਪੌੜੀ ਉਤੇ, ਪਾਂਡੇ ਕਾਂਸ਼ੀ ਦੇ ਛੋਟੇ ਛੋਟੇ ਥਾਲਾਂ ਵਿਚ, ਕ੍ਰਿਸ਼ਨ/ਗਣੇਸ਼ ਦੀਆਂ ਮੂਰਤੀਆਂ ਰਖ ਕੇ ਅਤੇ ਜੋਤਾਂ ਜਗਾ ਕੇ ਬੈਠੇ ਹੁੰਦੇ ਹਨ। ਇਥੇ ਯਾਤ੍ਰੀ ਬੇੜੀ ਤਾਰਨ ਦੀ ਰੀਤ ਕਰਦੇ ਹਨ। ਭੋਜ-ਪਤਰ ਦੀ ਬਣੀ ਬੇੜੀ ਵਿਚ, ਆਟੇ ਦਾ ਦੀਵਾ ਰਖ ਕੇ ਅਤੇ ਜੋਤ ਜਗਾ ਕੇ ਉਹ ਮੱਥਾ ਟੇਕਦੇ ਅਤੇ ਦੱਖਣਾ ਦੇਂਦੇ ਹਨ। ਫਿਰ ਉਸ ਭੋਜ-ਪਤਰ ਦੀ ਬੇੜੀ ਨੂੰ ਗੰਗਾ ਦੇ ਪ੍ਰਵਾਹ ਵਿਚ ਛਡ ਦੇਂਦੇ ਹਨ। ਲੋਕਾਂ ਦਾ ਨਿਸਚਾ ਹੈ ਕਿ ਇਹ ਆਟੇ ਦੇ ਦੀਵੇ ਅਗੇ ਪਿਤਰਾਂ ਨੂੰ ਰੌਸ਼ਨੀ ਬਖ਼ਸ਼ਦੇ ਹਨ।

(2) ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੀ ਇਕ ਪਉੜੀ, ਜੋ ਦੁਖ ਭੰਜਨੀ ਸਾਹਿਬ ਦੇ ਐਨ ਸਾਹਮਣੇ ਸਥਿਤ ਹੈ, ਇਸ ਨੂੰ ਸਿੱਖ ਆਦਰ ਨਾਲ 'ਹਰਿ ਕੀ ਪੌੜੀ' ਕਹਿੰਦੇ ਹਨ। ਇਸ ਪਉੜੀ ਦਾ ਉਤਨਾ ਹੀ ਮਹਾਤਮ ਮੰਨਿਆ ਜਾਂਦਾ ਹੈ, ਜਿਤਨਾ ਹਰਦੁਆਰ ਦੀ 'ਹਰਿ ਕੀ ਪੌੜੀ' ਦਾ। ਇਥੋਂ ਦੇ ਜਲ ਨੂੰ, ਅੰਮ੍ਰਿਤ ਸਮਾਨ ਮੰਨ ਕੇ, ਸਿਖ ਚੂਲੀ ਭਰਦੇ ਅਤੇ ਸਰੀਰ ਅਤੇ ਕੇਸਾਂ ਉਪਰ ਛੱਟੇ ਮਾਰਦੇ ਹਨ।

(ਹ-76) **ਹਰਿ ਚੰਦਉਰੀ :**

ਹਿੰਦੂ ਪੁਰਾਣਧਾਰਾ ਅਨੁਸਾਰ ਰਾਜੇ ਹਰੀਸ਼ ਚੰਦਰ ਦੀ ਨਗਰੀ, ਜੋ ਅਕਾਸ਼ ਮੰਡਲ ਵਿਚ ਲਟਕ ਰਹੀ ਹੈ। ਮਾਰਕੰਡੇ ਪੁਰਾਣ ਅਨੁਸਾਰ ਸਤਿਆਵਾਦੀ ਹਰੀਸ਼ ਚੰਦਰ ਜਦੋਂ ਆਪਣੀ ਪਰਜਾ ਸਮੇਤ ਸਵਰਗ ਭੋਗ ਰਿਹਾ ਸੀ, ਤਾਂ ਨਾਰਦ ਮੁਨੀ ਨੇ ਉਸ ਦੇ ਪੁੰਨ ਕਰਮਾਂ ਨੂੰ ਨਸ਼ਟ ਕਰਨ ਲਈ, ਧੋਖੇ ਨਾਲ, ਉਸ ਤੋਂ ਆਪਣੀ ਵਡਿਆਈ ਕਰਵਾਈ। ਫਿਰ ਨਾਰਦ ਨੇ ਇਸ ਗੱਲ ਦੀ ਭੰਡੀ ਦੇਵਤਿਆਂ ਵਿਚ ਪਾ ਦਿਤੀ ਕਿ ਹਰੀਸ਼ ਚੰਦਰ ਸਵਰਗ ਲੋਕ ਵਿਚ ਵੀ ਦੇਵਤਿਆਂ ਦੀ ਥਾਂ ਰਿਸ਼ੀਆਂ ਦੀ ਮਹਿਮਾ ਗਾਇਨ ਕਰਦਾ ਹੈ। ਇਸ ਉਤੇ ਦੇਵਤਿਆਂ ਨੇ ਹਰੀਸ਼ ਚੰਦਰ ਨੂੰ ਉਹਦੇ ਸਾਥੀਆਂ ਅਤੇ ਨਗਰੀ ਸਮੇਤ ਸਵਰਗ ਲੋਕ ਵਿਚੋਂ ਬਾਹਰ ਧਕ ਦਿਤਾ। ਜਦੋਂ ਰਾਜਾ ਨਗਰੀ ਸਮੇਤ ਹੇਠਾਂ ਧਰਤੀ ਵਲ ਡਿਗ ਰਿਹਾ ਸੀ, ਤਾਂ ਉਸ ਨੂੰ ਆਪਣੀ ਗ਼ਲਤੀ ਦਾ ਅਨੁਭਵ ਹੋਇਆ ਅਤੇ ਉਸ ਨੇ ਦੇਵਤਿਆਂ ਤੋਂ ਖਿਮਾਂ ਮੰਗੀ। ਦੇਵਤਿਆਂ ਨੇ ਉਸੇ ਛਿਣ ਉਹਨੂੰ ਬਖ਼ਸ਼ ਦਿਤਾ ਅਤੇ ਉਸ ਦੀ ਨਗਰੀ ਨੂੰ ਹੇਠਾਂ ਡਿਗਣ ਤੋਂ ਰੋਕ ਲਿਆ। ਇਹ ਨਗਰੀ ਉਦੋਂ ਤੋਂ ਅਕਾਸ਼ ਮੰਡਲ ਵਿਚ ਹੀ ਸਥਿਤ ਹੈ। ਇਸੇ ਨੂੰ 'ਗੰਧਰਵ ਨਗਰੀ' ਤੇ 'ਸੋਭਨਗਰ' ਵੀ ਕਿਹਾ ਜਾਂਦਾ ਹੈ। ਲਹਿੰਦੇ ਵਿਚ ਇਸ ਨੂੰ 'ਹਰਿ ਚੰਡੂਰ' ਕਹਿੰਦੇ ਹਨ। ਗੁਰਬਾਣੀ ਵਿਚ ਇਸ ਬਾਰੇ ਇਉਂ ਵਰਨਣ ਹੈ :

ਹਰਿ ਚੰਦਉਰੀ ਚਿਤ ਭ੍ਰਮ ਸਖੀਏ
ਮ੍ਰਿਗ ਤ੍ਰਿਸ਼ਨਾ ਦ੍ਰੁਮ ਛਾਇਆ।
ਚੰਚਲ ਸੰਗ ਨਾ ਚਾਲਹੀ ਸਖੀਏ
ਅੰਤਿ ਤਜਿ ਜਾਵਤ ਮਾਇਆ।
(ਬਿਲਾਵਲ ਮ: ੫)

ਅਸਲ ਵਿਚ ਕਦੇ ਕਦੇ ਅਕਾਸ਼ ਵਿਚ ਇਕ ਭਰਮ ਮਾਤ੍ਰ ਨਗਰੀ ਵਿਖਾਈ ਦੇਂਦੀ ਹੈ, ਜੋ ਧੁੰਦ ਵਿਚ ਵਾਸਤਵਿਕ ਨਗਰੀ ਦਾ ਭੁਲੇਖਾ ਸਿਰਜਦੀ ਹੈ। ਜਿਵੇਂ ਥਲਾਂ ਵਿਚ ਦੂਰੋਂ ਲਿਸ਼ਕਦੀ ਰੇਤ ਪਾਣੀ ਦਾ ਭੁਲਾਵਾ ਪੈਦਾ ਕਰਦੀ ਹੈ, ਉਸੇ ਤਰ੍ਹਾਂ ਸਮੁੰਦਰ ਦੇ ਨੇੜੇ ਦੇ ਮੈਦਾਨਾਂ ਜਾਂ ਰੇਤਲੇ ਥਲਾਂ ਵਿਚ ਇਹ ਨਗਰੀ ਅਕਾਸ਼ ਵਿਚ ਵਿਖਾਈ ਦੇਂਦੀ ਹੈ।

ਮਹਾਨ ਕੋਸ਼ (ਪੰਨਾ 198) ਅਨੁਸਾਰ "ਵਾਸਤਵ ਵਿਚ ਹਰਿਚੰਦੋਰੀ ਕੋਈ ਵਸਤੂ ਨਹੀਂ, ਕੇਵਲ ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਧੁੰਦ ਵਿਚ ਖ਼ਿਆਲੀ ਰਚਨਾ ਹੈ, ਸਰਦੀ ਦੀ ਰੁੱਤ ਵਿਚ ਸੂਰਜ ਦੀਆਂ ਕਿਰਣਾਂ ਤੇਜ਼ ਹੋਣ ਤੋਂ ਪਹਿਲਾਂ, ਰੇਗਿਸਤਾਨ ਅਥਵਾ ਸਮੁੰਦਰ ਦੇ ਕਿਨਾਰੇ ਗਾੜ੍ਹੀ ਧੁੰਦ ਹੋਣ ਕਰ ਕੇ ਅਕਾਸ਼ ਵਿਚ ਕਦੇ ਸੱਤਯ ਵਸਤੂਆਂ ਦਾ ਅਕਸ ਅਰ ਕਦੇ ਖ਼ਿਆਲ ਵਿਚ ਵਸੇ ਹੋਏ ਪਦਾਰਥ ਸੱਤਯ ਸਮਾਨ ਭਾਸਣ ਲਗ ਜਾਂਦੇ ਹਨ। ਹਿਸਾਰ ਦੇ ਜ਼ਿਲੇ ਵਿਚ ਅਤੇ ਅਰਬ ਦੇ ਸਮੁੰਦਰੀ ਰੇਤਲੇ ਮੈਦਾਨਾਂ ਵਿਚ ਹਰਿਚੰਦੋਰੀ ਦਾ ਨਜ਼ਾਰਾ ਅਜੀਬ ਭਾਸਿਆ ਕਰਦਾ ਹੈ। ਜਿਸ ਆਦਮੀ ਨੇ ਇਹ ਨਜ਼ਾਰਾ ਪਹਿਲਾਂ ਨਹੀਂ ਵੇਖਿਆ, ਉਹ ਬਿਨਾਂ ਸੰਸੇ ਸੁੰਦਰ ਮਕਾਨ ਕਿਲ੍ਹੇ ਕੋਟ ਅਤੇ ਬਾਗ਼ ਦੇਖ ਕੇ ਉਨ੍ਹਾਂ ਦੀ ਸੈਰ ਲਈ ਲਲਚਾਉਂਦਾ ਹੈ, ਪਰ ਜਿਉਂ ਜਿਉਂ ਸੂਰਜ ਦੀਆਂ ਕਿਰਣਾਂ ਤੇਜ਼ ਹੁੰਦੀਆਂ ਹਨ, ਤਿਉਂ ਤਿਉਂ ਧੁੰਦ ਪਤਲੀ ਪੈਣ ਲਗਦੀ ਹੈ ਅਤੇ ਦੇਖਦੇ ਹੀ ਦੇਖਦੇ ਸਾਰੀ ਰਚਨਾ ਨੇਤ੍ਰਾਂ ਤੋਂ ਪਰ੍ਹੇ ਹੋ ਜਾਂਦੀ ਹੈ।"

(ਹ-77) **ਹਰਿਤਸ :**

ਰਿਗ ਵੇਦ ਅਨੁਸਾਰ ਸੂਰਜ ਦੇ ਰਥ ਦੇ ਘੋੜੇ, ਜੋ ਗਿਣਤੀ ਵਿਚ ਸਤ ਜਾਂ ਦਸ ਹਨ। ਇਹ ਸੂਰਜ ਦੀਆਂ ਰਿਸ਼ਮਾਂ ਦਾ ਹੀ ਮਾਨਵੀਕਰਣ ਹਨ। ਸੂਰਜ ਦਾ ਵਾਹਣ ਹੋਣ ਕਰ ਕੇ ਘੋੜੇ ਨੂੰ ਪੰਜਾਬੀ ਸੰਸਕ੍ਰਿਤੀ ਵਿਚ ਵਿਸ਼ੇਸ਼ ਮਾਨਤਾ ਪ੍ਰਾਪਤ ਹੈ (ਵੇਖੋ : ਘੋੜਾ)।

(ਹ-78) **ਹਰਿਦੁਆਰ :**

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ, ਜੋ ਗੰਗਾ ਦਰਿਆ ਦੇ ਸੱਜੇ ਕੰਢੇ ਉਪਰ ਸਥਿਤ ਹੈ। ਹਰਿਦੁਆਰ ਭਾਰਤ ਦੇ ਪ੍ਰਾਚੀਨ ਇਤਿਹਾਸਕ ਨਗਰਾਂ ਤੇ ਤੀਰਥਾਂ ਵਿਚੋਂ ਇਕ ਹੈ। ਇਸ ਅਸਥਾਨ ਤੋਂ ਗੰਗਾ ਪਹਾੜੀ ਪੈਂਡਾ ਮੁਕਾ ਕੇ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ, ਇਸ ਲਈ ਪ੍ਰਾਚੀਨ ਕਾਲ ਤੋਂ ਹੀ ਹਰਿਦੁਆਰ ਦਾ ਮੁਤਬਰਕ ਜਾਣਿਆ ਜਾਣਾ ਕੁਦਰਤੀ ਸੀ। ਇਥੇ ਮੁੱਢ ਕਦੀਮ ਤੋਂ ਕਈ ਇਸ਼ਟ ਪੂਜੇ ਜਾਂਦੇ ਰਹੇ। ਪਹਿਲਾਂ ਗੰਗਾ ਦਰਿਆ ਦੀ ਦੇਵੀ ਦੇ ਰੂਪ ਵਿਚ ਪੂਜਾ ਹੋਈ, ਫਿਰ ਬੋਧੀ ਚੜ੍ਹਤ ਵੇਲੇ ਇਹ ਬੁਧ ਧਰਮ ਦਾ ਪਾਵਨ ਅਸਥਾਨ ਬਣਿਆ, ਜਿਸ ਦੀ ਪ੍ਰੋੜ੍ਹਤਾ ਨਰੈਣਸ਼ਿਲਾ ਮੰਦਰ ਵਿਚ ਧਿਆਨੀ ਬੁਧ ਦੀ ਮਿਲੀ ਮੂਰਤੀ ਤੋਂ ਹੁੰਦੀ ਹੈ। ਇਸ ਮੂਰਤੀ ਵਿਚ ਧਿਆਨੀ ਬੁਧ ਦੇ ਦੁਆਲੇ ਕਈ ਸਾਧੂ ਬੈਠੇ ਹਨ। ਹਿੰਦੂ ਧਰਮ ਦੀ ਪ੍ਰਭੁੱਤਾ ਸਮੇਂ ਇਸ ਅਸਥਾਨ ਨੂੰ ਸ਼ਿਵ ਮੱਤ ਅਤੇ ਵੈਸ਼ਨੂੰ ਮੱਤ ਨਾਲ ਜੋੜਿਆ ਗਿਆ। ਸ਼ਿਵ ਮੱਤ ਅਨੁਸਾਰ ਗੰਗਾ ਸ਼ਿਵ ਜੀ ਦੀ ਪੁਰੀ ਕੈਲਾਸ਼ ਵਿਚੋਂ ਹੇਠਾਂ ਉਤਰੀ ਅਤੇ ਹਰਦੁਆਰ ਹਰ (ਸ਼ਿਵ) ਦਾ ਹੀ ਦਵਾਰਾ ਹੈ। ਇਸ ਦੇ ਉਲਟ ਵੈਸ਼ਣੋ ਮੱਤ ਵਾਲੇ ਗੰਗਾ ਨੂੰ ਵਿਸ਼ਨੂੰ ਦੇ ਪੈਰਾਂ ਵਿਚੋਂ ਨਿਕਲੀ ਮੰਨਦੇ ਹਨ ਤੇ ਇਸ ਨਗਰ ਨੂੰ ਹਰੀ (ਵਿਸ਼ਨੂੰ) ਦਾ ਦਵਾਰਾ ਦਸਦੇ ਹਨ। ਇਸ ਸਥਾਨ ਉਤੇ ਕਦੇ ਨਾਗ ਸੰਪ੍ਰਦਾਇ ਦਾ ਵੀ ਜ਼ੋਰ ਰਿਹਾ। ਮਹਾਂਭਾਰਤ (1,214) ਵਿਚ ਇਸ ਗੱਲ ਵਲ ਸੰਕੇਤ ਮਿਲਦਾ ਹੈ ਕਿ ਅਰਜਨ ਇਥੇ ਇਸ਼ਨਾਨ ਕਰਨ ਲਈ ਅਤੇ ਨਾਗ ਰਾਜੇ ਦੀ ਕੰਨਿਆਂ ਉਲੀਪੀ ਨੂੰ ਮਿਲਣ ਲਈ ਪਧਾਰਿਆ ਸੀ। ਹਰਿਦੁਆਰ ਨਾਲ ਰਿਸ਼ੀ-ਪਰੰਪਰਾ ਵੀ ਸੰਬੰਧਤ ਹੈ। ਇਥੇ ਕਦੇ ਕਪਿਲ ਰਿਸ਼ੀ ਨੇ ਘੋਰ ਤਪੱਸਿਆ ਤੇ ਸਾਧਨਾ ਕੀਤੀ ਸੀ, ਜਿਸ ਕਰ ਕੇ ਇਹ ਅਸਥਾਨ ਕਦੇ ਕਪਿਲਾ ਦੇ ਨਾਂ ਨਾਲ ਵੀ ਪ੍ਰਸਿਧ ਸੀ। ਹਰਿਦੁਆਰ ਦੇ ਨੇੜੇ ਦੀਆਂ ਪਹਾੜੀਆਂ ਵਿਚ ਇਕ ਅਸਥਾਨ ਕਪਿਲਾ ਹੁਣ ਤਕ ਮੌਜੂਦ ਹੈ। ਹਰਿਦੁਆਰ ਵਿਚ ਗੁਰੂ ਨਾਨਕਦੇਵ ਜੀ ਦੀ ਸਿਮ੍ਰਤੀ ਵਿਚ ਇਕ ਇਤਿਹਾਸਕ ਗੁਰਦੁਆਰਾ ਵੀ ਹੈ।

ਹਰਿਦੁਆਰ ਨਾਲ ਕਈ ਪੌਰਾਣਿਕ ਕਥਾਵਾਂ ਜੁੜੀਆਂ ਮਿਲਦੀਆਂ ਹਨ। ਸਕੰਦ ਪੁਰਾਣ ਅਨੁਸਾਰ ਸਾਗਰ ਮੰਥਨ ਮਗਰੋਂ ਜਦੋਂ ਜੈਯੰਤ ਅੰਮ੍ਰਿਤ ਦੇ ਕੁੰਭ ਨੂੰ ਇੰਦਰਪੁਰੀ ਵਲ ਲੈ ਕੇ ਨਠਿਆ, ਤਾਂ ਰਾਹ ਵਿਚ ਜਿਨ੍ਹਾਂ ਚਾਰ ਅਸਥਾਨਾਂ ਉਤੇ ਅੰਮ੍ਰਿਤ ਡੁਲ੍ਹਿਆ, ਉਨ੍ਹਾਂ ਵਿਚੋਂ ਇਕ ਅਸਥਾਨ ਹਰਿਦੁਆਰ ਵੀ ਸੀ। ਹਰਿਦੁਆਰ

Sri Satguru Jagjit Singh Ji eLibrary NamdhariElibrary@gmail.com

ਵਿਚ ਹਰ ਬਾਰਾਂ ਸਾਲਾਂ ਬਾਅਦ ਕੁੰਭ ਦਾ ਮੇਲਾ ਲਗਦਾ ਹੈ (ਵੇਖੋ :ਕੁੰਭ)। ਵਿਸ਼ਨੂੰ ਪੁਰਾਣ ਅਨੁਸਾਰ ਦੱਖਸ਼ ਨੇ ਹਰਿਦੁਆਰ ਵਿਚ ਹੀ ਉਹ ਯੱਗ ਕੀਤਾ ਸੀ, ਜਿਸ ਵਿਚ ਉਸ ਦੀ ਪੁਤਰੀ ਅਤੇ ਸ਼ਿਵ ਦੀ ਪਤਨੀ ਸਤੀ ਨੇ ਸੜ ਕੇ ਪ੍ਰਾਣ ਤਿਆਗ ਦਿਤੇ ਸਨ। ਹਰਿਦੁਆਰ ਵਿਚ ਇਸ ਘਟਨਾ ਦੀ ਸਿਮਰਤੀ ਵਿਚ ਇਕ ਪੁਰਾਣਾ ਮੰਦਰ ਦਖਸ਼ੇਸ਼ਵਰਾ ਮੌਜੂਦ ਹੈ।

ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਕੋਈ ਪ੍ਰਾਣੀ ਹਰਿਦੁਆਰ ਵਿਚ ਗੰਗਾ ਦੇ ਕੰਢੇ ਇਸ਼ਨਾਨ ਕਰਦਾ ਹੈ, ਤਾਂ ਉਸ ਦੇ ਸਭ ਪਾਪ ਉਸੇ ਪਲ ਧੁਲ ਜਾਂਦੇ ਹਨ ਅਤੇ ਉਸ ਵਿਚ ਦੈਵੀ ਗੁਣਾਂ ਦਾ ਸੰਚਾਰ ਹੋ ਜਾਂਦਾ ਹੈ। ਜੇ ਕੋਈ ਪ੍ਰਾਣੀ ਇਥੇ ਆਪਣੇ ਪਿਤਰਾਂ ਨਮਿਤ ਤਿੰਨ ਸਾਲ ਪਾਣੀ ਦੇਵੇ, ਤਾਂ ਉਸ ਦੇ ਪਿਤਰਾਂ ਦਾ ਉਧਾਰ ਹੋ ਜਾਂਦਾ ਹੈ। ਜੇ ਦੋ-ਜਨਮੇ (ਬ੍ਰਾਹਮਣ) ਇਥੇ ਆ ਕੇ ਪੁਰਸ਼ੋਤਮ ਨੂੰ ਬਲੀ ਦੇਣ, ਤਾਂ ਉਨ੍ਹਾਂ ਦੀਆਂ ਲੋਕ-ਪਰਲੋਕ ਨਾਲ ਸੰਬੰਧਤ ਸਭ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਹਿੰਦੂ ਆਪਣੇ ਮ੍ਰਿਤਕਾਂ ਦੀਆਂ ਅਸਥੀਆਂ ਹਰਿਦੁਆਰ ਵਿਚ ਹੀ ਜਲ ਪ੍ਰਵਾਹ ਕਰਦੇ ਹਨ, ਧਾਰਨਾ ਹੈ ਕਿ ਗੰਗਾ ਦਾ ਜਲ ਉਨ੍ਹਾਂ ਦੇ ਜਨਮ ਜਨਮਾਂਤਰਾਂ ਦੇ ਪਾਪ ਧੋ ਦੇਂਦਾ ਹੈ ਤੇ ਉਹ ਸਿੱਧੇ ਸਵਰਗ ਲੋਕ ਨੂੰ ਚਲੇ ਜਾਂਦੇ ਹਨ। ਹਰਿਦੁਆਰ ਵਿਚ ਸਭ ਤੋਂ ਪਵਿਤਰ ਅਸਥਾਨ ਹਰਿ ਕੀ ਪਉੜੀ ਹੈ (ਵੇਖੋ : ਹਰਿ ਕੀ ਪਉੜੀ)।

(ਹ-79) **ਹਰਿਵਾਸਰ** :

ਵਿਸ਼ਨੂੰ (ਹਰਿ) ਨਾਲ ਸੰਬੰਧਤ ਇਕ ਵਿਸ਼ੇਸ਼ ਤਿਥ; ਇਸ ਦਿਨ ਸੁਤੇ ਪਏ ਵਿਸ਼ਨੂੰ ਦੀ ਰੱਖਿਆ ਲਈ ਉਨ੍ਹਾਂ ਦੀ ਕਾਇਆ ਵਿਚੋਂ ਇਕਾਦਸ਼ੀ ਉਦੈ ਹੋਈ ਸੀ (ਵੇਖੋ : ਇਕਾਦਸ਼ੀ)। ਵ੍ਰਿਧਹਾਤੀਤ ਸਿਮ੍ਰਤੀ (ਚੌਥਾ ਅਧਿਆਇ) ਅਨੁਸਾਰ ਇਸ ਦਿਨ ਅੰਨ ਖਾਣਾ ਪਾਪ ਹੈ ਅਤੇ ਜਿਹੜਾ ਸ਼ਖ਼ਸ ਅੰਨ ਖਾਵੇ, ਉਸ ਨੂੰ ਖੋਤੇ ਉਤੇ ਚਾੜ੍ਹ ਕੇ ਸ਼ਹਿਰੋਂ ਬਦਰ ਕਰ ਦੇਣਾ ਚਾਹੀਦਾ ਹੈ। ਵੈਸ਼ਨੋ ਮੱਤ ਵਾਲੇ ਇਸ ਤਿਥ ਨੂੰ ਨਿਰਾਹਾਰ ਵਰਤ ਰਖਣਾ ਪੁੰਨ ਕਰਮ ਮੰਨਦੇ ਹਨ।

(ਹ-80) **ਹਰੀ** :

ਵਿਸ਼ਨੂੰ ਦਾ ਇਕ ਅਵਤਾਰ, ਜੋ ਤਾਮਸ ਯੁਗ ਵਿਚ ਹੋਇਆ। ਵਿਸ਼ਨੂੰ ਪੁਰਾਣ (3.1.39) ਵਿਚ ਇਸ ਅਵਤਾਰ ਵਲ ਕੇਵਲ ਸੰਕੇਤ ਹੀ ਮਿਲਦਾ ਹੈ, ਵਿਸਥਾਰ ਨਹੀਂ। ਭਗਤੀ ਕਾਲ ਵੇਲੇ ਇਹ ਪਰਮਾਤਮਾ ਲਈ ਰੂੜ੍ਹ ਹੋ ਗਿਆ।

(ਹ-81) **ਹਰੀਸ਼ ਚੰਦ੍ਰ** :

ਪੁਰਾਣਾਂ ਅਨੁਸਾਰ ਹਰੀਸ਼ ਚੰਦ੍ਰ ਤ੍ਰਿਸ਼ੰਕੂ ਦਾ ਪੁਤਰ ਅਤੇ ਸੂਰਜ ਬੰਸੀ ਕੁਲ ਦਾ ਅਠਾਈਵਾਂ ਰਾਜਾ ਸੀ। ਸਤਿਵਾਦੀ ਹਰੀਸ਼ ਚੰਦ੍ਰ ਧਰਮ, ਨਿਆਂ ਤੇ ਦਇਆ ਲਈ ਬੜਾ ਪ੍ਰਸਿਧ ਸੀ। ਐਤਰੇਯ ਬ੍ਰਾਹਮਣ ਵਿਚ ਲਿਖਿਆ ਹੈ ਕਿ ਹਰੀਸ਼ ਚੰਦ੍ਰ ਨੇ ਵਰੁਣ ਦੇਵਤੇ ਅੱਗੇ ਪ੍ਰਤਿੱਗਿਆ ਕੀਤੀ ਕਿ ਜੇ ਉਸ ਦੇ ਘਰ ਪੁਤਰ ਜੰਮਿਆ, ਤਾਂ ਉਹ ਵਰੁਣ ਦੇਵਤੇ ਨਮਿਤ ਉਸ ਬੱਚੇ ਦੀ ਬਲੀ ਦੇਵੇਗਾ। ਪੁਤਰ ਦੇ ਜੰਮਣ ਪਿਛੋਂ ਜਦੋਂ ਉਹ ਇਹ ਪ੍ਰਤਿਗਿਆ ਪੂਰੀ ਕਰਨ ਤੋਂ ਅਸਮਰੱਥ ਰਿਹਾ, ਤਾਂ ਉਸ ਨੇ ਇਕ ਸੌ ਗਊਆਂ ਦੇ ਕੇ ਇਕ ਗਰੀਬ ਬ੍ਰਾਹਮਣ ਦੇ ਪੁਤਰ ਸ਼ੁਨਹ ਸ਼ੇਫ਼ ਨੂੰ ਖ਼ਰੀਦ ਲਿਆ ਅਤੇ ਆਪਣੇ ਪੁਤਰ ਦੀ ਥਾਂ ਇਹਦੀ ਬਲੀ ਦੇਣੀ ਚਾਹੀ (ਵੇਖੋ : ਸ਼ੁਨਹ ਸ਼ੇਫ਼)। ਹਰੀਸ਼ ਚੰਦ੍ਰ ਬਾਰੇ ਲਿਖਤੀ ਰੂਪ ਵਿਚ ਇਹ ਸਭ ਤੋਂ ਪੁਰਾਣਾ ਹਵਾਲਾ ਹੈ।

ਮਹਾਂਭਾਰਤ, ਮਾਰਕੰਡੇ ਪੁਰਾਣ ਅਤੇ ਪਦਮ ਪੁਰਾਣ ਵਿਚ ਜੋ ਕਥਾਵਾਂ ਮਿਲਦੀਆਂ ਹਨ, ਉਨ੍ਹਾਂ ਵਿਚ ਹਰੀਸ਼ ਚੰਦ੍ਰ ਨੂੰ ਬੜਾ ਸਤਿਵਾਦੀ, ਦਾਨੀ ਅਤੇ ਦਿਆਲੂ ਰਾਜਾ ਦਸਿਆ ਗਿਆ ਹੈ। ਮਹਾਂਭਾਰਤ ਅਨੁਸਾਰ ਹਰੀਸ਼ ਚੰਦ੍ਰ ਨੇ ਰਾਜਸੂਯ ਯੱਗ ਅਤੇ ਦਾਨ ਪੁੰਨ ਸਦਕਾ ਇੰਦਰ ਦਾ ਸਿੰਘਾਸਨ ਪ੍ਰਾਪਤ ਕਰ ਲਿਆ ਸੀ। ਪਰ ਹਰੀਸ਼ ਚੰਦ੍ਰ ਦੀ ਜਿਸ ਜੀਵਨ-ਕਥਾ ਨੇ ਲੋਕਾਂ ਦੇ ਦਿਲਾਂ ਨੂੰ ਵਧੇਰੇ ਟੁੰਬਿਆ, ਉਹ ਮਾਰਕੰਡੇ ਪੁਰਾਣ ਦੀ ਹੈ। ਹਰੀਸ਼ ਚੰਦ੍ਰ ਨੂੰ ਬੜੇ ਦੁਖ ਤੇ ਮੁਸੀਬਤਾਂ ਝਾਗਣੀਆਂ ਪਈਆਂ। ਇਥੋਂ ਤਕ ਕਿ ਉਸ ਨੂੰ ਆਪਣੀ ਪਤਨੀ ਤੇ ਬੱਚੇ ਨੂੰ ਵੀ ਵੇਚਣਾ ਪਿਆ। ਮਾਰਕੰਡੇ ਪੁਰਾਣ ਅਨੁਸਾਰ ਇਕ ਦਿਨ ਹਰੀਸ਼ ਚੰਦ੍ਰ ਨੂੰ ਸ਼ਿਕਾਰ ਖੇਡਦਿਆਂ ਕੁਝ ਇਸਤ੍ਰੀਆਂ ਦੀ ਹਾਹਾਕਾਰ ਅਤੇ ਵਿਰਲਾਪ ਸੁਣਾਈ ਦਿਤੀ। ਇਹ ਤੀਵੀਆਂ ਅਸਲ ਵਿਚ ਪ੍ਰਕ੍ਰਿਤੀ ਦੀਆਂ ਹੀ ਸ਼ਕਤੀਆਂ ਸਨ, ਜਿਨ੍ਹਾਂ ਨੂੰ ਤਪਾਂ ਅਤੇ ਸਾਧਨਾਂ ਦੁਆਰਾ ਵਿਸ਼ਵਾਮਿਤ੍ਰ ਆਪਣੇ ਵਸ ਵਿਚ ਕਰਨਾ ਚਾਹੁੰਦਾ ਸੀ। ਹਰੀਸ਼ ਚੰਦ੍ਰ ਕਰੁਣਾ ਭਰੀ ਅਵਾਜ਼ ਸੁਣ ਕੇ, ਉਨ੍ਹਾਂ ਦੀ ਸਹਾਇਤਾ ਲਈ ਦੌੜਦਾ ਹੋਇਆ ਗਿਆ। ਪਰ ਵਿਸ਼ਵਾਮਿਤ੍ਰ ਨੇ ਹਰੀਸ਼ ਚੰਦ੍ਰ ਦੇ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪਣੀ ਸ਼ਕਤੀ ਦੁਆਰਾ ਛਾਈਂ ਮਾਈਂ ਕਰ ਦਿਤਾ। ਹਰੀਸ਼ ਚੰਦ੍ਰ ਦੀ ਇਸ ਦਖ਼ਲ-ਅੰਦਾਜ਼ੀ ਉਤੇ ਵਿਸ਼ਵਾਮਿਤ੍ਰ ਚਿੜ ਗਿਆ ਅਤੇ ਉਸ ਨੇ ਮਨ ਵਿਚ ਬਦਲਾ ਲੈਣ ਦਾ ਨਿਸਚਾ ਧਾਰ ਲਿਆ। ਵਿਸ਼ਵਾਮਿਤ੍ਰ ਨੇ ਬ੍ਰਾਹਮਣ ਹੋਣ ਦੇ ਨਾਤੇ ਹਰੀਸ਼ ਚੰਦ੍ਰ ਤੋਂ ਦਾਨ ਮੰਗਿਆ। ਹਰੀਸ਼ ਚੰਦ੍ਰ ਨੇ ਰਿਸ਼ੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਦੇ ਵਿਚਾਰ ਨਾਲ ਕਿਹਾ ਕਿ ਉਹ ਜੋ ਕੁਝ ਚਾਹੁਣ, ਦਾਨ ਵਜੋਂ ਲੈ ਸਕਦੇ ਹਨ। ਵਿਸ਼ਵਾਮਿਤ੍ਰ ਨੇ ਹਰੀਸ਼ ਚੰਦਰ ਤੋਂ ਰਾਜ ਭਾਗ ਅਤੇ ਸੰਪਤੀ ਸਭ ਕੁਝ ਦਾਨ ਵਜੋਂ ਮੰਗ ਲਿਆ। ਹਰੀਸ਼ ਚੰਦ੍ਰ ਕੋਲ ਉਸ ਦੀ ਪਤਨੀ, ਪੁੱਤਰ ਤੇ ਵਲਕਲ (ਬਿਰਛ ਦੀ ਛਾਲ) ਦੀ ਪੁਸ਼ਾਕ ਤੋਂ ਬਿਨਾਂ ਹੋਰ ਕੋਈ ਚੀਜ਼ ਨਾ ਰਹਿਣ ਦਿਤੀ। ਹਰੀਸ਼ ਚੰਦ੍ਰ ਬਚਨਾਂ ਦੀ ਪਾਲਣਾ ਕਰਦਾ ਹੋਇਆ ਵਿਸ਼ਵਾਮਿਤ੍ਰ ਨੂੰ ਸਭ ਸੰਪਤੀ ਸੌਂਪ ਕੇ ਖ਼ੁਦ ਆਪਣੀ ਪਤਨੀ ਅਤੇ ਬੱਚੇ ਸਮੇਤ ਬਨਾਰਸ ਚਲਾ ਗਿਆ। ਪਰ ਵਿਸ਼ਵਾਮਿਤ੍ਰ ਨੇ ਉਸ ਦਾ ਪਿੱਛਾ ਨਾ ਛਡਿਆ ਅਤੇ ਉਥੇ ਪਹੁੰਚ ਕੇ ਉਸ ਤੋਂ ਦਾਨ ਦੀ ਦੱਛਣਾ ਮੰਗੀ। ਦੱਛਣਾ ਦਿਤੇ ਬਗੈਰ ਦਾਨ ਦੀ ਪੂਰਤੀ ਨਹੀਂ ਹੁੰਦੀ। ਸੋ ਮਜਬੂਰ ਹੋ ਕੇ ਹਰੀਸ਼ ਚੰਦ੍ਰ ਨੇ ਆਪਣੀ ਪਤਨੀ, ਬੱਚੇ ਅਤੇ ਆਪਣੇ ਆਪ ਨੂੰ ਕਿਸੇ ਅੱਗੇ ਵੇਚਿਆ। ਹਰੀਸ਼ ਚੰਦ੍ਰ ਦੀ ਪਤਨੀ ਨੂੰ ਕਿਸੇ ਘਰ ਵਿਚ ਨੌਕਰਾਣੀ ਬਣ ਕੇ ਕੰਮ ਕਰਨਾ ਪਿਆ। ਧਰਮਰਾਜ ਚੰਡਾਲ ਦਾ ਰੂਪ ਧਾਰ ਕੇ ਖ਼ੁਦ ਹਰੀਸ਼ ਚੰਦ੍ਰ ਨੂੰ ਖ਼ਰੀਦ ਕੇ ਲੈ ਗਿਆ ਅਤੇ ਉਸ ਨੂੰ ਸ਼ਮਸ਼ਾਨ ਭੂਮੀ ਵਿਚ ਮੁਰਦਿਆਂ ਦੇ ਖੱਫਣ ਇਕੱਠੇ ਕਰਨ ਦੇ ਕੰਮ ਉਤੇ ਲਗਾ ਦਿਤਾ। ਸਾਲ ਭਰ ਹਰੀਸ਼ ਚੰਦ੍ਰ ਇਹ ਘਿਨਾਉਣਾ ਕੰਮ ਕਰਦਾ ਰਿਹਾ। ਇਨ੍ਹਾਂ ਦਿਨਾਂ ਵਿਚ ਹੀ ਹਰੀਸ਼ ਚੰਦ੍ਰ ਦੇ ਪੁੱਤਰ ਰੋਹਿਤ ਦੀ ਸੱਪ ਦੇ ਲੜਨ ਨਾਲ ਮੌਤ ਹੋ ਗਈ। ਉਸ ਦੀ ਪਤਨੀ ਵੈਸ਼ਯਾ ਆਪਣੇ ਮੋਏ ਪੁਤਰ ਦਾ ਸਸਕਾਰ ਕਰਨ ਲਈ ਉਸੇ ਸ਼ਮਸ਼ਾਨ ਭੂਮੀ ਵਿਚ ਆਈ, ਜਿਥੇ ਹਰੀਸ਼ ਚੰਦ੍ਰ ਮੁਰਦੇ ਫੂਕਣ ਦਾ ਕੰਮ ਕਰਦਾ ਸੀ। ਦੋਹਾਂ ਨੇ ਇਕ ਦੂਜੇ ਨੂੰ ਪਛਾਣ ਲਿਆ। ਦੋਹਾਂ ਨੇ ਆਪਣੇ ਪੁਤਰ ਦੀ ਚਿਖਾ ਉਤੇ ਚੜ੍ਹ ਕੇ ਮਰ ਜਾਣ ਦਾ ਫ਼ੈਸਲਾ ਕੀਤਾ, ਤਾਂ ਜੋ ਉਨ੍ਹਾਂ ਦਾ ਇਨ੍ਹਾਂ ਦੁਖਾਂ ਤੋਂ ਹਮੇਸ਼ਾਂ ਲਈ ਛੁਟਕਾਰਾ ਹੋ ਜਾਏ। ਪਰ ਹਰੀਸ਼ ਚੰਦ੍ਰ ਚੰਡਾਲ ਦਾ ਬਰਦਾ ਸੀ, ਉਸ ਦੇ ਜਿਸਮ ਉਤੇ ਚੰਡਾਲ ਦਾ ਹੱਕ ਸੀ, ਇਸ ਲਈ ਉਹ ਚੰਡਾਲ ਦੀ ਆਗਿਆ ਤੋਂ ਬਗੈਰ ਆਪਣੇ ਜਿਸਮ ਨੂੰ ਨਾਸ਼ ਵੀ ਨਹੀਂ ਸੀ ਕਰਨਾ ਚਾਹੁੰਦਾ।

ਹਰੀਸ਼ ਚੰਦ੍ਰ ਦੀ ਇਤਨੀ ਵੱਡੀ ਕੁਰਬਾਨੀ ਅਤੇ ਅਡੋਲਤਾ ਵੇਖ ਕੇ ਦੇਵਤੇ ਬੜੇ ਪ੍ਰਸੰਨ ਹੋਏ ਅਤੇ ਉਹ ਵਿਸ਼ਵਾਮਿਤ੍ਰ ਤੇ ਧਰਮਰਾਜ ਨੂੰ ਨਾਲ ਲੈ ਕੇ ਸ਼ਮਸ਼ਾਨ ਭੂਮੀ ਵਿਚ ਪੁਜੇ। ਉਨ੍ਹਾਂ ਨੇ ਹਰੀਸ਼ ਚੰਦ੍ਰ ਨੂੰ ਸਵਰਗ ਵਿਚ ਚੱਲਣ ਦੀ ਬੇਨਤੀ ਕੀਤੀ, ਪਰ ਹਰੀਸ਼ ਚੰਦ੍ਰ ਨੇ ਆਪਣੇ ਮਾਲਕ ਚੰਡਾਲ ਦੀ ਆਗਿਆ ਤੋਂ ਬਗੈਰ ਸਵਰਗ ਨੂੰ ਜਾਣ ਤੋਂ ਇਨਕਾਰ ਕਰ ਦਿਤਾ। ਉਸ ਵੇਲੇ ਚੰਡਾਲ ਵਿਚੋਂ ਧਰਮਰਾਜ ਪ੍ਰਗਟ ਹੋਇਆ ਅਤੇ

Sri Satguru Jagjit Singh Ji eLibrary NamdhariElibrary@gmail.com

ਉਸ ਨੇ ਹਰੀਸ਼ ਚੰਦ੍ਰ ਨੂੰ ਆਗਿਆ ਦੇ ਦਿਤੀ। ਪਰ ਹਰੀਸ਼ ਚੰਦ੍ਰ ਤਾਂ ਵੀ ਜਾਣ ਲਈ ਤਿਆਰ ਨਾ ਹੋਇਆ। ਉਸ ਨੇ ਆਪਣੀ ਨੇਕ ਤੇ ਆਗਿਆਕਾਰ ਪਰਜਾ ਤੋਂ ਬਗੈਰ ਸਵਰਗ ਲੋਕ ਵਿਚ ਜਾਣਾ ਪ੍ਰਵਾਨ ਨਾ ਕੀਤਾ। ਇੰਦਰ ਨੇ ਇਸ ਗੱਲ ਦੀ ਵੀ ਆਗਿਆ ਦੇ ਦਿਤੀ। ਵਿਸ਼ਵਾਮਿਤ੍ਰ ਨੇ ਹਰੀਸ਼ ਚੰਦ੍ਰ ਦੇ ਪੁਤਰ ਰੋਹਿਤ ਨੂੰ ਰਾਜ ਤਿਲਕ ਦੇ ਕੇ ਹਰੀਸ਼ ਚੰਦ੍ਰ ਦੀ ਗੱਦੀ ਉਤੇ ਬਿਠਾਇਆ। ਇਸ ਉਪ੍ਰੰਤ ਹਰੀਸ਼ ਚੰਦ੍ਰ ਆਪਣੀ ਪਰਜਾ ਸਮੇਤ ਸਵਰਗ ਵਿਚ ਰਹਿਣ ਲੱਗਾ।

ਪਰ ਉਸ ਦੀਆਂ ਮੁਸੀਬਤਾਂ ਦਾ ਉਥੇ ਵੀ ਅੰਤ ਨਾ ਹੋਇਆ। ਨਾਰਦ ਮੁਨੀ ਨੇ ਹਰੀਸ਼ ਚੰਦ੍ਰ ਦੇ ਪੁੰਨ ਕਰਮ ਨਾਸ਼ ਕਰਨ ਲਈ, ਛਲ ਦੇ ਨਾਲ ਉਸ ਤੋਂ ਆਪਣੀ ਪ੍ਰਸੰਸਾ ਕਰਵਾਈ ਤੇ ਫਿਰ ਹਰੀਸ਼ ਚੰਦ੍ਰ ਉਤੇ, ਇੰਦਰਪੁਰੀ ਵਿਚ, ਰਿਸ਼ੀ ਦੇ ਗੁਣਾਂ ਦੀ ਵਡਿਆਈ ਕਰਨ ਦਾ ਦੋਸ਼ ਥਪ ਕੇ, ਉਸ ਨੂੰ ਸਵਰਗ ਲੋਕ ਵਿਚੋਂ ਕਢਵਾ ਦਿਤਾ। ਜਦੋਂ ਹਰੀਸ਼ ਚੰਦ੍ਰ ਸਵਰਗ ਵਿਚੋਂ ਪਰਜਾ ਸਮੇਤ ਧਰਤੀ ਉਪਰ ਡਿਗ ਰਿਹਾ ਸੀ, ਤਾਂ ਉਸ ਨੇ ਪਸਚਾਤਾਪ ਕਰਦਿਆਂ ਦੇਵਤਿਆਂ ਤੋਂ ਖਿਮਾਂ ਮੰਗੀ। ਉਸੇ ਵੇਲੇ ਦੇਵਤਿਆਂ ਨੇ ਉਸ ਨੂੰ ਧਰਤੀ ਉਤੇ ਡਿਗਣ ਤੋਂ ਰੋਕ ਲਿਆ ਤੇ ਉਹ ਨਗਰੀ ਹਵਾ ਵਿਚ ਹੀ ਖੜੀ ਖਲੋਤੀ ਰਹਿ ਗਈ, ਜਿਥੇ ਹੁਣ ਤਕ ਮੌਜੂਦ ਹੈ। ਇਸ ਨਗਰੀ ਨੂੰ 'ਹਰਿਚੰਦੌਰੀ' ਕਹਿੰਦੇ ਹਨ (ਵੇਖੋ : ਹਰਿਚੰਦੌਰੀ)।

ਪੰਜਾਬ ਵਿਚ, ਹਰੀਸ਼ ਚੰਦ੍ਰ ਦੀ ਜੋ ਕਥਾ, ਲੋਕਾਂ ਵਿਚ ਪ੍ਰਚਲਤ ਹੈ, ਉਹ ਮਾਰਕੰਡੇ ਪੁਰਾਣ ਨਾਲੋਂ ਕੁਝ ਵਖਰੀ ਹੈ। ਮੂਲ ਘਟਨਾਵਾਂ ਤਾਂ ਮਾਰਕੰਡੇ ਪੁਰਾਣ ਵਾਲੀਆਂ ਹੀ ਹਨ, ਪਰ ਵੇਰਵੇ ਵਿਚ ਲੋਕ-ਕਲਪਨਾ ਨੇ ਕੁਝ ਨਵੀਆਂ ਕੂੜ੍ਹੀਆਂ ਲੈ ਆਉਂਦੀਆਂ ਹਨ, ਜਿਨ੍ਹਾਂ ਨਾਲ ਇਕ ਤਾਂ ਕਥਾ ਵਧੇਰੇ ਕਰੁਣਾਮਈ ਹੋ ਗਈ ਹੈ, ਦੂਜਾ ਹਰੀਸ਼ ਚੰਦ੍ਰ ਦਾ ਵਿਅਕਤਵ ਹੋਰ ਚੰਗੀ ਤਰ੍ਹਾਂ ਉਘੜਿਆ ਹੈ। ਹਰੀਸ਼ ਚੰਦ੍ਰ ਆਪਣੇ ਕਰਤੱਵ ਨੂੰ ਪਾਲਣ ਵੇਲੇ, ਆਪਣੀ ਪਤਨੀ ਤੇ ਪੁਤਰ ਦਾ ਵੀ ਲਿਹਾਜ਼ ਨਹੀਂ ਕਰਦਾ। ਚੰਡਾਲ ਨੇ ਹਰੀਸ਼ ਚੰਦ੍ਰ ਨੂੰ ਹੁਕਮ ਦੇ ਰਖਿਆ ਸੀ ਕਿ ਉਹ ਸ਼ਮਸ਼ਾਨ ਭੂਮੀ ਵਿਚ ਸਸਕਾਰ ਲਈ ਲਿਆਂਦੇ ਗਏ ਹਰ ਮੁਰਦੇ ਪ੍ਰਤੀ ਅੱਧਾ ਖਫਣ ਅਤੇ ਇਕ ਪੈਸਾ ਉਗਰਾਹੇ। ਹਰੀਸ਼ ਚੰਦ੍ਰ ਦੀ ਪਤਨੀ 'ਤਾਰਾਮਤੀ' ਜਦੋਂ ਆਪਣੇ ਬੱਚੇ ਦਾ ਸਸਕਾਰ ਕਰਨ ਆਉਂਦੀ ਹੈ, ਤਾਂ ਉਸ ਕੋਲ ਪੈਸਾ ਨਹੀਂ ਹੁੰਦਾ। ਪਰ ਪੈਸਾ ਲਏ ਬਿਨਾਂ ਹਰੀਸ਼ ਚੰਦ੍ਰ ਆਪਣੇ ਪੁਤਰ ਦਾ ਸਸਕਾਰ ਨਹੀਂ ਕਰਨ ਦੇਂਦਾ।

ਹਰੀਸ਼ ਚੰਦ੍ਰ ਨੂੰ, ਸਤਿਵਾਦੀ ਤੇ ਦਾਨੀ ਹੋਣ ਕਰ ਕੇ ਲੋਕੀਂ ਬੜੀ ਸ਼ਰਧਾ ਨਾਲ ਯਾਦ ਕਰਦੇ ਹਨ। ਪੰਜਾਬ ਵਿਚ ਰਾਸਧਾਰੀਏ ਤੇ ਸਵਾਂਗੀ ਰਾਜੇ ਹਰੀਸ਼ ਚੰਦਰ ਦੀਆਂ ਰਾਸਾਂ ਪਾਉਂਦੇ ਤੇ ਸਵਾਂਗ ਭਰਦੇ ਹਨ। ਧਾਰਮਿਕ ਸਮਾਰੋਹਾਂ ਵਿਚ ਇਨ੍ਹਾਂ ਦੇ ਜੀਵਨ ਦੇ ਪ੍ਰਸੰਗਾਂ ਦੀ ਕਥਾ ਕੀਤੀ ਜਾਂਦੀ ਹੈ।

(ਹ-82) **ਹਰੀਸ਼ ਚੰਦੀ** :

ਵੈਸ਼ਨਵ ਮੱਤ ਦੀ ਇਕ ਉਪ-ਸੰਪਰਦਾਇ, ਜਿਸ ਦਾ ਇਹ ਨਾਉਂ ਸਤਿਆਵਾਦੀ ਹਰੀਸ਼ ਚੰਦ੍ਰ ਦੇ ਨਾਂ ਉਤੇ ਰਖਿਆ ਗਿਆ। ਇਸ ਮੱਤ ਦੇ ਅਨੁਯਾਈਆਂ ਦਾ ਦਾਅਵਾ ਹੈ ਕਿ ਹਰੀਸ਼ ਚੰਦ੍ਰ ਜਦੋਂ ਚੰਡਾਲ ਕੋਲ ਕੰਮ ਕਰਦਾ ਸੀ, ਤਾਂ ਉਹ ਵਿਹਲੇ ਸਮੇਂ ਵਿਚ ਆਪਣੇ ਸੁਆਮੀ ਨਾਲ ਗਿਆਨ ਗੋਸ਼ਟ ਕਰਦਾ ਅਤੇ ਉਸ ਨੂੰ ਨੈਤਿਕਤਾ ਅਤੇ ਸਦਾਚਾਰ ਦੀਆਂ ਗੱਲਾਂ ਸਮਝਾਇਆ ਕਰਦਾ ਸੀ। ਇਹੋ ਸਦਾਚਾਰਕ ਤੇ ਧਾਰਮਿਕ ਅਕੀਦੇ ਇਸ ਮੱਤ ਦੇ ਮੂਲ ਸਿਧਾਂਤ ਬਣੇ।

ਇਸ ਮੱਤ ਦੇ ਅਨੁਯਾਈ ਵਧੇਰੇ ਕਰ ਕੇ ਪਛੜੀਆਂ ਸ਼੍ਰੇਣੀਆਂ ਡੂੰਮਾਂ ਆਦਿ ਵਿਚ ਮਿਲਦੇ ਹਨ। ਇਹ ਲੋਕ ਵਿਸ਼ਨੂੰ ਨੂੰ ਬ੍ਰਹਿਮੰਡ ਦਾ ਕਰਤਾ ਮੰਨਦੇ ਹਨ ਅਤੇ ਭਗਤੀ ਦੁਆਰਾ ਮੁਕਤੀ ਪ੍ਰਾਪਤ ਕਰਨ ਉਤੇ ਜ਼ੋਰ ਦੇਂਦੇ ਹਨ।

(ਹ-83) **ਹਰੀਹਰ** :

ਹਰੀਹਰ ਵਿਸ਼ਨੂੰ ਅਤੇ ਸ਼ਿਵ ਦਾ ਅਭੇਦ ਰੂਪ ਹੈ। ਇਸ ਨਾਉਂ ਦੇ ਜਾਪ ਨਾਲ ਸ਼ਿਵ ਅਤੇ ਵਿਸ਼ਨੂੰ ਦੋਹਾਂ ਦੀ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ, ਇਸ ਲਈ ਹਰੀਹਰ ਦੇ ਜਾਪ ਦਾ ਬੜਾ ਮਹਾਤਮ ਹੈ। ਹਰੀਹਰ ਹਿੰਦੂ ਤ੍ਰੈਮੂਰਤੀ ਨੂੰ ਅਦਵੈਤ ਰੂਪ ਵਿਚ ਪੇਸ਼ ਕਰਨ ਦੀ ਇਕ ਵਧੀਆ ਉਦਾਹਰਣ ਹੈ।

ਵਿਸ਼ਨੂੰ ਅਤੇ ਸ਼ਿਵ ਦੀ ਅਭੇਦਤਾ ਬਾਰੇ ਸਕੰਦ ਪੁਰਾਣ ਵਿਚ ਇਕ ਕਥਾ ਇਉਂ ਦਰਜ ਹੈ—ਇਕ ਵਾਰ ਸ਼ਿਵ ਨੇ ਵਿਸ਼ਨੂੰ ਅੱਗੇ ਆਪਣੀ ਇਹ ਚੇਸ਼ਟਾ ਪ੍ਰਗਟ ਕੀਤੀ ਕਿ ਉਹ ਵਿਸ਼ਨੂੰ ਨੂੰ, ਉਸੇ ਖ਼ੂਬਸੂਰਤ ਮੁਟਿਆਰ ਮੋਹਿਨੀ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ, ਜਿਸ ਵਿਚ ਉਨ੍ਹਾਂ ਨੇ ਅਸੁਰਾਂ ਨੂੰ ਭਰਮਾ ਕੇ, ਉਨ੍ਹਾਂ ਤੋਂ ਅੰਮ੍ਰਿਤ ਦਾ ਕਲੱਸ਼ ਪ੍ਰਾਪਤ ਕੀਤਾ ਸੀ। ਵਿਸ਼ਨੂੰ ਨੇ ਜਦੋਂ ਮੋਹਿਨੀ ਦਾ ਰੂਪ ਧਾਰਨ ਕੀਤਾ, ਤਾਂ ਸ਼ਿਵਜੀ ਨੇ ਉਮਾਹ ਵਿਚ ਆ ਕੇ ਉਨ੍ਹਾਂ ਦਾ ਆਲਿੰਗਨ ਕਰਨਾ ਚਾਹਿਆ। ਸ਼ਿਵਜੀ ਵਿਸ਼ਨੂੰ ਨੂੰ ਫੜਨ ਲਈ ਵਧੇ, ਤਾਂ ਵਿਸ਼ਨੂੰ ਮੁੜ ਆਪਣੇ ਅਸਲੀ ਰੂਪ ਵਿਚ ਆ ਗਏ। ਪਰ ਸ਼ਿਵਜੀ ਨੇ ਜੋਸ਼ ਵਿਚ ਆ ਕੇ ਵਿਸ਼ਨੂੰ ਨਾਲ ਇਤਨੇ ਜ਼ੋਰ ਦੀ ਗਲਵਕੜੀ ਪਾਈ ਕਿ ਦੋਵੇਂ ਇਕ ਜਿਸਮ ਇਕ ਜਾਨ ਹੋ ਗਏ।

ਇਕ ਹੋਰ ਪੁਰਾਣ ਕਥਾ ਅਨੁਸਾਰ ਇਕ ਵਾਰ ਦੁਰਗਾ ਅਤੇ ਲਛਮੀ ਦੇਵੀ ਦੋਵੇਂ ਸ਼ਿਵਜੀ ਕੋਲ ਬੈਠੀਆਂ ਗੱਲਾਂ ਕਰ ਰਹੀਆਂ ਸਨ। ਗੱਲਾਂ ਦੇ ਦੌਰਾਨ ਲਛਮੀ ਨੇ ਆਪਣੇ ਪਤੀ ਵਿਸ਼ਨੂੰ ਨੂੰ ਸ਼ਿਵ ਤੋਂ ਜ਼ਿਆਦਾ ਸ਼ਕਤੀਸ਼ਾਲੀ ਤੇ ਗੌਰਵ ਵਾਲਾ ਦਸਿਆ, ਕਿਉਂ ਜੋ ਸ਼ਿਵ ਨੇ ਇਕ ਵਾਰ ਵਿਸ਼ਨੂੰ ਦੀ ਪੂਜਾ ਕੀਤੀ ਸੀ। ਗੱਲ ਚਲ ਹੀ ਰਹੀ ਸੀ ਕਿ ਵਿਸ਼ਨੂੰ ਜੀ ਉਸੇ ਛਿਣ ਪ੍ਰਗਟ ਹੋਏ ਅਤੇ ਲਛਮੀ ਨੂੰ ਇਹ ਦਸਣ ਲਈ ਕਿ ਉਹ ਅਤੇ ਸ਼ਿਵ ਦੋਵੇਂ ਦੇਵਤੇ ਇਕ ਰੂਪ ਹਨ, ਉਹ ਸ਼ਿਵ ਦੇ ਜਿਸਮ ਵਿਚ ਦਾਖ਼ਲ ਹੋ ਕੇ ਉਨ੍ਹਾਂ ਦਾ ਹੀ ਰੂਪ ਬਣ ਗਏ।

(ਹ-84) **ਹਰੀ ਚੰਦ** :

(ਵੇਖੋ : ਤਾਰਾ ਲੋਚਨ)।

(ਹ-85) **ਹਰੀਤਾਲਕਾ ਵਰਤ** :

ਸਾਵਣ ਸੁਦੀ ਤਿੰਨ ਨੂੰ ਹਿੰਦੂ ਤੀਵੀਆਂ, ਥਿਰ-ਸੁਹਾਗ ਦੀ ਕਾਮਨਾ ਨਾਲ, ਹਰੀਤਾਲਕਾ ਵਰਤ ਰਖਦੀਆਂ ਹਨ। ਇਸੇ ਤਿਥ ਨੂੰ ਸਾਰੇ ਪੰਜਾਬ ਵਿਚ ਤੀਜ ਦਾ ਪੁਰਬ ਮਨਾਇਆ ਜਾਂਦਾ ਹੈ।

ਇਸ ਵਰਤ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ—ਹਿਮਾਲੀਆ ਦੀ ਪੁਤਰੀ, ਪਾਰਬਤੀ ਨੇ, ਸ਼ਿਵ (ਸ਼ੰਕਰ) ਨੂੰ ਪਤੀ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਘੋਰ ਤਪੱਸਿਆ ਕੀਤੀ। ਪਾਰਬਤੀ ਨੇ ਆਪਣੇ ਮਨ ਵਿਚ ਧਾਰ ਲਿਆ ਕਿ ਜਾਂ ਤਾਂ ਉਹ ਸ਼ਿਵ ਸ਼ੰਕਰ ਨਾਲ ਵਿਆਹ ਕਰਵਾਏਗੀ, ਨਹੀਂ ਤਾਂ ਫਿਰ ਸਾਰੀ ਉਮਰ ਕੰਵਾਰੀ ਹੀ ਰਹੇਗੀ। ਉਸ ਨੇ ਜੰਗਲ ਵਿਚ ਹੀ ਰੇਤ ਅਤੇ ਮਿੱਟੀ ਦਾ ਸ਼ਿਵਲਿੰਗ ਬਣਾ ਕੇ ਦਿਨ ਰਾਤ ਪੂਜਾ ਕੀਤੀ। ਸਾਵਣ ਸੁਦੀ ਤਿੰਨ ਨੂੰ ਪਾਰਬਤੀ ਦੀ ਘਾਲਣਾ ਪੂਰੀ ਹੋਈ ਅਤੇ ਸ਼ਿਵ ਸ਼ੰਕਰ ਨੇ ਪ੍ਰਗਟ ਹੋ ਕੇ ਦਰਸ਼ਨ ਦਿਤੇ ਅਤੇ ਵਰ ਮੰਗਣ ਲਈ ਕਿਹਾ। ਪਾਰਬਤੀ ਨੇ ਵਰ ਮੰਗਿਆ ਕਿ ਸ਼ਿਵ ਉਸ ਨੂੰ ਪਤਨੀ ਦੇ ਰੂਪ ਵਿਚ ਗ੍ਰਹਿਣ ਕਰ ਲੈਣ। ਆਪਣੇ ਬਚਨ ਨੂੰ ਪਾਲਣ ਲਈ ਸ਼ਿਵ ਨੂੰ ਇਹ ਗੱਲ ਪ੍ਰਵਾਨ ਕਰਨੀ ਪਈ।

ਵਰਤ ਦਾ ਸੰਕਲਪ ਕਰਨ ਤੋਂ ਪਹਿਲਾਂ ਤੀਵੀਆਂ ਤਿਲ ਅਤੇ ਆਂਵਲੇ ਦਾ ਵਟਣਾ ਮਲ ਕੇ ਇਸ਼ਨਾਨ ਕਰਦੀਆਂ ਹਨ। ਫਿਰ ਵਰਤ ਦਾ ਸੰਕਲਪ ਕਰ ਕੇ ਭੋਜਨ ਛਕਦੀਆਂ ਹਨ। ਇਸ ਤੋਂ ਬਾਅਦ ਸਾਰਾ ਦਿਨ ਅੰਨ ਪਾਣੀ ਮੂੰਹ ਨਹੀਂ ਲਗਾਂਦੀਆਂ। ਸੋ ਇਹ ਨਿਰਜਲ ਵਰਤ ਬੜਾ ਕਰੜਾ ਹੁੰਦਾ ਹੈ। ਰਾਤ ਵੇਲੇ ਜਗਰਾਤਾ ਕੀਤਿਆ ਜਾਂਦਾ ਹੈ ਤੇ ਪ੍ਰੋਹਤਨੀ ਤੋਂ ਸ਼ਿਵ ਪਾਰਬਤੀ [illegible]

ਕਥਾ ਸੁਣੀ ਜਾਂਦੀ ਹੈ। ਦਿਨ ਵੇਲੇ ਸ਼ਿਵ ਤੇ ਪਾਰਬਤੀ ਦੀ ਮੂਰਤੀ ਸਥਾਪਿਤ ਕਰ ਕੇ ਪੂਜਣ ਦੀ ਪ੍ਰਥਾ ਹੈ। ਪੰਜਾਬ ਵਿਚ ਇਸ ਦਿਨ 'ਤੀਜ' ਦਾ ਉਤਸ਼ਵ ਮਨਾਇਆ ਜਾਂਦਾ ਹੈ ਅਤੇ ਥਾਂ ਥਾਂ ਮੇਲੇ ਜੁੜਦੇ ਹਨ (ਵੇਖੋ : ਤੀਜ)।

(ਹ-86) **ਹਰੀਪੁਰ :**

ਕਾਂਗੜੇ ਦਾ ਇਕ ਪ੍ਰਸਿਧ ਨਗਰ, ਜਿਸ ਨੂੰ ਰਾਜੇ ਹਰੀ ਚੰਦ ਨੇ ਵਸਾਇਆ। ਰਵਇਤ ਹੈ ਕਿ ਇਕ ਵਾਰ ਰਾਜਾ ਹਰੀ ਚੰਦ, ਗੁਲੇਰ ਦੇ ਇਕ ਪਿੰਡ ਹਰਸਰ ਦੇ ਨੇੜੇ ਤੇੜੇ ਸ਼ਿਕਾਰ ਖੇਡ ਰਿਹਾ ਸੀ। ਇਕ ਸ਼ਿਕਾਰੀ ਪਸ਼ੂ ਦਾ ਪਿੱਛਾ ਕਰਦਾ ਉਹ ਆਪਣੇ ਸਾਥੀਆਂ ਤੋਂ ਨਿਖੜ ਗਿਆ ਅਤੇ ਕਿਸੇ ਪੁਰਾਣੇ ਖੂਹ ਵਿਚ ਜਾ ਡਿਗਾ। ਕੁਝ ਦਿਨ ਰਾਜਾ ਖੂਹ ਵਿਚ ਹੀ ਪਿਆ ਰਿਹਾ। ਰਾਜੇ ਦੇ ਸਾਥੀਆਂ ਨੇ ਜੰਗਲ ਦਾ ਚੱਪਾ ਚੱਪਾ ਛਾਣ ਮਾਰਿਆ ਅਤੇ ਇਹੋ ਸੋਚ ਕੇ ਕਿ ਰਾਜੇ ਨੂੰ ਕੋਈ ਜੰਗਲੀ ਜਾਨਵਰ ਖਾ ਗਿਆ ਹੈ, ਰਾਜੇ ਦੇ ਸਾਥੀ ਵਾਪਸ ਕਾਂਗੜੇ ਆ ਗਏ। ਰਾਜੇ ਨੂੰ ਮਰ ਗਿਆ ਜਾਣ ਕੇ ਪਰਜਾ ਨੇ ਉਸ ਦਾ ਸੋਗ ਮਨਾਇਆ। ਕਿਰਿਆ ਕਰਮ ਦੇ ਸਾਰੇ ਸੰਸਕਾਰ ਵਿਧੀ ਪੂਰਵਕ ਕੀਤੇ ਗਏ। ਉਸ ਦੀ ਥਾਂ ਉਸ ਦੇ ਛੋਟੇ ਭਰਾ ਕਰਮ ਚੰਦ ਨੂੰ ਗੱਦੀ ਉਤੇ ਬੈਠਾ ਦਿਤਾ ਗਿਆ।

ਕੁਝ ਦਿਨਾਂ ਬਾਅਦ ਕਿਸੇ ਚਰਵਾਹੇ ਨੇ ਰਾਜੇ ਹਰੀ ਚੰਦ ਨੂੰ ਖੂਹ ਵਿਚ ਡਿਗਾ ਵੇਖ ਕੇ ਬਾਹਰ ਕਢਿਆ। ਚਰਵਾਹੇ ਨੇ ਉਸ ਨੂੰ ਆਪਣੀ ਕੁਗੀ ਵਿਚ ਰਖ ਕੇ ਉਸ ਦਾ ਦਵਾ ਦਾਰੂ ਕੀਤਾ। ਹਰੀ ਚੰਦ ਨੂੰ ਜਦੋਂ ਪਤਾ ਲੱਗਾ ਕਿ ਉਸ ਨੂੰ ਮਰ ਗਿਆ ਸਮਝ ਕੇ, ਉਹਦੇ ਛੋਟੇ ਭਰਾ ਨੂੰ ਰਾਜ ਗੱਦੀ ਉਤੇ ਬੈਠਾ ਦਿਤਾ ਗਿਆ ਹੈ, ਤਾਂ ਉਸ ਨੇ ਵਾਪਸ ਕਾਂਗੜੇ ਜਾਣਾ ਠੀਕ ਨਾ ਸਮਝਿਆ। ਸੋ ਹਰੀ ਚੰਦ ਨੇ ਬਾਨਗੰਗਾ ਦੇ ਕੰਢੇ, ਗੁਲੇਰ ਦੇ ਸਾਹਮਣੇ, ਹਰੀਪੁਰ ਨਾਂ ਦਾ ਇਕ ਨਵਾਂ ਕਿਲ੍ਹਾ ਬਣਵਾਇਆ ਅਤੇ ਇਸ ਇਲਾਕੇ ਉਤੇ ਰਾਜ ਕਰਨ ਲੱਗਾ। ਇਸ ਕਿਲ੍ਹੇ ਦੇ ਲਾਗੇ ਜੋ ਨਗਰ ਵਸਿਆ, ਉਹ ਹਰੀਪੁਰ ਦੇ ਨਾਂ ਨਾਲ ਪ੍ਰਸਿਧ ਹੋਇਆ।

(ਹ-87) **ਹਰੀਵਲਭਾ ਇਕਾਦਸ਼ੀ :**

ਪੁਰਸ਼ੋਤਮ ਮਹੀਨੇ ਦੇ ਚਾਨਣ ਪੱਖ ਦੀ ਇਕਾਦਸ਼ੀ; ਵੈਸ਼ਨੋ ਸੰਪ੍ਰਦਾਇ ਦੇ ਨਿਸਚੇ ਅਨੁਸਾਰ ਇਸ ਤਿੱਥ ਨੂੰ ਵਿਧੀ ਪੂਰਵਕ ਵਰਤ ਰਖਣ ਨਾਲ ਪ੍ਰਾਣੀ ਨੂੰ ਬੈਕੁੰਠ ਵਿਚ ਨਿਵਾਸ ਮਿਲਦਾ ਹੈ। ਇਸ ਇਕਾਦਸ਼ੀ ਨੂੰ 'ਪਰਮਾ ਇਕਾਦਸ਼ੀ' ਵੀ ਕਹਿੰਦੇ ਹਨ।

ਇਸ ਇਕਾਦਸ਼ੀ ਦੇ ਵਰਤ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ—ਪੂਰਵਕਾਲ ਵਿਚ ਇਕ ਬੜਾ ਨੇਕ, ਧਰਮੀ ਤੇ ਦਾਨੀ ਰਾਜਾ ਵਭਰੂਵਾਹਨ ਰਹਿੰਦਾ ਸੀ, ਜੋ ਹਰ ਰੋਜ਼ ਸਵੇਰੇ ਇਕ ਸੌ ਗਊਆਂ ਬ੍ਰਾਹਮਣਾਂ, ਪੀੜਤਾਂ ਅਤੇ ਲੋੜਵੰਦਾਂ ਨੂੰ ਦਾਨ ਦਿਤਾ ਕਰਦਾ ਸੀ। ਉਸ ਨਗਰ ਵਿਚ ਇਕ ਬਾਲ ਵਿਧਵਾ ਇਸਤ੍ਰੀ ਪ੍ਰਭਾਤੀ ਵੀ ਰਹਿੰਦੀ ਸੀ, ਜੋ ਵਿਸ਼ਨੂੰ ਦੀ ਭਗਤਣੀ ਸੀ। ਪ੍ਰਭਾਤੀ ਪੁਰਸ਼ੋਤਮ ਮਹੀਨੇ ਵਿਚ ਹਰੀਵਲਭਾ ਇਕਾਦਸ਼ੀ ਦਾ ਵਰਤ ਵਿਧੀ ਪੂਰਵਕ ਰਖਦੀ ਅਤੇ ਕ੍ਰਿਸ਼ਨ ਦੀ ਪੂਜਾ ਕਰਦੀ ਸੀ।

ਸਬੱਬ ਨਾਲ ਵਭਰੂਵਾਹਨ ਅਤੇ ਪ੍ਰਭਾਤੀ ਦੁਹਾਂ ਦੀ ਮ੍ਰਿਤੂ ਇਕੋ ਦਿਨ ਹੋਈ। ਦੋਵੇਂ ਇਕੱਠੇ ਹੀ ਧਰਮਰਾਜ ਦੇ ਦਰਬਾਰ ਵਿਚ ਪਹੁੰਚੇ। ਰਾਜੇ ਵਭਰੂਵਾਹਨ ਨੇ ਵੇਖਿਆ ਕਿ ਉਥੇ ਪ੍ਰਭਾਤੀ ਦਾ ਮਾਣ ਉਸ ਨਾਲੋਂ ਜ਼ਿਆਦਾ ਹੋ ਰਿਹਾ ਹੈ। ਜਦੋਂ ਦੁਹਾਂ ਦੇ ਸ਼ੁਭ ਕਰਮਾਂ ਦਾ ਲੇਖਾ ਜੋਖਾ ਕਰ ਕੇ ਫਲ ਦਿਤਾ ਜਾਣ ਲੱਗਾ, ਤਾਂ ਰਾਜੇ ਨੂੰ ਸਾਧਾਰਣ ਜਿਹੇ ਸਵਰਗ ਲੋਕ ਵਿਚ ਭੇਜਿਆ ਗਿਆ, ਪਰ ਪ੍ਰਭਾਤੀ ਨੂੰ ਬੈਕੁੰਠ ਵਿਚ। ਰਾਜੇ ਨੇ ਹੈਰਾਨ ਹੋ ਕੇ ਧਰਮਰਾਜ ਤੋਂ ਇਸ ਦਾ ਕਾਰਨ ਪੁਛਿਆ। ਤਾਂ ਧਰਮਰਾਜ ਨੇ ਦਸਿਆ ਕਿ ਰਾਜੇ ਵਭਰੂਵਾਹਨ ਨੂੰ ਗਊਆਂ ਦੇ ਦਾਨ ਕਾਰਨ ਸਵਰਗ ਪ੍ਰਾਪਤ ਹੋਇਆ ਹੈ, ਪਰ ਪ੍ਰਭਾਤੀ ਨੂੰ ਹਰੀਵਲਭਾ ਇਕਾਦਸ਼ੀ ਦੇ ਵਰਤ ਕਾਰਨ ਬੈਕੁੰਠ।

(ਹ-88) **ਹੱਲ :**

ਪੰਜਾਬ ਕ੍ਰਿਸ਼ੀ ਪ੍ਰਧਾਨ ਦੇਸ ਹੈ, ਜਿਸ ਕਰ ਕੇ ਹੱਲ ਨਾਲ ਕੁਝ ਮਨੌਤਾਂ, ਰੀਤਾਂ ਤੇ ਭਰਮ ਜੁੜਨੇ ਸੁਭਾਵਿਕ ਹਨ। ਹੱਲ ਨੂੰ ਵਿਸ਼ਵਕਰਮਾ ਦੇਵਤੇ ਦੀ ਰਚਨਾ ਮੰਨ ਕੇ, ਇਕ ਦੈਵੀ ਵਸਤੂ ਬਣਾ ਦਿਤਾ ਗਿਆ ਹੈ। ਇਕ ਧਾਰਨਾ ਅਨੁਸਾਰ ਵਿਸ਼ਵਕਰਮਾ ਨੇ ਆਪਣੀ ਲੜਕੀ ਸੰਜਨਾ ਦੇ ਸੁਖ ਦੀ ਖ਼ਾਤਰ, ਸੂਰਜ ਨੂੰ ਖਰਾਦ ਉਪਰ ਚੜ੍ਹਾ ਕੇ, ਉਸ ਦੇ ਤੇਜ ਦਾ ਅਠਵਾਂ ਹਿੱਸਾ ਕਟਿਆ, ਤਾਂ ਉਸ ਨਾਲ ਦੇਵਤਿਆਂ ਦੇ ਹਥਿਆਰ ਬਨਾਉਣ ਤੋਂ ਇਲਾਵਾ, ਹੱਲ ਦੀ ਸਿਰਜਨਾ ਕਰ ਕੇ ਅੰਨ ਦੇਵਤੇ ਨੂੰ ਦਿਤਾ। ਹੱਲ ਨੂੰ ਅੰਨ ਦੇਵਤੇ ਦੀ ਡੰਗੋਰੀ ਵੀ ਕਿਹਾ ਜਾਂਦਾ ਹੈ।

ਪਹਿਲਿਆਂ ਵਿਚ ਹੱਲ ਦੀ ਪੂਜਾ ਦੀ ਵੀ ਪ੍ਰਥਾ ਸੀ, ਜਿਸ ਦੀ ਰਹਿੰਦ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਮਿਲਦੀ ਹੈ। ਕਈ ਕਿਸਾਨ ਕੱਤਕ ਦੇ ਮਹੀਨੇ ਵਿਚ ਹੱਲ ਪੂਜਦੇ ਹਨ। ਹੱਲ ਦਾ ਕੰਮ ਮੁਕਣ 'ਤੇ ਉਹ ਹੱਲ ਨੂੰ ਗੰਗਾਜਲੀ ਵਿਚ ਇਸ਼ਨਾਨ ਕਰਵਾਉਂਦੇ ਹਨ। ਫਿਰ ਉਸ ਉਪਰ ਸੰਧੂਰ ਧੂੜਦੇ ਤੇ ਫੁੱਲਾਂ ਨਾਲ ਸ਼ਿੰਗਾਰਦੇ ਹਨ। ਇਸ ਉਪ੍ਰੰਤ ਘਰ ਦੀ ਕਿਸੇ ਗੁਠੇ ਗੋਬਰ ਦਾ ਪੋਚਾ ਦੇ ਕੇ ਹੱਲ ਨੂੰ ਸੰਭਾਲ ਕੇ ਰਖ ਦੇਂਦੇ ਹਨ। ਫਿਰ ਹੱਲ ਨੂੰ ਅਗਲੀ ਵਾਹੀ ਤਕ ਵਰਤਿਆ ਨਹੀਂ ਜਾਂਦਾ। ਜੇ ਕੋਈ ਹੱਲ ਮੰਗਣ ਲਈ ਆ ਵੀ ਜਾਵੇ, ਤਾਂ ਵੀ ਨਹੀਂ ਦਿਤਾ ਜਾਂਦਾ। ਜੇ ਬਿਸਰਾਮ ਅਵਸਥਾ ਵਿਚ ਹੱਲ ਨੂੰ ਵਰਤਿਆ ਜਾਵੇ, ਤਾਂ ਉਸ ਦੀ ਉਪਜਾਇਕਤਾ ਸ਼ਕਤੀ ਨਸ਼ਟ ਹੋ ਜਾਂਦੀ ਹੈ। ਹੱਲ ਦੀ ਪੂਜਾ ਵੇਲੇ ਉਨ੍ਹਾਂ ਬੀਜਾਂ ਦਾ ਰੋਟ ਪਕਾ ਕੇ ਵੰਡਿਆ ਜਾਂਦਾ ਹੈ, ਜੋ ਬੀਜਾਈ ਮਗਰੋਂ ਬਚ ਗਏ ਹੋਣ। ਪ੍ਰੰਤੂ ਕਈ ਕਿਸਾਨ ਹੱਲ ਵਾਹੁਣ ਤੋਂ ਪਹਿਲਾਂ ਵੀ ਹੱਲ ਦੀ ਪੂਜਾ ਕਰਦੇ ਹਨ।

ਹਰਿਆਣੇ ਦੇ ਮਿਊ ਸਾਵਣ ਮਹੀਨੇ ਦੀ ਪਹਿਲੀ ਬੁਛਾੜ ਨੂੰ ਹੱਲ ਨਾਲ ਸੰਬੰਧਿਤ ਪੁਰਬ 'ਹੱਲ ਸੇਤੀਆ' ਮਨਾਉਂਦੇ ਹਨ। ਇਸ ਦਿਨ ਬਲਦਾਂ ਨੂੰ ਗੁੜਵਾਣੀ (ਮਿੱਠਾ ਭੱਤ) ਖੁਆਈ ਜਾਂਦੀ ਹੈ। ਇਸੇ ਦਿਨ ਬਲਦਾਂ ਨੂੰ ਨੁਹਾ ਧੁਆ ਕੇ ਸ਼ਿੰਗਾਰਿਆ ਜਾਂਦਾ ਹੈ।

ਮੱਧਕਾਲ ਵਿਚ ਉਪਜਾਇਕਤਾ ਦਾ ਸੰਕਲਪ ਵਿਆਹ ਨਾਲ ਇਤਨਾ ਜੁੜਿਆ ਹੋਇਆ ਸੀ ਕਿ ਭੋਇੰ ਵਿਚ ਹੱਲ ਫੇਰਨ ਤੋਂ ਪਹਿਲਾਂ ਹੱਲ ਦਾ ਰਸਮੀ ਢੰਗ ਨਾਲ ਵਿਆਹ ਰਚਾਇਆ ਜਾਂਦਾ ਸੀ। ਸੰਧੂਰ ਤੇ ਸੁਰਮੇ ਆਦਿ ਨਾਲ ਨੈਣ ਨਕਸ਼ ਬਣਾ ਕੇ ਹੱਲ ਨੂੰ ਲਾੜ੍ਹੇ ਵਾਂਗ ਸਜਾਇਆ ਜਾਂਦਾ ਅਤੇ ਮਿੱਟੀ ਦੇ ਡੇਲੇ ਨਾਲ ਲਾਵਾਂ ਫੇਰੇ ਕੀਤੇ ਜਾਂਦੇ ਸਨ। ਇਸ ਤਰ੍ਹਾਂ ਧਰਤੀ ਦੀ ਉਪਜਾਇਕਤਾ ਸ਼ਕਤੀ ਵਿਚ ਵਾਧਾ ਹੁੰਦਾ ਮੰਨਿਆ ਜਾਂਦਾ ਸੀ।

ਹੱਲ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਪ੍ਰਚਲਤ ਹਨ। ਲੋਕ-ਨਿਸਚੇ ਅਨੁਸਾਰ ਹਰ ਮਹੀਨੇ ਧਰਤੀ ਸਤ ਦਿਨਾਂ ਵਾਸਤੇ ਸੌਂਦੀ ਹੈ। ਇਨ੍ਹਾਂ ਦਿਨਾਂ ਵਿਚ ਭੋਇੰ ਵਿਚ ਹੱਲ ਵਾਹੁਣ ਨਾਲ ਧਰਤੀ ਮਾਤਾ ਨੂੰ ਬੇਅਰਾਮੀ ਹੁੰਦੀ ਹੈ। ਜੇ ਹੱਲ ਵਾਹੁਣ ਦਾ ਕਾਰਜ ਪਹਿਲਾਂ ਤੋਂ ਸ਼ੁਰੂ ਹੋਵੇ, ਤਾਂ ਇਨ੍ਹੀਂ ਦਿਨੀਂ ਚਾਲੂ ਰਖਣ ਵਿਚ ਕੋਈ ਹਰਜ ਨਹੀਂ। ਇਨ੍ਹਾਂ ਸੱਤਾਂ ਦਿਨਾਂ ਦਾ ਵਰਨਣ ਇਕ ਕਹਾਵਤ ਵਿਚ ਇਉਂ ਮਿਲਦਾ ਹੈ :

ਸੰਗਰਾਂਦ ਮਿਤੀ, ਦਿਨ ਪੰਜਵੀਂ,
ਨਾਵੇਂ, ਸਤਵੇਂ ਲੋਇ।
ਦਸਵੇਂ, ਇਕੀਵੇਂ, ਚੌਬੀਸਵੀਂ,
ਸਤ ਦਿਨ ਪ੍ਰਿਥਵੀ ਸੋਇ।

'ਗੁਰੂ ਅਮਰਦਾਸ ਜੀ ਕਾ ਬੋਲਣਾ' (ਪੰਜਾਬ ਸਟੇਟ ਅਰਕਾਈਵਜ਼ ਪਟਿਆਲਾ, ਹੱਥ ਲਿਖਤ ਨੰ: 395) ਅਨੁਸਾਰ, "ਸੰਗਰਾਂਦ ਦੀ ਪੰਜਵੀਂ, ਨਾਵੀਂ, ਦਸਵੀਂ, ਤੇਈਵੀਂ ਤੇ ਇਕੀਸਵੀਂ ਤੇ ਚੌਬੀਸਵੀਂ। ਇਨ੍ਹਾਂ ਛਿਆਂ ਦਿਨਾਂ ਵਿਚ ਧਰਤੀ ਸੋਇ, ਧਰਤੀ ਨੂੰ ਪੁਟਨਾ ਨਹੀਂ।"

ਭੋਇੰ ਵਿਚ ਸੀਆਂ ਕੱਢਣ ਵੇਲੇ ਹੱਲ ਹਮੇਸ਼ਾਂ ਸੱਜੇ ਪਾਸੇ ਵਲ ਫੇਰਿਆ ਜਾਂਦਾ ਹੈ, ਇਹ ਦਿਸ਼ਾ ਸੂਰਜੀ ਚਾਲ ਦਾ ਹੀ ਅਨੁਕਰਣ ਹੋਣ ਕਰ ਕੇ ਕਲਿਆਣੀ ਹੈ ਅਤੇ ਇਸ ਤਰ੍ਹਾਂ ਉਪਜਾਇਕਤਾ ਵਿਚ ਵਾਧਾ ਹੁੰਦਾ ਹੈ। ਹੱਲ ਫਰਨ ਦੀ ਵਿਧੀ ਵੀ ਵੱਖ ਵੱਖ ਇਲਾਕਿਆਂ ਵਿਚ, ਸਥਾਨਕ ਮਨੌਤਾਂ ਅਨੁਸਾਰ ਭਿੰਨ ਭਿੰਨ ਹੈ। ਪਰ ਆਮ ਪ੍ਰਚਲਤ ਵਿਧੀ ਇਹੋ ਹੈ ਕਿ ਪਹਿਲਾਂ ਭੋਇੰ ਨੂੰ ਕਈ ਭਾਗਾਂ ਵਿਚ ਵੰਡ ਲਿਆ ਜਾਂਦਾ ਹੈ ਤੇ ਹਰ ਭਾਗ ਨੂੰ ਗੋਲਾਈ ਵਿਚ ਇਸ ਤਰ੍ਹਾਂ ਵਾਹਿਆ ਜਾਂਦਾ ਹੈ ਕਿ ਬਾਹਰਲਾ ਚੱਕਰ ਵੱਡਾ ਕਢਿਆਂ ਜਾਂਦਾ ਹੈ। ਫਿਰ ਚੱਕਰ ਅੰਦਰ ਵੱਲ ਮੁੜਦੇ ਹੋਏ ਛੋਟੇ ਹੁੰਦੇ ਹੁੰਦੇ ਅਖ਼ੀਰ ਮੱਧ ਵਿਚ ਆ ਕੇ ਇਕ ਨੁਕਤੇ ਉਤੇ ਮੁਕ ਜਾਂਦੇ ਹਨ।

ਹੱਲ ਦੀ ਵਾਹੀ ਨਾਲ ਵਾਰ-ਭਰਮ ਵੀ ਜੁੜੇ ਹੋਏ ਹਨ। ਧਨੀ (ਜਿਹਲਮ) ਦੇ ਇਲਾਕੇ ਦੇ ਕਿਸਾਨਾਂ ਦੀ ਧਾਰਨਾ ਹੈ ਕਿ ਆਦਿਮ ਨੇ ਪਹਿਲੀ ਵਾਰ ਮੰਗਲਵਾਰ ਵਾਲੇ ਦਿਨ ਹੱਲ ਵਾਹਿਆ ਸੀ, ਇਸ ਲਈ ਵਾਹੀ ਦਾ ਕੰਮ ਮੰਗਲਵਾਰ ਸ਼ੁਰੂ ਕੀਤਾ ਜਾਵੇ, ਤਾਂ ਬਰਕਤ ਪੈਂਦੀ ਹੈ। ਪਰ ਪੋਠੋਹਾਰ ਦੇ ਇਲਾਕੇ ਵਿਚ ਐਤਵਾਰ ਜਾਂ ਮੰਗਲਵਾਰ ਵਾਲੇ ਦਿਨ ਵਾਹੀ ਸ਼ੁਰੂ ਕਰਨੀ ਸ਼ੁਭ ਨਹੀਂ ਸਮਝੀ ਜਾਂਦੀ।

ਕਾਂਗੜੇ ਦੇ ਗਦੀ ਜਦੋਂ ਕਿਸੇ ਭੂਮੀ ਉਤੇ ਪਹਿਲੀ ਵਾਰ ਹੱਲ ਚਲਾਂਦੇ ਹਨ, ਤਾਂ ਇਕ ਵਿਸ਼ੇਸ਼ ਰੀਤ ਕਰਦੇ ਹਨ। ਚਾਰ ਮੁਟਿਆਰਾਂ ਨੂੰ ਉਸ ਥਾਂ 'ਤੇ ਲਿਜਾ ਕੇ ਪਹਿਲਾਂ ਉਨ੍ਹਾਂ ਦੇ ਪੈਰ ਧੋਤੇ ਜਾਂਦੇ ਹਨ, ਫਿਰ ਉਨ੍ਹਾਂ ਦੇ ਮੱਥਿਆਂ ਉਤੇ ਗੁਲਾਲ ਮਲ ਕੇ ਗੁੜ ਨਾਲ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ। ਇਸ ਨਵੀਂ ਖੇਤੀ ਦੀ ਪਹਿਲੀ ਫ਼ਸਲ ਹਮੇਸ਼ਾਂ ਦੇਵਤੇ ਨੂੰ ਭੇਟ ਕੀਤੀ ਜਾਂਦੀ ਹੈ।

ਹਿੰਦੂਆਂ ਵਿਚ ਕਿਸੇ ਵੇਲੇ ਧਰਤੀ ਵਿਚ ਹੱਲ ਫੇਰਨਾ ਘੋਰ ਪਾਪ ਸਮਝਿਆ ਜਾਂਦਾ ਸੀ। ਕਿਉਂ ਜੋ ਹੱਲ ਫੇਰਨ ਨਾਲ ਧਰਤੀ ਮਾਤਾ ਦੀ ਛਾਤੀ ਜ਼ਖ਼ਮੀ ਹੋ ਜਾਂਦੀ ਹੈ। ਕਾਂਗੜੇ ਦੇ ਰਾਜਪੂਤਾਂ ਦੀ ਉਪਰਲੀ ਸ਼੍ਰੇਣੀ, ਜੋ ਆਪਣੇ ਆਪ ਨੂੰ ਮੀਆਂ ਅਖਵਾਂਦੇ ਹਨ, ਵਿਚ ਹੱਲ ਵਾਹੁਣਾ ਵਰਜਨ ਹੈ। ਜੇ ਕੋਈ ਮੀਆਂ ਹੱਲ ਵਾਹੁਣਾ ਸ਼ੁਰੂ ਕਰ ਦੇਵੇ, ਤਾਂ ਉਹ ਹੇਠਲੀ ਸ਼੍ਰੇਣੀ ਦਾ ਰਾਜਪੂਤ ਗਿਣਿਆ ਜਾਂਦਾ ਹੈ ਅਤੇ ਕੋਈ ਮੀਆਂ ਉਸ ਨਾਲ ਆਪਣੀ ਕੁੜੀ ਦਾ ਵਿਆਹ ਨਹੀਂ ਕਰਦਾ। ਉਚ ਪਦਵੀ ਦੇ ਰਾਜਪੂਤ ਅਜਿਹੇ ਆਦਮੀ ਨਾਲ ਮਿਲ ਕੇ ਬੈਠਣਾ ਤੇ ਖਾਣਾ ਪਸੰਦ ਨਹੀਂ ਕਰਦੇ (ਕਾਂਗੜਾ, 140)।

ਹੱਲ ਆਪਣੇ ਆਪ ਵਿਚ ਸ਼ੁਭ ਅਤੇ ਕਲਿਆਣੀ ਹੈ। ਇਹ ਪ੍ਰੇਤ ਰੂਹਾਂ ਨੂੰ ਦੂਰ ਰਖਦਾ ਹੈ। ਜੱਟਾਂ ਵਿਚ ਸੂਤਕ ਦੇ ਦਿਨਾਂ ਵਿਚ ਤੀਵੀਂ ਦੇ ਸਿਰਹਾਣੇ ਹੱਲ ਦਾ ਹੱਥਾ ਰਖਣ ਦਾ ਰਵਾਜ ਹੈ।

ਕ੍ਰਿਸ਼ਨ ਦੇ ਭਰਾ ਬਲਰਾਮ ਦਾ ਸ਼ਸਤ੍ਰ ਹੱਲ ਸੀ, ਜਿਸ ਨੂੰ ਉਹ ਆਪਣੇ ਮੋਢੇ ਉਪਰ ਹਮੇਸ਼ਾਂ ਚੁਕੀ ਰਖਦਾ ਸੀ।

(ਹ-89) **ਹਲਦੀ** :

ਹਲਦੀ ਦਾ ਬੂਟਾ ਬੜਾ ਸ਼ੁਭ ਤੇ ਕਲਿਆਣੀ ਮੰਨਿਆ ਗਿਆ ਹੈ। ਹਲਦੀ ਬਦਨਜ਼ਰ ਅਤੇ ਚੰਦਰੀਆਂ ਰੂਹਾਂ ਤੋਂ ਵੀ ਰੱਖਿਆ ਕਰਦੀ ਹੈ। ਰਾਮਾਇਣ ਅਨੁਸਾਰ ਹਲਦੀ ਉਨ੍ਹਾਂ ਅੱਠਾਂ ਵਸਤੂਆਂ ਵਿਚੋਂ ਇਕ ਹੈ, ਜਿਸ ਦਾ ਅਰਗਾ ਬਣਾ ਕੇ ਮੂਰਤੀਆਂ ਨੂੰ ਚੜ੍ਹਾਇਆ ਜਾਂਦਾ ਹੈ। ਹਲਦੀ ਨਾਲ ਕਈ ਰੀਤਾਂ ਸੰਬੰਧਿਤ ਹਨ। ਦੱਖਣੀ ਪੰਜਾਬ ਦੇ ਹਿੰਦੂਆਂ ਵਿਚ 'ਹਲਦੀ ਚੜ੍ਹਾਉਣ' ਦੀ ਰੀਤ ਪ੍ਰਚਲਤ ਹੈ, ਜੋ ਮੰਗਣੀ ਤੋਂ ਮਗਰੋਂ ਅਤੇ ਵਿਆਹ ਤੋਂ ਪਹਿਲਾਂ ਕੀਤੀ ਜਾਂਦੀ ਹੈ। ਮੁੰਡਨ ਅਤੇ ਵਿਆਹ ਆਦਿ ਮੰਗਲ ਕਾਰਜਾਂ ਸਮੇਂ ਕੰਧ ਉਪਰ ਹਲਦੀ ਦਾ ਥਾਪਾ ਲਾਉਣ ਦੀ ਵੀ ਪ੍ਰਥਾ ਹੈ। ਮਹਿੰਦੀ ਦਾ ਥਾਪਾ ਲਗਾਉਣ ਦਾ ਰਵਾਜ ਤਾਂ ਮੁਸਲਮਾਨਾਂ ਦੇ ਸਮੇਂ ਪਿਆ। ਅੱਜ ਵੀ ਕਈ ਸਨਾਤਨੀ ਹਿੰਦੂ ਮਹਿੰਦੀ ਦੀ ਥਾਂ ਹਲਦੀ ਦਾ ਥਾਪਾ ਲਗਾਉਂਦੇ ਹਨ। ਸਾਹਾ ਚਿੱਠੀ ਨੂੰ ਭੇਜਣ ਵੇਲੇ ਉਸ ਉਪਰ ਕੇਸਰ ਜਾਂ ਹਲਦੀ ਦਾ ਛੱਟਾ ਮਾਰਨ ਦੀ ਪ੍ਰਥਾ ਹੈ। ਵਿਆਹ ਤੋਂ ਪਹਿਲਾਂ ਵਰ ਜਾਂ ਕੰਨਿਆਂ ਨੂੰ ਰਸਮੀ ਇਸ਼ਨਾਨ ਕਰਵਾਉਣ ਵੇਲੇ ਜੋ ਵਟਣਾ ਮਲਿਆ ਜਾਂਦਾ ਹੈ, ਉਸ ਵਿਚ ਹਲਦੀ ਦਾ ਇਕ ਤੱਤ ਵਜੋਂ ਹੋਣਾ ਲਾਜ਼ਮੀ ਹੈ। ਘੜੋਲੀ ਭਰਨ ਵੇਲੇ, ਚਾਵਲ ਤੇ ਹਲਦੀ ਨੂੰ ਪੀਸ ਕੇ ਅਤੇ ਪਾਣੀ ਵਿਚ ਘੋਲ ਕੇ, ਘੜੋਲੀ ਉਤੇ ਸ਼ਗਨ ਵਜੋਂ ਟਿੱਕੇ ਲਗਾਏ ਜਾਂਦੇ ਹਨ। ਹਲਦੀ ਵਿਚ ਰੰਗਿਆ ਕਪੜਾ ਸ਼ੁਭ ਹੋਣ ਕਰ ਕੇ ਕਈ ਮੰਗਲ ਕਾਰਜਾਂ ਵਿਚ ਵਰਤਿਆ ਜਾਂਦਾ ਹੈ। ਪਹਿਲਿਆਂ ਵਿਚ, ਕਈ ਜਾਤੀਆਂ ਵਿਚ, ਵਿਆਹ ਵੇਲੇ ਵਰ ਤੇ ਕੰਨਿਆਂ ਜੋ ਕਪੜੇ ਪਹਿਨਦੇ ਸਨ, ਉਹ ਹਲਦੀ ਵਿਚ ਰੰਗੇ ਹੁੰਦੇ ਸਨ। ਸ਼ਗਨਾਂ ਦੇ ਚਾਵਲਾਂ ਵਿਚ ਹਲਦੀ ਦੇ ਰੰਗ ਦਾ ਛੱਟਾ ਦਿਤਾ ਜਾਂਦਾ ਹੈ।

ਹਲਦੀ ਦੇ ਧੂੰਏਂ ਦੇ ਨੇੜੇ ਪ੍ਰੇਤ ਰੂਹਾਂ ਨਹੀਂ ਠਹਿਰਦੀਆਂ, ਇਸ ਲਈ ਕਈ ਚੇਲੇ ਪਕੜ ਵਾਲੇ ਰੋਗੀ ਦੀਆਂ ਨਾਸਾਂ ਵਿਚ ਹਲਦੀ ਦਾ ਧੂੰਆਂ ਦੇਂਦੇ ਹਨ, ਤਾਂ ਜੋ ਪ੍ਰੇਤ ਰੂਹ ਨਠ ਜਾਏ।

(ਹ-90) **ਹਲਵਾ** :

(ਵੇਖੋ : ਕੜਾਹੀ)।

(ਹ-91) **ਹਲਾਲ** :

(1) ਇਸਲਾਮੀ ਸ਼ਰ੍ਹਾ ਅਨੁਸਾਰ ਜ਼ਿਬ੍ਹਾ ਕੀਤੇ ਜਾਨਵਰ ਦਾ ਮਾਸ; ਮੁਸਲਮਾਨ ਜ਼ਿਬ੍ਹਾ ਕਰਨ ਵੇਲੇ ਤਕਬੀਰ ਪੜ੍ਹਦੇ ਹੋਏ ਜਾਨਵਰ ਦੀ ਸ਼ਾਹ ਰਗ ਨੂੰ ਛੁਰੀ ਨਾਲ ਵਢਦੇ ਹਨ। ਸਿੱਖਾਂ ਵਿਚ ਇਕੋ ਝਟਕੇ ਨਾਲ ਪਸ਼ੂ ਦਾ ਸਿਰ ਵਢ ਦਿਤਾ ਜਾਂਦਾ ਹੈ (ਵੇਖੋ : ਝਟਕਾ)। ਸਿੱਖਾਂ ਵਿਚ ਹਲਾਲ ਮਾਸ ਖਾਣਾ ਕੁਰਹਿਤ ਹੈ, ਮੁਸਲਮਾਨਾਂ ਵਿਚ ਝਟਕਾ ਹਰਾਮ ਹੈ। ਹਿੰਦੂਆਂ ਵਿਚ ਪਸ਼ੂ ਪੰਛੀ ਨੂੰ ਜ਼ਿਬ੍ਹਾ ਕਰਨ ਦੀ ਕੋਈ ਧਾਰਮਿਕ ਜਾਂ ਪਰੰਪਰਾਗਤ ਵਿਧੀ ਨਹੀਂ। ਇਸ ਲਈ ਉਹ 'ਹਲਾਲ' ਅਤੇ 'ਝਟਕਾ' ਦੋਵੇਂ ਤਰ੍ਹਾਂ ਦਾ ਮਾਸ ਖਾ ਲੈਂਦੇ ਹਨ।

ਮੁਸਲਮਾਨਾਂ ਵਿਚ ਕੁਝ ਪਸ਼ੂਆਂ ਦਾ ਮਾਸ ਹਰਾਮ ਹੈ। ਸ਼ਰ੍ਹਾ ਅਨੁਸਾਰ ਜੁਗਾਲੀ ਕਰਨ ਵਾਲੇ ਜਿਨ੍ਹਾਂ ਪਸ਼ੂਆਂ ਦੇ ਪੌੜ ਹੋਣ, ਅਤੇ ਉਹ ਦੂਜੇ ਪਸ਼ੂਆਂ ਦਾ ਸ਼ਿਕਾਰ ਨਾ ਕਰਦੇ ਹੋਣ, ਜਿਵੇਂ ਬਕਰੀ, ਭੇਡ, ਹਿਰਨ, ਖਰਗੋਸ਼ ਆਦਿ, ਉਨ੍ਹਾਂ ਦਾ ਮਾਸ ਹਲਾਲ ਹੈ। ਪਰ ਜਿਨ੍ਹਾਂ ਦੇ ਪੌੜ ਨਾ ਹੋਣ ਅਤੇ ਨਾ ਹੀ ਜੁਗਾਲੀ ਕਰਦੇ ਹੋਣ ਜਿਵੇਂ ਘੋੜਾ, ਉਨ੍ਹਾਂ ਦਾ ਮਾਸ ਵਰਜਿਤ ਹੈ। ਜਿਨ੍ਹਾਂ ਪਸ਼ੂਆਂ ਦੇ ਪੌੜ ਹੋਣ, ਪਰ ਜੁਗਾਲੀ ਨਾ ਕਰਨ ਜਾਂ ਜਿਨ੍ਹਾਂ ਦੇ ਸੂਏ ਵਾਲੇ ਦੰਦ ਹੋਣ ਜਿਵੇਂ ਸ਼ੇਰ, ਭੇੜੀਆ, ਗਿੱਦੜ, ਰਿੱਛ, ਆਦਿ, ਉਨ੍ਹਾਂ ਦਾ ਮਾਸ ਖਾਣਾ ਵੀ ਵਰਜਿਤ ਹੈ। ਇਸੇ ਤਰ੍ਹਾਂ ਜਿਹੜਾ ਪਸ਼ੂ ਆਪਣੀ ਕੁਦਰਤੀ ਮੌਤੇ ਮਰਿਆ ਹੋਵੇ ਜਾਂ ਫਿਰ ਜਿਸ ਨੂੰ ਜ਼ਿਬ੍ਹਾ ਕਰਨ ਵੇਲੇ ਅੱਲ੍ਹਾ ਤੋਂ ਇਲਾਵਾ ਕੋਈ ਹੋਰ ਨਾਂ ਲਿਆ ਗਿਆ ਹੋਵੇ, ਉਸ ਦਾ ਮਾਸ ਖਾਣਾ ਵੀ ਵਰਜਿਤ ਹੈ। ਪਰ ਅਜਿਹੇ ਮਾਸ ਨੂੰ ਜੇ ਅਣਜਾਣੇ ਵਿਚ ਜਾਂ ਮਜਬੂਰੀ ਵਸ ਖਾਧਾ ਜਾਵੇ, ਤਾਂ ਗੁਨਾਹ ਮਾਫ਼ ਹੈ। ਘੋੜੇ ਦੇ ਮਾਸ ਬਾਰੇ ਕੋਈ ਸਪਸ਼ਟ ਧਾਰਨਾ ਨਹੀਂ। ਅਬੂ ਹਨੀਫ਼ਾ ਨੇ ਘੋੜੇ ਦੇ ਮਾਸ ਨੂੰ ਹਰਾਮ ਦਸਿਆ ਹੈ, ਪਰ ਕਈਆਂ ਨੇ ਹਲਾਲ।

ਪੰਛੀਆਂ ਵਿਚੋਂ ਉਹ ਸਾਰੇ ਪੰਛੀ, ਜੋ ਪੰਜੇ ਜਾਂ ਚੁੰਝ ਨਾਲ ਸ਼ਿਕਾਰ ਕਰਦੇ ਹਨ ਜਿਵੇਂ ਬਾਜ਼, ਸ਼ਿਕਰਾ, ਇੱਲ, ਕਾਂ, ਗਿੱਦ, ਉੱਲੂ ਆਦਿ ਹਰਾਮ ਹਨ। ਜਿਹੜੇ ਪਊਂਚੇ ਨਾਲ ਸ਼ਿਕਾਰ ਨਹੀਂ ਫੜਦੇ ਅਤੇ ਚੁੰਝ ਨਾਲ ਖਾਂਦੇ ਹਨ, ਉਨ੍ਹਾਂ ਦਾ ਮਾਸ ਹਲਾਲ ਹੈ ਜਿਵੇਂ ਬਗਲਾ, ਮੋਰ, ਤਿੱਤਰ, ਬਟੇਰਾ, ਬੱਤਖ, ਕਬੂਤਰ ਆਦਿ। ਮੱਕੜੀ ਖਾਧੀ ਜਾ ਸਕਦੀ ਹੈ, ਪਰ ਸੱਪ ਬਿੱਛੂ ਆਦਿ ਹਰਾਮ ਹਨ। ਮੱਛੀ ਤੋਂ ਸਿਵਾ ਪਾਣੀ ਦੇ ਬਾਕੀ ਸਭ ਜੀਵ ਵੀ ਹਰਾਮ ਹਨ।

Sri Satguru Jagjit Singh Ji eLibrary NamdhariElibrary@gmail.com

ਕਬੂਤਰ ਅਤੇ ਕਾਂ ਵਿਚੋਂ ਕਾਜ਼ੀ ਲਈ ਕਿਹੜਾ ਹਲਾਲ ਹੈ ਤੇ ਕਿਹੜਾ ਹਰਾਮ ? ਇਸ ਬਾਰੇ ਇਕ ਰੋਚਿਕ 'ਹਸਾਵਣੀ' ਪ੍ਰਚਲਤ ਹੈ। ਇਕ ਵਾਰ ਇਕ ਸ਼ਿਕਾਰੀ ਨਾਲ ਕਾਜ਼ੀ ਵੀ ਸ਼ਿਕਾਰ ਉਤੇ ਨਿਕਲ ਪਿਆ। ਦੋਹਾਂ ਵਿਚ ਫ਼ੈਸਲਾ ਇਹ ਹੋਇਆ ਕਿ ਪਹਿਲਾ ਪੰਛੀ ਸ਼ਿਕਾਰੀ ਦਾ ਹੋਵੇਗਾ ਅਤੇ ਦੂਜਾ ਕਾਜ਼ੀ ਦਾ। ਇਕ ਟਹਿਣੀ ਉਤੇ ਕੁਝ ਕਬੂਤਰ ਅਤੇ ਕਾਂ ਬੈਠੇ ਸਨ। ਸ਼ਿਕਾਰੀ ਨੇ ਉਪਰਤਲੀ ਦੋ ਨਿਸ਼ਾਨੇ ਫੁੰਡੇ। ਪਹਿਲਾਂ ਕਬੂਤਰ ਅਤੇ ਫਿਰ ਕਾਂ ਜ਼ਖ਼ਮੀ ਹੋ ਕੇ ਹੇਠਾਂ ਆ ਡਿਗੇ। ਕਾਂ ਰੋਣ ਲਗ ਪਿਆ, ਤਾਂ ਕਬੂਤਰ ਨੇ ਹੈਰਾਨ ਹੋ ਕੇ ਪੁਛਿਆ, "ਤੂੰ ਕਿਉਂ ਰੋਂਦਾ ਏਂ, ਤੇਰਾ ਮਾਸ ਤਾਂ ਹਰਾਮ ਏ, ਕਿਸੇ ਨਹੀਂ ਖਾਣਾ, ਰੋਣਾ ਤਾਂ ਮੈਨੂੰ ਚਾਹੀਦਾ ਏ, ਜਿਸ ਦਾ ਮਾਸ ਹਲਾਲ ਏ।" ਤਾਂ ਕਾਂ ਕਹਿਣ ਲੱਗਾ, "ਕਾਜ਼ੀ ਨੇ ਮੈਨੂੰ ਹਲਾਲ ਬਨਾਣ ਲਈ ਕੋਈ ਨੁਕਤਾ ਕਢ ਲੈਣਾ ਏ।" ਉਸੇ ਵੇਲੇ ਕਾਜ਼ੀ ਨੇ ਕਾਂ ਨੂੰ ਫੜ ਲਿਆ ਅਤੇ ਕਿਹਾ, "ਕਬੂਤਰਾਂ ਦੀ ਡਾਰ ਵਿਚ ਘੁੰਮਣ ਫਿਰਨ ਵਾਲਾ ਕਾਂ ਹਲਾਲ ਏ, ਪਰ ਕਾਵਾਂ ਵਿਚ ਘੁੰਮਣ ਵਾਲਾ ਕਬੂਤਰ ਹਰਾਮ।" ਫਿਰ ਕਾਜ਼ੀ ਕਾਂ ਨੂੰ ਭੁੰਨ ਕੇ ਖਾ ਗਿਆ।

(2) ਦੂਜ ਦਾ ਚੰਨ : ਮੁਸਲਮਾਨ ਹਲਾਲ ਦੇ ਚੰਨ ਨੂੰ ਪਾਵਨ ਮੰਨਦੇ ਹਨ। ਇਸੇ ਚੰਨ ਨੂੰ ਵੇਖ ਕੇ ਈਦ ਮਨਾਈ ਜਾਂਦੀ ਹੈ। ਹਲਾਲੀ ਚੰਨ ਦਾ ਚਿੰਨ੍ਹ ਮੁਸਲਮਾਨਾਂ ਦੇ ਧਾਰਮਿਕ ਝੰਡੇ ਦਾ ਅੰਗ ਹੈ।

(3) ਮੁਸਲਮਾਨਾਂ ਵਿਚ ਤਲਾਕੀ ਹੋਈ ਔਰਤ ਨੂੰ, ਪਤੀ ਵਲੋਂ ਮੁੜ ਕਬੂਲ ਕਰਨ ਦੀ ਰਸਮ ਨੂੰ ਵੀ 'ਹਲਾਲ ਕਰਨਾ' ਕਹਿੰਦੇ ਹਨ — "ਆਉ ਹਲਾਲਾ ਫਿਰ ਕਰਾਂ ਬਖ਼ਸ਼ ਮੇਰੀ ਤਕਸੀਰ" (ਜੰਗਨਾਮਾ, ਮੁਕਬਲ)।

(4) ਹਲਾਲੀ ਸੇਵੀਆਂ : ਇਕ ਖ਼ਾਸ ਤਰ੍ਹਾਂ ਦੀਆਂ ਸੇਵੀਆਂ, ਜੋ ਮੁਸਲਮਾਨ ਈਦ ਵਾਲੇ ਦਿਨ ਬਣਾਉਂਦੇ ਹਨ ਅਤੇ ਧਾਰਮਿਕ ਭਾਵਨਾ ਨਾਲ ਖਾਂਦੇ ਹਨ।

(ਹ-92) **ਹਲੂਫ਼ਾ** :

ਮੁਸਲਮਾਨਾਂ ਵਿਚ ਜੰਵ ਨੂੰ ਰੋਟੀ ਦੇਣ ਤੋਂ ਪਹਿਲਾਂ ਮਠਿਆਈ ਦੇ ਡੂਨੇ ਭੇਟ ਕਰਨ ਦਾ ਰਵਾਜ ਹੈ। ਸ਼ਗਨਾਂ ਦੀ ਇਹ ਖ਼ਾਸ ਮਠਿਆਈ 'ਹਲੂਫ਼ਾ' ਅਖਵਾਉਂਦੀ ਹੈ।

(ਹ-93) **ਹਵਨ** :

(ਵੇਖੋ : ਯੱਗ)।

(ਹ-94) **ਹੱਵਾ** :

ਸਾਮੀ ਪੁਰਾਣ ਸ਼ਾਸਤ੍ਰ ਅਨੁਸਾਰ ਸੰਸਾਰ ਦੇ ਪਹਿਲੇ ਮਨੁਖ ਆਦਮ ਦੀ ਪਤਨੀ, ਜਿਸ ਦੀ ਰਚਨਾ ਖ਼ੁਦਾ ਨੇ ਬਹਿਸ਼ਤ ਦੇ ਬਾਗ਼ ਵਿਚ ਸੁਤੇ ਪਏ ਆਦਮ ਦੀ ਖੱਬੀ ਪਸਲੀ ਵਿਚੋਂ ਕੀਤੀ। ਭਾਸ਼ਾ ਵਿਗਿਆਨੀ ਤੇ ਮਾਨਵ ਸ਼ਾਸਤ੍ਰੀ 'ਹੱਵਾ' ਸ਼ਬਦ ਦੀ ਵਿਆਖਿਆ ਵਖੋ ਵਖਰੇ ਢੰਗਾਂ ਨਾਲ ਕਰਦੇ ਹਨ। ਡਬਲੀਓ. ਆਰ. ਸਮਿਥ (Kinship And Marriage, p. 208) ਹੱਵਾ ਸ਼ਬਦ ਦੀ ਉਤਪਤੀ 'ਹੇਯ' ਤੋਂ ਮੰਨਦਾ ਹੈ, ਜਿਸ ਦਾ ਅਰਥ ਕਬੀਲਾ ਹੈ। ਉਨ੍ਹਾਂ ਦਾ ਮੱਤ ਹੈ ਕਿ ਹੱਵਾ ਸ਼ਬਦ ਕਬੀਲਾ ਭਾਵਨਾ ਦਾ ਮਾਨਵੀਕਰਣ ਹੈ। Wellhausen ਅਤੇ ਕਈ ਆਧੁਨਿਕ ਵਿਦਵਾਨਾਂ ਅਨੁਸਾਰ ਹੱਵਾ ਦਾ ਸ਼ਾਬਦਿਕ ਅਰਥ 'ਸੱਪ' ਹੈ ਅਤੇ ਉਹ ਇਸ ਸ਼ਬਦ ਵਿਚੋਂ ਉਨ੍ਹਾਂ ਆਦਿਮ ਵਿਸ਼ਵਾਸ਼ਾਂ ਦੀ ਰਹਿੰਦ ਲਭਦੇ ਹਨ, ਜਿਨ੍ਹਾਂ ਅਨੁਸਾਰ ਸੰਸਾਰ ਉਪਰ ਜੀਵਨ ਦਾ ਮਢ ਸੱਪ ਤੋਂ ਬਝਿਆ। ਬੈਬਲੋਨੀਅਨ ਬ੍ਰਹਿਮੰਡ-ਸ਼ਾਸਤ੍ਰ ਅਨੁਸਾਰ ਸਭ ਵਸਤੂਆਂ ਦੀ ਉਤਪਤੀ 'ਤਿਆਮਤ' ਤੋਂ ਹੋਈ, ਜੋ ਪ੍ਰਥਮ ਅਜਗਰ ਸੀ। ਪਰ ਨਵੀਆਂ ਖੋਜਾਂ ਦੇ ਆਧਾਰ ਉਪਰ ਇਹ ਸਿੱਟਾ ਕਢਿਆ ਗਿਆ ਹੈ ਕਿ ਹੱਵਾ ਓਜ ਤੋਂ ਡਿਗੀ ਕੋਈ ਦੇਵੀ ਹੈ, ਜਿਸ ਦਾ ਪੂਰਵ ਰੂਪ ਫੋਨੀਸ਼ੀਅਨ ਦੇਵੀ ਵਰਗਾ ਸੀ ਤੇ ਜਿਸ ਨੂੰ ਸੱਪ ਦੇ ਰੂਪ ਵਿਚ ਪੂਜਿਆ ਜਾਂਦਾ ਸੀ ਅਤੇ ਜਿਸ ਨੂੰ 'ਸਭ ਪ੍ਰਾਣੀਆਂ ਦੀ ਮਾਤਾ' ਦੀ ਉਪਾਧੀ ਪ੍ਰਾਪਤ ਸੀ। (E. R. E. 5/607)। ਬਾਈਬਲ ਅਨੁਸਾਰ ਹੱਵਾ ਦਾ ਇਹ ਨਾਂ ਇਸ ਲਈ ਪ੍ਰਚਲਤ ਹੋਇਆ, ਕਿਉਂ ਜੋ ਇਹ ਸਭ ਪ੍ਰਾਣੀਆਂ ਦੀ ਮਾਂ ਸੀ।

ਸੰਸਾਰ ਵਿਚ ਪਹਿਲੇ ਗੁਨਾਹ ਦੀ ਪ੍ਰੇਰਨਾ ਆਦਮ ਨੂੰ ਹੱਵਾ ਤੋਂ ਹੀ ਮਿਲੀ। ਇਬਲੀਸ ਦੀ ਪ੍ਰੇਰਨਾ ਤੇ ਹੱਵਾ ਨੇ ਆਦਮ ਨੂੰ ਵਰਜਿਤ ਫਲ ਤੋੜ ਕੇ ਖਾਣ ਲਈ ਵਰਗਲਾਇਆ। ਫਲਸਰੂਪ ਆਦਮ ਤੇ ਹੱਵਾ ਦੋਹਾਂ ਨੂੰ ਬਹਿਸ਼ਤ ਵਿਚੋਂ ਬੇਦਖ਼ਲ ਕਰ ਦਿਤਾ ਗਿਆ। "ਆਦਮ ਕਢ ਬਹਿਸ਼ਤ ਥੀਂ ਖ਼ੁਆਰ ਕੀਤਾ, ਇਹ ਡਾਇਨਾਂ ਧੁਰੋਂ ਨੇ ਕਰਨ ਕਾਰੇ"—(ਵਾਰਿਸ ਸ਼ਾਹ) ਵਿਚ ਇਹੋ ਪੌਰਾਣਿਕ ਅਨੁਭਵ ਗੂੰਜਦਾ ਹੈ। ਹੱਵਾ ਦੀ ਇਸੇ ਗੁਮਰਾਹੀ ਸਦਕਾ ਉਸ ਦੀਆਂ ਧੀਆਂ ਅਥਵਾ ਇਸਤ੍ਰੀ ਜਾਤੀ ਨੂੰ ਮਾਹਵਾਰੀ, ਗਰਭ ਤੇ ਵਿਅੰਮ ਦਾ ਸੰਤਾਪ ਸਦੀਵ ਕਾਲ ਤਕ ਝਲਣਾ ਪੈ ਰਿਹਾ ਹੈ। ਪਰ ਹੱਵਾ ਨੇ ਅੱਲਾ ਤੋਂ ਇਹ ਬਖ਼ਸ਼ਿਸ਼ ਵੀ ਪ੍ਰਾਪਤ ਕੀਤੀ ਕਿ ਜਣੇਪੇ ਦੇ ਦਿਨਾਂ ਵਿਚ ਮੋਈ ਤੀਵੀਂ ਦੀ ਗਿਣਤੀ ਸ਼ਹੀਦਾਂ ਵਿਚ ਕੀਤੀ ਜਾਵੇਗੀ ਅਤੇ ਬਹਿਸ਼ਤ ਵਿਚ ਉਸ ਦਾ ਆਪਣੇ ਪਤੀ ਨਾਲ ਪੁਨਰ ਸੰਜੋਗ ਹੋਵੇਗਾ। ਇਸ ਦੇ ਨਾਲ ਹੀ ਜੋ ਇਸਤ੍ਰੀ ਸਤ ਧਰਮ ਵਿਚ ਪਰਪੱਕ ਰਹੇਗੀ, ਭਾਵੇਂ ਉਸ ਨੇ ਜਗਤ ਵਿਚ ਕੋਈ ਹੋਰ ਪੁੰਨ ਕਰਮ ਨਾ ਵੀ ਕੀਤਾ ਹੋਵੇ, ਤਾਂ ਵੀ ਉਸ ਨੂੰ ਸੰਸਾਰ ਵਿਚ ਭੋਗੇ ਵਿਅੰਮ ਆਦਿ ਦੇ ਦੁਖਾਂ ਬਦਲੇ ਬਹਿਸ਼ਤ ਪ੍ਰਾਪਤ ਹੋਵੇਗਾ।

ਇਸਲਾਮੀ ਰਵਾਇਤਾਂ ਅਨੁਸਾਰ ਬਹਿਸ਼ਤ ਵਿਚੋਂ ਕਢੇ ਜਾਣ ਮਗਰੋਂ ਆਦਮ ਤੇ ਹੱਵਾ ਦੁਹਾਂ ਨੇ ਮਾਤ-ਲੋਕ ਵਿਚ ਆ ਕੇ ਪਹਿਲਾਂ ਮੱਕੇ ਦੀ ਯਾਤ੍ਰਾ ਕੀਤੀ। ਧਰਤੀ ਉਪਰ, ਪਹਿਲੀ ਮਾਹਵਾਰੀ ਆਉਣ ਮਗਰੋਂ, ਜਦੋਂ ਹੱਵਾ ਪਲੀਤ ਹੋ ਗਈ, ਤਾਂ ਆਦਮ ਨੇ ਪਾਣੀ ਨੂੰ ਪ੍ਰਾਪਤ ਕਰਨ ਲਈ ਭੋਇੰ ਵਿਚ ਜ਼ੋਰ ਦੀ ਪੈਰ ਮਾਰਿਆ, ਉਥੋਂ ਜ਼ਮਜ਼ਮ ਦਾ ਚਸ਼ਮਾ ਫੁਟ ਨਿਕਲਿਆ। ਹੱਵਾ ਸੋਚ-ਇਸ਼ਨਾਨ ਕਰ ਕੇ ਮੁੜ ਪਵਿਤ੍ਰ ਹੋ ਗਈ। ਹੱਵਾ ਦੀ ਮ੍ਰਿਤੂ ਆਦਮ ਤੋਂ ਦੋ ਸਾਲ ਮਗਰੋਂ ਹੋਈ ਅਤੇ ਉਸ ਨੂੰ ਆਦਮ ਦੇ ਨਾਲ ਹੀ ਦਫ਼ਨਾਇਆ ਗਿਆ (ਵੇਖੋ : ਆਦਮ)।

ਆਦਮ ਦੀ ਰਚਨਾ ਮਿੱਟੀ ਤੋਂ ਹੋਈ ਸੀ ਜਦੋਂ ਕਿ ਹੱਵਾ ਦੀ ਮਨੁਖ ਦੀ ਪਸਲੀ ਤੋਂ। ਇਸੇ ਲਈ ਵਧਦੀ ਉਮਰ ਨਾਲ ਮਨੁਖ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਨਿਕਲਦਾ ਆਉਂਦਾ ਹੈ। ਪਰ ਤੀਵੀਂ ਕਮਜ਼ੋਰ ਅਤੇ ਕਰੂਪ।

(ਹ-95) **ਹੜ੍ਹ** :

ਪੰਜਾਬ ਵਿਚ ਬਾਰਸ਼ਾਂ ਦੀ ਰੁੱਤ ਵਿਚ ਹੜ੍ਹ ਆਮ ਦ੍ਰਿਸ਼ਟਮਾਨ ਹਨ, ਜਿਸ ਕਰ ਕੇ ਹੜ੍ਹਾਂ ਨਾਲ ਮਨੌਤਾਂ ਤੇ ਭਰਮ ਵਹਿਮ ਜੁੜਨੇ ਸੁਭਾਵਿਕ ਹਨ। ਆਤਮਸ਼ੀਲ ਚਿੰਤਨ ਦੇ ਅਧੀਨ ਲੋਕ-ਮਨ ਹਰੇਕ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਪਿਛੇ ਕਿਸੇ ਪ੍ਰਾਣਧਾਰੀ ਸ਼ਕਤੀ ਦੀ ਹੋਂਦ ਮੰਨਦਾ ਰਿਹਾ ਹੈ। ਹੜ੍ਹਾਂ ਪਿਛੇ ਵੀ ਕਿਸੇ ਜਲ-ਦੇਵਤੇ, ਪ੍ਰੇਤ ਜਾਂ ਪਰਾਸਰੀਰਕ ਸ਼ਕਤੀ ਦੀ ਹੋਂਦ ਦੀ ਕਲਪਨਾ ਇਸੇ ਸੰਕਲਪ ਦਾ ਫਲ ਹੈ। ਇਸ ਲਈ ਹੜ੍ਹਾਂ ਦੇ ਦਿਨਾਂ ਵਿਚ ਇਸ ਸ਼ਕਤੀ ਨੂੰ ਭੇਟਾ ਤੇ ਪ੍ਰਾਰਥਨਾ ਦੁਆਰਾ ਪਤਿਆਉਣਾ ਜ਼ਰੂਰੀ ਹੈ। ਜਿਨ੍ਹਾਂ ਇਲਾਕਿਆਂ ਵਿਚ ਹੜ੍ਹ ਜ਼ਿਆਦਾ ਆਉਂਦੇ ਹਨ, ਉਥੇ, ਇਲਾਕੇ ਦੇ ਲੋਕ ਸਾਮੂਹਿਕ ਰੂਪ ਵਿਚ, ਰੱਖਿਆ ਵਜੋਂ ਕੁਝ ਕਰਮ-ਕਾਂਡ ਕਰਦੇ ਹਨ। ਆਮ ਤੌਰ ਤੇ ਸੰਧੂਰੇ ਹੋਏ ਨਾਰੀਅਲ, ਫਲ, ਫੁੱਲ ਅਤੇ ਸੋਨੇ ਚਾਂਦੀ ਦੇ ਕੁਝ ਸਿਕੇ ਨਦੀ ਦੀ ਭੇਟ ਕੀਤੇ ਜਾਂਦੇ ਹਨ। ਨਾਰੀਅਲ ਸ਼ਕਲ ਵਿਚ ਮਨੁਖ

Sri Satguru Jagjit Singh Ji eLibrary NamdhariElibrary@gmail.com

ਦੇ ਸਿਰ ਵਰਗਾ ਹੁੰਦਾ ਹੈ ਅਤੇ ਇਸ ਦੀ ਭੇਟਾ ਮੂਲ ਵਿਚ ਨਰ-ਬਲੀ ਦਾ ਹੀ ਵਸਤੂ-ਬਦਲ ਹੈ। ਰਿਆਸਤੀ ਕਾਲ ਵਿਚ, ਘੱਗਰ ਨਦੀ ਵਿਚ, ਜਦੋਂ ਵੀ ਹੜ੍ਹ ਆਉਂਦਾ, ਤਾਂ ਪਟਿਆਲੇ ਦਾ ਮਹਾਰਾਜਾ ਰਸਮੀ ਢੰਗ ਨਾਲ ਨਾਰੀਅਲ ਸੋਨੇ ਦਾ ਕੜਾ, ਚਾਂਦੀ ਦਾ ਰੁਪਿਆ ਅਤੇ ਕੁਝ ਹੋਰ ਸਾਮਗ੍ਰੀ ਦਰਿਆ ਦੀ ਭੇਟ ਕੀਤਾ ਕਰਦਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਵੀ ਇਹ ਪ੍ਰਥਾ ਕੁਝ ਸਾਲ ਰਹੀ।

ਪੰਜਾਬ ਦੇ ਪਹਾੜੀ ਇਲਾਕੇ ਵਿਚ ਹੜ੍ਹ ਨੂੰ ਰੋਕਣ ਲਈ ਪਸ਼ੂ ਦੀ ਬਲੀ ਦੇਣ ਦੀ ਪ੍ਰਥਾ ਹੁਣ ਤਕ ਰਹੀ ਹੈ। ਰਾਵੀ ਦਰਿਆ ਵਿਚ ਹੜ੍ਹ ਆਉਣ 'ਤੇ ਚੰਬੇ ਦਾ ਰਾਜਾ ਇਕ ਸਾਮੂਹਿਕ ਕਰਮ ਕਾਂਡ ਕਰਦਾ, ਜਿਸ ਪਿਛੋਂ ਦਰਿਆ ਨੂੰ ਨਾਰੀਅਲ, ਦੁੱਧ ਤੇ ਫਲ ਭੇਟ ਕਰਨ ਦੇ ਨਾਲ ਨਾਲ ਇਕ ਬਲਦ ਨੂੰ ਜਲ ਦੇ ਪ੍ਰਵਾਹ ਵਿਚ ਧਕੇਲ ਦਿਤਾ ਜਾਂਦਾ। ਜੇ ਇਹ ਬਲਦ ਹੜ੍ਹ ਵਿਚ ਰੁੜ੍ਹ ਕੇ ਮਰ ਜਾਂਦਾ, ਤਾਂ ਜਲ-ਦੇਵ ਵਲੋਂ ਬਲੀ ਕਬੂਲ ਸਮਝੀ ਜਾਂਦੀ ਅਤੇ ਇਲਾਕੇ ਨੂੰ ਹੜ੍ਹ ਤੋਂ ਨੁਕਸਾਨ ਹੋਣ ਦਾ ਖ਼ਤਰਾ ਟਲ ਗਿਆ ਸਮਝਿਆ ਜਾਂਦਾ। ਜੇ ਬਲਦ ਦਰਿਆ ਪਾਰ ਕਰ ਕੇ ਪਾਰਲੇ ਕੰਢੇ ਜਾ ਲਗੇ, ਤਾਂ ਇਸ ਨੂੰ ਪਾਰਲੇ ਪਾਸੇ ਦੀ ਵਸੋਂ ਦੀ ਤਬਾਹੀ ਦਾ ਸੂਚਿਕ ਮੰਨਿਆ ਜਾਂਦਾ। ਜੇ ਬਲਦ ਮੁੜ ਉਰਲੇ ਕੰਢੇ ਪਰਤ ਆਏ, ਤਾਂ ਇਹ ਬਦਸ਼ਗਨੀ ਤਬਾਹੀ ਦਾ ਬੋਧਿਕ ਮੰਨੀ ਜਾਂਦੀ। ਉਸ ਬਲਦ ਨੂੰ ਫੜ ਕੇ ਸਾਲ ਭਰ ਲਈ ਕਿਸੇ ਨਵੇਕਲੀ ਥਾਂ ਰਖਿਆ ਜਾਂਦਾ ਅਤੇ ਉਸ ਤੋਂ ਕੋਈ ਕੰਮ ਧੰਦਾ ਨਾ ਲਿਆ ਜਾਂਦਾ। ਅਗਲੇ ਸਾਲ ਫਿਰ ਹੜ੍ਹ ਦੇ ਦਿਨਾਂ ਵਿਚ ਉਸੇ ਬਲਦ ਦੀ ਬਲੀ ਦਿਤੀ ਜਾਂਦੀ ਅਤੇ ਇਹ ਸਿਲਸਿਲਾ ਉਦੋਂ ਤਕ ਜਾਰੀ ਰਹਿੰਦਾ, ਜਦੋਂ ਤਕ ਬਲਦ ਦਰਿਆ ਦੀ ਭੇਟ ਨਾ ਹੋ ਜਾਂਦਾ ਜਾਂ ਪਾਰਲੇ ਪਾਸੇ ਨਾ ਜਾ ਲਗਦਾ।

ਫ਼ਿਰੋਜ਼ਪੁਰ ਦੇ ਇਲਾਕੇ ਵਿਚ ਹੜ੍ਹ ਨੂੰ ਰੋਕਣ ਲਈ ਇਕ ਵਚਿਤ੍ਰ ਜੁਗਤੀ ਵਰਤੀ ਜਾਂਦੀ ਹੈ। ਪਿੰਡ ਦੀਆਂ ਤੀਵੀਆਂ ਚਾਰ ਸੇਰ ਕਣਕ ਇਕੱਠੀ ਕਰਦੀਆਂ ਹਨ, ਫਿਰ ਉਸ ਵਿਚ ਜਿਤਨੀ ਮਿਕਦਾਰ ਵਿਚ ਗੁੜ ਪਾਉਂਦੀਆਂ ਹਨ, ਉਤਨੀ ਕਣਕ ਕਢ ਲੈਂਦੀਆਂ ਹਨ। ਇਸ ਸਾਰੀ ਸਾਮੱਗਰੀ ਦੇ ਸਤੂ ਬਣਾ ਕੇ ਬੱਚਿਆਂ ਵਿਚ ਵੰਡ ਦਿਤੇ ਜਾਂਦੇ ਹਨ। ਇਨ੍ਹਾਂ ਵਿਚੋਂ ਇਕ ਬੱਚਾ ਆਪਣਾ ਮੂੰਹ ਕਾਲਾ ਕਰ ਕੇ ਦਰਿਆ ਦੇ ਕੋਲ ਖੜਾ ਹੋ ਕੇ ਇਉਂ ਸੰਬੋਧਨ ਕਰਦਾ ਹੈ — "ਹੇ ਦਰਿਆਵਾ! ਅਗੇ ਵਧੇਂ ਤਾਂ ਫਿਟੇ ਮੂੰਹ।" ਦੂਜਾ ਬੱਚਾ ਕਹਿੰਦਾ ਹੈ — "ਹੇ ਦਰਿਆ ਪਾਤਸ਼ਾਹ! ਦੇਗ ਚਾਵਲਾਂ ਦੀ ਲੈ ਲੈ, ਪਰ ਸਾਨੂੰ ਦੁਖ ਨਾ ਦੇਵੀਂ।" ਫਿਰ ਚਾਵਲਾਂ ਦੀ ਇਕ ਦੇਗ ਰਿੰਨ੍ਹੀ ਜਾਂਦੀ ਹੈ; ਜਿਸ ਵਿਚ ਕੁਝ ਚਾਵਲ ਦਰਿਆ ਨੂੰ ਭੇਟ ਕੀਤੇ ਜਾਂਦੇ ਹਨ ਅਤੇ ਬਾਕੀ ਲੋਕਾਂ ਵਿਚ ਵੰਡ ਦਿਤੇ ਜਾਂਦੇ ਹਨ।

ਘਣੀਏ ਦੀ ਬੇਟ, ਜੋ ਰਾਵੀ ਦਰਿਆ ਦੇ ਪਾਰਲੇ ਪਾਸੇ ਵਲ ਹੈ, ਵਿਚ ਹੜ੍ਹਾਂ ਬਾਰੇ ਇਕ ਵਚਿਤ੍ਰ ਵਿਸ਼ਵਾਸ਼ ਪ੍ਰਚਲਤ ਹੈ। ਧਾਰਨਾ ਹੈ ਕਿ ਜੇ ਕੋਈ ਵਹੁਟੀ ਵਿਆਹ ਤੋਂ ਬਾਅਦ ਪਹਿਲੇ ਸਾਵਣ, ਆਪਣੇ ਸਹੁਰੇ ਘਰ ਵਿਚ ਸੱਸ ਦੇ ਨਾਲ ਰਹੇ, ਤਾਂ ਹੜ੍ਹ ਦਾ ਪਾਣੀ ਇਲਾਕੇ ਵਿਚ ਕਾਫ਼ੀ ਨੁਕਸਾਨ ਪਹੁੰਚਾਂਦਾ ਹੈ, ਨਾਲ ਹੀ ਕਾਫ਼ੀ ਮਾਤਰਾ ਵਿਚ ਸੱਪ ਵੀ ਨਿਕਲਦੇ ਹਨ। ਇਸ ਲਈ ਇਸ ਇਲਾਕੇ ਵਿਚ ਨਵੀਂ ਵਿਆਹੀ ਦੁਲ੍ਹਨ, ਪਹਿਲਾ ਸਾਵਣ ਹਮੇਸ਼ਾਂ ਪੇਕੇ ਗੁਜ਼ਾਰਦੀ ਹੈ। ਜੇ ਕਿਸੇ ਮਜਬੂਰੀ ਕਾਰਨ ਦੁਲ੍ਹਨ ਆਪਣੇ ਪੇਕੇ ਨਾ ਜਾ ਸਕੇ, ਤਾਂ ਉਸ ਦੀ ਸੱਸ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਚਲੀ ਜਾਂਦੀ ਹੈ। ਸੱਸ ਤੇ ਨੂੰਹ ਦੋਵੇਂ ਕਦੇ ਇਕੱਠੀਆਂ ਨਹੀਂ ਰਹਿੰਦੀਆਂ।

ਦਰਿਆ ਵਿਚ ਹੜ੍ਹ ਲਿਆਉਣ ਲਈ ਵੀ ਇਕ ਟੂਣਾ ਪ੍ਰਚਲਤ ਹੈ। ਪਿੰਡ ਦੀਆਂ ਮੁਟਿਆਰਾਂ ਸੁੰਦਰ ਸਜੀਲੇ ਕਪੜੇ ਪਹਿਨ ਕੇ ਦਰਿਆ ਦੇ ਕੰਢੇ ਗਾਉਂਦੀਆਂ ਅਤੇ ਨਚਦੀਆਂ ਹਨ, ਜਿਸ ਨਾਲ ਪਾਣੀ ਬੇਕਾਬੂ ਹੋ ਕੇ ਹੜ੍ਹ ਦਾ ਰੂਪ ਧਾਰ ਲੈਂਦਾ ਹੈ। ਬਾਰਸ਼ਾਂ ਦੇ ਦਿਨਾਂ ਵਿਚ ਇਹ ਤਰੀਕਾ ਦੁਸ਼ਮਣਾਂ ਦੇ ਪਿੰਡ ਵਿਚ ਨੁਕਸਾਨ ਪਹੁੰਚਾਣ ਲਈ ਵਰਤਿਆ ਜਾਂਦਾ ਹੈ।

(ਹ-96) **ਹੜ੍ਹਤ :**

(ਵੇਖੋ : ਪਿਛਲਗ)।

(ਹ-97) **ਹੜਦੌੜ :**

ਹਰਿਆਣੇ ਦਾ ਇਕ ਸਥਾਨਿਕ ਦਿਉਤਾ, ਜਿਸ ਦਾ ਹੈਜ਼ੇ ਅਤੇ ਪਲੇਗ ਦੇ ਰੋਗ ਉਤੇ ਅਧਿਕਾਰ ਹੈ। ਇਸ ਦਿਉਤੇ ਨੂੰ ਬੁੰਦੇਲਾ ਵੀ ਕਹਿੰਦੇ ਹਨ (ਵੇਖੋ : ਬੁੰਦੇਲਾ)।

(ਹ-98) **ਹੜੱਪਾ :**

ਪਛਮੀ ਪੰਜਾਬ (ਪਾਕਿਸਤਾਨ) ਦਾ ਇਕ ਪ੍ਰਾਚੀਨ ਨਗਰ, ਜਿਸ ਦੇ ਖੰਡਰਾਂ ਹੇਠੋਂ ਇਕ ਪ੍ਰਾਗ-ਇਤਿਹਾਸਕ ਸੰਸਕ੍ਰਿਤੀ ਪ੍ਰਕਾਸ਼ਮਾਨ ਹੋਈ (ਵੇਖੋ : ਹੜੱਪਾ ਸੰਸਕ੍ਰਿਤੀ)। ਹੜੱਪਾ ਕੋਟ ਕਮਾਲੀਆ ਤੋਂ ਸੋਲਾਂ ਕੁ ਮੀਲ ਦੂਰ, ਰਾਵੀ ਦੇ ਕੰਢੇ ਉਪਰ ਸਥਿਤ ਹੈ। ਇਸ ਨਗਰ ਨੂੰ, ਛੇਵੀਂ ਸਦੀ ਈਸਵੀ ਵਿਚ, ਪਛਮ ਵਲੋਂ ਆਏ ਹੂਨ ਕਬੀਲਿਆਂ ਨੇ ਤਬਾਹ ਕੀਤਾ। ਹੁਣ ਇਥੇ ਖੰਡਰ ਅਤੇ ਥੇਹਾਂ ਹਨ।

ਪ੍ਰਚਲਤ ਰਵਾਇਤਾਂ ਅਨੁਸਾਰ ਇਸ ਸ਼ਹਿਰ ਦੀ ਨੀਂਹ ਪ੍ਰਾਚੀਨ ਕਾਲ ਵਿਚ ਰਾਜਾ ਹੜੱਪਾ ਨੇ ਪ੍ਰਮਾਣ ਅਤੇ ਬਹੁਮੁੱਲੀ ਸਾਮਗ੍ਰੀ ਨਸ਼ਟ ਹੋ ਗਈ।

ਹੜੱਪਾ ਦੇ ਥੇਹ ਦੀ ਵਿਗਿਆਨਕ ਖ਼ੁਦਾਈ ਦਾ ਆਰੰਭ 1920 ਈਸਵੀ ਵਿਚ ਹੋਇਆ, ਪਰ ਉਸ ਦੀ ਮਹੱਤਤਾ ਅਤੇ ਪ੍ਰਾਚੀਨਤਾ ਦਾ ਗਿਆਨ 1924 ਵਿਚ ਉਦੋਂ ਹੋਇਆ, ਜਦੋਂ ਹੜੱਪਾ ਤੋਂ 400 ਮੀਲ ਪੂਰਬ ਵਲ ਮਹਿੰਜੋਦਾਰੋ ਦੀ ਥੇਹ ਨੂੰ ਖੋਦਿਆ ਗਿਆ। ਇਸ ਸੰਸਕ੍ਰਿਤੀ ਦੇ ਲਛਣ ਪੰਜਾਬ ਤੇ ਸਿੰਧ ਤੋਂ ਬਾਹਰ ਗੁਜਰਾਤ ਵਿਚ ਲੱਥਲ ਅਤੇ ਰੰਗਪੁਰ, ਬਲੋਚਿਸਤਾਨ ਵਿਚ ਕੁਲੀ ਤੇ ਦੋ ਹੋਰ ਥਾਵਾਂ ਵਿਚ ਵੀ ਮਿਲੇ ਹਨ।

ਹੜੱਪਾ ਦੀ ਗੌਰਵਮਈ ਸੰਸਕ੍ਰਿਤੀ ਦੇ ਨਿਰਮਾਤਾ ਕੌਣ ਸਨ? ਕੀ ਇਹ ਲੋਕ ਪਛਮੀ ਏਸ਼ੀਆ ਵਿਚੋਂ ਇਥੇ ਆ ਕੇ ਵਸੇ ਸਨ, ਜਾਂ ਇਸ ਸੰਸਕ੍ਰਿਤੀ ਦਾ ਨਿਰਮਾਣ ਪੰਜਾਬ ਵਿਚ ਵਸਦੀਆਂ ਮੂਲ ਜਾਤੀਆਂ ਨੇ ਹੀ ਕੀਤਾ ਸੀ? ਇਹ ਅਤੇ ਇਸ ਤਰ੍ਹਾਂ ਦੇ ਅਨੇਕਾਂ ਹੋਰ ਭਾਵ-ਪੂਰਤ ਪ੍ਰਸ਼ਨਾਂ ਦਾ ਉੱਤਰ ਦੇਣਾ ਸੌਖਾ ਨਹੀਂ। ਕਈ ਭਾਰਤੀ ਵਿਦਵਾਨਾਂ ਨੇ ਉਪਭਾਵਕਤਾ ਦਾ ਸ਼ਿਕਾਰ ਹੋ ਕੇ, ਇਸ ਸੰਸਕ੍ਰਿਤੀ ਨੂੰ ਵੈਦਿਕ ਕਾਲ ਤੋਂ ਪਹਿਲਾਂ ਦੀ ਆਰਿਆਈ ਸੰਸਕ੍ਰਿਤੀ ਸਿਧ ਕਰਨ ਦੀ ਚੇਸ਼ਟਾ ਕੀਤੀ, ਪਰ ਇਸ ਗੱਲ ਦੇ ਕਾਫ਼ੀ ਪ੍ਰਮਾਣ ਮਿਲਦੇ ਹਨ ਕਿ ਇਹ ਸਭਿਅਤਾ ਇਕ ਦੁਰਾਚਾਰੀ ਰਾਜਾ ਹਕੂਮਤ ਕਰਦਾ ਸੀ। ਉਸ ਦੇ ਦੁਰਾਚਾਰਾਂ ਕਾਰਨ ਅਜਿਹਾ ਰੱਬੀ ਕਹਿਰ ਵਰਤਿਆ ਕਿ ਸਾਰਾ ਸ਼ਹਿਰ ਹੀ ਨਸ਼ਟ ਹੋ ਗਿਆ। ਇਸ ਸ਼ਹਿਰ ਦਾ ਨਾਂ ਹੜੱਪਾ ਰਾਜੇ ਹਰਪਾਲ ਦੇ ਨਾਂ ਤੋਂ ਹੀ ਵਿਗੜ ਕੇ ਪਿਆ।

ਮਹਾਂਭਾਰਤ ਅਨੁਸਾਰ ਪ੍ਰਾਚੀਨ ਕਾਲ ਵਿਚ ਇਥੇ 'ਵਹੀਕ' ਨਾਂ ਦੀ ਜਾਤੀ ਵਸਦੀ ਸੀ ਅਤੇ ਉਦੋਂ ਇਹ ਸਾਰਾ ਖੇਤਰ ਜੰਡ, ਪੀਲੂ ਅਤੇ ਕਰੀਰ ਦੇ ਵਣਾਂ ਨਾਲ ਢਕਿਆ ਹੋਇਆ ਸੀ। ਇਥੋਂ ਦੇ ਨਿਵਾਸੀ ਚੋਰੀ ਚਕਾਰੀ ਕਰਦੇ, ਮਧ ਪੀਂਦੇ, ਗੋਮਾਸ ਅਤੇ ਥੋਮ ਦੀ ਵਰਤੋਂ ਕਰਦੇ ਸਨ। ਸਿਕੰਦਰ ਦੇ ਹੱਲੇ ਵੇਲੇ ਇਥੋਂ ਦੇ ਲੋਕ 'ਕੱਠੇ' ਅਖਵਾਂਦੇ ਸਨ। ਉਨ੍ਹਾਂ ਦੀ ਵੰਸ਼, ਅੱਜ ਕਲ੍ਹ ਵੀ 'ਕਾਠਿਆਂ' ਦੇ ਨਾਂ ਨਾਲ, ਇਸੇ ਖੇਤਰ ਵਿਚ, ਰਾਵੀ ਦੇ ਕੰਢੇ ਵਸਦੀ ਹੈ। ਇਹ ਲੋਕ ਜ਼ਾਤ ਦੇ ਮੁਸਲਮਾਨ ਰਾਜਪੂਤ ਹਨ।

ਕਨਿੰਘਮ ਦਾ ਵਿਚਾਰ ਹੈ ਕਿ ਅਠਵੀਂ ਸਦੀ ਵਿਚ ਅਰਬਾਂ ਨੇ ਹੜੱਪਾ, ਸ਼ੋਰਕੋਟ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਤਬਾਹ ਕੀਤਾ। ਅਰਬਾਂ ਨੇ ਮੁਲਤਾਨ ਉਤੇ 713 ਈਸਵੀ ਵਿਚ ਕਬਜ਼ਾ ਕੀਤਾ ਸੀ ਤੇ ਇਸ ਤੋਂ ਪਿਛੋਂ ਉਨ੍ਹਾਂ ਨੇ ਹੇਠਲੇ ਪੰਜਾਬ ਵਿਚ ਕਾਫ਼ੀ ਤਬਾਹੀ ਮਚਾਈ ਸੀ।

Sri Satguru Jagjit Singh Ji eLibrary NamdhariElibrary@gmail.com

**(ਹ-99) ਹੜੱਪਾ ਸੰਸਕ੍ਰਿਤੀ :**

ਹੜੱਪਾ ਦੇ ਖੰਡਰਾਂ ਵਿਚੋਂ, ਭਾਰਤ ਦੀ ਇਕ ਮਹੱਤਵਪੂਰਨ ਪ੍ਰਾਗੈਤਿਹਾਸਕ ਸੰਸਕ੍ਰਿਤੀ ਦੇ ਪ੍ਰਕਾਸ਼ ਵਿਚ ਆਉਣ ਨਾਲ ਇਸ ਗੱਲ ਦੇ ਪ੍ਰਮਾਣ ਮਿਲੇ ਹਨ ਕਿ ਆਰੀਆ ਤੋਂ ਪਹਿਲਾਂ ਪੰਜਾਬ ਵਿਚ ਇਕ ਵਿਕਸਿਤ ਅਤੇ ਪ੍ਰੌਢ ਸੰਸਕ੍ਰਿਤੀ ਵਿਦਮਾਨ ਸੀ। ਲੋਕ ਕਿਲੇ-ਬੰਦ ਸ਼ਹਿਰਾਂ ਵਿਚ ਪੱਕੇ ਮਕਾਨ ਬਣਾ ਕੇ ਵਸਦੇ ਸਨ ਅਤੇ ਵਾਹੀ ਖੇਤੀ ਕਰ ਕੇ ਗੁਜ਼ਾਰਾ ਕਰਦੇ ਸਨ। ਹੜੱਪਾ ਸੰਸਕ੍ਰਿਤੀ ਭਾਰਤ ਦੀਆਂ ਹੁਣ ਤਕ ਉਪਲਬਧ ਸੰਸਕ੍ਰਿਤੀਆਂ ਵਿਚੋਂ ਪ੍ਰਾਚੀਨਤਮ ਹੈ। ਇਸ ਸੰਸਕ੍ਰਿਤੀ ਦੇ ਪਸਾਰ ਤੇ ਮਹਾਨਤਾ ਦਾ ਗਿਆਨ ਉਦੋਂ ਹੋਇਆ, ਜਦੋਂ 1924 ਈਸਵੀ ਵਿਚ ਮਹਿੰਜੋਦਾਰੋ ਦੀ ਖੁਦਾਈ ਵਿਚੋਂ ਹੜੱਪਾ ਸ਼ੈਲੀ ਦੀਆਂ ਵਸਤੂਆਂ ਪ੍ਰਕਾਸ਼ ਵਿਚ ਆਈਆਂ ਅਤੇ ਇਨ੍ਹਾਂ ਦੋਹਾਂ ਸਥਾਨਾਂ ਦੀਆਂ ਵਸਤੂਆਂ ਦੀ ਸਮਤਾ ਨੂੰ ਵੇਖ ਕੇ ਯਕੀਨ ਹੋ ਗਿਆ ਕਿ ਇਹ ਦੋਵੇਂ ਸਥਾਨ ਕਿਸੇ ਨਾ ਕਿਸੇ ਰੂਪ ਵਿਚ, ਇਕ ਕੇਂਦ੍ਰਿਤ ਰਾਜ ਸਤਾ ਦੇ ਅਧੀਨ ਸਨ। ਹੜੱਪਾ ਸੰਸਕ੍ਰਿਤੀ ਦੇ ਅਨੇਕਾਂ ਹੋਰ ਨਗਰ ਵੀ ਪ੍ਰਕਾਸ਼ ਵਿਚ ਆਏ ਹਨ ਜਿਵੇਂ ਕਿ 1935 ਈਸਵੀ ਵਿਚ ਅੰਬਾਲੇ ਜ਼ਿਲੇ ਵਿਚ ਕੋਟਲਾ ਨਿਹੰਗਾਂ ਦਾ ਥੇਹ; 1940-41 ਵਿਚ ਬਹਾਵਲਪੁਰ ਰਿਆਸਤ (ਪਾਕਿਸਤਾਨ) ਵਿਚ ਸਰਸਵਤੀ ਦਰਿਆ ਦੇ ਸੁਕੇ ਤਲ ਦੇ ਕੰਢੇ ਦਾ ਇਕ ਥੇਹ; 1950-53 ਵਿਚ ਰਾਜਸਥਾਨ ਦੇ ਗੰਗਾ ਨਗਰ ਜ਼ਿਲੇ ਵਿਚ ਸਰਸਵਤੀ ਦੀ ਸਹਾਇਕ ਨਦੀ ਦ੍ਰਿਸ਼ਟਵਤੀ ਦੇ ਉਪਰ ਵਲ ਸਥਿਤ ਇਕ ਥੇਹ ਅਤੇ 1953-55 ਵਿਚ ਰੋਪੜ ਦੀ ਥੇਹ ਆਦਿ। ਇਨ੍ਹਾਂ ਸਭਨਾਂ ਥੇਹਾਂ ਦੀ ਖੁਦਾਈ ਵਿਚੋਂ ਜੋ ਸਾਮਗ੍ਰੀ ਤੇ ਕਲਾ ਵਸਤੂਆਂ ਮਿਲੀਆਂ ਹਨ, ਉਸ ਤੋਂ ਇਹ ਸੰਸਕ੍ਰਿਤੀ ਪਛਮੋਂ ਪੂਰਬ ਤੇ ਉੱਤਰ ਦੱਖਣ ਵਲ 800 ਮੀਲ ਦੇ ਘੇਰੇ ਵਿਚ ਵਿਆਪਕ ਜਾਪਦੀ ਹੈ ਅਤੇ ਇਸ ਦਾ ਪਾਸਾਰ ਏਸ਼ੀਆ ਦੀਆਂ ਪ੍ਰਾਗੈਤਿਹਾਸਕ ਯੁਗ ਦੀਆਂ ਸੰਸਕ੍ਰਿਤੀਆਂ ਵਿਚੋਂ ਸਭ ਤੋਂ ਵਧ ਲੰਮਾ ਚੌੜਾ ਪ੍ਰਤੀਤ ਹੁੰਦਾ ਹੈ। ਪੁਰਾਤਤਵ ਵਿਗਿਆਨੀਆਂ ਨੇ ਇਸ ਸੰਸਕ੍ਰਿਤੀ ਦੀ ਸੁਮੇਰੀਅਨ ਸਭਿਅਤਾ ਨਾਲ ਡੂੰਘੀ ਸਾਂਝ ਵੀ ਸਿਧ ਕੀਤੀ ਹੈ।

ਇਸ ਪ੍ਰਾਚੀਨ ਸੰਸਕ੍ਰਿਤੀ ਦੀ ਹੋਂਦ ਦੇ ਪਹਿਲੇ ਪਰਮਾਣ ਪਛਮੀ ਪੰਜਾਬ ਦੇ ਮਿੰਟਗੁੰਮਰੀ ਜ਼ਿਲੇ ਵਿਚ, ਰਾਵੀ ਦਰਿਆ ਦੇ ਕੰਢੇ, ਅਜੋਕੇ ਹੜੱਪਾ ਦੇ ਖੰਡਰਾਂ ਵਿਚੋਂ ਮਿਲੇ ਹਨ, ਜਿਸ ਤੋਂ ਇਸ ਸੰਸਕ੍ਰਿਤੀ ਨੂੰ ਹੜੱਪਾ ਸੰਸਕ੍ਰਿਤੀ ਕਿਹਾ ਜਾਣ ਲੱਗਾ। ਨਹਿਰਾਂ ਬਣਨ ਤੋਂ ਪਹਿਲਾਂ ਇਹ ਸਾਰਾ ਇਲਾਕਾ ਵਣਾਂ ਕਰੀਰਾਂ ਨਾਲ ਢਕਿਆ ਹੋਇਆ ਜੰਗਲ ਸੀ। ਇਥੋਂ ਦੇ ਵਸਨੀਕ ਪਸ਼ੂ ਪਾਲ ਕ ਗੁਜ਼ਾਰਾ ਕਰਦੇ ਸਨ। ਉਨ੍ਹਾਂ ਨੂੰ ਇਥੋਂ ਸਮੇਂ ਸਮੇਂ ਠੀਕਰ ਮੁਹਰਾਂ ਤੇ ਹੋਰ ਸਾਮਗ੍ਰੀ ਲਭਦੀ ਰਹੀ। ਇਸ ਤੋਂ ਵਿਦਵਾਨਾਂ ਦਾ ਵਿਚਾਰ ਬਣਿਆ ਕਿ ਇਥੇ ਕਿਸੇ ਪ੍ਰਾਚੀਨ ਨਗਰ ਦੇ ਖੰਡਰ ਹਨ। ਸਭ ਤੋਂ ਪਹਿਲਾਂ ਇਨ੍ਹਾਂ ਖੰਡਰਾਂ ਵਲ 1826 ਈਸਵੀ ਵਿਚ ਇਕ ਅੰਗ੍ਰੇਜ਼ ਯਾਤ੍ਰੀ ਮੇਸਨ ਨੇ ਧਿਆਨ ਦਿਵਾਇਆ। ਫਿਰ 1831 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਆਏ, ਇੰਗਲੈਂਡ ਦੇ ਰਾਜਦੂਤ ਕਰਨਲ ਬਰਨਸ ਨੇ ਇਸ ਥੇਹ ਦਾ ਨਿਰੀਖਣ ਕੀਤਾ। ਉਦੋਂ ਇਹ ਖੰਡਰ ਤਿੰਨ ਮੀਲ ਦੇ ਘੇਰੇ ਵਿਚ ਫੈਲੇ ਹੋਏ ਸਨ ਅਤੇ ਇਥੇ ਇਕ ਗੜ੍ਹੀ ਵੀ ਸੀ। ਪਰ 1857 ਵਿਚ ਜਦੋਂ ਅਲੈਗਜ਼ੈਂਡਰ ਕੰਨਿਘਮ ਨੇ ਇਸ ਸਥਾਨ ਦਾ ਵਿਗਿਆਨਕ ਨਿਰੀਖਣ ਕੀਤਾ, ਤਾਂ ਉਦੋਂ ਤਕ ਕਾਫ਼ੀ ਪ੍ਰਾਚੀਨ ਸਾਮਗ੍ਰੀ ਬਰਬਾਦ ਹੋ ਚੁਕੀ ਸੀ ਅਤੇ ਗੜ੍ਹੀ ਦਾ ਨਾਂ ਨਿਸ਼ਾਨ ਵੀ ਮਿਟ ਚੁਕਿਆ ਸੀ। ਇਸ ਲਈ ਕੰਨਿਘਮ ਨੇ ਬੜੇ ਦੁਖੀ ਹਿਰਦੇ ਨਾਲ ਆਪਣੀ ਰਿਪੋਰਟ ਵਿਚ ਇਹ ਗੱਲ ਅੰਕਿਤ ਕੀਤੀ ਕਿ ਲਾਹੌਰ-ਮੁਲਤਾਨ ਰੇਲਵੇ ਦੀ ਪਟੜੀ ਵਿਛਾਣ ਵੇਲੇ, ਸੌ ਮੀਲ ਤਕ ਜੋ ਭਰਤੀ ਪਾਈ ਗਈ, ਉਸ ਵਿਚ ਹੜੱਪਾ ਦੇ ਖੰਡਰਾਂ ਦੇ ਹੀ ਮਲਬੇ ਦੀ ਵਰਤੋਂ ਕੀਤੀ ਗਈ, ਜਿਸ ਕਰ ਕੇ ਇਥੋਂ ਪ੍ਰਾਪਤ ਹੋਣ ਵਾਲੇ ਕਈ ਪ੍ਰਮਾਣ ਅਤੇ ਬਹੁਮੁੱਲੀ ਸਾਮਗ੍ਰੀ ਨਸ਼ਟ ਹੋ ਗਈ।

ਹੜੱਪਾ ਦੇ ਥੇਹ ਦੀ ਵਿਗਿਆਨਕ ਖੁਦਾਈ ਦਾ ਆਰੰਭ 1920 ਈਸਵੀ ਵਿਚ ਹੋਇਆ, ਪਰ ਉਸ ਦੀ ਮਹੱਤਤਾ ਅਤੇ ਪ੍ਰਾਚੀਨਤਾ ਦਾ ਗਿਆਨ 1924 ਵਿਚ ਉਦੋਂ ਹੋਇਆ, ਜਦੋਂ ਹੜੱਪਾ ਤੋਂ 400 ਮੀਲ ਪੂਰਬ ਵਲ ਮਹਿੰਜੋਦਾਰੋ ਦੀ ਥੇਹ ਨੂੰ ਖੋਦਿਆ ਗਿਆ। ਇਸ ਸੰਸਕ੍ਰਿਤੀ ਦੇ ਲਛਣ ਪੰਜਾਬ ਤੇ ਸਿੰਧ ਤੋਂ ਬਾਹਰ ਗੁਜਰਾਤ ਵਿਚ ਲੋਥਲ ਅਤੇ ਰੰਗਪੁਰ, ਬਲੋਚਿਸਤਾਨ ਵਿਚ ਕੁਲੀ ਤੇ ਦੋ ਹੋਰ ਥਾਵਾਂ ਵਿਚ ਵੀ ਮਿਲੇ ਹਨ।

ਹੜੱਪਾ ਦੀ ਗੌਰਵਮਈ ਸੰਸਕ੍ਰਿਤੀ ਦੇ ਨਿਰਮਾਤਾ ਕੌਣ ਸਨ ? ਕੀ ਇਹ ਲੋਕ ਪਛਮੀ ਏਸ਼ੀਆ ਵਿਚੋਂ ਇਥੇ ਆ ਕੇ ਵਸੇ ਸਨ, ਜਾਂ ਇਸ ਸੰਸਕ੍ਰਿਤੀ ਦਾ ਨਿਰਮਾਣ ਪੰਜਾਬ ਵਿਚ ਵਸਦੀਆਂ ਮੂਲ ਜਾਤੀਆਂ ਨੇ ਹੀ ਕੀਤਾ ਸੀ? ਇਹ ਅਤੇ ਇਸ ਤਰ੍ਹਾਂ ਦੇ ਅਨੇਕਾਂ ਹੋਰ ਭਾਵ-ਪੂਰਤ ਪ੍ਰਸ਼ਨਾਂ ਦਾ ਉੱਤਰ ਦੇਣਾ ਸੌਖਾ ਨਹੀਂ। ਕਈ ਭਾਰਤੀ ਵਿਦਵਾਨਾਂ ਨੇ ਉਪਭਾਵਕਤਾ ਦਾ ਸ਼ਿਕਾਰ ਹੋ ਕੇ, ਇਸ ਸੰਸਕ੍ਰਿਤੀ ਨੂੰ ਵੈਦਿਕ ਕਾਲ ਤੋਂ ਪਹਿਲਾਂ ਦੀ ਆਰਿਆਈ ਸੰਸਕ੍ਰਿਤੀ ਸਿਧ ਕਰਨ ਦੀ ਚੇਸ਼ਟਾ ਕੀਤੀ, ਪਰ ਇਸ ਗੱਲ ਦੇ ਕਾਫ਼ੀ ਪ੍ਰਮਾਣ ਮਿਲਦੇ ਹਨ ਕਿ ਇਹ ਸਭਿਅਤਾ ਪੂਰਵ-ਆਰਿਆਈ ਅਥਵਾ ਅਨਾਰੀਆ ਸੀ, ਜਿਸ ਨੂੰ ਆਰੀਆ ਲੋਕਾਂ ਨੇ ਹੀ ਨਸ਼ਟ ਕੀਤਾ ਸੀ। ਵਾਡਲ ਹੜੱਪਾ ਸੰਸਕ੍ਰਿਤੀ ਨੂੰ ਸੁਮੇਰੀਅਨ ਸਭਿਅਤਾ ਨਾਲ ਜੋੜਦਾ ਹੈ। ਉਸ ਦੀ ਧਾਰਨਾ ਹੈ ਕਿ ਪ੍ਰਾਗ-ਇਤਿਹਾਸਕ ਕਾਲ ਵਿਚ ਸਿੰਧੂ ਦੇਸ਼ ਸੁਮੇਰੀਅਨ ਜਾਤੀ ਦੀ ਹੀ ਇਕ ਬਸਤੀ ਸੀ। ਹੜੱਪਾ ਦੇ ਕਬਰਸਤਾਨ 'ਐਚ' ਵਿਚੋਂ ਜੋ ਪਿੰਜਰ ਮਿਲੇ ਹਨ, ਉਨ੍ਹਾਂ ਤੋਂ ਦੋ ਪ੍ਰਧਾਨ ਮਾਨਵ ਜਾਤੀਆਂ ਦੀ ਹੋਂਦ ਸਿਧ ਹੁੰਦੀ ਹੈ। ਇਕ ਜਾਤੀ ਦੇ ਲੋਕ ਦੀਰਘ ਕਪਾਲ ਸਨ ਅਤੇ ਦੂਜੀ ਜਾਤੀ ਦੇ ਛੋਟੇ, ਪਰ ਗੋਲ ਸਿਰ ਵਾਲੇ ਸਨ। ਇਹ ਦੂਜੀ ਜਾਤੀ ਭਾਰਤ ਦੀਆਂ ਮੂਲ ਜਾਤੀਆਂ ਵਿਚੋਂ ਹੀ ਕੋਈ ਜਾਤੀ ਸੀ। ਮਾਰਸ਼ਲ ਦੀ ਧਾਰਨਾ ਹੈ ਕਿ ਆਰੀਆ ਜਾਤੀ ਦੇ ਮੁਕਾਬਲੇ ਵਿਚ ਸਿੰਧੂ ਸਭਿਅਤਾ ਦੇ ਲੋਕ ਮਧਰੇ ਕਦ, ਕਾਲੀ ਚਮੜੀ ਤੇ ਚਪਟੀ ਨੱਕ ਵਾਲੇ ਸਨ ਅਤੇ ਸੰਭਵ ਹੈ ਕਿ ਇਹ ਭਾਰਤ ਦੀਆਂ ਮੂਲ ਜਾਤੀਆਂ ਵਿਚੋਂ ਕਿਸੇ ਇਕ ਵਿਚੋਂ ਹੋਣ। ਮਾਰਸ਼ਲ ਦੀ ਇਹ ਵੀ ਧਾਰਨਾ ਹੈ ਕਿ ਸਿੰਧੂ ਸਭਿਅਤਾ ਦਾ ਨਿਰਮਾਣ ਕਿਸੇ ਇਕ ਜਾਤੀ ਨੇ ਨਹੀਂ ਕੀਤਾ, ਸਗੋਂ ਇਹ ਕਈ ਜਾਤੀਆਂ ਦੀਆਂ ਸੰਸਕ੍ਰਿਤੀਆਂ ਦਾ ਮਿਸ਼ਰਣ ਸੀ। ਪੰਜਾਬ ਦੀ ਵਸੋਂ ਇਤਿਹਾਸਕ ਕਾਲ ਵਿਚ ਹਮੇਸ਼ਾਂ ਬਹੁਬਿਧ ਹੀ ਰਹੀ ਹੈ, ਕੀ ਪਤਾ ਪ੍ਰਾਗ-ਇਤਿਹਾਸਕ ਕਾਲ ਵਿਚ ਵੀ ਇਥੋਂ ਦੀ ਵਸੋਂ ਮਿਸ਼ਰਤ ਹੋਵੇ।

ਪੁਰਾਤਤਵ ਵਿਗਿਆਨੀਆਂ ਦਾ ਮੱਤ ਹੈ ਕਿ ਹੜੱਪਾ ਸੰਸਕ੍ਰਿਤੀ ਦੇ ਨਿਰਮਾਤਾ ਕਦਾਚਿਤ ਆਰੀਆ ਨਹੀਂ ਹੋ ਸਕਦੇ, ਕਿਉਂ ਜੋ ਹੜੱਪਾ ਦੇ ਖੰਡਰਾਂ ਵਿਚੋਂ ਜੋ ਸਾਮਗ੍ਰੀ ਮਿਲੀ ਹੈ, ਉਸ ਤੋਂ ਇਹ ਸਿਧ ਹੁੰਦਾ ਹੈ ਕਿ ਹੜੱਪਾ ਸੰਸਕ੍ਰਿਤੀ ਆਰੀਆ ਸਭਿਅਤਾ ਨਾਲੋਂ ਬਿਲਕੁਲ ਵਖਰੀ ਸੰਸਕ੍ਰਿਤੀ ਸੀ। ਦੋਹਾਂ ਸੰਸਕ੍ਰਿਤੀਆਂ ਦਾ ਅੰਤਰ ਪ੍ਰਗਟ ਕਰਦਿਆਂ ਮਾਰਸ਼ਲ ਲਿਖਦਾ ਹੈ — "ਆਰੀਆ ਜਾਤੀ ਅਜੇ ਪਸ਼ੂਪਾਲ ਅਵਸਥਾ ਵਿਚ ਹੀ ਵਿਚਰ ਰਹੀ ਸੀ ਅਤੇ ਉਹ ਹੜੱਪਾ ਤੇ ਮਹਿੰਜੋਦਾਰੋ ਦੇ ਨਾਗਰਿਕ ਜੀਵਨ ਤੋਂ ਬਿਲਕੁਲ ਅਭਿਜ ਸੀ। ਆਰੀਆ ਲੋਕਾਂ ਦੇ ਜੀਵਨ ਵਿਚ ਘੋੜੇ ਨੂੰ ਪ੍ਰਧਾਨ ਸਥਾਨ ਪ੍ਰਾਪਤ ਸੀ, ਪਰ ਸਿੰਧੂ ਸਭਿਅਤਾ ਵਿਚ ਇਸ ਪਸ਼ੂ ਦਾ ਕਿਧਰੇ ਚਿਤ੍ਰ ਨਹੀਂ ਮਿਲਦਾ। ਆਰੀਆ ਜਾਤੀ ਦੇ ਦੇਵਤੇ ਪੁਰਸ਼ ਲਿੰਗ ਸਨ ਪਰੰਤੂ ਹੜੱਪਾ ਦੇ ਲੋਕਾਂ ਦਾ ਪ੍ਰਧਾਨ ਇਸ਼ਟ 'ਮਾਤ੍ਰ ਦੇਵੀ' ਸੀ। ਆਰੀਆ ਵਿਚ ਗਊ ਪਵਿਤ੍ਰ ਅਤੇ ਪੂਜਨੀਕ ਸੀ, ਪਰ ਸਿੰਧੂ ਸਭਿਅਤਾ ਵਿਚ ਇਸ ਦੀ ਇਕ ਮੂਰਤੀ ਵੀ ਨਹੀਂ ਮਿਲੀ। ਹੜੱਪਾ ਤੇ ਮਹਿੰਜੋਦਾਰੋ ਦੇ ਲੋਕਾਂ ਨੂੰ ਕੱਵਚ ਦਾ ਗਿਆਨ ਨਹੀਂ ਸੀ। ਪ੍ਰੰਤੂ ਆਰੀਆ ਲੋਕ ਯੁੱਧ ਵਿਚ ਇਸ ਦੀ ਵਰਤੋਂ ਕਰਦੇ ਸਨ। ਆਰੀਆ ਲਈ ਮਛਲੀ ਅਭੱਖ

Sri Satguru Jagjit Singh Ji eLibrary NamdhariElibrary@gmail.com

ਸੀ, ਪਰ ਸਿੰਧੂ ਨਿਵਾਸੀਆਂ ਦੀ ਇਹ ਆਮ ਖ਼ੁਰਾਕ ਸੀ । ਵੇਦਾਂ ਵਿਚ ਬਾਘ ਦਾ ਕਿਧਰੇ ਵਰਨਣ ਨਹੀਂ ਅਤੇ ਹਾਥੀ ਦਾ ਜ਼ਿਕਰ ਬਹੁਤ ਘਟ ਹੈ, ਪਰ ਸਿੰਧੂ ਵਾਸੀਆਂ ਦਾ ਇਨ੍ਹਾਂ ਦੋਹਾਂ ਪਸ਼ੂਆਂ ਨਾਲ ਚੰਗਾ ਵਾਸਤਾ ਸੀ, ਵੇਦਾਂ ਵਿਚ ਪ੍ਰਧਾਨਤਾ ਨਿਰਗੁਣ ਉਪਾਸ਼ਨਾ ਨੂੰ ਹੈ, ਪ੍ਰੰਤੂ ਹੜੱਪਾ ਤੇ ਮਹਿੰਜੋਦਾਰੋ ਵਿਚ ਮੂਰਤੀ ਪੂਜਾ ਦੇ ਪ੍ਰਮਾਣ ਕਦਮ ਕਦਮ ਉਪਰ ਮਿਲਦੇ ਹਨ । ਵੈਦਿਕ ਆਰੀਆ ਵਿਚ ਸ਼ਿਵ ਤੇ ਮਾਤ੍ਰ ਦੇਵੀ ਦੀ ਉਪਾਸ਼ਨਾ ਦਾ ਨਿਸ਼ਾਨ ਤਕ ਨਹੀਂ ਮਿਲਦਾ, ਪਰ ਹੜੱਪਾ ਦੇ ਆਦਿ ਵਾਸੀਆਂ ਦੇ ਇਹੋ ਦੋਵੇਂ ਦੇਵੀ ਦੇਵਤਾ ਪ੍ਰਧਾਨ ਇਸ਼ਟ ਸਨ । ਆਰੀਆ ਅਗਨੀ ਪੂਜ ਸਨ ਅਤੇ ਉਨ੍ਹਾਂ ਦੇ ਘਰਾਂ ਵਿਚ ਹਵਨ ਕੁੰਡ ਬਣੇ ਹੁੰਦੇ ਸਨ । ਪਰ ਹੜੱਪਾ ਅਤੇ ਮਹਿੰਜੋਦਾਰੋ ਵਿਚ ਕਿਧਰੇ ਵੀ ਇਨ੍ਹਾਂ ਦੇ ਕੋਈ ਅਵਸ਼ੇਸ਼ ਨਹੀਂ ਮਿਲੇ । ਸਭ ਤੋਂ ਵਧ ਮਹੱਤਤਾ ਦੀ ਗੱਲ ਤਾਂ ਇਹ ਹੈ ਕਿ ਵੈਦਿਕ ਆਰੀਆ ਲਿੰਗ-ਪੂਜਾ ਨੂੰ ਨਿਕਾਰਦੇ ਸਨ । ਪਰ ਸਿੰਧੂ ਸਭਿਅਤਾ ਵਿਚ ਇਸ ਪੂਜਾ ਪ੍ਰਣਾਲੀ ਦੇ ਭਰਪੂਰ ਪ੍ਰਮਾਣ ਮਿਲੇ ਹਨ ।" ਅਜਿਹੇ ਵਿਆਪਕ ਅੰਤਰਾਂ ਦੇ ਆਧਾਰ 'ਤੇ ਹੀ ਮਾਰਸ਼ਲ ਇਸ ਨਤੀਜੇ ਉਤੇ ਪੁਜਾ ਹੈ ਕਿ ਆਰੀਆ ਜਾਤੀ ਦੇ ਭਾਰਤ ਵਿਚ ਕਦਮ ਰਖਣ ਵੇਲੇ ਹੜੱਪਾ ਅਤੇ ਮਹਿੰਜੋਦਾਰੋ ਸੰਸਕ੍ਰਿਤੀ ਆਪਣੀ ਉਮਰ ਭੋਗ ਚੁਕੀ ਸੀ ।

ਹੜੱਪਾ ਸੰਸਕ੍ਰਿਤੀ ਦਾ ਜੀਵਨ ਕਾਲ ਨਿਸਚਿਤ ਕਰਨ ਵਿਚ ਬਹੁਤੀ ਕਠਨਾਈ ਪੇਸ਼ ਨਹੀਂ ਆਉਂਦੀ । ਇਕ ਤਾਂ ਹੜੱਪਾ ਸੰਸਕ੍ਰਿਤੀ ਆਰੀਆ ਜਾਤੀ ਦੇ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਦੀ ਕੋਈ ਸੰਸਕ੍ਰਿਤੀ ਜਾਪਦੀ ਹੈ । ਆਰੀਆ ਦਾ ਭਾਰਤ ਵਿਚ ਪ੍ਰਵੇਸ਼ ਕਰਨ ਦਾ ਸਮਾਂ ਵਿਦਵਾਨਾਂ ਨੇ ਈਸਾ ਤੋਂ 1500 ਸਾਲ ਪਹਿਲਾਂ ਦਾ ਮਿਥਿਆ ਹੈ । ਦੂਜਾ, ਸਿੰਧੂ ਸਭਿਅਤਾ ਦੀਆਂ ਬਹੁਤ ਸਾਰੀਆਂ ਪ੍ਰਾਚੀਨ ਕਲਾ-ਕਿਰਤੀਆਂ ਨੂੰ ਮੈਸੋਪੋਟੇਮੀਆ ਆਦਿ ਦੀਆਂ ਸਮਾਨ ਸ਼ੈਲੀ ਦੀਆਂ ਕਲਾ-ਕ੍ਰਿਤੀਆਂ ਨਾਲ ਤੁਲਨਾ ਕਰ ਕੇ, ਉਨ੍ਹਾਂ ਦਾ ਕਾਲ ਨਿਰਧਾਰਤ ਕਰਨਾ ਸਹਿਜ ਹੋ ਜਾਂਦਾ ਹੈ । ਪਰ ਫਿਰ ਵੀ ਇਸ ਬਾਰੇ ਵਿਦਵਾਨ ਇਕ ਮੱਤ ਨਹੀਂ । ਭੌਤਿਕ ਸਾਮਗ੍ਰੀ ਅਤੇ ਕੁਝ ਹੋਰ ਤਥਾਂ ਦੇ ਆਧਾਰ 'ਤੇ ਮਾਰਸ਼ਲ ਅਤੇ ਕੁਝ ਹੋਰ ਪੁਰਾਤਤਵ ਖੋਜੀਆਂ ਦੀ ਧਾਰਨਾ ਹੈ ਕਿ ਸਿੰਧੂ ਸਭਿਅਤਾ ਦਾ ਜੀਵਨ ਕਾਲ ਈਸਾ ਪੂਰਵ ਚੌਥੀ ਸਹੰਸਰਬਦੀ ਤੋਂ ਲੈ ਕੇ ਤੀਸਰੀ ਸਹੰਸਰਬਦੀ ਦੇ ਅੱਧ ਤਕ ਭਾਵ ਪੰਦਰਾਂ ਸੌ ਸਾਲ ਦੇ ਲਗਪਗ ਰਿਹਾ । ਉਨ੍ਹਾਂ ਦਾ ਇਹ ਨਿਰਣਾ ਖੰਡਰਾਂ ਵਿਚ ਉਪਲਬਧ ਸਾਮਗ੍ਰੀ ਦੇ ਨਿਰੀਖਣ ਤੋਂ ਇਲਾਵਾ ਸਿੰਧੂ-ਸੁਮੇਰੀਅਨ ਸਭਿਅਤਾਵਾਂ ਦੀ ਆਪਸੀ ਤੁਲਨਾ ਉਪਰ ਆਧਾਰਤ ਹੈ । ਖੋਜੀਆਂ ਦੀ ਇਹ ਵੀ ਧਾਰਨਾ ਹੈ ਕਿ ਮਹਿੰਜੋਦਾਰੋ ਦੇ ਉਜੜ ਜਾਣ ਮਗਰੋਂ ਵੀ ਹੜੱਪਾ ਸੰਸਕ੍ਰਿਤੀ ਕਈ ਸਦੀਆਂ ਤਕ ਸੁਰਜੀਤ ਰਹੀ । ਅੰਤਲੇ ਕਾਲ ਵਿਚ ਇਥੇ ਇਕ ਅਗਿਆਤ ਜਾਤੀ ਦੇ ਲੋਕ ਆ ਕੇ ਵਸ ਗਏ, ਜਿਨ੍ਹਾਂ ਦੀਆਂ ਅਸਥੀਆਂ ਕਬਰਸਤਾਨ 'ਐਚ' ਵਿਚੋਂ ਲਭੀਆਂ ਹਨ, ਪਰ ਡਾ: ਵੀਲਰ ਅਤੇ ਪ੍ਰੋ: ਪਿਗਟ ਨੇ ਮਾਰਸ਼ਲ ਦੇ ਇਸ ਕਾਲ ਨਿਰਣੇ ਨੂੰ ਪ੍ਰਵਾਨ ਨਹੀਂ ਕੀਤਾ । ਉਨ੍ਹਾਂ ਦੇ ਵਿਚਾਰ ਅਨੁਸਾਰ ਹੜੱਪਾ ਸੰਸਕ੍ਰਿਤੀ 2500 ਤੋਂ 1500 ਪੂਰਵ ਈਸਵੀ ਤਕ ਹੋਂਦ ਵਿਚ ਰਹੀ । ਡਾ: ਵੀਲਰ ਦਾ ਤਾਂ ਮੱਤ ਹੈ ਕਿ ਹੜੱਪਾ ਸੰਸਕ੍ਰਿਤੀ ਦਾ ਨਾਸ਼ ਆਰੀਆ ਜਾਤੀ ਦੇ ਹਥੋਂ ਹੀ ਹੋਇਆ ।

ਹੜੱਪਾ ਸੰਸਕ੍ਰਿਤੀ ਦਾ ਅੰਤ ਕਿਵੇਂ ਹੋਇਆ ? ਇਸ ਸਬੰਧੀ ਵੀ ਕੋਈ ਇਤਿਹਾਸਕ ਘਟਨਾ ਅਜੇ ਪ੍ਰਕਾਸ਼ ਵਿਚ ਨਹੀਂ ਆਈ । ਇਸ ਅੰਤ ਦੇ ਕਈ ਕਾਰਨ ਮਿਥੇ ਗਏ ਹਨ, ਜਿਵੇਂ ਕਿ ਬਦੇਸ਼ੀ ਹੱਲੇ, ਦਰਿਆ ਵਿਚ ਭਿਆਨਕ ਹੜ੍ਹਾਂ ਦਾ ਆਉਣਾ ਜਾਂ ਕਾਲ ਪੈ ਜਾਣਾ । ਪਰ ਡਾ: ਵੀਲਰ ਦਾ ਮੱਤ ਹੈ ਕਿ ਆਰੀਆ ਜਾਤੀ ਨੇ ਹੀ ਇਸ ਸੰਸਕ੍ਰਿਤੀ ਦਾ ਬੀਜ ਨਾਸ਼ ਕੀਤਾ । ਹੜੱਪਾ ਸੰਸਕ੍ਰਿਤੀ ਦਾ ਨਾਸ਼ ਹੋਣ ਦਾ ਸਮਾਂ ਉਹੋ ਸਿਧ ਹੁੰਦਾ ਹੈ, ਜਦੋਂ ਆਰੀਆ ਲੋਕਾਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ । ਰਿਗ ਵੇਦ ਵਿਚ 'ਦਸਯੂ' ਤੇ 'ਨਿਸ਼ਾਦ' ਸ਼ਬਦਾਂ ਦਾ ਪ੍ਰਯੋਗ ਉਨ੍ਹਾਂ ਕਬੀਲਿਆਂ ਦੇ ਲੋਕਾਂ ਲਈ ਕੀਤਾ ਗਿਆ ਹੈ, ਜੋ ਆਰੀਆ ਦੇ ਭਾਰਤ ਵਿਚ ਪ੍ਰਵੇਸ਼ ਸਮੇਂ ਇਥੇ ਮੌਜੂਦ ਸਨ ਅਤੇ ਜਿਨ੍ਹਾਂ ਨੂੰ ਆਰੀਆ ਨੇ ਪ੍ਰਾਜਿਤ ਕਰ ਲਿਆ । ਵੀਲਰ ਦੀ ਧਾਰਨਾ ਹੈ ਕਿ ਆਰੀਆ ਜਾਤੀ ਨੇ ਇੰਦਰ ਦੀ ਅਗਵਾਈ ਹੇਠ ਇਸ ਪ੍ਰਾਚੀਨ ਸਭਿਅਤਾ ਨੂੰ ਨਸ਼ਟ ਕੀਤਾ । ਉਹੋ ਇੰਦਰ, ਜਿਸ ਦੀ ਉਸਤਤੀ ਰਿਗ ਵੇਦ ਦੇ ਇਕ ਚੌਥਾਈ ਭਾਗ ਵਿਚ ਫੈਲੀ ਹੋਈ ਹੈ, ਮਗਰੋਂ ਦੇਵਤੇ ਦੇ ਰੂਪ ਵਿਚ ਪੂਜਿਆ ਜਾਣ ਲੱਗਾ । ਰਿਗ ਵੇਦ ਦੀਆਂ ਕੁਝ ਰਿਚਾਂ ਦਾ ਅਧਿਐਨ, ਜੇ ਉਪ੍ਰੋਕਤ ਸੰਦਰਭ ਵਿਚ ਕੀਤਾ ਜਾਵੇ, ਤਾਂ ਇਹ ਰਹੱਸ ਖੁਲ੍ਹਦਾ ਹੈ ।

ਹੜੱਪਾ ਦੇ ਖੰਡਰਾਂ ਤੋਂ ਪ੍ਰਾਪਤ ਹੋਈ ਸਾਮਗ੍ਰੀ ਤੋਂ ਇਸ ਸੰਸਕ੍ਰਿਤੀ ਦੇ ਕਈ ਪੱਖ-ਪਸਾਰ ਪ੍ਰਕਾਸ਼ ਵਿਚ ਆਉਂਦੇ ਹਨ । ਇਸ ਗੱਲ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ ਕਿ ਆਰਿਆਈ ਧਰਮ ਤੇ ਸੰਸਕ੍ਰਿਤੀਆਂ ਦੀਆਂ ਕਈ ਰੂੜ੍ਹੀਆਂ ਹੜੱਪਾ ਵਿਚੋਂ ਹੀ ਪੁੰਗਰੀਆਂ । ਮਾਰਸ਼ਲ ਦੀ ਧਾਰਨਾ ਹੈ ਕਿ ਹਿੰਦੂ ਜਾਤੀ ਵਿਚ ਉਪਲਬਧ ਅਨੇਕਾਂ ਧਾਰਮਕ ਤੇ ਸਾਂਸਕ੍ਰਿਤਕ ਵਿਲਖਣਤਾਵਾਂ ਦਾ ਉਦੈ ਸਿੰਧੂ ਸਭਿਅਤਾ ਵਿਚੋਂ ਹੀ ਹੋਇਆ । ਵਿਸ਼ੇਸ਼ ਤੌਰ ਤੇ ਮਾਤ੍ਰ ਦੇਵੀ, ਸ਼ਿਵ ਲਿੰਗ ਆਦਿ ਦੀ ਉਪਾਸ਼ਨਾ; ਨਾਗ, ਪਸ਼ੂ, ਬ੍ਰਿਛ ਤੇ ਪੱਥਰ ਆਦਿ ਦੀ ਪੂਜਾ; ਨਦੀ, ਪਹਾੜ, ਪ੍ਰਕ੍ਰਿਤੀ ਆਦਿ ਜੜ੍ਹ ਵਸਤੂਆਂ ਵਿਚ ਧਾਰਮਕ ਆਸਥਾ ਅਤੇ ਜੰਤ੍ਰ ਮੰਤ੍ਰ ਅਤੇ ਭੂਤ-ਵਿੱਦਿਆ ਵਿਚ ਵਿਸ਼ਵਾਸ਼ ਆਦਿ ਦੀਆਂ ਲੋਕ-ਧਰਮੀ ਰੂੜ੍ਹੀਆਂ, ਜੋ ਵੈਦਿਕ ਕਾਲ ਦੀ ਹਿੰਦੂ ਸੰਸਕ੍ਰਿਤੀ ਵਿਚ ਉੱਕਾ ਨਹੀਂ ਮਿਲਦੀਆਂ, ਪਰ ਉੱਤਰ-ਵੈਦਿਕ ਕਾਲ ਵਿਚ ਹਿੰਦੂ ਜਾਤੀ ਦੀ ਸੰਸਕ੍ਰਿਤੀ ਦਾ ਗੌਰਵਮਈ ਅੰਗ ਬਣ ਗਈਆਂ । ਧਰਮ ਤੇ ਸਭਿਆਚਾਰ ਦੀਆਂ ਇਹ ਵਿਸ਼ੇਸ਼ ਰੂੜ੍ਹੀਆਂ ਆਰੀਆ ਜਾਤੀ ਨੇ ਹੜੱਪਾ ਸੰਸਕ੍ਰਿਤੀ ਤੋਂ ਹੀ ਗ੍ਰਹਿਣ ਕੀਤੀਆਂ ਸਨ ।

ਮਾਰਸ਼ਲ ਦੀ ਧਾਰਨਾ ਅਨੁਸਾਰ ਸਿੰਧੂ ਕਾਲ ਦਾ ਪ੍ਰਧਾਨ ਇਸ਼ਟ ਮਾਤ੍ਰਦੇਵੀ ਸੀ, ਜਿਸ ਦੀਆਂ ਬੇਸ਼ੁਮਾਰ ਮੂਰਤੀਆਂ ਹੜੱਪਾ ਤੇ ਮਹਿੰਜੋਦਾਰੋ ਦੇ ਖੰਡਰਾਂ ਵਿਚੋਂ ਲਭੀਆਂ ਹਨ । ਇਨ੍ਹਾਂ ਮੂਰਤੀਆਂ ਨੇ ਜੀਰ ਉਪਰ ਹਾਰ, ਛੱਲੇ ਤੇ ਵੰਗਾਂ ਆਦਿ ਧਾਰਨ ਕੀਤੀਆਂ ਹੋਈਆਂ ਹਨ ਅਤੇ ਇਨ੍ਹਾਂ ਦੇ ਸਿਰਾਂ ਉਪਰ ਮੁਕਟ ਸ਼ਸ਼ੋਭਤ ਹਨ । ਇਨ੍ਹਾਂ ਮੂਰਤੀਆਂ ਦੇ ਕੰਨਾਂ ਕੋਲ ਨਿਕੇ ਨਿਕੇ ਦੀਵੇ ਜਿਹੇ ਬਣੇ ਹੋਏ ਹਨ, ਜਿਨ੍ਹਾਂ ਦੇ ਕਾਲਖ ਦੇ ਨਿਸ਼ਾਨਾਂ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਮੂਰਤੀਆਂ ਕਦੇ ਪੂਜੀਆਂ ਜਾਂਦੀਆਂ ਸਨ ਅਤੇ ਪੂਜਾ ਅਰਚਾ ਦੇ ਵੇਲੇ ਧੂਪ ਦੀਪ ਦੀ ਪ੍ਰਥਾ ਸੀ । ਇਸੇ ਮਾਤ੍ਰ ਦੇਵੀ ਵਿਚੋਂ ਉੱਤਰ ਕਾਲੀਨ ਸ਼ਕਤੀ ਪੂਜਾ ਤੇ ਸਾਕਤ ਮੱਤ ਦੇ ਸੰਕਲਪ ਉਭਰੇ ਤੇ ਵਿਗਸੇ, ਜੋ ਹੌਲੇ ਹੌਲੇ ਆਰੀਆ ਧਰਮ-ਪ੍ਰਣਾਲੀ ਵਿਚ ਵਲੀਨ ਹੋ ਗਏ । ਦੁਰਗਾ, ਕਾਲੀ, ਗੌਰੀ ਅਤੇ ਓਮਾ ਆਦਿ ਇਸੇ ਮਾਤ੍ਰ ਦੇਵੀ ਦੇ ਵਿਵਧ-ਰੂਪ ਜਾਪਦੇ ਹਨ । ਧਰਤੀ ਮਾਤਾ, ਕੁਲ ਦੇਵੀ ਅਤੇ ਗ੍ਰਾਮ ਦੇਵੀ ਆਦਿ ਦੀ ਪੂਜਾ, ਜੋ ਹੁਣ ਤਕ ਪੰਜਾਬ ਦੇ ਲੋਕ-ਧਰਮ ਵਿਚ ਇਕਾਗਰ ਹੈ, ਦੇ ਚਿੰਨ੍ਹ ਵੀ ਹੜੱਪਾ ਸੰਸਕ੍ਰਿਤੀ ਵਿਚ ਉਪਲਬਧ ਹਨ । ਇਨ੍ਹਾਂ ਖੰਡਰਾਂ ਵਿਚੋਂ ਲਭੀਆਂ ਪੱਥਰ ਤੇ ਮਿੱਟੀ ਦੀਆਂ ਮੁਕਟਧਾਰੀ ਮੂਰਤੀਆਂ ਧਰਤੀ ਮਾਤਾ ਅਤੇ ਹੋਰ ਲਘੂ ਦੇਵੀਆਂ ਦੀਆਂ ਹੀ ਜਾਪਦੀਆਂ ਹਨ । ਇਕ ਮੁਹਰ 'ਤੇ ਪਿੱਪਲ ਦੇ ਰੁੱਖ ਵਿਚ ਇਕ ਤ੍ਰਿਸਿੰਗੀ ਦੇਵੀ ਖੜੀ ਹੈ, ਜਿਸ ਨੂੰ ਇਕ ਦੋ ਸਿੰਗੀ ਮੂਰਤੀ ਮੱਥਾ ਟੇਕ ਰਹੀ ਹੈ । ਪਿਛੇ ਇਕ ਮਾਨਵ-ਮੁਖੀ ਬਕਰੀ ਸਾਵਧਾਨ ਖੜੀ ਹੈ । ਇਸ ਚਿਤ੍ਰ ਦੇ ਹੇਠਾਂ ਸੱਤ ਕੰਨਿਆਂ ਇਕੋ ਕਤਾਰ ਵਿਚ ਖੜੀਆਂ ਹਨ, ਜਿਨ੍ਹਾਂ ਦੀਆਂ ਪਿਛੇ ਵਲ ਗੁੱਤਾਂ ਲਮਕ ਰਹੀਆਂ ਹਨ । ਧਾਰਨਾ ਹੈ ਕਿ ਇਹ ਸੀਤਲਾ ਦੇਵੀ ਤੇ ਉਸ ਦੀਆਂ ਛੇ ਭੈਣਾਂ ਹਨ, ਜਿਨ੍ਹਾਂ ਦਾ ਪੂਜਾ ਹੁਣ ਤਕ ਪੰਜਾਬ ਦੇ ਲੋਕ-ਧਰਮ ਦਾ

Sri Satguru Jagjit Singh Ji eLibrary NamdhariElibrary@gmail.com

ਅੰਗ ਬਣੀ ਹੋਈ ਹੈ।

ਆਰੀਆ ਜਾਤੀ ਵਿਚ ਪ੍ਰਚਲਤ ਤ੍ਰੈਮੂਰਤੀ ਦਾ ਸੰਕਲਪ ਵੀ ਪ੍ਰਾਗੈਤਿਹਾਸਕ ਜਾਪਦਾ ਹੈ। ਮਹਿੰਜੋਦੜੋ ਵਿਚੋਂ ਪ੍ਰਾਪਤ ਇਕ ਮੁਹਰ ਉਪਰ ਇਕ ਤ੍ਰੈਮੁਖੀ ਪੁਰਸ਼ ਲਿੰਗ ਦੇਵਤੇ ਦੀ ਮੂਰਤੀ ਮਿਲੀ ਹੈ, ਜੋ ਪਦਮਾਸਨ ਮੁਦਰਾ ਵਿਚ ਬਿਰਾਜਮਾਨ ਹੈ ਅਤੇ ਜਿਸ ਦੇ ਦੁਆਲੇ ਬਹੁਤ ਸਾਰੇ ਪਸ਼ੂ — ਹਿਰਨ, ਹਾਥੀ, ਬਾਰਾਸਿੰਗਾ, ਗੈਂਡਾ, ਸ਼ੇਰ ਤੇ ਮਹਿੰ ਬੈਠੇ ਵਿਖਾਏ ਗਏ ਹਨ। ਇਹ ਤ੍ਰੈਮੁਖੀ ਦੇਵਤਾ ਰੁਦ੍ਰ ਅਥਵਾ ਸ਼ਿਵ ਦਾ ਪਸ਼ੂਪਤੀ ਜਾਂ ਪੂਰਵ ਰੂਪ ਮਿਥਿਆ ਜਾ ਸਕਦਾ ਹੈ। ਰਿਗ ਵੇਦ ਵਿਚ ਰੁਦ੍ਰ ਨਾਲ ਘੋਰ, ਪ੍ਰਚੰਡ ਤੇ ਅਸੁਰ ਦੇ ਵਿਸ਼ੇਸ਼ਣ ਜੁੜੇ ਹੋਏ ਮਿਲਦੇ ਹਨ। ਐਤ੍ਰੀਆ ਬ੍ਰਾਹਮਣ ਅਨੁਸਾਰ ਰੁਦ੍ਰ ਸ੍ਰਿਸ਼ਟੀ ਦੇ ਸਾਰੇ ਅਸੁਰੀ ਤਤਵਾਂ ਦਾ ਮਿਸ਼ਰਣ ਹੈ। ਮਾਰਸ਼ਲ ਨੇ ਇਸ ਦੇਵਤੇ ਦਾ ਸ਼ਿਵ ਨਾਲ ਏਕੀਕਰਣ ਸਿਧ ਕੀਤਾ ਹੈ, ਪਰ ਕੇਦਾਰਨਾਥ ਸ਼ਾਸਤ੍ਰੀ ਦਾ ਮੱਤ ਹੈ ਕਿ ਸਿੰਧੂ ਕਾਲੀਨ ਇਹ ਦੇਵਤਾ,ਬਜਾਏ ਉੱਤਰਕਾਲੀਨ ਸ਼ਿਵ ਦੇ, ਪੂਰਵਕਾਲੀਨ ਵੈਦਿਕ ਰੁਦ੍ਰ ਦਾ ਹੀ ਪੂਰਵ ਰੂਪ ਹੈ।

ਹੜੱਪਾ ਵਿਚੋਂ ਲਭੀਆਂ ਮੁਹਰਾਂ ਤੋਂ ਮਨੁੱਖ-ਪਸ਼ੂ ਮਿਸ਼ਰਤ ਸਰੀਰ ਵਾਲੇ ਦੇਵਤਿਆਂ ਦੀ ਉਪਾਸ਼ਨਾ ਦੀ ਵੀ ਪੁਸ਼ਟੀ ਹੁੰਦੀ ਹੈ, ਜਿਸ ਤੋਂ ਜਾਪਦਾ ਹੈ ਕਿ ਇਹ ਸੰਕਲਪ ਵੀ ਪ੍ਰਾਗੈਤਿਹਾਸਕ ਹੈ। ਇਕ ਦੇਵਤੇ ਦੇ ਕੁਝ ਅੰਸ਼ ਮਨੁੱਖ ਦੇ ਹਨ ਅਤੇ ਕੁਝ ਬਾਘ ਦੇ ਹਨ। ਇਹ ਦੇਵਤਾ ਨਰਸਿੰਘ ਅਵਤਾਰ ਦਾ ਪੂਰਵਵਰਤੀ ਜਾਪਦਾ ਹੈ। ਇਕ ਹੋਰ ਮੂਰਤ ਵਿਚ ਮੂੰਹ ਮਨੁਖ ਦਾ, ਸੁੰਡ ਹਾਥੀ ਦੀ, ਸਿੰਗ ਤੇ ਅਗਲੀਆਂ ਲੱਤਾਂ ਬਲਦ ਦੀਆਂ ਪਰ ਪਿਛਲੀਆਂ ਲੱਤਾਂ ਅਤੇ ਪੂਛਲ ਸ਼ੇਰ ਦੀ ਹੈ। ਇਕ ਹੋਰ ਮੂਰਤੀ ਵਿਚ ਪਿੱਛਾ ਮੇਸ਼ ਦਾ ਹੈ ਅਤੇ ਮੂੰਹ ਹਾਥੀ ਦਾ, ਇਹ ਮੂਰਤੀ ਗਣੇਸ਼ ਦੇਵਤੇ ਦੀ ਪੂਰਵਵਰਤੀ ਜਾਪਦੀ ਹੈ। ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਰੂੜ੍ਹੀਆਂ ਵਿਚੋਂ ਹੀ ਦੁਰਗਾ ਦੇਵੀ ਅਤੇ ਉਸ ਦੇ ਸ਼ੇਰ ਦਾ ਸੰਕਲਪ ਉਭਰਿਆ ਹੈ।

ਹੜੱਪਾ ਸੰਸਕ੍ਰਿਤੀ ਵਿਚ ਪਸ਼ੂ-ਪੂਜਾ ਦੇ ਵੀ ਕਾਫ਼ੀ ਪ੍ਰਮਾਣ ਮਿਲਦੇ ਹਨ। ਦੇਵਤਿਆਂ ਦੀਆਂ ਕੁਝ ਮੂਰਤੀਆਂ ਦੇ ਸਿਰਾਂ ਉਪਰ ਬੱਕਰੀਆਂ ਜਾਂ ਬਲਦਾਂ ਦੇ ਸਿੰਗ ਲੱਗੇ ਹੋਏ ਹਨ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਬਲਦ ਤੇ ਬਕਰਾ ਪੂਜਨੀਕ ਪਸ਼ੂ ਸਨ ਅਤੇ ਉਨ੍ਹਾਂ ਦੇ ਸਿੰਗ ਦੇਵਤਵ ਦਾ ਚਿੰਨ੍ਹ ਸਨ। ਕੁਝ ਚਿੰਨ੍ਹ ਨਾਗ-ਪੂਜਾ ਦੇ ਵੀ ਮਿਲੇ ਹਨ। ਇਕ ਥੇਹ ਵਿਚੋਂ ਪੱਥਰ ਦਾ ਘੜਿਆ ਹੋਇਆ ਸਰਪ ਮਿਲਿਆ ਹੈ। ਇਕ ਮੁਹਰ ਉਤੇ ਸਰਪ ਦੇ ਮੂਹਰੇ ਇਕ ਭਾਂਡਾ ਜਿਹਾ ਬਣਿਆ ਵਿਖਾਇਆ ਗਿਆ ਹੈ, ਜੋ ਸਰਪ ਦੇ ਦੁੱਧ ਪੀਣ ਲਈ ਹੋਵੇਗਾ। ਮਿੱਟੀ ਦੇ ਭਾਂਡਿਆਂ ਉਪਰ ਵੀ ਸਰਪ-ਮੂਰਤੀਆਂ ਕਾਫ਼ੀ ਮਾਤਰਾ ਵਿਚ ਬਣੀਆਂ ਮਿਲੀਆਂ ਹਨ। ਲਿੰਗ ਦੀ ਸ਼ਕਲ ਦੇ ਅਨੇਕਾਂ ਘਸੇ ਹੋਏ ਪੱਥਰ ਵੀ ਲਭੇ ਹਨ, ਜਿਨ੍ਹਾਂ ਤੋਂ ਲਿੰਗ-ਪੂਜਾ ਦੇ ਪ੍ਰਚਲਤ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ।

ਹੜੱਪਾ ਸੰਸਕ੍ਰਿਤੀ ਵਿਚ ਪਿੱਪਲ ਤੇ ਕੁਝ ਹੋਰ ਬ੍ਰਿਛਾਂ ਦੀ ਪੂਜਾ ਨੂੰ ਗੌਰਵਮਈ ਸਥਾਨ ਪ੍ਰਾਪਤ ਸੀ, ਜੋ ਮਗਰੋਂ ਆਰੀਆ ਸਭਿਅਤਾ ਨੇ ਅਪਣਾਇਆ। ਹੜੱਪਾ ਦੀਆਂ ਕਈ ਮੁਹਰਾਂ ਵਿਚ ਇਕ ਸ੍ਰਿੰਗ ਦੇਵਤਾ ਪਿੱਪਲ ਦੀ ਰੱਖਿਆ ਕਰ ਰਿਹਾ ਹੈ। ਕਈ ਦੇਵ-ਮੂਰਤੀਆਂ ਨੇ ਪਿੱਪਲ ਦੀ ਟਹਿਣੀ ਧਾਰਨ ਕੀਤੀ ਹੋਈ ਹੈ, ਜਿਸ ਤੋਂ ਜਾਪਦਾ ਹੈ ਕਿ ਪਿੱਪਲ ਦੀ ਟਹਿਣੀ ਧਾਰਨ ਕਰਨਾ ਦੇਵਤਵ ਦਾ ਚਿੰਨ੍ਹ ਸੀ। ਇਕ ਮੁਹਰ ਉਤੇ ਪਿੱਪਲ ਵਿਚ ਖੜੀ ਦੇਵੀ ਦੀ ਮੂਰਤੀ ਹੈ, ਜਿਸ ਬਾਰੇ ਅਨੁਮਾਨ ਹੈ ਕਿ ਉਹ ਲਛਮੀ ਦੇਵੀ ਜਾਂ ਉਸ ਦਾ ਕੋਈ ਪੂਰਵ ਰੂਪ ਸੀ। ਕਿਉਂ ਜੋ ਧਾਰਨਾ ਹੈ ਕਿ ਲਛਮੀ ਦੇਵੀ ਪਿੱਪਲ ਵਿਚ ਨਿਵਾਸ ਕਰਦੀ ਹੈ।

ਪਿੱਪਲ ਤੋਂ ਬਿਨਾਂ ਨਿੰਮ ਤੇ ਕਈ ਹੋਰ ਰੁੱਖ ਵੀ ਮੁਹਰਾਂ ਉਪਰ ਚਿਤਰੇ ਮਿਲੇ ਹਨ। ਕੁਝ ਮੁਹਰਾਂ ਉਪਰ ਸੂਰਜ ਦੀਆਂ ਮੂਰਤੀਆਂ ਵੀ ਬਣੀਆਂ ਹੋਈਆਂ ਮਿਲੀਆਂ ਹਨ, ਜਿਸ ਤੋਂ ਸੂਰਜ-ਪੂਜਾ ਦੇ ਪ੍ਰਚਲਤ ਹੋਣ ਦੀ ਪੁਸ਼ਟੀ ਹੁੰਦੀ ਹੈ। ਅਨੇਕਾਂ ਮੁਹਰਾਂ ਉਪਰ ਸਵਾਸਤਿਕ ਚਿਤ੍ਰ ਉਤਰਾਯਣ ਤੇ ਦਖਸ਼ਨਾਯਣ ਦੋਹਾਂ ਰੂਪਾਂ ਵਿਚ ਮਿਲੇ ਹਨ। ਕੁਝ ਮੁਹਰਾਂ ਉਪਰ ਵਿਸ਼ੇਸ਼ ਵਿਧੀ ਨਾਲ ਬਣੇ ਨੌਂ ਖ਼ਾਨੇ ਮਿਲੇ ਹਨ, ਜੋ ਨੌਂ ਗ੍ਰਹਿਆਂ ਦਾ ਚਿੰਨ੍ਹ ਜਾਪਦੇ ਹਨ। ਇਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਹੜੱਪਾ ਕਾਲ ਵਿਚ ਨੌਂ ਗ੍ਰਹਿਆਂ ਦੀ ਪੂਜਾ ਦੀ ਵੀ ਪ੍ਰਥਾ ਸੀ।

ਹੜੱਪਾ ਸੰਸਕ੍ਰਿਤੀ ਵਿਚ ਜੰਤ੍ਰ-ਮੰਤ੍ਰ, ਗੰਢ-ਤਵੀਤ ਤੇ ਜਾਦੂ ਟੂਣੇ ਦੇ ਪ੍ਰਯੋਗ ਦੇ ਕੁਝ ਸਪਸ਼ਟ ਪ੍ਰਮਾਣ ਮਿਲੇ ਹਨ। ਇਕ ਸਿਪ ਦੇ ਤਵੀਤ ਉਤੇ ਧਾਗਿਆਂ ਦੀਆਂ ਗੰਢਾਂ ਚਿਤਰੀਆਂ ਹੋਈਆਂ ਹਨ, ਜੋ ਅਨੁਮਾਨ ਅਨੁਸਾਰ ਦੀਰਘ ਆਯੂ ਲਈ ਪਹਿਨਿਆ ਜਾਂਦਾ ਹੋਵੇਗਾ। ਕੁਝ ਮੁਹਰਾਂ ਦੇ ਸਿਰਿਆਂ ਉਪਰ ਧਾਗੇ ਪਾਉਣ ਲਈ ਮੋਰੀਆਂ ਕਢੀਆਂ ਹੋਈਆਂ ਮਿਲੀਆਂ ਹਨ। ਲੋਕੀਂ ਇਨ੍ਹਾਂ ਵਿਚ ਧਾਗਾ ਪਾ ਕੇ ਤਵੀਤ ਵਾਂਗ ਗਲ ਵਿਚ ਪਾਉਂਦੇ ਜਾਂ ਬਾਂਹ 'ਤੇ ਬੰਨ੍ਹਦੇ ਹੋਣਗੇ।

ਹੜੱਪਾ ਦੀ ਖੁਦਾਈ ਵਿਚ ਦੋ ਪ੍ਰਾਗ-ਇਤਿਹਾਸਕ ਕਬਰਸਤਾਨ ਮਿਲੇ ਹਨ, ਜਿਨ੍ਹਾਂ ਤੋਂ ਅੰਤੇਸ਼ਟੀ ਸੰਸਕਾਰ ਅਤੇ ਪਰਲੋਕ ਬਾਰੇ ਮਨੌਤਾਂ ਉਤੇ ਕਾਫ਼ੀ ਚਾਨਣਾ ਪੈਂਦਾ ਹੈ। ਪਹਿਲੇ ਨੂੰ ਕਬਰਸਤਾਨ 'ਐਚ' ਕਿਹਾ ਜਾਂਦਾ ਹੈ, ਜੋ 1927 ਵਿਚ ਲੱਭਾ ਅਤੇ ਜੋ ਸਿੰਧੂ ਸਭਿਅਤਾ ਦੇ ਅੰਤਿਮ ਕਾਲ ਦਾ ਮੰਨਿਆ ਗਿਆ ਹੈ। ਇਸ ਕਬਰਸਤਾਨ ਵਿਚ ਉਨ੍ਹਾਂ ਲੋਕਾਂ ਦੀਆਂ ਲੋਥਾਂ ਹਨ, ਜੋ ਸਿੰਧੂ ਸਭਿਅਤਾ ਦੇ ਅੰਤ ਵੇਲੇ ਇਥੇ ਆ ਕੇ ਵਸ ਗਏ। ਦੂਜਾ ਕਬਰਸਤਾਨ 'ਆਰ-37' ਹੈ, ਜਿਸ ਵਿਚ ਹੜੱਪਾ ਦੇ ਆਦਿ ਨਿਵਾਸੀਆਂ ਦੀਆਂ ਲੋਥਾਂ ਮਿਲੀਆਂ ਹਨ। ਪਹਿਲੇ ਕਬਰਸਤਾਨ ਵਿਚ ਗਿਆਰਾਂ ਮਟਕਿਆਂ ਵਿਚ ਬੱਚਿਆਂ ਦੇ ਮੁਰਦੇ ਦਬੇ ਹੋਏ ਸਨ। ਛੋਟੇ ਬੱਚਿਆਂ ਨੂੰ ਸੰਗੋੜ ਕੇ ਅਤੇ ਕਪੜੇ ਵਿਚ ਵਲ੍ਹੇਟ ਕੇ ਸਮੂਲੜਾ ਹੀ ਮਟਕੇ ਵਿਚ ਇਸ ਤਰ੍ਹਾਂ ਰਖਿਆ ਜਾਂਦਾ ਸੀ, ਜਿਵੇਂ ਉਹ ਮਾਂ ਦੇ ਗਰਭ ਵਿਚ ਪਏ ਹੋਣ। ਇਕ ਹੋਰ ਮਟਕੇ ਵਿਚ ਬੱਚੇ ਦੀਆਂ ਹੱਡੀਆਂ ਤੋਂ ਇਲਾਵਾ ਕਿਸੇ ਪਾਲਤੂ ਪਸ਼ੂ ਦਾ ਵੀ ਪਿੰਜਰ ਮਿਲਿਆ ਹੈ। ਜਾਪਦਾ ਹੈ ਕਿ ਬੱਚੇ ਦੇ ਮਰਨ ਮਗਰੋਂ, ਉਸ ਦੇ ਖੇਡ ਦੇ ਸਾਥੀ ਪਸ਼ੂਆਂ ਨੂੰ ਵੀ ਮਾਰ ਕੇ, ਨਾਲ ਹੀ ਕਬਰ ਵਿਚ ਦਬ ਦਿਤਾ ਗਿਆ, ਤਾਂ ਜੋ ਪਰਲੋਕ ਵਿਚ ਉਹ ਬੱਚੇ ਦਾ ਦਿਲ ਪਰਚਾ ਸਕਣ।

ਮੁਰਦੇ ਪੂਰਬ-ਉੱਤਰ ਤੋਂ ਦੱਖਣ-ਪੱਛਮ ਦੀ ਦਿਸ਼ਾ ਵਿਚ ਲਿਟਾਏ ਹੋਏ ਸਨ, ਪਰ ਕਈ ਇਧਰ ਉਧਰ ਖਿੰਡੇ ਹੋਏ ਵੀ ਮਿਲੇ ਸਨ। ਬਹੁਤ ਸਾਰੀਆਂ ਕਬਰਾਂ ਵਿਚ ਮੁਰਦਿਆਂ ਦੀਆਂ ਬਾਹਵਾਂ ਉਪਰ ਵਲ ਇਤਨਾ ਕੁ ਉਠੀਆਂ ਹੋਈਆਂ ਸਨ ਕਿ ਹੱਥ ਮੂੰਹ ਦੇ ਸਾਹਮਣੇ ਆ ਗਏ ਸਨ। ਕਈ ਮੁਰਦਿਆਂ ਦੀਆਂ ਬਾਹਵਾਂ ਪੇਟ ਉਤੇ ਇਕ ਦੂਜੇ ਉਪਰ ਪਈਆਂ ਹੋਈਆਂ ਸਨ। ਹਰੇਕ ਕਬਰ ਵਿਚ ਮੁਰਦਿਆਂ ਨਾਲ ਕੁਝ ਮਿੱਟੀ ਦੇ ਭਾਂਡੇ ਜਿਵੇਂ ਕਿ ਕਲਸ, ਥਾਲੀ, ਤਸ਼ਤਰੀ, ਲੋਟਾ ਆਦਿ ਧਰੇ ਹੋਏ ਸਨ। ਕਈ ਮਨੁੱਖੀ ਪਿੰਜਰਾਂ ਦੇ ਨਾਲ ਪਸ਼ੂਆਂ ਦੀਆਂ ਹੱਡੀਆਂ ਵੀ ਮਿਲੀਆਂ ਹਨ। ਹੋ ਸਕਦਾ ਹੈ ਕਿ ਮ੍ਰਿਤਕ ਨੂੰ ਦਬਾਣ ਵੇਲੇ ਪਸ਼ੂ ਬਲੀ ਦੀ ਪ੍ਰਥਾ ਵੀ ਪ੍ਰਚਲਤ ਹੋਵੇ। ਲੋਥ ਰਖਣ ਵਾਲੇ ਮੱਟਾਂ ਉਪਰ ਕੁਝ ਬੜੇ ਰੋਚਕ ਤੇ ਰਹੱਸਮਈ ਚਿਤ੍ਰ ਉਕਰੇ ਹੋਏ ਹਨ। ਇਕ ਮਟਕੇ ਉਪਰ ਪਰਲੋਕ ਯਾਤ੍ਰਾ ਦੇ ਦ੍ਰਿਸ਼ ਹਨ। ਹਰੇਕ ਦ੍ਰਿਸ਼ ਵਿਚ ਇਕ ਮੋਰ ਦੀ ਸ਼ਕਲ ਦਾ ਪ੍ਰਾਣੀ ਸੱਜੇ ਪਾਸੇ ਮੂੰਹ ਕੀਤੀ ਖੜਾ ਹੈ। ਇਸ ਦਾ ਮੂੰਹ, ਸਿਰ ਤੇ ਬਾਹਵਾਂ ਮੋਰ ਦੀਆਂ ਹਨ ਅਤੇ ਬਾਕੀ ਸਰੀਰ ਮਨੁੱਖ ਦਾ, ਸਿਰ ਉਪਰ ਟੇਢੀਆਂ ਲਕੀਰਾਂ ਨਾਲ ਬਣੀ ਕਲਗੀ ਹੈ। ਕਈ ਹੋਰ ਮਟਕਿਆਂ ਉਪਰ ਵੀ ਮੋਰ ਦੀ ਮੂਰਤ ਮਿਲੀ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਮੋਰ ਮ੍ਰਿਤਕ ਪ੍ਰਾਣੀ ਦੇ ਸੂਖਮ ਸਰੀਰ ਦਾ ਪ੍ਰਤੀਕ ਸੀ। ਕੁਝ ਮਟਕਿਆਂ ਉਪਰ ਬਕਰੇ ਦਾ ਚਿਤ੍ਰ ਹੈ। ਅਨੁਮਾਨ ਹੈ ਕਿ ਬਕਰਾ ਦੈਵੀ ਦੂਤ ਸੀ, ਜੋ ਪਰਲੋਕ ਯਾਤ੍ਰਾ ਵਿਚ ਮ੍ਰਿਤਕ ਦਾ ਪਥ-ਪ੍ਰਦਰਸ਼ਨ ਕਰਦਾ ਸੀ। ਇਹੋ ਸਥਾਨ ਵੈਦਿਕ ਕਾਲ ਵਿਚ ਵਹਿਤਰਨੀ ਗਊ ਨੂੰ ਪ੍ਰਾਪਤ ਹੋਇਆ। ਇਨ੍ਹਾਂ ਅਨੇਕਾਂ ਬਹੁਬਿਧ

ਚਿਤ੍ਰਾਂ ਤੋਂ ਅਨੁਮਾਨ ਲਗਾਇਆ ਗਿਆ ਹੈ ਕਿ ਹੜੱਪਾ ਵਾਸੀ ਪਰਲੋਕ ਵਿਚ ਵਿਸ਼ਵਾਸ਼ ਰਖਦੇ ਸਨ ਅਤੇ ਉਨ੍ਹਾਂ ਦੀ ਧਾਰਨਾ ਸੀ ਕਿ ਮ੍ਰਿਤਕ ਦੀ ਆਤਮਾ ਕਈ ਤਰ੍ਹਾਂ ਦੀਆਂ ਜੂਨੀਆਂ ਵਿਚ ਵਿਚਰਦੀ ਹੈ। ਪਰਲੋਕ ਵਿਚ ਜਾਣ ਵੇਲੇ ਆਤਮਾ ਨੂੰ ਕਈ ਤਰ੍ਹਾਂ ਦੇ ਦੁਖ ਝਾਗਣੇ ਪੈਂਦੇ ਹਨ। ਪਰਲੋਕ ਵਲ ਜਾਂਦਿਆਂ ਰਸਤੇ ਵਿਚ ਇਕ ਨਦੀ ਵੀ ਪੈਂਦੀ ਮੰਨੀ ਜਾਂਦੀ ਸੀ। ਕੁਝ ਭਾਂਡਿਆਂ ਉਪਰ ਕੁੱਤੇ ਦਾ ਚਿਤ੍ਰ ਵੀ ਮਿਲਿਆ ਹੈ, ਜੋ ਵੈਦਿਕ ਯੱਮ ਦੇ ਦੋ ਕੁੱਤਿਆਂ ਦਾ ਹੀ ਪੂਰਵਵਰਤੀ ਜਾਪਦਾ ਹੈ। ਇਕ ਮਟਕੇ ਦੀ ਮੂਰਤੀ ਵਿਚ ਇਕ ਮੋਰ ਪ੍ਰੇਤ-ਆਤਮਾ ਨੂੰ ਆਪਣੇ ਸਰੀਰ ਵਿਚ ਚੁਕੀ ਸੂਰਜ ਲੋਕ ਵਲ ਉਡ ਰਿਹਾ ਹੈ, ਜਿਸ ਤੋਂ ਅਨੁਮਾਨ ਲਗਾਇਆ ਗਿਆ ਹੈ ਕਿ ਸਿੰਧੂ ਯੁੱਗ ਦੇ ਲੋਕਾਂ ਦਾ ਵਿਸ਼ਵਾਸ਼ ਸੀ ਕਿ ਮਰਨ ਤੋਂ ਬਾਅਦ ਪ੍ਰਾਣੀ ਮੋਰ ਦੀ ਸ਼ਕਲ ਵਿਚ ਸੂਰਜ ਲੋਕ ਨੂੰ ਜਾਂਦਾ ਹੈ।

ਦੂਜੇ ਕਬਰਸਤਾਨ 'ਆਰ-37' ਵਿਚੋਂ ਜੋ ਸਾਮਗ੍ਰੀ ਮਿਲੀ ਹੈ, ਉਸ ਦੇ ਆਧਾਰ ਤੇ ਕੁਝ ਹੋਰ ਸਾਂਸਕ੍ਰਿਤਕ ਰੂੜ੍ਹੀਆਂ ਪ੍ਰਕਾਸ਼ ਵਿਚ ਆਉਂਦੀਆਂ ਹਨ। ਆਮ ਤੌਰ ਤੇ ਮੁਰਦੇ ਦਾ ਸਿਰ ਉੱਤਰ ਦਿਸ਼ਾ ਵਲ ਕਰ ਕੇ ਉਸ ਨੂੰ ਕਬਰ ਵਿਚ ਲਿਟਾਇਆ ਜਾਂਦਾ ਸੀ। ਕਦੇ ਸੱਜੇ ਪਾਸੇ ਵਲ ਅਤੇ ਕਦੇ ਖੱਬੇ ਪਾਸੇ ਵਲ। ਇਕ ਕਬਰ ਵਿਚ ਮੁਰਦੇ ਦਾ ਸਿਰ ਦੱਖਣ ਦਿਸ਼ਾ ਵਲ ਸੀ। ਕਬਰ ਸਿਰ ਵਲੋਂ ਚੌੜੀ ਬਣਾਈ ਜਾਂਦੀ ਸੀ ਅਤੇ ਉਸ ਪਾਸੇ ਵਲ ਕੁਝ ਭਾਂਡੇ ਰਖੇ ਜਾਂਦੇ ਸਨ। ਕਈ ਕਬਰਾਂ ਵਿਚ ਪਿੰਜਰਾਂ ਦੇ ਕੋਲ ਕੁਝ ਗਹਿਣੇ ਵੀ ਰਖੇ ਮਿਲੇ ਹਨ। ਜਿਨ੍ਹਾਂ ਵਿਚੋਂ ਮਣਕਿਆਂ ਦੀ ਮਾਲਾ, ਹਾਰ, ਪੰਜੇਬਾਂ, ਵਾਲੀਆਂ ਅਤੇ ਸੰਖ ਦੀਆਂ ਚੂੜੀਆਂ ਵਰਨਣਯੋਗ ਹਨ। ਇਕ ਪਿੰਜਰ ਦੇ ਸੱਜੇ ਹੱਥ ਦੀ ਅਨਾਮਿਕਾ ਵਿਚ ਤਾਂਬੇ ਦੀ ਅੰਗੂਠੀ ਸੀ। ਕਈ ਕਬਰਾਂ ਵਿਚੋਂ ਸਿਪੀਆਂ ਅਤੇ ਸੁਰਮ-ਸਲਾਈਆਂ ਵੀ ਲਭੀਆਂ ਹਨ ਅਤੇ ਕੁਝ ਕੁ ਵਿਚੋਂ ਤਾਂਬੇ ਦੇ ਸ਼ੀਸ਼ੇ।

ਹੜੱਪਾ ਦੇ ਖੰਡਰਾਂ ਵਿਚ ਕੁਝ ਧਾਤ ਦੀਆਂ ਵਸਤੂਆਂ, ਤਾਂਬੇ ਦੇ ਕੁਹਾੜੇ ਤੇ ਕੁਹਾੜੀਆਂ, ਕਈ ਹਥਿਆਰ, ਧਾਤ ਦੇ ਸ਼ੀਸ਼ੇ, ਸੁਰਮਚੂ ਅਤੇ ਸੁਰਮੇਦਾਨੀਆਂ ਆਦਿ ਵੀ ਪ੍ਰਾਪਤ ਹੋਈਆਂ ਹਨ। ਸੋਨਾ, ਚਾਂਦੀ, ਤਾਂਬਾ, ਪਿੱਤਲ ਅਤੇ ਸ਼ੀਸ਼ਾ ਇਨ੍ਹਾਂ ਪੰਜਾਂ ਧਾਤਾਂ ਤੋਂ ਲੋਕ ਚੰਗੀ ਤਰ੍ਹਾਂ ਜਾਣੂ ਸਨ। ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਉਹ ਤਾਂਬੇ ਤੇ ਪਿੱਤਲ ਨੂੰ ਮਿਲਾ ਕੇ ਕਾਂਸੀ ਬਣਾਉਣ ਦੀ ਵਿਧੀ ਤੋਂ ਵੀ ਜਾਣੂ ਸਨ। ਸੋਨਾ ਤੇ ਚਾਂਦੀ ਅੱਜ ਵਾਂਗ ਹੀ ਗਹਿਣੇ ਬਣਾਉਣ ਲਈ ਵਰਤੇ ਜਾਂਦੇ ਸਨ। ਕਈ ਵਾਰ ਇਨ੍ਹਾਂ ਦੋਹਾਂ ਧਾਤਾਂ ਨੂੰ ਮਿਲਾ ਕੇ ਵੀ ਗਹਿਣੇ ਬਣਾਏ ਜਾਂਦੇ। ਸੋਨੇ ਦੇ ਗਹਿਣਿਆਂ ਵਿਚੋਂ ਬਾਜ਼ੂਬੰਦ, ਕੰਨਫੁਲ, ਝਾਂਝਰਾਂ, ਚੂੜੀਆਂ, ਕੰਗਣ, ਲਟਕਣ, ਸ਼ਿੰਗਾਰ ਪਟੀ, ਕੰਠਹਾਰ, ਵਾਲੀਆਂ, ਮੁਰਕੀਆਂ ਆਦਿ ਦਾ ਰਿਵਾਜ ਸੀ।

ਹੜੱਪਾ ਦੀ ਥੇਹ ਵਿਚੋਂ ਚੱਕ ਤੇ ਬਣੇ ਲਾਲ ਮਿੱਟੀ ਦੇ ਭਾਂਡੇ ਕਾਫ਼ੀ ਮਾਤਰਾ ਵਿਚ ਮਿਲੇ ਹਨ। ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਕੁੰਭਕਾਰੀ ਬੜੀ ਉੱਨਤ ਅਵਸਥਾ ਵਿਚ ਸੀ। ਭਾਂਡਿਆਂ ਉਤੇ ਕਾਲੇ ਰੰਗ ਦੇ ਵੇਲ ਬੂਟਿਆਂ ਤੇ ਪੰਛੀਆਂ ਤੋਂ ਇਲਾਵਾ ਕਈ ਹੋਰ ਮੋਟਿਫ ਵੀ ਹਨ, ਜੋ ਅਦਭੁਤ ਹੋਣ ਤੋਂ ਇਲਾਵਾ ਲੋਕ-ਵਿਸ਼ਵਾਸ਼ਾਂ ਨਾਲ ਸੰਬੰਧਿਤ ਹਨ ਜਿਵੇਂ ਇਕ ਕੁੰਭ ਉਪਰ ਤਿੰਨ ਮੱਛੀਆਂ ਦਾ ਚਿਤ੍ਰ ਹੈ ਜਿਨ੍ਹਾਂ ਦੇ ਮੂੰਹ ਵਿਚ ਪਿੱਪਲ ਦੀਆਂ ਟਹਿਣਾਂ ਹਨ (ਵੇਖੋ : ਕੁੰਭਕਾਰੀ)।

ਹੜੱਪਾ ਸੰਸਕ੍ਰਿਤੀ ਦੀ ਇਕ ਵੱਡੀ ਵਿਸ਼ੇਸ਼ਤਾਈ ਇਹ ਸੀ ਕਿ ਇਸ ਦੇ ਨਗਰਾਂ ਦੀ ਨੀਂਹ ਵਿਉਂਤ ਅਨੁਸਾਰ ਰਖੀ ਗਈ। ਹੜੱਪਾ ਦੇ ਗਲੀ ਕੂਚੇ ਤੇ ਬਾਜ਼ਾਰ ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਦੀ ਸੇਧ ਵਿਚ ਬਣੇ ਹੋਏ ਹਨ। ਸੜਕਾਂ ਤੀਰ ਵਾਂਗ ਸਿਧੀਆਂ ਤੇ ਇਕ ਦੂਜੇ ਨੂੰ ਚਕੋਰ ਵਾਂਗ ਕਟਦੀਆਂ ਹਨ। ਸੱਚੇ ਵਿਚ ਬਣੀਆਂ ਪੱਕੀਆਂ ਇੱਟਾਂ ਦੇ ਘਰ ਬਣੇ ਹੋਏ ਹਨ। ਘਰਾਂ ਦਾ ਪਾਣੀ ਪਕੀਆਂ ਤੇ ਬੰਦ ਨਾਲੀਆਂ ਦੁਆਰਾ ਸੜਕ ਦੀ ਗੰਦੀ ਨਾਲੀ ਵਿਚ ਪਹੁੰਚਾਇਆ ਜਾਂਦਾ ਸੀ; ਮੀਂਹ ਦਾ ਪਾਣੀ ਸ਼ਹਿਰੋਂ ਬਾਹਰ ਲੈ ਜਾਣ ਲਈ ਪਕੇ ਤੇ ਢਕੇ ਹੋਏ ਨਾਲੇ ਸ਼ਹਿਰ ਦੁਆਲੇ ਬਣਾਏ ਗਏ ਸਨ।

ਸਹਾਇਕ ਪੁਸਤਕਾਂ : (1) ਮਹਿੰਜੋਦਾਰ ਐਂਡ ਦੀ ਇੰਡਸ ਵੈਲੀ ਸਿਵਲਾਈਜ਼ੇਸ਼ਨ — ਮਾਰਸ਼ਲ
(2) ਐਕਸਕਾਵੇਸ਼ਨ ਐਟ ਹੜੱਪਾ—ਮਾਧੋਸਰੂਪ ਵਤਸ

(ਹ-100) **ਹੜੰਬਾ :**

(ਵੇਖੋ : ਹਿੜੰਬਾ)।

(ਹ-101) **ਹਾ ਹਾ ਹੂ ਹੂ :**

ਦੇਵ ਸਭਾ ਦੇ ਦੋ ਪ੍ਰਮੁਖ ਗਵੱਈਏ। ਇਹ ਦੋਵੇਂ ਗੰਧਰਵ ਸੰਗੀਤ ਵਿੱਦਿਆ ਵਿਚ ਬੜੀ ਕੁਸ਼ਲਤਾ ਰਖਦੇ ਸਨ। ਮਹਾਂਭਾਰਤ ਅਨੁਸਾਰ ਇਨ੍ਹਾਂ ਦੋਹਾਂ ਨੂੰ ਆਪਣੀ ਵਿੱਦਿਆ ਉਤੇ ਬੜਾ ਅਭਿਮਾਨ ਹੋ ਗਿਆ ਤੇ ਇਹ ਦੇਵਲ ਰਿਸ਼ੀ ਦਾ ਅਪਮਾਨ ਕਰ ਬੈਠੇ। ਦੇਵਲ ਰਿਸ਼ੀ ਨੇ ਦੋਹਾਂ ਨੂੰ ਸਰਾਪ ਦੇ ਦਿਤਾ, ਜਿਸ ਕਰ ਕੇ ਇਹ ਦੋਵੇਂ ਹਾਥੀ ਅਤੇ ਤੰਦੂਆ ਬਣੇ। "ਹਾ ਹਾ ਹੂ ਹੂ ਗੰਧਰਬ ਅਪਸਰਾ ਅਨਦ ਮੰਗਲ ਰਸ ਗਾਵਨੀ ਨੀਕੀ" (ਮਲਾਰ ਮ: ੫)।

ਦੇਵ ਸਭਾ ਦੇ ਗਵੱਈਆਂ ਨੂੰ ਗੰਧਰਬ ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ 6333 ਹੈ, ਜਿਨ੍ਹਾਂ ਵਿਚੋਂ ਅੱਠ ਮੁਖੀ ਹਨ (ਵੇਖੋ : ਗੰਧਰਬ)।

(ਹ-102) **ਹਾਂ :**

ਹੁੰਗਾਰੇ ਲਈ ਵਰਤਿਆ ਜਾਂਦਾ ਸ਼ਬਦ; ਪਰ 'ਹਾਂ ਜੀ' ਆਦਰ ਬੋਧਿਕ ਹੈ। ਇਕ ਮੁੱਢੀ ਅਨੁਸਾਰ ਜਦੋਂ ਪ੍ਰਮਾਤਮਾ ਨੇ ਮਨੁੱਖ ਦੇ ਪੁਤਲੇ ਦੀ ਸਿਰਜਨਾ ਕੀਤੀ, ਤਾਂ ਉਸ ਨੂੰ ਆਵਾਜ਼ ਮਾਰ ਕੇ ਬੁਲਾਇਆ। ਮਨੁੱਖ ਨੇ ਹੁੰਗਾਰਾ ਭਰਦਿਆਂ ਆਦਰ ਸੂਚਕ ਸ਼ਬਦ 'ਹਾਂ ਜੀ' ਦੀ ਥਾਂ ਸਿਰਫ਼ 'ਹਾਂ' ਕਿਹਾ। 'ਹਾਂ ਜੀ' ਵਿਚ ਦੂਜੇ ਦੀ ਆਵਾਜ਼ ਦਾ ਹੁੰਗਾਰਾ ਭਰਨ ਦੇ ਨਾਲ, ਉਸ ਨੂੰ ਜੀਉਂਦੇ ਰਹਿਣ ਦੀ ਅਸੀਸ ਵੀ ਦਿਤੀ ਜਾਂਦੀ ਹੈ। 'ਹਾਂ' ਦਾ ਖਰਵਾ ਬੋਲ ਸੁਣ ਕੇ ਪ੍ਰਭੂ ਨੇ ਸੋਚਿਆ ਕਿ ਜਿਹੜਾ ਮਨੁੱਖ ਦੂਜਿਆਂ ਨੂੰ 'ਜੀ' ਵੀ ਨਹੀਂ ਕਹਿ ਸਕਦਾ, ਉਸ ਨੂੰ ਕਦੇ ਵੀ ਅਮਰ ਜੀਵਨ ਨਹੀਂ ਦੇਣਾ ਚਾਹੀਦਾ। ਇਸ ਲਾਪਰਵਾਹੀ ਕਾਰਨ ਮਨੁੱਖ ਨੂੰ ਅਮਰ ਜੀਵਨ ਪ੍ਰਾਪਤ ਨਹੀਂ ਹੋ ਸਕਿਆ।

(ਹ-103) **ਹਾਂਸ :**

(1) ਰਾਜਪੂਤਾਂ ਦੀ ਇਕ ਗੋਤ; ਕਈ ਹਾਂਸ ਆਪਣੇ ਆਪ ਨੂੰ ਜੱਟਾਂ ਦੀ ਹੀ ਇਕ ਗੋਤ ਦਸਦੇ ਹਨ। ਦੰਦ-ਕਥਾ ਅਨੁਸਾਰ ਹਾਂਸਾਂ ਦੇ ਵਡਿਕੇ ਨੂੰ ਇਕ ਹੰਸ ਨੇ ਪਾਲਿਆ ਸੀ, ਜਿਸ ਕਰ ਕੇ ਗੋਤ ਦਾ ਨਾਂ ਪਹਿਲਾਂ ਹੰਸ ਅਤੇ ਫਿਰ ਵਿਕ੍ਰਿਤ ਹੋ ਕੇ ਹਾਂਸ ਪੈ ਗਿਆ। ਜੀਂਦ ਅਤੇ ਲੁਧਿਆਣੇ ਵਿਚ ਹਾਂਸ ਗੋਤ ਦੇ ਜੱਟ ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਪੱਛਮੀ ਪਾਕਿਸਤਾਨ ਵਿਚ, ਮੁਲਤਾਨ ਅਤੇ ਮਿੰਟਗੁਮਰੀ ਵਿਚ ਇਨ੍ਹਾਂ ਦਾ ਗੜ੍ਹ ਸੀ। ਮਿੰਟਗੁਮਰੀ ਵਿਚ, ਹਾਂਸ ਨਾਂ ਦੇ ਕਸਬੇ ਵਿਖੇ ਇਨ੍ਹਾਂ ਦੇ ਇਕ ਸਿਧ ਬਾਬਾ ਸੁਲੇਮਾਨ ਦਾ ਅਸਥਾਨ ਹੈ। ਇਲਾਕੇ ਦੇ ਹਾਂਸਾਂ ਵਿਚ ਵਿਆਹ ਤੋਂ ਮਗਰੋਂ ਇਸ ਅਸਥਾਨ ਦੀ ਯਾਤ੍ਰਾ ਦੀ ਪ੍ਰਥਾ ਸੀ। ਭਗਵਤ ਪੁਰਾਣ ਵਿਚ ਹੰਸ ਨਾਂ ਦੀ ਇਕ ਜਾਤੀ ਦਾ ਵਰਨਣ ਮਿਲਦਾ ਹੈ। ਪਰ ਹੰਸ ਜਾਤੀ ਨਾਲ ਹਾਂਸ ਦਾ ਸਬੰਧ ਨਿਸਚਤ ਕਰਨ ਲਈ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦੇ।

(2) ਹੱਸ ਦੇ ਗਹਿਣੇ ਲਈ ਕਈ ਲੋਕ 'ਹਾਂਸ' ਸ਼ਬਦ ਵੀ ਵਰਤ ਲੈਂਦੇ ਹਨ (ਵੇਖੋ : ਹੱਸ)।

(ਹ-104) **ਹਾਸ਼ਮ ਦੇਵ :**

ਇਕ ਦੇਵ, ਜਿਸ ਦਾ ਜ਼ਿਕਰ ਸੈਫ਼ੁਲਮਲੂਕ ਦੇ ਕਿੱਸੇ ਵਿਚ ਆਉਂਦਾ ਹੈ। ਹਾਸ਼ਮ ਕੁਲਜ਼ਮ ਦਾ ਬਾਦਸ਼ਾਹ ਸੀ। ਉਸ ਦੇ ਪੁੱਤਰ ਬਹਿਰਾਮ ਨੇ ਸਰਾਂਦੀਪ ਦੇ ਬਾਦਸ਼ਾਹ ਦੀ ਲੜਕੀ ਮਲਕਾ ਖ਼ਾਤੂੰ

Sri Satguru Jagjit Singh Ji eLibrary NamdhariElibrary@gmail.com

ਨੂੰ ਕੱਢ ਲਿਆਂਦਾ ਅਤੇ ਉਸ ਨੂੰ ਅਸਫੰਦ ਬਾਸ਼ ਕਿਲ੍ਹੇ ਵਿਚ ਬੰਦੀ ਬਣਾਕੇ ਰਖਿਆ। ਮਲਕਾ ਖ਼ਾਤੂੰ, ਇਸ ਕਿੱਸੇ ਦੀ ਨਾਇਕਾ ਬਦੀਆ ਜਮਾਲ ਦੀ ਸ਼ੀਰ-ਭੈਣ, ਬਦਰਾ ਖ਼ਾਤੂੰ ਦੀ ਸਕੀ ਭੈਣ ਸੀ। ਸੈਫ਼ੁਲਮਲੂਕ ਨੇ ਬਹਿਰਾਮ ਦੈਂਤ ਨੂੰ, ਜਿਸ ਦੀ ਜਾਨ ਇਕ ਚਿੱਟੇ ਕਬੂਤਰ ਵਿਚ ਸੁਰੱਖਿਅਤ ਸੀ, ਮਾਰ ਕੇ ਮਲਕਾ ਖ਼ਾਤੂੰ ਨੂੰ ਮੁਕਤ ਕਰ ਦਿਤਾ। ਸੈਫ਼ੁਲਮਲੂਕ ਤੋਂ, ਆਪਣੇ ਪੁੱਤਰ ਦੀ ਹੱਤਿਆ ਦਾ ਬਦਲਾ ਲੈਣ ਲਈ, ਹਾਸ਼ਮ ਮੌਕੇ ਦੀ ਤਾੜ ਵਿਚ ਰਿਹਾ। ਇਕ ਵਾਰ ਸੈਫ਼ੁਲਮਲੂਕ ਬਾਗ਼-ਇਰਮ ਵਿਚ ਕਿਸੇ ਰੁੱਖ ਦੇ ਹੇਠਾਂ ਇਕੱਲਾ ਸੁੱਤਾ ਪਿਆ ਸੀ। ਉਸ ਨੂੰ ਹਾਸ਼ਮ ਦੀਆ ਪਰੀਆਂ ਚੁਕ ਕੇ ਲੈ ਗਈਆਂ। ਹਾਸ਼ਮ ਨੇ ਬਦਲੇ ਦੀ ਭਾਵਨਾ ਨਾਲ, ਸੈਫ਼ੁਲਮਲੂਕ ਨੂੰ ਤਸੀਹੇ ਦੇਣ ਲਈ ਇਕ ਅੰਨ੍ਹੇ ਖੂਹ ਵਿਚ ਸੁਟਵਾ ਦਿਤਾ। ਉਹ ਅਨ੍ਹਾ ਖੂਹ ਬੜੇ ਜ਼ਹਿਰੀਲੇ ਅਤੇ ਵਡੇ ਆਕਾਰ ਦੇ ਸੱਪਾਂ ਅਤੇ ਬਿਛੂਆਂ ਨਾਲ ਭਰਪੂਰ ਸੀ। ਬਦੀਆ ਜਮਾਲ ਦੇ ਪਿਤਾ ਸ਼ਾਹ ਪਾਲ ਨੂੰ, ਜਦੋਂ ਇਸ ਗੱਲ ਦੀ ਖ਼ਬਰ ਹੋਈ, ਤਾਂ ਉਸ ਨੇ ਕੁਲਜ਼ਮ ਦੇ ਇਲਾਕੇ ਉਤੇ ਧਾਵਾ ਬੋਲ ਦਿਤਾ। ਦੁਹਾਂ ਧਿਰਾਂ ਵਿਚਕਾਰ ਘੋਰ ਯੁੱਧ ਹੋਇਆ, ਜਿਸ ਵਿਚ ਅਨੇਕਾਂ ਦੇਵ, ਜਿੰਨ, ਆਦਮ, ਪਰੀਆਂ ਤੇ ਅਫ਼ਰੇਤ ਮਾਰੇ ਗਏ। ਹਾਸ਼ਮ ਉਪਰ ਜਿੱਤ ਪ੍ਰਾਪਤ ਕਰ ਕੇ ਸ਼ਾਹ ਪਾਲ ਨੇ ਸੈਫ਼ੁਲਮਲੂਕ ਨੂੰ ਅੰਨ੍ਹੇ ਖੂਹ ਵਿਚੋਂ ਬਾਹਰ ਕਢਿਆ (ਵੇਖੋ : ਸੈਫ਼ੁਲਮਲੂਕ)।

**(ਹ-105) ਹਾਕਣੀ :**

(1) (ਸੰ: ਡਾਕਨੀ) ਤੰਤ੍ਰ ਸ਼ਾਸਤ੍ਰ ਅਨੁਸਾਰ ਇਕ ਵਿਸ਼ੇਸ਼ ਪ੍ਰਕਾਰ ਦੀ ਚੁੜੇਲ, ਜੋ ਵਿਕਰਾਲ ਰੂਪ ਧਾਰ ਕੇ ਲੋਕਾਂ ਨੂੰ ਡਰਾਉਂਦੀ ਹੈ। ਸੰਸਾਰ ਵਿਚ ਇਕ ਲੱਖ ਅੱਸੀ ਹਜ਼ਾਰ ਭੂਤ-ਪ੍ਰੇਤ ਮੰਨੇ ਜਾਂਦੇ ਹਨ, ਜੋ ਮਨੁਖਾਂ ਨੂੰ ਤੰਗ ਕਰਨ ਤੋਂ ਇਲਾਵਾ, ਉਨ੍ਹਾਂ ਵਿਚ ਬੀਮਾਰੀਆਂ ਫੈਲਾਂਦੇ ਹਨ। ਹਾਕਣੀ ਮਿਰਗੀ ਦਾ ਰੋਗ ਫੈਲਾਂਦੀ ਹੈ। ਇਸ ਲਈ ਮਿਰਗੀ ਦੇ ਮੰਤਰਾਂ ਵਿਚ ਹਾਕਣੀ ਨੂੰ ਅਰਾਧਿਆ ਜਾਂਦਾ ਹੈ :

ਇਕ ਲੱਖ ਅੱਸੀ ਹਜ਼ਾਰ ਭੂਤ
ਮਨ ਅੰਦਰ ਵਸਦਾ ਹੋਵੇ,
ਉਹਦੇ ਵਲ ਪੌਣ ਬੰਨ੍ਹਾਂ
ਸੁਰਤ ਮਨ ਚਿਤ ਲੋਹਾ,
ਬੰਨ੍ਹਾ ਹਾਕਣੀ ਡਾਕਣੀ,
ਗੁਰ ਸ਼ਬਦ ਵਿਚਾਰ
ਨਾਨਕ ਬੰਨ੍ਹਾਂ ਦਸਵਾਂ ਦੁਆਰ।

(2) ਇਕ ਜੋਗਣੀ (ਵੇਖੋ : ਜੋਗਣੀਆਂ)।

**(ਹ-106) ਹਾਦਿਰਾ :**

ਪੈਗੰਬਰ ਇਬਰਾਹੀਮ ਦੀ ਪਤਨੀ, ਜਿਸ ਨਾਲ ਸਾਰਾਹ ਕੀਨਾ ਤੇ ਵੈਰ ਰਖਦੀ ਸੀ। ਸਾਰਾਹ ਇਬਰਾਹੀਮ ਨੂੰ ਹਾਦਿਰਾ ਨਾਲ ਮਿਲਣ ਤੋਂ ਵੀ ਵਰਜਦੀ ਰਹਿੰਦੀ। ਇਕ ਵਾਰ ਸਾਰਾਹ ਨੇ ਕਿਸੇ ਗੱਲੋਂ ਦੁਖੀ ਹੋ ਕੇ ਪ੍ਰਣ ਕੀਤਾ ਕਿ ਉਹ ਹਾਦਿਰਾ ਦੇ ਲਹੂ ਵਿਚ ਆਪਣੇ ਹੱਥ ਰੰਗ ਕੇ ਸਬਰ ਕਰੇਗੀ। ਜਦੋਂ ਇਬਰਾਹੀਮ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਹਾਦਿਰਾ ਦੇ ਕੰਨ ਵਿੰਨ੍ਹ ਦਿਤੇ ਤੇ ਸਾਰਾਹ ਨੂੰ ਉਹਦੇ ਲਹੂ ਵਿਚ ਆਪਣੇ ਹੱਥ ਰੰਗਣ ਲਈ ਕਿਹਾ। ਸਾਰਾਹ ਬੜੀ ਖ਼ੁਸ਼ ਹੋਈ। ਫਿਰ ਇਬਰਾਹੀਮ ਨੇ ਹਾਦਿਰਾ ਨੂੰ ਖ਼ੁਸ਼ ਕਰਨ ਲਈ ਉਸ ਦੇ ਵਿੰਨ੍ਹੇ ਹੋਏ ਕੰਨਾਂ ਵਿਚ ਵਾਲੀਆਂ ਪਹਿਨਾ ਦਿਤੀਆਂ। ਇਸੇ ਘਟਨਾ ਤੋਂ ਮੁਸਲਮਾਨਾਂ ਵਿਚ ਵਾਲੀਆਂ ਪਹਿਨਣ ਦੀ ਪ੍ਰਥਾ ਚੱਲੀ।

**(ਹ-107) ਹਾਜੀ :**

(ਵੇਖੋ : ਹੱਜ)।

**(ਹ-108) ਹਾਜੀ ਗੁਲਗੂ :**

ਘੁੰਮਿਆਰਾਂ ਦਾ ਇਕ ਪ੍ਰਸਿਧ ਪੀਰ; 'ਤਹਿਕੀਕਾਤੇ ਚਿਸ਼ਤੀ' ਅਨੁਸਾਰ ਗੁਲਗੂ ਲਾਹੌਰ ਵਿਚ ਕਬਰਾਂ ਪੁੱਟਣ ਦਾ ਕੰਮ ਕਰਦਾ ਸੀ। ਆਪਣਾ ਵਿਹਲਾ ਸਮਾਂ ਉਹ ਤੱਪ ਤੇ ਜ਼ੁਹਦ ਵਿਚ ਗੁਜ਼ਾਰਦਾ ਸੀ। ਲਾਹੌਰ ਦੇ ਘੁੰਮਿਆਰ ਹਾਜੀ ਗੁਲਗੂ ਵਿਚ ਬੜੀ ਸ਼ਰਧਾ ਰਖਦੇ ਸਨ, ਜਿਸ ਕਰ ਕੇ ਇਹ ਘੁੰਮਿਆਰਾਂ ਦੇ ਪੀਰ ਵਜੋਂ ਪ੍ਰਸਿਧ ਹੋ ਗਿਆ। ਡਾ: ਜੀਤ ਸਿੰਘ ਸੀਤਲ (ਹੀਰ ਵਾਰਸ, 344) ਅਨੁਸਾਰ ਗੁਲਗੂ ਦਾ ਅਸਲੀ ਨਾਂ ਖ਼ੁਦਾ ਬਖ਼ਸ਼ ਸੀ, ਜੋ ਖ਼ੁਸ਼ਾਬ ਦਾ ਵਸ਼ਨੀਕ ਸੀ। ਇਹ ਜਾਤ ਦਾ ਘੁੰਮਿਆਰ ਸੀ ਅਤੇ ਭਾਂਡੇ ਬਨਾਉਣ ਲਈ ਮਿੱਟੀ ਗੁੰਨ੍ਹਣ ਵਿਚ ਇਤਨੀ ਕੁਸ਼ਲਤਾ ਰਖਦਾ ਸੀ ਕਿ ਘੁੰਮਿਆਰ ਉਸ ਨੂੰ ਗਿਲਗੋ (ਮਿੱਟੀ ਗੋਣ ਵਾਲਾ) ਕਿਹਾ ਕਰਦੇ। ਇਹੋ ਸ਼ਬਦ ਮਗਰੋਂ ਵਿਗੜ ਕੇ ਗੁਲਗੂ ਬਣ ਗਿਆ। ਵਾਰਸ ਸ਼ਾਹ ਨੇ 'ਹੀਰ' ਵਿਚ ਪੀਰਾਂ ਦਾ ਜ਼ਿਕਰ ਕਰਦਿਆਂ ਗੁਲਗੂ ਦਾ ਵਰਨਣ ਕੀਤਾ ਹੈ — ਜਿਵੇਂ "ਹਾਜੀ ਗੁਲਗੂ ਘੁੰਮਿਆਰ ਮੰਨਣ...।"

**(ਹ-109) ਹਾਂਝਲ :**

ਦਿਲ ਨੂੰ ਡੋਬੂ ਪੈਂਦੇ ਹੋਣ ਤਾਂ ਮਨ ਨੂੰ ਕਾਬੂ ਵਿਚ ਰਖਣ ਲਈ, ਪੀਰ ਫ਼ਕੀਰ ਜੋ ਤਵੀਤ ਜਾਂ ਜੰਤਰ ਦੇਂਦੇ ਹਨ, ਉਸ ਨੂੰ ਹਾਂਝਲ ਕਿਹਾ ਜਾਂਦਾ ਹੈ (ਵੇਖੋ : ਤਵੀਤ)। ਲਾਹੌਂਦੇ ਵਿਚ ਸਵੇਰ ਵੇਲੇ, ਰਾਤ ਦੀ ਬੇਹੀ ਰੋਟੀ, ਲੱਸੀ ਨਾਲ ਖਾਣ ਦਾ ਰਵਾਜ ਹੈ, ਇਸ ਰੋਟੀ ਨੂੰ ਵੀ ਹਾਂਝਲ (ਦਿਲ ਦੀ ਰੱਖਿਆ ਕਰਨ ਵਾਲੀ) ਕਿਹਾ ਜਾਂਦਾ ਹੈ।

**(ਹ-110) ਹਾਠ :**

ਘੋੜਿਆਂ ਦੀ ਦੌੜ, ਜੋ ਲਹਿੰਦੇ ਵਿਚ ਲੋਕ-ਮਨੋਰੰਜਨ ਦਾ ਇਕ ਸਾਧਨ ਰਹੀ ਹੈ। ਮੁਜ਼ਫ਼ਰਗੜ੍ਹ ਜ਼ਿਲੇ ਵਿਚ ਘੋੜ-ਦੌੜ ਲਈ ਹਾਠ ਸ਼ਬਦ ਪ੍ਰਚਲਤ ਹੈ। ਅਖਾਣ ਵੀ ਹੈ — "ਟਕੇ ਦਾ ਟੱਟੂ ਤੇ ਹਾਠਾਂ ਪਿਆ ਭੰਨੇ।"

**(ਹ-111) ਹਾਡਾ :**

ਇਕ ਰਾਜਪੂਤ ਜਾਤੀ, ਜੋ ਮੁੱਢ ਦੀ ਚੌਹਾਨ ਹੈ। ਇਸ ਨਾਂ ਦੇ ਰੂੜ੍ਹ ਹੋਣ ਬਾਰੇ ਇਕ ਦੰਦ-ਕਥਾ ਇਉਂ ਪ੍ਰਚਲਤ ਹੈ — ਚੌਹਾਨ ਵੰਸ਼ ਵਿਚ ਚੌਹਾਨ ਤੋਂ 156ਵੀਂ ਪੀੜ੍ਹੀ 'ਤੇ ਭਾਨੁਰਾਜ ਨਾਂ ਦਾ ਇਕ ਪ੍ਰਤਾਪੀ ਰਾਜਾ ਹੋਇਆ, ਜੋ ਦੁਰਗਾ ਦਾ ਅਨਿੰਨ ਭਗਤ ਸੀ। ਇਕ ਵਾਰ ਸ਼ਿਕਾਰ ਖੇਡਦਿਆਂ ਭਾਨੁਰਾਜ ਨੂੰ ਗੰਭੀਰ ਰਾਖਸ਼ ਨੇ ਮਾਰ ਸੁਟਿਆ। ਦੁਰਗਾ ਦੇਵੀ ਨੇ ਭਾਨੁਰਾਜ ਦੀਆਂ ਹੱਡੀਆਂ ਨੂੰ ਇਕੱਠਾ ਕਰ ਕੇ ਉਸ ਵਿਚ ਮੁੜ ਪਰਾਣ ਫੂਕ ਦਿਤੇ। ਹੱਡੀਆਂ ਤੋਂ ਪੁਨਰ-ਸਿਰਜਨਾ ਹੋਣ ਕਰ ਕੇ ਉਸ ਰਾਜੇ ਦਾ ਨਾਉਂ ਹੱਡ ਪ੍ਰਚਲਤ ਹੋ ਗਿਆ। ਉਸੇ ਹੱਡ ਦੀ ਵੰਸ਼ 'ਹਾਡਾ' ਪ੍ਰਸਿਧ ਹੋਈ।

**(ਹ-112) ਹਾਂਡਾ :**

ਖੱਤਰੀਆ ਦੀ ਇਕ ਗੋਤ, ਮਹਾਨ ਕੋਸ਼ (203) ਅਨੁਸਾਰ ਇਸ ਗੋਤ ਦੇ ਲੋਕ ਸ਼ੇਖ਼ ਫ਼ਰੀਦ ਨੂੰ ਕੁਲ ਪੀਰ ਮੰਨਦੇ ਹਨ ਅਤੇ ਇਹ ਝਟਕਾ ਨਹੀਂ ਖਾਂਦੇ (ਵੇਖੋ : ਖੱਤਰੀ)।

**(ਹ-113) ਹਾਤਮ ਤਾਈ :**

ਇਕ ਦੰਦ-ਕਥਾਵੀ ਅਰਬੀ ਸਰਦਾਰ ਜੋ ਬੜਾ ਧਰਮਾਤਮਾ, ਨੀਤੀਵਾਨ ਅਤੇ ਦਾਨੀ ਸੀ। ਹਾਤਮ 'ਤਾਈ' ਵੰਸ਼ ਵਿਚੋਂ ਅਬਦੁੱਲਾ ਬਿਨ ਸਾਅਦ ਦਾ ਪੁੱਤਰ ਸੀ। ਇਸ ਦੇ ਜੀਵਨ ਦੇ ਅਨੇਕਾਂ ਕਾਰਨਾਮੇ ਤੇ ਪ੍ਰਾਕ੍ਰਮ-ਕਥਾਵਾਂ ਫ਼ਾਰਸੀ ਲੋਕਧਾਰਾ ਦਾ ਮਹੱਤਵਪੂਰਣ ਅੰਗ ਹਨ, ਜੋ ਇਸਲਾਮੀ ਪ੍ਰਭਾਵ ਹੇਠ ਹੌਲੇ ਹੌਲੇ ਪੰਜਾਬੀ ਲੋਕਧਾਰਾ ਵਿਚ ਰਚ ਮਿਚ ਗਈਆਂ। ਹਾਤਮ ਤਾਈ ਪੰਜਾਬੀ ਲੋਕ-ਨਾਇਕ ਰਾਜਾ ਰਸਾਲੂ ਦਾ ਹੀ ਪ੍ਰਤਿਰੂਪ ਜਾਪਦਾ ਹੈ, ਦੋਹਾਂ ਦੇ ਸੁਭਾਵ ਤੇ ਚਰਿਤ੍ਰ ਵਿਚ ਕਾਫ਼ੀ ਸਮਾਨਤਾ ਹੈ। ਦੋਵੇਂ ਸਾਹਸੀ ਤੇ ਪ੍ਰਾਕ੍ਰਮੀ ਹਨ ਅਤੇ ਦੋਵੇਂ ਲੋਕ-ਕਲਿਆਨ ਲਈ ਦੁਖ

Sri Satguru Jagjit Singh Ji eLibrary NamdhariElibrary@gmail.com

ਝਾਗਦੇ ਹਨ। ਪੰਜਾਬੀਆਂ ਨੇ ਹਾਤਮਤਾਈ ਵਿਚ ਆਪਣੇ ਇਕ ਮਹਾਨ ਲੋਕ-ਨਾਇਕ ਦੀ ਛਾਇਆ ਵੇਖੀ, ਇਸੇ ਲਈ ਸ਼ਾਇਦ ਹਾਤਮ ਪੰਜਾਬੀਆਂ ਦੀ ਲੋਕ-ਸਿਮਰਤੀ ਦਾ ਸਹਿਜ ਅੰਗ ਬਣ ਗਿਆ।

ਫ਼ਾਰਸੀ ਵਿਚ ਹਾਤਮ ਬਾਰੇ ਕਥਾਵਾਂ ਤੇ ਪਰੰਪਰਾਬਧ ਸਾਮਗ੍ਰੀ 'ਹਾਤਮਨਾਮੇ' ਵਿਚ ਮਿਲਦੀ ਹੈ, ਜਿਸ ਦਾ ਅਨੁਵਾਦ ਕਈ ਬੋਲੀਆਂ ਵਿਚ ਹੋ ਚੁਕਾ ਹੈ। ਪੰਜਾਬੀ ਵਿਚ ਵੀ ਹਾਤਮਨਾਮੇ ਦੀਆਂ ਕਈ ਪ੍ਰਤੀਆਂ ਮਿਲਦੀਆਂ ਹਨ।

ਹਾਤਮਤਾਈ ਦੇ ਦੰਦ-ਕਥਾਵੀ ਜੀਵਨ ਨੂੰ ਅਹਿਮਦਯਾਰ ਨੇ ਕਿੱਸੇ ਦਾ ਰੂਪ ਦਿਤਾ। ਅਹਿਮਦਯਾਰ ਅਨੁਸਾਰ ਖ਼ੁਰਾਸਾਨ ਦਾ ਬਾਦਸ਼ਾਹ ਗਰਦੂੰ ਸ਼ਾਹ ਬੜਾ ਨੇਕ ਦਿਲ ਸੀ। ਉਸ ਦੀ ਰਾਜਧਾਨੀ ਵਿਚ ਬਰਜ਼ਖ ਨਾਂ ਦਾ ਇਕ ਅਮੀਰ ਸੌਦਾਗਰ ਰਹਿੰਦਾ ਸੀ। ਮਰਨ ਵੇਲੇ ਬਰਜ਼ਖ ਨੇ ਆਪਣੀ ਕੰਨਿਆਂ ਹੁਸਨਬਾਨੋ ਦੀ ਬਾਂਹ ਆਪਣੇ ਮਿਤ੍ਰ ਗਰਦੂੰ ਸ਼ਾਹ ਨੂੰ ਫੜਾਈ। ਬਾਦਸ਼ਾਹ ਨੇ ਬਚਨ ਦਿਤਾ ਕਿ ਉਹ ਹੁਸਨਬਾਨੋ ਲਈ ਕੋਈ ਯੋਗ ਵਰ ਲਭ ਕੇ ਉਸ ਦਾ ਵਿਆਹ ਕਰ ਦੇਵੇਗਾ। ਹੁਸਨਬਾਨੋ ਕੋਲ ਭਾਵੇਂ ਰਜਵਾਂ ਰੂਪ ਅਤੇ ਜੋਬਨ ਸੀ, ਪਰ ਵਿਰਕਤ ਸੁਭਾਵ ਦੀ ਹੋਣ ਕਰ ਕੇ ਉਸ ਨੂੰ ਵਿਆਹ ਕਰਵਾਣ ਦੀ ਕੋਈ ਰੀਝ ਨਹੀਂ ਸੀ। ਹੁਸਨਬਾਨੋ ਨੇ ਆਪਣੀ ਇਹ ਇੱਛਾ ਆਪਣੀ ਦਾਈ ਨੂੰ ਦਸ ਕੇ ਵਿਆਹ ਤੋਂ ਬਚਣ ਦਾ ਕੋਈ ਉਪਾਅ ਪੁਛਿਆ। ਦਾਈ ਨੇ ਹੁਸਨਬਾਨੋ ਨੂੰ ਕਿਹਾ ਕਿ ਉਹ ਆਪਣੇ ਵਿਆਹ ਲਈ ਇਹ ਸ਼ਰਤ ਰਖੇ ਕਿ ਜਿਹੜਾ ਗਭਰੂ ਸੱਤ ਚੀਜ਼ਾਂ ਦੀ ਅਸਲੀਅਤ ਦਾ ਪਤਾ ਲਗਾ ਕੇ ਲਿਆਵੇਗਾ, ਉਹਦੇ ਨਾਲ ਹੀ ਉਹ ਵਿਆਹ ਕਰਵਾਏਗੀ। ਇਹ ਸੱਤ ਸਵਾਲ ਇਉਂ ਹਨ —

ਪਹਿਲਾ, ਕਿਸੇ ਉਜਾੜ ਵਿਚ ਰੱਬ ਦਾ ਇਕ ਬੰਦਾ ਵਿਆਕੁਲ ਹੋਇਆ ਫਿਰਦਾ ਹੈ, ਉਸ ਨੇ ਕੋਈ ਚੀਜ਼ ਵੇਖੀ ਹੈ ਜਿਸ ਨੂੰ ਉਹ ਦੁਬਾਰਾ, ਵੇਖਣ ਲਈ ਭਟਕ ਰਿਹਾ ਹੈ। ਉਹ ਸ਼ਖ਼ਸ ਕੌਣ ਹੈ ਅਤੇ ਉਸ ਨੇ ਕੀ ਵੇਖਿਆ ਸੀ ? ਦੂਜਾ, ਕਿਸੇ ਦੁਰਾਡੇ ਦੇਸ਼ ਇਕ ਬੂਹੇ ਉਪਰ ਲਿਖਿਆ ਸੀ ਕਿ ਨੇਕੀ ਕਰ ਕੇ ਰੋੜ੍ਹ ਦੇ, ਪਰ ਨੇਕੀ ਤਾਂ ਕਦੇ ਰੁੜ੍ਹਦੀ ਨਹੀਂ, ਇਸ ਗੱਲ ਦੀ ਹਕੀਕਤ ਕੀ ਹੈ ? ਤੀਜਾ, ਕਿਸੇ ਉਜਾੜ ਵਿਚ ਕੋਈ ਬੰਦਾ ਕਹਿੰਦਾ ਫਿਰਦਾ ਹੈ ਕਿ ਤੈਨੂੰ ਆਪਣੇ ਮੰਦੇ ਕਰਮਾਂ ਦਾ ਫਲ ਭੋਗਣਾ ਪਏਗਾ। ਇਸ ਦੀ ਅਸਲੀਅਤ ਕੀ ਹੈ ? ਚੌਥਾ, ਇਕ ਸ਼ਖ਼ਸ ਨੇ ਆਪਣੇ ਦਰਵਾਜ਼ੇ ਉਪਰ ਲਿਖਿਆ ਹੈ ਕਿ ਸੱਚ ਬੋਲਣ ਵਾਲੇ ਨੂੰ ਖ਼ੁਸ਼ੀ ਮਿਲਦੀ ਹੈ। ਇਸ ਪਿਛੇ ਕੀ ਹਕੀਕਤ ਹੈ ? ਪੰਜਵਾਂ, ਇਕ ਪਹਾੜ ਦੇ ਪਰਲੇ ਪਾਸੇ ਕੁਝ ਲੋਕ ਵਸਦੇ ਹਨ। ਜਦੋਂ ਉਨ੍ਹਾਂ ਨੂੰ ਸੱਦੋ ਉਹ ਨੱਠ ਜਾਂਦੇ ਹਨ, ਕਿਉਂ ? ਛੇਵਾਂ, ਸ਼ਾਹੀ ਖਜ਼ਾਨੇ ਵਿਚ ਮੁਰਗਾਬੀ ਦੇ ਦਿਤੇ ਅੰਡੇ ਵਰਗਾ ਮੋਤੀ ਪਿਆ ਹੈ, ਉਸ ਵਰਗਾ ਕੋਈ ਦੂਜਾ ਮੋਤੀ ਢੂੰਡ ਕੇ ਲਿਆਵੇ। ਸਤਵਾਂ, ਇਕ ਹਵਾਈ ਹਮਾਮ ਵਾਵਰੋਲੇ ਵਾਂਗ ਘੁੰਮਦਾ ਫਿਰਦਾ ਹੈ, ਜਿਹੜਾ ਉਸ ਵਿਚ ਵੜਦਾ ਹੈ ਉਹ ਬਾਹਰ ਜੰਗਲ ਵਿਚ ਜਾ ਪਹੁੰਚਦਾ ਹੈ। ਇਸ ਹਮਾਮ ਦੀ ਕੀ ਹਕੀਕਤ ਹੈ ?

ਇਕ ਹੋਰ ਮੁਲਕ ਦੇ ਬਾਦਸ਼ਾਹ ਇਲਮ ਖ਼ਾਨ ਰਜ਼ਮੀ ਦੇ ਪੁੱਤਰ ਮੀਰ ਸ਼ਾਮੀ ਨੇ ਜਦੋਂ ਹੁਸਨਬਾਨੋ ਦੇ ਰੂਪ-ਜੁਆਨੀ ਦੀ ਸਿਫ਼ਤ ਸੁਣੀ, ਤਾਂ ਉਹ ਉਸ ਦੇ ਇਸ਼ਕ ਵਿਚ ਵਿਆਕੁਲ ਹੋਣ ਲੱਗਾ। ਉਸ ਨੇ ਇਕ ਕਲਾਕਾਰ ਨੂੰ ਸੱਦ ਕੇ, ਹੁਸਨਬਾਨੋ ਦੀ ਤਸਵੀਰ ਬਨਾਉਣ ਲਈ ਕਿਹਾ। ਤਸਵੀਰ ਨੂੰ ਵੇਖਦੇ ਸਾਰ ਮੀਰ ਸ਼ਾਮੀ ਆਪਣੇ ਹੋਸ਼ ਹਵਾਸ ਖੋਹ ਬੈਠਾ। ਮੀਰ ਸ਼ਾਮੀ ਆਪਣੇ ਮਾਪਿਆਂ ਤੋਂ ਚੋਰੀ ਫ਼ਕੀਰੀ ਵੇਸ ਵਿਚ ਹੁਸਨਬਾਨੋ ਦੀ ਨਗਰੀ ਪੁੱਜਾ ਅਤੇ ਧਰਨਾ ਮਾਰ ਕੇ ਬੈਠ ਰਿਹਾ। ਹੁਸਨਬਾਨੋ ਨੇ ਉਸ ਨੂੰ ਸਦਵਾ ਕੇ ਹਾਲ ਹਕੀਕਤ ਪੁੱਛੀ ਅਤੇ ਆਪਣੇ ਸੱਤ ਸੁਆਲਾਂ ਦੀ ਅਸਲੀਅਤ ਲਭਣ ਲਈ ਕਿਹਾ। ਪਹਿਲਾ ਸੁਆਲ ਦਸ ਕੇ ਹੁਸਨਬਾਨੋ ਨੇ ਕਿਹਾ ਕਿ ਜਦੋਂ ਇਸ ਦਾ ਠੀਕ ਜੁਆਬ ਮਿਲ ਜਾਵੇਗਾ ਤਾਂ ਉਹ ਦੂਜਾ ਸੁਆਲ ਦਸੇਗੀ।

ਮੀਰ ਸ਼ਾਮੀ ਰੋਂਦਾ ਕੁਰਲਾਂਦਾ ਯਮਨ ਦੇਸ਼ ਵਿਚ ਪੁੱਜਾ ਅਤੇ ਇਕ ਦਰੱਖ਼ਤ ਹੇਠਾਂ ਅਰਾਮ ਕਰਨ ਲੱਗਾ। ਦੇਵਨੇਤ ਹਾਤਮਤਾਈ ਉਧਰੋਂ ਸ਼ਿਕਾਰ ਖੇਡਣ ਲਈ ਲੰਘਿਆ ਅਤੇ ਮੀਰ ਸ਼ਾਮੀ ਦੀ ਕਹਾਣੀ ਸੁਣ ਕੇ ਉਸ ਨੇ ਉਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਦਾ ਬਚਨ ਦਿਤਾ।

ਇਸ ਤੋਂ ਅੱਗੇ ਦੀ ਸਾਰੀ ਕਹਾਣੀ ਸੱਤਾਂ ਭਾਗਾਂ ਵਿਚ ਵੰਡੀ ਹੋਈ ਹੈ। ਹਰੇਕ ਹਿੱਸੇ ਵਿਚ ਕਿਸੇ ਸੁਆਲ ਦੀ ਹਕੀਕਤ ਢੂੰਡਣ ਲਈ ਹਾਤਮ ਤਾਈ ਵਲੋਂ ਕੀਤੀ ਯਾਤ੍ਰਾ ਅਤੇ ਝਾਗੇ ਦੁਖਾਂ ਅਤੇ ਜਫ਼ਰਾਂ ਦਾ ਵਰਨਣ ਹੈ। ਘਟਨਾਵਾਂ ਬੜੀਆਂ ਅਦਭੁਤ, ਵਚਿਤ੍ਰ ਤੇ ਰੌਚਿਕ ਹਨ। ਜਿਵੇਂ ਪਹਿਲੇ ਸੁਆਲ ਦਾ ਜੁਆਬ ਲੱਭਣ ਲਈ ਹਾਤਮ ਜੰਗਲ ਵਿਚ ਗਿਆ, ਤਾਂ ਉਥੇ ਉਹਨੇ ਇਕ ਬਘਿਆੜ ਨੂੰ ਸ਼ਿਕਾਰ ਲਈ ਹਿਰਨੀ ਦਾ ਪਿੱਛਾ ਕਰਦਿਆਂ ਦੇਖਿਆ। ਹਾਤਮ ਹਿਰਨੀ ਦੀ ਰੱਖਿਆ ਕਰਦਾ ਹੈ ਤੇ ਆਪਣੇ ਪੱਟ ਵਿਚੋਂ ਮਾਸ ਕਢ ਕੇ ਬਘਿਆੜ ਨੂੰ ਖਾਣ ਲਈ ਦਿੰਦਾ ਹੈ। ਇਸੇ ਯਾਤ੍ਰਾ ਵਿਚ ਹਾਤਮ ਰਿੱਛਾਂ ਦੀ ਬਾਦਸ਼ਾਹੀ ਵਿਚ ਜਾ ਪਹੁੰਚਦਾ ਹੈ। ਰਿੱਛਾਂ ਦਾ ਰਾਜਾ ਹਾਤਮ ਨਾਲ ਆਪਣੀ ਕੰਨਿਆਂ ਵਿਆਹੁਣ ਦੀ ਇੱਛਾ ਪ੍ਰਗਟ ਕਰਦਾ ਹੈ। ਹਾਤਮ ਦੇ ਇਨਕਾਰ ਕਰਨ ਉਤੇ, ਉਸ ਨੂੰ ਬੰਦੀਖ਼ਾਨੇ ਵਿਚ ਸੁਟ ਦਿਤਾ ਜਾਂਦਾ ਹੈ। ਅਖ਼ੀਰ ਮਜਬੂਰ ਹੋ ਕੇ ਹਾਤਮ ਇਸ ਸ਼ਰਤ ਉਪਰ ਰਿੱਛਣੀ ਨਾਲ ਵਿਆਹ ਕਰਨ ਲਈ ਰਜ਼ਾਮੰਦ ਹੋ ਜਾਂਦਾ ਹੈ ਕਿ ਜਦੋਂ ਤਕ ਹਾਤਮ ਉਸ ਸੁਆਲ ਦੀ ਹਕੀਕਤ ਜਾਣ ਕੇ ਵਾਪਸ ਨਹੀਂ ਆਉਂਦਾ, ਰਿੱਛਣੀ ਸ਼ਹਿਜ਼ਾਦੀ ਬਾਦਸ਼ਾਹ ਦੇ ਘਰ ਸੱਤਰ ਵਿਚ ਰਹੇਗੀ ਅਤੇ ਕੋਈ ਰਿੱਛ ਉਸ ਦੇ ਸੱਤਰ ਵਿਚ ਨਹੀਂ ਜਾਵੇਗਾ। ਹਾਤਮਤਾਈ ਰਿੱਛਣੀ ਸ਼ਹਿਜ਼ਾਦੀ ਨਾਲ ਵਿਆਹ ਕਰ ਕੇ ਤਿੰਨ ਮਹੀਨੇ ਉਥੇ ਰਿਹਾ। ਜਾਣ ਵੇਲੇ ਸ਼ਹਿਜ਼ਾਦੀ ਨੇ ਉਸ ਨੂੰ ਇਕ ਮਣਕਾ ਦਿਤਾ, ਜੋ ਹਰ ਤਰ੍ਹਾਂ ਦੇ ਦੁਖ ਸੰਕਟ, ਜਾਦੂ ਬਲਾਅ ਤੋਂ ਰੱਖਿਆ ਕਰਨ ਦੀ ਸ਼ਕਤੀ ਰਖਦਾ ਸੀ। ਉਥੋਂ ਚਲ ਕੇ ਹਾਤਮਤਾਈ ਇਕ ਪਹਾੜ ਉਤੇ ਪੁਜਿਆ, ਜਿਥੇ ਇਕ ਫ਼ਕੀਰ ਨੂੰ ਉਸ ਨੇ ਸਾਰੀ ਵਿਥਿਆ ਸੁਣਾਈ। ਤਾਂ ਫ਼ਕੀਰ ਨੇ ਦਸਿਆ ਕਿ ਉਹ ਆਦਮੀ, ਜਿਸ ਬਾਰੇ ਸੁਆਲ ਪੁਛਿਆ ਗਿਆ ਹੈ, ਹਵੈਦਾ ਵਿਚ ਰਹਿੰਦਾ ਹੈ। ਜੇ ਹਾਤਮਤਾਈ ਉਸ ਨੂੰ ਮਿਲਣਾ ਚਾਹੁੰਦਾ ਹੈ ਤਾਂ ਪਹਿਲਾਂ ਉਹ ਤਲਿਸਮੀ ਤਲਾਬ ਕੋਲ ਪਹੁੰਚੇ ਜਿਥੇ ਉਹਨੂੰ ਇਕ ਰੂਪਮਤੀ ਮਿਲੇਗੀ, ਜੋ ਉਸ ਨੂੰ ਫੜ ਕੇ ਨਾਲ ਲੈ ਜਾਵੇਗੀ। ਉਹ ਉਸ ਰੂਪਮਤੀ ਦਾ ਹੱਥ ਨਾ ਛੱਡੇ, ਪਰ ਜਦੋਂ ਉਹ ਜ਼ੋਰ ਨਾਲ ਹੱਥ ਛੁਡਾਵੇਗੀ ਤਾਂ ਬੱਦਲਾਂ ਵਰਗਾ ਧੂੰਆਂ ਪੈਦਾ ਹੋਵੇਗਾ ਤੇ ਹਾਤਮਤਾਈ ਹਵੈਦਾ ਦੀ ਜੂਹ ਵਿਚ ਜਾ ਪਹੁੰਚੇਗਾ। ਹਾਤਮ ਨੇ ਉਸੇ ਤਰ੍ਹਾਂ ਕੀਤਾ ਅਤੇ ਉਹ ਹਵੈਦਾ ਵਿਚ ਜਾ ਪੁੱਜਾ। ਉਥੇ ਉਸ ਨੂੰ ਉਹ ਵਿਆਕੁਲ ਬੰਦਾ ਵਿਖਾਈ ਦਿਤਾ। ਉਸ ਤੋਂ ਵਿਆਕੁਲਤਾ ਦਾ ਕਾਰਨ ਪੁਛਿਆ। ਉਹ ਰੱਬ ਦਾ ਬੰਦਾ ਉਸ ਤਲਿਸਮੀ ਰੂਪਮਤੀ ਨੂੰ ਮੁੜ ਵੇਖਣ ਲਈ ਵਿਆਕੁਲ ਹੋ ਰਿਹਾ ਸੀ। ਹਾਤਮ ਉਸ ਬੰਦੇ ਨੂੰ ਮੁੜ ਤਲਾਬ ਦੇ ਕੋਲ ਲੈ ਆਇਆ ਤੇ ਕਿਹਾ ਕਿ ਇਥੋਂ ਹੀ ਉਹ ਰੂਪਮਤੀ ਉਸ ਨੂੰ ਫਿਰ ਆਪਣੀ ਤਲਿਸਮੀ ਦੁਨੀਆਂ ਵਿਚ ਲੈ ਜਾਵੇਗੀ, ਪਰ ਉਹ ਉਸ ਨੂੰ ਕਦੇ ਹੱਥ ਨਾਲ ਨਾ ਛੂਹੇ, ਤਾਂ ਹੀ ਉਹ ਹਮੇਸ਼ਾਂ ਲਈ ਉਹਦੇ ਕੋਲ ਰਹੇਗੀ। ਜਦੋਂ ਕਦੇ ਵੀ ਉਹ ਉਸ ਨੂੰ ਛੂਹ ਲਏਗਾ, ਉਹ ਫਿਰ ਹਵੈਦਾ ਦੀ ਜੂਹ ਵਿਚ ਭਟਕਣ ਲਈ ਸੁਟ ਦਿਤਾ ਜਾਵੇਗਾ।

ਉਥੋਂ ਹਾਤਮ ਮੀਰ ਸ਼ਾਮੀ ਵਲ ਤੁਰ ਪਿਆ। ਰਸਤੇ ਵਿਚ ਰਿੱਛਣੀ ਸ਼ਹਿਜ਼ਾਦੀ ਨੂੰ ਮਿਲਦਾ ਹੋਇਆ ਉਹ ਮੀਰ ਸ਼ਾਮੀ ਕੋਲ ਵਾਪਸ ਪੁੱਜਾ ਅਤੇ ਉਸ ਨੂੰ ਨਾਲ ਲੈ ਕੇ ਹੁਸਨਬਾਨੋ ਨੂੰ ਸਾਰੀ ਹਕੀਕਤ ਜਾ ਦੱਸੀ। ਇਸੇ ਤਰ੍ਹਾਂ ਫਿਰ ਦੂਜੇ ਸੁਆਲਾਂ ਦੀ ਹਕੀਕਤ ਲਭੀ ਗਈ। ਇਸ ਕਥਾ ਵਿਚ ਅਨੇਕਾਂ ਭਾਰਤੀ ਤੇ ਸਾਮੀ ਕਥਾਨਿਕ

Sri Satguru Jagjit Singh Ji eLibrary NamdhariElibrary@gmail.com

ਰੂੜ੍ਹੀਆਂ ਦਾ ਸੰਜੋਗ ਜਾਪਦਾ ਹੈ। ਬਘਿਆੜ ਨੂੰ ਹਾਤਮਤਾਈ ਦਾ ਆਪਣੇ ਪੱਟ ਵਿਚੋਂ ਮਾਸ ਕਟ ਕੇ ਖਾਣ ਲਈ ਦੇਣਾ, ਸ਼ੁਧ ਭਾਰਤੀ ਰੂੜ੍ਹੀ ਹੈ, ਜੋ ਜਾਤਕ ਕਥਾਵਾਂ ਵਿਚੋਂ ਵਿਗਸੀ ਹੈ।

**(ਹ-114) ਹਾਥੀ :**

ਪੁਰਾਣਾਂ ਦੀ ਇਕ ਕਥਾ ਅਨੁਸਾਰ ਬ੍ਰਹਮਾ ਨੇ ਇਕ ਵਾਰ ਸਾਮਵੇਦ ਦੇ ਸਾਰੇ ਪਾਠ ਦਾ ਮਧੁਰ ਧੁਨੀ ਵਿਚ ਗਾਇਨ ਕੀਤਾ, ਪਾਠ ਦੇ ਭੋਗ ਪੈਂਦਿਆਂ ਸਾਰ ਹਾਥੀ ਦੀ ਉਤਪਤੀ ਹੋਈ। ਸਾਮਵੇਦ ਦੇ ਗਾਇਨ ਤੋਂ ਉਪਜਿਆ ਹੋਣ ਕਰ ਕੇ ਹਾਥੀ ਨੂੰ 'ਸਾਮਜ' ਵੀ ਕਿਹਾ ਜਾਣ ਲੱਗਾ। ਇਕ ਹੋਰ ਪੌਰਾਣਿਕ ਕਥਾ ਅਨੁਸਾਰ ਸਾਗਰ ਮੰਥਨ ਵੇਲੇ ਪਾਣੀ ਵਿਚੋਂ ਉਪਜੇ ਚੌਦਾਂ ਰਤਨਾਂ ਵਿਚ ਇਕ ਸੇਤਾ ਹਾਥੀ ਐਰਾਵਤ ਵੀ ਸੀ, ਜਿਸ ਨੂੰ ਇੰਦਰ ਦੇਵਤਾ ਇੰਦਰਪੁਰੀ ਵਿਚ ਲੈ ਗਿਆ। ਸਾਰੇ ਹਾਥੀ ਉਸੇ ਐਰਾਵਤ ਦੀ ਵੰਸ਼ ਮੰਨੇ ਜਾਂਦੇ ਹਨ।

ਹਿੰਦੂ ਹਾਥੀ ਨੂੰ ਪਵਿਤ੍ਰ ਤੇ ਪੂਜਨੀਕ ਪਸ਼ੂ ਮੰਨਦੇ ਹਨ। ਗਣੇਸ਼ ਦੇਵਤੇ ਦਾ ਮੁੱਖ ਹਾਥੀ ਦਾ ਹੋਣ ਕਰ ਕੇ, ਹਿੰਦੂਆਂ ਵਿਚ ਹਾਥੀ ਲਈ ਧਰਮ-ਭਾਵਨਾ ਪੈਦਾ ਹੋਣੀ ਸਹਿਜ ਸੀ। ਹਾਥੀ ਸੰਸਾਰ ਦਾ ਰੱਖਿਅਕ ਵੀ ਹੈ। ਸੰਸਾਰ ਦੀਆਂ ਅੱਠਾਂ ਕੂੰਟਾਂ ਦੇ ਰੱਖਿਅਕ ਦੇਵਤੇ ਹਨ, ਜਿਨ੍ਹਾਂ ਨੂੰ ਲੋਕਪਾਲ ਕਿਹਾ ਜਾਂਦਾ ਹੈ। ਇਨ੍ਹਾਂ ਸਭਨਾਂ ਕੋਲ ਇਕ ਇਕ ਹਾਥੀ ਹੁੰਦਾ ਹੈ, ਜੋ ਕੂੰਟਾਂ ਦੀ ਰੱਖਿਆ ਵਿਚ ਮਦਦ ਕਰਦਾ ਹੈ। ਇਨ੍ਹਾਂ ਹਾਥੀਆਂ ਦੇ ਪੌਰਾਣਿਕ ਨਾਂ ਐਰਾਵਤ, ਪੁੰਡਰੀਕ, ਵਾਮਨ, ਕੁਮੁਦ, ਅੰਜਨ, ਪੁਸ਼ਪਦੰਤ, ਸਾਰਵਭੌਮ ਅਤੇ ਸੁਪ੍ਰਤੀਕ ਹਨ। ਇਨ੍ਹਾਂ ਅੱਠਾਂ ਹਾਥੀਆਂ ਲਈ ਵੀ ਲੋਕਪਾਲ ਦਾ ਨਾਂ ਰੂੜ੍ਹ ਹੋ ਗਿਆ ਹੈ। ਇਸੇ ਪੌਰਾਣਿਕ ਰੂੜ੍ਹੀ ਕਾਰਨ ਹਾਥੀ ਰੱਖਿਆ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ। ਵਿਆਹ ਵੇਲੇ ਕੰਨਿਆਂ ਨੂੰ ਪਹਿਲਾਂ ਹਾਥੀ-ਦੰਦ ਦੀ ਚੂੜੀ ਇਸੇ ਭਾਵ ਨਾਲ ਪਹਿਨਾਈ ਜਾਂਦੀ ਸੀ ਕਿ ਹਾਥੀ ਕੰਨਿਆਂ ਦੀ ਰੱਖਿਆ ਪ੍ਰੇਤ ਰੂਹਾਂ ਤੇ ਬਦਨਜ਼ਰ ਤੋਂ ਕਰੇਗਾ, ਮਗਰੋਂ ਚੂੜਾ ਸ਼ਿੰਗਾਰ ਦਾ ਰੂਪ ਬਣ ਗਿਆ।

ਸੁਪਨੇ ਵਿਚ ਹਾਥੀ ਵੇਖਣਾ ਸ਼ੁਭ ਮੰਨਿਆ ਜਾਂਦਾ ਹੈ। ਇਸ ਨਾਲ ਰਾਜ ਦਰਬਾਰ ਵਿਚ ਉੱਚਾ ਔਹਦਾ ਪ੍ਰਾਪਤ ਹੁੰਦਾ ਹੈ, ਵਪਾਰ ਵਿਚ ਤਰੱਕੀ ਹੁੰਦੀ ਹੈ।

ਪੰਜਾਬ ਦੀਆਂ ਲੋਕ-ਕਥਾਵਾਂ, ਨੀਤੀ-ਕਥਾਵਾਂ ਤੇ ਅਖਾਣਾਂ ਵਿਚ ਹਾਥੀ ਨੂੰ ਇਕ ਬਲਵਾਨ ਪਰ ਨੇਕ-ਦਿਲ ਪਸ਼ੂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਅਖਾਣਾਂ ਵਿਚ ਮਨੁੱਖ ਦੇ ਦੋਹਰੇ ਸਰੂਪ ਨੂੰ 'ਹਾਥੀ ਦੇ ਦੰਦ, ਖਾਣ ਦੇ ਹੋਰ ਵਿਖਾਣ ਦੇ ਹੋਰ ਬਿੰਬ ਦੁਆਰਾ ਪ੍ਰਗਟ ਕੀਤਾ ਗਿਆ ਹੈ।

**(ਹ-115) ਹਾਦੀਆ :**

ਆਪਣੇ ਗੁਰੂ (ਹਾਦੀ) ਨੂੰ ਭੇਟ ਕੀਤੀ ਗਈ ਵਸਤੂ; ਪਰ ਇਹ ਸ਼ਬਦ ਉਸ ਭੇਟ ਲਈ ਪ੍ਰਚਲਤ ਹੋ ਗਿਆ, ਜੋ ਕੋਈ ਸ਼ਖ਼ਸ, ਕੁਰਆਨ ਦਾ ਪਾਠ ਸਿਖਣ ਵੇਲੇ, ਹਰ ਸਿਪਾਰੇ ਦੇ ਮੁੱਢ ਅਤੇ ਅੰਤ ਉਤੇ, ਆਪਣੇ ਹਾਦੀ ਨੂੰ ਭੇਟ ਕਰਦਾ ਹੈ। ਕੁਰਆਨ ਵਿਚ ਕੁਲ 30 ਸਿਪਾਰੇ ਹਨ, ਜਿਸ ਕਰ ਕੇ ਇਹ ਭੇਟ ਆਰੰਭ ਤੋਂ ਅਖ਼ੀਰ ਤਕ 31 ਵਾਰ ਕੀਤੀ ਜਾਂਦੀ ਹੈ।

**(ਹ-116) ਹਾਫ਼ਿਜ਼ :**

ਉਹ ਮੁਸਲਮਾਨ ਜਿਸ ਨੇ ਸਾਰਾ ਕੁਰਆਨ ਸ਼ਰੀਫ਼ ਕੰਠ ਕੀਤਾ ਹੋਵੇ। ਮੁਸਲਮਾਨਾਂ ਵਿਚ ਹਾਫ਼ਿਜ਼ ਦਾ ਦਰਜਾ ਮੁੱਲਾ ਤੋਂ ਉਚੇਰਾ ਮੰਨਿਆ ਜਾਂਦਾ ਹੈ ਅਤੇ ਸ਼ਰਈ ਹਾਫ਼ਿਜ਼ ਪ੍ਰਤੀ ਬੜੀ ਆਦਰ ਭਾਵਨਾ ਰਖਦੇ ਹਨ। ਮੁੱਲਾ ਵਾਂਗ ਹੀ ਹਾਫ਼ਿਜ਼ ਮਸਜਦ ਵਿਚ ਨਿਤ ਦੀ ਪੰਜ ਵਕਤ ਦੀ ਨਿਮਾਜ਼ ਅਤੇ ਜੁੰਮੇ ਅਤੇ ਈਦ ਦੀਆਂ ਨਿਮਾਜ਼ਾਂ ਦੀ ਰਹਿਨਮਾਈ ਕਰਦਾ ਅਤੇ ਨਿਕਾਹ ਪੜ੍ਹਾਂਦਾ ਹੈ। ਜੇ ਮਸਜਦ ਵਿਚ ਮਦਰੱਸਾ ਹੋਵੇ, ਤਾਂ ਬੱਚਿਆਂ ਨੂੰ ਕੁਰਆਨ ਦਾ ਪਾਠ ਸਿਖਾਂਦਾ ਹੈ। ਕਈ ਹਾਫ਼ਿਜ਼ ਝਾੜਾ ਕਰਦੇ ਅਤੇ ਨਕਸ਼ ਤੇ ਤਵੀਤ ਵੀ ਦੇਂਦੇ ਹਨ। ਮੁਸਲਮਾਨਾਂ ਵਿਚ ਅੰਨ੍ਹੇ ਲਈ ਵੀ ਆਦਰ ਵਜੋਂ ਹਾਫ਼ਿਜ਼ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਕਿਉਂ ਜੋ ਕਈ ਮੁਸਲਮਾਨ ਅੰਨ੍ਹਿਆਂ ਨੇ ਕੁਰਾਨ ਨੂੰ ਕੰਠ ਕੀਤਾ ਹੁੰਦਾ ਹੈ।

**(ਹ-117) ਹਾਫ਼ਿਜ਼ ਸ਼ਾਹ ਜ਼ਮਾਨ :**

ਪੋਠੋਹਾਰ ਦਾ ਇਕ ਪ੍ਰਸਿਧ ਕਪਟੀ ਤੇ ਛਲੀਆ, ਜਿਸ ਬਾਰੇ ਬੜੀਆਂ ਵਚਿਤ੍ਰ ਕਥਾਵਾਂ ਤੇ ਲੋਕ-ਗੀਤ ਪ੍ਰਚਲਤ ਹਨ। ਸ਼ਾਹ ਜ਼ਮਾਨ ਜਾਤ ਦਾ ਗੱਖੜ ਸੀ, ਅਤੇ ਤਹਿਸੀਲ ਕਹੂਟਾ ਦੇ ਇਕ ਪਿੰਡ ਮੋਜ਼ਾ ਨਾਰਾ ਦਾ ਰਹਿਣ ਵਾਲਾ ਸੀ। ਉਸ ਦਾ ਜਨਮ 1859 ਈਸਵੀ ਵਿਚ ਹੋਇਆ। ਤਿੰਨ ਸਾਲਾਂ ਦੀ ਉਮਰ ਵਿਚ ਉਸ ਨੂੰ ਮਾਤਾ ਨਿਕਲ ਆਈ, ਜਿਸ ਕਰ ਕੇ ਉਹ ਅੰਨ੍ਹਾ ਹੋ ਗਿਆ। ਸ਼ਾਹ ਜ਼ਮਾਨ ਨੇ ਮਸਜਿਦ ਵਿਚੋਂ ਮੌਲਵੀ ਤੋਂ ਮੁਢਲੀ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ ਅਤੇ ਸਾਰਾ ਕੁਰਆਨ ਜ਼ਬਾਨੀ ਯਾਦ ਕਰ ਲਿਆ।

ਕੁਝ ਚਿਰ ਹਾਫ਼ਿਜ਼ ਨੌਸ਼ਾਹੀ ਫ਼ਕੀਰ ਸਾਈਂ ਫ਼ਤਹ ਉੱਲਾ ਦਾ ਮੁਰੀਦ ਰਿਹਾ। ਉਥੋਂ ਗੁਜਰਖ਼ਾਨ ਦੇ ਇਕ ਪਿੰਡ ਲੁਲਿਹਾਲ ਵਿਚ, ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਰਹਿ ਕੇ ਚਾਲੀਆ ਕਟਿਆ। ਹੌਲੀ ਹੌਲੀ ਸਾਰੇ ਇਲਾਕੇ ਵਿਚ ਸ਼ਾਹ ਜ਼ਮਾਨ ਦੀ ਮਾਨਤਾ ਹੋਣ ਲੱਗੀ ਤੇ ਲੋਕੀਂ ਮੁਰਾਦਾਂ ਲੈ ਕੇ ਦੂਰੋਂ ਦੂਰੋਂ ਆਉਣ ਲੱਗੇ। ਜਦੋਂ ਹਾਫ਼ਿਜ਼ ਦੀ ਕੀਰਤੀ ਚਾਰ ਚੁਫੇਰੇ ਖਿਲਰ ਗਈ ਤਾਂ ਉਸ ਨੇ ਐਲਾਨ ਕਰ ਦਿਤਾ ਕਿ ਉਹ ਵਲੀ ਹੈ ਤੇ ਆਪਣੇ ਮੁਸਲਮਾਨ ਭਰਾਵਾਂ ਦਾ ਦੁਖ-ਦਲਿਦਰ ਕੱਟਣ ਲਈ ਸੰਸਾਰ ਵਿਚ ਆਇਆ ਹੈ ਅਤੇ ਜਿਹੜੇ ਕਿਸਾਨ ਸ਼ਾਹੂਕਾਰਾਂ ਦੇ ਵਿਹੁ-ਚਕਰ ਵਿਚ ਫਸੇ ਹੋਏ ਹਨ, ਉਨ੍ਹਾਂ ਸਜਣਾਂ ਨੂੰ ਉਹ ਕਰਜ਼ੇ ਤੋਂ ਮੁਕਤੀ ਦਿਵਾਣਾ ਚਾਹੁੰਦਾ ਹੈ। ਕੁਝ ਚਿਰ ਬਾਅਦ ਹਾਫ਼ਿਜ਼ ਨੇ ਇਹ ਐਲਾਨ ਕੀਤਾ ਕਿ ਜਿਹੜਾ ਦੁਖੀ ਤੇ ਗ਼ਰੀਬ ਸ਼ਖ਼ਸ ਉਸ ਕੋਲ ਇਕ ਰੁਪਿਆ ਜਮ੍ਹਾਂ ਕਰਵਾ ਕੇ ਜਾਵੇਗਾ, ਉਹ ਆਪਣੀ ਇਲਾਹੀ ਸ਼ਕਤੀ ਨਾਲ ਉਸ ਦੇ ਪੰਜ ਰੁਪਏ ਬਣਾ ਕੇ ਵਾਪਸ ਕਰੇਗਾ। ਲੁਲਿਹਾਲ ਦੇ ਕਈ ਕਿਸਾਨ ਹਾਫ਼ਿਜ਼ ਨੂੰ ਕੁਝ ਰੁਪਏ ਦੇ ਗਏ ਅਤੇ ਥੋੜੇ ਦਿਨਾਂ ਬਾਅਦ ਉਸ ਤੋਂ ਪੰਜ ਗੁਣਾਂ ਰੁਪਏ ਵਾਪਿਸ ਲੈ ਗਏ। ਲੋਕਾਂ ਦਾ ਭਰੋਸਾ ਵਧਦਾ ਗਿਆ ਤੇ ਉਹ ਵਹੀਰਾਂ ਘਤ ਕੇ ਆਉਣ ਲੱਗੇ। ਜਿਤਨੇ ਰੁਪਏ ਕੋਈ ਦੇ ਜਾਂਦੇ, ਕੁਝ ਦਿਨਾਂ ਮਗਰੋਂ ਆ ਕੇ ਪੰਜ ਗੁਣਾਂ ਲੈ ਜਾਂਦੇ। ਇਹ ਧੰਦਾ ਇਤਨਾ ਫੈਲ ਗਿਆ ਕਿ ਹਾਫ਼ਿਜ਼ ਨੂੰ ਹਿਸਾਬ ਕਿਤਾਬ ਲਈ ਵਹੀ ਖਾਤਾ ਅਤੇ ਇਕ ਮੁਨਸ਼ੀ ਰਖਣਾ ਪਿਆ। ਲੋਕੀਂ ਹਾਫ਼ਿਜ਼ ਨੂੰ ਵਲੀ ਕਰ ਕੇ ਜਾਣਨ ਲੱਗੇ।

ਕਿਹਾ ਜਾਂਦਾ ਹੈ ਕਿ ਹਾਫ਼ਿਜ਼ ਰਾਤ ਵੇਲੇ ਆਪਣਾ ਕਮਰਾ ਬੰਦ ਕਰ ਕੇ ਪਲੰਘ ਉਤੇ ਲੇਟ ਜਾਂਦਾ ਅਤੇ ਰੁਪਿਆਂ ਦੀਆਂ ਮੁੱਠਾਂ ਭਰ ਭਰ ਕੇ ਛੱਤ ਅਤੇ ਦੀਵਾਰਾਂ ਨਾਲ ਮਾਰਦਾ; ਰੁਪਏ ਫ਼ਰਸ਼ ਉਤੇ ਛਣ ਛਣ ਕਰ ਕੇ ਡਿਗਦੇ। ਉਹਦੇ ਸ਼ਰਧਾਲੂ ਬਾਹਰ ਖਲੋ ਕੇ ਇਸ ਛਣਕਾਰ ਨੂੰ ਸੁਣਿਆ ਕਰਦੇ ਸਨ, ਜਿਸ ਕਰ ਕੇ ਲੋਕਾਂ ਵਿਚ ਇਹ ਗੱਲ ਪ੍ਰਚਲਤ ਹੋ ਗਈ ਕਿ ਰਾਤ ਵੇਲੇ ਅੱਲਾ ਹਾਫ਼ਿਜ਼ ਦੇ ਕੋਠੇ ਵਿਚ ਰੁਪਿਆਂ ਦਾ ਮੀਂਹ ਵਰਸਾਂਦਾ ਹੈ।

ਇਨ੍ਹੀਂ ਦਿਨੀਂ ਹਾਫ਼ਿਜ਼ ਨੇ ਇਲਾਕੇ ਦੀ ਇਕ ਸੁੰਦਰ ਮੁਟਿਆਰ ਮਿਹਰੋ ਨਾਲ ਵਿਆਹ ਕਰਵਾ ਲਿਆ। ਹਾਫ਼ਿਜ਼ ਲੋਕਾਂ ਦਾ ਵਿਸ਼ਵਾਸ-ਪਾਤਰ ਬਣ ਚੁਕਾ ਸੀ। ਇਸ ਲਈ ਲੋਕੀਂ ਆਪਣੀਆਂ ਜ਼ਮੀਨਾਂ, ਗਹਿਣੇ ਘਰ ਦਾ ਸਾਮਾਨ ਅਤੇ ਮਾਲ ਡੰਗਰ ਵੇਚ ਕੇ, ਰੁਪਿਆ ਹਾਫ਼ਿਜ਼ ਕੋਲ ਜਮ੍ਹਾਂ ਕਰਵਾਉਣ ਲੱਗੇ। ਹਾਫ਼ਿਜ਼ ਕਿਸੇ ਨੂੰ ਡਿਓਢਾ, ਕਿਸੇ ਨੂੰ ਦੁਗਣਾ, ਤਿਗਣਾ ਜਾਂ ਚੌਗਣਾ ਬਣਾ ਕੇ ਵਾਪਸ ਕਰਦਾ ਰਿਹਾ। ਜਿਵੇਂ ਜਿਵੇਂ ਸਮਾਂ ਲੰਘਦਾ ਜਾਂਦਾ, ਉਹ ਲੰਮੀਆਂ ਤਰੀਕਾਂ ਦੇਣ ਲੱਗਾ। ਅਖ਼ੀਰ, ਇਹ ਛਲ ਕਦੋਂ ਤਕ ਚਲ ਸਕਦਾ ਸੀ। ਇਕ ਸਮਾਂ ਅਜਿਹਾ ਆਇਆ ਜਦੋਂ ਉਹ ਦੁਗਣੇ, ਚੌਗਣੇ ਤਾਂ ਇਕ ਪਾਸੇ ਰਹੇ ਅਸਲ ਰਕਮ ਵੀ

Sri Satguru Jagjit Singh Ji eLibrary NamdhariElibrary@gmail.com

ਮੋੜਨੋਂ ਅਸਮਰੱਥ ਹੋ ਗਿਆ। ਜਿਸ ਕਰ ਕੇ ਉਸ ਦੇ ਪਖੰਡ ਦਾ ਪਾਜ ਖੁਲ੍ਹ ਗਿਆ। ਪੁਲਿਸ ਨੇ ਹਾਫ਼ਿਜ਼ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਮੁਕੱਦਮਾ ਚਲਾਇਆ, ਜਿਸ ਵਿਚ ਉਸ ਨੂੰ ਡੇਢ ਸਾਲ ਦੀ ਕੈਦ ਹੋਈ। ਇਹ ਘਟਨਾ 1879 ਦੀ ਹੈ।

ਜੇਲ੍ਹ ਤੋਂ ਛੁਟ ਕੇ ਹਾਫ਼ਿਜ਼ ਤਿੰਨ ਚਾਰ ਸਾਲ ਆਪਣੇ ਪਿੰਡ ਨਾਰਾ ਵਿਚ ਰਿਹਾ, ਪਰ ਫਿਰ ਸੁਹਾਵੇ (ਤਹਿਸੀਲ ਚਕਵਾਲ) ਵਿਚ ਪੀਰੀ ਕਰਨ ਲੱਗਾ ਤੇ ਉਥੇ ਵੀ ਉਹਨੇ ਉਹੋ ਪੁਰਾਣਾ ਛੱਲ ਦੁਬਾਰਾ ਖੇਡਿਆ। ਲੋਕੀਂ ਦੁਗਣੇ ਚੌਗਣੇ ਰੁਪਏ ਬਨਾਉਣ ਦੇ ਮੋਹ ਵਿਚ ਉਸ ਕੋਲ ਫਿਰ ਰੁਪਏ ਜਮ੍ਹਾਂ ਕਰਵਾਨ ਲੱਗੇ। ਪੁਲਿਸ ਨੂੰ ਜਦੋਂ ਖ਼ਬਰ ਹੋਈ ਤਾਂ ਹਾਫ਼ਿਜ਼ ਨੂੰ ਗ੍ਰਿਫ਼ਤਾਰ ਕਰ ਕੇ ਮੁੜ ਮੁਕੱਦਮਾ ਚਲਾਇਆ ਗਿਆ ਅਤੇ ਉਸ ਨੂੰ ਦੋ ਸਾਲ ਕੈਦ ਦੀ ਸਜ਼ਾ ਹੋਈ; ਪਰ ਛੇਤੀ ਹੀ ਮਲਕਾ ਵਿਕਟੋਰੀਆ ਦੀ ਜੁਬਲੀ ਉਤੇ ਉਸ ਨੂੰ ਮੁਕਤ ਕਰ ਦਿਤਾ ਗਿਆ।

ਹਾਫ਼ਿਜ਼ ਦੇ ਕਪਟ ਸਬੰਧੀ ਕੁਝ ਗੀਤ ਅਤੇ ਟੱਪੇ ਹੁਣ ਤਕ ਲੋਕਾਂ ਵਿਚ ਪ੍ਰਚਲਤ ਹਨ ਜਿਵੇਂ:

(1) ਗੰਨਾ ਕਮਾਦੇ ਦਾ ਅੱਧ-ਲਕੋਂ ਤਰੁਟਿਆ ਈ
ਮਾਲ ਲੋਕਾਂ ਦਾ ਉਸ ਜ਼ੋਰੀ ਲੁਟਿਆ ਈ।

(2) ਹਾਫ਼ਜ਼ ਨਾਰੇ ਦਾ ਮਿਹਰੋ 'ਤੇ ਭੁਲਿਆ ਈ
ਮਾਲ ਲੋਕਾਂ ਦਾ ਕੱਸੀ 'ਚ ਰੁਲਿਆ ਈ।

(3) ਵਾਹ ਵਾਹ ਹਾਫ਼ਜ਼ ਦੀਆਂ ਕਮਾਈਆਂ
ਮੈਂ ਤਾਂ ਪੈਰ ਪਜੇਬਾਂ ਪਾਈਆਂ।
ਸੁਣ ਕੇ ਹਾਫ਼ਜ਼ ਦੀਆਂ ਔਲਿਆਈਆਂ
ਲੋਕਾਂ ਜ਼ਿਮੀਆਂ ਗਹਿਣੇ ਪਾਈਆਂ।

(4) ਮੈਂ ਤਾਂ ਨਵੀਂ ਨੱਥ ਘੜਾਈ ਆ
ਉਹ ਵੀ ਹਾਫ਼ਜ਼ ਦੇ ਕੰਮ ਆਈ ਆ।
ਮੈਂ ਤਾਂ ਨਵੀਂ ਘੜਾਈ ਵਾਲੀ
ਉਹ ਵੀ ਹਾਫ਼ਜ਼ ਪਿਛੇ ਗਾਲੀ।

(5) ਮੈਂ ਅੱਜ ਘੜੀਆਂ ਕੜੀਆਂ
ਗੱਲਾਂ ਜਾ ਸਰਕਾਰੇ ਚੜ੍ਹੀਆਂ।
ਹਾਫ਼ਜ਼ ਫਸ ਗਿਆ ਪਰਦੇਸੀ
ਉਸ ਦੀ ਕੌਣ ਗਵਾਹੀ ਦੇਸੀ ?

(6) ਹਾਫ਼ਜ਼ ਨਾਰੇ ਦਾ ਪਿਆ ਰੋੜੀ ਕੁਟਦਾ ਈ।
ਮਾਲ ਲੋਕਾਂ ਦਾ ਉਸ ਜ਼ੋਰੀ ਲੁਟਿਆ ਈ।

(7) ਕੋਠੇ 'ਤੇ ਕੀ ਬਹਿਣਾ
ਹਾਫ਼ਜ਼ੇ ਨੇ ਛਲ ਕਰ ਕੇ
ਸਾਡਾ ਲੁਟ ਲਿਆ ਸਭ ਗਹਿਣਾ।

### (ਹ-118) ਹਾਬੜੀ :

ਜ਼ਿਲਾ ਥਾਨੇਸਰ ਦੀ ਕੈਥਲ ਤਹਿਸੀਲ ਦਾ ਇਕ ਪੁਰਾਣਾ ਕਸਬਾ; ਇਥੇ ਬਰਾਹ ਕੁੰਡ ਨਾਂ ਦਾ ਇਕ ਤੀਰਥ ਹੈ, ਜਿਸ ਦਾ ਸੰਬੰਧ ਵਿਸ਼ਨੂੰ ਦੇ ਵਰਾਹ ਅਵਤਾਰ ਨਾਲ ਜੋੜਿਆ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਮੁਸਲਮਾਨ ਪੀਰਾਂ ਦੀਆਂ ਤਿੰਨ ਖ਼ਾਨਗਾਹਾਂ ਹਨ, ਜਿਨ੍ਹਾਂ ਵਿਚੋਂ ਸੱਯਦ ਅਹਿਮਦ ਕਬੀਰ ਦੀ ਖ਼ਾਨਗਾਹ ਵਧੇਰੇ ਉੱਘੀ ਹੈ, ਜਿਥੇ ਮੁਹੱਰਮ ਦੀ 24 ਤਾਰੀਖ ਨੂੰ ਤਿੰਨ ਦਿਨਾਂ ਲਈ ਉਰਸ ਲੱਗਦਾ ਹੈ।

### (ਹ-119) ਹਾਬੀਲ :

(ਵੇਖੋ : ਕਾਬੀਲ-ਹਾਬੀਲ)।

### (ਹ-120) ਹਾਰਨੀ :

ਇਕ ਜੁਰਾਇਮ ਪੇਸ਼ਾ ਜਾਤੀ, ਜੋ ਚੋਰੀ ਚਕਾਰੀ ਕਰ ਕੇ ਪੇਟ ਪਾਲਦੀ ਹੈ ਤੇ ਲੋਕਾਂ ਵਿਚ ਬੜੀ ਬਦਨਾਮ ਹੈ। ਦੇਸ਼ ਵੰਡ ਤੋਂ ਪਹਿਲਾਂ ਹਾਰਨੀ ਜਲੰਧਰ, ਹੁਸ਼ਿਆਰਪੁਰ ਤੇ ਲੁਧਿਆਣੇ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਸਨ, ਪਰ ਹੁਣ ਇਹ ਲੋਕ ਪਾਕਿਸਤਾਨ ਚਲੇ ਗਏ ਹਨ। ਹਾਰਨੀ ਸ਼ਬਦ ਹੇੜ ਜਾਂ ਹੇੜੀ ਤੋਂ ਵਿਗੜ ਕੇ ਬਣਿਆ ਜਾਪਦਾ ਹੈ।

ਹਾਰਨੀ ਜਾਤੀ ਦੇ ਅਸਲੇ ਬਾਰੇ ਕਈ ਰਵਾਇਤਾਂ ਪ੍ਰਚਲਤ ਹਨ। ਹਾਰਨੀਆਂ ਅਨੁਸਾਰ ਉਹ ਨਜ਼ਫ਼ ਖ਼ਾਨ ਪਠਾਣ ਦੀ ਵੰਸ਼ ਵਿਚੋਂ ਹਨ, ਜੋ ਆਪਣੇ ਅੱਠਾਂ ਪੁਤਰਾਂ ਸਮੇਤ ਮਹਿਮੂਦ ਗ਼ਜ਼ਨੀ ਦੇ ਹੱਲਿਆ ਵੇਲੇ ਭਾਰਤ ਆਇਆ ਸੀ। ਬਾਦਸ਼ਾਹ ਨੇ ਨਜ਼ਫ਼ ਖ਼ਾਨ ਨੂੰ ਉਸ ਦੀ ਸੇਵਾ ਬਦਲੇ ਦਿੱਲੀ ਦੇ ਨੇੜੇ ਇਕ ਜਾਗੀਰ ਦਿੱਤੀ। ਨਜ਼ਫ਼ ਖ਼ਾਨ ਦੇ ਪੁੱਤਰ ਰਾਜਪੂਤਾਂ ਦੀਆਂ ਧੀਆਂ ਨਾਲ ਵਿਆਹ ਕਰਵਾ ਕੇ ਰਾਜਪੂਤ ਅਖਵਾਣ ਲੱਗੇ। ਹੌਲੇ ਹੌਲ ਨਜ਼ਫ਼ਖ਼ਾਨ ਦੀ ਔਲਾਦ ਭਾਰਤ ਦੇ ਕਈ ਇਲਾਕਿਆਂ ਵਿਚ ਫੈਲ ਗਈ। ਪਰ ਉਸ ਦੇ ਛੋਟੇ ਚੁਹਾਂ ਲੜਕਿਆਂ ਦੀ ਵੰਸ਼ ਭਟਨੇਰ, ਉਚ, ਢੋਡੂਕੋਟ ਤੇ ਮੁਲਤਾਨ ਵਿਚ ਜਾ ਵਸੀ, ਜਿਥੋਂ ਉਹ 1671 ਈ: ਵਿਚ ਕਪੂਰਥਲੇ ਆ ਰਹੇ। ਇਕ ਹੋਰ ਰਵਾਇਤ ਅਨੁਸਾਰ ਬੀਕਾਨੇਰ ਵਿਚ ਕਾਲ ਪੈਣ ਕਰ ਕੇ ਉਥੋਂ ਹਾਰਨੀਆਂ ਦੇ ਕਈ ਕਬੀਲੇ ਕਪੂਰਥਲੇ ਆ ਵਸੇ।

ਹਾਰਨੀ ਚੋਰੀ ਚਕਾਰੀ ਵਿਚ ਬੜੀ ਮੁਹਾਰਤ ਰਖਦੇ ਹਨ, ਖ਼ਾਸ ਤੌਰ 'ਤੇ 'ਟਪਾ' ਚੋਰੀ ਵਿਚ। ਗਰਮੀਆਂ ਦੇ ਦਿਨਾਂ ਵਿਚ ਹਾਰਨੀ ਛਾਲ ਮਾਰ ਕੇ ਘਰਾਂ ਦੀਆਂ ਛਤਾਂ ਉਪਰ ਚੜ੍ਹ ਜਾਂਦੇ ਹਨ ਅਤੇ ਕੋਠੇ ਉਪਰ ਸੁਤੀਆਂ ਤੀਵੀਆਂ ਦੇ ਗਹਿਣੇ ਉਤਾਰ ਕੇ ਨਠ ਜਾਂਦੇ ਹਨ। ਕੁਝ ਹਾਰਨੀ, ਜਿਨ੍ਹਾਂ ਨੂੰ 'ਗੁਣੀਮਾਰ' ਕਹਿੰਦੇ ਹਨ, ਆਪਣੀਆਂ ਤੀਵੀਆਂ ਨੂੰ ਅਮੀਰ ਘਰਾਂ ਵਿਚ ਨੌਕਰ ਰਖਵਾ ਕੇ ਚੋਰੀ ਕਰਵਾਂਦੇ ਹਨ।

ਹਾਰਨੀ ਵਧੇਰੇ ਕਾਦਰੀਆ ਅਤੇ ਹਨੀਫ਼ਾ ਫ਼ਿਰਕੇ ਦੇ ਮੁਸਲਮਾਨ ਹਨ ਅਤੇ ਇਹ ਮੁਸਲਮਾਨ ਪੀਰਾਂ—ਸ਼ਾਹੀ ਸ਼ਾਹ, ਹਸੂ ਸ਼ਾਹ, ਜ਼ਾਹਿਰ ਵਲੀ ਤੇ ਸ਼ਾਹ ਅਬਦੁਲ ਕਰੀਮ ਆਦਿ ਨੂੰ ਮੰਨਦੇ ਹਨ।

### (ਹ-121) ਹਾਰੂੰ ਅਲ ਰਸ਼ੀਦ :

ਬਗ਼ਦਾਦ ਦਾ ਪ੍ਰਸਿਧ ਖ਼ਲੀਫ਼ਾ, ਜਿਸ ਦੇ ਜੀਵਨ ਦੁਆਲੇ ਕਾਫ਼ੀ ਸਾਰੀ ਲੋਕਧਾਰਾ ਜੁੜ ਗਈ ਹੈ। ਹਾਰੂੰ ਬੜਾ ਸੁਹਿਰਦ, ਸਖੀ ਤੇ ਇਨਸਾਫ਼ ਪਸੰਦ ਰਾਜਾ ਸੀ, ਜੋ ਆਪਣੀ ਪਰਜਾ ਦੇ ਦੁਖਾਂ ਤੇ ਮੁਸੀਬਤਾਂ ਤੋਂ ਜਾਣੂੰ ਹੋਣ ਲਈ, ਰਾਤ ਵੇਲੇ, ਆਪਣੇ ਵਜ਼ੀਰ ਨਾਲ, ਭੇਸ ਬਦਲ ਕੇ ਬਗ਼ਦਾਦ ਦੀਆਂ ਗਲੀਆਂ ਵਿਚ ਫਿਰਿਆ ਕਰਦਾ ਸੀ। ਅਰਬ ਵਿਚ ਪ੍ਰਚਲਤ ਅਨੇਕਾਂ ਕਥਾਵਾਂ ਦਾ ਵਸਤੂ ਖ਼ਲੀਫ਼ਾ ਹਾਰੂੰ ਦੀਆਂ ਇਹੋ ਯਾਤ੍ਰਾਵਾਂ ਹਨ। ਅਲਫ਼ ਲੈਲਾ ਵਿਚ ਇਸੇ ਖ਼ਲੀਫ਼ਾ ਹਾਰੂੰ ਦਾ ਜ਼ਿਕਰ ਆਉਂਦਾ ਹੈ।

ਖ਼ਲੀਫ਼ਾ ਹਾਰੂੰ ਦਾ ਜਨਮ 20 ਮਾਰਚ, 765 ਈ: ਵਿਚ ਹੋਇਆ ਅਤੇ ਆਪਣੇ ਪਿਤਾ ਖ਼ਲੀਫ਼ਾ ਮਹਿਦੀ ਦੇ ਚਲਾਣੇ ਮਗਰੋਂ 788 ਈ: ਵਿਚ ਬਗ਼ਦਾਦ ਦੀ ਰਾਜ ਗੱਦੀ ਉਤੇ ਬੈਠਾ। ਇਸ ਦੀ ਮ੍ਰਿਤੂ ਖ਼ੁਰਾਸਾਨ ਵਿਚ 24 ਮਾਰਚ, 809 ਈ: ਵਿਚ ਹੋਈ। ਖ਼ਲੀਫ਼ਾ ਹਾਰੂੰ ਦਾ ਮਕਬਰਾ ਤੂਸ (ਮਸ਼ਹਦ) ਵਿਚ ਹੈ।

ਖ਼ਲੀਫ਼ਾ ਹਾਰੂੰ ਕਥਾ-ਚੱਕਰ ਦਾ ਕੁਝ ਕੁ ਪੰਜਾਬੀ ਲੋਕ-ਕਹਾਣੀਆਂ ਉਪਰ ਪ੍ਰਭਾਵ ਪ੍ਰਤੱਖ ਵਿਖਾਈ ਦੇਂਦਾ ਹੈ। ਹਾਰੂੰ ਨਾਲ ਕਈ ਕਥਾਵਾਂ ਤਾਂ ਥੋੜੇ ਬਹੁਤ ਪਰਿਵਰਤਨ ਨਾਲ ਪੰਜਾਬੀ ਕਥਾ-ਭੰਡਾਰ ਵਿਚ ਸ਼ਾਮਿਲ ਹੋ ਗਈਆਂ ਹਨ ਜਿਵੇਂ 'ਲਕੜਹਾਰੇ ਅਤੇ ਹਜਾਮ' ਦੀ ਕਥਾ, ਜਿਸ ਵਿਚ ਸ਼ਾਹੀ ਹਜਾਮ ਲਕੜਹਾਰੇ ਨਾਲ ਲਕੜੀਆਂ ਦੇ ਭਾਰ ਦਾ ਸੌਦਾ ਕਰਦਾ ਹੈ, ਪਰ ਮਗਰੋਂ ਖੋਤੇ ਦੇ ਬੜੇ ਪਲਾਣੇ 'ਤੇ ਵੀ ਲਕੜੀਆਂ ਦੇ ਨਾਲ ਹੀ ਇਹ ਕਹਿ ਕੇ ਹੱਕ ਜਮਾਂਦਾ ਹੈ ਕਿ ਇਹ ਸਭ ਚੀਜ਼ਾਂ ਲਕੜੀਆਂ ਦੇ ਗਠੇ ਦਾ ਹੀ ਭਾਗ ਹਨ। ਲਕੜਹਾਰਾ ਵੀ ਬਦਲੇ ਦੀ ਭਾਵਨਾ ਨਾਲ ਇਸੇ ਤਰ੍ਹਾਂ ਦਾ ਇਕ ਸਵਾਂਗ ਰਚਦਾ ਹੈ ਅਤੇ ਹਜਾਮ ਨਾਲ ਆਪਣੀ ਅਤੇ ਆਪਣੇ ਸਾਥੀ ਦੀ ਹਜਾਮਤ ਦੇ ਪੈਸੇ ਚੁਕਾ ਕੇ ਆਪਣੀ ਹਜਾਮਤ ਕਰਵਾਣ ਮਗਰੋਂ ਉਸ ਤੋਂ ਖੋਤੇ ਦੀ ਹਜਾਮਤ ਕਰਵਾਣਾ ਚਾਹੁੰਦਾ ਹੈ। ਝਗੜਾ ਵਧਣ 'ਤੇ ਇਹ ਮੁਕੱਦਮਾ ਖ਼ਲੀਫ਼ਾ ਹਾਰੂੰ ਦੇ ਸਾਹਮਣੇ ਪੇਸ਼ ਹੁੰਦਾ ਹੈ, ਜੋ ਲਕੜਹਾਰੇ ਦੇ ਹੱਕ ਵਿਚ ਫ਼ੈਸਲਾ ਦੇਂਦਾ ਹੋਇਆ ਕਹਿੰਦਾ ਹੈ ਕਿ ਜੇ ਪਲਾਣਾ ਲਕੜੀਆਂ ਵਿਚ ਸ਼ਾਮਲ ਹੋ ਸਕਦਾ ਹੈ, ਤਾਂ ਖੋਤੇ ਨੂੰ ਲਕੜਹਾਰੇ ਦਾ ਸਾਥੀ ਵੀ ਮੰਨਣਾ ਪਏਗਾ। ਸ਼ਾਹੀ ਹਜਾਮ ਨੂੰ

Sri Satguru Jagjit Singh Ji eLibrary NamdhariElibrary@gmail.com

ਮਜਬੂਰ ਹੋ ਕੇ ਖੋਤੇ ਦੀ ਹਜਾਮਤ ਕਰ ਕੇ ਅਪਮਾਨਤ ਹੋਣਾ ਪਿਆ।

ਹਾਰੂੰ ਦੇ ਕਥਾ-ਚੱਕਰ ਦੇ ਪ੍ਰਭਾਵ ਹੇਠ ਹੀ, ਪੰਜਾਬੀ ਕਹਾਣੀਆ ਵਿਚ, ਰਾਤ ਵੇਲੇ ਰਾਜੇ ਦਾ ਭੇਸ ਬਦਲ ਕੇ ਪਰਜਾ ਦੇ ਦੁਖ ਜਾਣਨ ਦੀ ਕਥਾਨਿਕ ਰੂੜ੍ਹੀ ਪ੍ਰਚਲਤ ਹੋਈ।

(ਹ-122) **ਹਾਰੂਤ ਮਾਰੂਤ :**

ਇਸਲਾਮੀ ਪਰੰਪਰਾ ਅਨੁਸਾਰ ਦੋ ਪਤਿਤ ਫ਼ਰਿਸ਼ਤੇ, ਜਿਨ੍ਹਾਂ ਦਾ ਕੁਰਾਨ ਵਿਚ ਕਈ ਥਾਈਂ ਜ਼ਿਕਰ ਹੈ। ਇਹ ਦੋਵੇਂ ਫ਼ਰਿਸ਼ਤੇ ਸੰਸਾਰ ਵਿਚ ਕੀਤੇ ਪਾਪਾਂ ਦੀ ਸਜ਼ਾ ਭੋਗਣ ਲਈ ਬਾਬੇਲ ਦੇ ਇਕ ਖੂਹ (ਕਈਆਂ ਅਨੁਸਾਰ ਕੰਦਰਾ) ਵਿਚ ਪੁੱਠੇ ਲਟਕਾ ਦਿਤੇ ਗਏ, ਜਿਥੇ ਉਹ ਹੁਣ ਤਕ ਲਟਕੇ ਹੋਏ ਹਨ। ਕਹਿੰਦੇ ਹਨ ਦੁਨੀਆਂ ਦਾ ਸਾਰਾ ਧੂੰਆਂ ਇਨ੍ਹਾਂ ਦੀਆਂ ਨਾਸਾਂ ਵਿਚੋਂ ਲੰਘ ਕੇ ਉਪਰ ਵਲ ਨੂੰ ਜਾਂਦਾ ਹੈ। ਇਨ੍ਹਾਂ ਦੋਹਾਂ ਫ਼ਰਿਸ਼ਤਿਆਂ ਤੋਂ ਹੀ ਜਾਦੂ ਦਾ ਮੁੱਢ ਬਝਿਆ। ਧਾਰਨਾ ਹੈ ਕਿ ਜੇ ਕੋਈ ਸ਼ਖ਼ਸ ਉਸ ਖੂਹ/ਕੰਦਰਾ ਵਲ ਜਾਦੂ ਦੀ ਕਲਾ ਸਿਖਣ ਲਈ ਜਾਵੇ, ਤਾਂ ਇਹ ਦੋਵੇਂ ਫ਼ਰਿਸ਼ਤੇ ਉਸ ਨੂੰ ਜਾਦੂ ਵਿਚ ਮਾਹਿਰ ਬਣਾ ਕੇ ਭੇਜਦੇ ਹਨ, ਪਰ ਨਾਲ ਹੀ ਚੇਤਾਵਨੀ ਵੀ ਦੇਂਦੇ ਹਨ ਕਿ ਜਾਦੂ ਦੀ ਵਰਤੋਂ ਕਰਨ ਸਦਕਾ ਮਰਨ ਮਗਰੋਂ ਉਸਨੂੰ ਦੋਜ਼ਖ਼ ਵਿਚ ਦੁਖ ਵੀ ਭੋਗਣੇ ਪੈਣਗੇ।

ਇਸਲਾਮੀ ਰਵਾਇਤਾਂ ਅਨੁਸਾਰ ਜਦੋਂ ਬਹਿਸ਼ਤ ਵਿਚੋਂ ਫ਼ਰਿਸ਼ਤਿਆਂ ਨੇ ਵੇਖਿਆ ਕਿ ਧਰਤੀ ਉਤੇ ਆਦਮ ਦੀ ਸੰਤਾਨ ਬੜੇ ਗੁਨਾਹ ਕਰ ਰਹੀ ਹੈ, ਤਾਂ ਉਨ੍ਹਾਂ ਨੇ ਅੱਲਾ ਅੱਗੇ ਇਸ ਗੱਲ ਦਾ ਜ਼ਿਕਰ ਨਫ਼ਰਤ ਭਰੇ ਸ਼ਬਦਾਂ ਵਿਚ ਕੀਤਾ। ਅੱਲਾ ਨੇ ਅੱਗੋਂ ਤਾੜਦਿਆਂ ਹੋਇਆਂ ਕਿਹਾ ਕਿ ਜੇ ਮਨੁਖਾਂ ਦੀ ਥਾਂ ਤੁਸੀਂ ਵੀ ਹੁੰਦੇ, ਤਾਂ ਇਹੋ ਕੁਝ ਕਰਦੇ। ਫ਼ਰਿਸ਼ਤੇ ਇਸ ਗੱਲ ਨਾਲ ਸਹਿਮਤ ਨਹੀਂ ਸਨ। ਅਖ਼ੀਰ, ਤਜਰਬੇ ਵਜੋਂ, ਦੋ ਫ਼ਰਿਸ਼ਤਿਆਂ, ਹਾਰੂਤ ਅਤੇ ਮਾਰੂਤ ਨੂੰ, ਧਰਤੀ ਉਤੇ ਭੇਜਿਆ ਗਿਆ। ਬਾਕੀ ਫ਼ਰਿਸ਼ਤਿਆਂ ਨੇ ਇਨ੍ਹਾਂ ਦੋਹਾਂ ਨੂੰ ਧਰਤੀ ਉਤੇ ਕੋਈ ਵੀ ਗੁਨਾਹ ਨਾ ਕਰਨ, ਸ਼ਰਾਬ ਪੀਣ ਤੋਂ ਪ੍ਰਹੇਜ਼ ਕਰਨ ਅਤੇ ਹਿੰਸਾ, ਬਦਫੈਲੀ, ਕਤਲ ਤੇ ਕੁਫ਼ਰ ਤੋਂ ਬਚ ਕੇ ਰਹਿਣ ਦੀ ਤਾਕੀਦ ਕੀਤੀ।

ਧਰਤੀ ਉਤੇ ਪਹੁੰਚ ਕੇ ਹਾਰੂਤ ਤੇ ਮਾਰੂਤ ਦੋਹਾਂ ਦੀ ਨਜ਼ਰ, ਇਕ ਖ਼ੂਬਸੂਰਤ ਮੁਟਿਆਰ ਜ਼ੁਹਰਾ ਉਤੇ ਪਈ, ਤਾਂ ਉਨ੍ਹਾ ਦਾ ਮਨ ਬੇਕਾਬੂ ਹੋ ਗਿਆ। ਦੋਵੇਂ ਐਸ਼ ਆਨੰਦ ਵਿਚ ਰੁਝ ਗਏ। ਇਕ ਧਰਮਾਤਮਾ ਨੇ ਦੋਹਾਂ ਫ਼ਰਿਸ਼ਤਿਆਂ ਨੂੰ ਪਛਾਣ ਲਿਆ, ਪਰ ਹਾਰੂਤ ਤੇ ਮਾਰੂਤ ਨੇ ਉਸ ਨਿਰਦੋਸ਼ ਨੂੰ ਇਸ ਲਈ ਕਤਲ ਕਰ ਦਿਤਾ ਕਿ ਉਹ ਕਿਧਰੇ ਧਰਤੀ ਦੇ ਲੋਕਾਂ ਵਿਚ, ਉਨ੍ਹਾਂ ਦੀ ਬਦਨਾਮੀ ਨਾ ਕਰੇ ਤੇ ਸਾਰੀ ਅਸਲੀਅਤ ਖੋਲ੍ਹ ਨਾ ਦੇਵੇ। ਉਦੋਂ ਅੱਲਾ ਨੇ ਫ਼ਰਿਸ਼ਤਿਆਂ ਨੂੰ ਕਿਹਾ ਕਿ ਉਹ ਧਰਤੀ ਉਤੇ ਆਪਣੇ ਭਰਾਵਾਂ ਦੀਆ ਕਰਤੂਤਾਂ ਵੇਖਣ। ਫ਼ਰਿਸ਼ਤਿਆਂ ਨੇ ਸ਼ਰਮਿੰਦੇ ਹੋ ਕੇ ਉਨ੍ਹਾਂ ਦੋਹਾਂ ਨੂੰ ਵਾਪਸ ਬੁਲਾ ਲਿਆ।

ਹਾਰੂਤ ਮਾਰੂਤ ਤੋਂ ਜਦੋਂ ਅੱਲਾ ਨੇ ਪੁਛਿਆ ਕਿ ਉਹ ਆਪਣੇ ਪਾਪਾਂ ਦੀ ਸਜ਼ਾ ਇਸ ਦੁਨੀਆਂ ਵਿਚ ਭੋਗਣਾ ਚਾਹੁੰਦੇ ਹਨ ਜਾਂ ਅਗਲੀ ਦੁਨੀਆਂ ਵਿਚ, ਤਾਂ ਉਨ੍ਹਾਂ ਦੋਹਾਂ ਨੇ ਇਸੇ ਦੁਨੀਆਂ ਵਿਚ ਸਜ਼ਾ ਭੋਗਣ ਦੀ ਇੱਛਾ ਪ੍ਰਗਟ ਕੀਤੀ। ਸੋ, ਦੁਹਾਂ ਨੂੰ ਅੱਲਾ ਨੇ ਇਕ ਖੂਹ/ਕੰਦਰਾ ਵਿਚ ਸੁਟ ਦਿਤਾ, ਜਿਥੇ ਉਹ ਹੁਣ ਤਕ ਪੁੱਠੇ ਲਟਕੇ ਹੋਏ ਤਸੀਹੇ ਭੋਗ ਰਹੇ ਹਨ। ਇਹ ਦੋਵੇਂ ਫ਼ਰਿਸ਼ਤੇ ਕਿਆਮਤ ਤਕ ਉਥੇ ਹੀ ਲਟਕੇ ਰਹਿਣਗੇ।

ਇਕ ਹੋਰ ਰਵਾਇਤ ਅਨੁਸਾਰ ਹਾਰੂਤ ਤੇ ਮਾਰੂਤ ਜਦੋਂ ਧਰਤੀ ਉਤੇ ਰਹਿੰਦੇ ਸਨ, ਤਾਂ ਹਰ ਰੋਜ਼, ਸੂਰਜ ਛੁਪਦੇ ਸਾਰ ਉਹ ਉਡਾਰੀ ਮਾਰ ਕੇ, ਬਹਿਸ਼ਤ ਵਿਚ ਚਲੇ ਜਾਂਦੇ ਸਨ, ਪਰ ਗੁਨਾਹ ਕਰਨ ਨਾਲ ਹੌਲੇ ਹੌਲੇ ਉਨ੍ਹਾਂ ਦੇ ਖੰਭਾਂ ਵਿਚ ਸਮਰੱਥਾ ਘਟਦੀ ਗਈ ਅਤੇ ਉਹ ਬਾਬੇਲ ਵਿਚ ਹੀ ਰਹਿਣ ਲੱਗ ਪਏ ਤੇ ਉਥੋਂ ਦੇ ਲੋਕਾਂ ਨੂੰ ਜਾਦੂਗਰੀ ਸਿਖਾਣ ਲੱਗੇ।

ਹਾਰੂਤ ਮਾਰੂਤ ਜਿਸ ਸੁੰਦਰ ਇਸਤ੍ਰੀ ਜ਼ੁਹਰਾ ਦੇ ਪ੍ਰੇਮ ਜਾਲ ਵਿਚ ਫਸੇ ਸਨ, ਉਹ ਮਰਨ ਮਗਰੋਂ ਤਾਰਾ ਬਣ ਕੇ ਅਸਮਾਨ ਉਤੇ ਚਮਕਣ ਲੱਗੀ। ਜ਼ੁਹਰਾ ਤੋਂ ਹੀ ਇਨ੍ਹਾਂ ਦੋਹਾਂ ਫ਼ਰਿਸ਼ਤਿਆਂ ਨੇ ਜਾਦੂ ਟੂਣਾ ਸਿਖਿਆ ਸੀ। ਕਈ ਲੋਕਧਾਰਾ ਸ਼ਾਸਤ੍ਰੀ ਹਾਰੂਤ ਤੇ ਮਾਰੂਤ ਨੂੰ ਅਸ਼ਵਨੀ ਜੋੜੇ ਭਰਾਵਾਂ ਦਾ ਸਾਮੀ ਰੂਪ ਮੰਨਦੇ ਹਨ।

(ਹ-123) **ਹਾਲ :**

ਪਰਮ ਆਨੰਦ ਦੀ ਉਹ ਅਵਸਥਾ, ਜਿਸ ਵਿਚ ਸੂਫ਼ੀ ਆਪਣੀ ਹੋਂਦ ਨੂੰ ਭੁਲ ਕੇ ਤੇ ਪਦਾਰਥਕ ਜਗਤ ਨਾਲੋਂ ਟੁਟ ਕੇ, ਆਪਣੇ ਇਸ਼ਟ ਵਿਚ ਲੀਨ ਹੋ ਜਾਂਦੇ ਹਨ। ਇਸ ਸਹਿਜ ਅਵਸਥਾ ਵਿਚ ਸਾਧਕ ਪ੍ਰਭੂ ਦੇ ਪ੍ਰੇਮ ਵਿਚ ਇਕ ਰਸ ਹੋਇਆ, ਉਸ ਦੇ ਸੌਂਦਰਯਾ ਦਾ ਸੁਆਦ ਮਾਣਦਾ ਹੈ। ਇਹ ਅਵਸਥਾ ਸਥਾਈ ਨਹੀਂ ਰਹਿੰਦੀ, ਬਹੁਤੀ ਵਾਰ ਤਾਂ ਕੁਝ ਛਿਣ ਜਾਂ ਘੜੀ ਪਲ ਲਈ ਆਉਂਦੀ ਹੈ। ਪਰ ਬੁਲ੍ਹੇ ਸ਼ਾਹ ਵਰਗੇ ਸੂਫ਼ੀਆਂ 'ਤੇ ਇਹ ਅਵਸਥਾ ਸਾਰਾ ਸਾਰਾ ਦਿਨ ਤਾਰੀ ਰਹਿੰਦੀ ਰਹੀ। ਇਹ ਅਵਸਥਾ ਲੰਮੀ ਸਾਧਨਾ ਦਾ ਫਲ ਹੈ, ਪਰ ਸੂਫ਼ੀ ਨਾਚ ਤੇ ਸੰਗੀਤ ਦੀ ਮਦਦ ਨਾਲ, ਕਦੇ ਕਦੇ ਕੁਝ ਛਿਣ ਇਸ ਅਵਸਥਾ ਦਾ ਆਨੰਦ ਮਾਣ ਲਿਆ ਕਰਦੇ ਸਨ। ਸੂਫ਼ੀ ਫ਼ਕੀਰ ਅਤੇ ਕਵਾਲ, ਕਾਫ਼ੀਆਂ ਅਤੇ ਕਵਾਲੀਆਂ ਗਾਉਣ ਵੇਲੇ, ਵੱਜਦ ਵਿਚ ਆ ਕੇ ਸਿਰ ਮਾਰਦੇ ਤੇ ਅਦਭੁਤ ਜਿਹਾ ਸਰੂਰ ਅਨੁਭਵ ਕਰਦੇ ਹਨ, ਇਸ ਅਵਸਥਾ ਨੂੰ ਵੀ ਹਾਲ ਹੀ ਕਹਿ ਲਿਆ ਜਾਂਦਾ ਹੈ। ਕਈ ਪੀਰ ਫ਼ਕੀਰ ਤੇ ਭਗਤ ਹਾਲ ਦੀ ਅਵਸਥਾ ਨੂੰ ਮਸਨੂਈ ਢੰਗ ਨਾਲ ਸਿਰ ਮਾਰ ਕੇ ਜਾਂ ਲੋਹੇ ਦੀ ਛੜੀ ਨਾਲ ਜਿਸਮ ਨੂੰ ਤਸੀਹੇ ਦੇ ਕੇ ਸਿਰਜਦੇ ਹਨ।

ਹਾਲ ਦੀ ਅਵਸਥਾ ਵਿਚ ਮੂੰਹੋਂ ਜੋ ਬਚਨ ਨਿਕਲਦੇ ਹਨ, ਉਸ ਨੂੰ ਅਗੰਮੀ ਬਾਣੀ ਮੰਨਿਆ ਜਾਂਦਾ ਹੈ। ਇਸ ਲਈ ਪੰਜਾਬ ਵਿਚ ਇਸ ਅਵਸਥਾ ਸਮੇਂ ਪ੍ਰਸ਼ਨ ਪੁੱਛਣ ਦੀ ਪ੍ਰਥਾ ਹੈ। ਹਾਲ ਵਾਲੇ ਤੋਂ ਲੋਕੀਂ 'ਪੁੱਛਾਂ' ਪੁਛਦੇ ਤੇ ਉਸ ਦੇ ਹਰ ਜੁਆਬ ਨੂੰ, ਜੋ ਉਹ ਆਪਣੇ ਵਲੋਂ ਨਹੀਂ, ਸਗੋਂ ਕਿਸੇ ਅੰਦਰਲੀ ਸ਼ਕਤੀ ਨਾਲ ਦੇਂਦਾ ਹੈ, ਭਵਿਸ਼ਬਾਣੀ ਮੰਨਦੇ ਹਨ। ਛਪਾਰ ਦੇ ਮੇਲੇ ਵਿਚ ਗੁਗੇ ਦੇ ਕਈ ਭਗਤਾਂ ਅਤੇ ਰੌਸ਼ਨੀ ਦੇ ਮੇਲੇ ਵਿਚ ਕਈ ਫ਼ਕੀਰਾਂ ਨੂੰ ਹਾਲ ਦੀ ਅਵਸਥਾ ਵਿਚ ਵੇਖਿਆ ਜਾ ਸਕਦਾ ਹੈ (ਵੇਖੋ : ਪੁੱਛਾਂ)।

(ਹ-124) **ਹਾਲਾ :**

ਚਾਨਣ ਦਾ ਚਕਰ ਜੋ ਚੰਨ ਅਤੇ ਸੂਰਜ ਦੇ ਦੁਆਲੇ ਵਿਖਾਈ ਦੇਂਦਾ ਹੈ। ਸੂਰਜ ਆਰੀਆ ਜਾਤੀ ਦੇ ਪ੍ਰਥਮ ਦੇਵਤਿਆਂ ਵਿਚੋਂ ਇਕ ਹੈ ਅਤੇ ਇਸ ਦੇ ਦੁਆਲੇ ਦੇ ਪ੍ਰਕਾਸ਼-ਚਕਰ ਨੂੰ ਦੇਵਤਵ ਜਾਂ ਮਹਾਂਪੁਰਖੀ ਦਾ ਚਿੰਨ੍ਹ ਮੰਨ ਲਿਆ ਗਿਆ। ਇਸ ਅਲੌਕਿਕ ਚਕਰ ਦੀ ਹੋਂਦ ਅਦ੍ਰਿਸ਼ਟ ਰੂਪ ਵਿਚ ਹਰੇਕ ਦੇਵਤੇ ਦੇ ਦੁਆਲੇ ਸਵੀਕਾਰ ਕਰ ਲਈ ਗਈ। ਮਗਰੋਂ ਜਦੋਂ ਦੇਵਤਿਆਂ ਦਾ ਸਥਾਨ ਅਵਤਾਰਾਂ, ਭਗਤਾਂ ਤੇ ਗੁਰੂਆਂ ਨੂੰ ਪ੍ਰਾਪਤ ਹੋ ਗਿਆ ਤਾਂ ਉਨ੍ਹਾਂ ਦੇ ਸੀਸ ਜਾਂ ਮੁਖ-ਮੰਡਲ ਦੁਆਲੇ ਵੀ ਇਕ ਅਲੌਕਿਕ ਚਕਰ ਦੀ ਅਦ੍ਰਿਸ਼ਟ ਹੋਂਦ ਮੰਨ ਲਈ ਗਈ। ਸਿੱਖ ਗੁਰੂ ਸਾਹਿਬਾਨ ਦੇ ਚਿੱਤਰਾਂ ਵਿਚ ਸੀਸ ਦੁਆਲੇ ਪ੍ਰਕਾਸ਼-ਚਕਰ ਵਿਖਾਣ ਦੀ ਪ੍ਰਥਾ ਇਸੇ ਸੰਕਲਪ ਦਾ ਫਲ ਹੈ।

ਚੰਨ ਸੂਰਜ ਦੇ ਦੁਆਲੇ ਜੋ ਪ੍ਰਕਾਸ਼ ਚੱਕਰ ਕਦੇ ਕਦੇ ਉਭਰਵੇਂ ਤੇ ਫੈਲਵੇਂ ਰੂਪ ਵਿਚ ਵਿਖਾਈ ਦੇਂਦਾ ਹੈ, ਉਸ ਬਾਰੇ ਕਈ ਮਨੌਤਾਂ, ਲੋਕ-ਅਨੁਭਵ ਦਾ ਅੰਗ ਬਣੀਆਂ ਹੋਈਆਂ ਹਨ। ਇਕ ਅਖਾਣ ਅਨੁਸਾਰ ਦੁਪਹਿਰਾਂ ਵੇਲੇ ਸੂਰਜ ਦੁਆਲੇ ਹਾਲਾ ਅਸ਼ੁਭ ਹੈ :

ਸਿਖਰ ਸੂਰਜ ਪਰਵਰਿਆ
ਜਾਂ ਭੁਖ ਪਈ ਜਾਂ ਰਾਜਾ ਮਰਿਆ।

Sri Satguru Jagjit Singh Ji eLibrary NamdhariElibrary@gmail.com

ਲੋਕ-ਕਲਪਨਾ ਅਨੁਸਾਰ ਮੀਂਹ ਦਾ ਹਾਲ ਨਾਲ ਡੂੰਘਾ ਸਬੰਧ ਹੈ। ਇਸ ਲਈ ਵਰਖਾ ਦੀ ਭਵਿਸ਼ਬਾਣੀ ਨਾਲ ਸਬੰਧਤ ਕਈ ਅਖਾਣ ਹਾਲੇ ਨੂੰ ਵੀ ਆਧਾਰ ਬਣਾਉਂਦੇ ਹਨ :

ਹਾਲਾ ਪਏ ਤ੍ਰਿਕਾਲ,
ਹਾਲੀਆ ਹਲ ਸੰਭਾਲ।
ਹਾਲਾ ਪਏ ਦਿਨ ਚੜ੍ਹੇ,
ਹਾਲੀ ਹਲ ਚਾ ਧਰੇ।
ਹਾਲਾ ਪਿਆ ਸੁਬ ਈਂ,
ਮੀਂਹ ਜਾ ਸੀ ਕਦੇ ਕਦਾਈਂ।

(ਹ-125) **ਹਾਵੀਆ :**

ਇਸਲਾਮੀ ਅਕੀਦੇ ਅਨੁਸਾਰ ਸਭ ਤੋਂ ਹੇਠਲਾ ਅਤੇ ਡਰਾਉਣਾ ਦੋਜ਼ਖ, ਜਿਥੇ ਘੋਰ ਪਾਪੀਆਂ ਅਤੇ ਕਾਫ਼ਰਾਂ ਨੂੰ ਸੁਟਿਆ ਜਾਂਦਾ ਹੈ (ਵੇਖੋ : ਦੋਜ਼ਖ)।

(ਹ-126) **ਹਾੜ :**

ਹਾੜ ਦਾ ਮਹੀਨਾ ਭਾਵੇਂ ਗਰਮ ਸੁਭਾਅ ਦਾ ਹੁੰਦਾ ਹੈ, ਪਰ ਉਤਪਾਦਨ ਨਾਲ ਸੰਬੰਧਤ ਹੋਣ ਕਰ ਕੇ, ਇਹ ਸ਼ੁਭ ਅਤੇ ਕਲਿਆਣੀ ਸਮਝਿਆ ਜਾਂਦਾ ਹੈ। ਹਾੜ ਦੇ ਮਹੀਨੇ ਵਿਚ ਵਿਆਹ ਕੁਲ ਵਿਚ ਵਾਧਾ ਕਰਦਾ ਹੈ। ਹਾੜ ਦੇ ਮਹੀਨੇ ਚੁਮਾਸਾ ਸ਼ੁਰੂ ਹੁੰਦਾ ਹੈ, ਇਸ ਪਖੋਂ ਵੀ ਇਹ ਬਰਕਤ ਭਰਿਆ ਮਹੀਨਾ ਹੈ। ਅਖਾਣਾ ਵਿਚ ਹਾੜ ਦੀ ਵਰਖਾ ਨੂੰ ਸ਼ੁਭ ਮੰਨਿਆ ਜਾਂਦਾ ਹੈ :

(1) ਹਾੜ ਮਹੀਨੇ ਬਰਖਾ ਹੋਈ
ਹਾਲੀ ਘਰ ਨਾ ਰਹਿੰਦਾ ਕੋਈ
ਸਾਵਣੀ ਸਾਰੀ ਜਾਵੇ ਬੋਈ।
(2) ਜੇਠ ਤਾਏ ਤੇ ਹਾੜ ਵਸਾਏ
ਉਸ ਮੁਲਕ ਦੇ ਕਾਲ ਕਿਉਂ ਨੇੜੇ ਆਏ।
(3) ਬਰਸੇ ਅੱਧ ਹਾੜ, ਤਾਂ ਭਰੇ ਭੰਡਾਰ।

ਹਾੜ ਦੀ ਹਨੇਰੀ ਅਸ਼ਟਮੀ ਨੂੰ ਜੇ ਅਸਮਾਨ ਵਿਚ ਬੱਦਲ ਹੋਣ, ਤਾਂ ਇਤਨਾ ਮੀਂਹ ਵਸਦਾ ਹੈ ਕਿ ਲੋਕਾਂ ਦੇ ਘਰ ਅੰਨ ਨਾਲ ਭਰੇ ਜਾਂਦੇ ਹਨ। ਡਕ ਤੇ ਭਡਲੀ ਦੀਆਂ ਕਹਾਵਤਾਂ ਇਸ ਦ੍ਰਿਸ਼ਟਮਾਨ ਵਲ ਸੰਕੇਤ ਕਰਦੀਆਂ ਹਨ :

ਹਾੜ ਹਨੇਰੀ ਅਸ਼ਟਮੀ
ਬੱਦਲੀਉਂ ਨਿਕਲਿਆ ਚੰਨ।
ਡਕ ਕਹੇ ਸੁਣ ਭਡਲੀ
ਗਧੇ ਨਾ ਖਾਵਣ ਅੰਨ।

ਜੇ ਹਾੜ ਦੇ ਮਹੀਨੇ ਮੀਂਹ ਨਾ ਵਸੇ, ਤਾਂ ਕਾਲ ਪੈਣ ਦਾ ਡਰ ਹੁੰਦਾ ਹੈ :

ਹਾੜ ਸੁੱਕਾ, ਕਾਲ ਢੁੱਕਾ।

ਹਾੜ ਦੇ ਮਹੀਨੇ ਦੱਖਣ ਪੱਛਮ ਵਲ ਜੋਗਣੀ ਦਾ ਵਾਸਾ ਹੁੰਦਾ ਹੈ, ਇਸ ਲਈ ਉਸ ਦਿਸ਼ਾ ਵਲ ਮੂੰਹ ਕਰ ਕੇ ਸਫ਼ਰ ਕਰਨਾ ਫਲਦਾਇਕ ਨਹੀਂ ਹੁੰਦਾ (ਵੇਖੋ : ਜੋਗਣੀਆਂ)।

ਹਾੜ ਦਾ ਮਹੀਨਾ ਤਪਦਾ ਤੇ ਸੁਲਗਦਾ ਹੋਣ ਕਰ ਕੇ, ਬਾਰਾਂ ਮਾਹਾ ਵਿਚ, ਹਾੜ ਦੀ ਮੂਲ ਪ੍ਰਕ੍ਰਿਤੀ ਬ੍ਰਿਹੋਂ ਵਾਲੀ ਮੰਨੀ ਗਈ ਹੈ। ਬ੍ਰਿਹਣੀ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਵਿਆਕੁਲ ਹੋਈ ਵਿਰਲਾਪ ਕਰਦੀ ਹੈ।

(ਹ-127) **ਹਾੜ ਬੋਲਣਾ :**

ਕਿਸੇ ਮੋਏ ਬੰਦੇ ਦੇ ਅੰਤਲੇ ਤਰਲੇ-ਹਾੜੇ, ਜਿਨ੍ਹਾਂ ਦੀ ਧੁਨੀ ਉਸ ਦੀ ਮ੍ਰਿਤੂ ਤੋਂ ਬਾਅਦ ਵੀ ਰਹੱਸਮਈ ਢੰਗ ਨਾਲ ਸੁਣਾਈ ਦੇਂਦੀ ਰਹਿੰਦੀ ਹੈ। ਧਾਰਨਾ ਹੈ ਕਿ ਜੇ ਕੋਈ ਸ਼ਖ਼ਸ ਭੁੱਖਾ-ਪਿਆਸਾ ਜਾਂ ਘੋਰ ਸੰਤਾਪ ਵਿਚ ਵਾਵੇਲੀਆਂ ਕਰਦਾ ਮਰੇ ਜਾਂ ਮਾਰ ਦਿਤਾ ਜਾਵੇ, ਤਾਂ ਉਸ ਦੇ ਅੰਤਲੇ ਹਾੜੇ ਦ੍ਰਿਸ਼ਟਮਾਨ ਵਿਚ ਲੀਨ ਹੋ ਕੇ, ਉਸ ਦੀ ਮ੍ਰਿਤੂ ਤੋਂ ਬਾਅਦ ਵੀ, ਉਸੇ ਥਾਉਂ ਤੋਂ ਰਹੱਸਮਈ ਧੁਨੀਆਂ ਵਿਚ ਸੁਣਾਈ ਦੇਂਦੇ ਰਹਿੰਦੇ ਹਨ। ਇਸ ਅੰਤਲੇ ਤਰਲੇ ਹਾੜੇ ਦੀ ਪੁਨਰ ਧੁਨੀ ਨੂੰ ਹਾੜ ਬੋਲਣਾ ਕਹਿੰਦੇ ਹਨ।

ਪੰਜਾਬ ਦੀ ਧਰਤੀ ਹਮੇਸ਼ਾਂ ਹੀ ਰਣਭੂਮੀ ਰਹੀ ਹੈ ਅਤੇ ਇਥੋਂ ਦੇ ਸੂਰਮੇ ਹਰ ਯੁੱਗ ਵਿਚ ਬਾਹਰਲੇ ਧਾੜਵੀਆਂ ਨਾਲ ਜੂਝਦੇ ਰਹੇ। ਲੋਕਾਂ ਦਾ ਨਿਸ਼ਚਾ ਹੈ ਕਿ ਜਿਹੜੀ ਭੂਮੀ ਵੀ ਕਦੇ ਰਣਤੱਤਾ ਬਣੀ, ਉਥੋਂ ਹੁਣ ਵੀ 'ਹਾਇ ਪਾਣੀ', 'ਮਰ ਗਿਆ', 'ਬਚਾਓ' ਆਦਿ ਦੀਆਂ ਰਹੱਸਮਈ ਧੁਨੀਆਂ ਗੂੰਜਦੀਆਂ ਰਹਿੰਦੀਆਂ ਹਨ ਅਤੇ ਇਹ ਉਨ੍ਹਾਂ ਧਾੜਵੀਆਂ ਦੇ ਹਾੜੇ ਹਨ, ਜਿਨ੍ਹਾਂ ਨੂੰ ਪੰਜਾਬੀਆਂ ਨੇ ਮਾਰ ਮੁਕਾਇਆ ਸੀ।

ਪਾਣੀਪਤ ਦੇ ਮੈਦਾਨ ਵਿਚ, ਜਿਥੇ ਬਾਬਰ ਨੇ ਲੋਧੀ ਸਮਰਾਟ ਨਾਲ ਤਿੰਨ ਭਿਅੰਕਰ ਯੁਧ ਲੜੇ, ਉਥੋਂ ਰਾਤ ਵੇਲੇ ਲੰਘਦਿਆਂ ਹਾੜੇ ਤਰਲਿਆਂ ਦੀਆਂ ਕਈ ਧੁਨੀਆਂ ਮੁਗ਼ਲਾਂ ਦੇ ਰਾਜ ਸਮੇਂ ਤਕ ਸੁਣਾਈ ਦੇਂਦੀਆਂ ਰਹੀਆਂ। ਇਸ ਦਾ ਉਲੇਖ **W. Erskine** ਦੀ ਪੁਸਤਕ "ਦੀ ਹਿਸਟਰੀ ਆਫ਼ ਇੰਡੀਆ ਅੰਡਰ ਬਾਬਰ ਐਂਡ ਹਮਾਯੂੰ" (ਜਿਲਦ 1,437) ਵਿਚ ਮਿਲਦਾ ਹੈ। ਸਿੱਖਾਂ ਹੱਥੋਂ ਮੌਤ ਦੇ ਘਾਟ ਉਤਰੇ, ਅਹਿਮਦ ਸ਼ਾਹ ਅਬਦਾਲੀ ਦੇ ਸਿਪਾਹੀਆਂ ਦੇ ਹਾੜੇ, ਜਿਹਲਮ ਦੇ ਬਲਾਂ ਵਿਚ, ਸਿੱਖ ਰਾਜ ਦੇ ਸਮੇਂ ਤਕ ਸੁਣਾਈ ਦੇਂਦੇ ਰਹੇ। ਚੇਲਿਆਂ ਵਾਲਾ ਤੇ ਮੁਦਕੀ ਦੇ ਇਲਾਕੇ ਦੇ ਖੇਤਾਂ ਅਤੇ ਰੋਹੀਆਂ ਵਿਚ ਅੱਜ ਕਲ੍ਹ ਵੀ 'ਹਾਇ ਪਾਣੀ', 'ਬਚਾਓ' ਆਦਿ ਦੀਆਂ ਧੁਨੀਆਂ ਸੁਣਾਈ ਦੇਂਦੀਆਂ ਹਨ। ਇਹ ਰਹੱਸਮਈ ਧੁਨੀਆਂ ਉਨ੍ਹਾਂ ਅੰਗਰੇਜ਼ ਸਿਪਾਹੀਆਂ ਦੀਆਂ ਭਟਕਦੀਆਂ ਰੂਹਾਂ ਦੇ ਹਾੜੇ ਹਨ, ਜੋ ਸਖ਼ਤ ਗਰਮੀ ਦੇ ਦਿਨੀਂ, ਸਿੱਖਾਂ ਹੱਥੋਂ ਪਿਆਸੇ ਮਾਰੇ ਗਏ। ਹਰੀ ਸਿੰਘ ਦਿਲਬਰ ਨੇ ਆਪਣੀ ਇਕ ਕਹਾਣੀ "ਹਾੜ ਬੋਲਦਾ ਹੈ" ਵਿਚ ਇਸੇ ਲੋਕ-ਸੰਕਲਪ ਨੂੰ ਵਸਤੂ ਬਣਾਇਆ ਹੈ।

(ਹ-128) **ਹਾੜੰਬਾ :**

ਮਗਹਰ ਅਤੇ ਉਸ ਦੇ ਆਸ ਪਾਸ ਦਾ ਇਲਾਕਾ; ਜੋ ਅਸ਼ੁਭ ਅਤੇ ਅਪਵਿੱਤਰ ਮੰਨਿਆ ਜਾਂਦਾ ਹੈ। ਇਹ ਉੱਤਰ ਪ੍ਰਦੇਸ਼ ਦੇ ਬਸਤੀ ਜ਼ਿਲੇ ਦੀ ਖ਼ਲੀਲਾਬਾਦ ਤਹਿਸੀਲ ਵਿਚ ਸਥਿਤ ਹੈ। ਹਿੰਦੂਆਂ ਦੇ ਨਿਸਚੇ ਅਨੁਸਾਰ ਜੋ ਪ੍ਰਾਣੀ ਮਗਹਰ ਵਿਚ ਪ੍ਰਾਣ ਤਿਆਗਦਾ ਹੈ, ਉਹ ਜਾਂ ਤਾਂ ਖੋਤੇ ਦੀ ਜੂਨ ਵਿਚ ਪੈਂਦਾ ਹੈ ਜਾਂ ਫਿਰ ਨਰਕ ਭੋਗਦਾ ਹੈ। ਪੁਰਾਣਾਂ ਅਨੁਸਾਰ ਮਗਹਰ ਗਣੇਸ਼ ਦੀ ਨਗਰੀ ਹੈ, ਪਰ ਸ਼ਿਵ ਦੇ ਸਰਾਪ ਕਾਰਨ ਇਥੋਂ ਦੀ ਪਵਿੱਤ੍ਰਤਾ ਖੰਡਨ ਹੋ ਗਈ। ਇਸ ਦੇ ਉਲਟ ਕਾਂਸ਼ੀ ਸ਼ਿਵ ਜੀ ਦੀ ਨਗਰੀ ਹੋਣ ਦੇ ਨਾਤੇ ਜਿਹੜਾ ਉਥੇ ਪ੍ਰਾਣ ਤਿਆਗਦਾ ਹੈ, ਉਹ ਸ਼ਿਵ ਦੀ ਬਖ਼ਸ਼ਿਸ਼ ਸਦਕਾ ਮੁਕਤ ਹੋ ਜਾਂਦਾ ਹੈ। ਮੱਧਕਾਲ ਵਿਚ ਇਹ ਨਿਸਚਾ ਇਤਨਾ ਬਲਵਾਨ ਸੀ ਕਿ ਸਨਾਤਨੀ ਵਿਚਾਰਾਂ ਦੇ ਹਿੰਦੂ ਮਰਨ ਤੋਂ ਪਹਿਲਾਂ ਮਗਹਰ ਤੋਂ ਕਾਂਸ਼ੀ ਚਲੇ ਜਾਂਦੇ ਸਨ। ਲੋਕਾਂ ਦੇ ਇਸ ਨਿਸਚੇ ਦਾ ਖੰਡਨ ਕਰਨ ਲਈ ਕਬੀਰ ਜੀ ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ, ਕਾਂਸ਼ੀ ਤੋਂ ਮਗਹਰ ਜਾ ਵਸੇ ਅਤੇ ਉਨ੍ਹਾ ਨੇ ਉਥੇ ਹੀ ਪ੍ਰਾਣ ਤਿਆਗੇ। ਕਬੀਰ ਨੇ ਆਪਣੀ ਬਾਣੀ ਵਿਚ ਕਾਂਸ਼ੀ ਤੇ ਮਗਹਰ ਨੂੰ ਫਲ ਦੇ ਪਖੋਂ ਇਕ ਸਮਾਨ ਮੰਨਿਆ ਹੈ। 'ਕਾਂਸੀ ਮਗਹਰ ਸਮ ਬੀਚਾਰੀ' (ਗਉੜੀ ਕਬੀਰ)। ਮਗਹਰ ਵਿਚ ਹੀ ਕਬੀਰ ਜੀ ਦੀ ਸਮਾਧੀ ਹੈ, ਜੋ 1550 ਈ: ਵਿਚ ਕਬੀਰਪੰਥੀਆਂ ਨੇ ਬਣਾਈ। ਕਬੀਰ ਨੇ ਆਪਣੀ ਬਾਣੀ ਵਿਚ ਹਾੜੰਬੇ ਬਾਰੇ ਪ੍ਰਚਲਤ ਨਿਸਚੇ ਦਾ ਖੰਡਨ ਇਉਂ ਕੀਤਾ ਹੈ — "ਹਰਿ ਕਾ ਸੰਤ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ" — ਆਸਾ ਕਬੀਰ।

(ਹ-129) **ਹਿਕਾਇਤ :**

ਹਿਕਾਇਤ ਅਰਬੀ ਦਾ ਸ਼ਬਦ ਹੈ, ਜਿਸ ਦਾ ਕੋਸ਼ਗਤ ਅਰਥ ਕਥਾ, ਕਹਾਣੀ ਜਾਂ ਸਾਖੀ ਹੈ। ਪੰਜਾਬੀ ਵਿਚ ਇਹ ਸ਼ਬਦ ਫ਼ਾਰਸੀ ਵਿਚੋਂ ਆਇਆ ਅਤੇ ਇਹ ਇਕ ਵਿਸ਼ੇਸ਼ ਪ੍ਰਕਾਰ ਦੀ ਕਥਾ-ਵੰਨਗੀ ਲਈ ਰੂੜ੍ਹ ਹੋ ਗਿਆ। ਪਹਿਲਾਂ ਪਹਿਲ ਪੰਜਾਬ ਵਿਚ 'ਹਿਕਾਇਤ' ਸ਼ਬਦ ਫ਼ਾਰਸੀ ਮੂਲ ਦੀਆਂ, ਇਸੇ ਨਾਉਂ ਹੇਠ ਪ੍ਰਚਲਤ

Sri Satguru Jagjit Singh Ji eLibrary NamdhariElibrary@gmail.com

ਕਹਾਣੀਆਂ ਲਈ ਪ੍ਰਯੋਗ ਹੁੰਦਾ ਰਿਹਾ। ਫ਼ਾਰਸੀ ਵਿਚ ਭਾਵੇਂ ਹਿਕਾਇਤ ਦਾ ਆਪਣਾ ਵੱਖਰਾ ਸਰੂਪ ਤੇ ਹੋਂਦ ਹੈ, ਪਰ ਪੰਜਾਬੀ ਵਿਚ ਹਿਕਾਇਤ ਦਾ ਕੋਈ ਵਿਲੱਖਣ ਸਰੂਪ ਸਥਾਪਿਤ ਨਹੀਂ ਹੋ ਸਕਿਆ, ਜਿਸ ਕਰ ਕੇ ਇਹ ਪਦ ਫ਼ਾਰਸੀ ਮੂਲ ਦੀਆਂ ਹੀ ਉਨ੍ਹਾਂ ਕਥਾਵਾਂ ਲਈ ਪ੍ਰਯੋਗ ਹੁੰਦਾ ਰਿਹਾ, ਜੋ ਫ਼ਾਰਸੀ ਸਾਹਿੱਤ ਵਿਚ ਹਿਕਾਇਤ ਦੇ ਨਾਂ ਨਾਲ ਪ੍ਰਸਿਧ ਸਨ। ਹਿਕਾਇਤ ਸੰਖੇਪ ਤੇ ਇਕਹਿਰੀ ਘਟਨਾ ਵਾਲੀ ਕਹਾਣੀ ਹੈ, ਜਿਸ ਵਿਚ ਜੀਵਨ ਦੀ ਕਿਸੇ ਹਕੀਕਤ ਨੂੰ ਗਲਪ ਰੂਪ ਵਿਚ ਪ੍ਰਕਾਸ਼ਮਾਨ ਕੀਤਾ ਹੁੰਦਾ ਹੈ। ਇਸ ਭਾਂਤ ਦੀ ਇਕਹਿਰੀ ਤੇ ਸੰਖੇਪ ਘਟਨਾ ਵਾਲੀ ਲਘੂ-ਕਥਾ ਲਈ ਪੰਜਾਬੀ ਵਿਚ 'ਟੋਟਕਾ', 'ਚੁਟਕਲਾ', 'ਗੱਲ', 'ਹਸਾਵਣੀ' ਆਦਿ ਨਾਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਨ੍ਹਾਂ ਕਥਾਵਾਂ ਵਿਚ ਜੀਵਨ ਦੀਆਂ ਹਕੀਕਤਾਂ ਦਾ ਵਰਨਣ ਹੁੰਦਾ ਹੈ। ਇਸ ਲਈ ਆਮ ਸੰਬਾਦ ਦੇ ਦੌਰਾਨ ਆਪਣੀ ਦ੍ਰਿਸ਼ਟੀ ਜਾਂ ਨੁਕਤਾ ਪੇਸ਼ ਕਰਨ ਲਈ ਪੁਸ਼ਟੀ ਵਜੋਂ ਹਿਕਾਇਤ ਦਾ ਆਸਰਾ ਲੈ ਲਿਆ ਜਾਂਦਾ ਹੈ।

ਅਰਬੀ ਵਿਚ ਹਿਕਾਇਤ ਸ਼ਬਦ ਉਸ ਕਥਾ ਲਈ ਵਰਤਿਆ ਜਾਂਦਾ ਹੈ, ਜਿਸ ਵਿਚ ਕੋਈ ਸਿਖਿਆ ਜਾਂ ਨੈਤਿਕ ਉਪਦੇਸ਼ ਹੋਵੇ। ਇਸ ਲਈ ਕਈ ਵਾਰ ਹਿਕਾਇਤ ਦਾ ਏਕੀਕਰਨ 'ਨੀਤੀ-ਕਥਾ' ਨਾਲ ਵੀ ਕਰ ਲਿਆ ਜਾਂਦਾ ਹੈ, ਜਿਵੇਂ 'ਹਿਕਾਇਤਾਂ ਲੁਕਮਾਨ ਦੀਆਂ' (ਭਾਸ਼ਾ ਵਿਭਾਗ, ਹੱਥ ਲਿਖਤ ਨੰ: 28੪)। ਇਹ ਪੁਸਤਕ ਸ਼ੁਧ ਰੂਪ ਵਿਚ ਨੀਤੀ ਕਥਾਵਾਂ ਦਾ ਸੰਕਲਨ ਹੈ। ਪਰ ਹਿਕਾਇਤ ਦਾ ਵਸਤੂ ਨੀਤੀ ਕਥਾ ਨਾਲੋਂ ਵਧੇਰੇ ਵਿਸਤ੍ਰਿਤ ਹੈ। ਇਸ ਰੂਪ ਦੇ ਅੰਤਰਗਤ ਕੋਈ ਵੀ ਉਹ ਕਥਾ ਸਮਾ ਸਕਦੀ ਹੈ, ਜਿਸ ਵਿਚ ਕੋਈ ਸਿਖਿਆ ਹੋਵੇ। ਇਸ ਦੇ ਉਲਟ ਨੀਤੀ-ਕਥਾ ਪਦ ਨਿਰੋਲ 'ਫੇਬਲ' ਪ੍ਰਕ੍ਰਿਤੀ ਦੀ ਕਥਾ ਲਈ ਹੀ ਪ੍ਰਯੋਗ ਕੀਤਾ ਜਾਂਦਾ ਹੈ। ਪੰਜਾਬੀ ਵਿਚ ਰਚਿਤ ਹਿਕਾਇਤਾਂ ਲੁਕਮਾਨ ਦੀਆਂ ਸ਼ੁਧ ਰੂਪ ਵਿਚ ਨੀਤੀ ਕਥਾਵਾਂ ਹਨ।

ਦਸਮ ਗ੍ਰੰਥ ਵਿਚ 'ਜ਼ਫ਼ਰਨਾਮੇ' ਦੇ ਨਾਲ ਫ਼ਾਰਸੀ ਬੋਲੀ ਵਿਚ ਗਿਆਰਾਂ ਕਹਾਣੀਆਂ 'ਹਕਾਯਾਤ' ਦੇ ਨਾਂ ਹੇਠ ਦਰਜ ਹਨ, ਜੋ ਕਥਾ ਕੀਰਤਨ ਵੇਲੇ ਕਿਸੇ ਨੁਕਤੇ ਦੀ ਵਿਆਖਿਆ ਵਜੋਂ ਆਮ ਦੁਹਰਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕੁਝ ਕਥਾਵਾਂ 'ਚਰਿਤ੍ਰ ਉਪਾਖਯਾਨ' ਵਿਚ ਵੀ, ਥੋੜੇ ਬਹੁਤ ਫ਼ਰਕ ਨਾਲ ਮਿਲਦੀਆਂ ਹਨ, ਜਿਵੇਂ ਬਚਿਤ੍ਰਮਤੀ ਦੀ ਹਿਕਾਇਤ 52ਵੇਂ ਚਰਿਤ੍ਰ ਵਿਚ ਅਤੇ ਰਾਜਾ ਰੂਪ ਸੈਨ ਦੀਆਂ ਹਿਕਾਇਤ 267ਵੇਂ ਚਰਿਤ੍ਰ ਵਿਚ ਵੀ ਦਰਜ ਮਿਲਦੀ ਹੈ, ਜਿਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕੁਝ ਵਿਸ਼ੇਸ਼ ਉਪਦੇਸ਼ਾਤਮਿਕ ਚਰਿਤ੍ਰ ਵੀ ਹਿਕਾਇਤਾਂ ਦੇ ਅੰਤਰਗਤ ਆ ਗਏ ਹਨ। ਅਜਿਹੀ ਸਥਿਤੀ ਵਿਚ ਹਿਕਾਇਤਾਂ ਦੇ ਵਖਰੇ ਸਰੂਪ ਦਾ ਨਿਖੇੜਾ ਕਰਨਾ ਹੋਰ ਵੀ ਕਠਨ ਹੋ ਗਿਆ ਹੈ।

ਫ਼ਾਰਸੀ ਵਿਚ ਮਿਲਦੀਆਂ ਸ਼ੇਖ਼ ਸਾਅਦੀ ਦੀਆਂ ਹਿਕਾਇਤਾਂ ਦੇ ਆਧਾਰ ਉਤੇ ਇਹ ਨਿਰਣਾ ਕੀਤਾ ਜਾ ਸਕਦਾ ਹੈ ਕਿ ਹਿਕਾਇਤਾਂ ਵਿਚ ਜੀਵਨ ਦੀ ਕੋਈ ਸਿਖਸ਼ਾ ਜਾਂ ਨੈਤਿਕ ਉਪਦੇਸ਼ ਹੁੰਦਾ ਹੈ। ਉਨ੍ਹਾਂ ਦਾ ਮੁਖ ਪ੍ਰਯੋਜਨ ਮਨੋਰੰਜਨ ਨਹੀਂ, ਮਨੋ-ਉਸਾਰ ਹੈ। ਇਸ ਲਈ ਪੰਜਾਬੀ ਵਿਚ ਵੀ ਨੈਤਿਕਤਾ ਨਾਲ ਸੰਬੰਧਤ ਉਪਦੇਸ਼-ਮੂਲਿਕ ਕਥਾਵਾਂ ਲਈ 'ਹਿਕਾਇਤ' ਸ਼ਬਦ ਦੀ ਵਰਤੋਂ ਹੁੰਦੀ ਰਹੀ ਹੈ। ਇਸੇ ਤਰ੍ਹਾਂ ਕੁਝ 'ਕਹਾਵਤ ਕਥਾਵਾਂ' ਜੋ ਅਖਾਣਾਂ ਵਾਂਗ ਹੀ ਗੱਲਕਥ ਦੇ ਦੌਰਾਨ ਸੁਣੀਆਂ ਸੁਣਾਈਆਂ ਜਾਂਦੀਆਂ ਹਨ, ਹਿਕਾਇਤਾਂ ਦੇ ਅੰਤਰਗਤ ਆ ਜਾਂਦੀਆਂ ਹਨ। ਉਪ੍ਰੋਕਤ ਸਾਰੀ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਪੰਜਾਬੀ ਵਿਚ ਹਿਕਾਇਤ ਦਾ ਆਪਣਾ ਕੋਈ ਵਖਰਾ ਸਰੂਪ ਨਹੀਂ, ਅਤੇ ਜ਼ਿੰਦਗੀ ਦੀ ਕਿਸੇ ਹਕੀਕਤ ਨੂੰ ਪ੍ਰਗਟਾਂਦੀ ਜਾਂ ਨੈਤਿਕ ਉਪਦੇਸ਼ ਉਤੇ ਬਲ ਦੇਂਦੀ, ਕੋਈ ਵੀ ਲਘੂ-ਕਥਾ ਹਿਕਾਇਤ ਹੋ ਸਕਦੀ ਹੈ।

ਪੰਜਾਬੀ ਵਿਚ ਸ਼ੇਖ਼ ਚਿਲੀ ਅਤੇ ਅਕਬਰ ਬੀਰਬਲ ਨਾਲ ਜੁੜੀਆਂ ਕਥਾਵਾਂ ਦਾ ਆਪਣਾ ਵਖਰਾ ਕਥਾ-ਚਕਰ ਹੈ। ਇਹ ਕਿਸੇ ਨੁਕਤੇ ਜਾਂ ਦ੍ਰਿਸ਼ਟੀ ਦੀ ਪ੍ਰੋੜ੍ਹਤਾ ਲਈ ਉਸੇ ਤਰ੍ਹਾਂ ਵਰਤੀਆਂ ਜਾਂਦੀਆਂ ਹਨ ਜਿਵੇਂ ਫ਼ਾਰਸੀ ਵਿਚ ਹਿਕਾਇਤਾਂ। ਇਹ ਕਥਾਵਾਂ ਅਦਭੁਤ ਤੇ ਰੌਚਕ ਹੋਣ ਤੋਂ ਇਲਾਵਾ ਉਪਦੇਸ਼-ਮੂਲਕ ਵੀ ਹਨ ਅਤੇ ਇਹ ਮਨੋਰੰਜਨ ਤੋਂ ਇਲਾਵਾ ਜੀਵਨ ਦੇ ਕਿਸੇ ਤੱਥ ਜਾਂ ਹਕੀਕਤ ਨੂੰ ਗਲਪ ਰੂਪ ਵਿਚ ਪੇਸ਼ ਕਰਦੀਆਂ ਹਨ।

(ਹ-130) **ਹਿੰਗਲਾਜ :**

ਸਤੀ ਦੇਵੀ ਨਾਲ ਸੰਬੰਧਿਤ ਇਕ ਪਵਿਤ੍ਰ ਅਸਥਾਨ ਜੋ ਬਲੋਚਸਤਾਨ ਵਿਚ ਹੈ। ਤੰਤ੍ਰ ਸ਼ਾਸਤਰਾਂ ਅਨੁਸਾਰ ਜਦੋਂ ਸ਼ਿਵਜੀ ਦੀ ਪਤਨੀ ਸਤੀ ਨੇ ਆਪਣੇ ਪਿਤਾ ਦੱਖਸ਼ ਦੇ ਯੱਗ ਵਿਚ ਕੁੱਦ ਕੇ ਆਤਮ-ਹੱਤਿਆ ਕਰ ਲਈ, ਤਾਂ ਸ਼ਿਵ ਜੀ ਨੇ ਉਸ ਦੇ ਮ੍ਰਿਤਕ ਸਰੀਰ ਨੂੰ ਮੋਢੇ ਉਤੇ ਚੁਕ ਕੇ ਤਾਂਡਵ ਨਾਚ ਨਚਿਆ, ਜਿਸ ਕਰ ਕੇ ਸਤੀ ਦਾ ਸਰੀਰ ਇਕਵੰਜਾ ਟੁਕੜਿਆਂ ਵਿਚ ਵੰਡਿਆ ਗਿਆ। ਇਹ ਟੁਕੜੇ ਖਿੰਡ ਕੇ ਜਿਨ੍ਹਾਂ ਅਸਥਾਨਾਂ ਉਪਰ ਡਿਗੇ, ਉਹ ਸਾਰੇ ਦੇਵੀ ਦੇ ਪਵਿਤ੍ਰ ਅਸਥਾਨ ਅਥਵਾ ਪੀਠ ਪ੍ਰਸਿਧ ਹੋਏ। ਸਤੀ ਦੇਵੀ ਦਾ ਤਾਲੂਆ ਹਿੰਗਲਾਜ ਵਿਚ ਜਾ ਡਿਗਾ, ਜਿਥੇ ਦੇਵੀ ਦਾ ਮੰਦਰ ਹੈ। ਮਹਾਨ ਕੋਸ਼ (204) ਅਨੁਸਾਰ ਹਿੰਗਲਾਜ ਹਿੰਗੋਲ ਨਦੀ ਦੇ ਕੰਢੇ ਲਾਸਬੇਲਾ ਵਿਚ ਹੈ। ਟਾਡ ਅਨੁਸਾਰ ਹਿੰਗਲਾਜ (ਠੱਟੇ) ਸਿੰਧ ਤੋਂ ਪੈਦਲ ਨੌਂ ਦਿਨਾਂ ਦਾ ਪੈਂਡਾ ਹੈ ਅਤੇ ਸਮੁੰਦਰ ਦੇ ਕੰਢੇ ਤੋਂ ਨੌਂ ਮੀਲ ਦੂਰ ਸਥਿਤ ਹੈ।

(ਹ-131) **ਹਿਚਕੀ :**

ਲੋਕ-ਮਨ ਅਨੁਸਾਰ ਜਦੋਂ ਕੋਈ ਬਦਰੂਹ ਸਾਹ ਦੀ ਨਾਲੀ ਵਿਚ ਜਾ ਕੇ ਬੈਠ ਜਾਵੇ, ਤਾਂ ਹਿਚਕੀ ਲਗ ਜਾਂਦੀ ਹੈ। ਛੋਟੇ ਬਾਲਾਂ ਦੀ ਹਿਚਕੀ ਜਿਸ ਨੂੰ 'ਵਧਾਈ' ਕਹਿੰਦੇ ਹਨ, ਚੰਗੀ ਸਮਝੀ ਜਾਂਦੀ ਹੈ ਅਤੇ ਇਹ ਬੱਚੇ ਦੀ ਸਿਹਤਮੰਦੀ ਤੇ ਵਧਣ ਫੁੱਲਣ ਦੀ ਸੂਚਕ ਹੈ। ਇਸ ਲਈ ਜੇ ਬਾਲ ਹਿਚਕੀ ਲੈ ਰਿਹਾ ਹੋਵੇ, ਤਾਂ ਉਸ ਨੂੰ ਨਿਸਲ ਲਿਟਾ ਦਿਤਾ ਜਾਂਦਾ ਹੈ। ਪਰ ਵਡੇ ਅਤੇ ਕਮਜ਼ੋਰ ਆਦਮੀ ਲਈ ਹਿਚਕੀ ਦੁਖਦਾਈ ਰੋਗ ਹੈ, ਜਿਸ ਨੂੰ ਦੂਰ ਕਰਨ ਲਈ ਲੋਕਾਂ ਵਿਚ ਕਈ ਉਪਾਅ ਪ੍ਰਚਲਤ ਹਨ। ਇਕ ਟੂਣਾ ਇਹ ਹੈ ਕਿ ਹਿਚਕੀ ਲੈਣ ਵਾਲੇ ਉਤੇ ਕੋਈ ਝੂਠੀ ਤੁਹਮਤ ਥੱਪ ਦੇਣ ਨਾਲ ਹਿਚਕੀ ਬੰਦ ਹੋ ਜਾਂਦੀ ਹੈ, ਪਰ ਰੋਗੀ ਨੂੰ ਪਤਾ ਨਹੀਂ ਲੱਗਣਾ ਚਾਹੀਦਾ ਕਿ ਉਸ ਉਪਰ ਝੂਠਾ ਦੋਸ਼ ਥਪਿਆ ਗਿਆ ਹੈ। ਇਹ ਟੂਣੇ ਨਾਲੋਂ ਵਧੇਰੇ ਮਾਨਸਿਕ ਉਪਾਅ ਹੈ। ਤੁਹਮਤ ਲੱਗਣ ਨਾਲ ਰੋਗੀ ਦੇ ਅੰਦਰ ਘਬਰਾਹਟ ਪੈਦਾ ਹੋਣੀ ਸੁਭਾਵਿਕ ਹੈ, ਜਿਸ ਨਾਲ ਆਪਣੇ ਆਪ ਹਿਚਕੀ ਬੰਦ ਹੋ ਜਾਂਦੀ ਹੈ।

(ਹ-132) **ਹਿਜਰੀ ਸੰਨ :**

ਮੁਸਲਮਾਨਾਂ ਦਾ ਧਾਰਮਿਕ ਸੰਮਤ, ਜੋ ਹਜ਼ਰਤ ਮੁਹੰਮਦ ਸਾਹਿਬ ਦੇ, ਮੱਕੇ ਤੋਂ ਮਦੀਨੇ ਹਿਜਰਤ ਕਰਨ ਦੀ ਘਟਨਾ ਦੀ ਸਿਮਰਤੀ ਵਿਚ ਪ੍ਰਚਲਤ ਹੋਇਆ। ਜਦੋਂ ਮੱਕੇ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਵਿਰੋਧਤਾ ਕਾਫ਼ੀ ਵਧ ਗਈ, ਤਾਂ ਉਹ ਮਦੀਨੇ ਵਿਚ ਜਾ ਵਸੇ। ਉਦੋਂ ਮਦੀਨੇ ਵਿਚ ਉਨ੍ਹਾਂ ਦੇ ਸ਼ਰਧਾਲੂਆਂ ਦੀ ਚੋਖੀ ਗਿਣਤੀ ਸੀ। ਇਹ ਘਟਨਾ 20 ਸਤੰਬਰ 622 ਈਸਵੀ ਦੀ ਹੈ। ਉਸ ਦਿਨ ਯਹੂਦੀ ਆਪਣਾ ਪ੍ਰਸਿਧ ਪੁਰਬ 'ਪ੍ਰਾਸਚਿਤ ਦਿਵਸ' ਮਨਾ ਰਹੇ ਸਨ। ਪਰ ਹਿਜਰੀ ਸਾਲ ਦਾ ਆਰੰਭ ਵੀਰਵਾਰ/ਸ਼ੁਕਰਵਾਰ 15/16 ਜੁਲਾਈ, 622 ਈਸਵੀ ਤੋਂ ਕੀਤਾ ਜਾਂਦਾ ਹੈ। ਇਹ ਮੁਹੱਰਮ ਮਹੀਨੇ ਦੀ ਪਹਿਲੀ ਤਿੱਥ ਸੀ। ਇਡਲਰ (Ideler) ਅਨੁਸਾਰ ਗ੍ਰਹਿ-ਨਿਰੀਖਣ ਦੇ ਮਾਮਲੇ ਵਿਚ 15 ਜੁਲਾਈ ਪ੍ਰਵਾਨ ਕੀਤੀ ਜਾਂਦੀ ਹੈ, ਪਰ

Sri Satguru Jagjit Singh Ji eLibrary NamdhariElibrary@gmail.com

ਹੋਰ ਗ੍ਰਹਿ-ਚਕਰ, ਨਵੇਂ ਚੰਨ ਦੇ ਉਦੈ ਹੋਣ ਅਤੇ ਲੋਕ ਪ੍ਰਚਲਤ ਅਰਬੀ ਪੰਚਾਂਗ ਵਿਚ ਸੰਧੀ ਲਿਆਉਣ ਲਈ 16 ਜੁਲਾਈ ਦੀ ਵਰਤੋਂ ਕੀਤੀ ਜਾਂਦੀ ਹੈ (E. R. E. 3,127)।

ਇਸ ਸੰਮਤ ਦੀ ਪ੍ਰਥਮ ਵਰਤੋਂ ਹਜ਼ਰਤ ਉਮਰ ਨੇ ਕੀਤਾ। ਹਜ਼ਰਤ ਮੁਹੰਮਦ ਦੇ ਕਾਲਵਸ ਹੋਣ ਤੋਂ ਕਈ ਸਾਲ ਮਗਰੋਂ ਹਜ਼ਰਤ ਉਮਰ ਨੇ ਮੁਹੰਮਦ ਸਾਹਿਬ ਦੇ ਜੀਵਨ ਕਾਲ ਦੀਆਂ ਘਟਨਾਵਾਂ ਨੂੰ ਤਰਤੀਬ ਵਿਚ ਵਰਨਣ ਕਰਨ ਲਈ, ਇਸੇ ਸੰਮਤ ਦੀ ਵਰਤੋਂ ਕੀਤੀ, ਜੋ ਸਹਿਜੇ ਸਹਿਜੇ ਇਕ ਪ੍ਰਥਾ ਦਾ ਰੂਪ ਧਾਰਨ ਕਰ ਗਈ।

ਹਿਜਰੀ ਸੰਮਤ ਚੰਦ੍ਰਾਇਣੀ ਸਾਲ ਹੈ ਅਤੇ ਇਹ 354 ਦਿਨਾਂ ਦਾ ਹੁੰਦਾ ਹੈ। ਹਿਜਰੀ (ਹਿ.) ਸੰਮਤ ਨੂੰ ਜੇ ਈਸਵੀ (ਈ.) ਵਿਚ ਬਦਲਨਾ ਹੋਵੇ ਤਾਂ ਹੇਠਲਾ ਸੂਤਰ ਵਰਤਿਆ ਜਾਂਦਾ ਹੈ —

$$\text{ਹਿ.} - \frac{3(\text{ਹਿ.})}{100} + 622 = \text{ਈ.}$$

**(ਹ-133) ਹਿੰਡੋਲਾ :**

ਵੈਸ਼ਨੋ ਮੱਤ ਦੇ ਅਨੁਯਾਈ ਰਾਮਨੌਮੀ ਵਾਲੇ ਦਿਨ ਸ੍ਰੀ ਰਾਮ ਚੰਦਰ ਦੀ ਸਿਮਰਤੀ ਵਿਚ ਜਲੂਸ ਤੇ ਝਾਕੀਆਂ ਆਦਿ ਕਢਦੇ ਹਨ। ਇਨ੍ਹਾਂ ਵਿਚੋਂ ਇਕ ਝਾਕੀ ਰਾਮ ਚੰਦਰ ਦੀ ਬਾਲ ਲੀਲਾ ਦੀ ਹੁੰਦੀ ਹੈ, ਜਿਸ ਵਿਚ ਬੱਚੇ ਨੂੰ ਹਿੰਡੋਲੇ ਵਿਚ ਲੇਟਿਆ ਵਿਖਾਇਆ ਗਿਆ ਹੁੰਦਾ ਹੈ। ਇਸ ਦ੍ਰਿਸ਼ ਨੂੰ ਹਿੰਡੋਲਾ ਕਹਿੰਦੇ ਹਨ। ਜਨਮ ਅਸ਼ਟਮੀ ਨੂੰ ਵੈਸ਼ਨੋ ਹਿੰਦੂ ਕ੍ਰਿਸ਼ਨ ਮਹਾਰਾਜ ਦਾ ਹਿੰਡੋਲਾ ਬਣਾ ਕੇ ਘਰ ਵਿਚ ਲਟਕਾਂਦੇ ਹਨ।

**(ਹ-134) ਹਿਤ ਉਪਦੇਸ਼ :**

ਨੀਤੀ ਕਥਾਵਾਂ ਦੀ ਇਕ ਪ੍ਰਸਿਧ ਪੁਸਤਕ; ਹਿਤ ਉਪਦੇਸ਼ ਵਿਚ ਦਰਜ ਬਹੁਤ ਸਾਰੀ ਸਾਮਗ੍ਰੀ ਪੰਚਤੰਤ੍ਰ ਵਿਚੋਂ ਹੀ ਲਈ ਗਈ ਹੈ। ਅੰਦਰਲੇ ਹਵਾਲਿਆਂ ਅਨੁਸਾਰ ਇਹ ਪੁਸਤਕ ਨਾਰਾਇਣ ਦੀ ਕ੍ਰਿਤ ਹੈ, ਜਿਸ ਨੇ ਧਵਲ ਚੰਦਰ ਦੀ ਸਰਪ੍ਰਸਤੀ ਵਿਚ ਇਸ ਨੂੰ ਰਚਿਆ। ਹਿਤ ਉਪਦੇਸ਼ ਦੀ ਰਚਨਾ-ਤਿੱਥ ਬਾਰੇ ਪਕਿਆਈ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਸਭ ਤੋਂ ਪੁਰਾਣੀ ਹੱਥ-ਲਿਖਤ 1373 ਈਸਵੀ ਦੀ ਮਿਲੀ ਹੈ।

ਇਸ ਪੁਸਤਕ ਦੀ ਭੂਮਿਕਾ ਪੰਚਤੰਤਰ ਵਾਂਗ ਹੀ ਹੈ, ਪਰ ਰਾਜੇ ਦਾ ਨਾਂ ਸੁਦਰਸ਼ਨ ਲਿਖਿਆ ਹੋਇਆ ਹੈ, ਜੋ ਪਾਟਲੀਪੁਤਰ ਉਤੇ ਰਾਜ ਕਰਦਾ ਸੀ ਅਤੇ ਜਿਸ ਨੇ ਇਹ ਪੁਸਤਕ ਆਪਣੇ ਮੂੜ੍ਹ, ਬੇਸਮਝ ਤੇ ਦੁਰਾਚਾਰੀ ਰਾਜਕੁਮਾਰਾਂ ਨੂੰ ਨੀਤੀ, ਨੈਤਿਕਤਾ, ਸਦਾਚਾਰ ਤੇ ਜੀਵਨ-ਜੁਗਤੀ ਦੀ ਸੋਝੀ ਲਈ ਲਿਖਵਾਈ।

ਹਿਤ ਉਪਦੇਸ਼ ਦੀਆਂ 43 ਕਥਾਵਾਂ ਵਿਚੋਂ 25 ਪੰਚਤੰਤਰ ਨਾਲ ਮੇਲ ਖਾਂਦੀਆਂ ਹਨ। ਪੰਚ-ਤੰਤਰ ਦੀਆਂ ਇਕ ਤਿਹਾਈ ਸੂਤ੍ਰਕ ਪੰਗਤੀਆਂ ਵੀ ਹਿਤ ਉਪਦੇਸ਼ ਦਾ ਮਹੱਤਵਪੂਰਣ ਅੰਗ ਹਨ। ਹਿਤ ਉਪਦੇਸ਼ ਵਿਚ ਜੋ ਸਾਮਗ੍ਰੀ ਪੰਚਤੰਤਰ ਨਾਲੋਂ ਵਖਰੀ ਹੈ, ਉਹ ਕਿਨ੍ਹਾਂ ਸੋਮਿਆਂ ਤੋਂ ਆਈ ਹੈ, ਇਸ ਬਾਰੇ ਨਿਰਣਾ ਕਰਨਾ ਕਠਨ ਹੈ। 'ਚੂਹੇ ਤੇ ਰਿਸ਼ੀ' ਵਾਲੀ ਕਥਾ ਮਹਾਂਭਾਰਤ ਅਤੇ 'ਕਥਾ ਸੁਰਿਤ ਸਾਗਰ' ਵਿਚੋਂ ਲਈ ਗਈ ਜਾਪਦੀ ਹੈ। ਇਕ ਹੋਰ ਕਥਾ (2.6) 'ਸ਼ੁਕਾਸਪਤੀ' ਵਿਚ ਮਿਲਦੀ ਹੈ ਅਤੇ 'ਵੀਰਵਾਰ ਦੀ ਕਥਾ' 'ਬੇਤਾਲ ਬਚੀਸੀ' ਵਿਚ। ਬਾਕੀ ਕਥਾਵਾਂ ਲੋਕ-ਮੂੰਹਾਂ ਤੋਂ ਲਈਆਂ ਜਾਪਦੀਆਂ ਹਨ। ਇਸੇ ਤਰ੍ਹਾਂ ਕਾਫ਼ੀ ਸਾਰੀਆਂ ਕਾਵਿ-ਪੰਗਤੀਆਂ ਵੀ ਪੰਜਤੰਤਰ ਦੀਆਂ ਹਨ, ਪਰ ਕੁਝ ਸੂਤਰਕ ਪੰਗਤੀਆਂ ਕਾਮੰਡਕਿਯਾ ਦੇ 'ਨੀਤੀ ਸਾਰ' ਵਿਚੋਂ ਲਈਆਂ ਗਈਆਂ ਹਨ।

ਹਿਤ ਉਪਦੇਸ਼ ਦੇ ਚਾਰ ਭਾਗ ਹਨ। ਪਹਿਲੇ ਦੋ ਭਾਗਾਂ 'ਮਿਤ੍ਰ ਭੇਦ' ਅਤੇ 'ਮਿਤ੍ਰ ਪ੍ਰਾਪਤੀ' ਦੇ ਸਿਰਲੇਖ ਅਤੇ ਕਥਾ-ਬਣਤਰ ਪੰਚਤੰਤਰ ਵਾਲੀ ਹੀ ਹੈ। ਕੇਵਲ ਤਰਤੀਬ ਉਲਟਾ ਦਿਤੀ ਗਈ ਹੈ। ਪੰਜਤੰਤਰ ਦਾ ਤੀਜਾ ਭਾਗ ਹਿਤ ਉਪਦੇਸ਼ ਵਿਚ ਦੋ ਭਾਗਾਂ ਵਿਚ ਵੰਡਿਆ ਮਿਲਦਾ ਹੈ ਅਤੇ ਇਸ ਦੀ ਸਾਮਗ੍ਰੀ 'ਯੁੱਧ' ਅਤੇ 'ਅਮਨ' ਦੇ ਸਿਰਲੇਖਾਂ ਹੇਠ ਹਿਤ ਉਪਦੇਸ਼ ਦਾ ਤੀਜਾ ਤੇ ਚੌਥਾ ਭਾਗ ਬਣੀ ਹੈ। ਇਨ੍ਹਾਂ ਦੋਹਾਂ ਭਾਗਾਂ ਵਿਚ ਪ੍ਰਧਾਨ ਕਥਾ ਹੰਸਾਂ ਅਤੇ ਮੋਰਾਂ ਦੇ ਆਪਸੀ ਵੈਰ, ਅਤੇ ਲੰਮੇ ਝਗੜੇ ਮਗਰੋਂ ਮਿਤ੍ਰਤਾ ਦੀ ਸਥਾਪਤੀ ਬਾਰੇ ਹੈ। ਇਸ ਤਰ੍ਹਾਂ ਵੇਖਿਆਂ ਹਿਤ ਉਪਦੇਸ਼ ਵਿਚ ਪੰਚਤੰਤਰ ਦਾ ਲਗਪਗ ਅੱਧਾ ਕੁ ਹਿੱਸਾ ਆ ਗਿਆ ਹੈ। ਪੰਚਤੰਤਰ ਦੇ ਪੰਜਾਂ ਭਾਗਾਂ ਵਿਚੋਂ ਚੁਹਾਂ ਵਿਚ ਤਾਂ ਕੁਝ ਨਾ ਕੁਝ ਜ਼ਰੂਰ ਲਿਆ ਗਿਆ ਹੈ। ਕੇਵਲ ਚੌਥਾ ਭਾਗ ਸਾਰੇ ਦਾ ਸਾਰਾ ਹੀ ਤਿਆਗ ਦਿਤਾ ਗਿਆ ਹੈ।

ਹਿਤ ਉਪਦੇਸ਼ ਵਿਚ ਸੂਤ੍ਰਬਧ ਅਤੇ ਵਿਹਾਰਕ ਪੰਗਤੀਆਂ ਪੰਚਤੰਤਰ ਨਾਲੋਂ ਵਧੇਰੇ ਦਿਲਕਸ਼ ਤੇ ਪ੍ਰਭਾਵਸ਼ਾਲੀ ਹਨ। ਕਈ ਵਾਰ ਪੰਗਤੀਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ ਅਤੇ ਮੂਲ ਕਥਾ ਨਾਲੋਂ ਅਸਬੰਧਤ ਹੋਣ ਕਰ ਕੇ ਕਥਾ ਦੀ ਚਾਲ ਲਈ ਬਾਧਕ ਬਣ ਗਈ ਹੈ। ਚੌਥੇ ਭਾਗ ਵਿਚ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਅਤੇ ਅਸਥਿਰਤਾ ਬਾਰੇ ਜੋ ਸ਼ਲੋਕ ਮਿਲਦੇ ਹਨ ਉਹ ਵਿਸ਼ਾਦ ਗ੍ਰਸਤ ਹੋਣ ਦੇ ਬਾਵਜੂਦ ਬੜੇ ਪ੍ਰਭਾਵਸ਼ਾਲੀ ਹਨ।

ਹਿਤ ਉਪਦੇਸ਼ ਦੇ ਪੰਜਾਬੀ ਵਿਚ ਅਨੇਕਾਂ ਅਨੁਵਾਦ ਹੋਏ, ਜਿਨ੍ਹਾਂ ਵਿਚੋਂ ਬਹੁਤੇ ਖਰੜਿਆਂ ਦੇ ਰੂਪ ਵਿਚ ਮਿਲਦੇ ਹਨ।

**(ਹ-135) ਹਿੱਬ ਖੇਡਣਾ :**

ਜੇਠ ਹਾੜ ਦੀ ਸਖ਼ਤ ਗਰਮੀ ਦੇ ਦਿਨੀਂ, ਦੁਪਹਿਰਾਂ ਵੇਲੇ, ਤ੍ਰੀਮੀਆਂ ਹ ਸੇ ਭਾਣੇ ਇਕ ਦੂਜੇ ਉਤੇ ਪਾਣੀ ਦੇ ਛੱਟੇ ਮਾਰਦੀਆਂ ਹਨ। ਕਈ ਵਾਰ ਇਕ ਦੂਜੇ ਉਪਰ ਪਾਣੀ ਦੇ ਘੜੇ ਉਲਦੇ ਜਾਂਦੇ ਹਨ। ਜੇ ਲੰਮੇ ਸਮੇਂ ਤਕ ਵਰਖਾ ਨਾ ਪਏ, ਤਾਂ ਵੀ ਹਿੱਬ ਖੇਡਿਆ ਜਾਂਦਾ ਹੈ। ਵਿਚਾਰ ਹੈ ਕਿ ਇਸ ਤਰ੍ਹਾਂ ਮੀਂਹ ਜ਼ਰੂਰ ਵਸਦਾ ਹੈ (ਵੇਖੋ : ਮੀਂਹ)। ਲਹਿੰਦੇ ਵਿਚ ਇਨ੍ਹੀਂ ਦਿਨੀਂ ਹੀਬੋ ਨਾਚ ਵੀ ਨਚਿਆ ਜਾਂਦਾ ਹੈ। ਹਿਬ ਹੀਬੋ ਦਾ ਹੀ ਵਿਕ੍ਰਤ ਰੂਪ ਜਾਪਦਾ ਹੈ (ਵੇਖੋ : ਹੀਬੋ)।

**(ਹ-136) ਹਿਮਾਚਲ ਪ੍ਰਦੇਸ਼ :**

ਹਿਮਾਚਲ ਪ੍ਰਦੇਸ਼ ਪੰਜਾਬ ਦੇ ਉੱਤਰ ਪੂਰਬ ਵਲ ਸਥਿਤ ਇਕ ਪਹਾੜੀ ਇਲਾਕਾ ਹੈ। ਇਹ ਜਿਥੇ ਆਪਣੀ ਪ੍ਰਾਕ੍ਰਿਤਕ ਖ਼ੂਬਸੂਰਤੀ ਕਾਰਨ ਅਲੌਕਿਕ ਹੈ, ਉਥੇ ਸਾਂਸਕ੍ਰਿਤਕ ਪੱਖੋਂ ਵੀ ਬੜੀ ਮਹੱਤਤਾ ਰਖਦਾ ਹੈ। ਉੱਤਰੀ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਦੀਆਂ ਅਨੇਕਾਂ ਰੂੜ੍ਹੀਆਂ ਇਥੇ ਸਜੀਵ ਰੂਪ ਵਿਚ ਵੇਖਣ ਨੂੰ ਮਿਲਦੀਆਂ ਹਨ।

ਹਿਮਾਚਲ ਪ੍ਰਦੇਸ਼ ਬੁਨਿਆਦੀ ਤੌਰ 'ਤੇ ਪੰਜਾਬ ਦਾ ਹੀ ਪਹਾੜੀ ਖੇਤਰ ਹੈ, ਅਤੇ ਇਥੋਂ ਦੀ ਸੰਸਕ੍ਰਿਤੀ ਪੰਜਾਬ ਦੀ ਹੀ ਪਹਾੜੀ ਸੰਸਕ੍ਰਿਤੀ। ਅਜੋਕੇ ਹਿਮਾਚਲ ਦੇ ਕੁਝ ਮਹੱਤਵਪੂਰਨ ਖੇਤਰ— ਕਾਂਗੜਾ, ਚੰਬਾ ਅਤੇ ਮੰਡੀ ਆਦਿ, ਲੰਮੇ ਅਰਸੇ ਤਕ, ਪੰਜਾਬ ਦੇ ਹੀ ਅਨਿਖੜ ਅੰਗ ਰਹੇ ਹਨ। ਇਥੋਂ ਦੀ ਵਸੋਂ ਦਾ ਵਡੇਰਾ ਭਾਗ, ਪੰਜਾਬ ਅਤੇ ਰਾਜਸਥਾਨ ਦੇ ਇਲਾਕਿਆਂ ਵਿਚੋਂ, ਸਮੇਂ ਸਮੇਂ ਪਰਵਾਸ ਲਈ ਆਏ ਲੋਕਾਂ ਦੀ ਹੀ ਸੰਤਾਨ ਹੈ। ਇਸ ਲਈ ਹਿਮਾਚਲ ਦੀ ਸੰਸਕ੍ਰਿਤੀ ਪ੍ਰਾਚੀਨ ਸਥਾਨਿਕ ਕਬੀਲਿਆਂ ਅਤੇ ਪੰਜਾਬ ਵਿਚੋਂ ਆ ਕੇ ਵਸੇ ਭਿੰਨ ਭਿੰਨ ਲੋਕਾਂ ਦੀਆਂ ਸੰਸਕ੍ਰਿਤੀਆਂ ਦਾ ਸਹਿਜ ਸੰਜੋਗ ਹੀ ਕਹੀ ਜਾ ਸਕਦੀ ਹੈ। ਇਕ ਤਾਂ ਇਹ ਇਲਾਕਾ ਦੁਰਗਮ ਪਹਾੜਾਂ, ਨਦੀਆਂ, ਵਾਹਣ ਤੇ ਬੀਆਬਾਨਾਂ ਨਾਲ ਘਿਰਿਆ ਹੋਇਆ ਹੈ, ਦੂਜਾ ਸੰਚਾਰ ਅਤੇ ਆਵਾਜਾਈ ਦੇ ਸਾਧਨ ਉਦੋਂ ਬਹੁਤੇ ਵਿਗਸਤ ਨਹੀਂ ਸਨ ਹੋਏ, ਜਿਸ ਕਰ ਕੇ ਹਿਮਾਚਲ ਪੰਜਾਬ ਨਾਲ ਕਟਿਆ ਰਿਹਾ। ਨਵੀਂ ਵਿਗਿਆਨਕ ਚੇਤਨਾ ਅਤੇ ਬੋਧਾਂ ਤੋਂ ਬਿਲਕੁਲ ਅਭਿਜ ਰਹਿਣ ਕਰ ਕੇ, ਹਿਮਾਚਲ ਦਾ ਸਾਰਾ ਲੋਕ-ਬੋਧ ਅਜੇ ਲੋਕ-ਮਨ ਵਾਲਾ ਹੈ। ਫਲਸਰੂਪ ਇਥੋਂ ਦੀ ਸੰਸਕ੍ਰਿਤੀ ਪੌਰਾਣਿਕ ਬਿਰਤੀ ਤੇ ਆਦਿਮ ਰੂੜ੍ਹੀਆਂ ਦੀ ਧਾਰਨੀ ਹੈ। ਹਿਮਾਚਲ ਦੇ ਲੋਕ ਹਾਲੇ ਵੀ ਇਕ ਸ਼ੁਧ ਲੋਕ-ਸੰਸਕ੍ਰਿਤੀ ਵਿਚ ਵਿਚਰ ਰਹੇ ਹਨ।

ਹਿਮਾਚਲ ਪ੍ਰਦੇਸ਼ ਨੇ ਪੰਜਾਬੀ ਸੰਸਕ੍ਰਿਤੀ ਅਤੇ ਲੋਕਧਾਰਾ ਦੀਆਂ ਕਈ ਪ੍ਰਾਚੀਨ ਰੂੜ੍ਹੀਆਂ ਨੂੰ ਇਨ ਬਿਨ ਸੰਭਾਲਿਆ ਹੋਇਆ ਹੈ। ਕਈ ਉਹ ਰੀਤਾਂ ਰਸਮਾਂ, ਜਿਨ੍ਹਾਂ ਦੇ ਕੇਵਲ ਅਵਸ਼ੇਸ਼ ਹੀ ਪੰਜਾਬ ਦੇ ਸਾਂਸਕ੍ਰਿਤਕ ਪਾਸਾਰ ਵਿਚ ਬਚੇ ਰਹਿ ਗਏ ਹਨ, ਉਹ ਇਨ੍ਹਾਂ ਪਹਾੜਾਂ ਵਿਚ ਪੂਰੇ ਜਲੌਂ ਵਿਚ ਰੂਪਮਾਨ ਹਨ। ਪੰਜਾਬ ਦੀ ਸੰਸਕ੍ਰਿਤੀ ਨੂੰ ਉਸ ਦੇ ਮੂਲ ਰੂਪ ਵਿਚ ਸਮਝਣ ਤੇ ਪਛਾਣਨ ਲਈ, ਅਤੇ ਇਤਿਹਾਸਕ ਪਰਿਪੇਖ ਵਿਚ ਅਧਿਅਨ ਕਰਨ ਲਈ, ਹਿਮਾਚਲ ਦੀ ਪਹਾੜੀ ਸੰਸਕ੍ਰਿਤੀ ਦਾ ਗਿਆਨ ਜ਼ਰੂਰੀ ਹੈ।

ਹਿਮਾਚਲ ਪ੍ਰਦੇਸ਼ ਦਾ ਇਲਾਕਾ 55673 ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਇਥੋਂ ਦੀ ਵਸੋਂ, 1971 ਈ: ਦੀ ਮਰਦਮ ਸ਼ੁਮਾਰੀ ਅਨੁਸਾਰ, 3[illegible]60,434 ਹੈ। ਸਾਰਾ ਇਲਾਕਾ ਪਹਾੜੀ ਹੈ ਅਤੇ ਸਮੁੰਦਰ ਦੀ ਸਤਹ ਤੋਂ ਵਖੋ ਵਖ ਥਾਈਂ 450 ਮੀਟਰ ਤੋਂ 6500 ਮੀਟਰ ਤਕ ਉੱਚਾ ਹੈ। ਨਦੀ ਨਾਲੇ, ਚੋਹੇ, ਦਰਿਆ, ਬੀਆਬਾਨ ਜੰਗਲ ਅਤੇ ਸੁੰਦਰ ਵਾਦੀਆਂ ਇਸ ਪ੍ਰਦੇਸ਼ ਨੂੰ ਇਕ ਵਿਲੱਖਣ ਪ੍ਰਾਕ੍ਰਿਤਕ ਖ਼ੂਬਸੂਰਤੀ ਬਖ਼ਸ਼ਦੀਆਂ ਹਨ। ਪੰਜਾਬ ਦੇ ਬਹੁਤ ਸਾਰੇ ਦਰਿਆ — ਸਤਲੁਜ, ਬਿਆਸ, ਰਾਵੀ ਆਦਿ ਹਿਮਾਚਲ ਪ੍ਰਦੇਸ਼ ਵਿਚੋਂ ਹੀ ਨਿਕਲਦੇ ਹਨ ਅਤੇ ਇਨ੍ਹਾਂ ਪਹਾੜਾਂ ਦੀਆਂ ਬਰਫ਼ਾਂ ਅਤੇ ਬਾਰਸ਼ਾਂ ਦਾ ਪਾਣੀ ਹੀ, ਇਨ੍ਹਾਂ ਦਰਿਆਵਾਂ ਦੀ ਮੂਲ ਸ਼ਕਤੀ ਅਤੇ ਗੌਰਵ ਹੈ। ਸ਼ਿਵਾਲਕ ਦੀਆਂ ਪਹਾੜੀਆਂ, ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਤੋਂ ਨਿਖੇੜਦੀਆਂ ਹਨ। ਸ਼ਿਵਾਲਕ ਦਾ ਸ਼ਾਬਦਿਕ ਅਰਥ ਹੈ — 'ਸ਼ਿਵ ਦੀਆਂ ਲਿਟਾਂ'। ਪੌਰਾਣਿਕ ਕਾਲ ਵਿਚ ਇਨ੍ਹਾਂ ਪਹਾੜਾਂ ਵਿਚ ਸ਼ਿਵ ਜੀ ਨੇ ਘੋਰ ਤਪਸਿਆ ਕੀਤੀ ਸੀ। ਅਨੇਕਾਂ ਪੌਰਾਣਿਕ ਰਿਸ਼ੀ ਮੁਨੀ ਇਸੇ ਇਲਾਕੇ ਵਿਚ ਤੱਪ ਕਰਦੇ ਰਹੇ ਹਨ, ਇਸ ਲਈ ਹਿਮਾਚਲ ਦੇ ਨਦੀ ਨਾਲਿਆਂ, ਪਹਾੜਾਂ ਆਦਿ ਨਾਲ ਅਨੇਕਾਂ ਪੌਰਾਣਿਕ ਕਥਾਵਾਂ ਜੁੜੀਆਂ ਮਿਲਦੀਆਂ ਹਨ। ਇਥੋਂ ਦੀਆਂ ਕੁਝ ਹੋਰ ਪ੍ਰਸਿਧ ਚੋਟੀਆਂ ਧੌਲਾਧਾਰ ਅਤੇ ਪੀਰ ਪੰਜਾਲ ਹਨ।

ਹਿਮਾਚਲ ਪਿੰਡਾਂ ਅਤੇ ਢੋਕਾਂ ਦਾ ਪ੍ਰਦੇਸ਼ ਹੈ। ਇਥੋਂ ਦੀ 93.5 ਫ਼ੀਸਦੀ ਵਸੋਂ 16910 ਪਿੰਡਾਂ ਜਾਂ ਬਸਤੀਆਂ ਵਿਚ ਰਹਿੰਦੀ ਹੈ। ਦੁਰੇਡੇ ਇਲਾਕਿਆਂ ਵਿਚ ਤਾਂ ਇਕੱਲੀਆਂ ਦੁਕਲੀਆਂ ਢੋਕਾਂ ਹੀ ਹਨ, ਪਰ ਕਈ ਥਾਈਂ ਨਿਕੀਆ ਨਿਕੀਆਂ ਢੋਕਾਂ ਦੇ ਝੁੰਡ ਹਨ। ਬਹੁਤੇ ਪਿੰਡਾਂ ਦੀ ਆਬਾਦੀ ਸੌ ਤੋਂ ਵੀ ਘਟ ਹੈ। ਘਣੀ ਆਬਾਦੀ ਸਿਰਫ਼ ਕਾਂਗੜੇ ਦੇ ਇਲਾਕੇ ਵਿਚ ਹੀ ਹੈ। ਸ਼ਹਿਰ ਅਤੇ ਕਸਬੇ 35 ਹਨ। ਸਭ ਤੋਂ ਛੋਟਾ ਕਸਬਾ ਨੈਨਾ ਦੇਵੀ ਦਾ ਹੈ, ਜਿਸ ਦੀ ਕੁਲ ਵਸੋਂ 350 ਹੈ। ਸਭ ਤੋਂ ਵੱਡਾ ਸ਼ਹਿਰ ਸ਼ਿਮਲਾ ਹੈ, ਜਿਥੋਂ ਦੀ ਆਬਾਦੀ 57,000 ਹੈ।

**ਲੋਕ :** ਹਿਮਾਚਲ ਪ੍ਰਦੇਸ਼ ਦੀ ਵਸੋਂ ਮਿਸੀ ਤੇ ਬਹੁਬਿਧ ਹੈ। ਇਥੇ ਕਈ ਨਸਲਾਂ, ਜਾਤੀਆਂ ਅਤੇ ਕਬੀਲਿਆਂ ਦੇ ਲੋਕ ਆਪਣੀ ਪਛਾਣ ਸਮੇਤ ਵਸੇ ਹੋਏ ਹਨ। ਕੁਝ ਲੋਕ ਆਦਿ ਕਾਲੀਨ ਪਹਾੜੀ ਨਸਲਾਂ ਦੀ ਔਲਾਦ ਹਨ, ਜਿਨ੍ਹਾਂ ਵਿਚੋਂ ਕੌਲੀ, ਹਾਲੀ, ਡੂਮ, ਦਾਗੀ, ਡੋਗੀ ਆਦਿ ਕਬੀਲੇ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਕੁਝ ਪਹਾੜੀਏ ਆਰਿਆਈ ਮੁੱਢ ਦੇ ਹਨ, ਜਿਨ੍ਹਾਂ ਵਿਚ ਬ੍ਰਾਹਮਣ, ਖੱਤਰੀ, ਰਾਜਪੂਤ, ਰਾਠੀ, ਠਾਕਰ, ਰਾਵਤ, ਚੁਹਾਨ, ਪਰਮਾਰ, ਘ੍ਰਿਤ ਅਤੇ ਗੱਦੀ ਆਦਿ ਸ਼ਾਮਿਲ ਹਨ। ਇਹ ਲੋਕ ਅਸਲੋਂ ਪੰਜਾਬ ਦੇ ਹੀ ਵਾਸੀ ਸਨ। ਘਲੂਘਾਰਿਆਂ ਸਮੇਂ ਇਨ੍ਹਾਂ ਲੋਕਾਂ ਦੇ ਵਡਿਕੇ ਸਿਰ ਛੁਪਾਣ ਲਈ, ਮੈਦਾਨਾਂ ਨੂੰ ਛਡ ਕੇ, ਪਹਾੜਾਂ ਵਿਚ ਆ ਵਸੇ ਸਨ। ਗੁੱਜਰ ਅਤੇ ਜੱਟ ਸਿਥੀਅਨ ਕਬੀਲਿਆਂ ਵਿਚੋਂ ਮੰਨੇ ਜਾਂਦੇ ਹਨ; ਇਹ ਜ਼ਿਆਦਾਤਰ ਸ਼ਿਵਾਲਕ ਦੇ ਹੇਠਲੇ ਇਲਾਕੇ ਵਿਚ ਵਸੇ ਹੋਏ ਹਨ। ਮੰਗੋਲ ਅਤੇ ਤਿਬਤੀ ਨਸਲਾਂ ਦੇ ਲੋਕ ਵੀ ਸਿਪਤੀ, ਲਾਹੋਲ ਅਤੇ ਕਨੌਰ ਦੇ ਇਲਾਕੇ ਵਿਚ ਵਸੇ ਮਿਲਦੇ ਹਨ। ਇਸ ਪ੍ਰਦੇਸ਼ ਵਿਚ ਕਦੇ ਨਾਗ, ਕਿਰਾਤ ਅਤੇ ਯਕਸ਼ ਜਾਤੀਆਂ ਵੀ ਵਸਿਆ ਕਰਦੀਆਂ ਸਨ, ਜਿਨ੍ਹਾਂ ਦੀ ਸੰਸਕ੍ਰਿਤੀ ਦੇ ਕਈ ਅਵਸ਼ੇਸ਼ ਹਿਮਾਚਲ ਦੀ ਲੋਕਧਾਰਾ ਵਿਚ ਪਛਾਣੇ ਜਾ ਸਕਦੇ ਹਨ, ਜਿਹਾ ਕਿ ਨਾਗ ਪੂਜਾ ਅਤੇ ਯਕਸ਼ਣੀ ਸਿੱਧੀ ਆਦਿ। ਇਥੋਂ ਦੇ ਕੁਨੇਤ ਰਾਜਪੂਤਾਂ ਦਾ ਪਿੱਛਾ ਮਹਾਂਭਾਰਤ ਕਾਲ ਦੀ ਕੁਨਿੰਦਾ ਜਾਤੀ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਹਿਮਾਚਲ ਵਿਚ ਕਈ ਸੰਸਕ੍ਰਿਤੀਆਂ ਇਕ ਦੂਜੀ ਵਿਚ ਰਚ ਕੇ ਜਾਂ ਫਿਰ ਆਪਣੀ ਪਛਾਣ ਸਮੇਤ ਇਕ ਦੂਜੀ ਨਾਲ ਕਦਮ ਮੇਚ ਕੇ, ਸਫ਼ਰ ਕਰ ਰਹੀਆਂ ਹਨ। ਹਰੇਕ ਜਾਤੀ ਨੇ ਆਪਣੇ ਰੀਤ ਰਵਾਜ, ਮਨੌਤਾਂ, ਵਿਸ਼ਵਾਸ਼ਾਂ ਨੂੰ ਵੀ ਕਾਇਮ ਰਖਿਆ ਹੈ ਅਤੇ ਸਮੁੱਚੀ ਸਮਾਜਕ ਪ੍ਰਣਾਲੀ ਨਾਲ ਵੀ ਜੁੜੀ ਰਹੀ ਹੈ, ਜਿਸ ਕਰਕੇ ਇਥੇ ਕੌਮੀ ਸਹਿਹੋਂਦ ਦਾ ਇਕ ਖ਼ੂਬਸੂਰਤ ਨਮੂਨਾ ਵੇਖਣ ਨੂੰ ਮਿਲਦਾ ਹੈ।

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਹਿਮਾਚਲ ਵਿਚ ਕੁਝ ਪ੍ਰਾਚੀਨ ਜਾਤੀਆਂ ਦੀ ਔਲਾਦ ਵੀ ਵਸਦੀ ਹੈ। ਜਦੋਂ ਆਰੀਆ ਲੋਕ ਸਿੰਧ ਸਾਗਰ ਦੁਆਬ ਵਿਚ ਆ ਕੇ ਵਸੇ, ਤਾਂ ਉਨ੍ਹਾਂ ਨੇ ਉਥੇ ਵਸਦੇ ਕਬੀਲਿਆਂ ਨੂੰ, ਜੋ ਆਸਟਰਕ ਪਰਿਵਾਰ ਨਾਲ ਸਬੰਧਿਤ ਸਨ, ਹਿਮਾਚਲ ਦੇ ਪਹਾੜਾਂ ਵਲ ਧਕੇਲ ਦਿਤਾ। ਵੈਦਿਕ ਆਰੀਆ ਨੇ ਉਨ੍ਹਾਂ ਕਬੀਲਿਆਂ ਦਾ ਜ਼ਿਕਰ ਦਾਸਯੂ, ਨਿਸ਼ਾਦ ਅਤੇ ਕਿਰਾਤ ਦੇ ਨਾਂ ਨਾਲ ਕੀਤਾ ਹੈ। ਪੂਰਵ ਵੈਦਿਕ ਕਾਲ ਵਿਚ ਸ਼ਾਇਦ ਉਨ੍ਹਾਂ ਨੂੰ ਯਖਸ਼, ਨਾਗ ਅਤੇ ਕਿਨਰ ਕਿਹਾ ਜਾਂਦਾ ਹੋਵੇ। ਯਖਸ਼ ਅਤੇ ਨਾਗ ਕਬੀਲੇ ਤਾਂ ਹੁਣ ਮਿੱਥਾਂ ਅਤੇ ਦੰਦ-ਕਥਾਵਾਂ ਦੇ ਪਾਤਰ ਬਣ ਕੇ ਰਹਿ ਗਏ ਹਨ, ਪਰ ਕਿਨਰ ਜਾਤੀ ਦੇ ਲੋਕ ਕਨੌਰ ਦੇ ਇਲਾਕੇ ਵਿਚ ਹੁਣ ਤਕ ਮੌਜੂਦ ਹਨ। ਕਿਨੌਰ ਦੀ ਭਾਸ਼ਾ ਵਿਚ ਕੁਝ ਮੁੰਡਾ ਭਾਖੀ ਸ਼ਬਦ ਅਤੇ ਵਿਆਕਰਣਿਕ ਬਣਤਰਾਂ ਮਿਲਦੀਆਂ ਹਨ,ਜੋ ਦੋਹਾਂ ਦੀ ਨਸਲੀ ਸਾਂਝ ਵਲ ਸੰਕੇਤ ਕਰਦੀਆਂ ਹਨ। ਕੋਲ ਕਬੀਲਾ ਨਾਗ ਅਤੇ ਗਣੇਸ਼ ਵਰਗੇ ਪਸ਼ੂਆਂ ਨੂੰ ਪੂਜਦਾ ਸੀ। ਇਹੋ ਦੇਵਤੇ ਮਗਰੋਂ ਹਿੰਦੀ ਆਰੀਆ ਦੇ ਲੋਕ-ਧਰਮ ਦਾ ਹਿੱਸਾ ਬਣ ਗਏ। ਹਿਮਾਚਲ ਵਿਚ ਵਸਦੇ ਕੋਲੀ, ਹਾਲੀ, ਡੂਮ ਅਤੇ ਧਾਗੀ ਕੋਲਾਂ ਦੀ ਹੀ ਵੰਸ਼ ਵਿਚੋਂ ਮੰਨੇ ਜਾਂਦੇ ਹਨ।

ਪੂਰਬਲੇ ਆਰਿਆਈ ਕਾਲ ਵਿਚ, ਇਥੇ ਇਕ ਹੋਰ ਅਹਿਮ ਕਬੀਲਾ ਕਿਰਾਤ, ਸ਼ਿਵਾਲਕ ਦੇ ਹੇਠਲੇ ਪਹਾੜੀ ਖੇਤਰ ਵਿਚ ਵਸਿਆ ਕਰਦਾ ਸੀ। ਕਿਰਾਤਾਂ ਦਾ ਰਾਜਾ ਸੰਬਰ ਆਰੀਆ ਜਾਤੀ ਦੇ ਪ੍ਰਸਿਧ ਰਾਜੇ ਦਿਵੋਦਾਸ ਵਿਰੁਧ 40 ਸਾਲਾਂ ਤਕ ਲਗਾਤਾਰ ਲੜਦਾ ਰਿਹਾ, ਜਿਸ ਦਾ ਜ਼ਿਕਰ ਰਿਗ ਵੇਦ ਵਿਚ ਵੀ ਮਿਲਦਾ ਹੈ। ਆਰੀਆ ਨੇ ਕਿਰਾਤਾਂ ਦੇ 99 ਕਿਲ੍ਹੇ ਨਸ਼ਟ ਕਰ ਦਿਤੇ, ਕੇਵਲ ਇਕੋ ਕਿਲ੍ਹਾ ਰਹਿਣ ਦਿਤਾ, ਜਿਸ ਉਤੇ ਉਹ ਖ਼ੁਦ ਕਾਬਿਜ਼ ਹੋ ਗਏ।

ਹਿਮਾਚਲ ਦਾ ਇਕ ਹੋਰ ਪ੍ਰਾਚੀਨ ਕਬੀਲਾ ਖਾਸਾ ਹੈ, ਜੋ ਜਾਤ-ਬਰਾਦਰੀ ਵਲੋਂ ਆਰਿਆਈ ਹੀ ਸੀ। ਆਰੀਆ ਨੇ ਇਨ੍ਹਾਂ ਦੀਆਂ ਕੁਰੀਤੀਆਂ ਵੇਖ ਕੇ, ਇਨ੍ਹਾਂ ਨੂੰ ਬਰਾਦਰੀ ਤੋਂ ਛੇਕਿਆ ਹੋਇਆ ਸੀ। ਖਾਸਾ ਲੋਕ ਹਿਮਾਚਲ ਵਿਚ ਕਦੋਂ ਆ ਕੇ ਵਸੇ, ਇਸ ਬਾਰੇ ਨਿਸਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਵਰਤਮਾਨ ਵਿਚ, ਹਿਮਾਚਲ ਪ੍ਰਦੇਸ਼ ਵਿਚ, ਸਭ ਤੋਂ ਵਧ ਵਸੋਂ ਰਾਜਪੂਤਾਂ ਦੀ ਹੈ। ਇਹ ਲੋਕ, ਮੁਸਲਮਾਨੀ ਹੱਲਿਆਂ ਦੇ ਵੇਲੇ, ਮੈਦਾਨਾਂ ਵਿਚੋਂ ਨਠ ਕੇ ਇਥੇ ਆਏ ਰਾਜਪੂਤਾਂ ਦੀ ਔਲਾਦ ਹਨ। ਰਾਜਪੂਤਾਂ ਨੇ ਇਥੋਂ ਦੇ ਮੁਢਲੇ ਵਸਨੀਕਾਂ ਖਾਸੀਆਂ ਨੂੰ ਆਪਣੇ ਅਧੀਨ ਕਰ ਕੇ ਨਿਕੀਆਂ ਨਿਕੀਆਂ 'ਠੁਕਰਾਈਆਂ' ਕਾਇਮ ਕਰ ਲਈਆਂ ਸਨ। ਖਾਸੀਆਂ ਨੇ ਆਪਣੇ ਹਾਕਮ ਰਾਜਪੂਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ, ਉਨ੍ਹਾਂ ਦੇ ਰੀਤਾਂ ਰਵਾਜਾਂ, ਜਾਤਾਂ ਗੋਤਾਂ ਨੂੰ ਅਪਣਾ ਲਿਆ ਅਤੇ ਉਹ ਰਾਜਪੂਤਾਂ ਵਿਚ ਹੀ ਘੁਲ ਮਿਲ ਗਏ।

Sri Satguru Jagjit Singh Ji eLibrary NamdhariElibrary@gmail.com

ਹਿਮਾਚਲ ਦੇ ਰਾਜਪੂਤ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ। ਇਕ ਉਚੇਰੀ ਸ਼੍ਰੇਣੀ, ਜੋ ਮੀਆਂ ਅਖਵਾਂਦੀ ਹੈ ਤੇ ਦੂਜੀ ਠਾਕਰਾਂ ਦੀ। ਮੀਆਂ ਰਾਜਪੂਤਾਂ ਦਾ, ਕੋਈ ਨਾ ਕੋਈ ਵੱਡਾ ਵਡੇਰਾ, ਕਿਸੇ ਨਾ ਕਿਸੇ ਇਲਾਕੇ ਵਿਚ, ਰਾਜ ਕਰਦਾ ਰਿਹਾ ਸੀ। ਮੀਆਂ ਵਾਹੀ ਖੇਤੀ ਤਾਂ ਕਰਦੇ ਹਨ, ਪਰ ਖ਼ੁਦ ਕਦੇ ਹਲ ਨਹੀਂ ਵਾਹੁੰਦੇ। ਮੀਆਂ ਲਈ ਤਿੰਨ ਸਮਾਜਿਕ ਰਹਿਤਾਂ ਜ਼ਰੂਰੀ ਹਨ — ਹੱਥੀਂ ਹਲ ਨਹੀਂ ਵਾਹੁਣਾ, ਧੀ ਹੇਠਲੀ ਸ਼੍ਰੇਣੀ ਵਿਚ ਨਹੀਂ ਵਿਆਹੁਣੀ, ਔਰਤ ਨੇ ਪਰਦੇ ਬਗ਼ੈਰ ਨਹੀਂ ਰਹਿਣਾ। ਜੇ ਕੋਈ ਮੀਆਂ ਹਲ ਵਾਹਣ ਲਗ ਪਏ, ਤਾਂ ਉਹਦਾ ਸਮਾਜਿਕ ਰੁਤਬਾ ਡਿਗ ਜਾਂਦਾ ਹੈ ਅਤੇ ਕੋਈ ਮੀਆਂ ਉਹਦੇ ਘਰ ਆਪਣੀ ਧੀ ਨਹੀਂ ਵਿਆਹੁੰਦਾ। ਆਮ ਤੌਰ ਤੇ ਠਾਕਰਾਂ ਦੀਆਂ ਧੀਆਂ ਮੀਆਂ ਰਾਜਪੂਤਾਂ ਨਾਲ ਵਿਆਹੀਆਂ ਜਾਂਦੀਆਂ ਹਨ ਅਤੇ ਮੁੰਡੇ ਰਾਠੀਆਂ ਦੀਆਂ ਧੀਆਂ ਨਾਲ। ਹਿਮਾਚਲ ਦੇ ਰਾਜਪੂਤ ਕਾਫ਼ੀ ਸੰਖਿਆ ਵਿਚ ਫ਼ੌਜ ਵਿਚ ਭਰਤੀ ਹਨ। ਕੁਝ ਖੇਤੀ ਕਰਦੇ ਹਨ।

ਬ੍ਰਾਹਮਣ ਆਮ ਤੌਰ ਤੇ ਰਾਜਪੂਤਾਂ ਦੀ ਪ੍ਰੋਹਿਤੀ ਕਰਦੇ ਹਨ। ਪਰ ਉਨ੍ਹਾਂ ਨੂੰ ਜ਼ਿਆਦਾਤਰ ਹੇਠਲੇ ਪਹਾੜੀ ਇਲਾਕੇ ਵਿਚ ਹੀ ਮਾਨਤਾ ਪ੍ਰਾਪਤ ਹੈ, ਉਪਰਲੀ ਪਹਾੜੀ ਖਿਤਿਆਂ ਵਿਚ ਉਨ੍ਹਾਂ ਦੀ ਉੱਕੀ ਪੁੱਛ ਪ੍ਰਤੀਤ ਨਹੀਂ। ਕਿਉਂ ਜੋ ਉਨ੍ਹਾਂ ਖੇਤਰਾਂ ਵਿਚ ਵਿਆਹ ਵੈਦਿਕ ਕਰਮ ਕਾਂਡਾਂ ਦੀ ਥਾਂ ਸਥਾਨਿਕ ਰੀਤਾਂ ਅਨੁਸਾਰ ਕੀਤੇ ਜਾਂਦੇ ਹਨ। ਕਾਂਗੜੇ ਵਿਚ ਬਹੁਤੇ ਬ੍ਰਾਹਮਣ ਸਾਰਸਵਤ ਹਨ, ਜੋ ਅੱਗੋਂ ਕਈ ਜਾਤ ਬਰਾਦਰੀਆਂ ਵਿਚ ਵੰਡੇ ਹੋਏ ਹਨ। ਕੁਝ ਬ੍ਰਾਹਮਣ ਹਲ ਵਾਹ ਕੇ ਗੁਜ਼ਾਰਾ ਕਰਦੇ ਹਨ, ਪਰ ਉਹ ਲੋਕ ਪ੍ਰੋਹਿਤੀ ਕਰਨ ਵਾਲੇ ਬ੍ਰਾਹਮਣਾਂ ਨਾਲੋਂ ਨੀਵੇਂ ਦਰਜੇ ਦੇ ਸਮਝੇ ਜਾਂਦੇ ਹਨ।

ਰਾਠੀ ਵਧੇਰੇ ਕਾਂਗੜੇ ਵਿਚ ਮਿਲਦੇ ਹਨ, ਜੋ ਆਮ ਤੌਰ 'ਤੇ ਪਹਾੜਾਂ ਦੀਆਂ ਢਲਾਨਾਂ ਵਿਚ ਕਿਸਾਨੀ ਕਰਦੇ ਹਨ। ਇਹ ਲੋਕ ਜੁਸੇ ਦੇ ਤਕੜੇ, ਸਿਹਤਮੰਦ ਅਤੇ ਸ਼ਕਲ ਦੇ ਖ਼ੂਬਸੂਰਤ ਹਨ। ਕਰੜੀ ਮਿਹਨਤ ਦੇ ਆਦੀ ਵੀ ਹਨ।

ਘਿਰਤ ਕਿਰਾਤਾਂ ਦੀ ਵੰਸ਼ ਵਿਚੋਂ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਆਰੀਆ ਜਾਤੀ ਨੇ ਤਬਾਹ ਕਰ ਦਿਤਾ ਸੀ। ਘਿਰਤ ਰੰਗ ਦੇ ਕਾਲੇ ਅਤੇ ਕੱਦ ਦੇ ਮਧਰੇ ਹਨ।

ਹਿਮਾਚਲ ਪ੍ਰਦੇਸ਼ ਦਾ ਬਹੁਤਾ ਵਪਾਰ ਮਹਾਜਨਾਂ ਅਤੇ ਸੂਦਾਂ ਦੇ ਹੱਥਾਂ ਵਿਚ ਹੈ। ਲਗਪਗ ਹਰੇਕ ਪਿੰਡ ਵਿਚ ਇਨ੍ਹਾਂ ਦੀ ਹੱਟੀ ਹੈ। ਇਹ ਚੰਗੇ ਅਸਰ ਰਸੂਖ਼ ਵਾਲੇ ਬੰਦੇ ਹਨ। ਇਕ ਪਾਸੇ ਤਾਂ ਇਹ ਬਾਹਰੋਂ ਚੀਜ਼ਾਂ ਵਸਤਾਂ ਮੰਗਵਾ ਕੇ ਸਾਰੇ ਪ੍ਰਦੇਸ਼ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਦੂਜੇ ਪਾਸੇ ਇਹ ਪਹਾੜ ਦੀਆਂ ਚੀਜ਼ਾਂ — ਉੱਨ, ਫਲ, ਤਰਕਾਰੀ ਆਦਿ ਬਾਹਰ ਭਿਜਵਾਂਦੇ ਹਨ। ਸੂਦ ਗ਼ਰੀਬਾਂ ਅਤੇ ਲੋੜਵੰਦਾਂ ਦਾ ਸ਼ੋਸ਼ਣ ਕਰਦੇ ਹਨ, ਇਸ ਲਈ ਲੋਕ-ਚਿੰਤਨ ਨੇ ਇਨ੍ਹਾਂ ਦੀ ਦੋਸਤੀ ਨੂੰ ਪਖੰਡ ਦਸਿਆ ਹੈ —

(1) ਸੂਦ ਹੋਵੇ ਪਰਾਰ
ਗੰਢ ਸੰਭਾਲੀਏ ਉਰਾਰ।

(2) ਜਿਸ ਦਾ ਸੂਦ ਹੋਵੇ ਯਾਰ
ਉਸ ਨੂੰ ਦੁਸ਼ਮਣ ਨਹੀਂ ਦਰਕਾਰ।

ਹਿਮਾਚਲ ਪ੍ਰਦੇਸ਼ ਵਿਚ ਕੁਝ ਕਬੀਲੇ ਵੀ ਚਿਰਕਾਲ ਤੋਂ ਵਸ ਰਹੇ ਹਨ। ਕਿਨਰ ਪਸ਼ੂਪਾਲ

ਹਿਮਾਚਲ ਦਾ ਇਕ ਹੋਰ ਪ੍ਰਚੀਨ ਕਬੀਲਾ ਖਾਸਾ ਹੈ, ਜੋ ਜਾਤ-ਬਰਾਦਰੀ ਵਲੋਂ ਆਰੀਆਈ ਹੀ ਸੀ। ਆਰੀਆ ਨੇ ਇਨ੍ਹਾਂ ਦੀਆਂ ਕੁਰੀਤੀਆਂ ਵੇਖ ਕੇ, ਇਨ੍ਹਾਂ ਨੂੰ ਬਰਾਦਰੀ ਤੋਂ ਛੇਕਿਆ ਹੋਇਆ ਸੀ। ਖਾਸਾ ਲੋਕ ਹਿਮਾਚਲ ਵਿਚ ਕਦੋਂ ਆ ਕੇ ਵਸੇ, ਇਸ ਬਾਰੇ ਨਿਸਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਵਰਤਮਾਨ ਵਿਚ, ਹਿਮਾਚਲ ਪ੍ਰਦੇਸ਼ ਵਿਚ, ਸਭ ਤੋਂ ਵਧ ਵਸੋਂ ਰਾਜਪੂਤਾਂ ਦੀ ਹੈ। ਇਹ ਲੋਕ, ਮੁਸਲਮਾਨੀ ਹੱਲਿਆਂ ਦੇ ਵੇਲੇ, ਮੈਦਾਨਾਂ ਵਿਚੋਂ ਨਠ ਕੇ ਇਥੇ ਆਏ ਰਾਜਪੂਤਾਂ ਦੀ ਔਲਾਦ ਹਨ। ਰਾਜਪੂਤਾਂ ਨੇ ਇਥੋਂ ਦੇ ਮੁਢਲੇ ਵਸਨੀਕਾਂ ਖਾਸੀਆਂ ਨੂੰ ਆਪਣੇ ਅਧੀਨ ਕਰ ਕੇ ਨਿਕੀਆਂ ਨਿਕੀਆਂ 'ਠੁਕਰਾਈਆਂ' ਕਾਇਮ ਕਰ ਲਈਆਂ ਸਨ। ਖਾਸੀਆਂ ਨੇ ਆਪਣੇ ਹਾਕਮ ਰਾਜਪੂਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ, ਉਨ੍ਹਾਂ ਦੇ ਰੀਤਾਂ ਰਵਾਜਾਂ, ਜਾਤਾਂ ਗੋਤਾਂ ਨੂੰ ਅਪਣਾ ਲਿਆ ਅਤੇ ਉਹ ਰਾਜਪੂਤਾਂ ਵਿਚ ਹੀ ਘੁਲ ਮਿਲ ਗਏ।

ਹਿਮਚਲ ਦੇ ਰਾਜਪੂਤ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ। ਇਕ ਉਚੇਰੀ ਸ਼੍ਰੇਣੀ, ਜੋ ਮੀਆਂ ਅਖਵਾਂਦੀ ਹੈ ਤੇ ਦੂਜੀ ਠਾਕਰਾਂ ਦੀ। ਮੀਆਂ ਰਾਜਪੂਤਾਂ ਦਾ, ਕੋਈ ਨਾ ਕੋਈ ਵੱਡਾ ਵਡੇਰਾ, ਕਿਸੇ ਨਾ ਕਿਸੇ ਇਲਾਕੇ ਵਿਚ, ਰਾਜ ਕਰਦਾ ਰਿਹਾ ਸੀ। ਮੀਆਂ ਵਾਹੀ ਖੇਤੀ ਤਾਂ ਕਰਦੇ ਹਨ, ਪਰ ਖ਼ੁਦ ਕਦੇ ਹਲ ਨਹੀਂ ਵਾਹੁੰਦੇ। ਮੀਆਂ ਲਈ ਤਿੰਨ ਸਮਾਜਿਕ ਰਹਿਤਾਂ ਜ਼ਰੂਰੀ ਹਨ — ਹੱਥੀਂ ਹਲ ਨਹੀਂ ਵਾਹੁਣਾ, ਧੀ ਹੇਠਲੀ ਸ਼੍ਰੇਣੀ ਵਿਚ ਨਹੀਂ ਵਿਆਹੁਣੀ, ਔਰਤ ਨੇ ਪਰਦੇ ਬਗ਼ੈਰ ਨਹੀਂ ਰਹਿਣਾ। ਜੇ ਕੋਈ ਮੀਆਂ ਹਲ ਵਾਹਣ ਲਗ ਪਏ, ਤਾਂ ਉਹਦਾ ਸਮਾਜਿਕ ਰੁਤਬਾ ਡਿਗ ਜਾਂਦਾ ਹੈ ਅਤੇ ਕੋਈ ਮੀਆਂ ਉਹਦੇ ਘਰ ਆਪਣੀ ਧੀ ਨਹੀਂ ਵਿਆਹੁੰਦਾ। ਆਮ ਤੌਰ ਤੇ ਠਾਕਰਾਂ ਦੀਆਂ ਧੀਆਂ ਮੀਆਂ ਰਾਜਪੂਤਾਂ ਨਾਲ ਵਿਆਹੀਆਂ ਜਾਂਦੀਆਂ ਹਨ ਅਤੇ ਮੁੰਡੇ ਰਾਠੀਆਂ ਦੀਆਂ ਧੀਆਂ ਨਾਲ। ਹਿਮਾਚਲ ਦੇ ਰਾਜਪੂਤ ਕਾਫ਼ੀ ਸੰਖਿਆ ਵਿਚ ਫ਼ੌਜ ਵਿਚ ਭਰਤੀ ਹਨ। ਕੁਝ ਖੇਤੀ ਕਰਦੇ ਹਨ।

ਬ੍ਰਾਹਮਣ ਆਮ ਤੌਰ ਤੇ ਰਾਜਪੂਤਾਂ ਦੀ ਪ੍ਰੋਹਿਤੀ ਕਰਦੇ ਹਨ। ਪਰ ਉਨ੍ਹਾਂ ਨੂੰ ਜ਼ਿਆਦਾਤਰ ਹੇਠਲੇ ਪਹਾੜੀ ਇਲਾਕੇ ਵਿਚ ਹੀ ਮਾਨਤਾ ਪ੍ਰਾਪਤ ਹੈ, ਉਪਰਲੀ ਪਹਾੜੀ ਖਿਤਿਆਂ ਵਿਚ ਉਨ੍ਹਾਂ ਦੀ ਉੱਕੀ ਪੁੱਛ ਪ੍ਰਤੀਤ ਨਹੀਂ। ਕਿਉਂ ਜੋ ਉਨ੍ਹਾਂ ਖੇਤਰਾਂ ਵਿਚ ਵਿਆਹ ਵੈਦਿਕ ਕਰਮ ਕਾਂਡਾਂ ਦੀ ਥਾਂ ਸਥਾਨਿਕ ਰੀਤਾਂ ਅਨੁਸਾਰ ਕੀਤੇ ਜਾਂਦੇ ਹਨ। ਕਾਂਗੜੇ ਵਿਚ ਬਹੁਤੇ ਬ੍ਰਾਹਮਣ ਸਾਰਸਵਤ ਹਨ, ਜੋ ਅੱਗੋਂ ਕਈ ਜਾਤ ਬਰਾਦਰੀਆਂ ਵਿਚ ਵੰਡੇ ਹੋਏ ਹਨ। ਕੁਝ ਬ੍ਰਾਹਮਣ ਹਲ ਵਾਹ ਕੇ ਗੁਜ਼ਾਰਾ ਕਰਦੇ ਹਨ, ਪਰ ਉਹ ਲੋਕ ਪ੍ਰੋਹਿਤੀ ਕਰਨ ਵਾਲੇ ਬ੍ਰਾਹਮਣਾਂ ਨਾਲੋਂ ਨੀਵੇਂ ਦਰਜੇ ਦੇ ਸਮਝੇ ਜਾਂਦੇ ਹਨ।

ਰਾਠੀ ਵਧੇਰੇ ਕਾਂਗੜੇ ਵਿਚ ਮਿਲਦੇ ਹਨ, ਜੋ ਆਮ ਤੌਰ 'ਤੇ ਪਹਾੜਾਂ ਦੀਆਂ ਢਲਾਨਾਂ ਵਿਚ ਕਿਸਾਨੀ ਕਰਦੇ ਹਨ। ਇਹ ਲੋਕ ਜੁਸੇ ਦੇ ਤਕੜੇ, ਸਿਹਤਮੰਦ ਅਤੇ ਸ਼ਕਲ ਦੇ ਖ਼ੂਬਸੂਰਤ ਹਨ। ਕਰੜੀ ਮਿਹਨਤ ਦੇ ਆਦੀ ਵੀ ਹਨ।

ਘਿਰਤ ਕਿਰਾਤਾਂ ਦੀ ਵੰਸ਼ ਵਿਚੋਂ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਆਰੀਆ ਜਾਤੀ ਨੇ ਤਬਾਹ ਕਰ ਦਿਤਾ ਸੀ। ਘਿਰਤ ਰੰਗ ਦੇ ਕਾਲੇ ਅਤੇ ਕੱਦ ਦੇ ਮਧਰੇ ਹਨ।

ਹਿਮਾਚਲ ਪ੍ਰਦੇਸ਼ ਦਾ ਬਹੁਤਾ ਵਪਾਰ ਮਹਾਜਨਾਂ ਅਤੇ ਸੂਦਾਂ ਦੇ ਹੱਥਾਂ ਵਿਚ ਹੈ। ਲਗਪਗ ਹਰੇਕ ਪਿੰਡ ਵਿਚ ਇਨ੍ਹਾਂ ਦੀ ਹੱਟੀ ਹੈ। ਇਹ ਚੰਗੇ ਅਸਰ ਰਸੂਖ਼ ਵਾਲੇ ਬੰਦੇ ਹਨ। ਇਕ ਪਾਸੇ ਤਾਂ ਇਹ ਬਾਹਰੋਂ ਚੀਜ਼ਾਂ ਵਸਤਾਂ ਮੰਗਵਾ ਕੇ ਸਾਰੇ ਪ੍ਰਦੇਸ਼ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਦੂਜੇ ਪਾਸੇ ਇਹ ਪਹਾੜ ਦੀਆਂ ਚੀਜ਼ਾਂ — ਉੱਨ, ਫਲ, ਤਰਕਾਰੀ ਆਦਿ ਬਾਹਰ ਭਿਜਵਾਂਦੇ ਹਨ। ਸੂਦ ਗ਼ਰੀਬਾਂ ਅਤੇ ਲੋੜਵੰਦਾਂ ਦਾ ਸ਼ੋਸ਼ਣ ਕਰਦੇ ਹਨ, ਇਸ ਲਈ ਲੋਕ-ਚਿੰਤਨ ਨੇ ਇਨ੍ਹਾਂ ਦੀ ਦੋਸਤੀ ਨੂੰ ਪਖੰਡ ਦਸਿਆ ਹੈ —

(1) ਸੂਦ ਹੋਵੇ ਪਰਾਰ
ਗੰਢ ਸੰਭਾਲੀਏ ਉਰਾਰ।

(2) ਜਿਸ ਦਾ ਸੂਦ ਹੋਵੇ ਯਾਰ
ਉਸ ਨੂੰ ਦੁਸ਼ਮਣ ਨਹੀਂ ਦਰਕਾਰ।

ਹਿਮਾਚਲ ਪ੍ਰਦੇਸ਼ ਵਿਚ ਕੁਝ ਕਬੀਲੇ ਵੀ ਚਿਰਕਾਲ ਤੋਂ ਵਸ ਰਹੇ ਹਨ। ਕਿਨਰ ਪਸ਼ੂਪਾਲ

ਲਈ ਰਾਖਵੇਂ ਹਨ। ਸਰਦੀਆਂ ਜਾਂ ਬਾਰਸ਼ਾਂ ਦੇ ਦਿਨਾਂ ਵਿਚ ਤੀਵੀਆਂ ਘਰਾਂ ਦੇ ਅੰਦਰ ਬੈਠ ਕੇ ਚਰਖ਼ਾ ਕਤਦੀਆਂ, ਉਨ ਦੇ ਕਪੜੇ ਬੁਣਦੀਆਂ, ਟੋਕਰੀਆਂ ਤੇ ਚਟਾਈਆਂ ਤਿਆਰ ਕਰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

**ਲੋਕ ਧਰਮ :** ਹਿਮਾਚਲ ਪ੍ਰਦੇਸ਼ ਦੀ ਬਹੁਤੀ ਵਸੋਂ ਧਰਮ ਵਲੋਂ ਹਿੰਦੂ ਹੈ। 1971 ਈ: ਦੀ ਮਰਦਮ ਸ਼ੁਮਾਰੀ ਅਨੁਸਾਰ ਇਥੇ 96.08 ਫ਼ੀਸਦੀ ਲੋਕ ਹਿੰਦੂ ਹਨ; 1.45 ਫ਼ੀਸਦੀ ਮੁਸਲਮਾਨ ਹਨ, ਜੋ ਚੰਬਾ, ਕਾਂਗੜਾ ਅਤੇ ਸਿਰਮੂਰ ਦੇ ਇਲਾਕੇ ਵਿਚ ਵਸਦੇ ਹਨ। ਇਕ ਫ਼ੀਸਦੀ ਲੋਕ ਬੋਧੀ ਹਨ, ਜੋ ਲਾਹੌਲ, ਸਿਪਤੀ, ਕਿਨੌਰ ਅਤੇ ਕੁੱਲੂ ਵਿਚ ਰਹਿੰਦੇ ਹਨ। ਇਤਨੇ ਕੁ ਹੀ ਸਿੱਖ ਹਨ, ਜੋ ਸ਼ਿਮਲਾ, ਕਾਂਗੜਾ, ਮੰਡੀ, ਸਿਰਮੌਰ, ਰਵਾਲਸਰ ਤੇ ਨਾਹਨ ਵਿਚ ਬਿਖਰੇ ਹੋਏ ਹਨ।

ਹਿਮਾਚਲ ਦੇ ਲੋਕਾਂ ਦਾ ਧਰਮ ਰੂਪ, ਸੁਭਾਵ ਤੇ ਸੰਸਕਾਰਾਂ ਦੇ ਪਖੋਂ ਸਨਾਤਨੀ ਧਰਮ ਨਾਲੋਂ ਲੋਕ-ਧਰਮ ਦੇ ਜ਼ਿਆਦਾ ਨੇੜੇ ਹੈ। ਭਾਵੇਂ ਇਥੇ ਦੇਵੀ ਦੇਵਤਿਆਂ ਦੀ ਪੂਜਾ ਨੂੰ ਪ੍ਰਧਾਨਤਾ ਪ੍ਰਾਪਤ ਹੈ, ਪਰ ਆਤਮਸ਼ੀਲ ਚਿੰਤਨ, ਟੂਣਾ ਚਿੰਤਨ, ਪਿਤਰ ਪੂਜਾ ਆਦਿ ਦੇ ਤੱਤਾਂ ਦੀ ਚੋਖੀ ਮਿਸ ਵੇਖੀ ਜਾ ਸਕਦੀ ਹੈ। ਪਰੰਪਰਾਵਾਦੀ ਸੁਭਾਵ ਦੇ ਹੋਣ ਕਰ ਕੇ, ਇਥੋਂ ਦੇ ਲੋਕੀਂ ਧਰਮ ਦੀਆਂ ਆਦਿਮ ਰੂੜ੍ਹੀਆਂ ਤੋਂ ਮੁਕਤ ਨਹੀਂ ਹੋਏ। ਇਥੇ ਪ੍ਰਕ੍ਰਿਤੀ ਦੀਆਂ ਕਈ ਸ਼ਕਤੀਆਂ ਨੂੰ ਬਨਬੀਰਾਂ, ਬਨਸਤਾਂ, ਨਾਗਾਂ, ਜੋਗਣੀਆਂ ਆਦਿ ਦੇ ਰੂਪ ਵਿਚ ਪੂਜਿਆ ਅਤੇ ਪਤਿਆਇਆ ਜਾਂਦਾ ਹੈ। ਹਰੇਕ ਪਿੰਡ ਦੇ ਆਪੋ ਆਪਣੇ ਵਖਰੇ ਸਥਾਨਿਕ ਦਿਉਤੇ ਹਨ।

ਹਿਮਾਚਲ ਵਿਚ ਜ਼ਿਆਦਾਤਰ ਤਿੰਨ-ਧਿਰੀ ਦੇਵ ਪੂਜਾ ਪ੍ਰਚਲਤ ਹੈ। ਹਰੇਕ ਸ਼ਖ਼ਸ ਦੀ ਤਿੰਨ ਦਿਉਤਿਆਂ—ਇਸ਼ਟ, ਗ੍ਰਹਿ ਅਤੇ ਗਰਾਮ ਵਿਚ ਪੂਰੀ ਆਸਥਾ ਹੈ। (1) ਹਰੇਕ ਹਿੰਦੂ ਦਾ ਆਪਣਾ ਵਖਰਾ ਇਸ਼ਟ ਦੇਵਤਾ ਹੈ, ਜਿਸ ਦੀ ਉਹ ਸਵੇਰੇ ਉਠ ਕੇ ਨੇਮ ਨਾਲ ਪੂਜਾ ਅਰਚਾ ਕਰਦਾ ਹੈ। ਇਹ ਇਸ਼ਟ ਕੋਈ ਪੌਰਾਣਿਕ ਦੇਵਤਾ ਵੀ ਹੋ ਸਕਦਾ ਹੈ ਅਤੇ ਰਿਸ਼ੀ ਮੁਨੀ ਵੀ। (2) ਗ੍ਰਹਿ ਦੇਵਤਾ—ਇਹ ਕੁਲ ਦੇਵਤਾ ਹੈ। ਸਾਰੇ ਪਰਿਵਾਰ ਦਾ ਸਾਂਝਾ ਹੋਣ ਕਰ ਕੇ ਇਹ ਗ੍ਰਹਿ ਦਿਉਤਾ ਵੀ ਅਖਵਾਂਦਾ ਹੈ। ਇਸ ਦਿਉਤੇ ਦੀ ਕੁਲ ਉਤੇ ਬਖ਼ਸ਼ਿਸ਼ ਮੰਨੀ ਜਾਂਦੀ ਹੈ। ਵਿਆਹ ਸ਼ਾਦੀ ਅਤੇ ਜਨਮ ਮਰਨ ਦੀਆਂ ਰੀਤਾਂ ਰਸਮਾਂ ਵੇਲੇ ਕੁਲ ਦਿਉਤੇ ਦੀ ਪੂਜਾ ਕੀਤੀ ਜਾਂਦੀ ਹੈ। (3) ਗ੍ਰਾਮ ਦਿਉਤਾ—ਇਹ ਸਾਰੇ ਪਿੰਡ ਦਾ ਸਾਂਝਾ ਦਿਉਤਾ ਹੈ, ਜੋ ਦੁਖ ਦਲਿਦਰ ਅਤੇ ਬੀਮਾਰੀ ਤੋਂ ਪਿੰਡ ਦੀ ਰੱਖਿਆ ਕਰਦਾ ਹੈ। ਪਿੰਡ ਨੂੰ ਝੱਖੜ ਝੋਲੇ ਅਤੇ ਸੋਕੇ ਤੋਂ ਬਚਾਂਦਾ ਹੈ। ਜੇ ਪਿੰਡ ਵਿਚ ਮੀਂਹ ਨਾ ਵਸੇ ਜਾਂ ਬਹੁਤਾ ਮੀਂਹ ਵਸੇ, ਫ਼ਸਲ ਚੰਗੀ ਨਾ ਹੋਵੇ, ਪਿੰਡ ਵਿਚ ਬੀਮਾਰੀ ਫੈਲੀ ਹੋਵੇ, ਤਾਂ ਗ੍ਰਾਮ ਦਿਉਤੇ ਨੂੰ ਹੀ ਅਰਾਧਿਆ ਜਾਂਦਾ ਹੈ। ਪਿੰਡ ਦੀ ਸਾਰੀ ਜੀਵਨ ਗਤੀ ਦਾ ਧੁਰਾ ਹੋਣ ਕਰ ਕੇ, ਗ੍ਰਾਮ ਦਿਉਤੇ ਲੋਕਾਂ ਲਈ ਪ੍ਰੇਰਨਾ ਸਰੋਤ ਹਨ। ਇਨ੍ਹਾਂ ਵਿਚੋਂ ਕਈ ਦੈਵੀ ਪੁਰਸ਼ ਹਨ, ਕਈ ਰਿਸ਼ੀਮੁਨੀ ਅਤੇ ਕਈ ਲੋਕ-ਬੀਰ (Folk-hero) ਹਨ। ਇਹੋ ਗ੍ਰਾਮ ਦਿਉਤੇ ਹੀ ਸਥਾਨਿਕ ਦਿਉਤੇ ਅਖਵਾਂਦੇ ਹਨ।

ਹਿਮਾਲੀਆ ਦੇ ਪਹਾੜਾਂ ਵਿਚ ਪੌਰਾਣਿਕ ਕਾਲ ਵਿਚ ਅਨੇਕਾਂ ਰਿਸ਼ੀ ਮੁਨੀ ਤਪ ਕਰਦੇ ਰਹੇ। ਇਥੋਂ ਦੇ ਸ਼ਾਂਤ ਅਤੇ ਵਿਸਮਾਦੀ ਪ੍ਰਾਕ੍ਰਤਕ ਵਾਤਾਵਰਣ ਵਿਚ ਉਨ੍ਹਾਂ ਦੇ ਆਸ਼ਰਮ ਸਨ। ਇਨ੍ਹਾਂ ਰਿਸ਼ੀਆਂ ਵਿਚੋਂ ਹੀ ਪਰਸਰਾਮ, ਜਮਦਗਨੀ, ਵਸ਼ਿਸ਼ਟ, ਵਿਆਸ ਆਦਿ ਕੁਝ ਰਿਸ਼ੀ ਇਥੋਂ ਦੇ ਸਥਾਨਿਕ ਦਿਉਤੇ ਬਣ ਗਏ।

ਜਦੋਂ ਕਿਧਰੇ ਮੇਲੇ ਲਗਦੇ ਹਨ, ਤਾਂ ਸਥਾਨਿਕ ਦਿਉਤਿਆਂ ਨੂੰ ਪਾਲਕੀ ਵਿਚ ਬਿਠਾ ਕੇ ਪਿੰਡੋਂ ਬਾਹਰ ਖੁਲ੍ਹੀ ਥਾਂ 'ਤੇ ਲਿਜਾਇਆ ਜਾਂਦਾ ਹੈ। ਜਦੋਂ ਯਾਤਰਾ ਲੰਮੀ ਹੋਵੇ ਅਤੇ ਦਿਉਤਿਆਂ ਨੂੰ ਕਈ ਪਿੰਡਾਂ ਵਿਚੋਂ ਦੀ ਲੰਘ ਕੇ ਜਾਣਾ ਪਵੇ, ਤਾਂ ਹਰ ਪਿੰਡ ਵਿਚ ਦਾਖ਼ਲ ਹੋਣ ਅਤੇ ਬਾਹਰ ਨਿਕਲਣ ਵੇਲੇ ਦਿਉਤੇ ਨੂੰ ਮੋਢੇ ਉਤੇ ਚੁਕ ਕੇ ਨਚਣ ਦੀ ਪ੍ਰਥਾ ਹੈ। ਅਗੇ ਅਗੇ ਢੋਲ, ਮ੍ਰਿਦੰਗ ਅਤੇ ਤੂਤਨੀਆਂ ਆਦਿ ਵਜ ਰਹੀਆਂ ਹੁੰਦੀਆਂ ਹਨ, ਬੜਾ ਮਨੋਹਰ ਦ੍ਰਿਸ਼ ਹੁੰਦਾ ਹੈ।

ਹਿਮਾਚਲ ਪ੍ਰਦੇਸ਼ ਵਿਚ ਸ਼ਿਵਜੀ ਅਤੇ ਸ਼ਕਤੀ ਪੂਜਾ ਨੂੰ ਪ੍ਰਧਾਨਤਾ ਪ੍ਰਾਪਤ ਹੈ। ਸ਼ਿਵਜੀ ਦੀ ਪੂਜਾ ਇਥੇ ਸ਼ਾਇਦ ਹੜੱਪਾ ਯੁੱਗ ਤੋਂ ਚਲੀ ਆ ਰਹੀ ਹੈ। ਲੋਕਾਂ ਦੀ ਧਾਰਨਾ ਹੈ ਕਿ ਸ਼ਿਵਜੀ ਕੈਲਾਸ਼ ਪਰਬਤ ਉਤੇ ਮਣੀ ਮਹੇਸ਼ ਦੀ ਚੋਟੀ ਉਤੇ ਵਸਦੇ ਹਨ। ਬਰਮੌਰ ਦੇ ਇਲਾਕੇ ਨੂੰ ਸ਼ਿਵ ਭੂਮੀ ਦੀ ਉਪਾਧੀ ਪ੍ਰਾਪਤ ਹੈ। ਗਦੀ ਲੋਕਾਂ ਦਾ ਵਿਚਾਰ ਹੈ ਕਿ ਸ਼ਿਵਜੀ ਛੇ ਮਹੀਨੇ ਕੈਲਾਸ਼ 'ਤੇ ਰਹਿੰਦੇ ਹਨ ਅਤੇ ਅੱਸੂ ਵਿਚ ਹੇਠਾਂ ਪਿਆਲਪੁਰ ਉਤਰ ਆਉਂਦੇ ਹਨ, ਜਿਥੋਂ ਚੇਤਰ ਵਿਚ ਉਹ ਫਿਰ ਉਪਰ ਵਲ੍ਹ ਚਲੇ ਜਾਂਦੇ ਹਨ। ਹਿਮਾਚਲ ਵਿਚ ਸ਼ਿਵਜੀ ਅਨੇਕਾਂ ਰੂਪਾਂ ਵਿਚ ਪੂਜੇ ਜਾਂਦੇ ਹਨ — ਮਹੇਸ਼, ਮਨੀ ਮਹੇਸ਼, ਰੁਲਦੰਗ, ਬੈਜਨਾਥ ਆਦਿ ਅਤੇ ਹਰੇਕ ਰੂਪ ਨਾਲ ਕੋਈ ਨਾ ਕੋਈ ਅਲੌਕਿਕ ਮਿੱਥ ਪ੍ਰਚਲਤ ਹੈ।

ਹਿਮਾਚਲ ਵਿਚ ਸ਼ਕਤੀ ਦੀ ਪੂਜਾ ਵੀ ਕਈ ਰੂਪਾਂ ਵਿਚ ਪ੍ਰਚਲਤ ਹੈ। ਕਾਲੀ, ਭੀਮਕਾਲੀ, ਚਿੰਤਪੂਰਨੀ, ਆਸਾਪੂਰਨੀ, ਪਾਰਬਤੀ, ਵਰਜੇਸ਼ਵਰੀ, ਮਰੀਕੁਲ ਦੇਵੀ, ਮਹਾਂਦੇਵੀ, ਤਿਰਪੁਰ ਸੁੰਦਰੀ ਆਦਿ ਸਭ ਦੁਰਗਾ ਦੇਵੀ ਦੇ ਹੀ ਰੂਪ ਹਨ। ਦੁਰਗਾ ਪੂਜਾ ਦੀ ਪਰੰਪਰਾ ਵੀ ਹੜੱਪਾ ਕਾਲ ਨਾਲ ਜਾ ਜੁੜਦੀ ਹੈ। ਹੜੱਪਾ ਸੰਸਕ੍ਰਿਤੀ ਵਿਚ ਇਕ ਮਾਤ੍ਰ ਦੇਵੀ ਨੂੰ ਹੀ ਪ੍ਰਧਾਨਤਾ ਪ੍ਰਾਪਤ ਸੀ, ਜਿਸ ਦੀ ਛਬੀ ਅਨੇਕਾਂ ਠੀਕਰ-ਮੁਹਰਾਂ ਉਤੇ ਅੰਕਿਤ ਮਿਲੀ ਹੈ।

ਹਿਮਾਚਲ ਦੇ ਕੁਝ ਕਸਬਿਆਂ ਵਿਚ ਵਿਸ਼ਨੂੰ ਜਾਂ ਉਹਦੇ ਅਵਤਾਰਾਂ, ਰਾਮ ਅਤੇ ਕ੍ਰਿਸ਼ਨ ਦੀ ਪੂਜਾ ਵੀ ਪ੍ਰਚਲਤ ਹੈ। ਇਹ ਪੂਜਾ-ਪਰੰਪਰਾ ਪੰਜਾਬ ਵਿਚੋਂ ਇਥੇ ਆ ਕੇ ਵਸੇ ਰਾਜਪੂਤ ਆਪਣੇ ਨਾਲ ਹੀ ਲਿਆਏ ਸਨ।

ਹਿਮਾਚਲ ਵਿਚ ਕੁਝ ਪ੍ਰਾਚੀਨ ਮੰਦਰ ਹਨ, ਜਿਨ੍ਹਾਂ ਤੋਂ ਇਥੋਂ ਦੀ ਪੂਜਾ-ਪਰੰਪਰਾ ਬਾਰੇ ਸਹਿਜੇ ਅਨੁਮਾਨ ਲਗਾਇਆ ਜਾ ਸਕਦਾ ਹੈ। ਕਾਂਗੜੇ ਵਿਚ ਮਸਰੂਰ ਦੀਆਂ ਪਹਾੜੀ ਚਟਾਨਾਂ ਨੂੰ ਕਟ ਕੇ ਬਣਾਏ ਮੰਦਰ ਅਠਵੀਂ ਸਦੀ ਦੇ ਜਾਪਦ ਹਨ, ਜੋ ਗੁਪਤਾ ਕਾਲ ਸਮੇਂ ਉਸਾਰੇ ਗਏ। ਇਨ੍ਹਾਂ ਮੰਦਰਾਂ ਦੇ ਠਾਕਰਦਵਾਰਿਆਂ ਵਿਚ ਰਾਮ, ਲਛਮਣ ਅਤੇ ਸੀਤਾ ਦੀਆਂ ਪੱਥਰ ਦੀਆਂ ਮੂਰਤੀਆਂ ਸਥਾਪਿਤ ਹਨ। ਜਾਪਦਾ ਹੈ ਕਿ ਇਹ ਮੰਦਰ ਪਹਿਲਾਂ ਸ਼ਿਵਜੀ ਨੂੰ ਸਮਰਪਿਤ ਸਨ, ਮਗਰੋਂ ਇਨ੍ਹਾਂ ਵਿਚ ਠਾਕਰ ਰਖੇ ਗਏ। ਕਾਂਗੜ ਦੇ ਜ਼ਿਲੇ ਵਿਚ ਇਕ ਪ੍ਰਸਿਧ ਮੰਦਰ ਬੈਜਨਾਥ ਹੈ, ਜੋ ਸ਼ਿਵ ਵੈਦਨਾਥ ਨੂੰ ਸਮਰਪਿਤ ਹੈ। ਪੁਰਾਣੇ ਵੇਲਿਆਂ ਵਿਚ ਇਹ ਸਥਾਨ ਕੀੜ ਨਗਰ ਦੇ ਨਾਂ ਨਾਲ ਪ੍ਰਸਿਧ ਸੀ। ਉਦੋਂ ਇਹ ਕਿਰਾਤ ਕਬੀਲੇ ਦਾ ਗੜ੍ਹ ਸੀ, ਜੋ 40 ਸਾਲਾਂ ਤਕ ਆਰੀਆ ਕਬੀਲਿਆਂ ਨਾਲ ਲੜਦੇ ਰਹੇ। ਇਹ ਮੰਦਰ ਤੇਹਰਵੀਂ ਸਦੀ ਦਾ ਜਾਪਦਾ ਹੈ, ਜਿਸ ਨੂੰ ਰਾਜਾ ਸੰਸਾਰ ਚੰਦ ਨੇ 19ਵੀਂ ਸਦੀ ਵਿਚ ਮੁੜ ਨਵੇਂ ਸਿਰੇ ਤੋਂ ਬਣਵਾਇਆ। ਇਸ ਮੰਦਰ ਵਿਚ ਇਕ ਲਿੰਗ ਹੈ, ਜਿਸ ਨੂੰ ਵੈਦਨਾਥ ਕਹਿੰਦੇ ਹਨ। ਕਾਂਗੜੇ ਦੇ ਸ਼ਹਿਰ ਵਿਚ ਵਰਜੇਸ਼ਵਰੀ ਦੇਵੀ ਅਤੇ ਇੰਦਰੇਸ਼ਵਰ ਦੇ ਮੰਦਰ ਹਨ। ਕਾਂਗੜੇ ਦੇ ਜ਼ਿਲੇ ਵਿਚ ਸੀਤਲਾ ਅਤੇ ਅੰਬਿਕਾ ਦੇਵੀ ਦੇ ਵੀ ਮੰਦਰ ਮਿਲਦੇ ਹਨ।

ਚੰਬਾ ਵਿਚ ਸਭ ਤੋਂ ਪ੍ਰਸਿਧ ਮੰਦਰ ਲਖਸ਼ਮੀ ਨਰੈਣ ਦਾ ਹੈ, ਜੋ ਪੱਥਰ ਦੇ ਬਣੇ ਛੇ ਖ਼ੂਬਸੂਰਤ ਮੰਦਰਾਂ ਦਾ ਸਮੂਹ ਹੈ। ਇਹ ਸਭ ਮੰਦਰ ਨਾਲੋ ਨਾਲ ਇਕੋ ਕਤਾਰ ਵਿਚ ਖੜੇ ਹਨ। ਇਨ੍ਹਾਂ ਮੰਦਰਾਂ ਵਿਚੋਂ ਤਿੰਨ ਵਿਸ਼ਨੂੰ ਨੂੰ ਅਤੇ ਤਿੰਨ ਮਹਾਦੇਵ ਨੂੰ ਸਮਰਪਿਤ ਹਨ। ਪ੍ਰਧਾਨ ਮੰਦਰ ਨਾਰਾਇਣ ਦਾ ਹੈ, ਜਿਸ ਵਿਚ ਲਖਸ਼ਮੀ ਨਾਰਾਇਣ ਦੀ ਸੰਗਮਰਮਰ ਦੀ ਮੂਰਤੀ ਹੈ। ਇਹ ਮੰਦਰ ਸਾਹਿਲ ਵਰਮਨ (920-924 ਈ:) ਨੇ ਚੰਬਾ ਸ਼ਹਿਰ ਦੀ ਬੁਨਿਆਦ ਰਖਣ ਮਗਰੋਂ ਬਣਵਏ ਸਨ। ਬਰਮੌਰ ਵਿਚ ਮੰਨੀ ਮਹੇਸ਼ ਨੂੰ ਸਮਰਪਿਤ ਇਕ ਹੋਰ ਮੰਦਰ ਵੀ ਹੈ, ਜੋ ਸਾਹਿਲ ਵਰਮਨ ਨੇ ਹੀ ਬਣਵਾਇਆ। ਇਸ ਮੰਦਰ ਦੀ ਯਾਤਰਾ ਦਾ ਬੜਾ ਮਹਾਤਮ ਹੈ।

ਇਕ ਕਹਾਵਤ ਅਨੁਸਾਰ ਮੰਡੀ ਵਿਚ 81 ਮੰਦਰ ਹਨ, ਜੋ ਬਿਆਸ ਦਰਿਆ ਦੇ ਤਟ ਉਤੇ

Sri Satguru Jagjit Singh Ji eLibrary NamdhariElibrary@gmail.com

ਸਾਰੇ ਪਾਸੇ ਬਿਖਰੇ ਹੋਏ ਹਨ। ਇਨ੍ਹਾਂ ਮੰਦਰਾਂ ਵਿਚ ਜ਼ਿਆਦਾ ਮਹੱਤਤਾ ਰਖਣ ਵਾਲੇ ਤ੍ਰਿਲੋਕੀਨਾਥ, ਪੰਚਵਕਤ ਅਤੇ ਅਰਧਨਾਰੀਸ਼ਵਰ ਦੇ ਮੰਦਰ ਹਨ, ਇਹ ਸਭੇ ਸ਼ਿਵਜੀ ਨੂੰ ਸਮਰਪਿਤ ਹਨ। ਤ੍ਰਿਲੋਕੀ ਨਾਥ ਮੰਦਰ ਵਿਚ ਸ਼ਿਵਜੀ ਦੀ ਮਨੁਖੀ ਆਕਾਰ ਦੀ ਇਕ ਤਿੰਨ ਮੁਖੀ ਮੂਰਤੀ ਹੈ। ਸ਼ਿਵਜੀ ਨੰਦੀ ਰੂੰਤੇ ਸਵਾਰ ਹਨ ਅਤੇ ਉਨ੍ਹਾਂ ਨੇ ਪਾਰਬਤੀ ਨੂੰ ਗੋਦ ਵਿਚ ਲਿਆ ਹੋਇਆ ਹੈ। ਇਹ ਮੰਦਰ ਅਕਬਰ ਸੈਣ ਦੀ ਰਾਣੀ ਸੁਲਤਾਨ ਦੇਵੀ ਨੇ 1520 ਈਸਵੀ ਵਿਚ ਬਣਵਾਇਆ। ਪੰਚਵਕਤ ਵਿਚ ਸ਼ਿਵਜੀ ਦੀ ਪੰਜਮੁਖੀ ਮੂਰਤੀ ਸਥਾਪਿਤ ਹੈ। ਸਾਹਮਣਿਉਂ ਵੇਖਿਆਂ ਕੇਵਲ ਤਿੰਨ ਮੂੰਹ ਹੀ ਵਿਖਾਈ ਦੇਂਦੇ ਹਨ। ਅਰਧਨਾਰੀਸ਼ਵਰ ਮੰਦਰ ਵਿਚ, ਇਕ ਰੂਪ ਹੋਏ, ਸ਼ਿਵਜੀ ਅਤੇ ਪਾਰਬਤੀ ਦੀ ਪੱਥਰ ਦੀ ਮੂਰਤੀ ਹੈ। ਸੱਜੇ ਪਾਸੇ ਸ਼ਿਵ ਹੈ ਅਤੇ ਖੱਬੇ ਵਲ ਪਾਰਬਤੀ। ਸ਼ਿਵ ਦੇ ਗਲੇ ਵਿਚ ਮੁੰਡਮਾਲਾ ਅਤੇ ਨਾਗ ਹਨ। ਇਕ ਹੱਥ ਵਿਚ ਸਾਜ਼ ਹੈ ਅਤੇ ਦੂਜੇ ਵਿਚ ਡਮਰੂ। ਪਾਰਬਤੀ ਨੇ ਕੰਨਾਂ ਵਿਚ ਵਾਲੀਆਂ ਅਤੇ ਨੱਕ ਵਿਚ ਨੱਥ ਪਹਿਨ ਰਖੀ ਹੈ।

ਕੁੱਲੂ ਵਿਚ ਵੀ ਅਨੇਕਾਂ ਮੰਦਰ ਹਨ, ਪਰ ਸਭ ਨਾਲੋਂ ਜ਼ਿਆਦਾ ਪ੍ਰਸਿਧ ਗੌਰੀ ਸ਼ੰਕਰ ਦਾ ਮੰਦਰ ਹੈ। ਇਸ ਮੰਦਰ ਦੇ ਬਾਹਰਲੇ ਦਰਵਾਜ਼ੇ ਕੋਲ ਨੰਦੀ ਦੀ ਮੂਰਤੀ ਸਥਾਪਿਤ ਹੈ।

ਹਿਮਾਚਲ ਵਿਚ ਪੌਂਟਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਕਾਫ਼ੀ ਸਮੇਂ ਤਕ ਰਹੇ। ਇਸ ਪ੍ਰਦੇਸ਼ ਵਿਚ ਸਿੱਖਾਂ ਦੇ ਕੁਝ ਪਵਿੱਤਰ ਧਾਮ ਹਨ। ਗੁਰੂ ਗੋਬਿੰਦ ਸਿੰਘ ਨੇ ਨਾਹਨ ਵਿਚ, ਜਮਨਾ ਦੇ ਕੰਢੇ ਇਕ ਕਿਲ੍ਹਾ ਬਣਵਾਇਆ, ਜਿਸ ਦਾ ਨਾਂ ਪੌਂਟਾ ਰਖਿਆ। ਭੰਗਾਣੀ ਦੀ ਜੰਗ ਇਸੇ ਕਿਲ੍ਹੇ ਵਿਚ ਰਹਿਣ ਵੇਲੇ ਹੋਈ ਸੀ। ਇਥੇ ਹੁਣ ਇਕ ਗੁਰਦਵਾਰਾ ਹੈ, ਜਿਥੇ ਵਿਸਾਖੀ ਨੂੰ ਇਕ ਭਾਰੀ ਮੇਲਾ ਲਗਦਾ ਹੈ। ਮੰਡੀ ਵਿਚ ਰਵਾਲਸਰ ਵਿਚ ਇਕ ਤਾਲ ਹੈ, ਜਿਸ ਦੇ ਕੰਢੇ ਦਮਦਮਾ ਬਣਿਆ ਹੋਇਆ ਹੈ। ਇਥੇ ਕਦੇ ਗੁਰੂ ਗੋਬਿੰਦ ਸਿੰਘ ਆਕੇ ਵਿਰਾਜੇ ਸਨ।

ਹਿਮਾਚਲ ਪ੍ਰਦੇਸ਼ ਦੀ ਬਹੁਤੀ ਵਸੋਂ ਅਜੇ ਮਿਥਕ ਸੰਸਾਰ ਵਿਚ ਪੂਰੀ ਆਸਥਾ ਰਖਦੀ ਹੈ, ਇਸ ਲਈ ਇਥੇ ਲੋਕ-ਧਰਮ ਦਾ ਆਪਣੇ ਮੁਢਲੇ ਸਰੂਪ ਵਿਚ ਸੁਰਜੀਤ ਹੋਣਾ ਸੁਭਾਵਿਕ ਹੈ। ਲੋਕ-ਮਨ ਦੀਆਂ ਮੁਢਲੀਆਂ ਪ੍ਰਵਿਰਤੀਆਂ— ਪ੍ਰਕ੍ਰਿਤੀ ਦਾ ਦੈਵੀਕਰਣ, ਕਰਮ ਕਾਂਡਾਂ ਦੇ ਦੈਵੀ ਫਲ ਵਿਚ ਵਿਸ਼ਵਾਸ,ਜਾਦੂ ਮੰਤਰ ਦੀਆਂ ਸ਼ਕਤੀਆਂ ਦੁਆਰਾ ਕਿਸੇ ਫਲ ਦੀ ਪ੍ਰਾਪਤੀ ਕਰਨੀ, ਮਿਥਕ ਵਿਚਾਰਾਂ ਨੂੰ ਵਾਸਤਵਿਕ ਮੰਨਣਾ, ਆਦਿ ਤੇ ਕਈ ਹੋਰ ਲੋਕ-ਸੰਕਲਪ ਲੋਕਾਂ ਦੀ ਸੋਚ ਦਾ ਹਿੱਸਾ ਹਨ। ਅੱਜ ਵੀ ਨਦੀ ਨਾਲਿਆਂ, ਬ੍ਰਿਛਾਂ, ਪਰਬਤਾਂ ਦੀਆਂ ਰੂਹਾਂ ਨੂੰ ਅਰਾਧਿਆ ਜਾਂਦਾ ਹੈ।

ਹਿਮਾਚਲ ਵਿਚ ਦਿਆਰ ਨੂੰ ਇਕ ਪਵਿਤ੍ਰ ਦਰੱਖਤ ਮੰਨਿਆ ਜਾਂਦਾ ਹੈ। ਜੇ ਇਹ ਦਰੱਖਤ ਕਿਸੇ ਮੰਦਰ ਦੇ ਨੇੜੇ ਹੋਵੇ, ਤਾਂ ਇਹਦੀ ਪੂਜਾ ਅਰਚਾ ਕੀਤੀ ਜਾਂਦੀ ਹੈ ਅਤੇ ਇਸ ਨੂੰ ਕਦੇ ਕਟਿਆ ਵੀ ਨਹੀਂ ਜਾਂਦਾ। ਮੈਦਾਨੀ ਇਲਾਕੇ ਵਾਂਗ ਇਥੇ ਪਿੱਪਲ ਨੂੰ ਮਾਨਤਾ ਪ੍ਰਾਪਤ ਨਹੀਂ, ਕਿਉਂ ਜੋ ਪਿੱਪਲ ਤਿੰਨ ਹਜ਼ਾਰ ਫ਼ੁਟ ਤੋਂ ਉਪਰਲੀ ਉਚਾਈ 'ਤੇ ਨਹੀਂ ਉਗਦਾ। ਇਸ ਲਈ ਇਹਦੀ ਪੂਜਾ ਹੇਠਲੀਆਂ ਵਾਦੀਆਂ ਵਿਚ ਹੀ ਹੁੰਦੀ ਹੈ। ਕੈਥ, ਅੰਜੀਰ ਤੇ ਅਨਾਰ ਆਦਿ ਦੇ ਕੁਝ ਦਰੱਖ਼ਤਾਂ ਉਤੇ ਬਦਰੂਹਾਂ ਦਾ ਨਿਵਾਸ ਮੰਨਿਆ ਜਾਂਦਾ ਹੈ। ਇਨ੍ਹਾਂ ਦਰੱਖ਼ਤਾਂ ਨੂੰ ਭਾਵੇਂ ਪੂਜਿਆ ਨਹੀਂ ਜਾਂਦਾ, ਪਰ ਇਨ੍ਹਾਂ ਵਿਚ ਰਹਿੰਦੀ ਆਤਮਾ ਨੂੰ ਪਤਿਆਇਆ ਜਾਂਦਾ ਹੈ। ਇਨ੍ਹਾਂ ਦਰੱਖ਼ਤਾਂ ਦਾ ਪ੍ਰਛਾਵਾਂ ਵੀ ਹਾਨੀਕਾਰਕ ਹੈ।

ਇਸੇ ਤਰ੍ਹਾਂ ਦਰੇ ਦਾ ਇਕ ਦੇਵਤਾ ਹੈ, ਜੋ ਇਕ ਪੱਥਰ ਦੀ ਬਣਾਈ ਮੜ੍ਹੀ ਵਿਚ ਰਹਿੰਦਾ ਹੈ। ਇਸ ਦੇਵਤੇ ਤੋਂ ਡਰਦਿਆਂ, ਦਰੇ ਕੋਲੋਂ ਲੰਘਦੇ ਮੁਸਾਫ਼ਰ ਉੱਚੀ ਉੱਚੀ ਗੱਲਾਂ ਨਹੀਂ ਕਰਦੇ। ਉੱਚੀ ਗੱਲ ਕਰਨ ਨਾਲ ਦਿਉਤੇ ਦੀ ਕਰੋਪੀ ਕਾਰਨ ਬਰਫ਼ ਡਿਗਣ ਲਗ ਪੈਂਦੀ ਹੈ।

ਹਿਮਾਚਲ ਵਿਚ ਬਨਬੀਰਾਂ ਦੀ ਪੂਜਾ ਵੀ ਪ੍ਰਚਲਤ ਹੈ। ਬੀਰਾਂ ਦੀ ਗਿਣਤੀ ਬਾਵਨ ਹੈ। ਇਕ ਧਾਰਨਾ ਅਨੁਸਾਰ ਇਨ੍ਹਾਂ ਦੀ ਸੰਖਿਆ ਬਾਵਨ ਹਜ਼ਾਰ ਹੈ। ਬੀਰ ਜ਼ਿਆਦਾਤਰ ਸਿੰਬਲ, ਅਖ਼ਰੋਟ, ਅੰਜੀਰ, ਅਨਾਰ ਅਤੇ ਕੈਥ ਦੇ ਬੂਟਿਆਂ ਬ੍ਰਿਛਾਂ ਉਤੇ ਰਹਿੰਦੇ ਹਨ। ਇਨ੍ਹਾਂ ਦੇ ਕੁਝ ਹੋਰ ਟਿਕਾਣੇ ਝਰਨੇ, ਚੱਟਾਨਾਂ ਤੇ ਉੱਚੀਆਂ ਟੀਸੀਆਂ ਹਨ। ਕੁਝ ਬੀਰ ਤਾਂ ਪ੍ਰਾਕ੍ਰਿਤਕ ਸ਼ਕਤੀਆਂ ਦਾ ਅਤੇ ਕੁਝ ਇਤਿਹਾਸਕ ਪੁਰਸ਼ਾਂ ਦਾ ਹੀ ਦੈਵੀਕ੍ਰਿਤ ਰੂਪ ਹਨ। ਕੁਝ ਬੀਰ ਬੀਮਾਰੀਆਂ ਫੈਲਾਂਦੇ ਹਨ, ਕੁਝ ਮਨੁਖ ਨੂੰ ਪਰੇਸ਼ਾਨ ਕਰਦੇ ਹਨ। ਕਾਲਾ ਬੀਰ ਤੇ ਨਰਸਿੰਘ ਬੀਰ ਕਾਮੀ ਸੁਭਾਅ ਦੇ ਹਨ ਅਤੇ ਪਤੀ ਦੀ ਗ਼ੈਰ-ਹਾਜ਼ਰੀ ਵਿਚ, ਪਤਨੀ ਨੂੰ ਪਤੀ ਦਾ ਰੂਪ ਧਾਰ ਕੇ ਭੋਗਦੇ ਹਨ। ਜੇ ਤੀਵੀਂ ਦਾ ਮਰਦ ਅਚਾਨਕ ਉਪਰੋਂ ਆ ਜਾਵੇ ਅਤੇ ਬੀਰ ਨੂੰ ਆਪਣੀ ਸ਼ਕਲ ਵਿਚ ਵੇਖ ਲਏ, ਤਾਂ ਕੁਝ ਦਿਨਾਂ ਵਿਚ ਹੀ ਉਹਦੀ ਮਿਰਤੂ ਹੋ ਜਾਂਦੀ ਹੈ। ਪਰ ਜੇ ਉਹ ਸ਼ਖ਼ਸ ਬੀਰ ਨਮਿਤ ਕਿਸੇ ਪਸ਼ੂ ਦੀ ਬਲੀ ਦੇਵੇ ਅਤੇ ਉਹਦੀ ਅਰਾਧਨਾ ਕਰੇ, ਤਾਂ ਮੌਤ ਟਲ ਜਾਂਦੀ ਹੈ। ਕੋਹਲੂ ਬੀਰ ਪਹਾੜਾਂ ਦੀਆਂ ਢਲਵਾਨਾਂ ਵਿਚ ਰਹਿੰਦਾ ਹੈ। ਜਦੋਂ ਇਹ ਕਰੋਧਵਾਨ ਹੋਵੇ, ਤਾਂ ਮੁਸਾਫ਼ਰਾਂ ਅਤੇ ਬਸਤੀਆਂ ਉਤੇ ਉਪਰੋਂ ਪਹਾੜ ਰੋਹੜਦਾ ਹੈ।

ਬੀਰ ਵਰਗੀ ਹੀ ਇਕ ਹੋਰ ਪ੍ਰੇਤ ਰੂਹ ਬਨਸਤਾ ਹੈ। ਬਨਬੀਰ ਨਰ ਹੈ, ਪਰ ਬਨਸਤਾ ਨਾਰੀ। ਬਨਸਤਾ ਜੰਗਲਾਂ, ਪਹਾੜੀ ਢਲਾਨਾਂ ਅਤੇ ਬੀਆਬਾਨਾਂ ਵਿਚ ਵਸਦੀ ਹੈ। ਬਨਸਤਾ ਨੂੰ ਪਸ਼ੂਆਂ ਦੀ ਰੱਖਿਆ ਹਿੱਤ ਅਰਾਧਿਆ ਜਾਂਦਾ ਹੈ। ਗਰਮੀਆਂ ਦੇ ਦਿਨੀਂ ਜਦੋਂ ਇਜੜ ਘਾਹ ਚਰਨ ਲਈ ਚਰਾਂਦਾਂ ਵਿਚ ਛਡੇ ਜਾਂਦੇ ਹਨ, ਤਾਂ ਬਨਸਤਾ ਨੂੰ ਪੂਜਿਆ ਜਾਂਦਾ ਹੈ।

ਬੇਤਾਲ ਚਸ਼ਮਿਆਂ, ਦਰਿਆਵਾਂ ਅਤੇ ਝਰਨਿਆਂ ਵਿਚ ਰਹਿੰਦੀ ਪ੍ਰੇਤ ਰੂਹ ਹੈ, ਜੋ ਆਮ ਤੌਰ ਤੇ ਮੁਸਾਫ਼ਰਾਂ ਨੂੰ ਪਰੇਸ਼ਾਨ ਕਰਦੀ ਹੈ। ਬੇਤਾਲ ਨੂੰ ਖਿਚੜੀ ਅਤੇ ਘੁੰਗਣੀਆਂ ਦਾ ਚੜ੍ਹਾਵਾ ਦਿਤਾ ਜਾਂਦਾ ਹੈ (ਵੇਖੋ : ਬੇਤਾਲ)।

ਬਾਹਰੋ ਇਕ ਹੋਰ ਬਦਰੂਹ ਹੈ, ਜੋ ਬੱਚਿਆਂ ਵਿਚ ਰੋਗ ਫੈਲਾਂਦੀ ਹੈ, ਇਸ ਦੀ ਸ਼ਕਲ ਬੜੀ ਡਰਾਉਣੀ ਹੁੰਦੀ ਹੈ ਅਤੇ ਬੱਚੇ ਇਸ ਤੋਂ ਬਹੁਤ ਡਰਦੇ ਹਨ। ਜੋਗਣੀਆਂ ਦੁਰਗਾ ਦੀਆਂ ਸਖੀਆਂ ਹਨ, ਜੋ ਅਨੇਕ ਪ੍ਰਕਾਰ ਦੀਆਂ ਬੀਮਾਰੀਆਂ ਫੈਲਾਂਦੀਆਂ ਹਨ। ਹਿਮਾਚਲ ਵਿਚ ਇਕ ਹੋਰ ਪ੍ਰੇਤ ਬਿਨਸਿਰਾ ਹੈ, ਜੋ ਜੰਗਲਾਂ ਪਹਾੜਾਂ ਅਤੇ ਵਾਦੀਆਂ ਵਿਚ ਵਿਚਰਦਾ ਹੈ। ਇਸ ਰੂਹ ਨੂੰ ਪਤਿਆਣ ਲਈ ਬਕਰੇ ਦੀ ਬਲੀ ਦਿਤੀ ਜਾਂਦੀ ਹੈ। ਇਸ ਦੀ ਰੋੜੀ (ਕੰਕਰੀ) ਜਾਂ ਮਿੱਟੀ ਦੀ ਢੇਰੀ ਬਣਾ ਕੇ ਪੂਜੀ ਜਾਦੀ ਹੈ।

ਕਈ ਥਾਈਂ ਨਾਗਾਂ ਦੀ ਪੂਜਾ ਵੀ ਪ੍ਰਚਲਤ ਹੈ। ਕੇਲੰਗ ਨਾਗ ਦੀ ਉਪਾਸ਼ਨਾ ਦਰਾਤੀ ਦੀ ਸ਼ਕਲ ਵਿਚ ਕੀਤੀ ਜਾਦੀ ਹੈ ਅਤੇ ਹਰ ਆਜੜੀ ਇਕ ਦਾਤ੍ਰੀ ਚਿੰਨ੍ਹ ਵਜੋਂ ਆਪਣੇ ਕੋਲ ਰਖਦਾ ਹੈ।

ਉਪ੍ਰੋਕਤ ਸਾਰੀ ਚਰਚਾ ਤੋਂ ਸਿਧ ਹੁੰਦਾ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਲੋਕ-ਧਰਮ ਆਪਣੇ ਪੂਰੇ ਪੱਖ ਪਾਸਾਰ ਵਿਚ ਸੁਰਜੀਤ ਹੈ।

**ਮੇਲੇ ਤਿਉਹਾਰ :** ਹਿਮਾਚਲ ਪ੍ਰਦੇਸ਼ ਦੇ ਲੋਕ ਆਨੰਦ ਵਿਨੋਦ ਦੇ ਕਿਸੇ ਵੀ ਅਵਸਰ ਨੂੰ, ਭਾਵੇਂ ਉਹ ਰੀਤਾਂ ਰਸਮਾਂ ਦਾ ਹੋਵੇ, ਭਾਵੇਂ ਮੇਲੇ ਜਾਂ ਉਤਸ਼ਵ ਦਾ, ਅਣਗੌਲਿਆ ਨਹੀਂ ਜਾਣ ਦੇਂਦੇ। ਇਥੋਂ ਦੇ ਲਗਪਗ ਹਰੇਕ ਪਿੰਡ ਵਿਚ ਕੋਈ ਨਾ ਕੋਈ ਸਥਾਨਿਕ ਮੇਲਾ ਕਦੇ ਨਾ ਕਦੇ ਜ਼ਰੂਰ ਲਗਦਾ ਹੈ। ਕੁਝ ਮੇਲੇ ਇਕ ਖ਼ਾਸ ਇਲਾਕੇ ਵਿਚ ਸਾਂਝੇ ਹਨ, ਕੁਝ ਕਿਸੇ ਕਬੀਲੇ ਦੀ ਸਾਂਝੀ ਪਰੰਪਰਾ ਹਨ, ਪਰ ਕੁਝ ਮੇਲੇ ਐਸੇ ਵੀ ਹਨ, ਜੋ ਸਾਰੇ ਜ਼ਿਲੇ ਵਿਚ ਇਕੋ ਜਿਹੇ ਚਾਅ ਨਾਲ ਮਨਾਏ ਜਾਂਦੇ ਹਨ। ਇਸ ਤਰ੍ਹਾਂ ਸਾਰੇ ਹਿਮਾਚਲ ਵਿਚ ਮੇਲਿਆਂ ਦਾ ਤਾਂਤਾ ਜਿਹਾ ਬੱਝਾ ਰਹਿੰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਹਿਮਾਚਲ ਦੇ ਬਹੁਤੇ ਮੇਲੇ ਧਾਰਮਿਕ ਪ੍ਰਕ੍ਰਿਤੀ ਦੇ ਹਨ । ਇਥੋਂ ਤਕ ਕਿ ਲੌਕਿਕ ਮੇਲਿਆਂ ਨਾਲ ਵੀ ਧਾਰਮਿਕ ਭਾਵਨਾ ਜੁੜੀ ਹੋਈ ਹੈ। ਪਰ ਇਸ ਦੇ ਬਾਵਜੂਦ ਵੀ ਇਹ ਮੇਲੇ ਸਰੂਪ ਵਿਚ ਨਿਰੇ ਧਾਰਮਿਕ ਕਰਮ ਕਾਂਡ ਨਹੀਂ ਬਣੇ ਰਹੇ, ਆਨੰਦ ਵਿਨੋਦ ਦਾ ਖ਼ਾਸਾ ਵਸੀਲਾ ਹਨ। ਲੋਕੀਂ ਮੇਲਿਆਂ ਵਿਚ ਸਜ ਧਜ ਕੇ ਨਚਦੇ ਟਪਦੇ ਸ਼ਾਮਲ ਹੁੰਦੇ ਹਨ, ਜਿਸ ਕਰਕੇ ਸਾਰਾ ਵਾਤਾਵਰਣ ਹੁਲਾਸਮਈ ਬਣ ਜਾਂਦਾ ਹੈ।

ਕੁਝ ਮੇਲੇ ਦੇਵੀ ਮਾਤਾ ਨਾਲ ਸੰਬੰਧਿਤ ਕਿਸੇ ਅਸਥਾਨ ਉਤੇ ਲਗਦੇ ਹਨ। ਦੇਵੀ ਦੇ ਦੋ ਪ੍ਰਸਿਧ ਪੀਠ ਹਿਮਾਚਲ ਵਿਚ ਹਨ। ਜਦੋਂ ਦੱਖਸ਼ ਰਿਸ਼ੀ ਦੀ ਲੜਕੀ ਸਤੀ ਆਪਣੇ ਪਤੀ ਸ਼ਿਵਜੀ ਦਾ ਅਪਮਾਨ ਨਾ ਸਹਾਰਦੀ ਹੋਈ, ਯੱਗ ਦੀ ਅੱਗ ਵਿਚ ਸੜ ਮੋਈ, ਤਾਂ ਸ਼ਿਵ ਨੇ ਸਤੀ ਦੀ ਲੋਥ ਨੂੰ ਮੋਢੇ ਉਤੇ ਚੁਕ ਕੇ ਤਾਂਡਵ ਨਾਚ ਨਚਿਆ ਸੀ। ਉਦੋਂ ਉਹਦੇ ਕਈ ਅੰਗ ਵਖੋ ਵਖ ਥਾਵਾਂ ਉਤੇ ਜਾ ਡਿਗੇ ਸਨ—ਜੀਭ ਜਵਾਲਾਮੁਖੀ ਵਿਚ ਅਤੇ ਅੱਖਾਂ ਨੈਣਾਂ ਦੇਵੀ ਵਿਚ। ਪਰ ਇਕ ਹੋਰ ਪੌਰਾਣਿਕ ਕਥਾ ਅਨੁਸਾਰ ਜਵਾਲਾਮੁਖੀ ਜਲੰਧਰ ਨਾਂ ਦੇ ਦੈਂਤ ਦਾ ਮੁਖ ਸੀ। ਉਹ ਜਦੋਂ ਗਰਜਦਾ ਸੀ, ਉਹਦੇ ਮੂੰਹ ਵਿਚੋਂ ਅੱਗ ਨਿਕਲਦੀ ਸੀ। ਸ਼ਿਵਜੀ ਨੇ ਉਪਰੋਂ ਪਹਾੜ ਸੁਟ ਕੇ ਜਲੰਧਰ ਦੈਂਤ ਨੂੰ ਕੁਚਲ ਦਿਤਾ। ਜਵਾਲਾਮੁਖੀ ਵਿਚ ਸਾਲ ਵਿਚ ਦੋ ਵਾਰ ਚੇਤਰ ਅਤੇ ਅੱਸੂ ਦੇ ਨਰਾਤਿਆਂ ਦੇ ਦਿਨੀਂ ਮੇਲਾ ਲੱਗਦਾ ਹੈ। ਦੇਵੀ ਭਗਤ ਜਵਾਲਾ ਕੁੰਡ ਉਤੇ ਚੜ੍ਹਾਵੇ ਦੇਂਦੇ ਹਨ। ਕਈ ਆਪਣੀ ਜੀਭ ਦੀ ਬਲੀ ਦਾ ਚੜ੍ਹਾਵਾ ਚੜ੍ਹਾਂਦੇ ਹਨ। ਲੋਕ ਕਹਿੰਦੇ ਹਨ ਕਿ ਦੇਵੀ ਦੀ ਬਲੀ ਨਮਿਤ ਕੱਟੀ ਜੀਭ, ਦੇਵੀ ਦੀ ਬਖ਼ਸ਼ਿਸ਼ ਨਾਲ, ਮੁੜ ਪੁੰਗਰ ਆਉਂਦੀ ਹੈ। ਜਵਾਲਾਮੁਖੀ ਦਾ ਮੰਦਰ ਬੜਾ ਪੁਰਾਣਾ ਹੈ। ਰਵਾਇਤ ਹੈ ਕਿ ਅਕਬਰ ਇਥੇ ਨੰਗੀ ਪੈਰੀਂ ਆਇਆ ਸੀ ਅਤੇ ਉਹਨੇ ਸੋਨੇ ਦਾ ਛਤਰ ਚੜ੍ਹਾਇਆ ਸੀ:

ਨੰਗੀ ਨੰਗੀ ਪੈਰੀਂ ਅਕਬਰ ਆਇਆ
ਸੋਨੇ ਦਾ ਛਤਰ ਚੜ੍ਹਾਇਆ।

ਨੈਣਾ ਦੇਵੀ ਦਾ ਮੰਦਰ ਬਿਲਾਸਪੁਰ ਜ਼ਿਲੇ ਵਿਚ ਇਕ ਪਹਾੜੀ ਉਤੇ ਸਥਿਤ ਹੈ। ਇਥੇ ਅਗਸਤ ਦੇ ਮਹੀਨੇ ਇਕ ਮੇਲਾ ਲੱਗਦਾ ਹੈ, ਜਿਸ ਵਿਚ ਇਕ ਲੱਖ ਦੇ ਕਰੀਬ ਦੇਵੀ ਭਗਤ ਸ਼ਾਮਿਲ ਹੁੰਦੇ ਹਨ। ਕਈ ਭਗਤ ਆਪਣੀਆਂ ਸੁਖਾਂ ਤਾਰਨ ਲਈ ਅਸ਼ਟ ਪ੍ਰਨਾਮ ਕਰਦੇ ਹੋਏ ਇਥੇ ਆਉਂਦ ਹਨ। ਊਨੇ ਦੇ ਜ਼ਿਲੇ ਵਿਚ ਚਿੰਤਪੂਰਨੀ ਦਾ ਪ੍ਰਸਿਧ ਮੰਦਰ ਹੈ, ਜਿਥੇ ਹਰ ਮੰਗਲਵਾਰ ਨੂੰ ਦੁਰਗਾ ਪੂਜਾ ਲਈ ਲੋਕ ਆਉਂਦੇ ਹਨ। ਚਿੰਤਪੂਰਨੀ ਵਿਚ ਤਿੰਨ ਵਡੇ ਮੇਲੇ ਲਗਦੇ ਹਨ—ਦੋ ਨਰਾਤਿਆਂ ਦੇ ਦਿਨਾ ਵਿਚ ਅਤੇ ਇਕ ਸਾਵਣ ਦੀ ਅਸ਼ਟਮੀ ਨੂੰ। ਵਰਜਸ਼ਵਰੀ ਮੰਦਰ (ਜ਼ਿਲਾ ਕਾਂਗੜਾ) ਵਿਖੇ ਸਾਲ ਵਿਚ ਦੋ ਵਾਰ ਨਰਾਤਿਆਂ ਦੇ ਦਿਨੀਂ ਮੇਲੇ ਲਗਦੇ ਹਨ। ਕਈ ਹਿੰਦੂ ਆਪਣੇ ਬੱਚੇ ਦਾ ਪਹਿਲਾ ਮੁੰਡਣ ਸੰਸਕਾਰ ਇਥੇ ਹੀ ਕਰਦੇ ਹਨ।

ਸਿਰਮੂਰ ਜ਼ਿਲੇ ਵਿਚ ਰੇਣਕਾ ਝੀਲ ਦੇ ਕੰਢੇ, ਰੇਣਕਾ ਦੇਵੀ ਦੀ ਸਿਮਰਤੀ ਵਿਚ, ਹਰ ਸਾਲ ਕੱਤਕ ਦੇ ਮਹੀਨੇ, ਇਕ ਭਾਰੀ ਮੇਲਾ ਲਗਦਾ ਹੈ। ਝੀਲ ਵਿਚ ਇਸ਼ਨਾਨ ਕਰਨ ਦਾ ਮਹਾਤਮ ਹੈ। ਰੇਣਕਾ ਪਰਸੂਰਾਮ ਦੀ ਮਾਂ ਅਤੇ ਜਮਦਗਨੀ ਰਿਸ਼ੀ ਦੀ ਪਤਨੀ ਸੀ, ਜੋ ਰਿਸ਼ੀ ਦੇ ਸਰਾਪ ਕਾਰਨ ਝੀਲ ਦਾ ਰੂਪ ਧਾਰ ਗਏ। ਇਸ ਮੇਲੇ ਵਿਚ ਆਸਪਾਸ ਦੇ ਪਿੰਡਾਂ ਦੇ ਅਨੇਕਾਂ ਦੇਵੀ ਦਿਉਤੇ (ਮੂਰਤੀਆਂ) ਪਾਲਕੀ ਵਿਚ ਬੈਠ ਕੇ ਰੇਣਕਾ ਦੇਵੀ ਨੂੰ ਪਰਨਾਮ ਕਰਨ ਲਈ ਆਉਂਦੇ ਹਨ। ਇਨ੍ਹੀਂ ਦਿਨੀਂ ਲੋਕੀਂ ਝੀਲ ਦੇ ਦੁਆਲੇ ਖੇਮਿਆਂ ਵਿਚ ਰਹਿੰਦੇ ਹਨ। ਵਾਤਾਵਰਣ ਭਗਤੀ ਰਸ ਦੇ ਗੀਤਾਂ ਨਾਲ ਗੂਜ ਰਿਹਾ ਹੁੰਦਾ ਹੈ।

ਕੁੱਲੂ ਵਾਦੀ ਵਿਚ ਦੁਸਹਿਰੇ ਦਾ ਮੇਲਾ, ਆਪਣੇ ਵਿਲੱਖਣ ਸਰੂਪ ਕਾਰਨ, ਖ਼ਾਸ ਮਹੱਤਵ ਰਖਦਾ ਹੈ। ਇਹ ਮੇਲਾ ਅਕਤੂਬਰ ਵਿਚ ਸ਼ਹਿਰ ਦੇ ਖੁਲ੍ਹੇ ਮੈਦਾਨ ਵਿਚ ਮਨਾਇਆ ਜਾਂਦਾ ਹੈ। ਪਹਿਲਾਂ ਰਥ ਯਾਤਰਾ ਹੁੰਦੀ ਹੈ, ਜਿਸ ਵਿਚ ਰਘੂਨਾਥ ਜੀ ਦੀ ਮੂਰਤੀ ਨੂੰ ਸਜਾ ਸ਼ਿੰਗਾਰ ਕੇ ਮੈਦਾਨ ਵਿਚ ਲਿਆਂਦ ਹਨ। ਇਹੋ ਇਸ ਮੇਲੇ ਦਾ ਪ੍ਰਧਾਨ ਦਿਉਤਾ ਹੈ। ਆਸ ਪਾਸ ਦੇ ਪਿੰਡਾਂ ਵਿਚੋਂ, ਸੈਂਕੜੇ ਪਹਾੜੀ ਦਿਉਤੇ, ਪਾਲਕੀਆਂ ਵਿਚ ਸਵਾਰ ਹੋ ਕੇ, ਰਘੂਨਾਥ ਨੂੰ ਪ੍ਰਨਾਮ ਕਰਨ ਲਈ ਇਥੇ ਪਹੁੰਚਦੇ ਹਨ। ਇਹ ਰਥ ਯਾਤਰਾ ਰਾਮ ਚੰਦਰ ਦੀ ਰਾਵਨ ਉਤੇ ਵਿਜੈ ਪ੍ਰਾਪਤ ਕਰਨ ਲਈ ਰਵਾਨਗੀ ਦੀ ਪ੍ਰਤੀਕ ਹੈ। ਇਹ ਮੇਲਾ ਸਤ ਦਿਨ ਤਕ ਰਹਿੰਦਾ ਹੈ। ਲੋਕ-ਧੁਨਾਂ ਤੇ ਗੀਤਾਂ ਦੀ ਮਧੁਰ ਲੈਅ ਫ਼ਜ਼ਾਅ ਨੂੰ ਰੋਮਾਂਚਿਕ ਬਣਾ ਦਿੰਦੀ ਹੈ। ਸੁੰਦਰ ਝਾਕੀਆਂ ਕਢੀਆਂ ਜਾਂਦੀਆਂ ਹਨ, ਜੋ ਪ੍ਰਾਕ੍ਰਿਤਕ ਪਿਠ-ਭੂਮੀ ਵਿਚ ਅਲੌਕਿਕ ਦ੍ਰਿਸ਼ ਪੇਸ਼ ਕਰਦੀਆਂ ਹਨ।

ਹਿਮਾਚਲ ਵਿਚ ਸ਼ਿਵਰਾਤ੍ਰੀ ਦਾ ਮੇਲਾ ਕਈ ਥਾਈਂ ਲਗਦਾ ਹੈ, ਪਰ ਮੰਡੀ ਦਾ ਸ਼ਿਵਰਾਤ੍ਰੀ ਦਾ ਮੇਲਾ ਬੜਾ ਰੌਚਿਕ, ਦਿਲਕਸ਼ ਤੇ ਵਿਲੱਖਣ ਕਿਸਮ ਦਾ ਹੈ, ਜੋ ਸਤ ਦਿਨ ਰਹਿੰਦਾ ਹੈ। ਇਸ ਮੇਲੇ ਵਿਚ ਸ਼ਾਮਿਲ ਹੋਣ ਲਈ ਆਸ ਪਾਸ ਦੇ ਇਲਾਕੇ ਵਿਚੋਂ ਅਨੇਕਾਂ ਦੇਵੀ ਦਿਉਤੇ ਆਉਂਦੇ ਹਨ, ਜਿਨ੍ਹਾਂ ਨੂੰ ਸ਼ਰਧਾਲੂ ਪਾਲਕੀਆਂ ਵਿਚ ਬਿਠਾ ਕੇ ਨਚਦੇ ਗਾਉਂਦੇ ਹੋਏ ਮੰਡੀ ਦੇ ਪ੍ਰਧਾਨ ਦਿਉਤੇ ਰਾਜ ਮਾਧਵ ਦੇ ਮੰਦਰ ਵਿਚ ਪੁਜਦੇ ਹਨ। ਫਿਰ ਲੋਕੀਂ ਸ਼ਿਵ ਨੂੰ ਸ਼ਰਧਾਜਲੀ ਭੇਟ ਕਰਨ ਲਈ ਭੂਤਨਾਥ ਦੇ ਮੰਦਰ ਜਾਂਦੇ ਹਨ। ਇਸ ਤੋਂ ਬਾਅਦ ਹਫ਼ਤਾ ਕੁ ਭਰ ਨਿਰਤ-ਸੰਗੀਤ ਦੀ ਮਹਿਫ਼ਲ ਲੱਗੀ ਰਹਿੰਦੀ ਹੈ। ਅਖ਼ੀਰਲੀ ਰਾਤ ਜਾਗਾ ਕੀਤਾ ਜਾਂਦਾ ਹੈ।

ਬਸੰਤ ਪੰਚਮੀ ਨੂੰ ਇਕ ਭਾਰੀ ਮੇਲਾ, ਬਿਲਾਸਪੁਰ ਜ਼ਿਲੇ ਦੇ ਇਕ ਪਿੰਡ ਬਸੀ ਦੇ ਨੇੜੇ ਗੁਰਦਵਾਰਾ ਗੁਰੂ ਕਾ ਲਾਹੌਰ ਵਿਚ ਲਗਦਾ ਹੈ, ਜਿਸ ਵਿਚ ਅਨੰਦਪੁਰ, ਬਸੀ, ਭਕਰਾ, ਗੰਗਵਾਲ, ਕੋਟ ਕਹਿਲੂਰ ਤੇ ਨੰਗਲ ਦੇ ਇਲਾਕੇ ਤੋਂ ਹਜ਼ਾਰਾਂ ਹਿੰਦੂ ਸਿੱਖ ਸਾਮਲ ਹੁੰਦੇ ਹਨ। ਇਸੇ ਅਸਥਾਨ 'ਤੇ ਬਸੰਤ ਪੰਚਮੀ ਨੂੰ ਗੁਰੂ ਗੋਬਿੰਦ ਸਿੰਘ ਦਾ ਵਿਆਹ ਮਾਤਾ ਜੀਤੋ ਨਾਲ ਹੋਇਆ ਸੀ। ਉਦੋਂ ਇਥੇ ਪੀਣ ਲਈ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਇਕ ਪਹਾੜ ਦੀ ਚੱਟਾਨ ਉਤੇ ਤਿੰਨ ਵਾਰ ਬਰਛਾ ਮਾਰਿਆ ਅਤੇ ਪਾਣੀ ਫੁਟ ਨਿਕਲਿਆ। ਇਹ ਜਲ ਤ੍ਰਿਵੈਣੀ ਅਖਵਾਂਦਾ ਹੈ ਤੇ ਗੰਗਾ, ਜਮਨਾ ਅਤੇ ਸਰਸਵਤੀ ਦੇ ਜਲ ਵਾਂਗ ਪਵਿਤ੍ਰ ਮੰਨਿਆ ਜਾਂਦਾ ਹੈ। ਇਥੇ ਹੀ ਇਕ ਚੱਟਾਨ ਉਤੇ ਗੁਰੂ ਜੀ ਦੇ ਘੋੜੇ ਦੇ ਪਗ-ਚਿੰਨ੍ਹ ਹੁਣ ਤਕ ਮੌਜੂਦ ਹਨ। ਬਸੰਤ ਪੰਚਵੀਂ ਨੂੰ ਕਈ ਸਿੱਖ ਇਥੇ ਆ ਕੇ ਆਨੰਦ ਕਾਰਜ ਕਰਵਾਂਦੇ ਹਨ। ਇਸ ਤੋਂ ਇਲਾਵਾ ਇਥੇ ਹੋਲੇ ਮਹੱਲੇ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ, ਜੋ ਤਿੰਨ ਦਿਨ ਚਲਦਾ ਹੈ। ਲੋਕੀਂ ਤ੍ਰਿਵੈਣੀ ਵਿਚ ਇਸ਼ਨਾਨ ਕਰਦੇ ਹਨ।

ਬਿਲਾਸਪੁਰ ਦਾ ਇਕ ਹੋਰ ਪ੍ਰਸਿਧ ਮੇਲਾ ਵਿਸਾਖੀ ਦਾ ਹੈ, ਜੋ ਮਕਰੀ ਵਿਖੇ ਤਿੰਨ ਦਿਨਾਂ ਲਈ ਲਗਦਾ ਹੈ। ਮਕਰੀ ਵਿਚ ਮਾਰਕੰਡੇ ਰਿਸ਼ੀ ਦਾ ਇਕ ਮੰਦਰ ਹੈ, ਜਿਥੇ ਉਨ੍ਹਾਂ ਦੀ ਮੂਰਤੀ ਸਥਾਪਿਤ ਹੈ। ਕਿਹਾ ਜਾਂਦਾ ਹੈ ਕਿ ਮਾਰਕੰਡੇ ਦਾ ਜਨਮ੍ਹ ਇਸੇ ਪੁੰਨ-ਅਸਥਾਨ ਉਤੇ ਹੋਇਆ। ਜਦੋਂ ਮਾਰਕੰਡੇ ਬਾਰਾਂ ਵਰ੍ਹਿਆਂ ਦਾ ਸੀ, ਤਾਂ ਜਮਦੂਤ ਉਸ ਦੇ ਪ੍ਰਾਨ ਲੈਣ ਲਈ ਆਏ, ਕਿਉਂ ਜੋ ਉਹ ਇਤਨੀ ਹੀ ਅਉਧੀ ਲਿਖਵਾ ਕੇ ਲਿਆਏ ਸਨ। ਪਰ ਮਾਰਕੰਡੇ ਨੂੰ ਤਪ ਵਿਚ ਲੀਨ ਵੇਖ ਕੇ ਦੂਤ ਪਰਤ ਗਏ। ਤਾਂ ਉਨ੍ਹਾਂ ਦੇ ਪ੍ਰਾਨ ਲੈਣ ਵਾਸਤੇ ਖ਼ੁਦ ਧਰਮਰਾਜ ਹਾਜ਼ਰ ਹੋਇਆ। ਪਰ ਸ਼ਿਵ ਨੇ ਐਨ ਮੌਕੇ ਤੇ ਪ੍ਰਗਟ ਹੋ ਕੇ ਧਰਮਰਾਜ ਨੂੰ ਸਮਝਾਇਆ ਕਿ ਮਾਰਕੰਡੇ ਦੇ ਮੱਥੇ ਉਪਰ ਜੋ ਉਮਰ ਲਿਖੀ ਗਈ ਹੈ, ਉਹ ਇਨਸਾਨ ਦੇ ਵਰ੍ਹੇ ਨਹੀਂ, ਬ੍ਰਹਮਾ ਦੇ ਬਾਰਾਂ ਵਰ੍ਹੇ ਹਨ। ਬ੍ਰਹਮਾ ਦਾ ਇਕ ਸਾਲ ਮਨੁਖ ਦੇ ਹਜ਼ਾਰ ਸਾਲਾਂ ਦੇ ਬਰਾਬਰ ਹੈ।

ਮਾਰਕੰਡੇ ਦੇ ਮੰਦਰ ਦੇ ਨੇੜੇ ਇਕ ਨਦੀ ਕਿਰਾਤ ਵਗਦੀ ਹੈ, ਜਿਸ ਨੂੰ ਪੁਸ਼ਪ ਭਦਰਾ ਵੀ ਕਹਿੰਦੇ ਹਨ। ਇਥੇ ਵਿਸਾਖੀ ਦੇ ਇਸ਼ਨਾਨ ਦਾ

Sri Satguru Jagjit Singh Ji eLibrary NamdhariElibrary@gmail.com

ਬੜਾ ਮਹਾਤਮ ਹੈ। ਇਥੇ ਨੇੜੇ 'ਹੀ ਇਸ਼ਨਾਨ ਲਈ ਚਾਰ ਹੋਰ ਪਵਿਤ੍ਰ ਅਸਥਾਨ ਹਨ, ਜਿਨ੍ਹਾਂ ਨੂੰ ਬ੍ਰੜੀ ਤ੍ਰਿਸ਼ਨਾ, ਇੰਦਰਦੋਣ, ਮਹਾਦਾਬੀ ਤੇ ਰਹੂਨਿਆਂ ਕਹਿੰਦੇ ਹਨ। ਲੋਕਾਂ ਦਾ ਵਿਚਾਰ ਹੈ ਕਿ ਜੇ ਕਦੇ ਮਰਦ ਅਤੇ ਤੀਵੀਂ ਦੋਵੇਂ, ਇਨ੍ਹਾਂ ਪੰਜਾਂ ਥਾਂਵਾਂ ਉਤੇ ਇਸ਼ਨਾਨ ਕਰਨ, ਤਾਂ ਉਨ੍ਹਾਂ ਦੇ ਘਰ ਅਵੱਸ਼ ਲੜਕਾ ਜੰਮਦਾ ਹੈ। ਇਸ ਜਗ੍ਹਾ ਦੇ ਨੇੜੇ ਇਕ ਸ਼ਿਵ ਮੰਦਰ ਹੈ, ਜਿਸ ਦੇ ਪਿਛਵਾੜੇ ਵਲ ਕੁਝ ਛੋਟੇ ਛੋਟੇ ਕੁੰਡ ਹਨ। ਇਨ੍ਹਾਂ ਕੁੰਡਾਂ ਵਿਚ ਇਸ਼ਨਾਨ ਕਰਨ ਨਾਲ ਅਠਮਾਹੇ ਅਤੇ ਪ੍ਰਛਾਵੇਂ ਵਾਲੇ ਬੱਚੇ ਨਵੇਂ ਨਰੋਏ ਹੋ ਜਾਂਦੇ ਹਨ। ਰੋਗੀ ਬੱਚੇ ਇਥੇ ਆ ਕੇ ਕਪੜਿਆਂ ਸਮੇਤ ਨਹਾਂਦੇ ਹਨ ਅਤੇ ਇਸ਼ਨਾਨ ਕਰਨ ਤੋਂ ਬਾਅਦ ਉਹ ਕਪੜੇ ਉਥੇ ਹੀ ਜਲ ਪ੍ਰਵਾਹ ਕਰ ਦਿਤੇ ਜਾਂਦੇ ਹਨ।

ਚੰਬੇ ਦਾ ਇਕ ਮਸ਼ਹੂਰ ਮੇਲਾ ਮਿੰਜਰਾਂ ਦਾ ਹੈ, ਜੋ ਹਰ ਸਾਲ ਸਾਵਣ ਵਿਚ, ਬਾਰਸ਼ਾਂ ਦੇ ਦਿਨੀਂ, ਮੱਕੀ ਦੇ ਨਿਸਰਨ 'ਤੇ ਮਨਾਇਆ ਜਾਂਦਾ ਹੈ। ਮੇਲੇ ਵਿਚ ਸ਼ਾਮਲ ਹੋਣ ਲਈ ਗਦੀ ਲੋਕ ਦੂਰੋਂ ਦੂਰੋਂ ਨਚਦੇ ਟਪਦੇ ਆਉਂਦੇ ਹਨ। ਅਖ਼ੀਰਲੇ ਦਿਨ ਰਾਵੀ ਦਰਿਆ ਦੇ ਕੰਢੇ ਵਰੁਣ ਦੇਵਤੇ ਨੂੰ ਮਿੰਜਰ ਅਤੇ ਨਾਰੀਅਲ ਭੇਟ ਕੀਤੇ ਜਾਂਦੇ ਹਨ।

ਚੰਬੇ ਦਾ ਸੂਹੀ ਦਾ ਮੇਲਾ ਵੀ ਬੜਾ ਪ੍ਰਸਿਧ ਹੈ। ਪਹਿਲਾਂ ਇਸ ਇਲਾਕੇ ਦੀ ਰਾਜਧਾਨੀ ਬਰਮੌਰ ਹੁੰਦੀ ਸੀ। ਰਾਜੇ ਸਾਹਿਲ ਵਰਮਾ ਨੇ, ਦਸਵੀਂ ਸਦੀ ਵਿਚ, ਜਦੋਂ ਚੰਬੇ ਦੀ ਨਵੀਂ ਰਾਜਧਾਨੀ ਦੀ ਨੀਂਹ ਰਖੀ, ਤਾਂ ਉਦੋਂ ਇਥੇ ਕੂਲ ਖੋਦੀ ਗਈ, ਜਿਸ ਵਿਚ ਪਾਣੀ ਨਹੀਂ ਸੀ ਚੜ੍ਹਦਾ। ਰਾਜੇ ਨੂੰ ਸੁਪਨੇ ਵਿਚ ਗਿਆਨ ਹੋਇਆ ਕਿ ਜੇ ਉਹ ਆਪਣੀ ਰਾਣੀ ਸੁਨੈਨਾ ਦੀ ਬਲੀ ਦੇਵੇ, ਤਾਂ ਕੂਲ ਵਿਚ ਪਾਣੀ ਚੜ੍ਹ ਆਏਗਾ। ਸੋ ਰਾਜੇ ਨੇ ਪਾਣੀ ਦੀ ਖ਼ਾਤਰ ਆਪਣੀ ਰਾਣੀ ਦੀ ਬਲੀ ਦਿਤੀ। ਸੂਹੀ ਦਾ ਮੇਲਾ ਸੁਨੈਨਾ ਦੀ ਬਲੀ ਦੀ ਸਿਮਰਤੀ ਵਿਚ ਮਨਾਇਆ ਜਾਂਦਾ ਹੈ (ਵੇਖੋ : ਸੂਹੀ ਦਾ ਮੇਲਾ)।

ਮਹਾਸੂ ਦਾ ਸੈਰ ਦਾ ਮੇਲਾ ਬੜਾ ਪ੍ਰਸਿਧ ਹੈ। ਲੋਕਾਂ ਦਾ ਵਿਚਾਰ ਹੈ ਕਿ ਜ ਸੰਗਰਾਦ ਵਾਲੇ ਦਿਨ ਬਲਦ ਵਿਖਾਈ ਦੇ ਜਾਣ, ਤਾਂ ਸਾਰਾ ਮਹੀਨਾ ਚੰਗਾ ਬੀਤਦਾ ਹੈ ਅਤੇ ਸਫਲਤਾ ਕਦਮ ਚੁੰਮਦੀ ਹੈ। ਇਥੇ ਅੱਸੂ ਦੀ ਸੰਗਰਾਂਦ ਨੂੰ ਸੈਰ ਦਾ ਮੇਲਾ ਭਰਦਾ ਹੈ, ਜਿਸ ਵਿਚ ਬਲਦਾਂ ਦੀਆਂ ਦੌੜਾਂ ਹੁੰਦੀਆਂ ਹਨ। ਮੰਡੀ ਵਿਚ ਵੀ ਸੈਰ ਦਾ ਮੇਲਾ ਲਗਦਾ ਹੈ (ਵੇਖੋ : ਸੈਰ)।

ਬਿਲਾਸਪੁਰ ਦੇ ਇਕ ਪਿੰਡ ਗਹਿਰਵੀ ਵਿਚ ਗੁਗੇ ਦਾ ਮੇਲਾ ਲਗਦਾ ਹੈ। ਗੁਗੇ ਦੀ ਇਹ ਮਾੜ੍ਹੀ ਬਾਂਗਰ ਦੇਸ਼ ਦੀ ਮਾੜ੍ਹੀ ਤੋਂ ਮਿੱਟੀ ਲਿਆ ਕੇ ਬਣਾਈ ਗਈ ਸੀ।

ਹਿਮਾਚਲ ਪ੍ਰਦੇਸ਼ ਵਿਚ ਗੋਰੀ ਤੀਜ ਬਸੋਆ (ਵਿਸਾਖੀ), ਸੰਕਟ ਚੌਥ, ਲੋਹੜੀ, ਪੂਰਨਮਾਸ਼ੀ, ਨਰਾਤੇ, ਨਿਰਜਲ ਇਕਾਦਸ਼ੀ, ਸੋਮਵਤੀ ਅਮਾਵਸ, ਨਾਗ ਪੰਚਮੀ, ਰੱਖੜੀ, ਬਹੁਲਾ ਚੌਥ, ਪੱਥਰ ਚੌਥ, ਅਨੰਤ ਚੌਦਸ, ਕਰਵਾ ਚੌਥ, ਪੰਜ ਭੀਖਮਾ, ਭਈਆ ਦੂਜ ਆਦਿ ਦੇ ਪੁਰਬ ਬੜੀ ਭਾਵਨਾ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ।

**ਲੋਕ ਨਾਚ :** ਹਿਮਾਚਲ ਪ੍ਰਦੇਸ਼ ਦੇ ਲੋਕ ਨੱਚਣ ਗਾਉਣ ਵਿਚ ਬੜੀ ਰੁਚੀ ਰਖਦੇ ਹਨ। ਧਾਰਮਿਕ ਮੇਲਿਆਂ ਵਿਚ ਨਚਣ ਨੂੰ ਉਹ ਧਾਰਮਿਕ ਕਰਮ ਕਾਂਡ ਹੀ ਸਮਝਦੇ ਹਨ, ਇਸ ਲਈ ਉਨ੍ਹਾਂ ਵਾਸਤੇ ਲੋਕ-ਨਾਚ ਜੀਵਨ ਦਾ ਸਹਿਜ ਵਿਹਾਰ ਹਨ। ਆਮ ਤੌਰ ਤੇ ਪਿੰਡ ਦੇ ਦਿਉਤੇ ਨੂੰ ਜਦੋਂ ਕਿਸੇ ਮੇਲੇ ਵਿਚ ਲਿਜਾਇਆ ਜਾਂਦਾ ਹੈ ਤਾਂ ਲੋਕੀਂ ਪਾਲਕੀ ਦੇ ਅੱਗੇ ਨਚ ਰਹੇ ਹੁੰਦੇ ਹਨ। ਫ਼ਸਲਾਂ ਦੀ ਬੀਜਾਈ ਅਤੇ ਕਟਾਈ ਮਗਰੋਂ ਵੀ ਨਿਰਤ ਜ਼ਰੂਰੀ ਸਮਝਿਆ ਜਾਂਦਾ ਹੈ। ਵਿਆਹ ਸ਼ਾਦੀ ਜਾਂ ਪੁੱਤਰ ਦੇ ਜੰਮਣ ਵੇਲੇ ਤਾਂ ਮਨ ਦੀ ਖ਼ੁਸ਼ੀ ਪ੍ਰਗਟਾਣ ਦਾ ਸਹਿਜ ਢੰਗ ਨਾਚ ਹੀ ਮੰਨਿਆ ਜਾਂਦਾ ਹੈ। ਲੋਕ ਇਕੱਲਿਆਂ ਵੀ ਨਚਦੇ ਹਨ ਅਤੇ ਸਾਮੂਹਿਕ ਰੂਪ ਵਿਚ ਵੀ।

ਹਿਮਾਚਲ ਦਾ ਪ੍ਰਸਿਧ ਲੋਕ-ਨਿਰਤ ਨਾਟੀ ਹੈ, ਜੋ ਕਿਸੇ ਖੁਲ੍ਹੀ ਥਾਂ ਤੇ ਢੋਲ ਅਤੇ ਹੋਰ ਸਾਜ਼ਿੰਦਿਆਂ ਦੁਆਲੇ, ਘੇਰਾ ਪਾ ਕੇ ਨਚਿਆ ਜਾਂਦਾ ਹੈ। ਨਾਟੀ ਸਾਜ਼ਾਂ ਅਤੇ ਢੋਲ ਦੇ ਡੱਗੇ ਤੇ ਨਚਿਆ ਜਾਂਦਾ ਹੈ। ਨਚਣ ਵਾਲੇ ਗਭਰੂ ਪਹਿਲਾਂ ਖੱਬਾ ਪੈਰ ਅੱਗੇ ਰਖਦੇ ਹੋਏ, ਮੋਢਿਆਂ ਨੂੰ ਝੁਕਾ ਕੇ ਸਰੀਰ ਨੂੰ ਲਚਕਾਂਦੇ ਹਨ, ਫਿਰ ਸੱਜਾ ਪੈਰ ਅੱਗੇ ਰਖ ਕੇ ਉਸੇ ਤਰ੍ਹਾਂ ਸਰੀਰ ਨੂੰ ਮਟਕਾਂਦੇ ਹਨ। ਕੁਝ ਚਿਰ ਬਾਅਦ ਨਚਾਰ ਇਕ ਦੂਜੇ ਦਾ ਹੱਥ ਫੜ ਕੇ ਘੇਰੇ ਵਿਚ ਘੁੰਮਦੇ ਹੋਏ ਤੇ ਸਰੀਰ ਨੂੰ ਹਿਲੋਰੇ ਦਿੰਦੇ ਹੋਏ ਨਚਦੇ ਹਨ। ਜਦੋਂ ਸਾਜ਼ਿੰਦੇ ਤਾਲ ਨੂੰ ਤੇਜ਼ ਕਰਦੇ ਹਨ, ਤਾਂ ਨਾਚ ਦੀ ਗਤੀ ਵੀ ਤਿੱਖੀ ਹੋ ਜਾਂਦੀ ਹੈ।

ਕੁੱਲੂ ਦੇ ਵਸਨੀਕਾਂ ਵਿਚ 'ਤਲਵਾਰ ਨਾਟੀ' ਜ਼ਿਆਦਾ ਪ੍ਰਸਿਧ ਹੈ। ਇਹ ਨਾਚ ਰਵਾਇਤੀ ਢੰਗ ਦੀ ਚਿੱਟੀ ਪੁਸ਼ਾਕ ਅਤੇ ਕਾਲੇ ਖੰਭਾਂ ਵਾਲੀ ਟੋਪੀ ਪਹਿਨ ਕੇ ਨਚਿਆ ਜਾਂਦਾ ਹੈ। ਢੋਲ, ਨਰਸਿੰਘਿਆਂ ਅਤੇ ਨਗਾਰਿਆਂ ਆਦਿ ਨਾਲ ਸਾਜ਼ਿੰਦੇ ਲੜਾਈ ਦੀ ਮਾਰੂ ਧੁਨੀ ਵਜਾਉਂਦੇ ਹਨ ਤਾਂ ਨਚਣ ਵਾਲੇ ਗਭਰੂ ਸੱਜੇ ਹੱਥ ਵਿਚ ਤਲਵਾਰ ਲਿਸ਼ਕਾਂਦੇ ਹੋਏ ਅਤੇ ਖੱਬੇ ਹੱਥ ਵਿਚ ਮਿਆਨ ਫੜੀ ਇਉਂ ਨਚਦੇ ਹਨ, ਜਿਵੇਂ ਉਹ ਦੁਸ਼ਮਣਾਂ ਦੇ ਆਹੂ ਲਾਹ ਰਹੇ ਹੋਣ। ਤਲਵਾਰ ਨੂੰ ਘੁੰਮਾਂਦਾ ਹੋਇਆ ਹਰ ਗਭਰੂ ਕਈ ਤਰ੍ਹਾਂ ਦੇ ਕਰਤਬ ਵਿਖਾਂਦਾ ਤੇ ਪੈਂਤੜੇ ਬਦਲਦਾ ਹੈ। ਲੜਾਈ ਦੇ ਕਈ ਦ੍ਰਿਸ਼ ਪੇਸ਼ ਕੀਤੇ ਜਾਂਦੇ ਹਨ। ਬੜਾ ਬੀਰ ਰਸੀ ਵਾਤਾਵਰਣ ਸਿਰਜਿਆ ਜਾਂਦਾ ਹੈ। ਨਾਲ ਨਾਲ ਗੀਤ ਵੀ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਦਿਉਤਿਆਂ ਦੀ ਮਹਿਮਾ ਹੁੰਦੀ ਹੈ। ਕਈ ਗਭਰੂ ਦੋ ਤਲਵਾਰਾਂ ਫੜ ਕੇ ਨਚਦੇ ਹਨ, ਪਰ ਕਈ ਤਿੰਨ; ਤੀਜੀ ਤਲਵਾਰ ਦੰਦਾਂ ਵਿਚ ਫੜੀ ਹੁੰਦੀ ਹੈ।

ਤੀਵੀਆਂ ਦੀ ਨਾਟੀ ਵਖਰੀ ਕਿਸਮ ਦੀ ਹੈ। ਤੀਵੀਆਂ ਊਨੀ ਸ਼ਾਲ ਪਹਿਨ ਕੇ ਅਤੇ ਸਿਰ 'ਤੇ ਰੰਗ-ਬਰੰਗੇ ਪੱਲੇ ਲੈ ਕੇ ਘੇਰੇ ਵਿਚ ਨਚਦੀਆਂ ਹਨ। ਉਨ੍ਹਾਂ ਨੇ ਸੱਜੇ ਹੱਥ ਵਿਚ ਰੁਮਾਲ ਫੜੇ ਹੁੰਦੇ ਹਨ, ਜਿਨ੍ਹਾਂ ਨੂੰ ਉਹ ਅੱਠਾਂ ਚਾਪਾਂ ਮਗਰੋਂ, ਅੱਗੇ ਵਲ ਕਦਮ ਪੁਟਦਿਆਂ ਹੋਇਆਂ, ਲਹਿਰਾਂਦੀਆਂ ਹਨ। ਕਈ ਵਾਰ ਉਹ ਗੌਰਵ ਨਾਲ ਚਾਰ ਕਦਮ ਤੁਰ ਕੇ ਪੰਜਵੇਂ ਉਤੇ ਰੁਕਦੀਆਂ ਹਨ ਅਤੇ ਫਿਰ ਤਿੰਨ ਕਦਮ ਹੋਰ ਅੱਗੇ ਵਲ ਪੁਟਦੀਆਂ ਹਨ। ਇਹ ਸਾਰਾ ਦ੍ਰਿਸ਼ ਬੜਾ ਦਿਲਖਿਚਵਾਂ ਹੁੰਦਾ ਹੈ।

ਕਾਂਗੜੇ ਦੇ ਗਦੀ ਹੋਲੀਆਂ ਦੇ ਦਿਨਾਂ ਵਿਚ ਖ਼ੂਬ ਨਚਦੇ ਹਨ। ਨਚਣ ਵੇਲੇ ਲੋਕੀਂ ਇਕ ਘੇਰਾ ਬਣਾ ਲੈਂਦੇ ਹਨ। ਫਿਰ ਬਾਹਵਾਂ ਨੂੰ ਮਟਕਾਂਦੇ ਹੋਏ ਉਹ ਗੌਰਵ ਨਾਲ ਨਿਕੇ ਨਿਕੇ ਕਦਮ ਪੁਟਦੇ ਹਨ। ਕਈ ਵਾਰ ਉਹ ਖੱਬੇ ਪੈਰ ਨਾਲ ਦੋ ਵਾਰ ਧਮਕ ਦੇ ਕੇ ਤੀਜੀ ਵਾਰ ਸੱਜੇ ਪੈਰ ਨੂੰ ਅੱਗੇ ਵਧਾਉਂਦੇ ਹਨ। ਕਈ ਵਾਰ ਉਹ ਨਚਦੇ ਹੋਏ ਇਕ ਲੱਤ ਨੂੰ ਉੱਚੀ ਚੁਕ ਕੇ ਤੇ ਸਰੀਰ ਨੂੰ ਅੱਗੇ ਵਲ ਝੁਕਾ ਕੇ, ਪਹਿਲਾਂ ਇਕ ਲੱਤ ਨੂੰ ਚੁਕ ਕੇ ਤਾੜੀ ਮਾਰਦੇ ਹਨ, ਫਿਰ ਦੂਜੀ ਲੱਤ ਨੂੰ ਚੁਕ ਕੇ। ਇਹ ਦ੍ਰਿਸ਼ ਬੜਾ ਦਿਲਖਿਚਵਾਂ ਹੁੰਦਾ ਹੈ।

ਗਦੀ ਤੀਵੀਆਂ ਮਰਦਾਂ ਨਾਲੋਂ ਅਲਹਿਦਾ ਨਚਦੀਆਂ ਹਨ। ਉਨ੍ਹਾਂ ਦਾ ਨਾਚ ਬੜਾ ਸਰਲ ਹੈ। ਬਸ ਬਾਹਵਾਂ ਮਟਕਾਂਦਿਆਂ ਚੁਟਕੀ ਵਜਾਣੀ ਅਤੇ ਫਿਰ ਹੱਥ ਹਿਲਾ ਕੇ ਤਾੜੀ ਮਾਰਨੀ। ਤਾੜੀ ਵਜਾਣ ਦੇ ਨਾਲ ਉਹ ਹੇਠਾਂ ਵਲ ਝੁਕਦੀਆਂ ਹਨ। ਕਈ ਵਾਰ ਇਕ ਪੈਰ 'ਤੇ ਹੁਲਾਰਾ ਲੈ ਕੇ ਅੱਧਾ ਚੱਕਰ ਕਟਦੀਆਂ ਹਨ ਅਤੇ ਦੂਜੇ ਹੁਲਾਰੇ ਨਾਲ ਮੁੜ ਪਹਿਲੇ ਵਾਂਗ ਖੜੀਆਂ ਹੋ ਜਾਂਦੀਆਂ ਹਨ।

ਹਿਮਾਚਲ ਦੇ ਕੁਝ ਹੋਰ ਲੋਚ-ਨਾਚ—ਰਾਸ, ਛੜੀ ਅਤੇ ਕਰਥੀ ਹਨ। ਕਰਥੀ ਦੂਰ-ਦੁਰਾਡੇ ਇਲਾਕਿਆਂ ਵਿਚ ਪ੍ਰਚਲਤ ਹੈ ਅਤੇ ਫ਼ਸਲਾਂ ਦੀ ਕਟਾਈ ਪਿਛੋਂ, ਮਰਦ ਅਤੇ ਤੀਵੀਆਂ, ਚਾਂਨਣੀਆਂ ਰਾਤਾਂ ਵਿਚ, ਕਿਸੇ ਖੁਲ੍ਹੀ ਥਾਂ ਨਚਦੇ ਹਨ। ਹਿਮਾਚਲ ਵਿਚ ਕੁਝ ਦੈਂਤ ਨਿਰਤ ਵੀ ਪ੍ਰਚਲਤ

Sri Satguru Jagjit Singh Ji eLibrary NamdhariElibrary@gmail.com

ਹਨ, ਜੋ ਵਡੇ ਆਕਾਰ ਦੇ ਮਖੌਟੇ ਅਤੇ ਲੰਮੇ ਚੋਗੇ ਪਹਿਨ ਕੇ ਨਚੇ ਜਾਂਦੇ ਹਨ। ਇਨ੍ਹਾਂ ਨਾਚਾਂ ਦੁਆਰਾ ਕੋਈ ਕਥਾ-ਕਹਾਣੀ ਪੇਸ਼ ਕੀਤੀ ਜਾਂਦੀ ਹੈ, ਜਾਂ ਫਿਰ ਨੇਕੀ ਬਦੀ ਦਾ ਯੁੱਧ।

**ਲੋਕ-ਨਾਟ :** ਲੋਕ-ਨਾਟ ਆਮ ਤੌਰ ਤੇ ਖੁਲ੍ਹੇ ਖੇਤਾਂ ਵਿਚ ਖੇਡੇ ਜਾਂਦੇ ਹਨ। ਖੇਤਾਂ ਦੇ ਵਿਚਕਾਰ, ਦੋ ਤਿੰਨ ਫ਼ੁਟ ਉੱਚੇ ਬਾਂਸਾਂ ਦੁਆਲੇ, ਰਸੀਆਂ ਬੰਨ੍ਹ ਕੇ ਰੰਗਮੰਚ ਬਣਾ ਲਿਆ ਜਾਂਦਾ ਹੈ। ਦਰਸ਼ਕ ਮੰਚ ਦੇ ਦੁਆਲੇ ਘੇਰੇ ਵਿਚ ਬੈਠ ਜਾਂਦੇ ਹਨ। ਵਧੇਰੇ ਪ੍ਰਸਿਧ ਲੋਕ-ਨਾਟ ਸਾਂਗ ਹੈ। ਇਸ ਦੇ ਕੁਝ ਵਿਸ਼ੇਸ਼ ਰੂਪ ਕਰਯਾਲ ਅਤੇ ਬੰਥਰ ਹਨ। ਸਾਂਗ ਵਿਚ ਪੇਂਡੂ ਜੀਵਨ ਦੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਪਾਤਰ ਆਮ ਤੌਰ ਤੇ ਨਮੂਨੇ ਦਾ ਚੁਣਿਆ ਜਾਂਦਾ ਹੈ, ਜਿਵੇਂ ਪਿੰਡ ਦਾ ਕੰਜੂਸ ਸ਼ਾਹੂਕਾਰ। ਇਨ੍ਹਾਂ ਨਾਟਾਂ ਵਿਚ ਪਹਾੜੀ ਲੋਕ-ਚੇਤਨਾ ਪੂਰੀ ਤਰ੍ਹਾਂ ਵਿਅਕਤ ਹੋਈ ਹੈ।

ਕਈ ਥਾਈਂ ਕਾਵਿ-ਨਾਟ ਵੀ ਖੇਡੇ ਜਾਂਦੇ ਹਨ, ਜਿਨ੍ਹਾਂ ਨੂੰ ਸੀਹ, ਰਾਵਲ ਅਤੇ ਬੂਰਾ ਕਹਿੰਦੇ ਹਨ। ਕਾਵਿ-ਨਾਟ ਵਿਚ ਕੋਈ ਅਜਿਹੀ ਕਥਾ ਪੇਸ਼ ਹੁੰਦੀ ਹੈ, ਜੋ ਕਈ ਪੀੜੀਆਂ ਤੋਂ ਮੂੰਹੋਂ ਮੂੰਹ ਚਲੀ ਆ ਰਹੀ ਹੋਵੇ। ਕਾਵਿ-ਨਾਟ ਵਿਚ ਸਾਜ਼ਾਂ ਨਾਲ ਲੋਕ-ਗੀਤ ਵੀ ਗਾਏ ਜਾਂਦੇ ਹਨ ਅਤੇ ਨਾਚੇ ਲਕੜੀਆਂ ਦੇ ਮਖੌਟੇ ਪਹਿਨ ਕੇ ਅਭਿਨੈ ਕਰਦੇ ਹਨ। ਕਥਾ ਨੂੰ ਨਾਚਾਂ, ਸੰਕੇਤਾਂ ਅਤੇ ਹਾਵਾਂ ਭਾਵਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਕਦੇ ਕਦੇ ਕੋਈ ਪੌਰਾਣਿਕ ਕਥਾ ਵੀ ਵਿਅਕਤ ਕੀਤੀ ਜਾਂਦੀ ਹੈ। ਕਈ ਵਾਰ ਕਿਸੇ ਦਿਉਤੇ, ਦੈਂਤ, ਡੈਣ, ਮਸਖ਼ਰੇ, ਹਟਵਾਣੀਏ ਜਾਂ ਬਾਣੀਏ ਆਦਿ ਦਾ ਕਰਦਾਰ ਹਾਸ-ਵਿਨੋਦ ਤੇ ਵਿਅੰਗ ਦੁਆਰਾ ਪੇਸ਼ ਕੀਤਾ ਜਾਂਦਾ ਹੈ।

ਪਹਾੜੀ ਲੋਕ-ਗੀਤਾਂ ਵਿਚ ਪ੍ਰਾਕ੍ਰਿਤਕ ਸੁੰਦਰਤਾ ਦਾ ਬੜਾ ਦਿਲਕਸ਼ ਵਰਨਣ ਹੈ। ਪਹਾੜੀਆਂ ਦਾ ਦੇਸ਼-ਪਿਆਰ 'ਜੀਣਾ ਪਹਾੜਾਂ ਦਾ ਜੀਣਾ' ਆਦਿ ਗੀਤਾਂ ਵਿਚ ਪ੍ਰਗਟ ਹੁੰਦਾ ਹੈ। ਪਰ ਕੁਝ ਗੀਤਾਂ ਵਿਚ ਪਹਾੜੀਆਂ ਦੀ ਆਰਥਿਕ ਦਸ਼ਾ ਤੇ ਕਰੜੇ ਜੀਵਨ ਵਲ ਵੀ ਸੰਕੇਤ ਮਿਲਦੇ ਹਨ। ਪ੍ਰੀਤ ਦੇ ਗੀਤਾਂ ਵਿਚ ਨਿਸ਼ੰਗਤਾ ਤੇ ਸਹਿਜ ਹੈ। ਦਿਲਾਂ ਦੀਆਂ ਗੱਲਾਂ ਭਾਵਾਂ ਦੁਆਰਾ ਪ੍ਰਗਟਾਈਆਂ ਹਨ। ਸ਼ਬਦ ਭਾਵ ਬਣ ਕੇ ਨਿਕਲੇ ਹਨ। ਬਿਰ੍ਹੋਂ ਦੇ ਗੀਤ ਮਾਰਮਿਕ ਹਨ। ਪਹਾੜਨਾਂ, ਮੈਦਾਨਾਂ ਵਿਚ ਨੌਕਰੀ ਦੀ ਖ਼ਾਤਰ ਗਏ, ਗਭਰੂਆਂ ਦੀ ਉਡੀਕ ਵਿਚ ਵਿਆਕੁਲ ਹਨ।

ਪਹਾੜੀਆਂ ਦੀਆਂ ਪ੍ਰੀਤ-ਕਥਾਵਾਂ ਬੜੀਆਂ ਵੇਦਨਾ ਭਰੀਆਂ ਹਨ। ਫੁਲਮੋਂ ਤੇ ਰਾਂਝਾ, ਕੁੰਜੂ, ਗੰਗੀ ਤੇ ਮੋਹਣਾ ਦੇ ਗੀਤਾਂ ਵਿਚ ਦਰਦ ਹੈ। ਫੁਲਮੋ ਦੇ ਗੀਤ 'ਗੱਲਾਂ ਹੋਈ ਬੀਤੀਆਂ' ਬੜੇ ਕਰੁਣਾਮਈ ਹਨ।

**ਲੋਕ-ਕਲਾ**—ਹਿਮਾਚਲ ਪ੍ਰਦੇਸ਼ ਵਿਚ ਲੋਕ-ਕਲਾ ਆਪਣੇ ਪੂਰੇ ਪਖ-ਪਸਾਰ ਵਿਚ ਵਿਗਸੀ ਹੈ। ਇਸ ਵਿਚ ਸੂਹਜ ਵੀ ਹੈ ਅਤੇ ਸਹਿਜ ਵੀ, ਸਜੀਵਤਾ ਵੀ ਅਤੇ ਭਾਵਨਾ ਵੀ। ਪਹਾੜੀ ਖੇਤਰ ਵਿਚ ਕਲਾ ਦੇ ਵਿਗਸਣ ਦੇ ਕੁਝ ਵਿਸ਼ੇਸ਼ ਕਾਰਨ ਹਨ। ਇਕ ਤਾਂ ਇਹ ਇਲਾਕਾ ਮੈਦਾਨਾਂ ਵਿਚ ਹੁੰਦੀ ਲੁਟਮਾਰ ਤੋਂ ਹਮੇਸ਼ਾਂ ਬਚਿਆ ਰਿਹਾ। ਦੂਜਾ, ਪਹਾੜਾਂ ਵਿਚ ਇਕਾਂਤ ਸੀ ਅਤੇ ਪ੍ਰਾਕ੍ਰਿਤਕ ਵਾਤਾਵਰਨ ਵਿਚ ਕਲਾਕਾਰ ਆਪਣੀ ਪੂਰੀ ਲਗਨ ਤੇ ਇਕਾਗਰਤਾ ਨਾਲ ਕੰਮ ਕਰ ਸਕਦਾ ਸੀ। ਸ਼ਾਂਤ ਵਾਤਾਵਰਨ ਨੇ ਕਲਾਕਾਰਾਂ ਨੂੰ ਸ਼ਕਤੀ ਦਿਤੀ। ਤੀਜਾ, ਪਹਾੜੀ ਰਾਜਿਆਂ ਨੇ ਕਲਾ ਦੀ ਸਰਪ੍ਰਸਤੀ ਕੀਤੀ। ਕਈ ਕਲਾਕਾਰ ਇਕ ਰਾਜੇ ਦੀ ਸਰਪ੍ਰਸਤੀ ਤਿਆਗ ਕੇ ਦੂਜੇ ਰਾਜੇ ਕੋਲ ਚਲੇ ਜਾਂਦੇ ਸਨ, ਜਿਸ ਕਰ ਕੇ ਕਲਾਕਾਰਾਂ ਦੀਆਂ ਸ਼ੈਲੀਆਂ ਅਤੇ ਵਸਤੂ ਵਿਚ ਪਰਿਵਰਤਨ ਆਉਂਦੇ ਰਹੇ ਅਤੇ ਇਕ ਸਾਂਝੀ ਪਹਾੜੀ ਕਲਾ ਜਨਮ ਲੈਂਦੀ ਰਹੀ।

ਹਿਮਾਚਲ ਪ੍ਰਦੇਸ਼ ਦੀ ਕਲਾ ਸ਼ੁਧ ਰੂਪ ਵਿਚ ਦੇਸੀ ਨਹੀਂ, ਇਸ ਉਤੇ ਪੰਜਾਬੀ ਅਤੇ ਰਾਜਪੂਤੀ ਕਲਾ ਦਾ ਡੂੰਘਾ ਪ੍ਰਭਾਵ ਹੈ। ਜਾਪਦਾ ਹੈ ਕਿ ਗੰਧਾਰਾ ਸਕੂਲ ਤੋਂ ਮਗਰੋਂ ਪੰਜਾਬ ਵਿਚ ਗੁਪਤ ਕਾਲ ਦੇ ਦੌਰਾਨ ਜੋ ਕਲਾ ਪੈਦਾ ਹੋਈ, ਉਸੇ ਉਤੇ ਪਹਾੜੀ ਕਲਾ ਦੀ ਬੁਨਿਆਦ ਰਖੀ ਗਈ ਤੇ ਉਸੇ ਉਤੇ ਰਾਜਪੂਤੀ ਕਲਾ ਦੀ ਪਾਣ ਚਾੜ੍ਹੀ ਗਈ।

ਪਹਾੜੀ ਚਿਤਰਕਾਰੀ ਕਈ ਰੂਪਾਂ ਵਿਚ ਵਿਗਸੀ ਹੈ। ਇਕ ਤਾਂ ਸਿੱਧੇ ਚਿਤਰ ਹਨ, ਜੋ ਕਾਗ਼ਜ਼ ਉਤੇ ਬਣਾਏ ਗਏ ਹਨ। ਦੂਜਾ, ਕੰਧ ਚਿਤਰ ਹਨ, ਜੋ ਅਮੀਰਾਂ ਦੇ ਮਹਿਲਾਂ ਅਤੇ ਮੰਦਰਾਂ ਵਿਚ, ਕੰਧਾਂ ਉਤੇ ਉਕਰੇ ਹੋਏ ਮਿਲਦੇ ਹਨ। ਇਹ ਚਿਤਰ ਚੰਬਾ, ਕੁੱਲੂ, ਮੰਡੀ, ਧਮਤਲ, ਸੁਜਾਨਪੁਰ ਆਦਿ ਵਿਚ ਆਮ ਵੇਖੇ ਜਾ ਸਕਦੇ ਹਨ। ਤੀਜੇ ਸੈਂਚੀ ਚਿਤਰ ਹਨ, ਜੋ ਹਥ-ਲਿਖਤਾਂ ਦੇ ਪੰਨਿਆਂ ਵਿਚ ਅੰਕਿਤ ਮਿਲਦੇ ਹਨ।

ਪਹਾੜੀ ਚਿਤਰਾਂ ਦੇ ਵਿਸ਼ੇ-ਵਸਤੂ ਬਹੁਰੰਗੇ ਹਨ, ਪਰ ਫਿਰ ਵੀ ਇਨ੍ਹਾਂ ਨੂੰ ਚਾਰ ਪ੍ਰਧਾਨ ਵਿਸ਼ਿਆਂ ਵਿਚ ਵੰਡਿਆ ਜਾ ਸਕਦਾ ਹੈ :—

(1) ਧਾਰਮਿਕ—ਰਾਮਾਇਣ, ਮਹਾਂਭਾਰਤ ਜਾਂ ਪੁਰਾਣ ਦੀ ਕੋਈ ਘਟਨਾ, ਸੀਤਾ ਦਾ ਵਿਜੋਗ ਤੇ ਸੰਤਾਪ, ਕ੍ਰਿਸ਼ਨ ਦੀਆਂ ਬਾਲ ਲੀਲਾਵਾਂ, ਕਾਲੀਏ ਨਾਗ ਨਾਲ ਯੁੱਧ। (2) ਬਾਰਾਮਾਸਾ ਦਾ ਵਿਸ਼ਾ ਬੜਾ ਮਕਬੂਲ ਹੋਇਆ ਹੈ। ਇਨ੍ਹਾਂ ਚਿਤਰਾਂ ਵਿਚ ਬਦਲਦੀਆਂ ਰੁੱਤਾਂ ਨੂੰ ਪ੍ਰਾਕ੍ਰਿਤਕ ਪਿਠਭੂਮੀ ਵਿਚ ਮਨੁਖੀ ਭਾਵਾਂ ਨਾਲ ਇਕਸੁਰ ਕਰ ਕੇ ਪੇਸ਼ ਕੀਤਾ ਗਿਆ ਹੈ। ਹਰ ਮਹੀਨੇ ਦਾ ਵਖਰਾ ਰੰਗ-ਰੂਪ ਹੀ ਨਹੀਂ, ਚਰਿਤ੍ਰ ਵੀ ਵਖਰਾ ਦਰਸਾਇਆ ਹੈ। (3) ਰਾਗ ਮਾਲਾ—ਸਨਾਤਨੀ ਰਾਗਾਂ ਅਤੇ ਰਾਗਣੀਆਂ ਨੂੰ ਸਮੂਰਤ ਰੂਪ ਵਿਚ ਪੇਸ਼ ਕਰਨਾ ਆਪਣੇ ਆਪ ਵਿਚ ਹੀ ਅਦਭੁਤ ਕਲਾ ਹੈ। ਰਾਗ ਦੀ ਸੂਖਮਤਾ ਅਤੇ ਉਭਰਦੀਆਂ ਸੁਰਾਂ ਨੂੰ ਜੋ ਨੁਹਾਰ ਦਿਤੀ ਗਈ ਹੈ, ਉਹ ਬੇਮਿਸਾਲ ਹੈ। (4) ਕੁਝ ਸਮਾਜਿਕ ਚਿਤਰ ਵੀ ਹਨ, ਜਿਸ ਵਿਚ ਕੋਈ ਦਰਬਾਰੀ ਦ੍ਰਿਸ਼, ਸ਼ਾਹੀ ਠਾਠ ਬਾਠ, ਵਿਆਹ ਸ਼ਾਦੀ ਜਾਂ ਕੋਈ ਨਜ਼ਾਰਾ ਰੂਪਮਾਨ ਕੀਤਾ ਗਿਆ ਹੈ।

ਚਿਤਰਕਾਰੀ ਵਿਚ ਹਿਮਾਚਲ ਦੀ ਪਹਾੜੀ ਕਲਮ ਨੂੰ ਸੰਸਾਰ ਵਿਚ ਬੜੀ ਪ੍ਰਸਿਧਤਾ ਮਿਲੀ ਹੈ। ਹਰੇਕ ਇਲਾਕੇ ਦੀ ਆਪੋ ਆਪਣੀ ਨਵੇਕਲੀ ਸ਼ੈਲੀ ਹੈ ਅਤੇ ਇਕ ਇਲਾਕੇ ਦੇ ਸਾਰੇ ਚਿਤਰ ਵਖਰੀ ਸਥਾਨਿਕ ਨੁਹਾਰ ਕਾਰਨ 'ਕਲਮ' ਦੇ ਨਾਂ ਨਾਲ ਪ੍ਰਸਿਧ ਹੋਏ ਹਨ, ਜਿਵੇਂ ਕਾਂਗੜਾ ਕਲਮ, ਬਸੋਲੀ ਕਲਮ, ਚੰਬਾ ਕਲਮ, ਕੁੱਲੂ ਕਲਮ, ਗੁੱਲਰ ਕਲਮ, ਨੂਰਪੁਰ ਕਲਮ, ਬਿਲਾਸਪੁਰ ਕਲਮ, ਮੰਡੀ ਕਲਮ ਆਦਿ। ਕਲਮਾਂ ਦੇ ਨਾਂ ਹੇਠ 35 ਦੇ ਲਗਪਗ ਸ਼ੈਲੀਆਂ ਹਨ, ਜਿਨ੍ਹਾਂ ਦਾ ਸਾਮੂਹਿਕ ਨਾਉਂ ਚਿਤਰਕਾਰੀ ਦੀ ਪਹਾੜੀ ਕਲਮ ਹੈ। ਕਾਂਗੜੇ ਦੀ ਕਲਮ ਵਿਚ ਲਕੀਰਾਂ ਦੀ ਨਜ਼ਾਕਤ ਹੈ, ਰੰਗ ਸ਼ੋਖ਼ ਹਨ। ਨਿਕਾ ਨਿਕਾ ਵਿਸਥਾਰ ਹੈ। ਔਰਤਾਂ ਦੇ ਚਿਤਰ ਖ਼ੂਬਸੂਰਤ ਹਨ। ਇਸ ਤਰ੍ਹਾਂ ਹਰ ਕਲਮ ਦੀ ਨੁਹਾਰ ਵਖਰੀ ਹੈ, ਕੋਈ ਕਲਮ ਬਿਰਤੀ ਵਿਚ ਸ਼ਿੰਗਾਰਮਈ ਹੈ, ਕੋਈ ਸੁਹਜ ਉਤੇ ਬਲ ਦਿੰਦੀ ਹੈ। ਚੰਬੇ ਦੇ ਰੁਮਾਲ ਵੀ ਕਲਾ ਦਾ ਇਕ ਉੱਤਮ ਨਮੂਨਾ ਹਨ। ਪੰਜਾਬ ਦੀ ਫੁਲਕਾਰੀ ਵਾਂਗ ਚੰਬੇ ਦੀਆਂ ਤੀਵੀਆਂ ਰੁਮਾਲ ਕਢਦੀਆਂ ਹਨ। ਚੰਬੇ ਵਿਚ ਮਰਦ ਜੋ ਕੁਝ ਬੁਰਸ਼ ਅਤੇ ਰੰਗਾਂ ਨਾਲ ਸਿਰਜਦੇ ਰਹੇ ਹਨ, ਉਹੀ ਕੁਝ ਇਸਤ੍ਰੀਆਂ ਸੂਈ ਧਾਗੇ ਨਾਲ ਕਪੜੇ ਉਤੇ ਰਚਦੀਆਂ ਰਹੀਆਂ ਹਨ। ਰੁਮਾਲ ਦੀ ਬੁਣਤੀ ਦੋ ਰੁਖੀ ਹੁੰਦੀ ਹੈ, ਭਾਵ ਦੋਹਾਂ ਪਾਸਿਆਂ ਤੋਂ ਸਿਧੀ ਲਗਦੀ ਹੈ।

ਕੁਝ ਪਹਾੜੀ ਚਿਤਰਾਂ ਵਿਚ ਪੰਜਾਬ ਦੇ ਪ੍ਰਸਿਧ ਪ੍ਰੇਮੀਆਂ—ਹੀਰ ਰਾਂਝਾ, ਸੋਹਣੀ ਮਹੀ ਵਾਲ ਅਤੇ ਮਿਰਜ਼ਾ ਸਾਹਿਬਾਂ ਦੇ ਚਿਤਰ ਹਨ, ਜੋ ਬੜੇ ਸ਼ੋਖ਼, ਰੁਮਾਂਚਿਕ ਤੇ ਪ੍ਰਭਾਵਸ਼ਾਲੀ ਹੋਣ ਕਰ ਕੇ ਬੇਮਿਸਾਲ ਹਨ। ਇਕ ਚਿਤਰ ਵਿਚ ਮਿਰਜ਼ਾ ਨੇਜ਼ਾ ਹੱਥ ਵਿਚ ਫੜੀ ਘੋੜੇ ਉਤੇ ਸਵਾਰ ਹੈ ਤੇ ਸਾਹਿਬਾਂ ਸਹੇਲੀਆਂ ਨਾਲ ਬੈਠੀ ਚਰਖ਼ਾ ਕੱਤ ਰਹੀ ਹੈ। ਇਕ ਚਿਤਰ ਵਿਚ ਸੋਹਣੀ ਝਨਾਂ ਵਿਚ ਤਰਦੀ ਵਿਖਾਈ ਗਈ ਹੈ। ਪਹਾੜੀ ਕਲਾ ਵਿਚ ਕਈ ਕਲਾ-ਪਰੰਪਰਾਵਾਂ ਇਕ ਦੂਜੀ ਵਿਚ ਰਚਮਿਚ ਗਈਆਂ ਹਨ। ਇਹੋ ਇਹਦਾ ਗੌਰਵ ਹੈ ਤੇ

Sri Satguru Jagjit Singh Ji eLibrary NamdhariElibrary@gmail.com

ਇਹੋ ਇਹਦੀ ਖ਼ੂਬਸੂਰਤੀ।

(ਹ-137) **ਹਿਰਨ :**

ਪੰਜਾਬੀ ਲੋਕ-ਗੀਤਾਂ ਤੇ ਕਥਾਵਾਂ ਵਿਚ ਹਿਰਨ ਦਾ ਵਰਨਣ ਕਾਫ਼ੀ ਮਾਤ੍ਰਾ ਵਿਚ ਤੇ ਕਈ ਰੂਪਾਂ ਵਿਚ ਮਿਲਦਾ ਹੈ। ਕਾਲੇ, ਕਸਤੂਰੇ ਅਤੇ ਹੀਰੇ ਹਿਰਨ ਬਾਰੇ ਵਿਸ਼ੇਸ਼ ਲੋਕਧਾਰਾਈ ਸਾਮਗ੍ਰੀ ਵੀ ਪ੍ਰਚਲਤ ਹੈ। ਕਸਤੂਰਾ ਉਸ ਹਿਰਨ ਨੂੰ ਕਹਿੰਦੇ ਹਨ, ਜਿਸ ਦੀ ਧੁੰਨੀ ਵਿਚੋਂ ਕਸਤੂਰੀ ਨਿਕਲਦੀ ਹੈ। ਇਹ ਹਿਰਨ ਕਸਤੂਰੀ ਦੀ ਮਹਿਕ ਪਿਛੇ ਜੰਗਲਾਂ ਵਿਚ, ਇਸ ਗੱਲ ਤੋਂ ਬੇਖ਼ਬਰ ਭਟਕਦਾ ਫਿਰਦਾ ਹੈ ਕਿ ਇਹ ਮਹਿਕ ਉਸ ਦੀ ਆਪਣੇ ਅੰਦਰ ਦੀ ਹੈ। ਭਗਤੀ ਲਹਿਰ ਦੇ ਸੰਤ ਕਵੀਆਂ ਨੇ ਇਸ ਨੂੰ ਮਨੁੱਖ ਦੀ ਅਗਿਆਨਤਾ ਦੇ ਰੂਪਕ ਵਜੋਂ ਵਰਤਿਆ ਹੈ।

ਕਾਲਾ ਹਿਰਨ ਵਿਸ਼ੇਸ਼ ਲੰਪਟ ਗਭਰੂ ਲਈ ਕਾਵਿ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ। ਇਹ ਪ੍ਰਤੀਕ ਪਹਿਲਾਂ ਲੋਕ-ਗੀਤਾਂ ਵਿਚ ਉਭਰਿਆ— 'ਕਾਲਿਆ ਹਰਨਾ ਬਾਗ਼ੀ ਚਰਨਾ, ਤੇਰੇ ਪੈਰੀਂ ਝਾਂਜਰਾਂ ਪਾਈਆਂ', ਜੋ ਮਗਰੋਂ ਗੁਰਬਾਣੀ ਵਿਚ ਵੀ ਪ੍ਰਯੋਗ ਹੋਇਆ—"ਤੂੰ ਸੁਣਿ ਹਰਣਾ ਕਾਲਿਆ, ਕੀ ਵਾੜੀਐ ਰਾਤਾ" (ਆਸਾ ਛੰਤ ਮ: ੧)। ਸੰਭਵ ਹੈ ਕਿ ਕਾਲੇ ਹਿਰਨ ਦਾ ਇਹ ਸੰਕਲਪ ਗੁਰਬਾਣੀ ਵਿਚੋਂ ਲੋਕ-ਗੀਤਾਂ ਵਿਚ ਪ੍ਰਵੇਸ਼ ਕਰ ਗਿਆ ਹੋਵੇ।

ਹੀਰਾ ਹਿਰਨ ਦਾ ਜ਼ਿਕਰ ਰਸਾਲੂ ਤੇ ਕੋਕਿਲਾਂ ਦੀ ਕਥਾ ਵਿਚ ਆਉਂਦਾ ਹੈ। ਹੀਰਾ ਹਿਰਨ ਹਿਰਨਾਂ ਦਾ ਸਰਦਾਰ ਸੀ ਅਤੇ ਰਾਣੀ ਕੋਕਿਲਾਂ ਦੇ ਰੂਪ, ਜੁਆਨੀ ਤੇ ਅਨੁਪਮ ਸੁੰਦਰਤਾ ਦਾ ਖਿਚਿਆ ਉਸ ਕੋਲ ਆ ਖੜਾ ਹੋਇਆ। ਰਸਾਲੂ ਨੇ ਈਰਖਾ ਵਸ ਉਸ ਦਾ ਕੰਨ ਕਟ ਦਿਤਾ। ਅਪਮਾਨਤ ਹੀਰੇ ਹਿਰਨ ਨੇ, ਰਾਜੇ ਰਸਾਲੂ ਤੋਂ ਬਦਲਾ ਲੈਣ ਦੀ ਭਾਵਨਾ ਨਾਲ, ਜੰਗਲ ਵਿਚ ਸ਼ਿਕਾਰ ਖੇਡਣ ਆਏ, ਰਾਜੇ ਹੋਡੀ ਨੂੰ ਆਪਣੇ ਪਿਛੇ ਲਗਾ ਕੇ ਕੋਕਿਲਾਂ ਦੇ ਮਹਿਲਾਂ ਕੋਲ ਆ ਖੜਾ ਕੀਤਾ। ਰਾਜੇ ਹੋਡੀ ਨੇ ਕੋਕਿਲਾਂ ਨੂੰ ਵੇਖਿਆ, ਤਾਂ ਉਹ ਹੀਰੇ ਹਿਰਨ ਦਾ ਪਿੱਛਾ ਛੱਡ ਕੇ ਮਹਿਲਾਂ ਵਿਚ ਜਾ ਵੜਿਆ (ਵੇਖੋ : ਹੀਰਾ ਹਿਰਨ)।

ਪੁਰਾਣਾਂ ਵਿਚ ਹਿਰਨ ਨੂੰ ਵਾਯੂ ਦੇਵਤੇ ਦਾ ਵਾਹਨ ਮੰਨਿਆ ਗਿਆ ਹੈ। ਸਫ਼ਰ ਵੇਲੇ ਹਿਰਨ ਮਿਲੇ ਤਾਂ ਸ਼ੁਭ ਸ਼ਗਨ ਹੈ।

(ਹ-138) **ਹਿਰਣਯ-ਕਸ਼ਿਪ :**

(ਵੇਖੋ : ਹਰਨਾਕਸ਼)।

(ਹ-139) **ਹਿਰਣਯ-ਗਰਭ :**

ਸੁਨਹਿਰੀ ਆਂਡਾ; ਰਿਗ ਵੇਦ ਅਨੁਸਾਰ ਸ੍ਰਿਸ਼ਟੀ ਦੇ ਆਦਿ ਵਿਚ ਕਰਤਾ ਪੁਰਖ ਹਿਰਣਯ ਗਰਭ ਅਥਵਾ ਸੁਨਹਿਰੀ ਆਂਡੇ ਦੇ ਰੂਪ ਵਿਚ ਪ੍ਰਗਟ ਹੋਇਆ। ਸ਼ਤਪਥ ਬ੍ਰਾਹਮਣ ਤੇ ਮਨੂ ਅਨੁਸਾਰ ਸਿਰਜਣਹਾਰ ਸ੍ਵੈ-ਭੂ ਨੇ ਪਹਿਲਾਂ ਪਾਣੀ ਦੀ ਰਚਨਾ ਕੀਤੀ, ਫਿਰ ਉਸ ਵਿਚ ਇਕ ਬੀਜ ਸੁਟਿਆ, ਜੋ ਸੁਨਹਿਰੀ ਆਂਡੇ (ਹਿਰਣਯ-ਗਰਭ) ਦਾ ਰੂਪ ਧਾਰਨ ਕਰ ਗਿਆ, ਜਿਸ ਵਿਚੋਂ ਕਰਤਾ ਪੁਰਖ ਖ਼ੁਦ ਬ੍ਰਹਮਾ ਦੇ ਰੂਪ ਵਿਚ ਪ੍ਰਗਟ ਹੋਇਆ।। ਸ਼ਤਪਥ ਬ੍ਰਾਹਮਣ ਅਨੁਸਾਰ ਉਸ ਨੇ ਪਹਿਲਾਂ ਦੇਵਤੇ ਪੈਦਾ ਕੀਤੇ। ਫਿਰ ਤਿੰਨਾਂ ਲੋਕਾਂ ਵਿਚ, ਅਥਵਾ ਇਸ ਲੋਕ ਵਿਚ ਅਗਨੀ, ਪੁਲਾੜ ਵਿਚ ਵਾਯੂ ਅਤੇ ਆਕਾਸ਼ ਵਿਚ ਸੂਰਜ ਨੂੰ ਉਦੇ ਕੀਤਾ।

ਮਨੂ ਅਨੁਸਾਰ ਹਿਰਣਯ ਗਰਭ ਖ਼ੁਦ ਬ੍ਰਹਮਾ ਹੀ ਸੀ। ਕਈ ਵਰ੍ਹੇ ਜੜ੍ਹ ਰੂਪ ਵਿਚ ਰਹਿਣ ਮਗਰੋਂ ਬ੍ਰਹਮਾ ਨੇ, ਆਪਣੇ ਫੁਰਨੇ ਦੀ ਸ਼ਕਤੀ ਨਾਲ, ਹਿਰਣਯ ਗਰਭ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਉਪਰਲਾ ਖੋਲ ਸੁਰ ਲੋਕ ਬਣਿਆ ਅਤੇ ਹੇਠਲਾ ਖੋਲ ਪ੍ਰਿਥਵੀ; ਮੱਧ ਵਿਚ ਆਕਾਸ਼ ਸਿਰਜਿਆ ਗਿਆ।

ਰਿਗ ਵੇਦ ਅਨੁਸਾਰ ਹਿਰਣਯ-ਗਰਭ ਹੀ ਸ੍ਰਿਸ਼ਟੀ ਦੇ ਆਦਿ ਵਿਚ, ਸਭ ਜੀਵਾਂ ਦੇ ਸਿਰਜਣਹਾਰ ਦੇ ਰੂਪ ਵਜੋਂ ਪ੍ਰਗਟ ਹੋਇਆ। ਉਸ ਨੇ ਹੀ ਆਪਣੇ ਆਪ ਅੰਦਰ ਸਵਰਗ ਤੇ ਪ੍ਰਿਥਵੀ ਨੂੰ ਸਮਾਇਆ ਹੋਇਆ ਸੀ। ਉਹ ਹੀ ਜੀਵਨ ਤੇ ਪ੍ਰਾਣਾਂ ਦਾ ਦਾਤਾ ਹੈ। ਉਸ ਦੇ ਹੁਕਮ ਨੂੰ ਦੇਵਤੇ ਵੀ ਮੰਨਦੇ ਹਨ ਤੇ ਉਹ ਦੇਵਤਿਆਂ ਦਾ ਵੀ ਦੇਵਤਾ ਹੈ। ਉਹੋ ਹੀ ਸਭਨਾਂ ਨੂੰ ਜੀਵਨ ਦਾ ਦਾਨ ਕਰਨ ਵਾਲਾ ਪ੍ਰਧਾਨ ਤੱਤ ਹੈ।

(ਹ-140) **ਹਿੜੰਬਾ :**

ਮਹਾਂਭਾਰਤ ਅਨੁਸਾਰ ਹਿੜੰਬਾ ਇਕ ਖ਼ੂਬਸੂਰਤ ਰਾਖਸ਼ਣੀ ਸੀ, ਜੋ ਪ੍ਰਸਿਧ ਦੈਂਤ ਹਿੜਿੰਬ ਦੀ ਭੈਣ ਸੀ। ਹਿੜਿੰਬ ਬੜਾ ਵਿਕਰਾਲ ਤੇ ਅਤਿਆਚਾਰੀ ਦੈਂਤ ਸੀ, ਜੋ ਜੰਗਲ ਵਿਚੋਂ, ਇਕਲੇ ਦੁਕਲੇ ਫਿਰਦੇ ਮਨੁੱਖਾਂ ਨੂੰ ਫੜ ਕੇ ਖਾ ਜਾਂਦਾ ਸੀ। ਬਨਬਾਸ ਦੇ ਦਿਨੀਂ, ਜਦੋਂ ਪਾਂਡੋ ਪਹਾੜਾਂ ਵਿਚ ਨਿਵਾਸ ਕਰ ਰਹੇ ਸਨ, ਤਾਂ ਹਿੜਿੰਬ ਨੇ ਆਪਣੀ ਭੈਣ ਹਿੜੰਬਾ ਨੂੰ ਪਾਂਡਵਾਂ ਕੋਲ ਇਸ ਨੀਤੀ ਨਾਲ ਭੇਜਿਆ ਕਿ ਉਹ ਉਨ੍ਹਾਂ ਸਭਨਾਂ ਨੂੰ ਆਪਣੇ ਰੂਪ ਦੇ ਕਾਮਣ ਨਾਲ, ਉਸ ਦੇ ਕੋਲ ਖਿਚ ਲਿਆਵੇ। ਪਰ ਹਿੜੰਬਾ ਭੀਮਸੈਨ ਨੂੰ ਵੇਖਦੇ ਸਾਰ ਮੋਹਿਤ ਹੋ ਗਈ। ਹਿੜੰਬਾ ਨੇ ਭੀਮਸੈਨ ਨੂੰ ਆਪਣੇ ਪ੍ਰੇਮ ਵਿਚ ਫਾਹਣ ਦੀ ਨਿਸਫਲ ਕੋਸ਼ਿਸ਼ ਕੀਤੀ। ਭੀਮ ਨੇ ਕਰੋਧ ਵਿਚ ਆ ਕੇ ਹਿੜਿੰਬ ਦੈਂਤ ਨੂੰ ਮਾਰ ਸੁਟਿਆ। ਹਿੜੰਬਾ ਪਹਿਲਾਂ ਤਾਂ ਡਰ ਕੇ ਨਠ ਗਈ, ਪਰ ਬਾਅਦ ਵਿਚ ਉਸ ਨੇ ਭੀਮ ਦੀ ਸ਼ਰਨ ਆ ਲਈ। ਭੀਮ ਨੂੰ ਜਦੋਂ ਪਤਾ ਲੱਗਾ ਕਿ ਹਿੜੰਬਾ ਉਸ ਨੂੰ ਦਿਲੋਂ ਮੁਹੱਬਤ ਕਰਦੀ ਹੈ, ਤਾਂ ਉਸਨੇ ਹਿੜੰਬਾ ਨਾਲ ਵਿਆਹ ਕਰਵਾ ਲਿਆ। ਹਿੜੰਬਾ ਦੇ ਉਦਰ ਤੋਂ ਭੀਮ ਦਾ ਘਟੋਤਕਚ ਨਾਮਕ ਪੁੱਤਰ ਜੰਮਿਆ, ਜੋ ਕੁਰਕਸ਼ੇਤਰ ਦੇ ਮੈਦਾਨ ਵਿਚ ਬੜੀ ਸੂਰਮਗਤੀ ਨਾਲ ਲੜਿਆ।

ਸ਼ਿਮਲੇ ਦੇ ਪਹਾੜੀ ਇਲਾਕੇ ਵਿਚ ਹਿੜੰਬਾ ਦੀ ਬੜੀ ਮਾਨਤਾ ਹੈ। ਇਸ ਇਲਾਕੇ ਵਿਚ ਦਿਉ ਘੁੜਕਾ ਨੂੰ ਪੂਜਿਆ ਜਾਂਦਾ ਹੈ, ਜੋ ਘਟੋਤਕਚ ਦਾ ਹੀ ਸਥਾਨਕ ਨਾਉਂ ਹੈ (ਗਲਾਸਰੀ 1,465)। ਇਸ ਦਾ ਮੰਦਰ ਘੁੜਕਾ ਧਾਰ ਵਿਚ ਅਰਸੀ ਪਿੰਡ ਵਿਚ ਹੈ। ਘੁੜਕਾ ਧਾਰ ਦੀ ਦੂਜੇ ਪਾਸੇ ਵਲ ਦੀ ਧਾਰ ਨੂੰ ਹਿੜੰਬਾ ਧਾਰ ਕਹਿੰਦੇ ਹਨ ਅਤੇ ਇਸੇ ਨਾਉਂ ਦਾ ਪਿੰਡ ਵੀ ਨੇੜੇ ਵਸਿਆ ਹੋਇਆ ਹੈ (ਵੇਖੋ : ਹੁਰਮਾ ਦੇਵੀ)।

(ਹ-141) **ਹੀਜੜਾ :**

(ਵੇਖੋ : ਖੁਸਰਾ)।

(ਹ-142) **ਹੀਬੇ ਨਾਚ :**

ਲਹਿੰਦੇ ਦਾ ਇਕ ਪ੍ਰਸਿਧ ਸਥਾਨਕ ਲੋਕ-ਨਾਚ, ਜੋ ਉਥੋਂ ਦੇ ਜੱਟ ਵਿਆਹ ਸ਼ਾਦੀ ਦੇ ਮੌਕੇ 'ਤੇ ਆਮ ਨਚਦੇ ਹਨ। ਨਚਾਰ ਗੋਲ ਘੇਰੇ ਵਿਚ ਖੜੇ ਹੋ ਜਾਂਦੇ ਹਨ ਅਤੇ ਆਪਣੀਆਂ ਦੋਵੇਂ ਬਾਹਵਾਂ ਸਾਹਮਣੇ ਵਲ ਸਿਧੀਆਂ ਫੈਲਾ ਕੇ ਨਚਦੇ ਤੇ ਘੇਰੇ ਵਿਚ ਘੁੰਮਦੇ ਜਾਂਦੇ ਹਨ। ਬਾਹਵਾਂ ਭਾਵਾਂ ਨਾਲ ਇਕਸੁਰ ਹੋ ਕੇ ਕਦੇ ਲਹਿਰ ਵਾਂਗ ਉਭਰਦੀਆਂ ਡਿਗਦੀਆਂ ਅਤੇ ਕਦੇ ਝੂਲੇ ਵਾਂਗ ਝੂਲਦੀਆਂ, ਅਨੋਖਾ ਦ੍ਰਿਸ਼ ਪੇਸ਼ ਕਰਦੀਆਂ ਹਨ। ਇਸਦੇ ਨਾਲ ਹੀ ਸਰੀਰ ਨੂੰ ਲਚਕਾਰੇ ਦਿਤੇ ਜਾਂਦੇ ਹਨ। ਇਹ ਨਾਚ ਝੁੰਮਰ ਨਾਲੋਂ ਵੱਖਰਾ ਹੈ। ਝੁੰਮਰ ਵਿਚ ਬਾਹਵਾਂ ਸਿਧੀਆਂ ਸਾਹਮਣੇ ਵਲ ਨਹੀਂ ਫੈਲਾਈਆਂ ਜਾਂਦੀਆਂ, ਸਗੋਂ ਛਾਤੀ ਤੋਂ ਰਤਾ ਹੇਠਾਂ ਰਖ ਕੇ ਤਾੜੀ ਮਾਰੀ ਜਾਂਦੀ ਹੈ।

ਹੀਬੇ ਨਾਚ ਅਖਾਣਾਂ ਦਾ ਵੀ ਵਸਤੂ ਬਣਿਆ ਹੈ : 'ਉਠ ਨਾ ਸਕੇ ਤੇ ਹੀਬੇ ਪਿਆ ਨੱਚੇ।'

(ਹ-143) **ਹੀਮੜੀ :**

ਪੰਜਾਬੀ ਦਾ ਇਕ ਲੋਕ-ਕਾਵਿ ਰੂਪ, ਜੋ ਜ਼ਿਆਦਾਤਰ ਲਹਿੰਦੇ ਵਿਚ ਪ੍ਰਚਲਤ ਹੈ। ਹੀਮੜੀ ਗੀਤ ਵਿਆਹ ਸ਼ਾਦੀ ਤੇ ਮੰਗਲ ਕਾਰਜਾਂ ਸਮੇਂ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਜ਼ਿਆਦਾਤਰ ਮਰਦ ਗਾਉਂਦੇ ਹਨ, ਭਾਵੇਂ ਇਨ੍ਹਾਂ ਵਿਚ ਤੀਵੀਂ ਦੀਆਂ ਭਾਵਨਾਵਾਂ ਦਾ ਵਰਨਣ ਹੁੰਦਾ ਹੈ :—

ਆ ਮਿਲ ਮਾਹੀਆ ਬੀਮਾਰ ਪਈ ਆਂ ।
ਘਰ ਕੋਈ ਨਹੀਂ ਸੁਝਦਾ ਏ ਯਾਰ,
ਮੈਂ ਬਚਣੋਂ ਰਹੀ ਆਂ ।
ਕੱਚਾ ਖੂਹ ਗਿੜੇਂਦਿਆਂ ਮੇਰੀ ਬਾਂਹ ਰੰਜਾਣੀ
ਵਤ ਕਦੇ ਨਾ ਆਉਸਾਂ ਯਾਰ,
ਭਲਾ ਤੇਰੇ ਖੂਹ ਤੇ ਪਾਣੀ ।
ਆ ਮਿਲ ਮਾਹੀਆ ਘਰ ਕੋਈ ਨਹੀਂ ।
ਆ ਵੇ ਫ਼ਕੀਰਾ ਤੈਂਡਾ ਕਾਲਾ ਕੋਟ ਏ,
ਇਕ ਮਾਂ ਪਿਉ ਡਾਢਾ
ਦੂਜਾ ਜ਼ਾਲਮ ਲੋਕ ਏ ।
ਆ ਮਿਲ ਮਾਹੀਆ ਘਰ ਕੋਈ ਨਹੀਂ ।
ਆ ਦਿਲ ਜਾਨੀ ਤੇਰੀ ਸਾਵੀ ਧਰੇਕ ਏ,
ਭੁਲ ਗਿਉਂ ਸਾਨੂੰ ਲਖ ਵਾਹਦੇ ਦੇ ਕੇ ।
ਆ ਮਿਲ ਮਾਹੀਆ ਘਰ ਕੋਈ ਨਹੀਂ ।

ਹੇਮੜੀ ਨਾਚ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ ਵੀ ਹੀਮੜੀ ਕਿਹਾ ਜਾਂਦਾ ਹੈ (ਵੇਖੋ : ਹੇਮੜੀ)।

**(ਹ-144) ਹੀਰ ਰਾਂਝਾ :**

ਹੀਰ ਰਾਂਝੇ ਦੀ ਪ੍ਰੀਤ ਕਹਾਣੀ, ਪੰਜਾਬੀ ਸਾਹਿੱਤ ਅਤੇ ਸਭਿਆਚਾਰ ਦੀ ਇਕ ਪ੍ਰਤੀਨਿਧ ਕਹਾਣੀ ਹੀ ਨਹੀਂ, ਸਗੋਂ ਇਹਦੇ ਨਾਲ ਸਮੁੱਚੀ ਪੰਜਾਬੀ ਕੌਮ ਦੀਆਂ ਭਾਵਨਾਵਾਂ ਅਤੇ ਮਾਨਸਿਕਤਾ ਵੀ ਪੂਰੀ ਤਰ੍ਹਾਂ ਜੁੜੀ ਹੋਈ ਹੈ। ਇਹ ਕਥਾ ਪੰਜਾਬੀ ਲੋਕਧਾਰਾ ਦੀਆਂ ਅਨੇਕਾਂ ਰੁੜ੍ਹੀਆਂ ਦਾ ਸਹਿਜ ਸੰਜੋਗ ਹੈ, ਜਿਨ੍ਹਾਂ ਨੂੰ ਲੋਕ-ਮਨ ਨੇ ਆਪਣੀਆਂ ਸੰਭਾਵਨਾਵਾਂ ਅਤੇ ਆਦਰਸ਼ਾਂ ਦੇ ਅਨੁਕੂਲ, ਇਕ ਨਵੀਂ ਨੁਹਾਰ ਵਿਚ ਢਾਲ ਕੇ, ਅਮਰ ਬਣਾ ਦਿਤਾ ਹੈ। ਹਰ ਪੰਜਾਬੀ ਗਭਰੂ, ਜੇ ਉਹ ਜ਼ਿੰਦਾ-ਦਿਲ ਹੈ, ਤਾਂ ਉਹਨੇ ਚੜ੍ਹਦੀ ਜਵਾਨੀ ਵਿਚ ਰਾਂਝਾ ਬਣਨ ਦੇ ਸੁਪਨੇ ਲਏ ਹੁੰਦੇ ਹਨ। ਹਰ ਪੰਜਾਬਣ ਮੁਟਿਆਰ, ਜੇ ਉਹਦੇ ਅੰਦਰ ਧੜਕਦੀ ਛਾਤੀ ਹੈ, ਤਾਂ ਹੀਰ ਉਸ ਨੂੰ ਜ਼ਰੂਰ ਟੁੰਬਦੀ ਰਹੀ ਹੈ। ਹੀਰ ਰਾਂਝੇ ਦੇ ਬਗ਼ੈਰ ਪੰਜਾਬੀ, ਸਭ ਕੁਝ ਹੁੰਦਿਆਂ ਵੀ, ਸਖਣੇ ਹਨ :

ਆ ਵੀਰਾ ਰਾਂਝਿਆ, ਆ ਭੈਣੇ ਹੀਰੇ,
ਸਾਨੂੰ ਛੋੜ ਨਾ ਜਾਓ,
ਤੁਸਾਂ ਬਿਨਾਂ ਅਸੀਂ ਸਖਣੇ। (ਪ੍ਰੋ: ਪੂਰਨ ਸਿੰਘ)

ਹੀਰ ਰਾਂਝੇ ਦੀ ਕਥਾ ਦਾ ਮੁੱਢ ਕਦੋਂ ਬਝਿਆ? ਕੀ ਇਹਦੇ ਪਾਤਰ ਇਤਿਹਾਸ ਦੇ ਕਿਸੇ ਕਾਲ ਵਿਚ ਹੱਡ-ਚੰਮ ਵਿਚ ਹੋਏ ਹਨ ? ਜਾਂ ਕੀ ਇਹ ਕਹਾਣੀ ਨਿਰੀ ਮਿੱਥ ਹੈ, ਜੋ ਪੰਜਾਬੀਆਂ ਦੀ ਕਲਪਨਾ ਨੇ ਆਪਣੇ ਲੋਕ-ਅਨੁਭਵਾਂ ਅਤੇ ਭਾਵਨਾਵਾਂ ਦੁਆਰਾ ਸਿਰਜੀ ਹੈ ? ਇਨ੍ਹਾਂ ਸੁਆਲਾਂ ਬਾਰੇ ਵਿਚਾਰ ਕਰਨ ਦੇ ਰਾਹ ਵਿਚ ਬੜੀਆਂ ਦਿਕਤਾਂ ਹਨ। ਇਕ ਤਾਂ ਪੰਜਾਬੀ ਕਦੇ ਇਹ ਸੋਚ ਵੀ ਨਹੀਂ ਸਕਦੇ ਕਿ ਹੀਰ ਰਾਂਝਾ ਹੱਡ ਚੰਮ ਵਿਚ ਨਹੀਂ ਹੋਏ ਹੋਣੇ ਜਾਂ ਕਿ ਇਹ ਪ੍ਰੇਮੀ ਲੋਕ-ਕਲਪਨਾ ਦੀ ਕਿਰਤ ਹਨ, ਪ੍ਰਕ੍ਰਿਤੀ ਦੀ ਨਹੀਂ। ਦੂਜਾ, ਇਸ ਕਥਾ ਦੇ ਪੁਰਾਣੇ ਲੋਕ-ਰੂਪਾਂਤਰ ਨਹੀਂ ਮਿਲਦੇ, ਜਿਸ ਕਰ ਕੇ ਕਿੱਸਾ-ਕਾਵਿ ਦੀ ਕਥਾ ਦੀ ਪਿੱਠਭੂਮੀ ਵਿਚ ਜੋ ਮੂਲ ਕਥਾ ਸੀ, ਉਸ ਨੂੰ ਪਛਾਣਿਆ ਨਹੀਂ ਜਾ ਸਕਦਾ। ਤੀਜਾ, ਹੀਰ ਰਾਂਝੇ ਦੀ ਕਥਾ ਲੋਕਧਾਰਾ ਦਾ ਹਿੱਸਾ ਬਣ ਚੁਕੀ ਹੈ, ਜੋ ਸਮੇਂ ਸਥਾਨ ਦੇ ਹੱਦ-ਬੰਨੇ ਨਹੀਂ ਕਬੂਲਦੀ। ਚੌਥਾ, ਮਿਥ ਦੇ ਰੂਪ ਵਿਚ ਅਸਾਂ ਹੀਰ ਰਾਂਝੇ ਦਾ ਅਧਿਐਨ ਅਜੇ ਅਰੰਭਿਆ ਹੀ ਨਹੀਂ। ਤੇ ਅਖ਼ੀਰਲੀ ਗੱਲ, ਦਮੋਦਰ ਨੇ ਹੀਰ ਰਾਂਝੇ ਨੂੰ ਸਮੇਂ ਸਥਾਨ ਵਿਚ ਬੰਨ੍ਹ ਕੇ ਬੜਾ ਵੱਡਾ ਭੁਲੇਖਾ ਪਾ ਦਿਤਾ ਹੈ।

ਹੀਰ ਰਾਂਝੇ ਦੀ ਕਥਾ ਨਾਲ ਸੰਬੰਧਤ ਉਪ੍ਰੋਕਤ ਪ੍ਰਸ਼ਨਾਂ ਅਤੇ ਇਸ ਦੀ ਇਤਿਹਾਸਕਤਾ ਬਾਰੇ ਚਰਚਾ ਕਰਨ ਤੋਂ ਪਹਿਲਾਂ, ਲੋਕ-ਕਹਾਣੀਆਂ ਦੀ ਪ੍ਰਕ੍ਰਿਤੀ ਬਾਰੇ ਇਕ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ। ਹੀਰ ਰਾਂਝੇ ਦੀ ਕਥਾ ਚਰਿਤ੍ਰ ਵਿਚ ਇਕ ਦੰਤ-ਕਥਾ (legend) ਹੈ ਇਤਿਹਾਸਕ ਕਥਾ ਨਹੀਂ। ਦੰਤ-ਕਥਾ ਦੀ ਮੂਲ ਜੜ੍ਹ ਅਤੀਤ ਵਿਚ ਗਵਾਚੀ ਹੁੰਦੀ ਹੈ ਅਤੇ ਉਹਦਾ ਸੱਚ ਕਦੇ ਵੀ ਸੰਪੂਰਨ ਤੇ ਅਖੰਡ ਸੱਚ ਨਹੀਂ ਹੁੰਦਾ। ਸਮੇਂ ਦੀ ਧੂੜ ਹੇਠ ਉਹਦਾ ਸੱਚ ਘਸਮੈਲਾ ਹੀ ਨਹੀਂ ਹੋ ਜਾਂਦਾ, ਪਹਿਲਾ ਰੰਗ ਵੀ ਗੰਵਾ ਲੈਂਦਾ ਹੈ। ਇਤਿਹਾਸਕ ਯਥਾਰਥ ਨੂੰ, ਕਲਪਨਾ ਦੀ ਪਾਣ ਮਿਥਿਹਾਸਕ ਬਣਾ ਦੇਂਦੀ ਹੈ। ਜਾਂ ਇਉਂ ਕਹਿ ਲਓ ਕਿ ਮੂਲ ਬ੍ਰਿਤਾਂਤ ਲੋਕ-ਮਨ ਵਿਚੋਂ ਦੀ ਲੰਘਦਾ, ਉਸ ਦੀਆਂ ਕਈ ਪ੍ਰਵਿਰਤੀਆਂ ਦੇ ਅਨੁਕੂਲ, ਨਵੇਂ ਤੱਤ ਗ੍ਰਹਿਣ ਕਰ ਕੇ, ਨਵੀਂ ਨੁਹਾਰ ਪ੍ਰਾਪਤ ਕਰ ਲੈਂਦਾ ਹੈ। ਲੋਕ-ਮੂੰਹਾਂ ਉਤੇ ਵਿਚਰਦੀ ਕਹਾਣੀ ਆਪਣੇ ਮੂਲ ਅਸਤਿਤਵ ਨਾਲੋਂ ਕੁਝ ਵਿਜੋਗਦੀ, ਕੁਝ ਨਵੇਂ ਤੱਤ ਸੰਜੋਗਦੀ, ਇਕ ਨਵੇਂ ਸਾਮੂਹਿਕ ਲੋਕ-ਸੱਚ ਵਿਚ ਉਜਾਗਰ ਹੁੰਦੀ ਹੈ। ਇਹ ਲੋਕ-ਸੱਚ ਭਾਵੇਂ ਅਰਧ ਸੱਚ ਹੁੰਦਾ ਹੈ, ਪਰ ਮੂਲ ਸੱਚ ਨਾਲੋਂ ਵੱਡਾ ਸੱਚ ਬਣ ਕੇ ਅਮਰ ਹੋ ਜਾਂਦਾ ਹੈ। ਦੰਤ-ਕਥਾ ਦੀ ਅਸਲੀ ਆਤਮਾ ਸਮੇਂ ਦੇ ਸੱਚ ਵਿਚ ਹੁੰਦੀ ਹੈ। ਸਮੇਂ ਦਾ ਇਹ ਸੱਚ ਮਨੁਖ ਦੇ ਕਿਰਦਾਰ ਨਾਲੋਂ ਵੀ ਵੱਡਾ ਹੁੰਦਾ ਹੈ। ਜਿਤਨਾ ਵੱਡਾ ਸਮੇਂ ਦਾ ਸੱਚ ਕਿਸੇ ਦੰਤ-ਕਥਾ ਨਾਲ ਜੁੜਿਆ ਹੋਵੇ, ਉਤਨੀ ਵੱਡੀ, ਚਿਰੰਜੀਵੀ ਅਤੇ ਲੋਕਪ੍ਰਿਯ ਉਹ ਕਥਾ ਹੋ ਨਿਬੜਦੀ ਹੈ। ਪਾਤਰ ਤਾਂ ਕੇਵਲ ਇਕ ਪਛਾਣ ਹੁੰਦੇ ਹਨ, ਜੋ ਸਮੇਂ ਦੇ ਸੱਚ ਨੂੰ ਪੱਲੇ ਨਾਲ ਬੰਨ੍ਹੀਂ, ਕਾਲ ਦੇ ਪ੍ਰਵਾਹ ਵਿਚ ਅਮਰ ਹੋ ਜਾਂਦੇ ਹਨ। ਪੰਜਾਬ ਦੀਆਂ ਸਭ ਪ੍ਰੀਤ ਕਥਾਵਾਂ ਵਿਚੋਂ ਹੀਰ ਰਾਂਝੇ ਦੀ ਕਥਾ ਨੇ ਹੀ ਸਮੇਂ ਦੇ ਸੱਚ ਨੂੰ ਪੂਰੇ ਜਲੌ ਅਤੇ ਗੌਰਵ ਨਾਲ ਆਪਣੇ ਜਿਸਮ ਵਿਚ ਸਮੋਇਆ ਹੈ। ਇਹ ਕਥਾ ਮਧਕਾਲੀ ਸਮਾਜਿਕ ਪੰਜਾਬੀ ਚੇਤਨਾ ਦੀ ਪਛਾਣ ਬਣ ਗਈ ਹੈ ਅਤੇ ਇਸੇ ਲਈ ਇਕ ਅਮਰ ਸ਼ਾਹਕਾਰ ਹੋ ਨਿਬੜੀ ਹੈ। ਸਾਹਿੱਤ ਦਾ ਕਰਤੱਵ ਸਮੇਂ ਦੇ ਇਸੇ ਸੱਚ ਨੂੰ ਹੀ ਫੜਨਾ ਤੇ ਅਮਰ ਰੂਪ ਦੇਣਾ ਹੁੰਦਾ ਹੈ। ਦੰਤ-ਕਥਾ ਵੀ ਇਹੋ ਕੁਝ ਕਰਨ ਲਈ ਯਤਨਸ਼ੀਲ ਹੁੰਦੀ ਹੈ।

ਹੀਰ ਰਾਂਝੇ ਦਾ ਕਿੱਸਾ ਸਭ ਤੋਂ ਪਹਿਲਾਂ ਦਮੋਦਰ ਨੇ ਲਿਖਿਆ। ਉਸ ਨੇ ਇਸ ਕਥਾ ਨੂੰ ਅਕਬਰ ਦੇ ਰਾਜ ਅਤੇ ਝੰਗ ਦੇ ਸਥਾਨ ਨਾਲ ਜੋੜ ਕੇ, ਇਸ ਦੀ ਇਤਿਹਾਸਕਤਾ ਬਾਰੇ ਵੱਡਾ ਭੁਲੇਖਾ ਵੀ ਸਿਰਜਿਆ। ਕਹਾਣੀ ਨੂੰ ਉਹ 'ਅੱਖੀਂ ਡਿਠਾ' ਕਹਿ ਕੇ ਇਤਿਹਾਸਕ ਵਾਸਵਿਕਤਾ ਪ੍ਰਦਾਨ ਕਰਦਾ ਹੈ। ਇਹ 'ਅੱਖੀਂ ਡਿਠਾ' ਵਾਕੰਸ਼ ਪੰਜਾਬੀ ਆਲੋਚਕਾਂ ਵਿਚ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਰਿਹਾ। ਕਿਸੇ ਇਸ ਨੂੰ ਤਕੀਆ ਕਲਾਮ ਦਸਿਆ, ਕਿਸੇ ਇਕ ਕਾਵਿ-ਜੁਗਤ। ਪਰ ਤਸੱਲੀ ਫੇਰ ਵੀ ਨਹੀਂ ਹੋਈ। ਪਰ ਕਿਸੇ ਦਾ ਵੀ ਧਿਆਨ ਇਸ ਗੱਲ ਵਲ ਨਹੀਂ ਗਿਆ ਕਿ ਦਮੋਦਰ ਦੇ ਸਮੇਂ ਹੀਰ ਰਾਂਝੇ ਦੇ ਸਵਾਂਗ ਖੇਡਣ ਦਾ ਆਮ ਰਵਾਜ ਸੀ। ਦੇਸ਼ ਦੀ ਵੰਡ ਤਕ ਝੰਗ ਵਿਚ ਹੀਰ ਰਾਂਝੇ ਦੀਆਂ ਰਸਾਂ ਪਾਉਣ ਦੀ ਪਰੰਪਰਾ ਪ੍ਰਚਲਤ ਰਹੀ ਹੈ। ਦਮੋਦਰ ਨੇ ਝੰਗ ਵਿਚ ਖੇਡੇ ਗਏ ਕਿਸੇ ਅਜਿਹੇ ਸਵਾਂਗ ਤੋਂ ਪ੍ਰਭਾਵਿਤ ਹੋ ਕੇ ਹੀਰ ਰਾਂਝੇ ਦਾ ਕਿੱਸਾ ਲਿਖਿਆ। ਰਚਨਾ ਦੀ ਪ੍ਰਕ੍ਰਿਆ ਦੇ ਦੌਰਾਨ ਸਵਾਂਗ ਦੀਆਂ ਘਟਨਾਵਾਂ ਦਮੋਦਰ ਦੀਆਂ ਅੱਖਾਂ ਅੱਗੇ ਇਕ ਚਿੱਤਰ ਵਾਂਗ ਘੁੰਮਦੀਆਂ ਰਹੀਆਂ ਅਤੇ 'ਅੱਖੀਂ ਡਿਠਾ' ਦੇ ਕਲਾਮ ਦੁਆਰਾ, ਉਸ ਨੇ ਸਵਾਂਗ ਦੀ ਵਾਸਤਵਿਕਤਾ ਨੂੰ, ਜੀਵਨ ਦੀ ਵਾਸਤਵਿਕਤਾ ਦਾ ਰੰਗ ਦੇ ਦਿਤਾ। ਇਹ ਸਾਰੀ ਗੱਲ ਸਮੇਂ ਦੀ ਚੇਤਨਾ ਦੇ ਅਨੁਕੂਲ ਸਹਿਜ ਸੀ। ਦਮੋਦਰ ਦਾ ਸਾਰਾ ਕਿੱਸਾ ਵੀ ਸਵਾਂਗ ਦੀ ਸ਼ੈਲੀ ਵਿਚ ਹੈ। ਸਵਾਂਗ ਵਿਚ ਪ੍ਰਧਾਨਤਾ ਕਾਵਿ-ਸੰਬਾਦਾਂ ਨੂੰ ਪ੍ਰਾਪਤ ਹੈ, ਕਥਾ ਦਾ ਬਾਕੀ ਬ੍ਰਿਤਾਂਤਕ ਵਰਨਣ ਗੌਣ ਹੁੰਦਾ ਹੈ। ਕਿਸੇ ਵੀ ਸਵਾਂਗ ਨਾਲ ਦਮੋਦਰ ਦੀ ਹੀਰ ਦਾ, ਸ਼ੈਲੀ ਦੇ ਪਖੋਂ ਤੁਲਨਾਤਮਿਕ ਅਧਿਐਨ ਕਰਨ ਨਾਲ, ਇਹ ਗੱਲ ਸਾਫ਼ ਹੋ ਜਾਂਦੀ ਹੈ।

ਦਮੋਦਰ ਦੀ ਕਹਾਣੀ ਵਿਚ ਪੰਜ ਪੀਰਾਂ ਦੀ ਬਖ਼ਸ਼ਿਸ਼, ਕਾਲੇ ਘੋੜੇ ਕਾਲੇ ਜੋੜੇ ਦਾ ਰਹੱਸਮਈ ਦ੍ਰਿਸ਼ਟਮਾਨ, ਫੰਡਰ ਮੱਝ ਦਾ ਰਾਂਝੇ ਦੀ ਥਾਪੀ ਨਾਲ

Sri Satguru Jagjit Singh Ji eLibrary NamdhariElibrary@gmail.com

ਦੁੱਧ ਦੇਣਾ, ਰਾਂਝੇ ਦੇ ਸਰਾਪ ਨਾਲ ਸ਼ਹਿਰ ਨੂੰ ਅੱਗ ਲਗ ਜਾਣੀ ਇਤਿਆਦਿ ਕਥਾਨਿਕ ਰੂੜ੍ਹੀਆਂ, ਲੋਕ-ਮਨ ਦੀ ਅਭਿਵਿਅਕਤੀ ਹਨ, ਵਾਸਤਵਿਕਤਾ ਦਾ ਪਾਸਾਰ ਨਹੀਂ। ਇਕੋ ਇਹੋ ਤੱਥ ਇਸ ਗੱਲ ਦਾ ਪਰਮਾਣ ਹੈ ਕਿ ਇਹ ਕਥਾ ਦਮੋਦਰ ਦੇ ਸਮਕਾਲੀ ਪਾਤਰਾਂ ਦੀ ਨਹੀਂ। ਅਜਿਹੇ ਪਾਤਰਾਂ ਨੂੰ ਲੋਕ-ਮਨ ਵਿਚੋਂ ਲੰਘਣ ਅਤੇ ਲੋਕ-ਕਲਪਨਾ ਅਨੁਸਾਰ ਢਲਣ ਲਈ ਕਈ ਪੀੜ੍ਹੀਆਂ ਦਾ ਸਮਾਂ ਦਰਕਾਰ ਹੁੰਦਾ ਹੈ।

ਦਮੋਦਰ ਦਾ ਹੀ ਸੂਫ਼ੀ ਸਮਕਾਲੀ ਸ਼ਾਹ ਹੁਸੈਨ, ਹੀਰ ਰਾਂਝੇ ਦੇ ਪਾਤਰਾਂ ਨੂੰ ਅਧਿਆਤਮਕ ਪ੍ਰਤੀਕਾਂ ਦੇ ਰੂਪ ਵਿਚ ਵਰਤਦਾ ਹੈ। ਲੋਕ-ਮਨ ਵਿਚੋਂ ਲੰਘੇ ਬਗੈਰ ਅਜਿਹੀ ਪ੍ਰਾਪਤੀ ਸਹਿਜ ਨਹੀਂ। ਲੋਕ-ਮਨ ਵਿਚੋਂ ਲੰਘੇ ਬਗ਼ੈਰ ਕੋਈ ਕਥਾ ਕਹਾਣੀ ਲੌਕਿਕ ਤੋਂ ਅਲੌਕਕ ਸਰੂਪ ਗ੍ਰਹਿਣ ਹੀ ਨਹੀਂ ਕਰ ਸਕਦੀ। ਅਜਿਹੀ ਅਲੌਕਿਕ ਅਵਸਥਾ ਉਤੇ ਪਹੁੰਚੇ ਬਗ਼ੈਰ, ਨਾ ਤਾਂ ਪਾਤਰ ਅਲੌਕਿਕਤਾ ਪ੍ਰਾਪਤ ਕਰਦੇ ਹਨ, ਤੇ ਨਾ ਹੀ ਉਹ ਲੋਕਾਂ ਦਾ ਆਦਰਸ਼ ਬਣ ਸਕਦੇ ਹਨ। ਜੇ ਪਾਤਰ ਆਦਰਸ਼ਕ ਨਾ ਬਣਨ, ਤਾਂ ਉਹ ਪ੍ਰਤੀਕ ਵੀ ਨਹੀਂ ਬਣ ਸਕਦੇ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚਲੇ ਹੀਰ ਰਾਂਝੇ ਦੇ ਪ੍ਰਤੀਕ ਵੀ ਇਸੇ ਗੱਲ ਵਲ ਸੰਕੇਤ ਕਰਦੇ ਹਨ ਕਿ ਇਹ ਕਥਾ ਉਦੋਂ ਤਕ ਲੋਕ-ਮਨ ਵਿਚੋਂ ਲੰਘ ਕੇ ਅਲੌਕਿਕ ਸਰੂਪ ਧਾਰ ਚੁਕੀ ਸੀ, ਜਿਸ ਲਈ ਘਟੋ ਘਟ ਇਕ ਸਦੀ ਦਾ ਵਕਫ਼ਾ ਦਰਕਾਰ ਸੀ। ਇਸ ਲਈ ਦਮੋਦਰ ਦੇ ਕਥਨ ਨੂੰ ਇਤਿਹਾਸਕ ਪ੍ਰਮਾਣ ਨਹੀਂ ਮੰਨਿਆ ਜਾ ਸਕਦਾ।

ਇਹ ਵੀ ਸੰਭਵ ਹੈ ਕਿ ਦਮੋਦਰ ਤੋਂ ਪਹਿਲਾਂ ਸਵਾਂਗੀਆਂ ਜਾਂ ਰਾਸਧਾਰੀਆਂ ਨੇ ਹੀ, ਇਸ ਕਥਾ ਨੂੰ, ਅਣਜਾਣੇ ਵਿਚ ਹੀ, ਅਕਬਰ ਦੇ ਰਾਜ ਨਾਲ ਜੋੜ ਦਿਤਾ ਹੋਵੇ, ਕਿਉਂ ਜੋ ਸਵਾਂਗ ਖੇਡਣ ਵਾਲੇ ਸਵਾਂਗੀ, ਆਪਣੇ ਵਕਤ ਦੇ ਹਾਕਮਾਂ ਦਾ ਜ਼ਿਕਰ, ਕਿਸੇ ਨਾ ਕਿਸੇ ਸ਼ਕਲ ਵਿਚ, ਸਵਾਂਗਾਂ ਵਿਚ ਲਿਆ ਕੇ, ਉਨ੍ਹਾਂ ਦਾ ਜਸ ਗਾਉਣ ਦਾ ਯਤਨ ਕਰਦੇ ਰਹੇ ਹਨ, ਇਹ ਗੱਲ ਪਰੰਪਰਾ ਬਣੀ ਰਹੀ ਹੈ। ਇਹ ਵੀ ਸੰਭਵ ਹੈ ਕਿ ਹੀਰ ਰਾਂਝੇ ਦੀ ਕਹਾਣੀ ਨੂੰ ਸਵਾਂਗੀਆਂ ਨੇ ਹੀ ਝੰਗ ਦੀ ਸਥਾਨਿਕ ਰੰਗਣ ਦੇ ਕੇ, ਇਸ ਨੂੰ ਇਕ ਖ਼ਾਸ ਸਮੇਂ ਸਥਾਨ ਅਤੇ ਕੁਲ ਕਟੁੰਬ ਵਿਚ ਬੰਨ੍ਹ ਦਿਤਾ ਹੋਵੇ। ਇਸ ਲਈ ਦਮੋਦਰ ਨੇ ਜੋ ਕੁਝ ਸਵਾਂਗ ਵਿਚ ਵੇਖਿਆ, ਉਸੇ ਦਾ ਕਿੱਸੇ ਦੇ ਰੂਪ, ਮੁਹਾਵਰੇ ਅਤੇ ਸ਼ੈਲੀ ਵਿਚ ਵਰਨਣ ਕਰ ਦਿਤਾ।

ਦਮੋਦਰ ਤੋਂ ਪਹਿਲਾਂ ਇਸ ਕਥਾ ਦਾ ਕੀ ਸਰੂਪ ਸੀ? ਕੀ ਦਮੋਦਰ ਦਾ ਰੂਪਾਂਤਰ ਹੀ ਸਾਰੇ ਪੰਜਾਬ ਵਿਚ ਪ੍ਰਧਾਨ ਸੀ? ਇਸ ਗੱਲ ਦਾ ਨਿਰਣਾ ਕਰਨ ਲਈ ਸਾਨੂੰ ਦਮੋਦਰ ਦੇ ਨੇੜੇ ਤੇੜੇ ਦੇ ਕਾਲ ਦੇ ਹੋਰ ਰੂਪਾਂਤਰਾਂ ਜਾਂ ਕਿੱਸਿਆਂ ਤੋਂ ਬਾਹਰਲੇ ਰੂਪਾਂਤਰਾਂ ਦਾ ਅਧਿਐਨ ਕਰਨਾ ਪਏਗਾ। ਵੈਸੇ ਇਕ ਗੱਲ ਸਪਸ਼ਟ ਹੈ। ਦਮੋਦਰ ਤੋਂ ਬਾਅਦ ਦੇ ਕਿੱਸਕਾਰਾਂ ਨੇ ਹੀਰ ਰਾਂਝੇ ਦੇ ਕਥਾਨਿਕ ਦਾ ਨਿਰਮਾਣ ਦਮੋਦਰ ਦੀ ਕਥਾ ਉਤੇ ਹੀ ਕੀਤਾ। ਉਨ੍ਹਾਂ ਨੇ ਆਪਣੀ ਕਾਵਿ ਕਲਪਨਾ ਜਾਂ ਨਿਜੀ ਧਾਰਨਾਵਾਂ ਦੇ ਆਧਾਰ ਉਤੇ ਕਥਾ ਵਿਚ ਕੁਝ ਮਾੜੇ ਮੋਟੇ ਪਰਿਵਰਤਨ ਵੀ ਲਿਆਂਦੇ, ਜਿਸ ਕਰ ਕੇ ਮਗਰਲੇ ਰੂਪਾਂਤਰ ਦਮੋਦਰ ਤੋਂ ਪੂਰਵਵਰਤੀ ਰੂਪਾਂਤਰ ਉਤੇ ਰੌਸ਼ਨੀ ਪਾਉਣ ਵਿਚ ਸਹਾਇਕ ਨਹੀਂ ਬਣ ਸਕਦੇ। ਹਾਂ, ਉਨ੍ਹਾਂ ਦੀ ਮਹੱਤਤਾ ਲੋਕਧਾਰਾਈ ਦ੍ਰਿਸ਼ਟੀ ਤੋਂ ਕਾਫ਼ੀ ਜ਼ਿਆਦਾ ਹੈ, ਕਿਉਂ ਜੋ ਉਨ੍ਹਾਂ ਰੂਪਾਂਤਰਾਂ ਵਿਚ ਕਈ ਨਵੀਆਂ ਕਥਾਨਿਕ ਰੂੜ੍ਹੀਆਂ ਰੂਪਮਾਨ ਹੋਈਆਂ ਹਨ, ਜੋ ਸਮਕਾਲੀ ਚੇਤਨਾ ਵਿਚੋਂ ਉਭਰੀਆਂ ਹਨ।

ਹੀਰ ਰਾਂਝੇ ਦੀ ਕਥਾ ਦੇ ਕੁਝ ਕਿੱਸਿਆਂ ਤੋਂ ਬਾਹਰਲੇ ਰੂਪਾਂਤਰ ਵੀ ਮਿਲਦੇ ਹਨ, ਜਿਨ੍ਹਾਂ ਦੀ ਕਹਾਣੀ ਦਮੋਦਰ ਜਾਂ ਹੀਰ-ਕਿੱਸਾ ਪਰੰਪਰਾ ਨਾਲੋਂ ਕਾਫ਼ੀ ਵਖਰੀ ਹੈ। ਇਨ੍ਹਾਂ ਰੂਪਾਂਤਰਾਂ ਨੇ ਕਹਾਣੀ ਦੀ ਮੂਲ ਨੁਹਾਰ ਨੂੰ ਪਛਾਨਣ ਦਾ ਕੰਮ ਹੋਰ ਕਠਨ ਬਣਾ ਦਿਤਾ ਹੈ। ਇਸ ਪਖੋਂ ਇਕ ਮਹੱਤਵ-ਪੂਰਨ ਰੂਪਾਂਤਰ ਦਸਮ ਗ੍ਰੰਥ ਦੇ 'ਪਾਖਯਾਨ ਚਰਿਤ' (ਨੰ: 98) ਵਿਚ ਮਿਲਦਾ ਹੈ, ਜੋ 31 ਦੋਹਰਿਆਂ ਵਿਚ ਹੋਣ ਕਰ ਕੇ ਭਾਵੇਂ ਬੜਾ ਸੰਖੇਪ ਹੈ, ਪਰ ਇਸ ਰੂਪਾਂਤਰ ਵਿਚਲੇ ਮਿਥਕ ਅੰਸ਼ ਨੇ ਇਸ ਕਥਾ ਦੀ ਪ੍ਰਕ੍ਰਿਤੀ ਹੀ ਬਦਲ ਦਿਤੀ ਹੈ। ਇਹ ਕਹਾਣੀ ਦੇਵ ਮਾਲਾ ਨਾਲ ਜੁੜ ਜਾਣ ਕਾਰਨ ਦੰਤ-ਕਥਾ ਤੋਂ ਮਿੱਥ ਜਾਂ ਦੇਵ ਕਥਾ ਵਲ ਯਾਤਰਾ ਆਰੰਭ ਕਰਦੀ ਹੈ। ਇਕ ਤਰ੍ਹਾਂ ਨਾਲ ਇਸ ਰੂਪਾਂਤਰ ਦੁਆਰਾ ਹੀਰ ਰਾਂਝੇ ਦੀ ਕਥਾ ਦਾ ਉਦਾਤੀਕਰਣ ਹੋ ਗਿਆ ਹੈ। ਹੀਰ ਪਿਛਲੇ ਜਨਮ ਵਿਚ ਮੈਨਕਾ ਨਾਉਂ ਦੀ ਅਪੱਛਰਾ ਸੀ। ਕਲਪ ਮੁਨੀ ਨਾਲ ਪ੍ਰੇਮ ਕ੍ਰੀੜਾ ਕਰਨ ਕਰ ਕੇ ਮੈਨਕਾ ਨੂੰ ਇੰਦਰਪੁਰੀ ਵਿਚੋਂ ਇਹ ਸਰਾਪ ਦੇ ਕੇ ਕਢ ਦਿਤਾ ਗਿਆ ਕਿ ਉਹ ਮਾਤਲੋਕ ਵਿਚ ਤੁਰਕਾਂ ਦੇ ਘਰ ਜਨਮੇਗੀ। ਇੰਦਰ ਰਾਂਝਾ ਬਣ ਕੇ ਆਵੇਗਾ ਅਤੇ ਮੈਨਕਾ ਦਾ ਉਧਾਰ ਕਰੇਗਾ —

ਰਾਂਝਾ ਭਯੋ ਸੁਰੇਸ ਤਹਿ ਭਈ ਮੈਨਕਾ ਹੀਰ
(ਦਸਮ ਗ੍ਰੰਥ)

ਫਲਸਰੂਪ ਮੈਨਕਾ ਹੀਰ ਦੇ ਰੂਪ ਵਿਚ ਚੂਚਕ ਦੇ ਘਰ ਪੈਦਾ ਹੋਈ। ਉਧਰ ਰਾਂਝਾ ਝੰਗ ਦੀ ਇਕ ਵਿਧਵਾ ਰਾਣੀ ਚਿਤ੍ਰਦੇਵੀ ਦੇ ਘਰ ਜੰਮਿਆ। ਇਸ ਇਲਾਕੇ ਵਿਚ ਦਿਤਨਾ ਭਿਆਨਕ ਕਾਲ ਪਿਆ ਕਿ ਦਿਤ੍ਰਦੇਵੀ ਦੀ ਸਾਰੀ ਪਰਜਾ ਕਾਲ ਨੇ ਗ੍ਰਸ ਲਈ। ਕੇਵਲ ਚਿਤ੍ਰਦੇਵੀ ਅਤੇ ਉਹਦਾ ਪੁੱਤਰ ਰਾਂਝਾ ਹੀ ਬਚੇ ਰਹੇ। ਜਦੋਂ ਚਿਤ੍ਰਦੇਵੀ ਲਈ ਆਪਣਾ ਪੁੱਤਰ ਪਾਲਣਾ ਮੁਸ਼ਕਲ ਹੋ ਗਿਆ, ਤਾਂ ਉਸ ਨੇ ਆਪਣਾ ਬੱਚਾ ਇਕ ਜੱਟ ਪਾਸ ਵੇਚ ਦਿਤਾ। ਜੱਟ ਨੇ ਬੱਚੇ ਨੂੰ ਆਪਣੇ ਪੁੱਤਰ ਵਾਂਗ ਪਾਲਿਆ। ਇਹੋ ਲੜਕਾ ਵੱਡਾ ਹੋ ਕੇ ਰਾਂਝਾ ਪ੍ਰਸਿਧ ਹੋਇਆ। ਰਾਂਝਾ ਦਿਨੇ ਮਝਾਂ ਚਾਰਿਆ ਕਰਦਾ ਸੀ।

ਜਦੋਂ ਹੀਰ ਜਵਾਨ ਹੋਈ ਤਾਂ ਉਹਦਾ ਇਸ਼ਕ ਰਾਂਝੇ ਨਾਲ ਹੋ ਗਿਆ। ਜਦੋਂ ਚੂਚਕ ਨੂੰ ਹੀਰ ਰਾਂਝੇ ਦੇ ਪ੍ਰੇਮ ਦੀ ਕੰਸੋਅ ਮਿਲੀ, ਤਾਂ ਉਸ ਨੇ ਹੀਰ ਖੇੜਿਆਂ ਦੇ ਵਿਆਹ ਦਿਤੀ। ਰਾਂਝਾ ਫ਼ਕੀਰ ਦਾ ਭੇਸ ਧਾਰ ਕੇ ਖੇੜਿਆਂ ਦੇ ਗਿਆ ਅਤੇ ਮੌਕਾ ਲਗਣ 'ਤੇ ਹੀਰ ਨੂੰ ਕਢ ਕੇ ਸੁਰਗਪੁਰੀ ਪੁਜਾ। ਉਥੇ ਜਾ ਕੇ ਹੀਰ ਫਿਰ ਮੈਨਕਾ ਬਣ ਗਈ ਅਤੇ ਰਾਂਝਾ ਇੰਦਰ। ਤ੍ਰੀਆ ਚਿਤਰ ਦੀ ਇਸ ਕਥਾ ਦੁਆਰਾ ਇਹ ਦਰਸਾਇਆ ਗਿਆ ਹੈ ਕਿ ਸੱਚੀ ਪ੍ਰੀਤ ਕਰਨ ਨਾਲ ਸਰਾਪੇ ਹੋਏ ਲੋਕ ਵੀ ਸਵਰਗ ਪ੍ਰਾਪਤ ਕਰ ਲੈਂਦੇ ਹਨ।

ਦਸਮ ਗ੍ਰੰਥ ਦਾ ਸੰਪਾਦਨ 1696 ਈ: ਵਿਚ ਹੋਇਆ ਮੰਨਿਆ ਜਾਂਦਾ ਹੈ। ਹੀਰ ਰਾਂਝੇ ਦਾ ਉਪ੍ਰੋਕਤ ਰੂਪਾਂਤਰ ਕਈ ਪੱਖਾਂ ਤੋਂ ਵਿਲਖਣ ਹੋਣ ਕਰ ਕੇ ਮਹੱਤਵਪੂਰਣ ਹੈ। ਜਿਵੇਂ ਉਪਰ ਦਸਿਆ ਗਿਆ ਹੈ ਕਿ ਇਕ ਤਾਂ ਹੀਰ ਰਾਂਝੇ ਦੀ ਦੰਤ-ਕਥਾ ਦਾ ਉਦਾਤੀਕਰਣ ਹੋ ਗਿਆ ਹੈ। ਹੀਰ ਨਿਰੀ ਚੂਚਕ ਦੀ ਧੀ ਹੀ ਨਹੀਂ, ਮੈਨਕਾ ਅਪੱਛਰਾ ਵੀ ਬਣ ਗਈ ਹੈ, ਜੋ ਸਰਾਪ ਕਾਰਨ ਤੁਰਕਾਂ ਦੇ ਘਰ ਜੰਮੀ। ਰਾਂਝਾ ਨਿਰਾ ਜੱਟ ਨਹੀਂ ਰਿਹਾ, ਖ਼ੁਦ ਇੰਦਰ ਦੇਵਤਾ ਹੈ, ਜੋ ਮੈਨਕਾ ਅਪੱਛਰਾ ਦਾ ਉਧਾਰ ਕਰਨ ਹਿੱਤ, ਰਾਂਝੇ ਦੇ ਰੂਪ ਵਿਚ ਅਵਤਾਰ ਧਾਰਨ ਕਰਦਾ ਹੈ। ਦੂਜਾ, ਇਹ ਰੂਪਾਂਤਰ ਚਰਿਤ੍ਰਾਂ ਦੇ ਲੇਖਕ ਦੀ ਨਿਜੀ ਕਲਪਨਾ ਦਾ ਫਲ ਨਹੀਂ। ਇਹ ਸਤਾਰ੍ਹਵੀਂ ਸਦੀ ਵਿਚ ਕਿਸੇ ਨਾ ਕਿਸੇ ਵਰਗ ਜਾਂ ਪੂਰਬੀ ਪੰਜਾਬ ਦੇ ਕਿਸੇ ਖੇਤਰ ਵਿਚ ਪ੍ਰਚਲਤ ਹੋਵਗਾ। ਇਸ ਰੂਪਾਂਤਰ ਵਿਚ ਹੀਰ ਰਾਂਝ ਦੀ ਕਥਾ ਦੀਆਂ ਕੁਝ ਆਮ ਪ੍ਰਚਲਤ ਅਤੇ ਬੁਨਿਆਦੀ ਕਥਾਨਕ ਰੂੜ੍ਹੀਆਂ ਵੀ ਮੌਜੂਦ ਹਨ — ਰਾਂਝ ਦਾ ਮੱਝਾਂ ਚਾਰਨਾ, ਹੀਰ ਨਾਲ ਇਸ਼ਕ, ਹੀਰ ਦਾ ਖੇੜਿਆਂ ਦੇ ਵਿਆਹੇ ਜਾਣਾ, ਰਾਝੇ ਨੇ ਫ਼ਕੀਰ ਦੇ ਰੂਪ ਵਿਚ ਖੇੜਿਆ ਦੇ ਪਿੰਡ ਆਉਣਾ ਅਤੇ ਹੀਰ ਨੂੰ ਉਧਾਲ ਕੇ (ਸੁਰਲੋਕ) ਲੈ ਜਾਣਾ, ਇਤਿਆਦਿ।

ਇਹ ਰੂਪਾਂਤਰ ਦਮੋਦਰ ਦੀ ਕਥਾ ਤੋਂ ਨਿਰਲੇਪ ਰਹਿ ਕੇ ਵਿਗਸਿਆ ਹੈ। ਦਮੋਦਰ ਦਾ ਕਿੱਸਾ ਲਹਿੰਦੀ ਭਾਖਾ ਵਿਚ ਹੋਣ ਕਰ ਕੇ, ਪੂਰਬੀ ਪੰਜਾਬ ਵਿਚ ਬਹੁਤਾ ਮਕਬੂਲ ਨਹੀਂ ਸੀ ਹੋਇਆ। 'ਪਾਖਯਾਨ ਚਰਿਤ੍ਰ' ਵਿਚ ਦਿਤੀ ਕਥਾ ਲੋਕ-ਰੂਪਾਂਤਰ

Sri Satguru Jagjit Singh Ji eLibrary NamdhariElibrary@gmail.com

ਹੈ, ਕਿਉਂਕਿ ਇਨ੍ਹਾਂ ਕਥਾਵਾਂ ਦਾ ਮੂਲ ਸੋਮਾਂ ਲੋਕ-ਸਿਮਰਤੀ ਹੈ, ਕਲਪਨਾ ਨਹੀਂ । ਭਾਵੇਂ 'ਪਾਖਯਾਨ ਚਰਿਤ੍ਰ' ਦੀ ਰਚਨਾ ਦਮੋਦਰ ਦੀ ਹੀਰ ਤੋਂ ਕਾਫ਼ੀ ਸਮੇਂ ਬਾਅਦ ਹੋਈ, ਪਰ ਇਹ ਦਮੋਦਰ ਦੇ ਰੂਪਾਂਤਰ ਤੋਂ ਨਿਰਲੇਪ ਹੈ।

ਦਮੋਦਰ ਦੇ ਵੇਲੇ ਹੀ ਹੀਰ ਰਾਂਝੇ ਦਾ ਇਕ ਕਿੱਸਾ ਫ਼ਾਰਸੀ ਵਿਚ ਵੀ ਲਿਖਿਆ ਗਿਆ। ਇਹ ਹੀਰ ਦਾ ਫ਼ਾਰਸੀ ਵਿਚ ਸਭ ਤੋਂ ਪੁਰਾਣਾ ਕਿੱਸਾ ਹੈ, ਜੋ ਹਯਾਤ ਖ਼ਾਨ ਬਾਕੀ ਦੀ ਰਚਨਾ ਹੈ। ਡਾ: ਮੋਹਨ ਸਿੰਘ ਦਿਵਾਨੇ ਦੇ ਅਨੁਮਾਨ ਮੁਤਾਬਿਕ ਬਾਕੀ ਕਵੀ ਅਕਬਰ ਸ਼ਾਹ ਸਾਨੀ (18ਵੀਂ ਸਦੀ) ਦੇ ਜ਼ਮਾਨੇ ਵਿਚ ਹੋਇਆ। ਪਰ ਇਕ ਪਾਕਿਸਤਾਨੀ ਵਿਦਵਾਨ ਡਾ: ਮੁਹੰਮਦ ਬਾਕਰ ਅਨੁਸਾਰ ਬਾਕੀ ਕਵੀ ਅਫ਼ਗਾਨਿਸਤਾਨ ਅਤੇ ਬੁਖ਼ਾਰਾ ਦੀ ਸਰਹੱਦ ਉਤੇ ਵਸਦੇ ਇਕ ਪਿੰਡ ਕੋਲਾਬ ਦਾ ਵਸਨੀਕ ਸੀ । ਉਹ ਅਕਬਰ ਦੇ ਰਾਜ ਸਮੇਂ ਭਾਰਤ ਆਇਆ ਅਤੇ 1579 ਈ: ਵਿਚ ਜੌਨਪੁਰ ਸ਼ਹਿਰ ਵਿਚ ਮਾਸੂਮ ਖ਼ਾਨ ਕਾਬਲੀ ਦੀ ਬਗ਼ਾਵਤ ਦੇ ਸਮੇਂ ਮਾਰਿਆ ਗਿਆ । ਡਾ: ਮੁਹੰਮਦ ਬਾਕਰ ਦੇ ਅਨੁਮਾਨ ਅਨੁਸਾਰ ਬਾਕੀ ਨੇ ਮਸਨਵੀ ਹੀਰ ਰਾਂਝਾ 1575 ਈ: ਤੋਂ 1579 ਈ: ਦੇ ਵਿਚ ਵਿਚਾਲੇ ਲਿਖੀ। ਇਹ ਸਮਾਂ ਦਮੋਦਰ ਦੇ ਨੇੜੇ ਤੇੜੇ ਦਾ ਹੈ। ਡਾ: ਸਾਹਿਬ ਦੇ ਕਥਨ ਮੁਤਾਬਿਕ ਇਸ ਮਸਨਵੀ ਦੀ ਇਕ ਹਥ-ਲਿਖਤ ਨਕਲ ਨੈਸ਼ਨਲ ਮਿਊਜ਼ੀਅਮ ਕਰਾਚੀ ਵਿਚ ਪਈ ਹੈ।

ਬਾਕੀ ਨੇ ਹੀਰ ਰਾਂਝੇ ਦੀ ਕਹਾਣੀ ਇਉਂ ਲਿਖੀ ਹੈ — ਦੀਦੋ ਦਾ ਪਿਉ ਛੋਟੀ ਉਮਰ ਵਿਚ ਹੀ ਮਰ ਗਿਆ ਸੀ। ਉਸ ਨੇ ਹੀਰ ਦੇ ਹੁਸਨ ਦੀ ਮਹਿਮਾ ਸੁਣੀ, ਤਾਂ ਦਿਲ ਦੇ ਬੈਠਾ। ਮਾਂ ਨੇ ਹੀਰ ਵਲੋਂ ਬੜਾ ਵਰਜਿਆ, ਪਰ ਦੀਦੋ ਉਤੇ ਇਹਦਾ ਕੋਈ ਅਸਰ ਨਾ ਹੋਇਆ। ਇਕ ਵਾਰ ਦੀਦੋ ਜੰਗਲ ਵਿਚ ਵਿਜੋਗ ਦਾ ਮਾਰਿਆ ਫਿਰ ਰਿਹਾ ਸੀ ਕਿ ਉਸ ਨੂੰ ਪੰਜ ਦਾਨੇ ਮਿਲੇ। ਦੀਦੋ ਨੇ ਆਪਣਾ ਦੁਖ ਦਸਿਆ। ਉਨ੍ਹਾਂ ਦਾਨਿਆਂ ਕੋਲ ਇਕ ਮੱਝ ਸੀ, ਜੋ ਦੁੱਧ ਨਹੀਂ ਸੀ ਦੇਂਦੀ। ਦਾਨਿਆਂ ਨੇ ਦੀਦੋ ਨੂੰ ਮੱਝ ਚੋਣ ਲਈ ਕਿਹਾ। ਦੀਦੋ ਨੇ ਚੋ ਦਿਤੀ। ਪੰਜੇ ਦਾਨੇ ਦੀਦੋ ਦੀ ਇਸ ਕਰਾਮਾਤ ਉਤੇ ਬੜੇ ਖ਼ੁਸ਼ ਹੋਏ। ਸੋ ਉਨ੍ਹਾਂ ਵਰ ਦਿਤਾ ਕਿ ਤੇਰੀ ਮੁਰਾਦ ਪੂਰੀ ਹੋਵੇਗੀ।

ਦੀਦੋ ਹੀਰ ਦੇ ਸ਼ਹਿਰ ਪੁੱਜਾ। ਹੀਰ ਦਾ ਪਿਉ ਚੂਚਕ ਦੀਦੋ ਨੂੰ ਆਪਣੇ ਘਰ ਲੈ ਗਿਆ। ਹੀਰ ਨੇ ਵੀ ਦੀਦੋ ਦੇ ਹੁਸਨ ਦੀ ਚਰਚਾ ਸੁਣ ਰਖੀ ਸੀ ਤੇ ਉਹ ਬਿਨ ਵੇਖੇ ਦੀਦੋ 'ਤੇ ਆਸ਼ਕ ਸੀ। ਇਕ ਦਾਈ ਨੇ ਦੀਦੋ ਦੀ ਹੀਰ ਨਾਲ ਮੁਲਾਕਾਤ ਕਰਵਾਈ। ਦੋਹਾਂ ਵਿਚ ਇਸ਼ਕ ਠਾਠਾਂ ਮਾਰਨ ਲੱਗਾ। ਜਦੋਂ ਦੋਹਾਂ ਦੇ ਇਸ਼ਕ ਦੀ ਗੱਲ ਧੁੰਮ ਗਈ, ਤਾਂ ਦੀਦੋ ਜੰਗਲ ਵਲ ਨਿਕਲ ਤੁਰਿਆ। ਪਰ ਹੀਰ ਨੇ ਦਾਈ ਨੂੰ ਦੀਦੋ ਦੇ ਮਗਰ ਭੇਜਿਆ, ਜਿਸ ਦੀ ਪ੍ਰੇਰਨਾ ਨਾਲ ਉਹ ਵਾਪਸ ਆ ਗਿਆ ਅਤੇ ਦਰਿਆ ਦੇ ਕੰਢੇ ਰਹਿਣ ਲੱਗਾ।

ਹੀਰ ਦੀ ਮਾਂ ਨੇ ਹੀਰ ਦਾ ਵਿਆਹ ਹਸਾਮ ਨਾਂ ਦੇ ਗਭਰੂ ਨਾਲ ਕਰ ਦਿਤਾ, ਪਰ ਹੀਰ ਦੇ ਤਰਲੇ ਕਰਨ ਤੇ ਮਾਂ ਨੇ ਦੀਦੋ ਨੂੰ ਹੀਰ ਦੇ ਨਾਲ, ਸਹੁਰੇ ਘਰ ਭੇਜ ਦਿਤਾ। ਜਦੋਂ ਹਸਾਮ ਨੇ ਹੀਰ ਨਾਲ ਸੁਹਾਗ ਰਾਤ ਮਨਾਣੀ ਚਾਹੀ, ਤਾਂ ਹੀਰ ਉਸ ਨਾਲ ਲੜ ਪਈ। ਕੁਝ ਦਿਨਾਂ ਬਾਅਦ ਹੀਰ ਪੇਕੇ ਆ ਗਈ ਅਤੇ ਉਸ ਨੇ ਮੁੜ ਸਹੁਰੇ ਜਾਣ ਤੋਂ ਇਨਕਾਰ ਕਰ ਦਿਤਾ। ਹਸਾਮ ਨੇ ਸ਼ਾਹ ਆਦਲ ਦੇ ਦਰਬਾਰ ਵਿਚ ਜਾ ਫ਼ਰਿਆਦ ਕੀਤੀ। ਸ਼ਾਹ ਆਦਲ ਨੇ ਹੀਰ ਨੂੰ ਹਸਾਮ ਦੇ ਹਵਾਲੇ ਕਰ ਦਿਤਾ। ਕੁਝ ਚਿਰ ਬਾਅਦ ਹੀਰ ਬੀਮਾਰ ਪੈ ਗਈ। ਦੀਦੋ ਜੋਗੀ ਬਣ ਕੇ ਉਹਦੇ ਸਹੁਰੇ ਘਰ ਮਿਲਣ ਗਿਆ। ਫਿਰ ਹੀਰ ਪੇਕੇ ਆ ਗਈ ਅਤੇ ਰਾਂਝੇ ਨਾਲ ਨਠ ਗਈ। ਦੋਵੇਂ ਜੰਗਲ ਵਿਚ ਇਕੱਠਿਆਂ ਰਹਿਣ ਲਗ ਪਏ। ਕੁਝ ਸਮੇਂ ਮਗਰੋਂ ਦੀਦੋ ਮਰ ਗਿਆ। ਵਿਜੋਗ ਵਿਚ ਹੀਰ ਨੇ ਧਰਤੀ ਅੱਗੇ ਫ਼ਰਯਾਦ ਕੀਤੀ, ਉਸੇ ਵੇਲੇ ਧਰਤੀ ਫਟ ਗਈ ਅਤੇ ਹੀਰ ਉਸ ਵਿਚ ਸਮਾ ਗਈ।

ਬਾਕੀ ਨੇ ਹੀਰ ਰਾਂਝੇ ਦੀ ਜੋ ਮਸਨਵੀ ਲਿਖੀ, ਉਸ ਦੀ ਕਹਾਣੀ ਉਸ ਨੇ ਲਾਹੌਰ ਵਿਚੋਂ ਸੁਣੀ ਹੋਣੀ ਹੈ, ਕਿਉਂ ਜੋ ਉਸ ਸਮੇਂ ਲਾਹੌਰ ਹੀ ਪੰਜਾਬ ਦੀਆਂ ਵਿਵਧ ਸਰਗਰਮੀਆਂ ਦਾ ਕੇਂਦਰ ਸੀ। ਹੋ ਸਕਦਾ ਹੈ ਕਿ ਇਹ ਮਸਨਵੀ ਉਸ ਨੇ ਲਾਹੌਰ ਵਿਚ ਹੀ ਲਿਖੀ ਹੋਵੇ।

ਉਪ੍ਰੋਕਤ ਰੂਪਾਂਤਰਾਂ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਅਕਬਰ ਦੇ ਰਾਜ ਵੇਲੇ ਹੀਰ ਰਾਂਝੇ ਦੀ ਕਹਾਣੀ ਕਈ ਰੂਪਾਂ ਵਿਚ ਪ੍ਰਚਲਤ ਸੀ। ਦਮੋਦਰ ਨੇ ਜੋ ਰੂਪਾਂਤਰ ਮਾਧਿਅਮ ਬਣਾਇਆ, ਉਹ ਲਹਿੰਦੇ ਦਾ ਸੀ। ਕਵੀ ਬਾਕੀ ਦੀ ਮਸਨਵੀ ਦਾ ਰੂਪਾਂਤਰ ਸ਼ਾਇਦ ਕੇਂਦਰੀ ਪੰਜਾਬ ਵਿਚ ਪ੍ਰਚਲਤ ਹੋਵੇ। ਇਕ ਸਦੀ ਮਗਰੋਂ ਚਰਿਤ੍ਰਾਂ ਵਿਚ ਉਪਲਬਧ ਕਥਾ ਦਾ ਆਧਾਰ ਕੋਈ ਹੋਰ ਰੂਪਾਂਤਰ ਹੈ, ਜੋ ਪੂਰਬੀ ਖੇਤਰ ਵਿਚ ਮੌਖਿਕ ਰੂਪ ਵਿਚ ਅੱਗੇ ਤੁਰਦਾ ਜਾ ਰਿਹਾ ਸੀ।

ਇਨ੍ਹਾਂ ਤਿੰਨਾਂ ਰੂਪਾਂਤਰਾਂ ਦਾ ਬੁਨਿਆਦੀ ਢਾਂਚਾ ਇਕੋ ਹੈ, ਕਥਾਨਿਕ ਦੇ ਪਾਸਾਰ ਲਈ ਵਰਤੀਆਂ ਗਈਆਂ ਰੂੜ੍ਹੀਆਂ ਵਿਚ ਭਾਵੇਂ ਕਾਫ਼ੀ ਅੰਤਰ ਹੈ। ਇਹ ਤਿੰਨੋਂ ਰੂਪਾਂਤਰ ਮੂਲ ਕਥਾ ਦੇ ਹੀ ਵਿਗੜੇ ਹੋਏ ਜਾਂ ਲੋਕ-ਮਨ ਵਿਚੋਂ ਲੰਘੇ ਰੂਪ ਹਨ। ਜੇ ਇਹ ਕਥਾ ਅਕਬਰ ਜਾਂ ਮੁਗ਼ਲਾਂ ਦੇ ਰਾਜ ਵੇਲੇ ਦੀ ਕੋਈ ਵਾਸਤਵਿਕ ਘਟਨਾ ਹੁੰਦੀ, ਤਾਂ ਇਸ ਵਿਚ, ਇਤਨੇ ਥੋੜੇ ਸਮੇਂ ਵਿਚ, ਭਾਰੀ ਪਰਿਵਰਤਨ ਨਾ ਆਉਂਦੇ।

ਅਸਲ ਵਿਚ ਹੀਰ ਰਾਂਝੇ ਦੀ ਕਹਾਣੀ ਮਧਕਾਲੀ ਕਥਾ-ਪਰੰਪਰਾ ਦਾ ਅੰਗ ਹੈ। ਮਧਕਾਲੀ ਕਥਾ ਚੇਤਨਾ ਨੇ ਹੀ ਇਸ ਨੂੰ ਇਕ ਨੁਹਾਰ ਦਿਤੀ ਹੈ। ਜੇ ਇਸ ਕਹਾਣੀ ਵਿਚ ਕੋਈ ਵਾਸਤਵਿਕ ਘਟਨਾਵਾਂ ਹੋਣਗੀਆਂ ਵੀ ਤਾਂ ਉਹ ਅੰਦਰਲੀ ਗਿਰੀ ਵਾਂਗ ਹਨ, ਜਿਸ ਉਤੇ ਕਈ ਛਿਲਕੇ ਸਮੇਂ ਦੀ ਲੋਕ-ਚੇਤਨਾ ਨੇ ਚੜ੍ਹਾ ਦਿਤੇ। ਵਾਸਤਵਿਕ ਕਹਾਣੀ ਤਾਂ ਇਹੋ ਹੋ ਸਕਦੀ ਹੈ — ਹੀਰ ਰਾਂਝੇ ਦਾ ਇਕ ਦੂਜੇ ਨਾਲ ਭਖਦਾ ਇਸ਼ਕ, ਜਿਸ ਨੂੰ ਮਧਕਾਲੀ ਸਮਾਜ ਵਲੋਂ ਪ੍ਰਵਾਨਗੀ ਨਾ ਮਿਲਣੀ; ਇਸ਼ਕ ਦੀ ਚਰਚਾ ਹੋਣ ਤੇ ਹੀਰ ਨੂੰ ਮਾਪਿਆਂ ਨੇ ਕਿਧਰੇ ਹੋਰ ਵਿਆਹ ਦੇਣਾ; ਰਾਂਝੇ ਨੇ ਫ਼ਕੀਰ ਦਾ ਰੂਪ ਧਾਰ ਕੇ ਹੀਰ ਨੂੰ ਉਧਾਲ ਕੇ ਲੈ ਜਾਣਾ। ਅਜਿਹੀਆਂ ਘਟਨਾਵਾਂ ਸਾਡੇ ਸਮਾਜ ਦੀ ਹੁਣ ਤਕ ਹੋਣੀ ਬਣੀਆਂ ਰਹੀਆਂ ਹਨ। ਪਰ ਇਸ ਗਿਰੀ ਦੁਆਲੇ ਜੋ ਬਾਕੀ ਪਰਤਾਂ ਹਨ, ਉਹ ਲੋਕ-ਕਲਪਨਾ ਨੇ ਸਮੇਂ ਦੀ ਚੇਤਨਾ ਅਨੁਕੂਲ ਚੜ੍ਹਾਈਆਂ ਹਨ। ਕੁਝ ਪ੍ਰਚਲਤ ਕਥਾਨਿਕ ਰੂੜ੍ਹੀਆਂ ਇਸ ਕਥਾ ਵਿਚ ਆ ਰਲੀਆਂ ਹਨ, ਕੁਝ ਸਮੇਂ ਦੀਆਂ ਧਾਰਨਾਵਾਂ ਤੇ ਸੰਕਲਪ ਕਥਾ ਰੂੜ੍ਹੀਆਂ ਦਾ ਰੂਪ ਧਾਰ ਕੇ ਇਸ ਵਿਚ ਲੀਨ ਹੋ ਗਏ ਹਨ। ਫਿਰ ਉਪ੍ਰੋਕਤ ਤਿੰਨੋਂ ਰੂਪਾਂਤਰ ਕਾਵਿ ਵਿਚ ਹਨ, ਕਾਵਿ ਹਮੇਸ਼ਾਂ ਕਥਾ ਕਹਾਣੀ ਨੂੰ ਆਪਣੀ ਕਲਪਨਾ ਵਿਚੋਂ ਲੰਘਾ ਕੇ, ਸਮੇਂ ਦੀ ਚੇਤਨਾ ਅਨੁਕੂਲ ਪੇਸ਼ ਕਰਦੀ ਹੈ। ਮਧਕਾਲ ਵਿਚ ਤਾਂ ਕਾਵਿ ਦੀ ਮੂਲ ਬਿਰਤੀ ਮਿਥੀਕਲ ਸੀ, ਜਿਸ ਕਰ ਕੇ ਕਥਾ ਵਿਚ ਰਹੱਸਮਈ ਤੇ ਕਲਪਿਤ ਅੰਸ਼ ਦਾ ਪ੍ਰਵੇਸ਼ ਕਰਨਾ ਸਹਿਜ ਸੀ। ਇਸ ਕਥਾ ਦਾ ਲੋਕ-ਰੂਪਾਂਤਰ ਤਾਂ ਸਾਨੂੰ ਅਜੇ ਤਕ ਪ੍ਰਾਪਤ ਹੀ ਨਹੀਂ ਹੋਇਆ।

ਲੋਕਧਾਰਾਈ ਦ੍ਰਿਸ਼ਟੀ ਤੋਂ ਵੇਖਿਆ ਜਾਵੇ, ਤਾਂ ਹੀਰ ਰਾਂਝੇ ਦੀ ਕਹਾਣੀ ਮੁਗ਼ਲਾਂ ਦੇ ਰਾਜ ਤੋਂ ਕਾਫ਼ੀ ਪਹਿਲਾਂ ਦੀ ਕੋਈ ਦੰਤ-ਕਥਾ ਹੈ। ਮੁਸਲਮਾਨਾਂ ਦੇ ਰਾਜ ਦੀ ਸਥਾਪਤੀ ਮਗਰੋਂ ਸਾਡੀਆਂ ਲੋਕ-ਕਹਾਣੀਆਂ ਵਿਚ ਬੜੇ ਭਾਰੀ ਪਰਿਵਰਤਨ ਆਏ। ਦੋਹਾਂ ਸੰਸਕ੍ਰਿਤੀਆਂ ਦੇ ਮੇਲ ਨਾਲ ਸਾਮੀ ਕਥਾਨਿਕ ਰੂੜ੍ਹੀਆਂ ਦਾ ਪੰਜਾਬੀ ਕਥਾਵਾਂ ਵਿਚ ਸਮਿਲਤ ਹੋਣਾ ਤਾਂ ਇਕ ਇਤਿਹਾਸਕ ਕਰਮ ਹੈ ਹੀ ਸੀ, ਸਾਮੀ ਕਥਾਵਾਂ ਨੇ ਪੰਜਾਬੀ ਕਹਾਣੀ ਨੂੰ ਇਕ ਨਵੀਂ ਦਿਸ਼ਾ ਵੀ ਪ੍ਰਦਾਨ ਕੀਤੀ। ਪੰਜਾਬੀ ਕਥਾ ਕਹਾਣੀ ਪੌਰਾਣਿਕ ਰੂੜ੍ਹੀਆਂ ਦੇ ਪ੍ਰਭਾਵ ਅਤੇ ਬਹੁਲਤਾ ਕਾਰਨ ਮਿਥਕ ਭਾਂਤ ਦਾ ਸੁਭਾਵ ਗ੍ਰਹਿਣ ਕਰ ਚੁਕੀ ਸੀ। ਸਾਮੀ ਪ੍ਰਭਾਵ ਹੇਠ ਉਸ ਵਿਚ ਨਵੀਂ ਸੋਝੀ ਤੇ ਸਮਾਜਿਕ

Sri Satguru Jagjit Singh Ji eLibrary NamdhariElibrary@gmail.com

ਚੇਤਨਤਾ ਉਦੋਂ ਹੋਈ। ਫਲਸਰੂਪ ਕਥਾਵਾਂ ਵਿਚ ਅਸੰਭਵ ਤੇ ਅਨਹੋਣੇ ਤੱਤ ਘਟਣ ਲਗੇ ਅਤੇ ਵਾਸਤਵਿਕਤਾ ਦਾ ਰੰਗ ਉਭਰਨ ਲੱਗਾ। ਦੂਜਾ, ਕਥਾਵਾਂ ਵਿਚ ਸਮਾਜਿਕ ਅਨਿਆਂ ਤੇ ਬੰਧਨਾਂ ਵਿਰੁਧ ਸੁਰ ਨਿਖਰਨ ਲੱਗੀ। ਤੀਜਾ, ਕਥਾ ਕਹਾਣੀ ਲੋਕਾਂ ਦੇ ਕਾਫ਼ੀ ਨੇੜੇ ਹੋ ਗਈ, ਅਤੇ ਕਹਾਣੀਆਂ ਵਿਚ ਰਾਜਿਆ ਦੀ ਥਾਂ ਸਾਧਾਰਣ ਲੋਕ ਲੈਣ ਲਗੇ। ਨਵੇਂ ਪ੍ਰਭਾਵਾਂ ਤੇ ਮਾਨਸਿਕ ਚੇਤਨਤਾ ਸਦਕਾ ਪੰਜਾਬੀ ਦੀ ਮੌਖਿਕ ਕਥਾ ਕਹਾਣੀ ਵਿਚ ਭਾਰੀ ਪਰਿਵਰਤਨ ਆਏ। ਸਭ ਕਥਾਵਾਂ ਲੋਕ-ਪਧਰ ਉਤੇ ਖੰਡਿਤ ਹੋਣ ਲਗੀਆਂ। ਕਈ ਪੌਰਾਣਿਕ ਕਹਾਣੀਆਂ ਪਤਿਤ ਹੋ ਕੇ ਲੋਕ-ਕਹਾਣੀਆਂ ਦਾ ਰੂਪ ਗ੍ਰਹਿਣ ਕਰ ਗਈਆਂ। ਕਈਆਂ ਕਥਾਵਾਂ ਦਾ ਉਦਾਤੀਕਰਣ ਵੀ ਹੋਇਆ। ਕਈ ਸਾਧਾਰਨ ਲੋਕ ਕਹਾਣੀਆਂ ਕਿਸੇ ਭੂਗੋਲਿਕ ਖੇਤਰ ਨਾਲ ਜੁੜ ਕੇ ਦੰਤ-ਕਥਾਵਾਂ ਬਣ ਗਈਆਂ। ਇਸੇ ਪਰਿਵਰਤਨ ਕਾਲ ਵਿਚ ਪੰਜਾਬ ਦੀਆਂ ਪ੍ਰੀਤ ਕਥਾਵਾਂ — ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਆਦਿ ਆਪਣੇ ਪੁਰਾਣੇ ਸਰੂਪ ਤਿਆਗ ਕੇ ਤੇ ਮੂਲ ਪਛਾਣ ਨੂੰ ਗੁਆ ਕੇ, ਨਵੇਂ ਨਵੇਲੇ, ਭਾਵੁਕ, ਅਦਭੁਤ ਅਤੇ ਰੋਮਾਂਸਿਕ ਰੂਪ ਲੈ ਕੇ ਉਜਾਗਰ ਹੋਈਆਂ ਅਤੇ ਇਨ੍ਹਾਂ ਨੇ ਸਥਾਨਗਤ, ਕਾਲਗਤ ਅਤੇ ਕਬੀਲਾਗਤ ਹੋਂਦ ਪ੍ਰਾਪਤ ਕਰ ਲਈ। ਇਸ ਸਮੇਂ ਰਾਸਧਾਰੀਆਂ ਅਤੇ ਸਵਾਂਗੀਆਂ ਨੇ ਵੀ ਲੋਕ-ਕਹਾਣੀਆਂ ਦੀ ਪੁਨਰ ਸਿਰਜਨਾ ਵਿਚ ਅਹਿਮ ਭੂਮਿਕਾ ਬੰਨ੍ਹੀ। ਨਵੀਂ ਕਥਾ-ਚੇਤਨਾ ਦੇ ਅਨੁਕੂਲ ਲੋਕ-ਕਹਾਣੀਆਂ ਨੂੰ ਕਬੀਲਿਆਂ ਨਾਲ ਜੋੜ ਕੇ, ਉਨ੍ਹਾਂ ਦਾ ਇਤਿਹਾਸੀਕਰਨ ਕਰ ਦਿਤਾ ਗਿਆ। ਕਈ ਵਾਰ ਤਾਂ ਦੋ ਭਿੰਨ ਭਿੰਨ ਦੁਰਾਡੇ ਖੇਤਰਾਂ ਦੇ ਰਾਸਧਾਰੀਆਂ ਨੇ ਕਥਾ ਨੂੰ ਆਪੋ ਆਪਣੇ ਇਲਾਕੇ ਨਾਲ ਜੋੜ ਲਿਆ। ਇਸ ਪ੍ਰਸੰਗ ਵਿਚ ਸਭ ਤੋਂ ਵਧੀਆ ਮਿਸਾਲ ਸੱਸੀ ਪੁੰਨੂੰ ਦੀ ਪ੍ਰੀਤ ਕਥਾ ਦੀ ਹੈ, ਜਿਸਦਾ ਸਥਾਨੀਕਰਣ ਸਿੰਧ, ਕੱਛ ਅਤੇ ਪੰਜਾਬ ਦੇ ਭਿੰਨ ਭਿੰਨ ਇਲਾਕਿਆਂ ਵਿਚ ਕਰ ਦਿਤਾ ਗਿਆ। ਇਥੋਂ ਤਕ ਕੇ ਪੰਜਾਬ ਵਿਚ ਵੀ ਕਿਸੇ ਇਕ ਸਥਾਨ ਨਾਲ ਕਹਾਣੀ ਸੀਮਤ ਨਹੀਂ ਰਹਿ ਸਕੀ। ਲਹਿੰਦੇ ਦੀਆਂ ਰਵਾਇਤਾਂ ਅਨੁਸਾਰ ਸੱਸੀ ਨੂੰ ਲੇਟੀ ਵਿਚ ਰੁੜ੍ਹਾਇਆ ਗਿਆ। ਇਸ ਨਦੀ ਦੇ ਤਟ ਤੇ ਸੱਸੀ ਦੇ ਧੌਲਰ ਦੇ ਖੰਡਰ ਹੁਣ ਤਕ ਮੌਜੂਦ ਹਨ, ਪਰ ਬਹਾਵਲਪੁਰ ਗਜ਼ਟੀਅਰ ਵਿਚ ਵਰਨਣ ਹੈ ਕਿ ਸੱਸੀ ਨੂੰ ਤਰਿਮੂੰਹੀ ਦੇ ਸਥਾਨ ਉਤੇ ਸਿੰਧ ਦਰਿਆ ਵਿਚ ਰੋੜ੍ਹਿਆ ਗਿਆ। ਇਹੋ ਗੱਲ ਕੋਕਿਲਾਂ ਬਾਰੇ ਹੈ। ਕੋਕਿਲਾਂ ਸਿਰਕਪ ਦੀ ਬੇਟੀ ਸੀ ਅਤੇ ਰਾਜੇ ਰਸਾਲੂ ਦੀ ਪਤਨੀ। ਪਰ ਪਿੰਡ ਭਾਦਸੋਂ ਦੀ ਰਵਾਇਤ ਅਨੁਸਾਰ ਰਾਣੀ ਕੋਕਿਲਾਂ ਭਾਦਸੋਂ ਦੇ ਰਾਜੇ ਭਦਰਸੈਨ ਦੀ ਰਾਣੀ ਸੀ, ਜਿਸ ਦਾ ਮਲੇਰ ਕੋਟਲੇ ਦੇ ਰਾਜੇ ਰਸਾਲੂ ਨਾਲ ਪ੍ਰੇਮ ਹੋ ਗਿਆ ਸੀ (ਪੰਜਾਬੀ ਟ੍ਰਿਬਿਊਨ, 11 ਸਤੰਬਰ, 1980)।

ਹੀਰ ਰਾਂਝੇ ਦੀ ਕਥਾ ਦਾ ਸਥਾਨੀਕਰਨ ਵੀ ਰਾਸਧਾਰੀਆਂ ਅਤੇ ਸਵਾਂਗੀਆਂ ਨੇ ਹੀ ਕੀਤਾ। ਜਦੋਂ ਤਕ ਕਿਸੇ ਲੋਕ-ਕਹਾਣੀ ਦਾ ਸਥਾਨੀਕਰਨ ਨਹੀਂ ਹੁੰਦਾ, ਉਹ ਕਥਾ ਨਿਰੀ ਕਲਪਿਤ ਲਗਦੀ ਹੈ ਤੇ ਉਸ ਦੇ ਪਾਤਰ ਹੱਡ-ਮਾਸ ਦੇ ਵਾਸਤਵਿਕ ਹੋਣ ਦਾ ਭਲੇਖਾ ਨਹੀਂ ਸਿਰਜਦੇ।

ਵੈਸੇ ਵੀ ਹੀਰ ਰਾਂਝੇ ਦੀ ਪ੍ਰੀਤ ਘਟਨਾ ਦੇ ਵਾਪਰਨ ਦਾ ਜੋ ਸਮਾਂ ਨਿਸਚਿਤ ਕੀਤਾ ਗਿਆ ਹੈ, ਉਸ ਵੇਲੇ ਤਕ ਝੰਗ ਵਸਿਆ ਹੀ ਨਹੀਂ ਸੀ। ਭਾਈ ਕਾਹਨ ਸਿੰਘ (ਮਹਾਨ ਕੋਸ਼, 207) ਅਨੁਸਾਰ ਹੀਰ ਦੀ ਮ੍ਰਿਤੂ ਸੰਮਤ 1510 (1453 ਈ:) ਵਿਚ ਹੋਈ। ਪਰ 'ਤਾਰੀਖ਼ੇ ਝੰਗ ਸਿਆਲ' ਅਨੁਸਾਰ ਝੰਗ ਦੀ ਨੀਂਹ ਚੂਚਕ ਦੇ ਭਤੀਜੇ ਮਲਖਾਨ ਨੇ 1462 ਈ: ਵਿਚ ਰਖੀ। ਭਾਵੇਂ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਝੰਗ ਰਾਇ ਸਰਜਾ ਨੇ ਸੰਮਤ 983 (ਮੁਤਾਬਿਕ ਸੰਨ 926 ਈ:) ਵਿਚ ਵਸਾਇਆ ਸੀ। ਪਰ 'ਤਾਰੀਖ਼ੇ ਝੰਗ ਸਿਆਲ' ਅਤੇ 'ਝੰਗ ਜ਼ਿਲਾ ਗਜ਼ਟੀਅਰ' ਤੋਂ ਇਸ ਗੱਲ ਦੀ ਉੱਕੀ ਪੁਸ਼ਟੀ ਨਹੀਂ ਹੁੰਦੀ।

ਸ਼ਮਸ਼ੇਰ ਸਿੰਘ ਅਸ਼ੋਕ (ਮੁਕਬਲ ਰਚਨਾਵਲੀ, ਭਾ. ਵਿ. 6) ਅਨੁਸਾਰ ਹੀਰ ਰਾਂਝੇ ਦੀ ਪ੍ਰੇਮ ਘਟਨਾ ਤਾਂ ਦਰਿਆ ਜਿਹਲਮ ਦੇ ਨੇੜੇ ਕੱਛੀ ਦੇ ਉਸ ਇਲਾਕੇ ਨਾਲ ਸੰਬੰਧਤ ਹੈ ਜਿਥੇ ਕਿ ਜਬੋਆਣੇ ਤੋਂ ਮਛੀਵਾਲ ਤਕ ਚੌਰਾਸੀ ਪਿੰਡ ਹਨ, ਜਿਥੇ ਉਸ ਸਮੇਂ ਚੂਚਕ ਦਾ ਰਾਜ ਸੀ। ਉਦੋਂ ਅਜੇ ਝੰਗ ਨਹੀਂ ਸੀ ਵਸਿਆ।

ਭਾਵੇਂ ਝੰਗ ਵਿਚ ਹੀਰ ਦੀ ਕਬਰ ਵੀ ਮਿਲਦੀ ਹੈ, ਪਰ ਦਮੋਦਰ ਵੇਲੇ ਜੇ ਹੀਰ ਦੀ ਕਬਰ ਮੌਜੂਦ ਹੁੰਦੀ ਤਾਂ 'ਅੱਖੀਂ ਡਿਠਾ' ਕਿੱਸਾ ਲਿਖਣ ਵਾਲਾ ਦਮੋਦਰ ਕਹਾਣੀ ਦੇ ਅੰਤ ਵਿਚ ਹੀਰ ਰਾਂਝੇ ਨੂੰ 'ਲੰਮੀ ਤਰਫ਼' ਨਾ ਭੇਜਦਾ, ਸਗੋਂ ਉਸ ਕਬਰ ਦਾ ਵੀ ਵੇਰਵੇ ਨਾਲ ਵਰਨਣ ਕਰਦਾ। ਇਹ ਕਬਰ ਤਾਂ ਵਾਰਿਸ ਸ਼ਾਹ ਦੇ ਕਿੱਸੇ ਦੀ ਪ੍ਰਸਿਧੀ ਮਗਰੋਂ ਹੋਂਦ ਵਿਚ ਆਈ ਜਾਪਦੀ ਹੈ ਅਤੇ ਝੰਗ ਦੀ ਕਿਸੇ ਪੁਰਾਣੀ ਕਬਰ ਨੂੰ ਹੀਰ ਦੇ ਨਾਂ ਨਾਲ ਜੋੜ ਦਿਤਾ ਗਿਆ ਹੈ (ਵੇਖੋ : ਹੀਰ ਦਾ ਮਕਬਰਾ)।

ਹੀਰ ਰਾਂਝੇ ਦੀ ਕਹਾਣੀ ਵਿਚ ਹੋਏ ਪਾਤਰ-ਪਰਿਵਰਤਨ ਵੀ ਇਸ ਕਿੱਸੇ ਦੀ ਇਤਿਹਾਸਕਤਾ ਨੂੰ ਕਾਰੀ ਸਟ ਮਾਰਦੇ ਹਨ। ਦਮੋਦਰ ਅਨੁਸਾਰ ਹੀਰ ਦੀ ਮਾਂ ਦਾ ਨਾਂ ਮਹਿਰੀ ਕੁੰਦੀ (ਕੁੰਤੀ) ਸੀ, ਪਰ ਮੁਕਬਲ ਅਤੇ ਵਾਰਸ ਸ਼ਾਹ ਨੇ ਮਲਕੀ ਲਿਖਿਆ ਹੈ। ਦਮੋਦਰ ਨੇ ਸਹਿਤੀ ਦਾ ਪ੍ਰੇਮੀ ਰਾਮੂ ਬ੍ਰਾਹਮਣ ਦਸਿਆ ਹੈ, ਜੋ ਮਗਰੋਂ ਵਾਰਿਸ ਸ਼ਾਹ ਦੇ ਸਮੇਂ ਤਕ ਬਲੋਚ ਮੁਰਾਦ ਬਣ ਗਿਆ। ਦਮੋਦਰ ਦੇ ਮੁਤਾਬਿਕ ਰਾਂਝੇ ਨੇ ਸਿਧ ਬਗਾਈ ਤੋਂ ਜੋਗ ਪ੍ਰਾਪਤ ਕੀਤਾ, ਪਰ ਮੁਕਬਲ ਅਤੇ ਵਾਰਿਸ ਅਨੁਸਾਰ ਉਸ ਨੇ ਬਾਲਨਾਥ ਕੋਲੋਂ। ਅਜਿਹੇ ਪਰਿਵਰਤਨ ਲੋਕ-ਕਹਾਣੀਆਂ ਦੀ ਹੋਣੀ ਹਨ, ਸਮੇਂ ਦੀ ਚੇਤਨਾ ਅਨੁਕੂਲ ਇਹ ਸੁਭਾਵਿਕ ਕਰਮ ਹੈ। ਦਮੋਦਰ ਦੀ ਹੀਰ ਵਿਚ ਬਹੁਤਾ ਸਭਿਆਚਾਰਕ ਰੰਗ ਹਿੰਦੂਆਣੀ ਹੈ, ਪਰ ਵਾਰਿਸ ਸ਼ਾਹ ਵਿਚ ਇਹ ਸ਼ੁਧ ਮੁਸਲਮਾਨੀ ਹੋ ਗਿਆ ਹੈ। ਸਭ ਤੋਂ ਜ਼ਿਆਦਾ ਦਿਲਚਸਪ ਗੱਲ ਤਾਂ ਇਹ ਹੈ ਕਿ ਦਮੋਦਰ ਦੀ ਸਹਿਤੀ ਦੇ ਰਾਮੂ ਬ੍ਰਾਹਮਣ ਨਾਲ ਪ੍ਰੇਮ ਨੇ, ਸਮੇਂ ਨਾਲ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਲਈ ਅਤੇ ਇਹ ਘਟਨਾ 'ਸਹਿਤੀ ਮੁਰਾਦ' ਦੀ ਇਕ ਪੂਰੀ ਸੁਤੰਤਰ ਪ੍ਰੀਤ ਕਥਾ ਦਾ ਰੂਪ ਧਾਰਨ ਕਰ ਗਈ। ਮਗਰੋਂ ਦੇ ਕਿੱਸੇਕਾਰਾਂ ਨੇ 'ਸਹਿਤੀ ਮੁਰਾਦ' ਦੀ ਪ੍ਰੀਤ-ਕਥਾ ਦੇ ਕਿੱਸੇ ਵੀ ਲਿਖੇ।

ਹੀਰ ਦਾ ਇਕੋ ਇਕ ਪਾਤਰ ਚੂਚਕ ਹੀ ਇਤਿਹਾਸਕ ਵਿਅਕਤੀ ਸਿਧ ਕੀਤਾ ਗਿਆ ਹੈ। 'ਤਾਰੀਖ਼ਿ-ਇ-ਝੰਗ' ਸਿਆਲ ਅਨੁਸਾਰ ਰਾਇ ਸਿਆਲ ਦੇ ਤਿੰਨ ਪੁੱਤਰ ਸਨ — ਭਰਮੀ, ਕੋਹਲੀ ਤੇ ਮਹਿਨੀ। ਕੋਹਲੀ ਤੋਂ ਮਗਰੋਂ ਛੇਵੀਂ ਪੀੜ੍ਹੀ ਵੇਲੇ ਚੂਚਕ ਹੋਇਆ, ਜਿਸ ਦਾ ਸਾਰੇ ਇਲਾਕੇ ਵਿਚ ਚੰਗਾ ਮਾਣ ਮਰਤਬਾ ਸੀ। ਚੂਚਕ ਦੇ ਭਤੀਜੇ ਮਲਖਾਨ ਨੇ 1462 ਈ: ਵਿਚ ਝੰਗ ਸ਼ਹਿਰ ਦੀ ਨੀਂਹ ਰੱਖੀ ਅਤੇ 1466 ਈ: ਵਿਚ ਉਸ ਨੇ ਲਾਹੌਰ ਦਰਬਾਰ ਤੋਂ ਝੰਗ ਦਾ ਪਟਾ ਆਪਣ ਨਾਂ ਲਿਖਵਾਇਆ। ਮੌਲਵੀ ਨੂਰ ਮੁਹੰਮਦ (ਤਾਰੀਖ਼ਿ-ਇ-ਝੰਗ ਸਿਆਲ) ਅਨੁਸਾਰ ਹੀਰ ਦੀ ਕਹਾਣੀ ਝੰਗ ਵਿਚ ਵਾਪਰੀ, ਉਦੋਂ ਉਸ ਪਿੰਡ ਦਾ ਨਾਂ ਹੀਰ ਦੇ ਪਿਉ ਚੂਚਕ ਦੇ ਨਾਂ ਉਤੇ ਚੂਚਕਾਣਾ ਸੀ। ਪਰ ਸਿਆਲ ਕਬੀਲੇ ਬਾ

ਸਾਮਗ੍ਰੀ ਮਿਲਦੀ ਹੈ, ਉਹ ਇਤਿਹਾਸਕ ਨਾਲੋਂ ਲੋਕਧਾਰਾਈ ਵਧੇਰੇ ਹੋਣ ਕਰਕੇ, ਪ੍ਰਮਾਣਿਕ ਨਹੀਂ ਮੰਨੀ ਜਾ ਸਕਦੀ। ਫਿਰ ਸਾਨੂੰ ਇਹ ਗਲ ਵੀ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਪੌਰਾਣਿਕ ਪ੍ਰਭਾਵ ਹੇਠ ਸਾਡੇ ਲੋਕਾਂ ਵਿਚ ਆਪਣਾ ਅਸਲਾ ਕਿਸੇ ਰਿਸ਼ੀ ਮੁਨੀ ਜਾਂ ਦੇਵਤੇ ਨਾਲ ਜੋੜਨ ਦੀ ਰੁਚੀ ਪ੍ਰਬਲ ਰਹੀ ਹੈ। ਅਨੇਕਾਂ ਗੋਤਾਂ ਦਾ ਮੁੱਢ ਪ੍ਰਾਚੀਨ ਕਾਲ ਦੇ ਰਿਸ਼ੀਆਂ ਮੁਨੀਆਂ ਤੋਂ ਬਝਿਆ। ਇਹੋ ਰੁਚੀ ਦੰਤ-ਕਥਾਵਾਂ ਵਿਚ ਪ੍ਰਧਾਨ ਰਹੀ ਹੈ। ਅਸੀਂ ਆਪਣੀਆਂ ਕਥਾਵਾਂ ਦੇ ਨਾਇਕ ਅਤੇ ਨਾਇਕਾਵਾਂ ਨੂੰ ਕਿਸੇ ਇਤਿਹਾਸਕ ਪਾਤਰ ਨਾਲ

Sri Satguru Jagjit Singh Ji eLibrary NamdhariElibrary@gmail.com

ਜੋੜਨਾ ਗੌਰਵ ਸਮਝਦੇ ਰਹੇ ਹਾਂ। ਰਸਾਲੂ ਰਾਜੇ ਸਲਵਾਨ ਦਾ ਪੁੱਤਰ ਹੈ ਅਤੇ ਪੂਰਨ ਵੀ। ਜਦੋਂ ਕਿ ਰਸਾਲੂ ਤੇ ਪੂਰਨ ਨੂੰ, ਇਕ ਦੂਜੇ ਤੋਂ, ਕਈ ਸਦੀਆਂ ਨਿਖੇੜਦੀਆਂ ਹਨ। ਸੱਸੀ ਆਦਮ ਜਾਮ ਦੀ ਧੀ ਹੈ ਅਤੇ ਕੋਕਿਲਾਂ ਰਾਜੇ ਸਿਰਕਪ ਦੀ। ਇਹ ਮਧਕਾਲੀ ਲੋਕ-ਬਿਰਤੀ ਦਾ ਫਲ ਹੈ।

ਹੀਰ ਰਾਂਝੇ ਦੀ ਦੰਤ-ਕਥਾ ਦੇ ਪਾਤਰ ਕਦੇ ਹੱਡ ਮਾਸ ਵਿਚ ਹੋਏ ਹੋਣ ਜਾਂ ਉਨ੍ਹਾਂ ਵਿਚੋਂ ਕੁਝ ਲੋਕ-ਕਲਪਨਾ ਵਿਚੋਂ ਉਭਰੇ ਹੋਣ ਤੇ ਕੁਝ ਵਾਸਤਵਿਕ ਹੋਣ, ਇਸ ਗੱਲ ਨਾਲ ਇਸ ਕਥਾ ਦੀ ਮਹੱਤਤਾ ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਸ ਕਥਾ ਵਿਚ ਆਪਣੇ ਸਮੇਂ ਦੇ ਸੱਚ ਨੂੰ, ਜਿਸ ਜਲੌ ਵਿਚ ਪੇਸ਼ ਕੀਤਾ ਗਿਆ ਹੈ, ਉਸ ਦੀ ਦੱਖ ਹੀ ਪਾਤਰਾਂ ਨੂੰ ਗੌਰਵ ਬਖਸ਼ਦੀ ਹੈ, ਤੇ ਇਹੋ ਇਨ੍ਹਾਂ ਦੀ ਵਾਸਤਵਿਕਤਾ ਦਾ ਵੱਡਾ ਪ੍ਰਮਾਣ ਹੈ। ਇਸ ਕਥਾ ਵਿਚ ਬੜੀਆਂ ਸੰਭਾਵਨਾਵਾਂ ਹਨ, ਸਮੂਹ ਦੀ ਚੇਤਨਾ ਹੈ, ਜਿਸ ਨੂੰ ਹਰ ਯੁਗ ਦਾ ਕਵੀ ਆਪਣੇ ਸਮੇਂ ਦੇ ਸੱਚ ਦੇ ਮੁਹਾਵਰੇ ਵਿਚ ਉਜਾਗਰ ਕਰ ਸਕਦਾ ਹੈ। ਇਹੋ ਸਮਰੱਥਾ ਇਸ ਕਥਾ ਨੂੰ ਜ਼ਿੰਦਗੀ ਬਖਸ਼ਦੀ ਹੈ ਅਤੇ ਇਹੋ ਲਚ ਇਹਦੀ ਅਉਧੀ ਨੂੰ ਵੀ ਦੀਰਘ ਬਣਾਉਂਦੀ ਹੈ। ਇਸ ਕਥਾ ਦਾ ਹਰੇਕ ਪਾਤਰ, ਘਟਨਾ ਜਾਂ ਵਸਤੂ ਸਾਡੇ ਕਿਸੇ ਸਭਿਆਚਾਰਕ ਸੱਚ ਦਾ ਪ੍ਰਤੀਕ ਹੈ, ਜਿਸ ਕਰ ਕੇ ਇਸ ਵਿਚ ਸਮੇਂ ਦੀ ਚੇਤਨਾ ਅਨੁਕੂਲ ਆਤਮਿਕ ਵਿਕਾਸ ਹੁੰਦਾ ਰਹੇਗਾ। ਇਹ ਕਥਾ ਨਵੇਂ ਨਵੇਂ ਅਰਥਾਂ ਤੇ ਲੋਕ-ਬੋਧਾਂ ਕਾਰਨ ਨਿਤ ਨਵੀਂ ਰਹੇਗੀ। ਇਸ ਵਿਚਲੇ ਸਰਬ ਵਿਆਪਕ ਮੁਲਾਂ ਦੀ ਗਹਿਰਾਈ ਹਰ ਯੁਗ ਵਿਚ ਵਿਦਵਾਨਾਂ ਨੂੰ ਵੰਗਾਰਦੀ ਰਹੇਗੀ।

ਹੀਰ ਰਾਂਝੇ ਦੀ ਜੋ ਕਹਾਣੀ ਅੱਜ ਪ੍ਰਚਲਤ ਹੈ, ਉਸ ਦੀ ਮੂਲ ਨੁਹਾਰ ਵਾਰਿਸ ਸ਼ਾਹ ਵਾਲੀ ਹੈ। ਪਰ ਜਿਵੇਂ ਅੱਗੇ ਦਸਿਆ ਜਾ ਚੁਕਾ ਹੈ, ਉਸ ਵਿਚ ਕਾਫ਼ੀ ਸਾਰਾ ਮਿਥਕ ਅੰਸ਼ ਸਮੇਂ ਸਮੇਂ ਰਲਦਾ ਗਿਆ ਹੈ। ਇਹ ਮਿਥਕ ਤਤ ਮਧਕਾਲੀ ਲੋਕ-ਮਾਨਸਿਕ ਚੇਤਨਾ ਵਾਲਾ ਹੈ। ਲੋਕ ਬੋਧ ਵਿਚੋਂ ਫੁਟਿਆ ਹੋਣ ਕਰ ਕੇ ਇਸ ਤਤ ਦਾ ਆਪਣਾ ਮਹੱਤਵ ਹੈ। ਇਹੋ ਮਿਥਕ ਅੰਸ਼ ਮਧਕਾਲ ਵਿਚ ਹਰ ਸੰਤ ਪੀਰ-ਫ਼ਕੀਰ ਦੀ ਜੀਵਨ-ਕਥਾ ਨਾਲ ਓਤਪੋਤ ਹੁੰਦਾ ਰਿਹਾ। ਭਾਵੇਂ ਉਹ ਪੀਰ ਫ਼ਰੀਦ ਸ਼ਕਰਗੰਜ ਸਨ ਅਤੇ ਭਾਵੇਂ ਉਹ ਗੁਰੂ ਨਾਨਕ ਦੇਵ ਸਨ। ਹੀਰ ਰਾਂਝੇ ਨਾਲ ਅਜ਼ਮਤ ਦਾ ਜੁੜਨਾ ਤੇ ਹੀਰ ਰਾਂਝੇ ਨੂੰ ਮਹਾਂਪੁਰਸ਼ਾਂ ਵਾਂਗ ਵਡਿਆਇਆ ਜਾਣਾ, ਇਸ ਕਥਾ ਦਾ ਗੌਰਵ ਹੈ। ਇਹ ਗੌਰਵ ਲੋਕ-ਪ੍ਰਵਾਨਗੀ ਦਾ ਪ੍ਰਤੀਕ ਹੈ, ਜੋ ਮਧਕਾਲ ਵਿਚ ਹੀ ਇਸ ਕਥਾ ਨੂੰ ਪ੍ਰਾਪਤ ਹੋ ਗਈ ਸੀ। ਇਸ਼ਕ ਮਜ਼ਾਜੀ ਦੀ ਇਸ ਕਥਾ ਨੇ ਸੂਫ਼ੀਆਂ ਦੇ ਪ੍ਰਭਾਵ ਹੇਠ ਇਸ਼ਕ ਹਕੀਕੀ ਵਲ ਯਾਤਰਾ ਆਰੰਭ ਦਿਤੀ। ਜੇ ਸੂਫ਼ੀਆਂ ਨੇ ਹੀਰ ਰਾਂਝੇ ਦੇ ਇਸ਼ਕ ਮਜ਼ਾਜੀ ਨੂੰ ਇਸ਼ਕ ਹਕੀਕੀ ਦੀ ਰੰਗਤ ਚੜ੍ਹਾ ਦਿਤੀ, ਤਾਂ ਹਿੰਦੂਆਂ ਨੇ ਵੀ ਪੌਰਾਣਿਕ ਪ੍ਰਭਾਵ ਹੇਠ ਰਾਂਝੇ ਨੂੰ ਇੰਦਰ ਦਾ ਅਤੇ ਹੀਰ ਨੂੰ ਮੇਨਕਾ ਦਾ ਅਵਤਾਰ ਮੰਨ ਕੇ ਇਸ ਇਸ਼ਕ ਦਾ ਦੈਵੀਕਰਣ ਕਰ ਦਿਤਾ।

ਅਖੀਰਲੀ ਗੱਲ ਇਸ ਕਥਾ ਦੀਆਂ ਕਥਾਨਿਕ ਰੂੜ੍ਹੀਆਂ ਬਾਰੇ ਕਰਨੀ ਹੈ। ਹੀਰ ਰਾਂਝੇ ਦੀ ਕਹਾਣੀ ਕਥਾਨਿਕ ਰੂੜ੍ਹੀਆਂ ਦੇ ਪਖੋਂ ਬੇਮਿਸਾਲ ਹੈ। ਇਸ ਵਿਚ ਅਨੇਕਾਂ ਸਭਿਆਚਾਰਕ ਪੱਖ-ਪਸਾਰ ਤੇ ਕਥਾਨਿਕ ਰੂੜ੍ਹੀਆਂ ਆ ਕੇ ਸਮਾ ਗਈਆਂ ਹਨ। ਜੇ ਹੀਰ ਰਾਂਝੇ ਦੇ ਸਭ ਕਿੱਸਿਆਂ ਦੀਆਂ ਕਥਾਨਿਕ ਰੂੜ੍ਹੀਆਂ ਇਕਤ੍ਰ ਕੀਤੀਆਂ ਜਾਣ, ਤਾਂ ਕਈ ਰਹੱਸ ਖੁਲ੍ਹਦੇ ਹਨ। ਇਸ ਕਥਾ ਵਿਚ ਹਿੰਦੂ ਮੱਤ, ਜੋਗ ਮੱਤ, ਸੂਫ਼ੀ ਮੱਤ, ਸ਼ਰੀਅਤ ਅਤੇ ਗੁਰਮਤਿ ਆਦਿ ਮੱਤਾਂ ਨਾਲ ਸੰਬੰਧਿਤ ਰੂੜ੍ਹੀਆਂ ਮਿਸੇ ਰੂਪ ਵਿਚ ਬਿਖਰੀਆਂ ਪਈਆਂ ਹਨ। ਜਿਥੋਂ ਤਕ ਲੋਕ-ਕਹਾਣੀਆਂ ਦੀਆਂ ਰੂੜ੍ਹੀਆਂ ਦਾ ਸੰਬੰਧ ਹੈ ਸਾਮਗ੍ਰੀ ਮਿਲਦੀ ਹੈ, ਉਹ ਇਤਿਹਾਸਕ ਨਾਲੋਂ ਲੋਕਧਾਰਾਈ ਵਧੇਰੇ ਹੋਣ ਕਰਕੇ, ਪ੍ਰਮਾਣਿਕ ਨਹੀਂ ਮੰਨੀ ਜਾ ਸਕਦੀ। ਫਿਰ ਸਾਨੂੰ ਇਹ ਗੱਲ ਵੀ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਪੌਰਾਣਿਕ ਪ੍ਰਭਾਵ ਹੇਠ ਸਾਡੇ ਲੋਕਾਂ ਵਿਚ ਆਪਣਾ ਅਸਲਾ ਕਿਸੇ ਰਿਸ਼ੀ ਮੁਨੀ ਜਾਂ ਦੇਵਤੇ ਨਾਲ ਜੋੜਨ ਦੀ ਰੁਚੀ ਪ੍ਰਬਲ ਰਹੀ ਹੈ। ਅਨੇਕਾਂ ਗੋਤਾਂ ਦਾ ਮੁੱਢ ਪ੍ਰਾਚੀਨ ਕਾਲ ਦੇ ਰਿਸ਼ੀਆਂ ਮੁਨੀਆਂ ਤੋਂ ਬਝਿਆ। ਇਹੋ ਰੁਚੀ ਦੰਤ-ਕਥਾਵਾਂ ਵਿਚ ਪ੍ਰਧਾਨ ਰਹੀ ਹੈ। ਅਸੀਂ ਆਪਣੀਆਂ ਕਥਾਵਾਂ ਦੇ ਨਾਇਕ ਅਤੇ ਨਾਇਕਾਵਾਂ ਨੂੰ ਕਿਸੇ ਇਤਿਹਾਸਕ ਪਾਤਰ ਨਾਲ

ਜੋੜਨਾ ਗੌਰਵ ਸਮਝਦੇ ਰਹੇ ਹਾਂ। ਰਸਾਲੂ ਰਾਜੇ ਸਲਵਾਨ ਦਾ ਪੁੱਤਰ ਹੈ ਅਤੇ ਪੂਰਨ ਵੀ। ਜਦੋਂ ਕਿ ਰਸਾਲੂ ਤੇ ਪੂਰਨ ਨੂੰ, ਇਕ ਦੂਜੇ ਤੋਂ, ਕਈ ਸਦੀਆਂ ਨਿਖੇੜਦੀਆਂ ਹਨ। ਸੱਸੀ ਆਦਮ ਜਾਮ ਦੀ ਧੀ ਹੈ ਅਤੇ ਕੋਕਿਲਾਂ ਰਾਜੇ ਸਿਰਕਪ ਦੀ। ਇਹ ਮਧਕਾਲੀ ਲੋਕ-ਬਿਰਤੀ ਦਾ ਫਲ ਹੈ।

ਹੀਰ ਰਾਂਝੇ ਦੀ ਦੰਤ-ਕਥਾ ਦੇ ਪਾਤਰ ਕਦੇ ਹੱਡ ਮਾਸ ਵਿਚ ਹੋਏ ਹੋਣ ਜਾਂ ਉਨ੍ਹਾਂ ਵਿਚੋਂ ਕੁਝ ਲੋਕ-ਕਲਪਨਾ ਵਿਚੋਂ ਉਭਰੇ ਹੋਣ ਤੇ ਕੁਝ ਵਾਸਤਵਿਕ ਹੋਣ, ਇਸ ਗੱਲ ਨਾਲ ਇਸ ਕਥਾ ਦੀ ਮਹੱਤਤਾ ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਸ ਕਥਾ ਵਿਚ ਆਪਣੇ ਸਮੇਂ ਦੇ ਸੱਚ ਨੂੰ, ਜਿਸ ਜਲੌ ਵਿਚ ਪੇਸ਼ ਕੀਤਾ ਗਿਆ ਹੈ, ਉਸ ਦੀ ਦੱਖ ਹੀ ਪਾਤਰਾਂ ਨੂੰ ਗੌਰਵ ਬਖਸ਼ਦੀ ਹੈ, ਤੇ ਇਹੋ ਇਨ੍ਹਾਂ ਦੀ ਵਾਸਤਵਿਕਤਾ ਦਾ ਵੱਡਾ ਪ੍ਰਮਾਣ ਹੈ। ਇਸ ਕਥਾ ਵਿਚ ਬੜੀਆਂ ਸੰਭਾਵਨਾਵਾਂ ਹਨ, ਸਮੂਹ ਦੀ ਚੇਤਨਾ ਹੈ, ਜਿਸ ਨੂੰ ਹਰ ਯੁਗ ਦਾ ਕਵੀ ਆਪਣੇ ਸਮੇਂ ਦੇ ਸੱਚ ਦੇ ਮੁਹਾਵਰੇ ਵਿਚ ਉਜਾਗਰ ਕਰ ਸਕਦਾ ਹੈ। ਇਹੋ ਸਮਰੱਥਾ ਇਸ ਕਥਾ ਨੂੰ ਜ਼ਿੰਦਗੀ ਬਖਸ਼ਦੀ ਹੈ ਅਤੇ ਇਹੋ ਲਚ ਇਹਦੀ ਅਉਧੀ ਨੂੰ ਵੀ ਦੀਰਘ ਬਣਾਉਂਦੀ ਹੈ। ਇਸ ਕਥਾ ਦਾ ਹਰੇਕ ਪਾਤਰ, ਘਟਨਾ ਜਾਂ ਵਸਤੂ ਸਾਡੇ ਕਿਸੇ ਸਭਿਆਚਾਰਕ ਸੱਚ ਦਾ ਪ੍ਰਤੀਕ ਹੈ, ਜਿਸ ਕਰ ਕੇ ਇਸ ਵਿਚ ਸਮੇਂ ਦੀ ਚੇਤਨਾ ਅਨੁਕੂਲ ਆਤਮਿਕ ਵਿਕਾਸ ਹੁੰਦਾ ਰਹੇਗਾ। ਇਹ ਕਥਾ ਨਵੇਂ ਨਵੇਂ ਅਰਥਾਂ ਤੇ ਲੋਕ-ਬੋਧਾਂ ਕਾਰਨ ਨਿਤ ਨਵੀਂ ਰਹੇਗੀ। ਇਸ ਵਿਚਲੇ ਸਰਬ ਵਿਆਪਕ ਮੁਲਾਂ ਦੀ ਗਹਿਰਾਈ ਹਰ ਯੁਗ ਵਿਚ ਵਿਦਵਾਨਾਂ ਨੂੰ ਵੰਗਾਰਦੀ ਰਹੇਗੀ।

ਹੀਰ ਰਾਂਝੇ ਦੀ ਜੋ ਕਹਾਣੀ ਅੱਜ ਪ੍ਰਚਲਤ ਹੈ, ਉਸ ਦੀ ਮੂਲ ਨੁਹਾਰ ਵਾਰਿਸ ਸ਼ਾਹ ਵਾਲੀ ਹੈ। ਪਰ ਜਿਵੇਂ ਅੱਗੇ ਦਸਿਆ ਜਾ ਚੁਕਾ ਹੈ, ਉਸ ਵਿਚ ਕਾਫ਼ੀ ਸਾਰਾ ਮਿਥਕ ਅੰਸ਼ ਸਮੇਂ ਸਮੇਂ ਰਲਦਾ ਗਿਆ ਹੈ। ਇਹ ਮਿਥਕ ਤਤ ਮਧਕਾਲੀ ਲੋਕ-ਮਾਨਸਿਕ ਚੇਤਨਾ ਵਾਲਾ ਹੈ। ਲੋਕ ਬੋਧ ਵਿਚੋਂ ਫੁਟਿਆ ਹੋਣ ਕਰ ਕੇ ਇਸ ਤਤ ਦਾ ਆਪਣਾ ਮਹੱਤਵ ਹੈ। ਇਹੋ ਮਿਥਕ ਅੰਸ਼ ਮਧਕਾਲ ਵਿਚ ਹਰ ਸੰਤ ਪੀਰ-ਫ਼ਕੀਰ ਦੀ ਜੀਵਨ-ਕਥਾ ਨਾਲ ਓਤਪੋਤ ਹੁੰਦਾ ਰਿਹਾ। ਭਾਵੇਂ ਉਹ ਪੀਰ ਫ਼ਰੀਦ ਸ਼ਕਰਗੰਜ ਸਨ ਅਤੇ ਭਾਵੇਂ ਉਹ ਗੁਰੂ ਨਾਨਕ ਦੇਵ ਸਨ। ਹੀਰ ਰਾਂਝੇ ਨਾਲ ਅਜ਼ਮਤ ਦਾ ਜੁੜਨਾ ਤੇ ਹੀਰ ਰਾਂਝੇ ਨੂੰ ਮਹਾਂਪੁਰਸ਼ਾਂ ਵਾਂਗ ਵਡਿਆਇਆ ਜਾਣਾ, ਇਸ ਕਥਾ ਦਾ ਗੌਰਵ ਹੈ। ਇਹ ਗੌਰਵ ਲੋਕ-ਪ੍ਰਵਾਨਗੀ ਦਾ ਪ੍ਰਤੀਕ ਹੈ, ਜੋ ਮਧਕਾਲ ਵਿਚ ਹੀ ਇਸ ਕਥਾ ਨੂੰ ਪ੍ਰਾਪਤ ਹੋ ਗਈ ਸੀ। ਇਸ਼ਕ ਮਜ਼ਾਜੀ ਦੀ ਇਸ ਕਥਾ ਨੇ ਸੂਫ਼ੀਆਂ ਦੇ ਪ੍ਰਭਾਵ ਹੇਠ ਇਸ਼ਕ ਹਕੀਕੀ ਵਲ ਯਾਤਰਾ ਆਰੰਭ ਦਿਤੀ। ਜੇ ਸੂਫ਼ੀਆਂ ਨੇ ਹੀਰ ਰਾਂਝੇ ਦੇ ਇਸ਼ਕ ਮਜ਼ਾਜੀ ਨੂੰ ਇਸ਼ਕ ਹਕੀਕੀ ਦੀ ਰੰਗਤ ਚੜ੍ਹਾ ਦਿਤੀ, ਤਾਂ ਹਿੰਦੂਆਂ ਨੇ ਵੀ ਪੌਰਾਣਿਕ ਪ੍ਰਭਾਵ ਹੇਠ ਰਾਂਝੇ ਨੂੰ ਇੰਦਰ ਦਾ ਅਤੇ ਹੀਰ ਨੂੰ ਮੇਨਕਾ ਦਾ ਅਵਤਾਰ ਮੰਨ ਕੇ ਇਸ ਇਸ਼ਕ ਦਾ ਦੈਵੀਕਰਣ ਕਰ ਦਿਤਾ।

ਅਖੀਰਲੀ ਗੱਲ ਇਸ ਕਥਾ ਦੀਆਂ ਕਥਾਨਿਕ ਰੂੜ੍ਹੀਆਂ ਬਾਰੇ ਕਰਨੀ ਹੈ। ਹੀਰ ਰਾਂਝੇ ਦੀ ਕਹਾਣੀ ਕਥਾਨਿਕ ਰੂੜ੍ਹੀਆਂ ਦੇ ਪਖੋਂ ਬੇਮਿਸਾਲ ਹੈ। ਇਸ ਵਿਚ ਅਨੇਕਾਂ ਸਭਿਆਚਾਰਕ ਪੱਖ-ਪਸਾਰ ਤੇ ਕਥਾਨਿਕ ਰੂੜ੍ਹੀਆਂ ਆ ਕੇ ਸਮਾ ਗਈਆਂ ਹਨ। ਜੇ ਹੀਰ ਰਾਂਝੇ ਦੇ ਸਭ ਕਿੱਸਿਆਂ ਦੀਆਂ ਕਥਾਨਿਕ ਰੂੜ੍ਹੀਆਂ ਇਕਤ੍ਰ ਕੀਤੀਆਂ ਜਾਣ, ਤਾਂ ਕਈ ਰਹੱਸ ਖੁਲ੍ਹਦੇ ਹਨ। ਇਸ ਕਥਾ ਵਿਚ ਹਿੰਦੂ ਮੱਤ, ਜੋਗ ਮਤ, ਸੂਫ਼ੀ ਮੱਤ, ਸ਼ਰੀਅਤ ਅਤੇ

Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਆਦਿ ਮੱਤਾਂ ਨਾਲ ਸੰਬੰਧਿਤ ਰੂੜ੍ਹੀਆਂ ਮਿਸੇ ਰੂਪ ਵਿਚ ਫਿਖਰੀਆਂ ਪਈਆਂ ਹਨ : ਜਿਥੋਂ ਤਕ ਲੋਕ-ਕਹਾਣੀਆਂ ਦੀਆਂ ਰੂੜ੍ਹੀਆਂ ਦਾ ਸੰਬੰਧ ਹੈ ਕਰ ਕੇ ਉਹਨੂੰ ਵੀ ਅੱਧ-ਵਿਚਾਲੇ ਛੱਡ ਦਿਤਾ ਗਿਆ ਹੈ।" ਰਵਾਇਤ ਹੈ ਇਕ ਸੌਦਾਗਰ ਬੇੜੀ ਵਿਚ ਬੈਠ ਕੇ ਝਨਾਂ ਦਰਿਆ ਪਾਰ ਕਰ ਰਿਹਾ ਸੀ ਕਿ ਹੀਰ ਦੀ ਰੂਹ ਨੇ ਪ੍ਰਗਟ ਹੋ ਕੇ ਉਸ ਨੂੰ ਮਕਬਰਾ ਬਨਾਉਣ ਲਈ ਕਿਹਾ। ਹੀਰ ਨੇ ਇਹ ਵੀ ਕਿਹਾ ਕਿ ਮਕਬਰੇ ਉਪਰ ਛੱਤ ਨਾ ਹੋਵੇ, ਤਾਂ ਜੋ ਉਹ ਖੁਲ੍ਹੇ ਅਕਾਸ਼ ਦਾ ਆਨੰਦ ਮਾਣ ਸਕੇ। ਇਸ ਕਬਰ ਵਿਚ ਪਹਿਲਾਂ ਹੀਰ ਦਬੀ ਗਈ ਸੀ, ਪਰ ਅਜੇ ਕਬਰ ਬੰਦ ਨਹੀਂ ਸੀ ਹੋਈ ਕਿ ਰਾਂਝਾ ਉਥੇ ਆ ਪੁੱਜਾ ਤੇ ਜ਼ਿੰਦਾ ਹੀ ਕਬਰ ਵਿਚ ਉਤਰ ਗਿਆ (ਲੈਜਿੰਡਜ਼ ਆਫ਼ ਦੀ ਪੰਜਾਬ, 2,178)। ਇਸ ਮਕਬਰੇ 'ਤੇ ਹਰ ਸਾਲ ਪਹਿਲੀ ਮਾਘ ਨੂੰ ਇਕ ਮੇਲਾ ਭਰਦਾ ਹੈ, ਜਿਸ ਵਿਚ ਇਲਾਕੇ ਦੇ ਲੋਕ ਬੜੀ ਸ਼ਰਧਾ ਤੇ ਭਾਵਨਾ ਨਾਲ ਸ਼ਾਮਲ ਹੁੰਦੇ ਹਨ। ਇਸ ਮਕਬਰੇ ਨਾਲ ਕਾਫ਼ੀ ਸਾਰੀ ਲੋਕਧਾਰਾ ਜੁੜ ਗਈ ਹੈ। ਮਕਬਰੇ ਦੀ ਛੱਤ ਉਪਰੋਂ ਖੁਲ੍ਹੀ ਹੈ। ਕਹਿੰਦੇ ਹਨ ਕਿਤਨਾ ਵੀ ਮੀਂਹ ਵਰ੍ਹੇ, ਪਾਣੀ ਦਾ ਤੁਪਕਾ ਮਕਬਰੇ ਵਿਚ ਨਹੀਂ ਪੈਂਦਾ (ਪੰਜਾਬ ਦੀ ਸੈਰ, 136)। ਇਹ ਵੀ ਧਾਰਨਾ ਹੈ ਕਿ ਇਸ ਮਕਬਰੇ ਉਪਰ ਸੁੱਖੀਆਂ ਸੁਖਾਂ ਪੂਰੀਆਂ ਹੋ ਜਾਂਦੀਆਂ ਹਨ। ਲੋਕੀਂ ਇਥੇ ਦੁੱਧ ਦਾ ਚੜ੍ਹਾਵਾ ਦੇਂਦੇ ਹਨ।

ਇਸ ਮਕਬਰੇ ਦੀ ਅਸਲੀਅਤ ਬਾਰੇ ਕੁਝ ਕਹਿਣਾ ਕਠਨ ਹੈ। ਕਬਰ ਦੇ ਸਿਰ ਵਲ ਉਰਦੂ ਵਿਚ ਇਕ ਪੱਥਰ ਦੀ ਸਿਲ ਉਪਰ ਲਿਖਿਆ ਹੈ ਕਿ ਇਹ ਮਕਬਰਾ ਹੀਰ ਤੇ ਰਾਂਝਾ ਦੋਹਾਂ ਦਾ ਸਾਂਝਾ ਹੈ। ਜਾਪਦਾ ਹੈ ਕਿ ਵਾਰਿਸ ਸ਼ਾਹ ਦੀ ਹੀਰ ਮਗਰੋਂ ਲੋਕਾਂ ਨੇ ਕਿਸੇ ਪੁਰਾਣੇ ਮਕਬਰੇ ਨਾਲ ਇਹ ਰਵਾਇਤ ਜੋੜ ਲਈ।

ਦਮੋਦਰ ਅਨੁਸਾਰ ਹੀਰ ਰਾਂਝਾ ਦੋਵੇਂ ਜੀਵਨ ਦੇ ਅੰਤਲੇ ਦਿਨੀਂ ਮੱਕੇ ਵਲ ਚਲੇ ਗਏ ਸਨ। ਫਿਰ ਉਨ੍ਹਾਂ ਦੀ ਕੋਈ ਉਘ ਸੁਘ ਨਹੀਂ ਸੀ ਮਿਲੀ। ਸਰ ਰਿਚਰਡ ਟੈਂਪਲ (ਲੈਜਿੰਡਜ਼ ਆਫ਼ ਦੀ ਪੰਜਾਬ, 2,177) ਦੀ ਅੰਕਿਤ ਕੀਤੀ ਇਕ ਦੰਦ-ਕਥਾ ਅਨੁਸਾਰ, ਹੱਜ ਲਈ ਮੱਕੇ ਨੂੰ ਗਏ ਕਈ ਲੋਕਾਂ ਨੂੰ, ਰਾਹ ਵਿਚ ਹੀਰ ਰਾਂਝੇ ਦੇ ਦਰਸ਼ਨ ਹੋਏ। ਵਾਰਿਸ ਸ਼ਾਹ ਅਤੇ ਕੁਝ ਮਗਰਲੇ ਕਿੱਸਾਕਾਰਾਂ ਅਨੁਸਾਰ ਹੀਰ ਦੀ ਮੌਤ ਕੈਦੋਂ ਵਲੋਂ ਜ਼ਹਿਰ ਦੇਣ ਨਾਲ ਝੰਗ ਵਿਚ ਹੀ ਹੋਈ। ਇਸ ਲਈ ਮਕਬਰਾ ਝੰਗ ਵਿਚ ਹੀ ਬਣਨਾ ਸੁਭਾਵਿਕ ਸੀ (ਵੇਖੋ : ਹੀਰ)।

**(ਹ-146) ਹੀਰਨ :**

ਕੰਨਾਂ ਦਾ ਮੋਤੀਆਂ ਜੜ੍ਹਤ ਇਕ ਗਹਿਣਾ; ਪੋਠੋਹਾਰ ਵਿਚ ਇਹ ਗਹਿਣਾ ਆਮ ਪਹਿਨਿਆ ਜਾਂਦਾ ਹੈ।

**(ਹ-147) ਹੀਰਾ :**

ਇਕ ਬਹੁਮੁੱਲਾ ਚਮਕਦਾਰ ਪੱਥਰ; ਪਰੀ-ਕਥਾਵਾਂ ਵਿਚ ਬੜੇ ਅਦਭੁਤ ਹੀਰਿਆਂ ਦਾ ਵਰਨਣ ਮਿਲਦਾ ਹੈ, ਜੋ ਪਰੀਆਂ ਦੇ ਅਲੌਕਿਕ ਬਾਗ਼ਾਂ ਵਿਚ ਦਰੱਖ਼ਤਾਂ ਨਾਲ ਲਗੇ ਹੁੰਦੇ ਹਨ। ਲੋਕ-ਕਹਾਣੀਆਂ ਵਿਚ ਅਜਿਹੀਆਂ ਸੁੰਦਰੀਆਂ ਦਾ ਵੀ ਜ਼ਿਕਰ ਹੈ, ਜੋ ਹਸਦੀਆਂ ਹਨ ਤਾਂ ਹੀਰੇ ਝੜਦੇ ਹਨ, ਰੋਂਦੀਆਂ ਹਨ ਤਾਂ ਮੋਤੀ। ਕਈ ਕਥਾਵਾਂ ਵਿਚ ਝਰਨੇ ਵਿਚੋਂ ਪਾਣੀ ਦੀ ਥਾਂ ਬੜੇ ਵਡਮੁੱਲੇ ਹੀਰੇ ਝਰਦੇ ਦਸੇ ਗਏ ਹਨ ਅਤੇ ਦਰਿਆਵਾਂ ਵਿਚ ਰੇਤ ਦੀ ਥਾਂ ਹੀਰੇ ਹਨ। ਹੀਰਿਆਂ ਪ੍ਰਤੀ ਇਹ ਮਨੁੱਖੀ ਮੋਹ ਤੇ ਲਾਲਸਾ ਹੈ, ਜਿਸਦੀ ਵਸਤੂ ਜਗਤ ਵਿਚ ਥੁੜ ਨੂੰ, ਲੋਕ-ਮਨ ਨੇ ਕਹਾਣੀ ਜਗਤ ਵਿਚ ਵਾਫ਼ਰ ਰੂਪ ਵਿਚ ਲਿਆ ਕੇ, ਆਪਣੀ ਤ੍ਰਿਪਤੀ ਕੀਤੀ ਹੈ। 'ਲਾਲ ਪਾਤਸ਼ਾਹ' ਕਹਾਣੀ ਵਿਚ, ਲਾਲ ਰੰਗ ਦੇ ਇਕ ਕੀਮਤੀ ਹੀਰੇ ਵਿਚੋਂ, ਲਾਲ ਰਾਜਕੁਮਾਰ ਦੀ ਉਤਪਤੀ ਹੁੰਦੀ ਹੈ, ਜੋ ਸੰਸਾਰ ਵਿਚ ਸੁਖ ਆਨੰਦ ਭੋਗ ਕੇ ਮੁੜ ਲਾਲ ਹੀਰੇ ਵਿਚ ਸਮਾ ਜਾਂਦਾ ਹੈ (ਵੇਖੋ : ਲਾਲ ਪਾਤਸ਼ਾਹ)। ਕੁਝ ਲੋਕ-ਕਹਾਣੀਆਂ ਵਿਚ, ਨਾਇਕਾ, ਹੀਰਾ ਚਟ ਕੇ ਆਤਮਘਾਤ ਕਰ ਲੈਂਦੀ ਹੈ। ਅਜਿਹਾ ਹੀਰਾ ਆਮ ਤੌਰ ਤੇ ਉਸ ਦੀ ਮੁੰਦਰੀ ਨਾਲ ਜੜਿਆ ਹੁੰਦਾ ਹੈ। ਮੁਸੀਬਤ ਵੇਲੇ ਹੀਰਾ ਚਟ ਕੇ ਪ੍ਰਾਣ ਤਿਆਗਣਾ ਪੰਜਾਬੀ ਦੀ ਪ੍ਰਚਲਤ ਕਥਾਨਿਕ ਰੂੜ੍ਹੀ ਹੈ। ਸੰਸਾਰ ਦਾ ਪ੍ਰਸਿੱਧ ਹੀਰਾ ਕੋਹ ਨੂਰ ਮੰਨਿਆ ਜਾਂਦਾ ਹੈ ਜਿਸ ਦਾ ਆਪਣਾ ਵਿਲੱਖਣ ਤੇ ਅਦਭੁਤ ਇਤਿਹਾਸ ਹੈ। ਇਸ ਹੀਰੇ ਨਾਲ ਬਹੁਤ ਸਾਰੀ ਲੋਕਧਾਰਾ ਵੀ ਜੁੜੀ ਹੋਈ ਹੈ।

**(ਹ-148) ਹੀਰਾ ਹਿਰਨ :**

ਹੀਰੇ ਹਿਰਨ ਦਾ ਜ਼ਿਕਰ ਰਸਾਲੂ-ਕਥਾ-ਚਕਰ ਵਿਚ ਆਉਂਦਾ ਹੈ। ਹੀਰੇ ਹਿਰਨ ਨੇ ਹੀ ਰਾਜੇ ਰਸਾਲੂ ਤੋਂ ਬਦਲਾ ਲੈਣ ਦੀ ਭਾਵਨਾ ਨਾਲ, ਰਾਜੇ ਹੋਡੀ ਨੂੰ ਆਪਣੇ ਪਿਛੇ ਲਗਾ ਕੇ, ਰਾਣੀ ਕੋਕਿਲਾਂ ਦੇ ਮਹਿਲਾਂ ਹੇਠ ਲਿਆ ਖੜਾ ਕੀਤਾ ਅਤੇ ਦੋਹਾਂ ਦੇ ਸੰਜੋਗ ਦਾ ਕਾਰਨ ਬਣਿਆ। ਹੀਰੇ ਹਿਰਨ ਦਾ ਇਹ ਕਰਦਾਰ ਬੜਾ ਰੌਚਿਕ, ਪਰ ਵਿਲੱਖਣ ਹੈ।

ਇਕ ਦਿਨ ਰਸਾਲੂ ਸ਼ਿਕਾਰ ਖੇਡ ਕੇ ਪਰਤਿਆ, ਤਾਂ ਕੋਕਿਲਾਂ ਨੇ ਉਸ ਤੋਂ ਪੁਛਿਆ ਕਿ ਤੁਸੀਂ ਆਪਣੇ ਸ਼ਿਕਾਰ ਨੂੰ ਕਿਵੇਂ ਪਕੜਦੇ ਹੋ, ਤਾਂ ਰਾਜੇ ਰਸਾਲੂ ਨੇ ਦਸਿਆ ਕਿ ਉਹਦੇ ਵਿਚ ਸੱਤ ਸਦਕਾ ਬੜੀ ਰਹੱਸਮਈ ਸ਼ਕਤੀ ਹੈ। ਜਦੋਂ ਉਹ ਕਿਸੇ ਹਿਰਨ ਵਲ ਤੀਰ ਛਡਦਾ ਹੈ, ਤਾਂ ਹਿਰਨ ਤੀਰ ਖਾਂਦੇ ਸਾਰ ਉਹਦੇ ਵਲ ਸਤ ਕਦਮ ਵਧ ਕੇ ਭੁੰਇ ਤੇ ਡਿਗ ਪੈਂਦਾ ਹੈ। ਰਾਣੀ ਨੇ ਇਹ ਦ੍ਰਿਸ਼ ਵੇਖਣ ਦੀ ਇੱਛਾ ਪ੍ਰਗਟ ਕੀਤੀ।

ਅਗਲੇ ਦਿਨ ਜਦੋਂ ਰਾਜਾ ਰਸਾਲੂ ਸ਼ਿਕਾਰ ਖੇਡਣ ਲਈ ਨਿਕਲਿਆ ਤਾਂ ਕੋਕਿਲਾਂ, ਘੋੜੇ ਉਤੇ ਰਸਾਲੂ ਦੇ ਪਿਛੇ ਗਲਵਕੜੀ ਪਾ ਕੇ ਬੈਠ ਗਈ। ਜੰਗਲ ਵਿਚ ਪਹੁੰਚ ਕੇ ਰਸਾਲੂ ਨੇ ਇਕ ਹਿਰਨ ਨੂੰ ਤੀਰ ਮਾਰਿਆ ਤਾਂ ਹਿਰਨ ਸਤ ਕਦਮ ਅੱਗੇ ਵਧਣ ਦੀ ਥਾਂ ਪਿਛੇ ਹਟ ਕੇ ਡਿਗਿਆ। ਕੋਕਿਲਾਂ ਨੇ ਰਸਾਲੂ ਤੋਂ ਇਸ ਦਾ ਕਾਰਨ ਪੁਛਿਆ। ਰਸਾਲੂ ਨੇ ਦਸਿਆ ਕਿ ਕੋਕਿਲਾਂ ਦੇ ਨਾਲ, ਇਕੋ ਘੋੜੇ ਉਤੇ, ਨੇੜੇ ਨੇੜੇ ਬੈਠਣ ਕਰ ਕੇ ਉਹਦੀ ਰਹੱਸਮਈ ਸ਼ਕਤੀ ਨਸ਼ਟ ਹੋ ਗਈ ਹੈ, ਇਸੇ ਲਈ ਸ਼ਿਕਾਰ ਅੱਗੇ ਵਧਣ ਦੀ ਥਾਂ ਪਿਛੇ ਵਲ ਹਟਿਆ ਹੈ।

ਕੋਕਿਲਾਂ ਕਹਿਣ ਲੱਗੀ ਕਿ ਉਹ ਆਪਣੇ ਰੂਪ ਦੀ ਸ਼ਕਤੀ ਨਾਲ ਹਿਰਨ ਨੂੰ ਹੱਥਾਂ ਨਾਲ ਫੜ ਸਕਦੀ ਹੈ। ਆਪਣੀ ਸਮਰੱਥਾ ਪ੍ਰਗਟ ਕਰਨ ਲਈ ਕੋਕਿਲਾਂ ਨੇ ਆਪਣੇ ਮਹਿਕਾਂ ਭਿੰਨੇ ਕੇਸ ਖੋਲ੍ਹ ਕੇ ਖਿਲਾਰੇ। ਸਾਰੇ ਜੰਗਲ ਵਿਚ ਕਸਤੂਰੀ ਵਰਗੀ ਸੁਗੰਧੀ ਫੈਲ ਗਈ। ਹਿਰਨਾਂ ਦੀਆਂ ਡਾਰਾਂ ਚੁੰਗੀਆਂ ਭਰਦੀਆਂ ਆਈਆਂ। ਹਿਰਨਾਂ ਦਾ ਸਰਦਾਰ ਹੀਰਾ ਸਭ ਤੋਂ ਅੱਗੇ ਸੀ। ਪਰ ਰਾਜੇ ਰਸਾਲੂ ਨੂੰ, ਤੀਰ ਕਮਾਨ ਸਮੇਤ ਕੋਕਿਲਾਂ ਦੇ ਕੋਲ ਖਲੋਤਾ ਵੇਖ ਕੇ, ਹੀਰੇ ਤੋਂ ਸਿਵਾ ਬਾਕੀ ਸਭ ਹਿਰਨ ਨਠ ਗਏ। ਹੀਰਾ ਲਟਬੌਰਾ ਹੋਇਆ ਕੋਕਿਲਾਂ ਕੋਲ ਖੜਾ ਰਿਹਾ। ਰਾਜੇ ਨੇ ਈਰਖਾ ਵਸ ਹੀਰੇ ਦੀ ਪੂਛਲ ਅਤੇ ਕੰਨ ਵੱਢ ਦਿਤੇ। ਅਪਮਾਨਿਤ ਹੋਏ ਹੀਰੇ ਨੇ ਰਾਜੇ ਰਸਾਲੂ ਤੋਂ ਬਦਲਾ ਲੈਣ ਦਾ ਨਿਸਚਾ ਕਰ ਲਿਆ —

ਨਾ ਮੈਂ ਖੇਤ ਉਜਾੜਿਆ
ਨਾ ਮੈਂ ਭੈਨੀ ਵਾੜ।
ਕਿਉਂ ਤੈਂ ਪੂਛ ਕਟਾਈਏ
ਕੀਤਾ ਕੀ ਜ਼ਿਆਨ।
ਮੈਂ ਵੀ ਹੀਰਾ ਹਰਨ ਹਾਂ,
ਕਾਲੀ ਧਾਰ ਦਾ—ਧੌਲਰ ਲਾਸਾਂ ਚੋਰ।

ਅਪਮਾਨਤ ਹੀਰਾ ਉਥੋਂ ਚਲਾ ਤਾਂ ਗਿਆ, ਪਰ ਡਾਰ ਨੇ ਹੀਰੇ ਹਿਰਨ ਨੂੰ ਆਪਣੇ ਵਿਚ ਵੜਨ ਨਾ ਦਿਤਾ। ਹਿਰਨੀਆਂ ਹੀਰੇ ਵਲ ਮੂੰਹ ਨਾ ਕਰਦੀਆਂ। ਉਸ ਦੀ ਸਰਦਾਰੀ ਖੁਸ ਗਈ। ਅਖੀਰ ਹੀਰਾ ਰਸਾਲੂ ਤੋਂ ਬਦਲਾ ਲੈਣ ਦੀ

Sri Satguru Jagjit Singh Ji eLibrary NamdhariElibrary@gmail.com

ਭਾਵਨਾ ਨਾਲ, ਕੁਝ ਹਿਰਨਾਂ ਨੂੰ ਨਾਲ ਲੈਕੇ, ਰਾਜੇ ਹੋਡੀ ਦੇ ਦੇਸ ਵਲ ਗਿਆ। ਉਥੇ ਹਿਰਨਾਂ ਦੀ ਡਾਰ ਨੇ ਹੋਡੀ ਦਾ ਸਾਰਾ ਬਾਗ਼ ਉਜਾੜ ਦਿਤਾ। ਜਦੋਂ ਹੋਡੀ ਬਾਗ਼ ਵਿਚ ਆਇਆ ਤਾਂ ਬਾਕੀ ਡਾਰ ਤਾਂ ਨਠ ਗਈ, ਪਰ ਹੀਰਾ ਉਥੇ ਹੀ ਲੁਕਿਆ ਰਿਹਾ। ਜਦੋਂ ਹੋਡੀ ਨੇੜੇ ਆਇਆ ਤਾਂ ਹੀਰਾ ਚੁੰਗੀਆਂ ਭਰਦਾ ਹੋਇਆ ਦੌੜ ਪਿਆ। ਹੋਡੀ ਨੇ ਹੀਰੇ ਨੂੰ ਫੜਨ ਲਈ ਉਹਦਾ ਪਿੱਛਾ ਕੀਤਾ। ਇਸ ਤਰ੍ਹਾਂ ਹੀਰਾ ਫੁਦਕਦਾ ਹੋਇਆ ਰਾਜੇ ਹੋਡੀ ਨੂੰ ਰਾਣੀ ਕੋਕਿਲਾਂ ਦੇ ਮਹਿਲ ਦੇ ਥੱਲੇ ਲੈ ਆਇਆ। ਕੋਕਿਲਾਂ ਹੀਰੇ ਦੀ ਅਵਾਜ਼ ਸੁਣ ਕੇ ਖਿੜਕੀ ਤੋਂ ਝਾਕੀ ਅਤੇ ਹੋਡੀ ਨਾਲ ਅੱਖਾਂ ਦੋ ਚਾਰ ਹੋ ਗਈਆਂ। ਰਸਾਲੂ ਸ਼ਿਕਾਰ ਖੇਡਣ ਗਿਆ ਹੋਇਆ ਸੀ। ਹੋਡੀ ਨੇ ਕੋਕਿਲਾਂ ਨਾਲ ਸੇਜ ਸਾਂਝੀ ਕੀਤੀ। ਇਸ ਤਰ੍ਹਾਂ ਹੀਰੇ ਹਿਰਨ ਨੇ ਰਸਾਲੂ ਤੋਂ ਆਪਣੇ ਅਪਮਾਨ ਦਾ ਬਦਲਾ ਲੈ ਲਿਆ।

ਹੀਰੇ ਹਿਰਨ ਦਾ ਜ਼ਿਕਰ ਕਈ ਲੋਕ-ਗੀਤਾਂ ਵਿਚ ਵੀ ਮਿਲਦਾ ਹੈ। ਲੋਕ-ਗੀਤਾਂ ਵਿਚ ਹੀਰਾ ਹਿਰਨ ਪੰਜਾਬੀਆਂ ਦੇ ਅਥਰੇ, ਪਰ ਰੋਮਾਂਚਿਕ ਸੁਭਾਅ ਦਾ ਪ੍ਰਤੀਕ ਹੈ।

**(ਹ-149) ਹੀਰੀਆਂ :**

(ਪੋਠੋਹਾਰੀ) ਹੀਰੀਆਂ ਦਾ ਸ਼ਾਬਦਿਕ ਅਰਥ ਛਿੱਬੀਆਂ ਦੇਣਾ ਅਥਵਾ ਕਿਸੇ ਦਾ ਮੌਜੂ ਉਡਾਣਾ ਹੈ। ਉਹ ਟੱਪੇ ਜਿਨ੍ਹਾਂ ਵਿਚ ਕਿਸੇ ਵਿਅਕਤੀ, ਜ਼ਾਤ ਗੋਤ, ਪਿੰਡ ਸਥਾਨ 'ਤੇ ਕਟਾਖਸ਼ ਕੀਤਾ ਗਿਆ ਹੋਵੇ। ਇਨ੍ਹਾਂ ਟੱਪਿਆਂ ਦਾ ਵਿਸ਼ੇਸ਼ ਲੱਛਣ ਨਿਹੋਰਾ, ਵਿਅੰਗ ਜਾਂ ਰਮਜ਼ ਹੈ। ਪੋਠੋਹਾਰ ਵਿਚ ਅਨੇਕਾਂ ਪਿੰਡਾਂ ਤੇ ਜ਼ਾਤਾਂ ਬਾਰੇ ਹੀਰੀਆਂ ਮਿਲਦੀਆਂ ਹਨ। ਹੇਠਲੀ ਹੀਰੀ ਸੁਖੋ ਪਿੰਡ ਬਾਰੇ ਹੈ :—

ਸੁਖੋ ਭੈੜੀ ਭੁਖੋ
ਨਾ ਪਕਾਣੀ ਰੋਟੀਆਂ ਨਾ ਪਕਾਣੀ ਮੰਡੇ।
ਭਾਈ ਆਇਆ ਪ੍ਰਸ਼ਾਦੀ ਲੈਣੇ
ਢੂਐ ਤੇ ਮਾਰਣੀ ਡੰਡੇ।

ਇਸੇ ਤਰ੍ਹਾਂ ਦੀਆਂ ਹੀਰੀਆਂ ਜ਼ਾਤਾਂ ਗੋਤਾਂ ਤੇ ਕਬੀਲਿਆਂ ਬਾਰੇ ਵੀ ਮਿਲਦੀਆਂ ਹਨ।

ਕਿਸੇ ਬਜ਼ੁਰਗ ਦੀ ਮੌਤ ਵੇਲੇ ਉਸ ਦੀਆਂ ਕੁੜਮਣੀਆਂ ਮ੍ਰਿਤਕ ਦੀ ਖਿਲ੍ਹੀ ਉਡਾਂਦੀਆਂ, ਝੂਠਾ ਰੁਦਨ ਤੇ ਸਿਆਪਾ ਕਰਦੀਆਂ, ਮ੍ਰਿਤਕ ਦੇ ਇਸ਼ਨਾਨ ਵੇਲੇ ਬਾਧਾ ਪਾਉਂਦੀਆਂ ਤੇ ਅਰਥੀ ਚੁਕਣ ਵੇਲੇ ਰਾਹ ਰੋਕਦੀਆਂ ਹਨ। ਇਨ੍ਹਾਂ ਮਸ਼ਕਰੀਆਂ ਨੂੰ ਵੀ ਪੋਠੋਹਾਰ ਵਿਚ 'ਹੀਰੀਆਂ' ਕਿਹਾ ਜਾਂਦਾ ਹੈ। ਝੂਠੇ ਸਿਆਪੇ ਦੇ ਟੱਪੇ ਵੀ ਪ੍ਰਚਲਤ ਹਨ :

ਹਾਇਹਾ ਸ਼ੇਰ ਜਵਾਨਾ, ਤੇਰੀ ਚਿੱਟੀ ਦਾੜ੍ਹੀ।
ਹਾਇਹਾ ਸ਼ੇਰ ਜਵਾਨਾ,
ਤੂੰ ਲਪ ਲਪ ਕਲਫ ਚਾੜ੍ਹੀ।

**(ਹ-150) ਹੀਰੋ ਤੇ ਲੈਂਡਰ :**

ਇਕ ਪ੍ਰਾਚੀਨ ਯੂਨਾਨੀ ਪ੍ਰੀਤ-ਕਥਾ, ਜਿਸ ਨੂੰ ਮੁਸੇਅਸ (Musaeus) ਨੇ ਚੋਥੀ ਜਾਂ ਪੰਜਵੀਂ ਸਦੀ ਈਸਵੀ ਵਿਚ ਵਿਸਥਾਰ ਨਾਲ ਲਿਖਿਆ, ਪਰ ਇਸ ਤੋਂ ਪਹਿਲਾਂ ਵੀ, ਇਸ ਕਥਾ ਵਲ ਸੰਕੇਤ ਓਵਿਡ, ਸਟਾਟੀਅਸ ਤੇ ਵਿਰਗਾਲ ਨੇ ਆਪਣੀਆਂ ਲਿਖਤਾਂ ਵਿਚ ਕੀਤੇ ਸਨ, ਜੋ ਇਸ ਕਥਾ ਦੀ ਪ੍ਰਾਚੀਨਤਾ ਦਾ ਬੋਧਿਕ ਹਨ।

ਹੀਰੋ ਹੈਲਸਪੋਂਟ (Hellespont) ਦਰਿਆ ਦੇ ਉਰਾਰਲੇ ਕੰਢੇ ਉਪਰ ਵਸਦੇ ਇਕ ਨਗਰ ਮੇਸਟਸ ਵਿਚ ਮੁਹੱਬਤ ਦੀ ਦੇਵੀ ਅਫਰੋਡਾਇਟ (Aphrodite) ਦੇ ਦੇਵ ਮੰਦਰ ਵਿਚ ਪੁਜਾਰਨ ਸੀ ਅਤੇ ਲੈਂਡਰ ਦਰਿਆ ਦੇ ਪਾਰਲੇ ਪਾਸੇ ਵਲ ਵਸਦੇ ਨਗਰ ਅਬੀਦਸ ਦਾ ਵਸਨੀਕ ਸੀ। ਲੈਂਡਰ ਨੇ ਮੁਹੱਬਤ ਦੀ ਦੇਵੀ ਦੇ ਇਕ ਉਤਸ਼ਵ ਉਤੇ ਹੀਰੋ ਨੂੰ ਵੇਖਿਆ ਤੇ ਉਸ ਦੇ ਦਿਲ ਵਿਚ ਹੀਰੋ ਲਈ ਪ੍ਰੇਮ ਉਦੇ ਹੋਇਆ। ਹੀਰੋ ਦੇਵ-ਮੰਦਰ ਦੀ ਪੁਜਾਰਨ ਹੋਣ ਕਰਕੇ ਲੈਂਡਰ ਨਾਲ ਵਿਆਹ ਕਰਨ ਤੋਂ ਅਸਮਰੱਥ ਸੀ। ਸੋ ਦੋਵੇਂ ਰਾਤ ਵੇਲੇ ਚੋਰੀ ਇਕ ਦੂਜੇ ਨੂੰ ਮਿਲਣ ਲੱਗੇ। ਲੈਂਡਰ ਰਾਤ ਵੇਲੇ ਠਾਠਾਂ ਮਾਰਦੇ ਦਰਿਆ ਨੂੰ ਤਰ ਕੇ ਚੋਰੀ ਛੁਪੀ ਹੀਰੋ ਨੂੰ ਮਿਲਣ ਲਈ ਜਾਂਦਾ। ਉਧਰ ਹੀਰੋ ਦੇਵ-ਮੰਦਰ ਦੇ ਮੁਨਾਰੇ ਉਤੇ ਇਸ ਖ਼ਿਆਲ ਨਾਲ ਮਸ਼ਾਲ ਜਗਾ ਦੇਂਦੀ, ਤਾਂ ਜੋ ਲੈਂਡਰ ਹਨੇਰੇ ਵਿਚ ਦਰਿਆ ਵਿਚ ਭਟਕ ਨਾ ਜਾਵੇ। ਇਕ ਵਾਰੀ ਸਖ਼ਤ ਹਨੇਰੀ ਕਾਰਨ ਮਸ਼ਾਲ ਬੁਝ ਗਈ ਤੇ ਲੈਂਡਰ, ਹਨੇਰੀ ਝੱਖੜ ਵਿਚ ਦਿਸ਼ਾ ਦਾ ਠੀਕ ਅਨੁਮਾਨ ਨਾ ਲਗਾ ਸਕਣ ਕਾਰਨ, ਦਰਿਆ ਦੀਆਂ ਲਹਿਰਾਂ ਦੀ ਲਪੇਟ ਵਿਚ ਆ ਗਿਆ। ਸਵੇਰੇ ਕੰਢੇ ਉਤੇ ਉਸ ਦੀ ਲਾਸ਼ ਨੂੰ ਵੇਖ ਕੇ ਹੀਰੋ ਨੇ ਵੀ ਦਰਿਆ ਵਿਚ ਛਾਲ ਮਾਰ ਕੇ, ਜਾਨ ਕੁਰਬਾਨ ਕਰ ਦਿਤੀ।

ਯੂਨਾਨੀ ਪ੍ਰੇਮਕਾ ਹੀਰੋ ਅਤੇ ਪੰਜਾਬੀ ਨਾਇਕਾ ਹੀਰ ਦੇ ਨਾਵਾਂ ਦੀ ਸਮਾਨਤਾ ਤੋਂ ਭੁਲੇਖਾ ਖਾ ਕੇ ਡਾ: ਮੋਹਨ ਸਿੰਘ ਨੇ ਹੀਰ ਰਾਂਝੇ ਦੀ ਪ੍ਰੇਮ ਗਾਥਾ ਨੂੰ ਉਪ੍ਰੋਕਤ ਕਥਾ ਦੇ ਪ੍ਰਭਾਵ ਹੇਠ ਰਚੀ ਗਈ ਮੰਨਿਆ ਹੈ, ਜੋ ਠੀਕ ਨਹੀਂ। ਹੀਰੋ ਲੈਂਡਰ ਦੀ ਪ੍ਰੀਤ ਕਥਾ ਦੀ ਕੋਈ ਵੀ ਕਥਾਨਿਕ ਰੂੜ੍ਹੀ ਹੀਰ ਰਾਂਝੇ ਦੀ ਕਹਾਣੀ ਨਾਲ ਨਹੀਂ ਮਿਲਦੀ। ਹਾਂ, ਸੋਹਣੀ ਮਹੀਂਵਾਲ ਦੀਆਂ ਪ੍ਰਮੁਖ ਰੂੜ੍ਹੀਆਂ ਹੀਰੋ ਲੈਂਡਰ ਵਿਚ ਉਪਲਬਧ ਹਨ, ਜੋ ਦੋਹਾਂ ਕਥਾਵਾਂ ਵਿਚ ਕਿਸੇ ਇਤਿਹਾਸਕ ਸਾਂਝ ਵਲ ਸੰਕੇਤ ਕਰਦੀਆਂ ਹਨ (ਵੇਖੋ : ਸੋਹਣੀ ਮਹੀਂਵਾਲ)।

ਆਧਾਰ : ਸਟੈਂਡਰਡ ਡਿਕਸ਼ਨਰੀ ਆਫ਼ ਫ਼ੋਕਲੋਰ 1,494।

**(ਹ-151) ਹੁਸਨ ਬਾਨੋ :**

(1) ਇਕ ਪਰੀ ਜੋ ਸ਼ਾਹ ਬਹਿਰਾਮ ਨਾਲ ਪ੍ਰੇਮ ਕਰਦੀ ਸੀ। ਇਮਾਮ ਬਖ਼ਸ਼ ਦੇ ਰਚੇ ਕਿੱਸੇ ਅਨੁਸਾਰ ਹੁਸਨ ਬਾਨੋ ਦਿਉਆਂ ਅਤੇ ਪਰੀਆਂ ਦੇ ਬਾਦਸ਼ਾਹ ਸੁਲੇਮਾਨ ਦੀ ਲੜਕੀ ਸੀ, ਜੋ ਨਰਗਸ ਬਾਨੋ ਦੇ ਉਦਰ ਤੋਂ ਪੈਦਾ ਹੋਈ। ਹੁਸਨ ਬਾਨੋ ਦਾ ਪਰਿਵਾਰ ਸ਼ਹਿਰ ਸਬਜ਼ ਵਿਚ ਰਹਿੰਦਾ ਸੀ। ਸਫ਼ੈਦ ਦਿਉ ਹੁਸਨ ਬਾਨੋ ਨੂੰ ਦਿਲੋਂ ਚਾਹੁੰਦਾ ਸੀ। ਉਸ ਨੇ ਹੁਸਨ ਬਾਨੋ ਦਾ ਦਿਲ ਜਿਤਣ ਲਈ ਇਕ ਬੜਾ ਸੁੰਦਰ ਮਹਿਲ ਅਤੇ ਬਾਗ਼ ਬਣਵਾਇਆ, ਜਿਸ ਦੇ ਇਕ ਹੌਜ਼ ਉਤੇ ਹੁਸਨ ਬਾਨੋ ਆਪਣੀਆਂ ਸਹੇਲੀਆਂ ਨਾਲ ਹਰ ਰੋਜ਼ ਨਹਾਉਣ ਲਈ ਜਾਂਦੀ ਸੀ। ਇਕ ਵਾਰ, ਹੁਸਨ ਬਾਨੋ ਇਸ ਹੌਜ਼ ਵਿਚ ਇਸ਼ਨਾਨ ਕਰ ਰਹੀ ਸੀ, ਤਾਂ ਸ਼ਾਹ ਬਹਿਰਾਮ ਨੇ ਉਸ ਦਾ ਰਖਤ (ਕਪੜੇ) ਚੁਕ ਲਿਆ ਤੇ ਉਦੋਂ ਵਾਪਸ ਕੀਤਾ ਜਦੋਂ ਦੋਹਾਂ ਵਿਚ ਪ੍ਰੇਮ ਦੇ ਕੌਲ-ਇਕਰਾਰ ਹੋ ਗਏ। ਜਦੋਂ ਸਫ਼ੈਦ ਦਿਉ ਨੂੰ, ਸ਼ਾਹ ਬਹਿਰਾਮ ਤੇ ਹੁਸਨ ਬਾਨੋ ਦੇ ਇਸ਼ਕ ਦਾ ਪਤਾ ਲੱਗਾ, ਤਾਂ ਉਸਨੇ ਸ਼ਾਹ ਬਹਿਰਾਮ ਦੀ ਖ਼ਾਤਰ ਹੁਸਨ ਬਾਨੋ ਨਾਲ ਵਿਆਹ ਕਰਨ ਦਾ ਖ਼ਿਆਲ ਤਿਆਗ ਦਿਤਾ। ਸ਼ਾਹ ਬਹਿਰਾਮ ਕੋਹ ਕਾਫ਼ ਤੋਂ ਵਾਪਿਸ ਆਪਣੇ ਦੇਸ਼ ਫ਼ਾਰਸ ਗਿਆ। ਇਕ ਵਾਰ ਬਹਿਰਾਮ ਦੀ ਗ਼ੈਰ-ਹਾਜ਼ਰੀ ਵਿਚ, ਉਸ ਦੇ ਨਿਮਕ ਹਰਾਮ ਮੰਤਰੀ ਨੇ ਹੁਸਨ ਬਾਨੋ ਦੀ ਇੱਜ਼ਤ ਲੁਟਣੀ ਚਾਹੀ, ਪਰ ਹੁਸਨ ਬਾਨੋ ਚਾਤੁਰੀ ਨਾਲ ਸੰਦੂਕ ਵਿਚੋਂ ਆਪਣਾ ਰਖਤ ਕਢਵਾ ਕੇ ਉੱਡ ਗਈ ਤੇ ਸ਼ਹਿਰ ਸਬਜ਼ ਵਿਚ ਆਪਣੇ ਮਾਪਿਆਂ ਕੋਲ ਜਾ ਪਹੁੰਚੀ। ਮਾਪੇ ਹੁਸਨ ਬਾਨੋ ਦਾ ਵਿਆਹ, ਆਪਣੀ ਰੀਤ ਰਵਾਜ ਅਨੁਸਾਰ, ਕਿਸੇ ਦਿਓ ਨਾਲ ਕਰਨਾ ਚਾਹੁੰਦੇ ਸਨ, ਪਰ ਹੁਸਨ ਬਾਨੋ ਬਹਿਰਾਮ ਤੋਂ ਬਿਨਾਂ ਕਿਸੇ ਦੂਜੇ ਨਾਲ ਗੰਢ-ਚਿਤ੍ਰਾਵਾ ਕਰਨ ਨੂੰ ਰਜ਼ਾਮੰਦ ਨਹੀਂ ਸੀ। ਮਾਂ ਪਿਓ ਨੇ ਹੁਸਨ ਬਾਨੋ ਨੂੰ ਬੜੇ ਤਸੀਹੇ ਦਿਤੇ, ਦਾਦੀ ਨੇ ਵੀ ਬੜਾ ਸਮਝਾਇਆ, ਪਰ ਹੁਸਨ ਬਾਨੋ ਆਪਣੇ ਸਿਦਕ ਵਿਚ ਪੂਰੀ ਰਹੀ। ਅਖ਼ੀਰ, ਬਹਿਰਾਮ ਹੁਸਨ ਬਾਨੋ ਦੀ ਭਾਲ ਵਿਚ ਅਨੇਕਾਂ ਦੁਖ ਤਕਲੀਫ਼ਾਂ ਭੋਗਦਾ ਹੋਇਆ ਸ਼ਹਿਰ ਸਬਜ਼ ਪੁਜਿਆ ਅਤੇ ਹੁਸਨ ਬਾਨੋ ਨੂੰ ਬੰਦੀਖ਼ਾਨੇ ਵਿਚੋਂ ਮੁਕਤ ਕਰਕੇ ਉਸ ਦੇ ਨਾਲ ਵਿਆਹ ਕਰਵਾ ਲਿਆ। ਹੁਸਨ ਬਾਨੋ ਇਕ ਸਾਊ ਤੇ ਸੁਸ਼ੀਲ ਪਰੀ ਸੀ। ਉਹ ਉਦੋਂ ਤਕ ਸ਼ਾਹ ਬਹਿਰਾਮ ਨੂੰ ਵਸਲ ਦਾ ਆਨੰਦ ਦੇਣ ਲਈ ਰਜ਼ਾਮੰਦ ਨਾ ਹੋਈ, ਜਦੋਂ ਤਕ ਦੋਹਾਂ ਦਾ ਵਿਆਹ ਨਾ ਹੋ ਗਿਆ।

ਹੁਸਨ ਬਾਨੋ ਪਰਾਸਰੀਰਕ ਸ਼ਕਤੀਆਂ ਦੀ ਮਾਲਕ ਸੀ ਤੇ ਇੱਛਾ ਅਨੁਸਾਰ ਜੋ ਰੂਪ ਚਾਹੇ,

Sri Satguru Jagjit Singh Ji eLibrary NamdhariElibrary@gmail.com

ਧਾਰਨ ਕਰ ਲੈਂਦੀ ਸੀ। ਆਮ ਤੌਰ ਤੇ ਉਹ ਕਬੂਤਰੀ ਦੇ ਰੂਪ ਵਿਚ ਉਡਿਆ ਕਰਦੀ ਸੀ।

ਹੁਸਨ ਬਾਨੋ ਪੂਰਨ ਅਦਭੁਤ ਸੁੰਦਰਤਾ ਦਾ ਮੁਜਸਮਾ ਹੈ ਤੇ ਇਹ ਪਾਤ੍ਰ ਮਨੁਖ ਦੇ ਅਲੌਕਿਕ ਹੁਸਨ ਨੂੰ ਇਸਤ੍ਰੀ ਦੇ ਰੂਪ ਵਿਚ ਭੋਗਣ ਦੀ ਚੇਸ਼ਟਾ ਦਾ ਫਲ ਹੈ। ਹੁਸਨ ਬਾਨੋ ਤੇ ਸ਼ਾਹ ਬਹਿਰਾਮ ਦੇ ਨਾਰੀ-ਖਾਕੀ ਇਸ਼ਕ ਦੀ ਇਹ ਅਦਭੁਤ ਕਥਾ ਹੈ, ਜੋ ਇਸ ਰੁਮਾਂਚਿਕ ਸੰਕਲਪ ਉਤੇ ਆਧਾਰਤ ਹੈ ਕਿ ਪੂਰਨ ਸੁੰਦਰਤਾ ਨੂੰ ਪ੍ਰਾਪਤ ਕਰਨ ਤੇ ਵਸਲ ਦਾ ਆਨੰਦ ਮਾਣਨ ਲਈ ਬੜੀਆਂ ਵਿਕਰਾਲ ਘਾਟੀਆਂ ਤੇ ਮਸੀਬਤਾਂ ਵਿਚੋਂ ਲੰਘਣਾ ਪੈਂਦਾ ਹੈ। ਇਹ ਕਥਾ ਮਨੁੱਖ ਦੇ ਮਨ ਅੰਦਰ ਪ੍ਰਾਕ੍ਰਮ ਤੇ ਸਾਧਨਾ ਦੀ ਬਿਰਤੀ ਜਗਾਂਦੀ ਹੈ।

(2) ਹਾਤਮਤਾਈ ਦੇ ਕਿੱਸੇ ਦੀ ਨਾਇਕਾ, ਜੋ ਵਿਰਕਤ ਸੁਭਾਅ ਦੀ ਹੋਣ ਕਰ ਕੇ ਵਿਆਹ ਨਹੀਂ ਸੀ ਕਰਨਾ ਚਾਹੁੰਦੀ। ਵਿਆਹ ਦੇ ਬੰਧਨ ਤੋਂ ਬਚਣ ਲਈ ਉਸ ਨੇ ਇਹ ਸ਼ਰਤ ਰਖੀ ਕਿ ਉਹ ਉਸ ਸ਼ਖ਼ਸ ਨਾਲ ਹੀ ਵਿਆਹ ਕਰਵਾਏਗੀ, ਜੋ ਸਤ ਰਹੱਸਮਈ ਸੁਆਲਾਂ ਦੀ ਅਸਲੀਅਤ ਦਾ ਪਤਾ ਦਸੇਗਾ (ਵੇਖੋ : ਹਾਤਮਤਾਈ)।

### (ਹ-152) ਹੁਸੈਨ ਖ਼ਾਨ ਦੀ ਵਾਰ :

ਪੰਜਾਬੀ ਦੀ ਇਕ ਪ੍ਰਾਚੀਨ ਵਾਰ; ਇਹ ਪੰਦ੍ਰਵੀਂ ਸਦੀ ਦੇ ਅੰਤਲੇ ਦਾਖਿਆਂ ਵਿਚ ਰਚੀ ਗਈ ਜਾਪਦੀ ਹੈ। ਪੂਰੀ ਵਾਰ ਤਾਂ ਪ੍ਰਾਪਤ ਨਹੀਂ, ਪਰ ਇਸ ਦੇ ਨਮੂਨੇ ਦਾ ਇਕ ਬੰਦ ਮੁਲਤਾਨ ਗਜ਼ਟੀਅਰ (ਪੰਨਾ 43-44) ਵਿਚ ਦਿਤਾ ਹੋਇਆ ਮਿਲਦਾ ਹੈ :-

ਖ਼ਾਨ ਹੁਸੈਨ ਤਖ਼ਤ ਬੈਠਾ, ਧਾਂਕ ਪਈ ਚੌਚਕ,<br>
ਹਿਕ ਧਾਵਣੀ ਮੁਲਤਾਨ ਗਿਓ ਸੁ<br>
ਨਾਲ ਸੁਮ ਸੜਕ।<br>
ਤੁਰਕ, ਤਾਤਾਰ ਧਰਮ ਮੰਗੇ<br>
ਲੀਕ ਕਢੀ ਨਕ।<br>
ਖ਼ਾਨ ਹੁਸੈਨ ਪਾਏ ਵਡੀ ਭਾਗ ਬਖ਼ਤ।

ਇਹ ਲੋਕ-ਵਾਰ ਧੁਨੀਆਂ ਵਾਲੀਆਂ ਨੌ ਵਾਰਾਂ ਦੇ ਰੂਪ ਤੇ ਸ਼ੈਲੀ ਵਿਚ ਹੀ ਰਚੀ ਗਈ ਹੈ ਅਤੇ ਭੱਟਾਂ ਮਿਰਾਸੀਆਂ ਦੀ ਕਿਰਤ ਹੋਣ ਕਰ ਕੇ ਉਸੇ ਸਾਹਿਤਕ ਪਰੰਪਰਾ ਦਾ ਅੰਗ ਹੈ। ਇਹ ਸਤਰਾਂ ਰੁਕਨ ਬਟੀ ਨਾਂ ਦੇ ਮਿਰਾਸੀ ਤੋਂ ਸੁਣ ਕੇ, ਮੁਲਤਾਨ ਗਜ਼ਟੀਅਰ ਵਿਚ, ਕਿਸੇ ਇਤਿਹਾਸਕ ਹਵਾਲੇ ਦੇ ਪ੍ਰਮਾਣ ਵਜੋਂ ਦਿਤੀਆਂ ਗਈਆਂ ਹਨ। ਮਿਰਾਸੀ ਤੋਂ ਭਾਵੇਂ ਪੂਰੀ ਵਾਰ ਸੁਣ ਕੇ ਲਿਪੀਬਧ ਕਰ ਲਈ ਗਈ, ਪਰ ਗਜ਼ਟੀਅਰ ਵਿਚ ਨਮੂਨੇ ਵਜੋਂ ਇਕੋ ਬੰਦ ਦਰਜ ਕੀਤਾ ਗਿਆ ਹੈ।

ਹੁਸੈਨ ਖ਼ਾਨ ਲੰਗਾਹ ਕਬੀਲੇ ਦਾ ਪ੍ਰਸਿਧ ਯੋਧਾ ਸੀ। ਮੁਲਤਾਨ ਦੇ ਜ਼ਿਲੇ ਦੀ ਸ਼ੁਜ਼ਾਬਾਦ ਤਹਿਸੀਲ ਵਿਚ ਕੁਝ ਪਿੰਡ ਲੰਗਾਹ ਕਬੀਲੇ ਦੇ ਸਨ। ਇਹ ਕਬੀਲਾ 1445 ਈ: ਤੋਂ 1526 ਈ: ਤਕ ਮੁਲਤਾਨ ਉਪਰ ਰਾਜ ਕਰਦਾ ਰਿਹਾ। ਹੁਸੈਨ ਖ਼ਾਨ ਕੁਤਬ-ਉੱਦ-ਦੀਨ ਦਾ ਲੜਕਾ ਸੀ, ਜੋ 1469 ਈ: ਵਿਚ ਮੁਲਤਾਨ ਦੀ ਗੱਦੀ ਉਪਰ ਬੈਠਾ। ਕੁਤਬ-ਉੱਦ-ਦੀਨ ਦਾ ਪਹਿਲਾ ਨਾਉਂ ਰਾਏ ਸੇਹਰਾ ਸੀ। ਹੁਸੈਨ ਖ਼ਾਨ ਬੜਾ ਸਾਹਸੀ ਤੇ ਪ੍ਰਾਕ੍ਰਮੀ ਯੋਧਾ ਸੀ ਅਤੇ ਇਸ ਨੇ ਥੋੜੇ ਜਿਹੇ ਸਮੇਂ ਵਿਚ ਹੀ ਸ਼ੋਰਕੋਟ ਅਤੇ ਚਿਨਿਓਟ ਆਦਿ ਨੂੰ ਆਪਣੀ ਸਤਾ ਦੇ ਅਧੀਨ ਲੈ ਆਉਂਦਾ। ਫਿਰ ਕੋਟ ਕਹਿਰੋੜ ਦੇ ਇਲਾਕੇ ਨੂੰ ਆਪਣੇ ਅਧਿਕਾਰ ਹੇਠ ਲਿਆ ਕੇ ਉਥੇ ਬਲੋਚਾਂ ਨੂੰ ਵਸਾਇਆ। ਕੁਝ ਸਮੇਂ ਬਾਅਦ ਹੁਸੈਨ ਖ਼ਾਨ ਦੇ ਭਰਾ ਸ਼ਹਾਬ-ਉੱਦ-ਦੀਨ ਨੇ ਕਹਿਰੋੜ ਵਿਖੇ ਬਗ਼ਾਵਤ ਕਰ ਦਿਤੀ ਤੇ ਹੁਸੈਨ ਖ਼ਾਨ ਨੇ ਉਸ ਨੂੰ ਫੜ ਕੇ ਬੰਦੀਖ਼ਾਨੇ ਵਿਚ ਸੁਟ ਦਿਤਾ। ਹੁਸੈਨ ਖ਼ਾਨ ਦੇ ਪਿਤਾ ਕੁਤਬ-ਉੱਦ-ਦੀਨ ਨੇ ਮੁਲਤਾਨ ਦਾ ਇਲਾਕਾ ਸ਼ੇਖ਼ ਯੂਸਫ਼ ਤੋਂ ਖੋਹਿਆ, ਜੋ ਉਸ ਦਾ ਭਣਵਈਆ ਸੀ। ਕੁਝ ਸਾਲ ਤਾਂ ਯੂਸਫ਼ ਖ਼ਾਨ ਜਲਾਵਤਨੀ ਵਿਚ ਰਿਹਾ। ਮਗਰੋਂ ਦਿੱਲੀ ਤੋਂ ਫ਼ੌਜੀ ਸਹਾਇਤਾ ਲੈ ਕੇ ਯੂਸਫ਼ ਖ਼ਾਨ ਨੇ ਹੁਸੈਨ ਖ਼ਾਨ ਉਤੇ ਚੜ੍ਹਾਈ ਕਰ ਦਿਤੀ। ਪਰ ਉਹ ਮੂੰਹ ਦੀ ਖਾ ਕੇ ਚਿਨਿਓਟ ਵਲ ਨਠ ਗਿਆ। ਜਦੋਂ ਸਿਕੰਦਰ ਖ਼ਾਨ ਲੋਧੀ ਦਿੱਲੀ ਦੇ ਤਖ਼ਤ ਉਪਰ ਬੈਠਾ, ਤਾਂ ਸਿਕੰਦਰ ਖ਼ਾਨ ਅਤੇ ਹੁਸੈਨ ਖ਼ਾਨ ਵਿਚਕਾਰ ਇਕ ਸਮਝੌਤਾ ਹੋਇਆ। ਹੁਸੈਨ ਖ਼ਾਨ ਦੀ ਮ੍ਰਿਤੂ 1497 ਜਾਂ 1498 ਈ: ਵਿਚ ਹੋਈ।

ਹੁਸੈਨ ਖ਼ਾਨ ਦੀ ਵਾਰ ਪੰਦਰਵੀਂ ਸਦੀ ਦੇ ਅੰਤਲੇ ਦਹਾਖੇ ਵਿਚ ਰਚੀ ਗਈ ਜਾਪਦੀ ਹੈ।

### (ਹ-153) ਹੁਸੈਨੀ ਦੋਹੜੇ :

ਇਮਾਮ ਹਸਨ ਤੇ ਹੁਸੈਨ ਦੀ ਸ਼ਹਾਦਤ ਨਾਲ ਸੰਬੰਧਤ ਦੋਹੜੇ, ਜੋ ਮੁਹੱਰਮ ਦੇ ਦਿਨਾਂ ਵਿਚ ਸ਼ੀਆ ਮੁਸਲਮਾਨ ਸੋਗੀ ਤੇ ਕਰੁਣਾਮਈ ਸੁਰ ਵਿਚ ਗਾਉਂਦੇ ਹਨ, ਖ਼ਾਸ ਤੌਰ ਤੇ ਤਾਜ਼ੀਏ ਦੇ ਜਲੂਸ ਨਾਲ। ਕਰਤਾਰ ਸਿੰਘ ਸ਼ਮਸ਼ੇਰ (ਨੀਲੀ ਤੇ ਰਾਵੀ, ਪੰਨਾ 274) ਅਨੁਸਾਰ, "ਹੁਸੈਨੀ ਦੋਹੜੇ ਇਕ ਤਰ੍ਹਾਂ ਦੇ ਵੈਣ ਹਨ। ਜਿਹੜੇ ਸ਼ਰਧਾ ਭਰੇ ਦਿਲਾਂ ਦੇ ਜਜ਼ਬਿਆਂ ਨੂੰ ਟੁੰਬਦੇ ਤੇ ਬੀਬੀ ਫ਼ਾਤਮਾ ਦੇ ਪੁੱਤਰਾਂ ਦੇ ਵਿਛੋੜਿਆਂ ਦੇ ਬ੍ਰਿਹੜੇ ਕੀਤੇ ਹੋਏ ਸਨ। ਸੁਣਨ ਵਾਲੇ ਸ਼ਾਨਿ-ਮੁਹੰਮਦੀ ਤੇ ਹਸਨ ਹੁਸੈਨ ਦੋਂਹ ਇਮਾਮਾਂ ਦੀ ਸ਼ਹੀਦੀ ਦੀ ਯਾਦ ਨੂੰ ਤਾਜ਼ਾ ਕਰਦੇ ਹਨ। ਲੱਖਾਂ ਹੰਝੂਆਂ ਦੀਆਂ ਛਬੀਲਾਂ ਬਣ ਜਾਂਦੀਆਂ ਹਨ। ਹਜ਼ਾਰਾਂ ਦਿਲ ਤੜਫ ਉਠਦੇ ਹਨ। ਬੁਲ੍ਹਾਂ ਉਤੇ ਵਿਲਕਣੀਆਂ ਜਾਗ ਉਠਦੀਆਂ ਹਨ।" ਇਨ੍ਹਾਂ ਦੋਹਰਿਆਂ ਦੇ ਮੁਖ ਲਛਣ ਇਨ੍ਹਾਂ ਵਿਚਲੀ ਸੰਵੇਦਨਾ ਤੇ ਕਰੁਣਾ ਹੈ, ਸ਼ਬਦ ਭਾਵਨਾ ਤੇ ਅਰਮਾਨਾਂ ਨਾਲ ਭਿਜੇ ਹੋਏ ਹਨ :

ਇਹ ਉਹ ਪ੍ਰਦੇਸੀ ਸੱਯਦ ਹਾਇਨ,<br>
ਜਿਹੜੇ ਕੁਠੇ ਤੇਗ ਜਫ਼ਾ ਦੇ।<br>
ਕੈਦ ਮੁਕਾਏ, ਕੈਦ ਰੁਲਾਏ,<br>
ਬੱਚੜੇ ਉਜੜੀ ਮਾਂ ਦੇ।<br>
ਹਾਰਸ ਜਿਨ੍ਹਾਂ ਨੂੰ ਜ਼ਿਬ੍ਹਾ ਕੀਤੋਸੁ,<br>
ਕੰਢੇ ਆ ਦਰਿਆ ਦੇ।<br>
ਕੁਠੇ ਮਾਰੇ ਵਤਨ ਅਵਾਰੇ,<br>
ਇਹ ਬੇਕਸ ਸ਼ਹਿਜ਼ਾਦੇ।

### (ਹ-154) ਹੁਸੈਨੀ ਬ੍ਰਾਹਮਣ :

ਬ੍ਰਾਹਮਣਾਂ ਦੀ ਇਕ ਵਿਸ਼ੇਸ਼ ਸ਼੍ਰੇਣੀ, ਜੋ ਹਿੰਦੂ ਧਰਮ ਦੇ ਅਨੁਯਾਈ ਹੁੰਦਿਆਂ ਵੀ, ਮੁਸਲਮਾਨਾਂ ਨੂੰ ਹਸਨ ਹੁਸੈਨ ਦੀ ਸ਼ਹਾਦਤ ਦੀ ਕਥਾ ਤੇ ਦੋਹੜੇ ਸੁਣਾ ਕੇ ਦਾਨ ਲੈਂਦੇ ਹਨ।

### (ਹ-155) ਹੁੱਕਾ ਪਾਣੀ :

ਹਿੰਦੂਆਂ ਦੀਆਂ ਕੁਝ ਸ਼੍ਰੇਣੀਆਂ ਵਿਚ ਹੁੱਕਾ ਪਾਣੀ ਸਮਾਜਿਕ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਕਿਸੇ ਜਾਤੀ ਦੇ ਲੋਕਾਂ ਦੀ, ਜਿਨ੍ਹਾਂ ਦੂਜੀਆਂ ਜਾਤੀਆਂ ਨਾਲ ਭਾਈਚਾਰਕ ਸਾਂਝ ਹੁੰਦੀ ਹੈ, ਉਨ੍ਹਾਂ ਨਾਲ ਉਹ ਇਕੋ ਹੁੱਕੇ ਵਿਚੋਂ ਤਮਾਕੂ ਛਿਕ ਲੈਂਦੇ ਹਨ ਅਤੇ ਇਕੋ ਘੜੇ ਵਿਚੋਂ ਪਾਣੀ ਪੀ ਲੈਂਦੇ ਹਨ। ਪਰ ਜਿਨ੍ਹਾਂ ਜ਼ਾਤਾਂ ਨਾਲ ਭਾਈਚਾਰਕ ਸਾਂਝ ਨਹੀਂ ਹੁੰਦੀ, ਉਨ੍ਹਾਂ ਨਾਲ ਹੁੱਕਾ ਪਾਣੀ ਸਾਂਝਾ ਨਹੀਂ ਰਖਿਆ ਜਾਂਦਾ। ਜਿਵੇਂ ਉੱਚੀਆਂ ਜ਼ਾਤਾਂ ਵਾਲੇ ਜੱਟ ਨੀਵੀਂ ਜ਼ਾਤ ਦੇ ਅਹੀਰਾਂ ਨਾਲ ਹੁੱਕੇ ਪਾਣੀ ਦੀ ਸਾਂਝ ਨਹੀਂ ਰਖਦੇ। ਹੁੱਕੇ ਪਾਣੀ ਦੀ ਸਾਂਝ 'ਰੋਟੀ ਬੇਟੀ' ਦੀ ਸਾਂਝ ਨਾਲੋਂ ਵਖਰੀ ਹੈ।

### (ਹ-156) ਹੁਕਾਈ :

ਪਹਿਲੇ ਵਕਤਾਂ ਵਿਚ, ਵਿਆਹ ਤੋਂ ਬਾਅਦ ਦਾਜ ਦੇ ਵਿਖਾਲੇ ਦੀ ਰੀਤ ਸਮੇਂ, ਕੰਨਿਆਂ ਪੱਖ ਦਾ ਮਿਰਾਸੀ ਦਾਜ ਦੀ ਹਰੇਕ ਚੀਜ਼ ਦਾ ਨਾਉਂ ਤੇ ਗਿਣਤੀ ਉੱਚੀ ਆਵਾਜ਼ ਵਿਚ ਦਸਿਆ ਕਰਦਾ ਸੀ। ਜਾਂਞੀ ਨਾਲੋ ਨਾਲ ਟਿਪਣੀ ਕਰਦੇ ਜਾਂਦੇ ਸਨ ਅਤੇ ਉਨ੍ਹਾਂ ਦੇ ਜੁਆਬ ਵਿਚ ਮਿਰਾਸੀ ਦਾਜ ਦਾ ਵੇਰਵਾ ਦਸਦਿਆਂ ਵਰ ਪੱਖ ਅਤੇ ਜਾਂਞੀਆਂ ਦੀ ਵੀ ਖਿਲ੍ਹੀ ਉਡਾਇਆ ਕਰਦਾ ਸੀ। ਇਸ ਰਸਮ ਨੂੰ ਹੁਕਾਈ ਕਿਹਾ ਜਾਂਦਾ ਸੀ। ਇਸ ਮੌਕੇ ਤੇ ਸਿਠਣੀਆਂ ਵੀ ਦਿਤੀਆਂ ਜਾਂਦੀਆਂ ਸਨ।

Sri Satguru Jagjit Singh Ji eLibrary NamdhariElibrary@gmail.com

(ਹ-157) **ਹੁੰਗਾਰਾ :**

ਕਹਾਣੀ ਸੁਣਨ ਵੇਲੇ ਹੁੰਗਾਰਾ ਭਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਜੇ ਹੁੰਗਾਰਾ ਨਾ ਭਰਿਆ ਜਾਵੇ, ਤਾਂ ਕਹਾਣੀ ਆਪਣੀ ਹੇਠੀ ਸਮਝਦੀ ਹੈ ਅਤੇ ਉਹ ਜਿਸ ਅਦ੍ਰਿਸ਼ਟ ਤੇ ਕਲਪਿਤ ਦੇਸ਼ ਵਿਚੋਂ ਆਈ ਹੁੰਦੀ ਹੈ, ਵਾਪਸ ਚਲੀ ਜਾਂਦੀ ਹੈ ਅਤੇ ਕਥਕ ਕਹਾਣੀ ਭੁਲ ਜਾਂਦਾ ਹੈ। ਇਸ ਲਈ ਰਾਤ ਵੇਲੇ ਜੇ ਸਰੋਤੇ ਸਾਫ਼ ਤੇ ਸਪਸ਼ਟ ਸੁਰ ਵਿਚ ਹੁੰਗਾਰਾ ਨਾ ਭਰਨ, ਤਾਂ ਕਹਾਣੀ ਸੁਨਾਉਣ ਵਾਲਾ ਕਹਾਣੀ ਸੁਣਾਉਣੀ ਬੰਦ ਕਰ ਦੇਂਦਾ ਹੈ। ਕਹਾਣੀਆਂ ਰਾਤ ਨੂੰ ਸੌਣ ਵੇਲੇ ਪਾਈਆਂ ਜਾਂਦੀਆਂ ਹਨ ਅਤੇ ਚੋਖੀ ਰਾਤ ਤਕ ਇਹ ਸਿਲਸਲਾ ਜਾਰੀ ਰਹਿੰਦਾ ਹੈ, ਜਿਸ ਕਰ ਕੇ ਕਈ ਸਰੋਤੇ ਨੀਂਦਰ ਵਿਚ ਊਂਘਣ ਲਗਦੇ ਹਨ। ਇਸ ਲਈ ਸਰੋਤਿਆਂ ਵਲੋਂ ਹੁੰਗਾਰਾ ਭਰਨਾ ਲਾਜ਼ਮੀ ਸਮਝਿਆ ਜਾਂਦਾ ਹੈ। ਗੀਤਾਂ ਵਿਚ ਵੀ ਹੁੰਗਾਰਾ ਭਰਨ ਦੀ ਪ੍ਰਥਾ ਹੈ। ਢੋਲਕੀ ਦੇ ਗੀਤਾਂ ਵਿਚ ਸਰੋਤੇ, ਲੋਕ-ਗੀਤਾਂ ਦੀ ਪੰਗਤੀ ਦੇ ਅਖ਼ੀਰ ਵਿਚ, 'ਹਈ ਸ਼ਾਬਾ' ਦਾ ਹੁੰਗਾਰਾ ਭਰ ਕੇ ਗੀਤ ਵਿਚ ਸਾਮੂਹਿਕ ਰੂਪ ਵਿਚ ਸ਼ਾਮਲ ਹੋਣ ਦਾ ਆਨੰਦ ਲੈ ਲੈਂਦੇ ਹਨ (ਵੇਖੋ : ਹਈ ਸ਼ਾਬਾ)।

(ਹ-158) **ਹੁੱਜਰਾ :**

ਹੁੱਜਰਾ ਅਰਬੀ ਦਾ ਸ਼ਬਦ ਹੈ, ਜਿਸ ਦਾ ਕੋਸ਼ਗਤ ਅਰਥ ਕੋਠੜੀ ਹੈ। ਮੁਹੰਮਦ ਲਤੀਫ਼ (ਹਿਸਟਰੀ ਆਫ਼ ਲਾਹੌਰ, 165) ਅਨੁਸਾਰ ਹੁੱਜਰਾ ਫ਼ਾਰਸੀ ਵਿਚ ਉਸ ਮੁਕਾਮ ਨੂੰ ਕਹਿੰਦੇ ਹਨ, ਜਿਸ ਦੀ ਛੱਤ ਨਾ ਹੋਵੇ। ਪਹਿਲਿਆਂ ਵਿਚ ਆਮ ਤੌਰ ਤੇ ਪਿੰਡਾਂ ਵਿਚ ਮਸੀਤ ਦੇ ਨਾਲ ਇਕ ਨਿਵੇਕਲੀ ਜਿਹੀ ਕੋਠੀ ਜਾਂ ਛੱਤ ਰਹਿਤ ਮੁਕਾਮ ਬਣਿਆ ਹੁੰਦਾ ਸੀ, ਜਿਥੇ ਪੀਰ ਫ਼ਕੀਰ ਇਕਾਂਤ ਵਿਚ ਬੈਠ ਕੇ ਵਿਰਦ ਕਰਦੇ ਜਾਂ ਚਿਲੇ ਕਟਿਆ ਕਰਦੇ ਸਨ। ਜੇ ਕੋਈ ਮੁਸਲਮਾਨ ਵਿਰਕਤ ਹੋ ਜਾਂਦਾ, ਤਾਂ ਉਹ ਵੀ ਪਿੰਡ ਦੇ ਹੁੱਜਰੇ ਵਿਚ ਜਾ ਡੇਰਾ ਜਮਾਂਦਾ।

ਪਰ ਸਮਾਂ ਪਾ ਕੇ ਇਹ ਇਕਾਂਤ ਅਸਥਾਨ ਪੀਰਾਂ ਫ਼ਕੀਰਾਂ ਦੇ ਜੁੜ ਬੈਠਣ ਦੀ ਥਾਂ ਬਣ ਗਿਆ। ਹੌਲੇ ਹੌਲੇ ਹੁੱਜਰਾ ਕੋਠੀ ਵਿਚੋਂ ਨਿਕਲ ਕੇ ਖੁਲ੍ਹੀ ਥਾਂ ਵਿਚ ਆ ਗਿਆ ਅਤੇ ਮਸੀਤ ਦੇ ਨਾਲ ਲਗਦੀ ਖੁਲ੍ਹੀ ਥਾਂ ਵਿਚ ਕਿਸੇ ਦਰੱਖ਼ਤ ਹੇਠਾਂ ਜੁੜਨ ਲੱਗਾ। ਹੁੱਜਰਿਆਂ ਵਿਚ ਗਾਇਕ ਵੀ ਆਉਣ ਲੱਗੇ, ਜੋ ਕਾਫ਼ੀਆਂ ਤੇ ਕਵਾਲੀਆਂ ਨਾਲ ਲੋਕਾਂ ਦਾ ਮਨੋਰੰਜਨ ਕਰਨ ਲੱਗੇ। ਜਿਵੇਂ ਜਿਵੇਂ ਪੀਰਾਂ ਫ਼ਕੀਰਾਂ ਦੀ ਮਾਨਤਾ ਵਧਦੀ ਗਈ, ਤਿਵੇਂ ਤਿਵੇਂ ਪ੍ਰਸਿਧ ਫ਼ਕੀਰਾਂ ਦੇ ਵਖਰੇ ਹੁੱਜਰੇ ਬਣਦੇ ਗਏ ਅਤੇ ਉਨ੍ਹਾਂ ਦੇ ਪਰਲੋਕ ਗਮਨ ਕਰਨ ਮਗਰੋਂ ਕਬਰ ਦੇ ਨਾਲ ਹੀ ਹੁੱਜਰੇ ਵੀ ਹੋਂਦ ਵਿਚ ਆਉਂਦੇ ਗਏ, ਜਿਥੋਂ ਉਨ੍ਹਾਂ ਦੇ ਸ਼ਰਧਾਲੂ ਹਾਜ਼ਰੀ ਤੇ ਸੇਵਕੀ ਲਈ ਆਉਂਦੇ। ਹਜ਼ਰਤ ਮੁਹੰਮਦ ਸਾਹਿਬ ਮਦੀਨੇ ਵਿਚ ਜਿਸ ਮੁਕਾਮ 'ਤੇ ਦਫ਼ਨ ਕੀਤੇ ਗਏ ਸਨ, ਉਸ ਥਾਂ ਨੂੰ ਵੀ ਹੁੱਜਰਾ ਕਿਹਾ ਜਾਂਦਾ ਹੈ। ਇਸੇ ਤੋਂ ਪੀਰਾਂ ਫ਼ਕੀਰਾਂ ਦੀਆਂ ਕਬਰਾਂ ਨਾਲ ਵੀ ਹੁੱਜਰੇ ਬਣਾਏ ਜਾਣ ਦੀ ਪ੍ਰਥਾ ਚਲ ਪਈ।

ਪੰਜਾਬੀ ਲੋਕ-ਗੀਤਾਂ ਵਿਚ ਸ਼ਾਹ ਮੁਕੀਮ (ਮੁਹਕਮ) ਦੇ ਹੁੱਜਰੇ ਦਾ ਜ਼ਿਕਰ ਵਿਸ਼ੇਸ਼ ਰੂਪ ਵਿਚ ਮਿਲਦਾ ਹੈ, ਜੋ ਮਿੰਟਗੁੰਮਰੀ ਵਿਚ ਹੈ। ਸ਼ਾਹ ਮੁਹਕਮ, ਗਿਆਸ ਮੁਹੀਉਦੀਨ ਚਿਸ਼ਤੀ ਦੀ 14ਵੀਂ ਪੀੜ੍ਹੀ 'ਤੇ ਸੀ ਅਤੇ ਉਨ੍ਹਾਂ ਦਾ ਜੀਵਨ 'ਤਜ਼ਕਰਾਤੇ ਮੁਹਕਮ' ਵਿਚ, ਜੋ 1747 ਈ: ਵਿਚ ਲਿਖੀ ਗਈ, ਵੇਰਵੇ ਨਾਲ ਮਿਲਦਾ ਹੈ। ਇਸ ਹੁੱਜਰੇ ਬਾਰੇ ਇਕ ਲੋਕ-ਗੀਤ ਇਉਂ ਹੈ :

ਹੁੱਜਰੇ ਸ਼ਾਹ ਮੁਕੀਮ ਦੇ
ਇਕ ਜੱਟੀ ਅਰਜ਼ ਕਰੇ,
ਬਕਰਾ ਦੇਨੀ ਆਂ ਸ਼ਾਹ ਜੀ
ਜੇ ਸਿਰ ਦਾ ਸਾਈਂ ਮਰੇ।
ਪੰਜ ਸਤ ਮਰਨ ਗੁਆਂਢਣਾਂ
ਤੇ ਬਾਕੀਆਂ ਨੂੰ ਤਾਪ ਚੜ੍ਹੇ,
ਕੁੱਤੀ ਮਰੇ ਫ਼ਕੀਰ ਦੀ
ਜੋ ਚਉਂ ਚਉਂ ਨਿਤ ਕਰੇ,
ਗਲੀਆਂ ਹੋਵਣ ਮੋਕਲੀਆਂ
ਵਿਚ ਮਿਰਜ਼ਾ ਯਾਰ ਫਿਰੇ।

ਫ਼ਕੀਰਾਂ ਦੇ ਹੁੱਜਰਿਆਂ 'ਤੇ ਸ਼ਰਧਾਲੂ ਜਾ ਕੇ ਸੁੱਖਾਂ ਸੁਖਦੇ ਤੇ ਕਾਮਨਾਵਾਂ ਪੂਰੀਆਂ ਹੋਣ ਉਪਰ ਚੜ੍ਹਾਵੇ ਦੇਂਦੇ ਹਨ। ਇਸ ਤਰ੍ਹਾਂ ਹੁੱਜਰੇ ਸਾਡੇ ਲੋਕ-ਧਰਮ ਦਾ ਵਿਸ਼ੇਸ਼ ਅੰਗ ਰਹੇ ਹਨ।

(ਹ-159) **ਹੁਤਮਾ :**

ਇਸਲਾਮੀ ਰਵਾਇਤਾਂ ਅਨੁਸਾਰ ਸੱਤਾਂ ਦੋਜ਼ਖ਼ਾਂ ਵਿਚੋਂ ਇਕ (ਵੇਖੋ : ਦੋਜ਼ਖ਼)।

(ਹ-160) **ਹੁੱਬ ਦਾ ਤਾਅਵੀਜ਼ :**

ਇਕ ਵਿਸ਼ੇਸ਼ ਅਸਰ ਵਾਲਾ ਤਾਅਵੀਜ਼, ਜਿਸ ਨੂੰ ਬਾਂਹ ਉਪਰ ਬੰਨ੍ਹਣ ਨਾਲ ਰੁੱਸੇ ਹੋਏ ਮਿਤ੍ਰਾਂ ਅਤੇ ਰਿਸ਼ਤੇਦਾਰਾਂ ਨਾਲ ਮੰਨ-ਮਨਾਈ ਹੋ ਜਾਂਦੀ ਹੈ। ਇਸ ਤਾਅਵੀਜ਼ ਉਪਰ ਕੁਰਆਨ ਦੀ ਕੋਈ ਆਇਤ ਲਿਖੀ ਹੁੰਦੀ ਹੈ।

(ਹ-161) **ਹੁਮਾ :**

ਫ਼ਾਰਸੀ ਲੋਕਧਾਰਾ ਦਾ ਇਕ ਪੰਛੀ; ਧਾਰਨਾ ਹੈ ਕਿ ਹੁਮਾ ਜਿਸ ਪ੍ਰਾਣੀ ਦੇ ਸਿਰ ਉਪਰੋਂ ਦੀ ਲੰਘ ਜਾਵੇ ਅਥਵਾ ਉਸ ਦਾ ਪ੍ਰਛਾਵਾਂ ਜਿਸ ਪ੍ਰਾਣੀ ਉਪਰ ਪੈ ਜਾਵੇ, ਉਸ ਦੇ ਭਾਗ ਜਾਗ ਪੈਂਦੇ ਹਨ। ਇਹ ਪੰਛੀ ਹਮੇਸ਼ਾਂ ਅਕਾਸ਼ ਵਿਚ ਉੱਡਦਾ ਰਹਿੰਦਾ ਹੈ ਤੇ ਕਿਧਰੇ ਵੀ ਆਲ੍ਹਣਾ ਬਣਾ ਕੇ ਨਹੀਂ ਟਿਕਦਾ।

(ਹ-162) **ਹੁਰਮਾ ਦੇਵੀ :**

ਕੁੱਲੂ ਦੇ ਇਲਾਕੇ ਦੀ ਇਕ ਪ੍ਰਸਿੱਧ ਦੇਵੀ, ਜਿਸ ਦਾ ਇਕ ਮੰਦਰ ਕੁੱਲੂ ਵਿਚ ਢੂੰਗਰੀ ਦੇ ਦਿਉਦਾਰ ਬਨ ਵਿਚ ਹੈ। ਇਹ ਦੇਵੀ ਮਹਾਂਭਾਰਤ ਵਿਚ ਵਰਣਿਤ ਪ੍ਰਸਿਧ ਰਾਖਸ਼ਣੀ ਹਿਡੰਬਾ ਜਾਂ ਹਿੜੰਬਾ ਸੀ, ਜੋ ਪੀਲੀਆਂ ਅੱਖਾਂ ਵਾਲੇ ਇਕ ਆਦਮਖ਼ੋਰ ਅਸੁਰ ਹਿਡਿੰਬ ਦੀ ਭੈਣ ਸੀ। ਅਸੁਰ ਹਿਡਿੰਬ ਨੇ ਆਪਣੀ ਭੈਣ ਹਿੜਿੰਬਾ ਨੂੰ ਪਾਂਡਵਾਂ ਦੇ ਕੋਲ ਭੇਜਿਆ, ਜੋ ਬਨਬਾਸ ਦੇ ਦਿਨੀਂ ਕੁਝ ਚਿਰ ਇਸ ਇਲਾਕੇ ਵਿਚ ਆ ਕੇ ਰਹੇ ਸਨ। ਹਿਡਿੰਬ ਚਾਹੁੰਦਾ ਸੀ ਕਿ ਹਿਡੰਬਾ ਉਨ੍ਹਾਂ ਨੂੰ ਧੋਖੇ ਨਾਲ ਜਾਂ ਭਰਮਾ ਕੇ ਉਹਦੇ ਕੋਲ ਲੈ ਆਵੇ, ਪਰ ਹਿਡੰਬਾ ਭੀਮ ਨੂੰ ਵੇਖਦੇ ਸਾਰ ਉਸ 'ਤੇ ਮੋਹਿਤ ਹੋ ਗਈ। ਭੀਮ ਨੇ ਹਿੜਿੰਬ ਰਾਖਸ਼ ਨੂੰ ਮਾਰ ਕੇ ਮਗਰੋਂ ਹਿਡੰਬਾ ਨਾਲ ਵਿਆਹ ਕਰਵਾ ਲਿਆ (ਵੇਖੋ : ਹਿੜੰਬਾ)।

ਹੁਰਮਾ ਦੇਵੀ ਸਬੰਧੀ ਅਨੇਕਾਂ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ। ਇਕ ਕਥਾ ਅਨੁਸਾਰ, "ਪਾਂਡੂ ਭਰਾਵਾਂ ਨੇ ਕੁੱਲੂ ਵਾਦੀ ਵਿਚ ਆਪਣੇ ਬਨਬਾਸ ਸਮੇਂ ਢੂੰਗਰੀ ਦੇ ਜੰਗਲ ਵਿਚ ਟਿਕਾਣਾ ਕੀਤਾ ਸੀ। ਆਦਿਵਾਸੀ ਸ੍ਰਦਾਰ ਹੀੜੰਬ, ਜਿਹੜਾ ਟਾਂਡੀ ਨਾਂ ਨਾਲ ਵੀ ਉੱਘਾ ਹੈ, ਨਹੀਂ ਸੀ ਚਾਹੁੰਦਾ ਕਿ ਪਰਦੇਸੀ ਉਸ ਦੇ ਇਲਾਕੇ ਵਿਚ ਆ ਕੇ ਡੇਰੇ ਪਾ ਲੈਣ, ਇਸ ਲਈ ਉਹਨੇ ਆਪਣੀ ਭੈਣ ਹੁਰਮਾ ਨੂੰ ਉਹਨਾਂ ਦੇ ਕਤਲ ਲਈ ਭੇਜਿਆ। ਇਸ ਵੇਲੇ ਭੀਮ ਜੰਗਲ ਵਿਚ ਇਕ ਪੱਥਰ 'ਤੇ ਸਿਰ ਧਰ ਕੇ ਸੌਂ ਰਿਹਾ ਸੀ। ਹੁਰਮਾ ਨੇ ਉਹਨੂੰ ਤੱਕਿਆ, ਤਾਂ ਉਸ ਵਲ ਖਿਚੀ ਗਈ। ਭੀਮ ਦੇ ਮਰਦਊ ਹੁਸਨ ਨੇ ਉਸ ਤੇ ਜਾਦੂ ਕਰ ਦਿਤਾ। ਹੁਰਮਾ ਦਾ ਮਨ ਬਦਲ ਗਿਆ। ਉਹ ਭੀਮ ਦੇ ਪਿਆਰ ਵਿਚ ਭਿਜ ਗਈ ਤੇ ਅੰਤ ਦੁਹਾਂ ਦਾ ਵਿਆਹ ਹੋ ਗਿਆ" (ਕੁੱਲੂ ਦੇ ਲੋਕ-ਗੀਤ, 22-23)।

ਹੁਰਮਾ ਦੇਵੀ ਦਾ ਮੰਦਰ ਢੂੰਗਰੀ ਵਿਚ ਹੈ। ਇਸ ਅਸਥਾਨ ਬਾਰੇ ਇਕ ਰਵਾਇਤ ਪ੍ਰਚਲਤ ਹੈ– "ਮਨਾਲੀ ਦਾ ਵਸਨੀਕ ਹੁਰਮਾ ਤੇ ਗੌਤਮ ਰਿਸ਼ੀ ਦੇ ਆਪੋ ਵਿਚ ਸਬੰਧ ਚੰਗੇ ਨਹੀਂ ਸਨ। ਗੌਤਮ ਰਿਸ਼ੀ ਨੇ ਬਿਆਸ ਨਦੀ ਵਿਚ ਬਿਆਸ ਕੁੰਡ ਦੇ ਸਥਾਨ 'ਤੇ ਪੱਥਰਾਂ ਦਾ ਇਕ ਬੰਨ ਬੰਨ੍ਹ ਦਿਤਾ। ਇਸ ਨਾਲ ਉਹ ਹੁਰਮਾ ਅਤੇ ਉਹਦੇ ਲੋਕਾਂ ਨੂੰ ਡੋਬ ਦੇਣਾ ਚਾਹੁੰਦਾ ਸੀ। ਬੰਨ ਟੁਟਣ ਤੇ ਹੁਰਮਾ ਪਰਬਤ ਹੇਠ ਵਹਿੰਦੀ ਗਈ, ਵਹਿੰਦੀ ਗਈ,

Sri Satguru Jagjit Singh Ji eLibrary NamdhariElibrary@gmail.com

ਢੂੰਗਰੀ ਪੁੱਜਣ ਤੇ ਪੱਥਰਾਂ ਵਿਚ ਉਹਦਾ ਗਿੱਟਾ ਫਸ ਗਿਆ, ਜਿਥੇ ਹੁਣ ਉਹਦਾ ਮੰਦਰ ਹੈ" (ਕੁੱਲੂ ਦੇ ਲੋਕ-ਗੀਤ, 23)। ਮਈ ਦੇ ਮੱਧ ਵਿਚ ਹਰ ਸਾਲ ਢੂੰਗਰੀ ਬਨ ਵਿਚ ਹੁਰਮਾ ਦੇਵੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਤੇ ਤਿੰਨਾਂ ਦਿਨਾਂ ਲਈ ਭਾਰੀ ਮੇਲਾ ਲੱਗਦਾ ਹੈ।

### (ਹ-163) **ਹੁਲੇ ਹੁਲਾਰੇ :**

ਇਕ ਲੋਕ-ਨਾਚ; ਕੁੜੀਆਂ ਬਾਹਵਾਂ ਨੂੰ ਹੁਲਾਰਦੀਆਂ, ਪੈਰਾਂ ਨੂੰ ਠੁਮਕਾਂਦੀਆਂ ਤੇ ਧਮਕ ਦੇਂਦੀਆਂ ਹੋਈਆਂ ਘੇਰੇ ਵਿਚ ਘੁੰਮਰੀਆਂ ਪਾਉਂਦੀਆਂ ਨਚਦੀਆਂ ਹਨ। ਇਸ ਨਾਚ ਦੀਆਂ ਕੋਈ ਨਿਖੜਵੀਆਂ ਮੁਦਰਾਵਾਂ ਨਹੀਂ। ਗਿੱਧਾ, ਝੁੰਮਰ, ਸਮੀ ਆਦਿ ਦੀਆਂ ਕੁਝ ਮੁਦਰਾਵਾਂ ਦਾ ਇਹ ਸੁਆਦਲਾ ਸੰਜੋਗ ਹੈ। ਪਹਿਲਿਆਂ ਵਿਚ ਹੁਲੇ-ਹੁਲਾਰੇ ਦਾ ਨਾਚ ਹੋਲੀ ਅਤੇ ਲੋਹੜੀ ਦੇ ਦਿਨਾਂ ਵਿਚ ਆਮ ਨਚਿਆ ਜਾਂਦਾ ਸੀ। ਹੋਲੀ ਦੇ ਦਿਨਾਂ ਵਿਚ ਤਾਂ, ਤੀਵੀਆਂ ਤੇ ਮਰਦ ਰਲ ਕੇ ਨਚ ਲਿਆ ਕਰਦੇ ਸਨ। ਤੀਵੀਆਂ ਇਕ ਘੇਰਾ ਬਣਾ ਕੇ ਖੜੀਆਂ ਹੋ ਜਾਂਦੀਆਂ ਤੇ ਮਰਦ ਉਹਨਾਂ ਵਿਚਕਾਰ। ਤੀਵੀਆਂ ਹੱਥਾਂ ਦੇ ਹੁਲਾਰੇ ਨਾਲ ਲੱਕ ਮਟਕਾਂਦੀਆਂ, ਪੈਰ ਠੁਮਕਾਂਦੀਆਂ, ਤਾੜੀਆਂ ਮਾਰਦੀਆਂ ਘੁੰਮਦੀਆਂ ਜਾਂਦੀਆਂ ਅਤੇ ਉਨ੍ਹਾਂ ਵਿਚ ਖਲੋਤੇ ਮਰਦ ਧਮਾਲ ਪਾਉਂਦੇ ਸਨ। ਪੁਰਾਣੇ ਗ੍ਰੰਥਾਂ ਵਿਚ ਇਸ ਨਿਰਤ ਦਾ ਨਾਂ 'ਹਲੀਸਨ' ਮਿਲਦਾ ਹੈ। ਹਲੀਸਨ ਸ਼ਬਦ ਯੂਨਾਨੀਆਂ ਦੇ ਇਕ ਪ੍ਰਸਿਧ ਨਾਚ 'ਇਲੀਸ਼ਿਅਨ' ਨਾਲ ਕਾਫ਼ੀ ਮੇਲ ਖਾਂਦਾ ਹੈ ਤੇ ਦੋਹਾਂ ਵਿਚ ਕਿਸੇ ਸਾਂਝੀ ਕੜੀ ਦੀ ਹੋਂਦ ਵਲ ਸੰਕੇਤ ਕਰਦਾ ਹੈ ਅਤੇ ਇਸ ਨਾਚ ਨੂੰ ਯੂਨਾਨੀ ਸਤਾ ਵੇਲੇ ਪੰਜਾਬ ਵਿਚ ਨਚਿਆ ਜਾਂਦਾ ਸਿਧ ਕਰਦਾ ਹੈ। ਹੋਲੀ ਦੇ ਗੀਤਾਂ ਵਿਚ ਵੀ 'ਹੁਲੇ' ਸ਼ਬਦ ਵਲ ਸੰਕੇਤ ਮਿਲਦਾ ਹੈ — 'ਹੁਲੇ ਨੀ ਮਾਏ ਹੁਲੇ, ਦੋ ਬੇਰੀ ਪੱਤਰ ਝੁਲੇ...।'

ਹੁਲੇ ਹੁਲਾਰੇ ਦੇ ਨਾਚ ਵੇਲੇ ਕੁਝ ਗੀਤ ਵੀ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਸਮੀ ਦੇ ਗੀਤਾਂ ਵਾਂਗ 'ਹੁਲੇ' ਸ਼ਬਦ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਕ ਕੁੜੀ ਗੀਤ ਦੀ ਇਕ ਪੰਗਤੀ ਚੁਕਦੀ ਹੈ ਤੇ ਬਾਕੀ ਕੁੜੀਆਂ ਸਮੂਹ ਵਿਚ 'ਹੁਲੇ' ਜਾਂ 'ਹੁਲੇ ਹੁਲਾਰੇ' ਕਹਿੰਦੀਆਂ ਹਨ :

> ਹੁਲੇ ਹੁਲਾਰੇ, ਲੋਕੀਂ ਗੰਗਾ ਚਲੇ — ਹੁਲੇ।
> ਸੱਸ ਤੇ ਸਹੁਰਾ ਚਲੇ — ਹੁਲੇ।
> ਜੇਠ ਜਠਾਣੀ ਚਲੇ — ਹੁਲੇ।
> ਦਿਉਰ ਦਰਾਣੀ ਚਲੇ — ਹੁਲੇ।
> ਵਹੁਟੀ ਗਭਰੂ ਚਲੇ — ਹੁਲੇ।
> ਸੌਂਕਣ ਨਾਲ ਲੈ ਚਲੇ — ਹੁਲੇ।
> ਮੈਨੂੰ ਛੱਡ ਚਲੇ — ਹੁਲੇ।

ਹਵਾਈ ਵਿਚ ਇਕ ਧਾਰਮਕ ਨਾਚ 'ਹੁਲਾ' ਪ੍ਰਚਲਤ ਸੀ, ਜਿਸ ਨੂੰ ਨੱਚਣ ਲਈ ਨਿਰਤਕ ਨੂੰ ਵਿਸ਼ੇਸ਼ ਸ਼ਿਖਸ਼ਾ ਪ੍ਰਾਪਤ ਕਰਨੀ ਪੈਂਦੀ ਸੀ। ਇਸ ਨਾਚ ਵਿਚ ਕੁਝ ਗੱਲਾਂ ਵਰਜਿਤ ਹੁੰਦੀਆਂ ਸਨ ਅਤੇ ਕੁਝ ਪਵਿਤ੍ਰ ਰੀਤਾਂ ਦੀ ਪਾਲਣਾ ਵੀ ਅਵੱਸ਼ਕ ਸਮਝੀ ਜਾਂਦੀ ਸੀ। ਦਵਿੰਦਰ ਸਤਿਆਰਥੀ (ਪੰਜਾਬੀ ਲੋਕ-ਗੀਤ, 69) ਅਨੁਸਾਰ ਇਸ ਨਾਚ ਦੀ ਤੁਲਨਾ ਸਹਿਜੇ ਹੀ ਹਿੰਦੁਸਤਾਨ ਦੀ ਦੇਵਦਾਸੀ ਪ੍ਰਥਾ ਨਾਲ ਕੀਤੀ ਜਾ ਸਕਦੀ ਹੈ। ਇਸ ਨਾਚ ਦਾ ਅਸਲੀ ਸਰੂਪ ਪਤਾ ਨਾ ਹੋਣ ਕਰ ਕੇ ਹੁਲੇ ਹੁਲਾਰੇ ਤੇ 'ਹੁਲੇ' ਦੀ ਸਾਂਝ ਬਾਰੇ ਨਿਰਣੇ ਨਾਲ ਗੱਲ ਕਰਨੀ ਅਸੰਭਵ ਹੈ।

### (ਹ-164) **ਹੂਰ :**

ਬਹਿਸ਼ਤ ਵਿਚ ਵਸਦੀਆਂ ਦੈਵੀ ਮੁਟਿਆਰਾਂ; ਮੁਸਲਮਾਨੀ ਮਿਥਿਹਾਸ ਅਨੁਸਾਰ ਹੂਰਾਂ ਸੁੰਦਰਤਾ ਦਾ ਸੰਪੂਰਨ ਮੁਜਸਮਾ ਹਨ ਅਤੇ ਇਨ੍ਹਾਂ ਤੋਂ ਵਧ ਖ਼ੂਬਸੂਰਤ ਇਸਤ੍ਰੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਹੂਰਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਘੋਰ ਕਾਲੀਆਂ ਤੇ ਅੱਖਾਂ ਵਿਚਲੀ ਚਟਿਆਈ ਦੁੱਧ ਵਰਗੀ ਸਫ਼ੈਦ ਹੁੰਦੀ ਹੈ। ਉਨ੍ਹਾਂ ਦੀ ਕਾਇਆ ਕੇਸਰ, ਕਸਤੂਰੀ, ਅੰਬਰ ਅਤੇ ਕਾਫ਼ੂਰ ਦੇ ਵਟਣੇ ਤੋਂ ਬਣਾਈ ਗਈ ਹੈ, ਨਾ ਕਿ ਮਿੱਟੀ ਤੋਂ। ਇਸ ਲਈ ਹੂਰਾਂ ਦੇ ਅੰਗਾਂ ਵਿਚੋਂ ਭਿੰਨੀ ਭਿੰਨੀ ਖ਼ੁਸ਼ਬੂ ਹਮੇਸ਼ਾਂ ਲਪਟਾਂ ਛੱਡਦੀ ਰਹਿੰਦੀ ਹੈ। ਇਸ ਤੋਂ ਇਲਾਵਾ ਹੂਰਾਂ ਦਾ ਸਰੀਰ ਪਾਰਦਰਸ਼ੀ ਹੁੰਦਾ ਹੈ। ਤੇ ਭਾਵੇਂ ਉਹ ਅਨੇਕਾਂ ਰੇਸ਼ਮੀ ਪੁਸ਼ਾਕਾਂ ਪਹਿਨ ਲੈਣ, ਉਨ੍ਹਾਂ ਦਾ ਜਿਸਮ, ਆਪਣੇ ਪੂਰੇ ਜੋਬਨ ਸਮੇਤ, ਅਸਲੀ ਰੂਪ ਵਿਚ ਸਾਫ਼ ਵਿਖਾਈ ਦੇਂਦਾ ਰਹਿੰਦਾ ਹੈ। ਉਨ੍ਹਾਂ ਦੇ ਸਰੀਰ ਦਾ ਮਲ ਵੀ ਸੁਗੰਧਿਤ ਹੁੰਦਾ ਹੈ। ਜੇ ਕੋਈ ਹੂਰ ਕਦੇ ਧਰਤੀ ਉੱਤੇ ਆਪਣੀ ਥੁਕ ਵੀ ਸੁਟੇ, ਤਾਂ ਉਹ ਕਸਤੂਰੀ ਬਣ ਜਾਂਦੀ ਹੈ। ਹੂਰਾਂ ਚਾਰ ਰੰਗਾਂ ਦੀਆਂ ਹਨ — ਚਿੱਟੇ, ਸਾਵੇ, ਪੀਲੇ ਅਤੇ ਲਾਲ।

ਮੁਸਲਮਾਨੀ ਅਕੀਦੇ ਅਨੁਸਾਰ ਹੂਰਾਂ ਹਮੇਸ਼ਾਂ ਲਈ ਹੀ ਕੰਜ-ਕੁਆਰੀਆਂ ਰਹਿੰਦੀਆਂ ਹਨ। ਇਹ ਛੁਹਣ ਨਾਲ ਵੀ ਅਛੋਹ ਤੇ ਭੋਗਣ ਮਗਰੋਂ ਵੀ ਅਭੋਗ ਰਹਿੰਦੀਆਂ ਹਨ। ਇਨ੍ਹਾਂ ਦੀ ਪਵਿਤ੍ਰਤਾ ਕਦੇ ਖੰਡਿਤ ਨਹੀਂ ਹੁੰਦੀ। ਜਦੋਂ ਅੱਲਾਹ ਵਿਚ ਵਿਸ਼ਵਾਸ਼ ਰਖਣ ਵਾਲਾ ਮੋਮਿਨ ਬਹਿਸ਼ਤ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਹੂਰਾਂ ਉਸ ਦਾ ਸਵਾਗਤ ਕਰਦੀਆਂ ਹਨ ਅਤੇ ਉਸ ਦੇ ਅੱਗੇ ਪਿਛੇ ਗੋਲੀਆਂ ਵਾਂਗ ਘੁੰਮਦੀਆਂ ਫਿਰਦੀਆਂ ਹਨ। ਇਨ੍ਹਾਂ ਹੂਰਾਂ ਨਾਲ, ਬਹਿਸ਼ਤ ਵਿਚ ਰਹਿਣ ਵਾਲਾ ਮੁਸਲਮਾਨ, ਉਤਨੀ ਵਾਰ ਸੰਭੋਗ ਕਰ ਸਕਦਾ ਹੈ, ਜਿਤਨੀ ਵਾਰ ਉਸ ਨੇ ਸੰਸਾਰ ਵਿਚ ਨੇਕ ਕਰਮ ਅਤੇ ਰਮਜ਼ਾਨ ਦੇ ਦਿਨੀਂ ਰੋਜ਼ੇ ਰਖੇ ਹੋਣ। ਇਨ੍ਹਾਂ ਸੰਭੋਗਾਂ ਨਾਲ ਹੂਰਾਂ ਦਾ ਮਨ, ਸਰੀਰ ਜਾਂ ਆਤਮਾ ਮਲੀਨ ਨਹੀਂ ਹੁੰਦੀ ਤੇ ਉਹ ਸਦਾ ਜਵਾਨ ਤੇ ਨਿਰਮਲ ਰਹਿੰਦੀਆਂ ਹਨ। ਇਕ ਰਵਾਇਤ ਅਨੁਸਾਰ ਹਰ ਮੁਸਲਮਾਨ ਨੂੰ ਬਹਿਸ਼ਤ ਵਿਚ 72 ਹੂਰਾਂ ਮਿਲਦੀਆਂ ਹਨ।

ਮੁਸਲਮਾਨੀ ਰਵਾਇਤਾਂ ਅਨੁਸਾਰ ਹੂਰਾਂ ਦੀਆਂ ਛਾਤੀਆਂ ਦੇ ਉਭਾਰਾਂ ਵਿਚੋਂ ਇਕ ਉਤੇ ਅੱਲਾਹ ਦਾ ਨਾਂ ਅੰਕਿਤ ਹੁੰਦਾ ਹੈ ਅਤੇ ਦੂਜੀ ਉਤੇ ਉਸ ਮੋਮਨ ਦਾ, ਜਿਸ ਨੇ ਬਹਿਸ਼ਤ ਵਿਚ ਉਸ ਹੂਰ ਦਾ ਸਾਥ ਮਾਣਨਾ ਹੁੰਦਾ ਹੈ। ਹੂਰਾਂ ਦੇ ਹੱਥ ਪੈਰ ਹੀਰੇ ਮੋਤੀਆਂ ਨਾਲ ਸ਼ਿੰਗਾਰੇ ਹੁੰਦੇ ਹਨ। ਉਹ ਸਵਰਗ ਵਿਚ ਬੜੇ ਸੁੰਦਰ ਤੇ ਸੁਗੰਧਿਤ ਘਰਾਂ ਵਿਚ ਰਹਿੰਦੀਆਂ ਹਨ, ਜਿਥੇ ਹਰ ਤਰ੍ਹਾਂ ਦੇ ਸੁਖ-ਸਾਧਨ ਹਨ ਤੇ ਉਨ੍ਹਾਂ ਦੀ ਸੇਵਾ ਵਿਚ ਹਮੇਸ਼ਾਂ ਦਾਸੀਆਂ ਹਾਜ਼ਰ ਰਹਿੰਦੀਆਂ ਹਨ।

ਕੁਰਾਨ (ਸੂਰਾ 4,56-78) ਅਨੁਸਾਰ ਹੂਰਾਂ ਬੜੀਆਂ ਪਵਿਤਰ ਤੇ ਸਦਭਾਵੀ ਹੁੰਦੀਆਂ ਹਨ। ਉਹ ਆਪਣੇ ਸਵਾਮੀ ਤੋਂ ਸਿਵਾ ਕਿਸੇ ਦੂਜੇ ਵਲ ਅੱਖ ਪੁਟ ਕੇ ਨਹੀਂ ਵੇਖਦੀਆਂ। ਹੂਰਾਂ ਨੂੰ ਕਦੇ ਕਿਸੇ ਓਪਰੇ ਮਨੁੱਖ ਜਾਂ ਜਿੰਨ ਨੇ ਛੁਹਿਆ ਨਹੀਂ ਹੁੰਦਾ।

### (ਹ-165) **ਹੇਹਰ :**

ਜੱਟਾਂ ਦੀਆਂ ਢਾਈ ਗੋਤਾਂ ਵਿਚੋਂ ਇਕ, ਹੇਹਰ ਆਪਣੇ ਆਪ ਨੂੰ ਅਸਲੀ ਜੱਟ ਮੰਨਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਜੱਟ ਸ਼ਿਵ ਦੀਆਂ ਲਿਟਾਂ ਵਿਚੋਂ ਉਪਜੇ ਹਨ ਅਤੇ ਅਸਲੀ ਜੱਟ ਮਾਨ, ਹੇਹਰ (ਹੇਰ) ਤੇ ਭੁੱਲਰ ਹਨ (ਵੇਖੋ : ਜੱਟ)।

### (ਹ-166) **ਹੇਤੁਕੀ ਕਥਾ :**

ਲੋਕ-ਕਹਾਣੀਆਂ ਦਾ ਇਕ ਵਿਸ਼ੇਸ਼ ਰੂਪ ਜਿਸ ਵਿਚ ਕਿਸੇ ਵਸਤੂ, ਪ੍ਰਾਣੀ ਜਾਂ ਪ੍ਰਕ੍ਰਿਤਕ ਦ੍ਰਿਸ਼ਟਮਾਨ ਦਾ ਕਾਰਨ, ਮੁੱਢ ਜਾਂ ਵਿਆਖਿਆ, ਕਿਸੇ ਪਰਾ-ਇਤਿਹਾਸਕ ਘਟਨਾ ਅਥਵਾ ਲੋਕ-ਮਨ ਦੀ ਕਥਾਗਤ ਅਭਿਵਿਅਕਤੀ ਦੁਆਰਾ ਕੀਤਾ ਗਿਆ ਹੋਵੇ। ਜਿਵੇਂ ਸੂਰਜ ਨੂੰ ਗ੍ਰਹਿਣ ਕਿਉਂ ਲੱਗਦਾ ਹੈ, ਭੁਚਾਲ ਕਿਉਂ ਆਉਂਦੇ ਹਨ ? ਗਾਹਲੜੀ ਦੀ ਪਿੱਠ ਉਪਰ ਪੰਜੇ ਦਾ ਨਿਸ਼ਾਨ ਕਿਉਂ ਹੈ ? ਤੋਤੇ ਲਾਲ ਤੇ ਹਰੇ ਰੰਗ ਦੇ ਕਿਉਂ ਹਨ ? ਆਦਿ। ਇਨ੍ਹਾਂ ਕਥਾਵਾਂ ਨੂੰ ਪੰਜਾਬੀ ਵਿਚ 'ਮੁੱਢੀ' ਜਾਂ 'ਅਸਲੇ' ਕਹਿੰਦੇ ਹਨ (ਵੇਖੋ : ਅਸਲਾ ਤੇ ਮੁੱਢੀ)।

Sri Satguru Jagjit Singh Ji eLibrary NamdhariElibrary@gmail.com

**(ਹ-167) ਹੇਮ ਕੁੰਟ :**

ਹਿਮਾਲਾ ਪਰਬਤ ਵਿਚ ਇਕ ਪਵਿਤਰ ਅਸਥਾਨ, ਜਿਥੇ ਪ੍ਰਾਚੀਨ ਕਾਲ ਵਿਚ ਰਿਸ਼ੀ ਮੁਨੀ ਤੱਪ ਕਰਦੇ ਰਹੇ ਹਨ। ਇਸ ਅਸਥਾਨ ਦੀ ਯਾਤ੍ਰਾ ਦਾ ਸਿੱਖਾਂ ਵਿਚ ਬੜਾ ਮਹਾਤਮ ਮੰਨਿਆ ਜਾਂਦਾ ਹੈ। ਮਨ ਦੇ ਅੰਦਰ ਨਿਰਮਲ ਵਿਚਾਰ, ਅਧਿਆਤਮਕ ਬਿਰਤੀ ਅਤੇ ਤਪ-ਭਾਵਨਾ ਉਦੇ ਹੋਣ ਤੋਂ ਇਲਾਵਾ ਪਰਲੋਕ ਸੁਹੇਲਾ ਹੁੰਦਾ ਹੈ। ਇਸ ਅਸਥਾਨ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਨੇ ਆਪਣੀ ਆਤਮ-ਕਥਾ ਵਿਚ ਕੀਤਾ ਹੈ। ਬਚਿਤਰ ਨਾਟਕ (ਛੇਵਾਂ ਅਧਿਆਇ) ਅਨੁਸਾਰ ਹੇਮ ਕੁੰਟ ਵਿਚ, ਗੁਰੂ ਗੋਬਿੰਦ ਸਿੰਘ ਨੇ, ਪੂਰਬਲੇ ਜਨਮ ਵਿਚ ਦੁਸ਼ਟ ਦਮਨ ਦੇ ਰੂਪ ਵਿਚ ਘੋਰ ਤਪੱਸਿਆ ਕੀਤੀ ਸੀ —

ਹੇਮ ਕੁੰਟ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਿਤ ਹੈ ਤਹਾਂ।
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।
ਪੰਡੁ ਰਾਜ ਜਹਿ ਜੋਗ ਕਮਾਵਾ।
ਤਹ ਹਮ ਅਧਿਕ ਤਪਸਿਆ ਸਾਧੀ।
ਮਹਾ ਕਾਲ ਕਾਲਿਕਾ ਅਰਾਧੀ।
ਇਹ ਬਿਧਿ ਕਰਤ ਤਪਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

— ਬਚਿਤਰ ਨਾਟਕ

ਇਸ ਉਪ੍ਰੋਕਤ ਬੰਦ ਵਿਚ ਹੇਮ ਕੁੰਟ ਦੇ ਸਥਾਨ ਦੇ ਆਲੇ ਦੁਆਲੇ ਬਾਰੇ ਕੁਝ ਸੰਕੇਤ ਹਨ ਜਿਵੇਂ ਕਿ 'ਸਪਤ ਸ੍ਰਿੰਗ', 'ਪੰਡੁ ਰਾਜ ਦਾ ਤਪ ਅਸਥਾਨ' ਆਦਿ। ਇਨ੍ਹਾਂ ਨਿਸ਼ਾਨੀਆਂ ਦੇ ਆਧਾਰ ਤੇ ਸ਼ਰਧਾਲੂ ਸਿੱਖਾਂ ਨੇ ਹੇਮ ਕੁੰਟ ਦੇ ਅਸਥਾਨ ਨੂੰ, ਲੰਮੀ ਖੋਜ ਤੇ ਕਰੜੀ ਮਿਹਨਤ ਮਗਰੋਂ ਲਭਿਆ ਹੈ। ਟੀਹਰੀ ਗੜ੍ਹਵਾਲ ਦੇ ਸੰਤ ਸੋਹਣ ਸਿੰਘ ਨੇ 1934 ਈ: ਵਿਚ ਇਥੇ ਪਹਿਲੀ ਵਾਰ ਗੁਰਦਵਾਰਾ ਸਥਾਪਿਤ ਕੀਤਾ। ਉਦੋਂ ਇਥੇ ਸਰੋਵਰ ਦੇ ਕੰਢੇ ਇਕ ਸਿਲ ਸੀ। ਧਾਰਨਾ ਹੈ ਕਿ ਇਸੇ ਸਿਲ ਉਤੇ ਬੈਠ ਕੇ ਗੁਰੂ ਗੋਬਿੰਦ ਸਿੰਘ ਨੇ ਪੂਰਬਲੇ ਜਨਮ ਵਿਚ ਦੁਸ਼ਟ ਦਮਨ ਦੇ ਰੂਪ ਵਿਚ ਤਪ ਕੀਤਾ ਸੀ। ਇਸ ਸਿਲ ਨੂੰ ਮਗਰੋਂ ਕਿਸੇ ਸ਼ਖ਼ਸ ਨੇ ਸਰੋਵਰ ਦੇ ਪਾਣੀ ਵਿਚ ਧਕੇਲ ਦਿਤਾ, ਜਿਥੇ ਹੁਣ ਵੀ ਪਾਣੀ ਵਿਚ ਪਈ ਸਾਫ਼ ਵਿਖਾਈ ਦੇਂਦੀ ਹੈ।

ਹੇਮ ਕੁੰਟ ਦਾ ਅਸਥਾਨ ਪ੍ਰਾਚੀਨ ਕਾਲ ਤੋਂ ਹੀ ਪਵਿੱਤਰ ਮੰਨਿਆ ਜਾਂਦਾ ਹੈ। ਮਹਾਂਭਾਰਤ ਦੇ ਆਦਿ ਪੂਰਬ ਵਿਚ ਇਸ ਅਸਥਾਨ ਦਾ ਜ਼ਿਕਰ ਹੈ। ਹੇਮ ਕੁੰਟ ਤੋਂ 11-12 ਮੀਲ ਦੂਰ ਪੰਡੁਕੇਸ਼ਰ ਹੈ, ਜਿਥੇ ਪੰਡੂ ਨੇ ਤੱਪ ਕੀਤਾ ਸੀ। ਉਥੇ ਮਗਰੋਂ ਉਹਦੀ ਯਾਦ ਵਿਚ ਮੰਦਰ ਬਣਾਇਆ ਗਿਆ। ਪਹਾੜੀ ਲੋਕਾਂ ਦਾ ਵਿਸ਼ਵਾਸ਼ ਹੈ ਕਿ ਉਨ੍ਹਾਂ ਦੇ ਦੇਵਤੇ ਹੇਮ ਕੁੰਟ ਵਿਚ ਰਹਿੰਦੇ ਹਨ ਅਤੇ ਹਰ ਰੋਜ਼ ਅੱਧੀ ਰਾਤ ਵੇਲੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ। ਪਹਾੜੀਆਂ ਦਾ ਨਿਸਚਾ ਹੈ ਕਿ ਇਸ ਅਸਥਾਨ ਉਤੇ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ, ਖ਼ਾਸ ਕਰ ਕੇ ਸੰਤਾਨ ਲਈ ਕੀਤੀ ਪ੍ਰਾਰਥਨਾ।

ਹੇਮ ਕੁੰਟ ਸਤਹ ਸਮੁੰਦਰ ਤੋਂ 15,200 ਫ਼ੁਟ ਉੱਚਾ ਹੈ। ਇਥੇ ਇਕ ਵੱਡਾ ਸਾਰਾ ਸਰੋਵਰ ਹੈ, ਜੋ ਦੋ ਮੀਲ ਦੇ ਘੇਰੇ ਵਿਚ ਫੈਲਿਆ ਹੋਇਆ ਹੈ। ਪਾਣੀ ਵਿਚ ਸੱਤਾਂ ਚੋਟੀਆਂ ਅਤੇ ਅਸਮਾਨ ਉਤੇ ਤਰਦੀਆਂ ਬਦਲੋਟੀਆਂ ਦਾ ਪ੍ਰਛਾਵਾਂ ਬੜਾ ਖ਼ੂਬਸੂਰਤ ਦ੍ਰਿਸ਼ ਪੇਸ਼ ਕਰਦਾ ਹੈ। ਸਰੋਵਰ ਦੇ ਚਾਰੇ ਪਾਸੇ ਬਰਫ਼ ਨਾਲ ਲੱਦੀਆਂ ਚੋਟੀਆਂ ਹਨ। ਪਹਾੜਾਂ ਵਿਚੋਂ ਝਰਨੇ ਆ ਕੇ ਸਰੋਵਰ ਵਿਚ ਡਿਗਦੇ ਰਹਿੰਦੇ ਹਨ। ਸਰੋਵਰ ਦਾ ਜਲ ਇਥੋਂ ਬਾਹਰ ਨਿਕਲ ਕੇ ਹੇਮ ਗੰਗਾ ਅਖਵਾਂਦਾ ਹੈ। ਸਰਦੀਆਂ ਵਿਚ ਇਸ ਅਸਥਾਨ ਉਤੇ 40 ਫ਼ੁਟ ਤੋਂ ਜ਼ਿਆਦਾ ਬਰਫ਼ ਪੈਂਦੀ ਹੈ, ਜਿਸ ਹੇਠ ਗੁਰਦਵਾਰੇ ਦਾ ਨਿਸ਼ਾਨ ਸਾਹਿਬ ਵੀ ਢਕਿਆ ਜਾਂਦਾ ਹੈ। ਸਰੋਵਰ ਉਤੇ ਤਾਂ ਬਰਫ਼ ਦੀ ਮੋਟੀ ਤਹਿ ਜੰਮ ਜਾਂਦੀ ਹੈ। ਜੂਨ-ਜੁਲਾਈ ਵਿਚ ਬਰਫ਼ਾਂ ਢਲਣ ਲਗਦੀਆਂ ਹਨ।

ਹੇਮ ਕੁੰਟ ਦੀ ਯਾਤਰਾ ਜੁਲਾਈ—ਅਕਤੂਬਰ ਦੇ ਦਿਨਾਂ ਵਿਚ ਕੀਤੀ ਜਾਂਦੀ ਹੈ। ਬਾਕੀ ਸਾਲ ਮੌਸਮ ਯਾਤਰਾ ਦੇ ਅਨੁਕੂਲ ਨਹੀਂ ਹੁੰਦਾ। ਆਮ ਤੌਰ 'ਤੇ ਯਾਤ੍ਰੀ ਰਿਸ਼ੀਕੇਸ਼ ਤੋਂ ਦੇਵਪ੍ਰਯਾਗ ਹੁੰਦੇ ਹੋਏ ਰੁਦਰ ਪ੍ਰਯਾਗ ਪਹੁੰਚਦੇ ਹਨ, ਪਰ ਕਈ ਯਾਤ੍ਰੀ ਕੋਟ ਦਵਾਰ ਤੋਂ ਪੌੜੀ ਦੇ ਰਸਤੇ। ਰੁਦਰਪ੍ਰਯਾਗ ਤੋਂ ਯਾਤ੍ਰੀ ਕਰਨ ਪ੍ਰਯਾਗ, ਚਮੋਲੀ, ਪਿਪਲ ਕੋਟੀ, ਜੋਸ਼ੀ ਮਠ ਹੁੰਦੇ ਹੋਏ ਅਖ਼ੀਰ ਗੋਬਿੰਦ ਘਾਟ ਪਹੁੰਚਦੇ ਹਨ। ਗੋਬਿੰਦ ਘਾਟ ਤੋਂ ਇਕ ਰਸਤਾ ਬਦਰੀ ਨਾਥ ਨੂੰ ਚਲਾ ਜਾਂਦਾ ਹੈ ਤੇ ਦੂਜਾ ਘਾਗਰੀਆ ਵਲ। ਘਾਗਰੀਆ ਤੋਂ ਹੇਮਕੁੰਟ ਸਾਢੇ ਤਿੰਨ ਮੀਲ ਦੂਰ ਹੈ, ਪਰ ਗੋਬਿੰਦ ਘਾਟ ਤੋਂ 11 ਮੀਲ ਅਤੇ ਰਿਸ਼ੀਕੇਸ਼ ਤੋਂ 181 ਮੀਲ।

ਖੁਲ੍ਹੇ ਮਹੀਨਿਆਂ ਵਿਚ ਇਸ ਅਸਥਾਨ ਉਤੇ ਪਹਾੜੀਆਂ ਦੇ ਵੀ ਤਿੰਨ ਸਥਾਨਿਕ ਮੇਲੇ ਲਗਦੇ ਹਨ—ਭਾਦਰੋਂ ਦੀ ਸੰਗਰਾਂਦ, ਜਨਮ ਅਸ਼ਟਮੀ ਅਤੇ ਨੰਦ ਅਸ਼ਟਮੀ ਨੂੰ। ਪਹਾੜੀ ਸਵੇਰੇ ਯਾਤਰਾ ਲਈ ਚਲਦੇ ਹਨ। ਥੋੜੀ ਦੇਰ ਸਰੋਵਰ ਦੇ ਕੰਢੇ ਠਹਿਰ ਕੇ ਤੇ ਤਿਹਾਵਲ ਦਾ ਪ੍ਰਸ਼ਾਦਿ ਅਰਪਨ ਕਰ ਕੇ ਵਾਪਸ ਘਰ ਆ ਜਾਂਦੇ ਹਨ। ਕਿਸੇ ਵੇਲੇ ਪਹਾੜੀ ਇਹ ਯਾਤਰਾ ਨੰਗੇ ਪੈਰੀਂ ਕਰਦੇ ਸਨ।

ਸਿੱਖ ਇਸ ਸਰੋਵਰ ਦੇ ਜਲ ਨੂੰ ਅਮ੍ਰਿਤ ਦੇ ਤੁਲ ਮੰਨਦੇ ਹਨ, ਜੋ ਸਭ ਰੋਗਾਂ ਲਈ ਔਸ਼ਧੀ ਹੈ। ਇਸ ਜਲ ਦੀ ਪਵਿਤ੍ਰਤਾ ਤ੍ਰਿਬੇਣੀ ਨਾਲੋਂ ਜ਼ਿਆਦਾ ਮੰਨੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਦੇ ਤਪ ਦੇ ਪ੍ਰਤਾਪ ਸਦਕਾ ਇਸ ਜਲ ਵਿਚ ਇਸ਼ਨਾਨ ਕਰਨ ਨਾਲ ਸਭ ਪਾਪ ਧੁਲ ਜਾਂਦੇ ਹਨ। ਇਸ ਜਲ ਨਾਲ ਕਈ ਪੌਰਾਣਿਕ ਰਵਾਇਤਾਂ ਜੁੜਦੀਆਂ ਜਾ ਰਹੀਆਂ ਹਨ। ਇਕ ਰਵਾਇਤ ਅਨੁਸਾਰ ਸਮੁੰਦਰ ਮੰਥਣ ਵੇਲੇ ਅਮ੍ਰਿਤ ਦਾ ਜੋ ਕੁੰਭ ਨਿਕਲਿਆ ਸੀ, ਉਸ ਦਾ ਕੁਝ ਜਲ ਇਸ ਸਰੋਵਰ ਵਿਚ ਪ੍ਰਵਾਹ ਦਿਤਾ ਗਿਆ ਸੀ।

ਆਧਾਰ : ਸ੍ਰੀ ਹੇਮਕੁੰਟ ਦਰਸ਼ਨ : ਡਾ: ਤਾਰਾ ਸਿੰਘ

**(ਹ-168) ਹੇਮ ਪੁਸ਼ਪ :**

ਚੰਬੇ ਦੀ ਸ਼ਕਲ ਦਾ ਸੋਨੇ ਦਾ ਬਣਿਆ ਇਕ ਫੁੱਲ, ਜਿਸ ਨੂੰ ਪੁਰਾਣੇ ਵੇਲਿਆਂ ਵਿਚ ਅਮੀਰ ਲੋਕ, ਆਪਣੇ ਬਜ਼ੁਰਗਾਂ ਦੀ ਅਰਥੀ ਤੋਂ ਵਾਰ ਕੇ ਸੁਟਿਆ ਕਰਦੇ ਸਨ। ਇਸ ਦਾ ਬੜਾ ਪੁੰਨ ਫਲ ਮੰਨਿਆ ਜਾਂਦਾ ਸੀ।

**(ਹ-169) ਹੇਮੜੀ :**

ਪੰਜਾਬ ਦਾ ਇਕ ਲੋਕ-ਨਾਚ, ਜੋ ਪਛਮੀ ਪੰਜਾਬ, ਖ਼ਾਸ ਤੌਰ 'ਤੇ ਸਰਗੋਧੇ ਦੇ ਇਲਾਕੇ ਵਿਚ ਬੜਾ ਮਕਬੂਲ ਹੈ। ਇਹ ਨਾਚ ਭੰਗੜੇ ਦੀ ਹੀ ਇਕ ਵੰਨਗੀ ਕਹੀ ਜਾ ਸਕਦੀ ਹੈ। ਭੰਗੜੇ ਵਿਚ ਸਵਾਂਗ ਨਹੀਂ ਭਰੇ ਜਾਂਦੇ, ਪਰ ਹੇਮੜੀ ਵਿਚ ਕੁਝ ਸਵਾਂਗੀ ਵੀ ਸ਼ਾਮਲ ਹੁੰਦੇ ਹਨ, ਜੋ ਜੀਵਨ ਦੀ ਕਿਸੇ ਨਿਕੀ ਜਿਹੀ ਟੁਕੜੀ ਨੂੰ ਸਾਕਾਰ ਕਰ ਕੇ ਅਨੂਠਾ ਸੁਆਦ ਦੇਂਦੇ ਹਨ। ਇਸ ਤਰ੍ਹਾਂ ਹੇਮੜੀ ਨਾਚ ਭੰਗੜੇ ਅਤੇ ਸਵਾਂਗ ਦੀ ਮਿਸ ਹੈ।

ਸਰਗੋਧੇ ਵਿਚ ਇਹ ਨਾਚ ਵਧੇਰੇ ਕਰ ਕੇ ਮਸੱਲੀ ਲੋਕ ਨਚਦੇ ਹਨ। ਪਿੰਡਾਂ ਦੇ ਮਸੱਲੀ ਇਕੱਠੇ ਹੋ ਕੇ ਢੋਲ ਉਤੇ ਡੱਗਾ ਮਾਰਦੇ, ਨਚੱਦੇ, ਟਪਦੇ ਅਤੇ ਗਾਉਂਦੇ ਹੋਏ, ਸਾਰੇ ਪਿੰਡ ਦਾ ਘੇੜਾ ਕਟਦੇ ਹਨ। ਉਨ੍ਹਾਂ ਵਿਚੋਂ ਹੀ ਦੋ ਮੁੰਡੇ ਭੰਗੀ ਤੇ ਭੰਗਣ ਦਾ ਸੁਆਂਗ ਭਰ ਲੈਂਦੇ ਹਨ ਅਤੇ ਹਰ ਘਰ ਤੋਂ ਆਟਾ ਮੰਗਦੇ ਜਾਂਦੇ ਹਨ। ਉਦੋਂ ਤਕ ਉਹ ਕਿਸੇ ਘਰ ਦੇ ਅੱਗੇ ਨਚਦੇ ਰਹਿੰਦੇ ਹਨ, ਜਦੋਂ ਤਕ ਉਥੋਂ ਆਟਾ ਨਾ ਮਿਲ ਜਾਵੇ। ਕਈ ਵਾਰ ਵੰਨ-ਸਵੰਨੇ ਸੁਆਂਗ ਵੀ ਭਰੇ ਜਾਂਦੇ ਹਨ। ਇਸ ਤਰ੍ਹਾਂ ਜੋ ਆਟਾ ਇਕੱਠਾ ਹੁੰਦਾ ਹੈ, ਉਸ ਦੀਆਂ ਉਹ ਰੋਟੀਆਂ ਪਕਾ ਲੈਂਦੇ ਹਨ ਤੇ ਫਿਰ ਸਾਰੇ ਰਲ ਮਿਲ ਕੇ ਖਾਂਦੇ ਹਨ। ਹੇਮੜੀ ਨਾਚ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ 'ਹੀਮੜੀ' ਕਹਿੰਦੇ ਹਨ (ਵੇਖੋ : ਹੀਮੜੀ)।

Sri Satguru Jagjit Singh Ji eLibrary NamdhariElibrary@gmail.com

**(ਹ-170) ਹੇਰਾ (ਹੇਹਰਾ) :**

ਇਕ ਲੋਕ-ਕਾਵਿ ਰੂਪ; ਹੇਰਾ ਸ਼ਬਦ ਦੇ ਨਿਕਾਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਜੇ ਹੇਰਾ ਸ਼ਬਦ 'ਹਯ-ਰਾ' ਦੇ ਸੰਜੋਗ ਤੋਂ ਬਣਿਆ ਮੰਨਿਆ ਜਾਵੇ, ਤਾਂ ਇਹ ਗੀਤ ਘੋੜੀ (ਹਯ) ਚੜ੍ਹਨ ਸਮੇਂ ਦੇ ਬਣਦੇ ਹਨ। ਪਰ ਜੇ ਇਹ ਸ਼ਬਦ 'ਹੇਹ' ਤੋਂ ਬਣਿਆ ਮੰਨ ਲਈਏ, ਤਾਂ 'ਹੇਹ' ਸ਼ਬਦ ਦੇ ਅਰਥ 'ਕਾਮ ਵੇਗ' ਜਾਂ 'ਸੰਜੋਗ ਲਈ ਚੇਸ਼ਟਾ' ਦੇ ਹੋਣ ਕਰ ਕੇ 'ਹੇਹਰੇ' ਉਹ ਗੀਤ ਬਣਦੇ ਹਨ, ਜੋ ਕੋਈ ਮਰਦ ਕਿਸੇ ਇਸਤ੍ਰੀ ਨੂੰ ਸੰਬੋਧਨ ਕਰ ਕੇ ਉਲੇਲ ਵਿਚ ਗਾਏ, ਜਾਂ ਜਿਨ੍ਹਾਂ ਵਿਚ ਸੰਬੋਧਨੀ ਪ੍ਰਤੀ ਚੇਸ਼ਟਾ ਜਾਂ ਕਾਮ ਵੇਗ ਸੰਕੇਤਕ ਜਾਂ ਪ੍ਰਗਟ ਰੂਪ ਵਿਚ ਹੋਣ।

ਹੇਰੇ ਦੇ ਗੀਤਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਹ ਗੀਤ ਆਮ ਤੌਰ 'ਤੇ ਜਾਂ ਤਾਂ ਭਰਜਾਈਆਂ ਘੋੜੀ ਤੇ ਚੜ੍ਹੇ ਦਿਉਰ ਨੂੰ ਸੰਬੋਧਨ ਕਰ ਕੇ ਆਪਣੇ ਤੀਬਰ ਵੇਗਵਾਨ ਪ੍ਰੇਮ ਦੀ ਪ੍ਰਦਰਸ਼ਨੀ ਕਰ ਰਹੀਆਂ ਹੁੰਦੀਆਂ ਹਨ —

ਜਿਖਰ ਦੁਪਹਿਰੇ ਦਿਉਰ ਜੰਞ ਚੜ੍ਹਿਆ,
ਕੋਈ ਧੁਪ ਲਗੇ ਕੁਮਲਾ।
ਜੇ ਮੈਂ ਹੋਵਾਂ ਬਦਲੀ ਦਿਉਰਾ,
ਸੂਰਜ ਲਵਾਂ ਛੁਪਾ।

ਜਾਂ ਫਿਰ ਜੰਞ ਦੇ ਢੁਕਾਓ ਵੇਲੇ ਸਾਲੀਆਂ ਘੋੜੇ ਤੇ ਚੜ੍ਹੇ ਜੀਜੇ ਪ੍ਰਤੀ ਆਪਣੀ ਚੇਸ਼ਟਾ ਪ੍ਰਗਟਾਂਦੀਆਂ ਹਨ :—

ਜੀਜਾ ਜੀਜਾ ਕਰ ਰਹੀ
ਤੂੰ ਮੇਰੇ ਬੁਲਾਇਆਂ ਬੋਲ।
ਮੈਂ ਤੇਰੇ ਤੋਂ ਇਉਂ ਘੁੰਮਾਂ
ਜਿਉਂ ਲਾਟੂ ਤੋਂ ਡੋਰ।

ਜਾਂ ਫਿਰ ਇਨ੍ਹਾਂ ਵਿਚ ਕੁੜੀਆਂ ਵਲ ਝਾਕਦੇ ਜਾਂਞੀਆਂ ਅਤੇ ਉਨ੍ਹਾਂ ਨੂੰ ਅੱਗੋਂ ਘੂਰਦੀਆਂ ਕੁੜੀਆਂ ਦੀਆਂ ਚਹੇਡਾਂ ਹਨ :—

ਤੈਨੂੰ ਮੈਂ ਚੁਕ ਕੇ ਸਿਟਾਂ ਤੂੜੀ ਦੇ ਵਿਚ
ਆਈਆਂ ਮਝੀਆਂ ਚਰ ਗਈਆਂ
ਤੈਨੂੰ ਪਥਾਂ ਗੋਹੇ ਦੇ ਵਿਚ।

ਉਪ੍ਰੋਕਤ ਸਾਰੀਆਂ ਵੰਨਗੀਆਂ ਵਿਚ 'ਹੇਹਰੇ' ਦਾ ਜੋ ਚਰਿਤ੍ਰ ਉਭਰਦਾ ਹੈ, ਉਹ ਇਸ ਨੂੰ 'ਹੇਹ' ਸ਼ਬਦ ਨਾਲ ਹੀ ਜੋੜਦਾ ਹੈ।

ਹੇਰੇ ਦੇ ਗੀਤ ਆਮ ਤੌਰ 'ਤੇ ਲੰਮੀ ਹੇਕ ਨਾਲ ਗਾਏ ਜਾਂਦੇ ਹਨ। ਇਸ ਲਈ ਕਈ ਵਾਰ ਹੇਰਾ ਸ਼ਬਦ ਲੰਮੀ ਹੇਕ ਵਿਚ ਗਾਏ ਕਿਸੇ ਵੀ ਗੀਤ ਲਈ ਵਰਤ ਲਿਆ ਜਾਂਦਾ ਹੈ। ਅਜਿਹੀ ਹਾਲਤ ਵਿਚ ਹੇਰਾ, ਲੋਕ-ਕਾਵਿ ਨਹੀਂ, ਇਕ ਧਾਰਨਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਿਵੇਂ ਕੰਨਿਆਂ ਦੀ ਡੋਲੀ ਵਿਦਾ ਕਰਨ ਵੇਲੇ ਕੰਨਿਆਂ ਪੱਖ ਵਾਲੇ ਲੰਮੀ ਝਿਕੀ ਹੇਕ ਵਿਚ ਗੀਤ ਅਲਾਪਦੇ ਹਨ :—

ਸੂਹੇ ਨੀ ਭੈਣੇ ਤੇਰੇ ਕਪੜੇ ਨੀ,
ਕਾਲੇ ਤੇ ਤੈਂਡੜੇ ਕੇਸ ਨੀ।
ਧਨ ਜਿਗਰਾ ਨੀ ਤੇਰੇ ਬਾਪ ਦਾ,
ਜਿਨ੍ਹੇ ਦਿਤੀ ਬਿਗਾਨੜੇ ਦੇਸ ਨੀ।

**(ਹ-171) ਹੇਰੂ :**

ਜੀਵਾਂ ਦੇ ਪ੍ਰਾਣ ਲੈਣ ਲਈ ਯਮ ਵਲੋਂ ਭੇਜੇ ਗਏ ਦੂਤ (ਵੇਖੋ : ਜਮਦੂਤ)।

**(ਹ-172) ਹੇਲ੍ਹੀ :**

ਪੁਆਧ ਵਿਚ ਪ੍ਰਚਲਤ ਗੁਜਰਾਂ ਦੇ ਗੀਤਾਂ ਦਾ ਇਕ ਰੂਪ।

**(ਹ-173) ਹੈਹਯ :**

(1) ਚੰਦ੍ਰਵੰਸ਼ ਦਾ ਇਕ ਰਾਜਾ, ਜੋ ਸਤ੍ਰਾਜਿਤ ਦਾ ਪੁੱਤਰ ਤੇ ਯਦੂ ਦਾ ਪੜਪੋਤਰਾ ਸੀ।

(2) ਇਕ ਕਬੀਲਾ ਜੋ ਸਿਥੀਅਨ ਜਾਤੀ ਦੀ ਹੀ ਕੋਈ ਸ਼ਾਖ਼ ਸੀ। ਵਿਸ਼ਨੂੰ ਪੁਰਾਣ ਅਨੁਸਾਰ ਹੈਹਯ ਯਾਦਵ ਵੰਸ਼ ਵਿਚੋਂ ਸਨ, ਪਰ ਮਹਾਂਭਾਰਤ ਅਨੁਸਾਰ ਹੈਹਯ ਮਨੂ ਦੇ ਪੁੱਤਰ ਯਯਾਤੀ ਦੀ ਸੰਤਾਨ ਸਨ ਅਤੇ ਉਨ੍ਹਾਂ ਦਾ ਰਾਜਾ ਹਜ਼ਾਰ ਬਾਹਵਾਂ ਵਾਲਾ ਕਾਰਤਵੀਰਯ ਸੀ, ਜਿਸ ਉਪਰ ਪਰਸਰਾਮ ਨੇ ਵਿਜੈ ਪ੍ਰਾਪਤ ਕਰ ਕੇ ਉਸ ਦੀਆਂ ਬਾਹਵਾਂ ਕਟ ਦਿਤੀਆਂ। ਵਾਯੂ ਪੁਰਾਣ ਅਨੁਸਾਰ ਹੈਹਯ ਅਤੇ ਕਈ ਹੋਰ ਕਬੀਲਿਆਂ ਨੂੰ ਰਾਜੇ ਸਗਰ ਨੇ ਪਰਾਜਿਤ ਕੀਤਾ ਸੀ। ਕਰਨਲ ਟਾਡ ਅਨੁਸਾਰ ਹੈਹਯ ਨਾਉਂ ਦਾ ਇਕ ਕਬੀਲਾ ਬਘੇਲ ਖੰਡ ਦੀ ਸੁਹਾਗਪੁਰ ਦੀ ਘਾਟੀ ਵਿਚ ਮਿਲਦਾ ਹੈ।

**(ਹ-174) ਹੈਕਲਾ :**

(1) ਕਿਸੇ ਧਾਤ ਦੇ ਟੁਕੜੇ ਉਪਰ ਉਕਰਿਆ ਜੰਤਰ, ਜੋ ਰੱਖਿਆ ਹਿੱਤ, ਤਵੀਤ ਵਾਂਗ ਗਲ ਵਿਚ ਪਹਿਨਿਆ ਜਾਂਦਾ ਹੈ। ਮਧਕਾਲ ਵਿਚ ਜੋਧੇ ਲੜਾਈ ਦੇ ਮੈਦਾਨ ਵਿਚ ਜਾਣ ਲੱਗਿਆਂ ਇਸ ਤਰ੍ਹਾਂ ਦੇ ਜੰਤਰ ਗਲ ਵਿਚ ਪਹਿਨ ਲੈਂਦੇ ਸਨ।

(2) ਸੋਨੇ ਜਾਂ ਚਾਂਦੀ ਦਾ ਇਕ ਗਹਿਣਾ, ਜੋ ਗਲ ਵਿਚ ਪਾਇਆ ਜਾਂਦਾ ਹੈ — 'ਗਲ ਹੈਕਲਾ ਅਜਬ ਸੁਹਾਇਆ ਏ' — ਹੀਰ ਵਾਰਿਸ।

**(ਹ-175) ਹੈਗ੍ਰੀਵ :**

(ਵੇਖੋ : ਹਯਗ੍ਰੀਵ)।

**(ਹ-176) ਹੈਜ਼ :**

ਤੀਵੀਆਂ ਦੀ ਮਾਹਵਾਰੀ; ਮੁਸਲਮਾਨਾਂ ਵਿਚ ਮਾਹਵਾਰੀ ਲਈ ਹੈਜ਼ ਤੋਂ ਇਲਾਵਾ ਕਈ ਹੋਰ ਸੰਕੇਤਭਾਸ਼ੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ 'ਨਿਹਾਣੀ', ਕਿਉਂ ਜੋ ਹੈਜ਼ ਤੋਂ ਮਗਰੋਂ ਇਸ਼ਨਾਨ ਜ਼ਰੂਰੀ ਹੁੰਦਾ ਹੈ; 'ਸਿਰ ਮੈਲਾ ਹੋਣਾ', ਕਿਉਂ ਜੋ ਹੈਜ਼ ਮਗਰੋਂ ਸਿਰ ਧੋਣ ਦੀ ਪ੍ਰਥਾ ਹੈ ਅਤੇ 'ਬੇਨਿਮਾਜ਼ੀ ਆਉਣੀ', ਕਿਉਂ ਜੋ ਹੈਜ਼ ਦੇ ਦਿਨਾਂ ਵਿਚ ਨਿਮਾਜ਼ ਨਹੀਂ ਪੜ੍ਹੀ ਜਾਂਦੀ (ਵੇਖੋ : ਸਿਰ ਨਾਵਣੀ)।

**(ਹ-177) ਹੈਦਰ ਸ਼ੇਖ਼ :**

ਇਕ ਪ੍ਰਸਿਧ ਪੀਰ, ਜਿਸ ਦੀ ਮਾਨਤਾ ਮੁਸਲਮਾਨਾਂ ਤੋਂ ਇਲਾਵਾ ਹਿੰਦੂਆਂ-ਸਿੱਖਾਂ ਵਿਚ ਵੀ ਹੈ। ਇਨ੍ਹਾਂ ਦਾ ਮਕਬਰਾ ਮਲੇਰ ਕੋਟਲੇ ਵਿਚ ਸ਼ਹਿਰ ਦੀ ਪੱਛਮੀ ਗੁਠ ਵਲ ਸਥਿਤ ਹੈ। ਇਥੇ ਸ਼ਰਧਾਲੂ ਲੋਕੀਂ ਵੀਰਵਾਰ ਵਾਲੇ ਦਿਨ 'ਰੋਟ' ਚੜ੍ਹਾਉਂਦੇ ਹਨ। ਰੋਟ ਸਵਾ ਮਣ ਆਟੇ ਵਿਚ ਸਵਾ ਮਣ ਗੁੜ ਗੁਨ੍ਹ ਕੇ ਖ਼ਾਸ ਵਿਧੀ ਨਾਲ ਤਿਆਰ ਕੀਤਾ ਜਾਂਦਾ ਹੈ। ਪਹਿਲਾਂ ਗੋਹੇ ਬਾਲ ਕੇ ਧਰਤੀ ਨੂੰ ਲੋਹੇ ਵਾਂਗ ਤਪਾ ਲਿਆ ਜਾਂਦਾ ਹੈ ਅਤੇ ਉਪਰ ਗੁਧੇ ਆਟੇ ਦਾ ਚੱਪਾ ਕੁ ਮੋਟਾ ਥਰ ਬੰਨ੍ਹਕੇ, ਉਸ ਉਪਰ ਪਾਥੀਆਂ ਦਾ ਗਹੀਰਾ ਜੋੜ ਕੇ ਅੱਗ ਲਗਾ ਦਿਤੀ ਜਾਂਦੀ ਹੈ। ਅੱਠਾਂ ਪਹਿਰਾਂ ਮਗਰੋਂ ਰੋਟ ਤਿਆਰ ਹੋ ਜਾਂਦਾ ਹੈ। ਇਸ ਰੋਟ ਦੇ ਛੋਟੇ ਛੋਟੇ ਟੁਕੜੇ ਬਣਾ ਕੇ ਇਕ ਹਿੱਸਾ ਲੋਕਾਂ ਵਿਚ ਵੰਡ ਦਿਤਾ ਜਾਂਦਾ ਹੈ ਅਤੇ ਦੂਜਾ ਹੈਦਰ ਸ਼ੇਖ਼ ਦੇ ਭਗਤਾਂ ਤੇ ਭਰਾਈਆਂ ਵਿਚ।

ਹੈਦਰ ਸ਼ੇਖ਼ ਕੋਲ ਸ਼ਰਧਾਲੂ ਪੁੱਤਰ ਦੀਆਂ ਸੁੱਖਾਂ ਸੁਖਣ ਲਈ ਆਉਂਦੇ ਹਨ। ਸੁੱਖ ਪੂਰੀ ਹੋਣ ਤੇ ਹੈਦਰ ਸ਼ੇਖ਼ ਦੀ ਚੌਂਕੀ ਭਰੀ ਜਾਂਦੀ ਹੈ। ਭੂਤ-ਪ੍ਰੇਤ ਅਤੇ ਛਾਇਆ ਵਾਲੇ ਲੋਕਾਂ ਦਾ ਵੀ ਇਥੇ ਤਾਂਤਾ ਬਝਿਆ ਰਹਿੰਦਾ ਹੈ। ਧਾਰਨਾ ਹੈ ਕਿ ਹੈਦਰ ਸ਼ੇਖ਼ ਨਮਿਤ ਰੋਟ ਪਕਾ ਕੇ, ਰੋਗੀ ਦੇ ਸਿਰੋਂ ਵਾਰ ਕੇ ਵੰਡਣ ਨਾਲ ਛਾਇਆ ਉਤਰ ਜਾਂਦੀ ਹੈ।

ਇਥੇ ਹਰ ਇਕਾਦਸ਼ੀ ਉਤੇ ਮੇਲਾ ਜੁੜਦਾ ਹੈ, ਪਰ ਨਿਮਾਣੀ ਇਕਾਦਸ਼ੀ ਉਤੇ ਇਲਾਕੇ ਦੇ ਲੋਕ ਭਾਰੀ ਮਾਤਰਾ ਵਿਚ, ਵਹੀਰਾਂ ਘਤ ਕੇ ਪਹੁੰਚਦੇ ਹਨ ਅਤੇ ਚਾਰ ਦਿਨਾਂ ਲਈ ਮੇਲਾ ਭਰਦਾ ਹੈ। ਆਸ ਪਾਸ ਦੇ ਇਲਾਕੇ ਦੇ ਭਰਾਈ ਆਪੋ ਆਪਣੇ ਪਿੰਡਾਂ ਦੇ ਸੰਗ ਲੈ ਕੇ ਇਥੇ ਪੁਜਦੇ ਹਨ। ਇਕਾਦਸ਼ੀ ਉਤੇ ਨਿਆਜ਼ਾਂ ਤੋਂ ਬਿਨਾਂ ਕਾਲੇ ਕੁਕੜ ਜਾਂ ਕਾਲੇ ਬਕਰੇ ਦੀ ਬਲੀ ਦੇ ਕੇ ਚੜ੍ਹਾਵਾ ਚਾੜ੍ਹਿਆ ਜਾਂਦਾ ਹੈ ਅਤੇ ਰਾਤ ਨੂੰ ਚੌਂਕੀਆਂ ਭਰੀਆਂ ਜਾਂਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਹੈਦਰ ਸ਼ੇਖ਼ ਦੀ ਕਬਰ ਦੇ ਨੇੜੇ ਲੋਕ ਭੁੰਜੇ ਸੌਂਦੇ ਹਨ। ਮੰਜੇ ਉਪਰ ਸੌਣ 'ਤੇ ਪੀਰ ਕਰੋਧਵਾਨ ਹੁੰਦਾ ਹੈ ਤੇ ਸੌਣ ਵਾਲੇ ਨੂੰ ਦੁਖ ਤਸੀਹੇ ਦੇਂਦਾ ਹੈ।

(ਹ-178) **ਹੋਈ ਦਾ ਵਰਤ :**

ਅਹੋਈ ਦੇਵੀ (ਵੇਖੋ : ਅਹੋਈ) ਦਾ ਵਰਤ; ਕਈ ਥਾਈਂ ਹੋਈ ਦੇਵੀ ਦਾ ਵਰਤ ਕੱਤਕ ਵਦੀ ਸਤਵੀਂ ਨੂੰ ਰਖਿਆ ਜਾਂਦਾ ਹੈ। ਇਹ ਪੂਰਬ ਕਰਵਾ ਚੌਥ ਤੋਂ ਤਿੰਨ ਦਿਨ ਬਾਅਦ ਪੈਂਦਾ ਹੈ। ਕਰਵਾ ਚੌਥ ਦਾ ਵਰਤ ਤੀਵੀਆਂ ਪਤੀ ਦੀ ਦੀਰਘ ਆਯੂ ਲਈ ਰਖਦੀਆਂ ਹਨ। ਪਰ ਹੋਈ ਸਪਤਮੀ ਦਾ ਵਰਤ ਬੱਚਿਆਂ ਦੇ ਸੁਖ ਆਰਾਮ ਤੇ ਲੰਮੀ ਉਮਰ ਲਈ ਹੈ।

ਹੋਈ ਦੇ ਵਰਤ ਲਈ ਤੀਵੀਂ ਸਵੇਰੇ ਇਸ਼ਨਾਨ ਕਰ ਕੇ ਦੋ ਕਰਵੇ (ਕੁੰਭ) ਪੂਰਦੀ ਹੈ। ਕਈ ਤੀਵੀਆਂ ਦੋਵੇਂ ਕੁੰਭ ਜਲ ਨਾਲ ਭਰਦੀਆਂ ਹਨ, ਪਰ ਕਈ ਇਕ ਕੁੰਭ ਜਲ ਨਾਲ ਅਤੇ ਦੂਜਾ ਅੰਨ ਨਾਲ। ਕਰਵੇ ਨੂੰ ਰਸੋਈ ਵਿਚ ਚੁਲ੍ਹ ਦੇ ਕੋਲ ਰਖ ਦਿਤਾ ਜਾਂਦਾ ਹੈ। ਇਹ ਵਰਤ ਦੁਪਹਿਰਾਂ ਢਲਣ ਵੇਲੇ ਖੋਲ੍ਹਿਆ ਜਾਂਦਾ ਹੈ। ਵਰਤ ਖੋਲ੍ਹਣ ਤੋਂ ਪਹਿਲਾਂ ਤੀਵੀਆਂ ਇਕੱਠੀਆਂ ਹੋ ਕੇ ਬ੍ਰਾਹਮਣੀ ਤੋਂ ਹੋਈ ਦੀ ਕਥਾ ਸੁਣਦੀਆਂ ਹਨ। ਹੋਈ ਦੀ ਕਥਾ ਵਖੋ ਵਖ ਇਲਾਕਿਆਂ ਵਿਚ ਵਿਭਿੰਨ ਹੈ। ਪੰਜਾਬ ਦੇ ਪ੍ਰਾਂਤ ਵਿਚ ਇਹ ਕਥਾ ਇਸ ਪ੍ਰਕਾਰ ਪ੍ਰਚਲਤ ਹੈ :—ਇਕ ਰਾਜੇ ਦੇ ਸਤ ਪੁੱਤਰ ਤੇ ਇਕ ਰਾਜਕੁਮਾਰੀ ਸੀ। ਸੱਤੇ ਪੁੱਤਰ ਵਿਆਹੇ ਹੋਏ ਸਨ। ਇਕ ਦਿਨ ਰਾਜਕੁਮਾਰੀ ਆਪਣੀਆਂ ਭਰਜਾਈਆਂ ਨਾਲ ਛੱਪੜ ਉੱਤੇ ਮਿੱਟੀ ਪੁੱਟਣ ਗਈ। ਰਾਜਕੁਮਾਰੀ ਦੀਆਂ ਸਾਰੀਆਂ ਭਰਜਾਈਆਂ ਇਕ ਇਕ ਕਰ ਕੇ ਉਥੋਂ ਚਲੀਆਂ ਗਈਆਂ ਅਤੇ ਰਾਜਕੁਮਾਰੀ ਇਕੱਲੀ ਰਹਿ ਗਈ। ਕੁਦਾਲ ਨਾਲ ਮਿੱਟੀ ਪੁਟਦਿਆਂ ਉਸ ਨੇ ਅਚੇਤ ਹੀ ਹੋਈ ਦੇ ਬੱਚੇ ਮਾਰ ਦਿਤੇ, ਜੋ ਉਸ ਮਿੱਟੀ ਵਿਚ ਰਹਿੰਦੇ ਸਨ। ਹੋਈ ਨੇ ਕਰੋਧ ਵਿਚ ਆ ਕੇ ਰਾਜਕੁਮਾਰੀ ਨੂੰ ਬਾਂਝ ਹੋਣ ਦਾ ਸਰਾਪ ਦਿਤਾ। ਜਦੋਂ ਰਾਜਕੁਮਾਰੀ ਦੀਆਂ ਭਰਜਾਈਆਂ ਨੂੰ ਇਸ ਗੱਲ ਦੀ ਖ਼ਬਰ ਮਿਲੀ, ਤਾਂ ਉਹ ਬਹੁਤ ਦੁਖੀ ਹੋਈਆਂ। ਵੱਡੀ ਭਰਜਾਈ ਨੇ ਹੋਈ ਅੱਗੇ ਤਰਲੇ ਕੀਤੇ ਕਿ ਉਹ ਰਾਜਕੁਮਾਰੀ ਦੀ ਥਾਂ ਉਹਦੀ ਕੁਖ ਬਾਂਝ ਕਰ ਦੇਵੇ। ਇਹ ਅਰਜੋਈ ਹੋਈ ਨੇ ਪ੍ਰਵਾਨ ਕਰ ਲਈ। ਘਰ ਆ ਕੇ ਵੱਡੀ ਭਰਜਾਈ ਨੇ ਆਪਣੀ ਸੱਸ ਨੂੰ ਸਾਰੀ ਗੱਲ ਦੱਸੀ। ਪਰ ਸੱਸ ਨੇ ਬਾਂਝ ਹੋ ਜਾਣ ਕਾਰਨ ਵੱਡੀ ਨੂੰਹ ਨੂੰ ਘਰੋਂ ਕਢ ਦਿਤਾ। ਦਰ ਦਰ ਦੀਆਂ ਠੋਕਰਾਂ ਖਾਂਦਿਆਂ ਵੱਡੀ ਨੂੰਹ ਨੂੰ ਇਕ ਗਾਂ ਮਿਲੀ, ਜਿਸ ਨੂੰ ਕੀੜੇ ਪਏ ਹੋਏ ਸਨ। ਉਸ ਨੇ ਗਊ ਦੀ ਬਾਰਾਂ ਸਾਲ ਸੇਵਾ ਕੀਤੀ, ਫਲਸਰੂਪ ਉਸ ਦੇ ਘਰ ਲੜਕਾ ਜੰਮਿਆ। ਜਦੋਂ ਵੱਡੀ ਨੂੰਹ ਨੇ ਸ਼ੱਕਰ ਵੰਡੀ, ਤਾਂ ਇਸ ਗੱਲ ਦੀ ਖ਼ਬਰ ਉਸ ਦੀ ਸੱਸ ਨੂੰ ਵੀ ਹੋਈ ਤਾਂ ਉਸ ਨੈਣ ਨੂੰ ਕਿਹਾ ਕਿ ਉਹ ਵੱਡੀ ਨੂੰਹ ਅਤੇ ਉਹਦੇ ਬੱਚੇ ਨੂੰ ਘਰ ਲੈ ਆਏ। ਸੱਸ ਦੇ ਪੁੱਛਣ ਤੇ ਵੱਡੀ ਨੂੰਹ ਨੇ, ਤ੍ਰੈਸ ਲੜਕੇ ਨੂੰ, ਗਊ ਦੀ ਬਾਰਾਂ ਸਾਲ ਦੀ ਸੇਵਾ ਦਾ ਫਲ ਦਸਿਆ।

ਕਥਾ ਸੁਨਾਉਣ ਵੇਲੇ ਹਰ ਵਾਕ ਪੂਰਾ ਕਰਨ ਮਗਰੋਂ ਪ੍ਰੋਹਤਣੀ ਪਾਨੀ ਦੇ ਇਕ ਕਟੋਰੇ ਵਿਚ ਅੰਨ ਦੇ ਦਾਣੇ ਪਾਂਦੀ ਜਾਂਦੀ ਹੈ। ਕਥਾ ਮੁਕਣ ਉਤੇ ਕਟੋਰੇ ਨੂੰ ਸੂਰਜ ਵਲ ਸੁਟਿਆ ਜਾਂਦਾ ਹੈ। ਕਥਾ ਸੁਣ ਕੇ ਸਭ ਤੀਵੀਆਂ ਆਪੋ ਆਪਣੇ ਘਰ ਜਾ ਕੇ ਵਰਤ ਖੋਲ੍ਹਦੀਆਂ ਹਨ।

ਹੋਈ ਦੀ ਪੂਜਾ ਤੋਂ ਪਹਿਲਾਂ ਘਰ ਦੀ ਕੰਧ ਉਪਰ ਭਿਜੇ ਹੋਏ ਚਾਵਲਾਂ ਦੇ ਆਟੇ ਅਤੇ ਰੰਗਾਂ ਦੁਆਰਾ ਹੋਈ ਦੀ ਮੂਰਤੀ ਉਲੀਕੀ ਜਾਂਦੀ ਹੈ ਤੇ ਫਿਰ ਉਸ ਅੱਗੇ ਮਠਿਆਈ ਤੇ ਫਲ ਆਦਿ ਰਖ ਕੇ ਪੂਜਾ ਕੀਤੀ ਜਾਂਦੀ ਹੈ।

(ਹ-179) **ਹੋਕਾ :**

ਸੌਦਾ ਵੇਚਣ ਵੇਲੇ, ਗਾਹਕਾਂ ਦਾ ਧਿਆਨ ਖਿਚਣ ਲਈ, ਲੰਮੀ ਹੇਕ ਵਿਚ ਕਢੀ ਆਵਾਜ਼। ਪੰਜਾਬੀ ਕਾਵਿ-ਜੁਗਤਾਂ ਦੁਆਰਾ ਆਪਣੇ ਹੋਕਿਆਂ ਨੂੰ ਕਾਫ਼ੀ ਰਸੀਲਾ ਤੇ ਰੌਚਕ ਬਣਾ ਲੈਂਦੇ ਹਨ। ਫੇਰੀ ਵਾਲੇ ਤਾਂ ਉੱਚੀਆਂ ਲੰਮੀਆਂ ਲੈਆਂ ਵਿਚ, ਉਭਰਦੀਆਂ ਡਿਗਦੀਆਂ ਆਵਾਜ਼ਾਂ ਕਢ ਕੇ, ਗਾਹਕ ਦਾ ਮਨ ਟੁੰਬ ਲੈਂਦੇ ਹਨ। ਹੋਕਿਆਂ ਵਿਚ ਸੁੰਦਰ ਰੂਪਕਾਂ ਤੇ ਉਪਮਾਵਾਂ ਦੀ ਵਰਤੋਂ ਪੰਜਾਬੀਆਂ ਦੀ ਕਾਵਿ ਪ੍ਰਤੀ ਲਗਨ ਦੀ ਹੀ ਹਾਮੀ ਹੈ। ਗੰਡੇਰੀਆਂ ਨੂੰ 'ਸ਼ਹਿਦ ਦੀਆਂ ਕਟੋਰੀਆਂ' ਤੇ ਮੂੰਗਫਲੀ ਨੂੰ 'ਭੁਜੇ ਬਦਾਮ' ਕਹਿਣ ਵਾਲਾ ਦੁਕਾਨਦਾਰ, ਜਿਥੇ ਆਪਣੇ ਸੌਦੇ ਦਾ ਉਦਾਤੀਕਰਣ ਕਰ ਲੈਂਦਾ ਹੈ, ਉਥੇ ਤੋਰੀਆਂ ਨੂੰ 'ਉਂਗਲਾਂ ਸ਼ਾਹ ਪਰੀ ਦੀਆਂ' ਕਹਿਣ ਵਾਲਾ ਕਿੱਸੇ-ਕਹਾਣੀਆਂ ਦਾ ਕੋਈ ਰੋਮਾਂਚਿਕ ਪਤਰਾ ਖੋਲ੍ਹ ਬੈਠਦਾ ਹੈ। ਜਾਮਨੂੰ ਵੇਚਣ ਵਾਲਾ ਆਮ ਤੌਰ 'ਤੇ ਅਜਿਹੀ ਆਵਾਜ਼ ਕਢਦਾ ਹੈ, ਜਿਸ ਨਾਲ ਉਹ ਵਸਤੂ ਦੇ ਰੰਗ ਰੂਪ ਅਤੇ ਤਾਸੀਰ ਦੇ ਗਿਆਨ ਦੇਣ ਤੋਂ ਇਲਾਵਾ ਕਵਿਤਾ ਦਾ ਰਸ ਵੀ ਵੰਡ ਰਿਹਾ ਹੁੰਦਾ ਹੈ —

> ਕਾਲੇ ਕਾਲੇ ਰਾ ਜਾਮਨੂੰ ਕਾਲੇ ਕਾਲੇ ਰਾ
> ਗਰਮੀ ਦੇਣ ਗੰਵਾ ਜਾਮਨੂੰ ਠੰਢ ਦੇਣਗੇ ਪਾ

ਸਭ ਤੋਂ ਮਜ਼ੇਦਾਰ ਹੋਕਾ ਮਸਾਲੇਦਾਰ ਚਨੇ ਵੇਚਣ ਵਾਲੇ ਦਾ ਹੈ, ਜੋ ਕਵਿਤਾ ਦੀਆਂ ਪੰਗਤੀਆਂ ਚਟਖਾਰੇ ਲਗਾ ਕੇ ਖ਼ਾਸ ਧੁਨੀ ਵਿਚ ਅਲਾਪਦਾ ਗਾਹਕਾਂ ਨੂੰ ਮੋਹ ਲੈਂਦਾ ਹੈ। ਉਸ ਦੀ ਤੁਕਬੰਦੀ ਵਿਚ ਵਿਅੰਗ ਤੇ ਕਟਾਖਸ਼ ਵੀ ਹੈ :—

> ਚਨਾ ਜ਼ੋਰ ਗਰਮ,
> ਬਾਬੂ ਮੈਂ ਲਾਇਆ, ਚਨਾ ਜ਼ੋਰ ਗਰਮ।
> ਮੇਰਾ ਚਨਾ ਮਸਾਲੇਦਾਰ,
> ਇਸ ਨੂੰ ਖਾਵੇ ਥਾਣੇਦਾਰ,
> ਘੋੜੀ ਚੜ੍ਹਿਆ ਕੋਈ ਅਸਵਾਰ,
> ਕੂੜਾ ਢੋਂਦਾ ਜਮੇਂਦਾਰ, ਚਨਾ ਜ਼ੋਰ ਗਰਮ।

(ਹ-180) **ਹੋਡੀ :**

ਰਸਾਲੂ ਕਥਾ-ਚਕਰ ਦਾ ਇਕ ਪ੍ਰਸਿਧ ਉਪਦਰੀ; ਰਾਜੇ ਰਸਾਲੂ ਵਾਂਗ ਹੀ ਹੋਡੀ ਦੇ ਸਮੇਂ, ਸਥਾਨ ਅਤੇ ਜੀਵਨ ਬਾਰੇ ਕੋਈ ਇਤਿਹਾਸਕ ਸਾਮਗਰੀ ਨਹੀਂ ਮਿਲਦੀ। ਕਿਸੇ ਪੁਰਾਤਨ ਗ੍ਰੰਥ ਵਿਚ ਵੀ ਇਸ ਦਾ ਜ਼ਿਕਰ ਨਹੀਂ, ਸਿਵਾਏ ਆਦਿ ਗ੍ਰੰਥ ਦੇ, ਜਿਥੇ ਹੋਡੀ ਦੀ ਮੂਰਖਤਾ ਵਲ ਇਸ਼ਾਰਾ ਹੈ – 'ਗੁਰ ਕਹਿਆ ਇਹ ਮੂਰਖ ਹੋਡੋ'। ਇਸ ਲਈ ਰਸਾਲੂ ਵਾਂਗ ਹੋਡੀ ਦਾ ਵੀ ਕਾਲ ਨਿਸਚਤ ਕਰਨਾ ਕਠਨ ਹੈ। ਕੁਝ ਲੋਕਧਾਰਕਾਂ ਨੇ ਰਾਜੇ ਹੋਡੀ ਦੇ ਜੀਵਨ ਬਾਰੇ ਕੁਝ ਤੱਥ ਇਕੱਠੇ ਕੀਤੇ ਹਨ, ਪਰ ਉਹ ਮੌਖਿਕ ਰਵਾਇਤਾਂ ਉਪਰ ਆਧਾਰਤ ਹੋਣ ਕਰ ਕੇ, ਪ੍ਰਮਾਣਿਕ ਨਹੀਂ ਮੰਨੇ ਜਾ ਸਕਦੇ। ਕੰਨਿਘਮ ਨੇ ਆਪਣੇ ਪੁਰਾਤਤਵ ਸਰਵੇ ਰਿਪੋਰਟਾਂ ਵਿਚ ਰਾਜੇ ਹੋਡੀ ਬਾਰੇ ਕੁਝ ਰਵਾਇਤੀ ਸਾਮਗਰੀ ਦਰਜ ਕੀਤੀ ਹੈ। ਇਸ ਤੋਂ ਇਲਾਵਾ ਰਾਵਲਪਿੰਡੀ ਗਜ਼ਟੀਅਰ, ਸਿਆਲਕੋਟ ਗਜ਼ਟੀਅਰ, 'ਲਿਜਿੰਡ ਆਫ਼ ਦੀ ਪੰਜਾਬ' ਅਤੇ ਸਵਿਨਰਟਨ ਰਚਿਤ 'ਰੋਮਾਂਟਿਕ ਟੇਲਜ਼ ਆਫ਼ ਦੀ ਪੰਜਾਬ', ਕੰਨਿਘਮ ਦੀ 'ਜਿਓਗਰਾਫ਼ੀ ਆਫ਼ ਇੰਡੀਆ' ਆਦਿ ਵਿਚ ਹੋਡੀ ਬਾਰੇ ਮਿਲਦੀ ਸਾਮਗਰੀ ਉਪਰ ਕੁਝ ਟੀਕਾ ਟਿਪਣੀ ਹੈ। ਸਰ ਰਿਚਰਡ ਟੈਂਪਲ ਦੇ 'ਕਲਕੱਤਾ ਰੀਵੀਊ' (1884) ਵਿਚ ਛਪੇ ਇਕ ਲੇਖ ਵਿਚ ਵੀ ਹੋਡੀ ਬਾਰੇ ਚਰਚਾ ਹੈ।

ਹੋਡੀ ਬਾਰੇ ਪ੍ਰਚਲਤ ਰਵਾਇਤਾਂ ਵੀ ਇਤਨੀਆਂ ਵਿਪੱਖੀ, ਅਸਪਸ਼ਟ ਤੇ ਅਧੂਰੀਆਂ ਹਨ ਕਿ ਉਨ੍ਹਾਂ ਦੇ ਆਧਾਰ ਤੇ ਹੋਡੀ ਦੀ ਕੋਈ ਇਕ ਸੰਪੂਰਨ ਤਸਵੀਰ ਨਹੀਂ ਉਘੜਦੀ, ਸਿਵਾਏ ਇਸ ਦੇ ਕਿ ਉਹ ਰਸਾਲੂ ਦਾ ਵਿਰੋਧੀ ਸੀ। ਰਸਾਲੂ ਤੇ ਹੋਡੀ ਵਿਚਕਾਰ ਵਿਰੋਧ ਦੀ ਮੂਲ ਜੜ੍ਹ ਰਸਾਲੂ ਦੀ ਪਤਨੀ ਕੋਕਿਲਾਂ ਸੀ ਜਾਂ ਉਸ ਦੀ ਕੰਨਿਆਂ ਸਾਰੰਗ? ਇਸ ਬਾਰੇ ਵੀ ਦੋ ਵਿਪੱਖੀ ਤੇ ਬਲਵਾਨ ਰਵਾਇਤਾਂ ਹਨ, ਜੋ ਕਿਸੇ ਵੀ ਇਕ ਨੁਕਤੇ ਉਤੇ ਜਾ ਕੇ ਮਿਲਦੀਆਂ ਨਹੀਂ। ਜਿਹੜੀਆਂ ਰਵਾਇਤਾਂ ਹੋਡੀ ਤੇ ਕੋਕਿਲਾਂ ਦੇ ਸਰੀਰਕ ਸਬੰਧਾਂ

Sri Satguru Jagjit Singh Ji eLibrary NamdhariElibrary@gmail.com

ਵਲ ਸੰਕੇਤ ਕਰਦੀਆਂ ਹਨ, ਉਨ੍ਹਾਂ ਅਨੁਸਾਰ ਹੋਡੀ ਰਸਾਲੂ ਹੱਥੋਂ ਮਾਰਿਆ ਗਿਆ ਸੀ। ਪਰ ਜੋ ਰਵਾਇਤਾਂ ਹੋਡੀ-ਸਾਰੰਗ ਦ ਇਸ਼ਕ ਨਾਲ ਸਬੰਧਤ ਹਨ, ਉਨ੍ਹਾਂ ਅਨੁਸਾਰ ਹੋਡੀ ਨੇ ਰਾਜੇ ਰਸਾਲੂ ਨੂੰ ਪ੍ਰਾਜਿਤ ਕਰ ਲਿਆ ਸੀ। ਪਹਿਲੀਆ ਰਵਾਇਤਾਂ ਦਾ ਪ੍ਰਧਾਨ ਖੇਤਰ ਪੋਠੋਹਾਰ ਹੈ ਤੇ ਦੂਜੀਆਂ ਦਾ ਸਿਆਲਕੋਟ; ਦੋਹਾਂ ਦੇ ਘਟਨਾ ਸਥਲ ਵੀ ਵਖੋ ਵਖਰੇ ਹਨ।

ਪੋਠੋਹਾਰ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਰਾਜਾ ਹੋਡੀ ਗੱਖੜ ਕਬੀਲੇ ਵਿਚੋਂ ਸੀ ਤੇ ਊਦੋ ਨਗਰੀ ਦਾ ਰਾਜਾ ਸੀ। ਇਸ ਦੀ ਰਾਜਧਾਨੀ ਊਦ ਸੀ, ਜੋ ਦਰਿਆ ਅਟਕ ਦੇ ਪਛਮੀ ਕੰਢੇ ਉਪਰ ਐਨ ਉਸੇ ਥਾਂ ਸਥਿਤ ਸੀ, ਜਿਥੋਂ ਕਦੇ ਮਹਾਨ ਸਕੰਦਰ ਨੇ ਅਟਕ ਨੂੰ ਪਾਰ ਕੀਤਾ ਸੀ। ਇਸ ਖੇਤਰ ਦਾ ਪੁਰਾਣਾ ਨਾਉਂ ਉਦ ਅਜੇ ਵੀ ਬਜ਼ੁਰਗ ਪੀੜੀ ਵਿਚ ਪ੍ਰਚਲਤ ਹੈ। ਇਕ ਪੁਰਾਣੀ ਕਥਾ-ਕਾਵਿ ਵਿਚ ਹੋਡੀ ਕੋਕਿਲਾਂ ਨੂੰ ਆਪਣਾ ਅਤਾ ਪਤਾ ਦਸਦਿਆਂ, ਆਪਣੇ ਆਪ ਨੂੰ ਅਟਕ ਦਾ ਵਸਨੀਕ ਦਸਦਾ ਹੈ —

ਸਿੰਧ ਤੇ ਮੇਰੀ ਨਗਰੀ, ਰਾਣੀ,
ਅਟਕ ਹੈ ਮੇਰਾ ਥਾਉਂ।
ਰਾਜਾ ਅਟਕੀ ਮਲ ਦਾ ਬੇਟੜਾ,
ਰਾਜਾ ਹੋਡੀ ਮੇਰਾ ਨਾਉਂ।

ਪਰ ਦੂਜੀ ਪਰੰਪਰਾ ਇਸ ਨੂੰ ਸਿਆਲਕੋਟ ਨਾਲ ਜੋੜਦੀ ਹੈ। 'ਲਿਜੰਡਜ਼ ਆਫ਼ ਦੀ ਪੰਜਾਬ' ਦੀ ਇਕ ਕਥਾ ਦੇ ਅਨੁਸਾਰ, ਜੋ ਸਰ ਰਿਚਰਡ ਟੈਂਪਲ ਨੇ ਹੁਸ਼ਿਆਰਪੁਰ ਦੇ ਇਕ ਡੂੰਮ ਤੋਂ ਸੁਣੀ, ਹੋਡੀ ਬਦਨਾ ਦੇ ਰਾਜੇ ਹਟੀਆ ਦਾ ਪੁੱਤਰ ਸੀ —

ਬਦਨਾ ਨਗਰੀ ਪਰਗਨਾ,
ਉਹਾ ਸ਼ਹਿਰ ਗਰਾਉਂ।
ਹਟੀਆ ਰਾਜੇ ਦਾ ਬੇਟੜਾ,
ਹੋਡੀ ਮੇਰਾ ਨਾਉਂ।

ਇਹ ਬਦਨਾ ਨਗਰੀ ਕਿਥੇ ਹੈ ? ਇਸ ਬਾਰੇ ਉਪ੍ਰੋਕਤ ਕਥਾ-ਕਾਵਿ ਵਿਚ ਹੋਰ ਵਿਆਖਿਆ ਨਹੀਂ ਮਿਲਦੀ। ਰਾਜੇ ਹੋਡੀ ਦੇ ਦੋ ਹੀ ਕਾਰਜ ਖੇਤਰ ਮੰਨੇ ਗਏ ਹਨ — ਪੋਠੋਹਾਰ ਅਤੇ ਸਿਆਲਕੋਟ। ਸਿਆਲਕੋਟ ਜ਼ਿਲੇ ਵਿਚ ਬਦਿਆਨਾ ਨਾਉਂ ਦਾ ਇਕ ਕਸਬਾ ਹੈ। ਬਦਨਾ ਤੋਂ ਭਾਵ ਸ਼ਾਇਦ ਇਸੇ ਬਦਿਆਨਾ ਤੋਂ ਹੋਵੇ। ਪਰ ਬਹੁਤੀਆਂ ਰਵਾਇਤਾਂ ਰਾਜੇ ਹੋਡੀ ਨੂੰ ਰਾਵਲਪਿੰਡੀ ਅਤੇ ਪਿਸ਼ਾਵਰ ਦੇ ਵਿਚਕਾਰਲੇ ਖੇਤਰ ਵਿਚਲੀ ਕਿਸੇ ਭੂਮੀ ਦਾ ਰਾਜਾ ਮੰਨਦੀਆਂ ਹਨ।

ਰਾਜੇ ਹੋਡੀ ਬਾਰੇ ਕੁਲ ਤਿੰਨ ਪ੍ਰਕਾਰ ਦੀਆਂ ਰਵਾਇਤਾਂ ਮਿਲਦੀਆਂ ਹਨ ਅਤੇ ਉਨ੍ਹਾਂ ਤਿੰਨਾਂ ਦੇ ਵੇਰਵੇ ਵਿਚ ਜਾਏ ਬਗ਼ੈਰ ਹੋਡੀ ਬਾਰੇ ਕੋਈ ਨਿਰਣਾ ਨਹੀਂ ਕੀਤਾ ਜਾ ਸਕਦਾ।

ਸਿਆਲਕੋਟ ਗਜ਼ਟੀਅਰ ਅਨੁਸਾਰ ਰਾਜਾ ਹੋਡੀ 360 ਈਸਵੀ ਦੇ ਨੇੜੇ ਤੇੜੇ ਪੈਦਾ ਹੋਇਆ। ਇਸ ਦੀ ਮ੍ਰਿਤੂ 400 ਈਸਵੀ ਵਿਚ ਹੋਈ। ਇਹ ਗੱਖੜ ਕਬੀਲੇ ਦਾ ਸਰਦਾਰ ਸੀ। ਇਸ ਨੇ ਆਪਣੇ ਬਲ ਪ੍ਰਾਕ੍ਰਮ ਨਾਲ ਅਟਕ ਦਰਿਆ ਦੇ ਨਾਲ ਲਗਦੇ ਖੇਤਰ, ਕਾਲਾਬਾਗ਼ ਅਤੇ ਅਟਕ ਵਿਚਕਾਰ ਆਪਣਾ ਰਾਜ ਸਥਾਪਿਤ ਕਰ ਲਿਆ। ਹੌਲੇ ਹੌਲੇ ਇਸ ਨੇ ਜਿਹਲਮ ਦੇ ਪੱਛਮ ਵਲ ਦੇ ਕਾਫ਼ੀ ਸਾਰੇ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ।

ਰਾਜਾ ਰਸਾਲੂ ਬ੍ਰਿਧ ਅਵਸਥਾ ਵਿਚ, ਗੱਖੜਾਂ ਦੀ ਵਧਦੀ ਸ਼ਕਤੀ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਸੀ। ਇਸ ਲਈ ਹੋਡੀ ਨਾਲ ਦੋਸਤੀ ਗੰਢਣ ਦੇ ਵਿਚਾਰ ਨਾਲ, ਰਾਜਾ ਰਸਾਲੂ ਆਪਣੀ ਕੰਨਿਆਂ ਸਾਰੰਗ ਦਾ ਡੋਲਾ, ਹੋਡੀ ਨੂੰ ਦੇਣ ਲਈ ਰਜ਼ਾਮੰਦ ਹੋ ਗਿਆ। ਮਗਰੋਂ ਉਹ ਕਿਸੇ ਸਮਾਜਿਕ ਮਜਬੂਰੀ ਕਾਰਨ ਇਕਰਾਰ ਪੂਰਾ ਨਾ ਕਰ ਸਕਿਆ। ਫਲਸਰੂਪ ਰਾਜੇ ਹੋਡੀ ਨੇ ਸਿਆਲਕੋਟ ਉਪਰ ਧਾਵਾ ਬੋਲ ਦਿਤਾ ਅਤੇ ਛੇ ਮਹੀਨੇ ਤਕ ਸਿਆਲਕੋਟ ਦੇ ਕਿਲ੍ਹੇ ਨੂੰ ਘੇਰੀ ਰਖਿਆ। ਜਦੋਂ ਫੇਰ ਵੀ ਕਿਲ੍ਹੇ ਨੂੰ ਫ਼ਤਹਿ ਨਾ ਕਰ ਸਕਿਆ, ਤਾਂ ਰਾਜੇ ਹੋਡੀ ਨੇ, ਨਿਰਾਸ਼ ਹੋ ਕੇ ਸਿਆਲਕੋਟ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਲੁਟ ਖਸੁਟ ਮਚਾਣੀ ਸ਼ੁਰੂ ਕਰ ਦਿਤੀ ਅਤੇ ਉਸ ਇਲਾਕੇ ਵਿਚ ਵਸਦੇ ਕਈ ਜੱਟ ਕਬੀਲਿਆਂ ਨੂੰ ਪ੍ਰਾਜਿਤ ਕਰਨਾ ਚਾਹਿਆ। ਪਹਿਲਾਂ ਤਾਂ ਇਨ੍ਹਾਂ ਕਬੀਲਿਆਂ ਦੇ ਸਰਦਾਰ ਨੱਠ ਗਏ, ਪਰ ਫਿਰ ਆਪਣੀ ਸ਼ਕਤੀ ਜਥੇਬੰਦ ਕਰਕੇ, ਉਨ੍ਹਾਂ ਨੇ ਲਾਹੌਰ ਤੋਂ 14 ਕੁ ਮੀਲ ਦੱਖਣ ਪੱਛਮ ਵਲ, ਸਾਂਗਲੇ ਦੇ ਮੁਕਾਮ ਉਤੇ ਜੰਮ ਕੇ ਲੜਾਈ ਲੜੀ। ਪਰ ਇਸੇ ਦੌਰਾਨ ਰਸਾਲੂ ਦੀ ਕੰਨਿਆਂ ਸਾਰੰਗ, ਜੋ ਆਪਣੇ ਮੰਗੇਤਰ ਹੋਡੀ ਦੇ ਪ੍ਰਾਕ੍ਰਮ ਦੇ ਕਾਰਨਾਮੇ ਸੁਣ ਕੇ, ਦਿਲੋਂ ਉਸ ਨਾਲ ਪ੍ਰੇਮ ਕਰਨ ਲੱਗ ਪਈ ਸੀ, ਮੌਕਾ ਮਿਲਣ ਉਤੇ ਹੋਡੀ ਨਾਲ ਨਠ ਗਈ ਤੇ ਲਾਹੌਰ ਦੇ ਨੇੜੇ ਲੂਮ ਪਿੰਡ ਵਿਚ ਜਾ ਵਸੀ। ਕੁਝ ਚਿਰ ਰਾਜਾ ਰਸਾਲੂ ਤੇ ਹੋਡੀ ਇਕ ਦੂਜੇ ਦੇ ਜਾਨੀ ਦੁਸ਼ਮਣ ਰਹੇ। ਪਰ ਅਖ਼ੀਰ ਦੋਹਾਂ ਵਿਚ ਸਾਰੰਗ ਗੜੀ ਦੇ ਮੁਕਾਮ ਉਤੇ ਸਮਝੌਤਾ ਹੋਇਆ। ਸਾਰੰਗ ਗੜੀ ਦੇ ਖੰਡਰ, ਲਾਹੌਰ ਦੇ ਪੂਰਬ-ਉੱਤਰ ਵਲ 12 ਮੀਲ ਦੂਰ, ਸਰੀਆ ਦੇ ਨੇੜੇ ਮਿਲਦੇ ਹਨ। ਰਵਾਇਤ ਹੈ ਕਿ ਰਾਜੇ ਰਸਾਲੂ ਦੀ ਕੰਨਿਆਂ ਦਾ ਪਹਿਲਾ ਨਾਉਂ ਸਰਨ ਸੀ, ਪਰ ਸਾਰੰਗ ਗੜੀ ਦੇ ਸਮਝੌਤੇ ਮਗਰੋਂ ਉਸ ਦਾ ਨਾਂ ਵੀ ਸਾਰੰਗ ਪੈ ਗਿਆ। ਇਸ ਸਮਝੌਤੇ ਤੋਂ ਬਾਅਦ ਰਾਜਾ ਰਸਾਲੂ ਤੇ ਹੋਡੀ ਵਿਚ ਕਾਫ਼ੀ ਮਿਤ੍ਰਤਾ ਹੋ ਗਈ। ਰਾਜਾ ਹੋਡੀ ਨੇ ਰਸਾਲੂ ਤੋਂ ਜਿੱਤਿਆ ਸਾਰਾ ਇਲਾਕਾ ਉਸ ਦੇ ਲੜਕੇ ਰਾਜੇ ਕਰਨ ਨੂੰ ਦੇ ਦਿਤਾ ਅਤੇ ਨਾਲ ਹੀ 'ਮਲਿਕੇ ਮੁਲਕ' ਦੀ ਉਪਾਧੀ ਵੀ ਬਖ਼ਸ਼ੀ। ਇਸੇ ਸਮਝੌਤੇ ਅਧੀਨ ਸਾਰੰਗ ਗੜੀ ਅਤੇ ਉਸ ਦੇ ਅਧੀਨ ਦਾ ਖੇਤਰ ਸੀਆ ਪਰਿਵਾਰ ਨੂੰ ਦਿਤਾ ਗਿਆ। ਇਸੇ ਰਵਾਇਤ ਅਨੁਸਾਰ ਰਾਜੇ ਰਸਾਲੂ ਦੀ ਲੜਕੀ ਸਰਨ ਦੇ ਹੋਡੀ ਤੋਂ ਤਿੰਨ ਪੁੱਤਰ ਟਿਉ, ਘਿਉ ਤੇ ਸਿਉ ਪੈਦਾ ਹੋਏ, ਜੋ ਤਰਤੀਬਵਾਰ ਟਿਵਾਣੇ, ਘੇਬੇ ਅਤੇ ਸਿਆਲ ਜਾਤਾਂ ਦੇ ਵਡਿਕੇ ਬਣੇ।

ਦੂਜੀ ਪਰੰਪਰਾ ਪੋਠੋਹਾਰ ਮੂਲਿਕ ਹੈ ਅਤੇ ਉਪ੍ਰੋਕਤ ਰਵਾਇਤ ਤੋਂ ਬਿਲਕੁਲ ਭਿੰਨ ਹੈ। ਇਸ ਰਵਾਇਤ ਅਨੁਸਾਰ ਰਾਜਾ ਰਸਾਲੂ ਖੈਰਾਮੂਰਤੀ ਦੇ ਧੌਲਰ ਵਿਚ ਆਪਣੀ ਪਤਨੀ ਕੋਕਿਲਾਂ ਨਾਲ ਰਿਹਾ ਕਰਦਾ ਸੀ। ਇਕ ਵਾਰ ਜਦੋਂ ਰਸਾਲੂ ਸ਼ਿਕਾਰ ਖੇਡਦਾ ਕਿਧਰੇ ਦੂਰ ਦੁਰਾਡੇ ਨਿਕਲ ਗਿਆ ਤਾਂ ਰਾਜਾ ਹੋਡੀ ਹੀਰਾ ਹਿਰਨ (ਵੇਖੋ : ਹੀਰਾ ਹਿਰਨ) ਦਾ ਪਿੱਛਾ ਕਰਦਾ ਰਾਣੀ ਕੋਕਿਲਾਂ ਦੇ ਮਹਿਲ ਹੇਠ ਆ ਪੁੱਜਾ ਅਤੇ ਉਸ ਨਾਲ ਆਪਣੀ ਕਾਮ ਚੇਸ਼ਟਾ ਪੂਰੀ ਕੀਤੀ। ਰਾਜੇ ਰਸਾਲੂ ਨੂੰ ਜਦੋਂ ਇਸ ਗੱਲ ਦਾ ਪਤਾ ਚਲਿਆ, ਤਾਂ ਉਸ ਨੇ ਰਾਜੇ ਹੋਡੀ ਨਾਲ ਦੂਬਦੂ ਲੜ ਕੇ ਉਸ ਨੂੰ ਮਾਰ ਦਿਤਾ ਅਤੇ ਉਸ ਦਾ ਮਾਸ ਰਿੰਨ੍ਹ ਕੇ ਕੋਕਿਲਾਂ ਨੂੰ ਖਵਾਇਆ (ਵੇਖੋ : ਕੋਕਿਲਾਂ)। ਪਰ ਗੰਡਗੜ੍ਹ ਦੇ ਲੋਕਾਂ ਦਾ ਵਿਚਾਰ ਹੈ ਕਿ ਹੋਡੀ ਦੀ ਮ੍ਰਿਤੂ ਮੁਹਾਤ ਵਿਚ ਹੋਈ, ਜੋ ਅਟਕ ਦਰਿਆ ਦੇ ਖੱਬੇ ਕੰਢੇ ਉਪਰ ਤੋਰਬੇਲਾ ਤੋਂ ਪੰਜ ਮੀਲ ਹੇਠਾਂ ਵਲ ਸਥਿਤ ਹੈ।

ਤੀਜੀ ਪ੍ਰਕਾਰ ਦੀਆਂ ਰਵਾਇਤਾਂ ਸੀਮਾਂ ਪ੍ਰਾਂਤ ਵਿਚ ਪ੍ਰਚਲਤ ਹਨ। ਜਲਾਲਾਬਾਦ ਤੇ ਪਿਸ਼ਾਵਰ ਦੇ ਇਲਾਕੇ ਦੀਆਂ ਰਵਾਇਤਾਂ ਅਨੁਸਾਰ ਹਾਜਾ ਹੋਡੀ ਈਰਾਨ ਦੇ ਬਾਦਸ਼ਾਹ ਅਫ਼ਰਾਸਿਆਬ ਦਾ ਲੜਕਾ ਸੀ। ਇਸ ਦੇ ਦੋ ਹੋਰ ਭਰਾ — ਆਇਨ ਪੋਸ਼ ਤੇ ਦਰੰਤਾ ਸਨ। ਰਾਜਾ ਹੋਡੀ ਜਿਸ ਨੂੰ ਉਹ ਹੁਡੀ ਜਾਂ ਓਠੀ ਕਹਿੰਦੇ ਹਨ, ਦੀ ਰਾਜਧਾਨੀ ਹਡਾ ਵਿਖੇ ਸੀ, ਜੋ ਜਲਾਲਾਬਾਦ ਤੋਂ ਦੱਖਣ ਵਲ 5 ਮੀਲਾਂ ਦੀ ਵਿਥ ਉਪਰ ਸਥਿਤ ਹੈ। ਹੋਡੀ ਦਾ ਭਰਾ ਹਮੇਸ਼ਾਂ ਲੋਹੇ ਦਾ ਸੰਜੋਆ ਪਹਿਨੀ ਰਖਣ ਕਰ ਕੇ, ਆਇਨਪੋਸ਼ ਦੇ ਨਾਂ ਨਾਲ ਪ੍ਰਸਿਧ ਸੀ। ਇਸ ਵਲੋਂ ਬਣਾਏ ਸਤੂਪ ਨੂੰ ਵੀ ਆਇਨਪੋਸ਼ ਸਤੂਪ ਕਿਹਾ ਜਾਣ ਲੱਗਾ। ਜਲਾਲਾਬਾਦ ਤੋਂ ਪੱਛਮ ਵਲ 5 ਮੀਲਾਂ ਦੀ ਵਿਥ ਉਤੇ ਹੋਡੀ ਦੇ ਦੂਜੇ ਭਰਾ ਦਰੰਤਾ ਦਾ ਰਾਜ ਸੀ। ਇਹ ਇਲਾਕਾ ਜੋ ਬੜਾ ਸੁੰਦਰ ਤੇ ਰਮਣੀਕ ਹੈ, ਹੁਣ ਤਕ ਦਰੰਤਾ ਦੇ ਨਾਂ ਨਾਲ ਪ੍ਰਸਿਧ ਹੈ।

ਅਫ਼ਰਾਸਿਆਬ ਦਾ ਰਾਜ ਖੇਤਰ ਪੂਰਬ ਵਲ ਜਮਰੌਦ ਤਕ ਫੈਲਿਆ ਹੋਇਆ ਸੀ ਤੇ ਇਸ

Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਇਲਾਕੇ ਨੂੰ 'ਬਕਤਾ' ਕਿਹਾ ਜਾਂਦਾ ਸੀ। ਜੋ ਫ਼ਾਰਸ ਦੇ ਬਾਦਸ਼ਾਹ ਨੌਸ਼ੇਰਵਾਂ ਦੇ ਵਜ਼ੀਰ ਦੇ ਨਾਂ ਉਤੇ ਰਖਿਆ ਗਿਆ, ਜੋ ਪਹਿਲਾਂ ਕਦੇ ਇਥੇ ਰਾਜ ਕਰਦਾ ਸੀ। ਇਸ ਇਲਾਕੇ ਦੀਆਂ ਪ੍ਰਚਲਤ ਕਥਾਵਾਂ ਅਨੁਸਾਰ ਹੋਡੀ ਤੇ ਉਸ ਦੇ ਦੋਹਾਂ ਭਰਾਵਾਂ ਨੂੰ ਮੁਹੰਮਦ ਸਾਹਿਬ ਦੇ ਜਵਾਈ ਅਮੀਰ ਹਮਜ਼ਾ ਅਥਵਾ ਅਮਾਮ ਉਲ ਹਮਜ਼ਾ ਨੇ ਕਤਲ ਕੀਤਾ ਸੀ।

ਪਿਸ਼ਾਵਰ ਵਿਚ ਪ੍ਰਚਲਤ ਦੰਦ-ਕਥਾਵਾਂ ਅਨੁਸਾਰ ਰਾਜਾ ਹੋਡੀ ਦੀ ਇਕ ਭੈਣ ਵੀ ਸੀ, ਜਿਸ ਦਾ ਕਿਲ੍ਹਾ ਰਾਣੀ ਘਾਟ ਵਿਖੇ ਸੀ। ਜਿਨ੍ਹੀਂ ਦਿਨੀਂ ਪਠਾਨ ਕਬੀਲੇ ਪਿਸ਼ਾਵਰ ਵਿਚ ਆ ਕੇ ਆਬਾਦ ਹੋਏ, ਉਨ੍ਹੀਂ ਦਿਨੀਂ ਰਾਣੀ ਘਾਟ ਵਿਚ ਇਕ ਹਿੰਦੂ ਰਾਣੀ ਨੇ ਕਿਲ੍ਹਾ ਬਣਵਾਇਆ। ਇਸ ਰਾਣੀ ਦੇ ਤਿੰਨ ਭਰਾ ਸਨ, ਇਕ ਚਾਰ ਸਦੇ, ਦੂਜਾ ਪਿਸ਼ਾਵਰ ਵਿਚ ਰਹਿੰਦਾ ਸੀ ਅਤੇ ਤੀਜਾ ਓਡੀ, ਅਟਕ ਤੋਂ ਪਾਰ ਖ਼ੈਰਾਬਾਦ ਦੇ ਸਾਹਮਣੇ ਪਾਸੇ ਵਲ ਕਿਲ੍ਹੇ ਵਿਚ ਨਿਵਾਸ ਕਰਦਾ ਸੀ।

ਉਨ੍ਹੀਂ ਦਿਨੀਂ ਪਠਾਨ ਕਬੀਲਿਆਂ ਦਾ ਜ਼ੋਰ ਵਧ ਰਿਹਾ ਸੀ। ਸੋ, ਇਨ੍ਹਾਂ ਚਾਰੋ ਭੈਣ-ਭਰਾਵਾਂ ਨੇ ਫ਼ੈਸਲਾ ਕੀਤਾ ਕਿ ਉਹ ਸੰਕਟ ਦੇ ਸਮੇਂ ਆਪੋ ਆਪਣੇ ਕਿਲ੍ਹੇ ਦੇ ਬੁਰਜ ਵਿਚ ਲਾਟਾਂ ਛੱਡਦੀ ਅੱਗ ਬਾਲ ਦਿਆ ਕਰਨਗੇ। ਅਸਮਾਨ ਵਿਚ ਬਲਦੇ ਸ਼ੁਅਲੇ ਤੇ ਅਕਾਸ਼ ਵਿਚ ਉਡਦੇ ਧੂੰਏਂ ਨੂੰ ਵੇਖਕੇ ਬਾਕੀ ਸਭ ਸੰਕਟ ਬਾਰੇ ਅਨੁਮਾਨ ਲਗਾ ਲੈਣਗੇ ਤੇ ਆਪੋ ਆਪਣੀ ਸੈਨਾ ਲੈ ਕੇ ਤੁਰੰਤ ਮਦਦ ਲਈ ਪਹੁੰਚ ਜਾਣਗੇ। ਰਾਜਾ ਹਸ਼ਤਨਗਰ ਨੇ ਆਪਣੇ ਰਿਸ਼ਤੇਦਾਰਾਂ ਨੂੰ ਪਰਖਣ ਲਈ ਕਿਲ੍ਹੇ ਦੇ ਬੁਰਜ ਉਤੇ ਅੱਗ ਬਾਲੀ, ਜਿਸ ਦੇ ਸ਼ੁਅਲੇ ਵੇਖ ਕੇ ਸਭ ਰਿਸ਼ਤੇਦਾਰ ਆਪੋ ਆਪਣੀ ਸੈਨਾ ਲੈਕੇ ਸਹਾਇਤਾ ਲਈ ਪਹੁੰਚ ਗਏ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸੰਕੇਤ ਕੇਵਲ ਪਰਤਾਵੇ ਦੀ ਖ਼ਾਤਰ ਸੀ, ਤਾਂ ਉਹ ਹਸ਼ਤਨਗਰ ਦੇ ਰਾਜੇ ਨਾਲ ਬੜੇ ਨਰਾਜ਼ ਹੋਏ।

ਕੁਝ ਸਮੇਂ ਬਾਅਦ ਪਠਾਨਾਂ ਦੇ ਕੁਝ ਕਬੀਲਿਆਂ ਨੇ ਰਾਣੀ ਉਤੇ ਧਾਵਾ ਬੋਲ ਦਿਤਾ। ਰਾਣੀ ਨੇ ਕਿਲ੍ਹੇ ਦੇ ਬੁਰਜ ਉਤੇ ਅੱਗ ਬਾਲੀ, ਪਰ ਉਸਦੇ ਭਰਾਵਾਂ ਨੇ ਪਹਿਲੇ ਵਾਂਗ, ਇਸਨੂੰ ਝੂਠਾ ਸੰਕੇਤ ਹੀ ਸਮਝਿਆ ਤੇ ਕੋਈ ਭਰਾ ਵੀ ਉਸ ਦੀ ਮਦਦ ਲਈ ਨਾ ਆਇਆ, ਜਿਸ ਕਰ ਕੇ ਰਾਣੀ ਨੂੰ ਆਪਣੀ ਸੈਨਾ ਨਾਲ ਇਕੱਲਿਆਂ ਹੀ ਦੁਸ਼ਮਣ ਦਾ ਟਾਕਰਾ ਕਰਨਾ ਪਿਆ। ਰਾਣੀ ਬੜੀ ਹੀ ਸੁੰਦਰ, ਨਾਜ਼ਕ ਤੇ ਕੋਮਲ-ਭਾਵੀ ਸੀ ਅਤੇ ਤੇਜ਼ ਧੁਪ [illegible] ਨੂੰ ਵੀ, ਪਿੰਡੇ ਤੇ ਨਹੀਂ ਸੀ ਝਲ ਸਕਦੀ। ਲੜਾਈ ਦੇ ਦੌਰਾਨ ਰਾਣੀ ਇਕ ਵੱਡੇ ਪੱਥਰ ਉਤੇ [illegible] ਅਤੇ ਭਰਾਵਾਂ ਵਲੋਂ ਆਉਣ ਵਾਲੀ ਕੁਮਕ ਦਾ ਰਾਹ ਵੇਖਣ ਲੱਗੀ। ਕਿਹਾ ਜਾਂਦਾ ਹੈ ਕਿ ਸੂਰਜ ਦੀਆਂ ਤੇਜ਼ ਕਿਰਨਾਂ ਵਿਚ ਉਸ ਦਾ ਕੋਮਲ ਸਰੀਰ ਚਾਂਦੀ ਵਾਂਗ ਪਿਘਲ ਗਿਆ ਅਤੇ ਉਸ ਦੇ ਲਹੂ ਦੇ ਨਿਸ਼ਾਨ ਉਸੇ ਪੱਥਰ ਉਪਰ ਲਾਲ ਧਬਿਆਂ ਦੇ ਰੂਪ ਵਿਚ ਉਕਰੇ ਗਏ। ਇਸ ਪੱਥਰ ਨੂੰ ਰਾਣੀ ਘਾਟ ਕਹਿੰਦੇ ਹਨ। ਇਹ ਤੀਜੀ ਰਵਾਇਤ ਉਪ੍ਰੋਕਤ ਦੋਹਾਂ ਰਵਾਇਤਾਂ ਨਾਲੋਂ ਭਿੰਨ ਹੈ, ਪਰ ਇਹ ਰਵਾਇਤ ਹੋਡੀ ਤੇ ਰਸਾਲੂ ਦੇ ਸਬੰਧਾਂ ਬਾਰੇ ਮੌਨ ਹੈ।

ਉਪ੍ਰੋਕਤ ਸਭ ਰਵਾਇਤਾਂ ਇਕ ਦੂਜੇ ਤੋਂ ਇਤਨੀਆਂ ਭਿੰਨ ਹਨ ਕਿ ਕਿਸੇ ਇਕ ਨੁਕਤੇ ਤੇ ਪਹੁੰਚਣਾ ਸਹਿਜ ਨਹੀਂ। ਇਹ ਵੀ ਨਿਰਨਾ ਕਰਨਾ ਕਠਨ ਹੈ ਕਿ ਇਨ੍ਹਾਂ ਵਿਚੋਂ ਕਿਹੜੀ ਰਵਾਇਤ ਪ੍ਰਮਾਣਿਕ ਹੈ ਅਤੇ ਕਿਹੜੀ ਨਹੀਂ। ਲੋਕ-ਮਨ 'ਕਹੀਂ ਕੀ ਈਂਟ ਕਹੀਂ ਕਾ ਰੋੜਾ' ਲੈ ਕੇ ਜੋ ਮਹਿਲ ਉਸਾਰਦਾ ਹੈ, ਉਸ ਵਿਚੋਂ ਤੱਤ ਨਿਤਾਰਨੇ ਕਈ ਵਾਰ ਅਸੰਭਵ ਹੋ ਜਾਂਦੇ ਹਨ।

ਹੋਡੀ ਦਾ ਜ਼ਿਕਰ ਮੰਤਰਾਂ ਵਿਚ ਵੀ ਆਉਂਦਾ ਹੈ।

(ਹ-181) **ਹੋਡੀ ਦੀ ਗੜ੍ਹੀ :**

ਅਟਕ ਦਰਿਆ ਦੇ ਕੰਢੇ ਇਕ ਪਹਾੜੀ ਉਤੇ ਇਕ ਪੁਰਾਣੀ ਗੜ੍ਹੀ ਖ਼ਸਤਾ ਹਾਲਤ ਵਿਚ ਮਿਲਦੀ ਹੈ, ਜਿਸ ਨੂੰ ਲੋਕੀਂ ਰਾਜਾ ਹੋਡੀ ਦੀ ਗੜ੍ਹੀ ਕਹਿੰਦੇ ਹਨ।

(ਹ-182) **ਹੋਣੀ :**

(ਵੇਖੋ : ਭਾਵੀ)।

(ਹ-183) **ਹੋਤ :**

ਇਕ ਬਲੋਚ ਕਬੀਲਾ; ਹਾਸ਼ਮ ਅਨੁਸਾਰ ਸੱਸੀ ਦਾ ਪ੍ਰੇਮੀ ਪੁੰਨੂੰ ਹੋਤ ਕਬੀਲੇ ਵਿਚੋਂ ਸੀ। ਜੇ ਸੱਸੀ ਪੁੰਨੂੰ ਦੀ ਕਥਾ ਨੂੰ ਕਲਪਿਤ ਜਾਂ ਪੌਰਾਣਿਕ ਮਿਥ ਦਾ ਵਿਕ੍ਰਤ ਰੂਪ ਮੰਨੀਏ, ਤਾਂ ਪੁੰਨੂੰ ਦਾ ਹੋਤ ਕਬੀਲੇ ਨਾਲ ਜੁੜਨਾ ਆਪਣੇ ਵਿਚ ਇਕ ਰੌਚਕ ਘਟਨਾ ਹੈ। ਲੋਕ-ਮਨ ਕਿਥੋਂ ਦੀ ਇੱਟ ਤੇ ਕਿਥੋਂ ਦਾ ਰੋੜਾ ਚੁਕ ਕੇ, ਕਿਥੇ ਮਹਿਲ ਜਾ ਉਸਾਰਦਾ ਹੈ। ਹੋਤ ਸ਼ਬਦ ਦਾ ਮੂਲ ਹਿੱਤ ਹੈ, ਜਿਸ ਦਾ ਅਰਥ ਹੈ ਪ੍ਰੇਮ। ਜਿਸ ਨਾਲ ਪ੍ਰੇਮ ਕੀਤਾ ਜਾਵੇ, ਉਸ ਨੂੰ ਹੇਤੂ ਜਾਂ ਹੋਤ ਕਹਿ ਲਿਆ ਜਾਂਦਾ ਹੈ। ਭਾਈ ਮਯਾ ਸਿੰਘ ਅਨੁਸਾਰ 'ਹੋਤ' ਦੇ ਅਰਥ ਦੋਸਤ ਹਨ (ਪੰਜਾਬੀ ਡਿਕਸ਼ਨਰੀ, 400)। ਜਾਪਦਾ ਹੈ ਪਹਿਲਾਂ ਹੋਤ ਸ਼ਬਦ ਪੁੰਨੂੰ ਨਾਲ ਪ੍ਰੀਤਮ ਦੇ ਅਰਥਾਂ ਵਿਚ ਜੁੜਿਆ ਸੀ। ਇਹੋ ਹੋਤ ਹਾਸ਼ਮ ਦੇ ਸਮੇਂ ਤਕ ਜਾਤ ਬੋਧਿਕ ਪਦ ਬਣ ਗਿਆ ਤੇ ਇਸੇ ਦਾ ਏਕੀਕਰਣ ਬਲੋਚ ਕਬੀਲੇ

ਸਰ ਰਿਚਰਡ ਟੈਂਪਲ (ਲੈਜਿੰਡਜ਼ ਆਫ਼ ਦੀ ਪੰਜਾਬ, 130) ਦੀ ਧਾਰਨਾ ਹੈ ਕਿ ਪੁੰਨੂੰ ਜਾਤ ਕਬੀਲ ਵਲੋਂ ਹੋਤ ਹੋ ਹੀ ਨਹੀਂ ਸਕਦਾ, ਇਹ ਬਾਅਦ ਦੀ ਕਲਪਨਾ ਹੈ। ਡਾ: ਸੋਂਰਲੇ ਨੇ ਹੋਤ ਦੇ ਅਰਥ ਮਿਤ੍ਰ ਦੇ ਹੀ ਕੀਤੇ ਹਨ। ਇਹ ਪਦ ਸੱਸੀ ਆਪਣੇ ਪ੍ਰੀਤਮ ਪੁੰਨੂੰ ਲਈ ਵਰਤਿਆ ਕਰਦੀ ਸੀ (ਸੱਸੀ ਹਾਸ਼ਮ, ਸ਼ਾਨ, 71)। ਹਾਸ਼ਮ ਨੇ ਪਹਿਲੀ ਵਾਰ ਇਸ ਸ਼ਬਦ ਨੂੰ ਜਾਤੀਪਰਕ ਅਰਥਾਂ ਵਿਚ ਵਰਤਿਆ ਹੈ ਤੇ ਸੱਸੀ ਹਾਸ਼ਮ ਦੇ ਮਕਬੂਲ ਹੋਣ ਨਾਲ ਪੁੰਨੂੰ ਸਦਾ ਲਈ ਹੋਤ ਕਬੀਲੇ ਨਾਲ ਜੋੜ ਦਿਤਾ ਗਿਆ ਹੈ।

(ਹ-184) **ਹੋਲਰ :**

ਬੱਚੇ ਦੇ ਜਨਮ ਸਮੇਂ ਗਾਏ ਜਾਣ ਵਾਲੇ ਮੰਗਲ ਗੀਤ; ਨਮੂਨਾ ਇਸ ਪ੍ਰਕਾਰ ਹੈ :

ਕੇਸਰੀਆਂ ਸਰਦਾਰਾ ਲੈ ਵੇ ਹੋਲਰ,<br>
ਏਸ ਮੁੰਡੇ ਦੀ ਨਾਨੀ ਆਵੇਗੀ,<br>
ਟਪਦੀ ਆਵੇਗੀ, ਢੋਲ ਵਜਾਉਂਦੀ ਆਵੇਗੀ।

ਇਸੇ ਤਰ੍ਹਾਂ ਹੋਰ ਅੰਗਾਂ ਸਾਕਾਂ ਦੇ ਨਾਉਂ ਵੀ ਵਾਰੋ ਵਾਰੀ ਗਿਣਾਏ ਜਾਂਦੇ ਹਨ ਤੇ ਨਾਲੋ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਦਾ ਵੀ ਵਰਨਣ ਕੀਤਾ ਜਾਂਦਾ ਹੈ।

(ਹ-185) **ਹੋਲਾ ਮਹੱਲਾ :**

ਹੋਲੀ ਤੋਂ ਅਗਲਾ ਦਿਵਸ, ਜਿਸ ਨੂੰ ਸਿੱਖ ਇਕ ਵਿਸ਼ੇਸ਼ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਹਨ। ਇਸ ਪੁਰਬ ਦਾ ਮੁੱਢ ਗੁਰੂ ਗੋਬਿੰਦ ਸਿੰਘ ਨੇ, ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ, ਚੇਤ ਵਦੀ ਏਕਮ ਸੰਮਤ 1757 ਨੂੰ ਬੰਨ੍ਹਿਆ। ਉਸ ਤੋਂ ਬਾਅਦ ਹਰ ਸਾਲ ਇਸ ਦਿਵਸ ਨੂੰ ਅਨੰਦਪੁਰ ਸਾਹਿਬ ਵਿਚ ਸਭਿਆਚਾਰਕ ਅਤੇ ਸੈਨਿਕ ਸਮਾਰੋਹ ਹੁੰਦੇ ਰਹੇ, ਜਿਨ੍ਹਾਂ ਵਿਚ ਕਾਵਿ ਤੇ ਸੰਗੀਤ ਤੋਂ ਇਲਾਵਾ ਸ਼ਸਤ੍ਰ-ਵਿੱਦਿਆ ਵਿਚ ਮਾਹਿਰ ਯੁਵਕ ਆਪਣੇ ਕਰਤਬ ਵਿਖਾਂਦੇ ਰਹੇ। ਪੁਰਾਣੀ ਪਰੰਪਰਾ ਭਾਵੇਂ ਤਿਆਗ ਦਿਤੀ ਗਈ ਹੈ, ਪਰ ਹੁਣ ਵੀ ਹੋਲੇ ਮਹੱਲੇ ਦਾ ਜਲੂਸ, ਪਰੰਪਰਾਗਤ ਗੌਰਵ ਨਾਲ ਹੀ ਨਿਕਲਦਾ ਹੈ।

ਗੁਰੂ ਗੋਬਿੰਦ ਸਿੰਘ ਖ਼ਾਲਸੇ ਨੂੰ ਫ਼ੌਜੀ ਸਿਖਸ਼ਾ, ਸ਼ਸਤ੍ਰ ਦੀ ਵਰਤੋਂ ਤੇ ਸੈਨਿਕ ਕੁਟਿਲਤਾ ਵਿਚ ਤਾਕ ਕਰਨ ਲਈ, ਇਸ ਤਿਥ ਨੂੰ ਯੋਧਿਆਂ ਵਿਚ ਮੁਕਾਬਲੇ ਅਤੇ ਮਸਨੂਈ ਯੁਧ ਕਰਵਾਇਆ ਕਰਦੇ ਸਨ। ਖ਼ਾਲਸੇ ਨੂੰ ਦੋ ਦਲਾਂ ਵਿਚ ਵੰਡ ਦਿਤਾ ਜਾਂਦਾ ਅਤੇ ਇਕ ਦਲ ਕਿਸੇ ਵਿਸ਼ੇਸ਼ ਪਹਾੜੀ ਟਿਲੇ ਉਪਰ ਕਾਬਜ਼ ਹੋ ਜਾਂਦਾ। ਫਿਰ ਦੂਜਾ ਦਲ ਉਸ ਉਪਰ ਹੱਲਾ ਕਰ ਕੇ, ਉਸ ਤੋਂ ਉਹ ਪਹਾੜੀ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਪੈ ਤਰੇਬਾਜ਼ੀ ਤੇ ਯੁਧ-ਜੁਗਤੀ ਦਾ ਅਭਿਆਸ ਕੀਤਾ ਜਾਂਦਾ।

Sri Satguru Jagjit Singh Ji eLibrary NamdhariElibrary@gmail.com

ਜੋ ਯੋਧੇ ਸ਼ਸਤ੍ਰ ਪ੍ਰਯੋਗ ਤੇ ਪੈਂਤਰਬਾਜ਼ੀ ਵਿਚ ਸਭ ਤੋਂ ਵਧ ਮਾਹਿਰ ਹੁੰਦੇ, ਉਨ੍ਹਾਂ ਨੂੰ ਸਰੋਪੇ ਦਿਤੇ ਜਾਂਦੇ। ਇਸ ਤੋਂ ਬਾਅਦ ਹੋਲੇ ਮਹੱਲੇ ਦਾ ਜਲੂਸ ਕਢਿਆ ਜਾਂਦਾ, ਜਿਸ ਵਿਚ ਨਿਹੰਗ ਸਿੰਘ ਤੇ ਸ਼ਸਤਰਧਾਰੀ ਆਪੋ ਆਪਣੇ ਕਰਤਬ ਵਿਖਾਂਦੇ।

ਮਹੱਲਾ ਅਰਬੀ ਦੇ ਸ਼ਬਦ 'ਮਹਲੱਹੇ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ ਜਿਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਪਹਿਲਾਂ ਇਹ ਸ਼ਬਦ ਇਸੇ ਭਾਵ ਵਿਚ ਵਰਤਿਆ ਜਾਂਦਾ ਰਿਹਾ ਹੈ। ਜਦੋਂ ਮਿਥੇ ਹੋਏ ਅਸਥਾਨ ਉਪਰ ਕੋਈ ਦਲ ਕਾਬਜ਼ ਹੋ ਜਾਂਦਾ, ਤਾਂ ਉਥੇ ਹੀ ਦਰਬਾਰ ਲੱਗਦਾ ਤੇ ਸ਼ਸਤ੍ਰਧਾਰੀ ਤੇਗਜ਼ਨੀ ਦੇ ਕਮਾਲ ਵਿਖਾਂਦੇ। ਪਰ ਹੌਲੇ ਹੌਲੇ ਇਹ ਸ਼ਬਦ ਉਸ ਜਲੂਸ ਲਈ ਪ੍ਰਚਲਤ ਹੋ ਗਿਆ, ਜੋ ਫ਼ੌਜੀ ਸਜਧਜ ਤੇ ਨਗਾਰਿਆਂ ਦੀ ਚੋਟ ਨਾਲ ਅਨੰਦਪੁਰ ਸਾਹਿਬ ਵਿਚ, ਇਕ ਗੁਰਧਾਮ ਤੋਂ ਦੂਜੇ ਗੁਰਧਾਮਾਂ ਦੀ ਯਾਤ੍ਰਾ ਲਈ ਨਿਕਲਦਾ ਸੀ। ਹੋਲੇ ਮਹੱਲੇ ਦੇ ਜਲੂਸ ਦੀ ਇਹ ਪ੍ਰਥਾ ਹੁਣ ਤਕ ਜਾਰੀ ਹੈ।

ਹਜ਼ੂਰ ਸਾਹਿਬ (ਨੰਦੇੜ) ਵਿਚ ਹੋਲੇ ਮਹੱਲੇ ਦਾ ਜਲੂਸ ਵਿਲੱਖਣ ਢੰਗ ਨਾਲ ਨਿਕਲਦਾ ਹੈ। ਜਲੂਸ ਦੇ ਅੱਗੇ ਅੱਗੇ ਇਕ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਠੁਮਕਦਾ ਹੋਇਆ ਚਲਦਾ ਹੈ ਅਤੇ ਪਿਛੇ ਪਿਛੇ ਸੰਗਤਾਂ। ਰਵਾਇਤ ਹੈ ਕਿ ਇਹ ਨੀਲਾ ਘੋੜਾ ਗੁਰੂ ਗੋਬਿੰਦ ਸਿੰਘ ਦੇ ਨੀਲੇ ਘੋੜੇ ਦੀ ਵੰਸ਼ ਵਿਚੋਂ ਹੀ ਹੈ। ਫਿਰ ਕੁਝ ਸੂਰਮੇ ਹਵਾ ਵਿਖ ਫ਼ਾਇਰ ਕਰਦੇ ਹਨ, ਜਿਵੇਂ ਕਿਸੇ ਦੁਸ਼ਮਨ ਉਪਰ ਧਾਵਾ ਬੋਲਿਆ ਗਿਆ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ ਤੇ ਉਸ ਦੇ ਪਿਛੇ ਪਿਛੇ ਸੰਗਤ਼ਾਂ ਨਠਦੀਆਂ ਹਨ ਅਤੇ ਇਸੇ ਨੂੰ 'ਮਹੱਲਾ' ਕਿਹਾ ਜਾਂਦਾ ਹੈ। ਹੋਲੇ ਮਹੱਲੇ ਦਾ ਜਲੂਸ ਅਨੰਦਪੁਰ ਅਤੇ ਹਜ਼ੂਰ ਸਾਹਿਬ ਤੋਂ ਬਾਹਰ ਹੋਰ ਕਿਧਰੇ ਨਹੀਂ ਨਿਕਲਦਾ।

ਹੋਲੇ ਦਾ ਮੇਲਾ ਪੌਂਟੇ ਸਾਹਿਬ ਵਿਚ ਵੀ ਗੁਰਦਵਾਰੇ ਦੇ ਸਾਹਮਣੇ ਦੇ ਅਹਾਤੇ ਵਿਚ ਲੱਗਦਾ ਹੈ, ਜਿਸ ਵਿਚ ਹਜ਼ਾਰਾਂ ਦੀ ਸੰਖਿਆ ਵਿਚ ਲੋਕ ਸ਼ਾਮਲ ਹੁੰਦੇ ਹਨ। ਗੁਰੂ ਗੋਬਿੰਦ ਸਿੰਘ 1742 ਬਿਕ੍ਰਮੀ ਵਿਚ 52 ਕਵੀਆਂ ਸਮੇਤ ਇਥੇ ਸਾਢੇ ਚਾਰ ਸਾਲ ਰਹੇ ਸਨ। ਇਹ ਮੇਲਾ ਉਦੋਂ ਤੋਂ ਤੁਰਿਆ ਆ ਰਿਹਾ ਹੈ। ਗੁਰੂ ਗਬਿੰਦ ਸਿੰਘ ਦੇ ਜ਼ਮਾਨੇ ਵਿਚ ਪੌਂਟਾ ਸਾਹਿਬ ਵਿਚ ਹੋਲੇ ਮਹੱਲੇ ਵਾਲੇ ਦਿਨ ਸੂਰਮੇ ਆਪਣੇ ਕਰਤੱਬ ਵਿਖਾਦੇ ਅਤੇ ਕਵੀ ਆਪਣੀ ਕਵਿਤਾ ਸੁਣਾਂਦੇ ਸਨ।

## (ਹ-186) ਹੋਲਾਂ।

ਅੱਗ ਵਿਚ ਭੁੱਜੀ ਹੋਈ ਛੋਲੀਏ ਦੀ ਹਰੀ ਫਲੀ; ਛੋਲੇ ਅਕਤੂਬਰ-ਨਵੰਬਰ ਵਿਚ ਬੀਜੇ ਜਾਂਦੇ ਹਨ ਅਤੇ ਪੰਜਾਂ ਮਹੀਨਿਆਂ ਅੰਦਰ ਇਨ੍ਹਾਂ ਦੀ ਫ਼ਸਲ ਪਕ ਕੇ ਤਿਆਰ ਹੋ ਜਾਂਦੀ ਹੈ। ਫ਼ਰਵਰੀ ਵਿਚ ਜਦੋਂ ਦਾਣੇ ਕੱਚੇ ਹੁੰਦੇ ਹਨ, ਤਾਂ ਛੋਲਿਆਂ ਦੇ ਝਾੜ ਅੱਗ ਵਿਚ ਭੁੰਨ ਕੇ ਖਾਣ ਦਾ ਰਵਾਜ ਹੈ।

ਪਹਿਲਿਆਂ ਵਿਚ ਹੋਲਾਂ ਭੁੰਨਣਾ ਉਪਜਾਇਕਤਾ ਦੀ ਹੀ ਇਕ ਰੀਤ ਸੀ। ਛੋਲੀਏ ਨੂੰ ਜਦੋਂ ਦਾਣੇ ਪੈਣੇ ਆਰੰਭ ਹੁੰਦੇ, ਤਾਂ ਉਨ੍ਹਾਂ ਨੂੰ ਢਾਂਡੀ ਬਾਲ ਕੇ ਰਸਮੀ ਢੰਗ ਨਾਲ ਭੁੰਨ ਕੇ, ਹੋਲਾਂ ਸਭਨਾਂ ਵਿਚ ਵੰਡੀਆਂ ਜਾਂਦੀਆਂ। ਗੋਹੇ ਦੀਆਂ ਪਾਥੀਆਂ, ਟਹਿਣਾਂ ਤੇ ਸੁਕੇ ਪੱਤਰ ਇਕੱਠੇ ਕਰ ਕੇ ਉਨ੍ਹਾਂ ਉਤੇ ਛੋਲੀਏ ਦਾ ਝਾੜ ਰਖ ਦਿਤਾ ਜਾਂਦਾ। ਫਿਰ ਗੁਲਾਲ ਧੂੜ ਕੇ ਅਤੇ ਅੰਨ ਦੇਵਤੇ ਨੂੰ ਪੂਜ ਕੇ ਹੋਲਾਂ ਭੁੰਨੀਆਂ ਜਾਂਦੀਆਂ, ਜੋ ਪ੍ਰਸ਼ਾਦਿ ਵਜੋਂ ਲੋਕਾਂ ਵਿਚ ਵੰਡੀਆਂ ਜਾਂਦੀਆਂ। ਵਿਚਾਰ ਸੀ ਕਿ ਇਸ ਤਰ੍ਹਾਂ ਕਰਨ ਨਾਲ ਛੋਲਿਆਂ ਦੀ ਫਲੀ ਵਿਚ ਦਾਣਾ ਮੋਟਾ ਪੈਂਦਾ ਅਤੇ ਝਾੜ ਘਣਾ ਹੁੰਦਾ ਹੈ। ਇਉਂ ਹੋਲਾਂ ਭੁੰਨਣੀਆਂ ਅੰਨ ਨਵਾਂ ਕਰਨ ਵਰਗੀ ਹੀ ਇਕ ਰੀਤ ਹੈ। ਪਰ ਇਹ ਰੀਤ ਹੁਣ ਅਤੀਤ ਦੀ ਯਾਦ ਬਣ ਕੇ ਰਹਿ ਗਈ ਹੈ।

ਜਿਸ ਅੱਗ ਵਿਚ ਹੋਲਾਂ ਭੁੰਨੀਆਂ ਜਾਣ, ਉਸ ਨੂੰ ਹੋਲੀ ਕਿਹਾ ਜਾਂਦਾ ਹੈ। ਇਸੇ ਤੋਂ ਖ਼ਿਆਲ ਕੀਤਾ ਜਾਂਦਾ ਹੈ ਕਿ ਹੋਲੀ ਇਕ ਮੌਸਮੀ ਤੇ ਕਿਰਸਾਨੀ ਤਿਉਹਾਰ ਹੈ, ਜਿਸ ਦਾ ਸਬੰਧ ਫ਼ਸਲ ਦੀ ਉਪਜਾਇਕਤਾ ਵਧਾਣ ਜਾਂ ਅੰਨ ਨਵਾਂ ਕਰਨ ਦੀ ਕਿਸੇ ਰੀਤ ਨਾਲ ਸੀ। ਇਹ ਵੀ ਸੰਭਵ ਹੈ ਕਿ ਹੋਲੀ ਦੇ ਤਿਉਹਾਰ ਨੂੰ ਅੱਗ ਬਾਲ ਕੇ, ਉਸ ਵਿਚ ਛੋਲਿਆਂ ਦੀ ਹਰੀ ਫਲੀ ਭੁੰਨੀ ਜਾਂਦੀ ਹੋਵੇ, ਜਿਸ ਕਰ ਕੇ ਇਸ ਭੁੱਜੀ ਹੋਈ ਫਲੀ ਨੂੰ ਹੋਲਾਂ ਕਿਹਾ ਜਾਣ ਲੱਗਾ ਹੋਵੇ। ਕੁਝ ਵੀ ਹੋਵੇ ਹੋਲਾਂ ਤੇ ਹੋਲੀ ਦਾ ਆਪਸੀ ਰਿਸ਼ਤਾ ਜ਼ਰੂਰ ਹੈ।

## (ਹ-187) ਹੋਲਿਕਾ :

ਪੁਰਾਣਾਂ ਅਨੁਸਾਰ ਹਰਨਾਕਸ਼ ਦੀ ਭੈਣ ਅਤੇ ਪ੍ਰਹਿਲਾਦ ਦੀ ਭੂਆ; ਹੋਲਿਕਾ ਨੇ ਘੋਰ ਤਪੱਸਿਆ ਤੇ ਸਾਧਨਾ ਦੁਆਰਾ ਸ਼ਿਵ ਤੋਂ ਇਹ ਵਰ ਪ੍ਰਾਪਤ ਕਰ ਲਿਆ ਕਿ ਅੱਗ ਉਸਨੂੰ ਕਦੇ ਨਹੀਂ ਸਾੜੇਗੀ। ਜਿਨ੍ਹਾਂ ਦਿਨਾਂ ਵਿਚ ਹਰਨਾਕਸ਼ ਆਪਣੇ ਪੁੱਤਰ ਪ੍ਰਹਿਲਾਦ ਨੂੰ ਅਨੇਕਾਂ ਤਸੀਹੇ ਦੇ ਰਿਹਾ ਸੀ, ਓਦੋਂ ਹੋਲਿਕਾ ਨੇ ਹਰਨਾਕਸ਼ ਦੀ ਬੜੀ ਮਦਦ ਕੀਤੀ। ਅਖ਼ੀਰ ਪ੍ਰਹਿਲਾਦ ਦਾ ਅੰਤ ਕਰਨ ਲਈ, ਉਸ ਨੂੰ ਗੋਦ ਵਿਚ ਲੈਕੇ, ਮੰਤਰਾਂ ਦਾ ਜਾਪ ਕਰਦੀ ਹੋਈ ਹੋਲਿਕਾ ਅੱਗ ਦੇ ਭਾਂਬੜ ਵਿਚ ਜਾ ਬੈਠੀ। ਮੰਤਰਾਂ ਸਦਕਾ ਹੋਲਿਕਾ ਉਤੇ ਅੱਗ ਦਾ ਅਸਰ ਨਹੀਂ ਸੀ ਹੋਣਾ, ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਪ੍ਰਹਿਲਾਦ ਤਾਂ ਵਿਸ਼ਨੂੰ ਦੀ ਬਖ਼ਸ਼ਿਸ਼ ਨਾਲ ਬਚ ਗਿਆ, ਪਰ ਹੋਲਿਕਾ ਸੜ ਕੇ ਸੁਆਹ ਹੋ ਗਈ। ਹੋਲਿਕਾ ਬਾਰੇ ਜੋ ਲੋਕਿਕ ਕਥਾ ਪ੍ਰਚਲਤ ਹੈ, ਉਸ ਅਨੁਸਾਰ ਹੋਲਿਕਾ ਨੇ ਸ਼ਿਵ ਤੋਂ ਅਜਿਹੀ ਓੜਨੀ ਪ੍ਰਾਪਤ ਕਰ ਲਈ ਸੀ, ਜਿਸ ਨੂੰ ਉਪਰ ਲੈਣ ਨਾਲ ਅੱਗ ਸਾੜਦੀ ਨਹੀਂ ਸੀ। ਹੋਲਿਕਾ ਉਹ ਓੜਨੀ ਆਪਣੇ ਉਪਰ ਲੈ ਕੇ ਅਤੇ ਬਾਲਕ ਪ੍ਰਹਿਲਾਦ ਨੂੰ ਗੋਦ ਵਿਚ ਬਿਠਾ ਕੇ, ਅੱਗ ਦੀਆਂ ਲਾਟਾਂ ਵਿਚ ਜਾ ਬੈਠੀ। ਹਨੇਰੀ ਝੁਲਣ ਕਰ ਕੇ ਓੜਨੀ ਹੋਲਿਕਾ ਤੋਂ ਉਡ ਕੇ ਪ੍ਰਹਿਲਾਦ ਉਪਰ ਜਾ ਟਿਕੀ, ਜਿਸ ਨਾਲ ਪ੍ਰਹਿਲਾਦ ਤਾਂ ਅਗਨ ਦੇ ਪ੍ਰਭਾਵ ਤੋਂ ਬਚ ਗਿਆ, ਪਰ ਹੋਲਿਕਾ ਸੜ ਕੇ ਸੁਆਹ ਹੋ ਗਈ। ਇਕ ਧਾਰਨਾ ਅਨੁਸਾਰ ਹੋਲੀ ਦੇ ਦਿਨਾਂ ਵਿਚ ਹਿੰਦੂ ਇਸੇ ਘਟਨਾ ਦੀ ਸਿਮਰਤੀ ਵਿਚ ਢਾਂਡੀ ਬਾਲਦੇ ਹਨ (ਵੇਖੋ : ਹੋਲੀ)। ਹੋਲਿਕਾ ਦਾ ਦੂਜਾ ਨਾਂ ਢੁੰਡਾ ਸੀ।

## (ਹ-188) ਹੋਲੀ :

ਹੋਲੀ ਇਕ ਮੌਸਮੀ ਤਿਉਹਾਰ ਹੈ, ਜੋ ਬਹਾਰ ਦੀ ਆਮਦ 'ਤੇ ਫੱਗਣ ਦੀ ਪੂਰਨਮਾਸ਼ੀ ਨੂੰ ਭਾਰਤ ਦੇ ਇਕ ਵਡੇਰੇ ਭਾਗ ਵਿਚ ਮਨਾਇਆ ਜਾਂਦਾ ਹੈ। ਫੱਗਣ ਦੇ ਮਹੀਨੇ ਪੈਣ ਕਰ ਕੇ, ਉੱਤਰ ਪ੍ਰਦੇਸ਼ ਤੇ ਹਰਿਆਣੇ ਵਿਚ, ਇਸ ਤਿਉਹਾਰ ਨੂੰ ਫਾਗ ਵੀ ਕਹਿੰਦੇ ਹਨ। ਦੱਖਣ ਵਿਚ ਇਹ ਤਿਉਹਾਰ ਕਾਮਦੇਵ ਨਾਲ ਸੰਬੰਧਿਤ ਹੋਣ ਕਰ ਕੇ ਕਾਮ ਦਾਹਨਮ ਜਾਂ ਕਾਮਾਪੰਡੀਗਈ ਦੇ ਨਾਂ ਨਾਲ ਪ੍ਰਸਿਧ ਹੈ।

ਪੰਜਾਬ ਵਿਚ ਹੋਲੀ ਦਾ ਤਿਉਹਾਰ ਬਸੰਤ ਪੰਚਮੀ ਤੋਂ ਚਾਲ੍ਹੀਵੇਂ ਦਿਨ ਪੈਂਦਾ ਹੈ। ਚਲੀਹੇ ਦਾ ਭਾਰਤੀ ਲੋਕਧਾਰਾ ਵਿਚ ਖ਼ਾਸ ਸਭਿਆਚਾਰਕ ਮਹੱਤਵ ਹੈ। ਜੋਗੀਆਂ, ਸੰਤਾਂ, ਮਹਾਤਮਾਵਾਂ ਵਿਚ ਬਿਨਾਂ ਅੰਨ ਖਾਧੇ ਦੇ ਲਗਾਤਾਰ ਚਾਲ੍ਹੀ ਦਿਨ ਤੱਪ ਕਰਨ ਦੀ ਪ੍ਰਥਾ ਸੀ, ਜਿਸ ਨੂੰ ਚਲੀਹਾ ਕਟਣਾ ਕਹਿੰਦੇ ਸਨ। ਮੁਸਲਮਾਨ ਪੀਰਾਂ ਵਿਚ ਵੀ ਚਿਲੇ (ਚਲੀਹੇ) ਦੀ ਮਾਨਤਾ ਰਹੀ ਹੈ। ਪਹਿਲਿਆਂ ਵਿਚ ਬੱਚੇ ਦੇ ਜਨਮ ਮਗਰੋਂ ਚਲੀਹੇ ਤਕ ਉਸ ਨੂੰ ਕੋਠੇ ਦੇ ਅੰਦਰ ਰੱਖਣ ਦੀ ਪ੍ਰਥਾ ਸੀ। ਜਿਥੇ ਬੱਚਾ ਜੰਮਦਾ ਹੈ, ਉਸ ਕੋਠੇ ਨੂੰ ਚਿਲ੍ਹਾ (ਪੂਰਬੀ ਪੰਜਾਬ ਵਿਚ ਛਿਲਾ) ਕਹਿੰਦੇ ਹਨ। ਚਿਲ੍ਹੇ ਵਾਲੇ ਦਿਨ ਇਸ਼ਨਾਨ ਕਰ ਕੇ ਮਾਂ ਬੱਚਾ ਦੋਵੇਂ ਘਰੋਂ ਬਾਹਰ ਪੈਰ ਕਢਦੇ ਸਨ। ਪਹਿਲਿਆਂ ਵਿਚ ਤਾਂ ਨਾਮਕਰਣ ਸੰਸਕਾਰ ਵੀ ਚਲੀਹੇ ਨੂੰ ਹੀ ਕਰਨ ਦੀ ਰੀਤ ਸੀ।

Sri Satguru Jagjit Singh Ji eLibrary NamdhariElibrary@gmail.com

ਹੋਲੀ ਬਸੰਤ ਰੁੱਤ ਦਾ ਚਾਲੀਹਾ ਹੈ। ਬਹਾਰ ਰੁੱਤ ਜੋ ਬਸੰਤ ਪੰਚਮੀ ਨੂੰ ਉਦੈ ਹੁੰਦੀ ਹੈ, ਚਲੀਹੇ ਮਗਰੋਂ ਚਾਰ ਚੁਫੇਰੇ ਪੈਰ ਪਸਾਰਨ ਲੱਗਦੀ ਹੈ। ਪ੍ਰਾਚੀਨ ਕਾਲ ਵਿਚ ਬਸੰਤ ਰੁੱਤ ਦੇ ਆਗਮਨ ਵਜੋਂ ਇਕ ਤਿਉਹਾਰ ਬਸੰਤ ਪੰਚਮੀ ਤੋਂ ਲੈ ਕੇ ਹੋਲੀ ਤਕ ਚਾਲ੍ਹੀ ਦਿਨ ਲਗਾਤਾਰ ਮਨਾਇਆ ਜਾਂਦਾ ਸੀ, ਜਿਸ ਨੂੰ 'ਸੁਵਸੰਤਕਾ' ਕਹਿੰਦੇ ਸਨ। ਇਸ ਉਤਸ਼ਵ ਤੇ ਲੋਕ ਗੁਲਾਬੀ ਰੰਗ ਦੇ ਕਪੜੇ ਪਹਿਨਦੇ ਅਤੇ ਕਾਮਦੇਵ ਦੀ ਉਪਾਸ਼ਨਾ ਕਰਦੇ ਸਨ। ਇਹੋ ਤਿਉਹਾਰ ਮਗਰੋਂ ਬਸੰਤ ਪੰਚਮੀ ਅਤੇ ਹੋਲੀ ਦੇ ਦੋ ਤਿਉਹਾਰਾਂ ਵਿਚ ਬਿਖਰ ਗਿਆ।

ਹੋਲੀ ਦਾ ਭਾਸ਼ਕ ਰਿਸ਼ਤਾ ਹੋਲਾਂ ਅਤੇ ਹੋਲਿਕਾ ਨਾਲ ਵੀ ਹੈ। ਪੰਜਾਬ ਵਿਚ ਇਨ੍ਹਾਂ ਦਿਨਾਂ ਵਿਚ ਛੋਲਿਆ ਨਿਸਰ ਰਿਹਾ ਹੁੰਦਾ ਹੈ, ਅਤੇ ਕਿਸਾਨ ਖੇਤਾਂ ਵਿਚ ਛੋਲੀਏ ਨੂੰ ਅੱਗ ਵਿਚ ਭੁੰਨ ਕੇ ਖਾਂਦੇ ਹਨ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਦਾਣਾ ਚੰਗਾ ਪੈਂਦਾ ਹੈ; ਦੂਜਾ, ਝਾੜ ਘਣਾ ਹੁੰਦਾ ਹੈ। ਇਨ੍ਹਾਂ ਛੋਲਿਆਂ ਨੂੰ ਹੋਲਾਂ ਕਹਿੰਦੇ ਹਨ। ਹੋਲਾਂ ਭੁੰਨਣ ਲਈ ਬਾਲੀ ਗਈ ਅੱਗ ਨੂੰ ਹੋਲੀ ਕਿਹਾ ਜਾਂਦਾ ਸੀ। ਲਹਿੰਦੇ ਵਿਚ ਹੁਣ ਵੀ ਕਈ ਥਾਈਂ ਹੋਲਾਂ ਭੁੰਨਣ ਲਈ ਬਾਲੀ ਅੱਗ ਨੂੰ ਹੋਲੀ ਕਹਿ ਲਿਆ ਜਾਂਦਾ ਹੈ —

ਸਾਡੀ ਗਲੀ ਆਈਂ ਢੋਲਣਾ,
ਹੋਲੀ ਬਾਲ ਕੇ ਭੁੰਨੀਆਂ ਹੋਲਾਂ,
ਰਤਾ ਚੱਖਦਾ ਜਾਈਂ ਢੋਲਣਾ।

ਹੋ ਸਕਦਾ ਹੈ ਕਿ ਪ੍ਰਾਚੀਨ ਕਾਲ ਵਿਚ ਇਸ ਦਿਨ ਸਾਮੂਹਿਕ ਰੂਪ ਵਿਚ ਹੋਲਾਂ ਭੁੰਨ ਕੇ ਖਾਧੀਆਂ ਜਾਂਦੀਆਂ ਹੋਣ। ਹੋਲਾਂ ਭੁੰਨਣ ਤੋਂ ਪਹਿਲਾਂ ਲੋਕੀ ਇਕ ਦੂਜੇ ਉਤੇ ਰੰਗ ਸੁਟਦੇ ਹੋਣ। ਪੰਜਾਬ ਅਤੇ ਉੱਤਰੀ ਭਾਰਤ ਵਿਚ ਕਈ ਥਾਈਂ ਕਿਸਾਨ ਅੰਨ ਨਵਾਂ ਕਰਨ ਦੀ ਰਸਮ ਵੇਲੇ ਕੁਝ ਦਾਣੇ ਤੇ ਟਾਂਡੇ ਬਚਾਕੇ ਰਖਦੇ ਹਨ, ਜੋ ਉਹ ਹੋਲੀ ਦੀ ਅਗਨੀ ਦੀ ਭੇਟ ਕਰਦੇ ਹਨ। ਇਹ ਕੁਝ ਦਸਣ ਦਾ ਭਾਵ ਇਹ ਹੈ ਕਿ ਹੋਲੀ ਦਾ ਤਿਉਹਾਰ ਪੰਜਾਬ ਦਾ ਕਿਰਸਾਨੀ ਉਤਸ਼ਵ ਹੈ, ਜੋ ਬੁਨਿਆਦੀ ਤੌਰ ਤੇ ਨਵੀਂ ਰੁੱਤ ਅਤੇ ਨਵੇਂ ਅੰਨ ਨਾਲ ਸੰਬੰਧਿਤ ਹੈ।

ਹੋਲੀ ਦਾ ਸਬੰਧ, ਹੋਲਿਕਾ ਨਾਲ ਵੀ ਜੋੜਿਆ ਜਾਂਦਾ ਹੈ। ਇਸ ਸੰਦਰਭ ਵਿਚ ਹੋਲੀ ਇਕ ਤਰ੍ਹਾਂ ਨਾਲ ਨੇਕੀ ਦੀ ਬਦੀ ਉਪਰ ਜਿੱਤ ਦੀ ਪ੍ਰਤੀਕ ਹੈ। ਹਰਨਾਕਸ਼ ਦੈਂਤ ਦਾ ਪੁੱਤਰ ਪ੍ਰਹਿਲਾਦ ਵਿਸ਼ਨੂੰ ਦਾ ਅਨਿੰਨ ਭਗਤ ਸੀ। ਹਰਨਾਕਸ਼ ਅਹੰਕਾਰ ਵਿਚ ਮਤਾ ਆਪਣੀ ਪਰਜਾ ਤੋਂ ਆਪਣੇ ਨਾਂ ਦਾ ਜਾਪ ਕਰਵਾਇਆ ਕਰਦਾ ਸੀ। ਉਸ ਨੂੰ ਪ੍ਰਹਿਲਾਦ ਦੀ ਵਿਸ਼ਨੂੰ ਭਗਤੀ ਪਸਿੰਦ ਨਹੀਂ ਸੀ। ਇਸ ਲਈ ਉਸ ਨੇ ਪ੍ਰਹਿਲਾਦ ਨੂੰ ਬੜੇ ਤਸੀਹੇ ਦਿਤੇ। ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਅੱਗ ਉਸਨੂੰ ਕਦੇ ਨਹੀਂ ਸਾੜੇਗੀ। ਕਈ ਕਹਿੰਦੇ ਹਨ, ਹੋਲਿਕਾ ਦੇ ਕੋਲ ਇਕ ਲੋਹੇ ਦਾ ਕੜਾ ਸੀ, ਜਿਸ ਨੂੰ ਧਾਰਨ ਕਰਨ ਨਾਲ ਉਸ ਦੇ ਨੇੜੇ ਅੱਗ ਨਹੀਂ ਸੀ ਢੁਕਦੀ। ਲਹਿੰਦੀ ਰਵਾਇਤਾਂ ਅਨੁਸਾਰ ਹੋਲਿਕਾ ਦੇ ਕੋਲ ਇਕ ਜਾਦੂ ਦੀ ਫੁਲਕਾਰੀ ਸੀ, ਜਿਸ ਨੂੰ ਉਪਰ ਲੈਣ ਨਾਲ ਉਸ ਨੂੰ ਤੱਤੀ 'ਵਾ ਨਹੀਂ ਸੀ ਲੱਗ ਸਕਦੀ। ਹੋਲਿਕਾ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅੱਗ ਦੇ ਸ਼ੋਅਲਿਆਂ ਵਿਚ ਜਾ ਬੈਠੀ। ਪ੍ਰਭੂ ਦੀ ਭਗਤੀ ਵਿਚ ਲੀਨ ਪ੍ਰਹਿਲਾਦ ਨੂੰ ਤਾਂ ਤੱਤੀ 'ਵਾ ਤਕ ਨਾ ਲੱਗੀ, ਪਰ ਹੋਲਿਕਾ ਸੜ ਭੁਜ ਗਈ। ਸੋ ਪੌਰਾਣਿਕ ਕਥਾ ਅਨੁਸਾਰ ਹੋਲੀ ਹੋਲਿਕਾ ਦੀ ਚਿਖਾ ਦੇ ਅਨੁਕਰਣ ਵਜੋਂ ਬਾਲੀ ਜਾਂਦੀ ਹੈ। ਇਕ ਹੋਰ ਕਥਾ ਅਨੁਸਾਰ ਹੋਲੀ ਵਾਲੇ ਦਿਨ ਹੀ ਕ੍ਰਿਸ਼ਨ ਨੇ, ਪੂਤਨਾ ਰਾਖਸ਼ਣੀ, ਜਿਸ ਨੇ ਆਪਣੇ ਥਣਾਂ ਨਾਲ ਜ਼ਹਿਰ ਲਗਾ ਕੇ, ਕ੍ਰਿਸ਼ਨ ਨੂੰ ਦੁੱਧ ਚੁੰਘਾ ਕੇ ਮਾਰਨਾ ਚਾਹਿਆ ਸੀ, ਨੂੰ ਮਾਰ ਕੇ ਉਹਦਾ ਉਦਾਰ ਕੀਤਾ ਸੀ ਅਤੇ ਲੋਕਾਂ ਨੇ ਰੰਗ-ਰਲੀਆਂ ਮਨਾਈਆਂ ਸਨ।

ਦੱਖਣੀ ਭਾਰਤ ਵਿਚ, ਖ਼ਾਸ ਤੌਰ 'ਤੇ ਮਦਰਾਸ ਅਤੇ ਕੇਰਲਾ ਵਿਚ ਹੋਲੀ ਦਾ ਤਿਉਹਾਰ ਕਾਮਦੇਵ ਨਾਲ ਸੰਬੰਧਤ ਹੈ। ਕਾਮਦੇਵ ਨੇ ਫੁੱਲਾਂ ਨਾਲ ਜੜੇ ਬਾਣ, ਤੱਪ ਵਿਚ ਲੀਨ ਸ਼ਿਵਜੀ ਵਲ ਸੁਟੇ। ਸ਼ਿਵਜੀ ਕਾਮ ਹੱਥੋਂ ਪਰੇਸ਼ਾਨ ਹੋਣ ਲੱਗੇ। ਸੋ ਉਨ੍ਹਾਂ ਦੀ ਤੀਜੀ ਅੱਖ ਵਿਚੋਂ ਅੱਗ ਨਿਕਲੀ, ਜੋ ਕਾਮ ਨੂੰ ਭਸਮ ਕਰ ਗਈ। ਕਾਮ ਦੀ ਪਤਨੀ ਰਤੀ, ਜੋ ਸ਼ਿਵ-ਪੁਤਰੀ ਸੀ, ਪਤੀ ਦੇ ਵਿਜੋਗ ਵਿਚ ਵਿਰਲਾਪ ਕਰਨ ਲੱਗੀ। ਤਾਂ ਸ਼ਿਵ ਨੇ ਰਤੀ ਨੂੰ ਵਰ ਬਖਸ਼ਿਆ ਕਿ ਕਾਮਦੇਵ ਅਨੰਗ ਰੂਪ ਵਿਚ ਰਤੀ ਦੇ ਹਮੇਸ਼ਾਂ ਨਾਲ ਰਹੇਗਾ। ਅਨੰਗ ਕਾਮਦੇਵ ਦਾ ਸੂਖਮ ਸਰੀਰ ਹੈ। ਦੱਖਣ ਵਿਚ ਇਸ ਉਤਸ਼ਵ ਨੂੰ ਕਾਮਦਾਹਨ ਕਹਿੰਦੇ ਹਨ ਅਤੇ ਫੱਗਣ ਦੀ ਪੂਰਨਮਾਸ਼ੀ ਨੂੰ ਕਾਮਦੇਵ ਨੂੰ ਸਾੜਨ ਦਾ ਕਰਮ-ਕਾਂਡ ਰਚਿਆ ਜਾਂਦਾ ਹੈ। ਅੱਗ ਦੇ ਸ਼ੋਅਲਿਆਂ ਵਿਚ ਗੰਨੇ ਸੁਟੇ ਜਾਂਦੇ ਹਨ, ਜੋ ਕਾਮਦੇਵ ਦੇ ਬਾਣਾਂ ਦੇ ਪ੍ਰਤੀਕ ਹਨ। ਇਸ ਤੋਂ ਅਗਲੇ ਦਿਨ ਮਰਦ ਖ਼ੁਸ਼ੀ ਨਾਲ ਨਚਦੇ ਟਪਦੇ ਕਾਮਦੇਵ ਅਤੇ ਰਤੀ ਦਾ ਸਵਾਗ ਭਰਦੇ ਹਨ ਅਤੇ ਘਰ ਘਰ ਜਾ ਕੇ ਰੁਪਏ ਇਕੱਠੇ ਕਰਦੇ ਹਨ।

ਭਾਵੇਂ ਹੋਲੀ ਨਾਲ ਹੁਣ ਕਈ ਕਿਸਮ ਦੀ ਲੋਕਧਾਰਾ ਜੁੜ ਗਈ ਹੈ ਤੇ ਇਸ ਨੂੰ ਪੌਰਾਣਿਕ ਚਰਿਤ੍ਰ ਪ੍ਰਦਾਨ ਕਰ ਦਿਤਾ ਗਿਆ ਹੈ, ਪਰ ਮੂਲ ਰੂਪ ਵਿਚ ਇਹ ਤਿਉਹਾਰ ਮੌਸਮ ਨਾਲ ਸੰਬੰਧਿਤ ਹੈ। ਫੱਗਣ ਦੇ ਮਹੀਨੇ ਬਿਕ੍ਰਮੀ ਸੰਮਤ ਮੁਕਦਾ ਹੈ ਅਤੇ ਹੋਲੀ ਤੋਂ ਪੂਰੇ ਪੰਦਰਾਂ ਦਿਨਾ ਮਗਰੋਂ ਚੇਤਰ ਸੁਦੀ ਏਕਮ ਨੂੰ ਨਵਾਂ ਸੰਮਤ ਆਰੰਭ ਹੁੰਦਾ ਹੈ। ਇਸ ਲਈ ਹੋਲੀ ਪੁਰਾਣੇ ਸਾਲ ਨੂੰ ਵਿਦਾ ਕਰਨ ਦਾ ਤਿਉਹਾਰ ਹੈ, ਜਾਂ ਪੁਰਾਤਨਤਾ ਨੂੰ ਜਲਾ ਕੇ ਨਵੀਨਤਾ ਦੀ ਆਮਦ ਵਿਚ ਰੰਗ-ਰਲੀਆਂ ਮਨਾਉਣ ਦੀ ਪ੍ਰਤੀਕ ਹੈ। ਉਦੋਂ ਬਹਾਰ ਵੀ ਉਦੈ ਹੋ ਰਹੀ ਹੁੰਦੀ ਹੈ।

ਪੰਜਾਬ ਵਿਚ ਰੌਸ਼ਨੀ ਅਤੇ ਅਗਨੀ ਨਾਲ ਸੰਬੰਧਤ ਤਿੰਨ ਤਿਉਹਾਰ — ਹੋਲੀ, ਦੀਵਾਲੀ ਅਤੇ ਲੋਹੜੀ ਮਨਾਏ ਜਾਂਦੇ ਹਨ। ਹੋਲੀ ਸੁਧੀ ਕਰਦੀ ਹੈ, ਜੋ ਪੁਰਾਤਨਤਾ ਦੀ ਸਮਾਪਤੀ ਤੇ ਨਵੀਨਤਾ ਦੇ ਆਰੰਭ ਦਾ ਪ੍ਰਤੀਕ ਹੈ। ਦੀਵਾਲੀ ਪ੍ਰੇਤ ਰੂਹਾਂ ਨੂੰ, ਭਾਵੇਂ ਉਹ ਬਦੀ ਦੀਆਂ ਹੋਣ ਤੇ ਭਾਵੇਂ ਕੋਈ ਹੋਰ, ਸ਼ਹਿਰ ਬਦਰ ਕਰਨ ਲਈ ਮਨਾਈ ਜਾਂਦੀ ਹੈ। ਇਹ ਦੋਵੇਂ ਤਿਉਹਾਰ ਬਦੀ ਉਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਰਹੇ ਹਨ। ਲੋਹੜੀ ਦਾ ਚਰਿਤ੍ਰ ਇਨ੍ਹਾਂ ਦੋਹਾਂ ਉਤਸ਼ਵਾਂ ਤੋਂ ਵੱਖਰਾ ਹੈ। ਉਹ ਠੰਢੀ ਪਈ ਸੂਰਜ ਦੀ ਸ਼ਕਤੀ ਨੂੰ ਅਨੁਕਰਣੀ ਟੂਣੇ ਦੁਆਰਾ ਗਰਮਾਣ ਦੀ ਇਕ ਸਾਮੂਹਿਕ ਲੋਕ-ਵਿਧੀ ਹੈ (ਵੇਖੋ : ਲੋਹੜੀ)।

ਹੋਲੀ ਦੇ ਨਾਲ ਚਾਰ ਤਰ੍ਹਾਂ ਦੇ ਕਰਮ-ਕਾਂਡ ਸੰਬੰਧਤ ਹਨ —

(1) ਰੰਗ ਸੁਟਣਾ, (2) ਸਵਾਂਗ ਭਰਨਾ, (3) ਹੋਲੀ ਬਾਲਣੀ, (4) ਦੇਵ ਪੂਜਾ।

ਹੋਲੀ ਮੂਲ ਵਿਚ ਰੰਗਾਂ ਦਾ ਤਿਉਹਾਰ ਹੈ ਅਤੇ ਪੰਜਾਬ ਵਿਚ ਜ਼ਿਆਦਾਤਰ ਇਸੇ ਰੂਪ ਵਿਚ ਮਨਾਇਆ ਜਾਂਦਾ ਹੈ। ਕਹਿੰਦੇ ਹਨ ਰੰਗਾਂ ਵਿਚ ਕੁਦਰਤ ਵਸਦੀ ਹੈ ਅਤੇ ਕੁਦਰਤ ਵਿਚ ਰੱਬ। ਰੰਗਾਂ ਨਾਲ ਖੇਡਦਾ ਪੰਜਾਬੀ ਕੁਦਰਤ ਅਤੇ ਕਾਦਰ ਦੋਹਾਂ ਨਾਲ ਇਕਸੁਰ ਹੋ ਜਾਂਦਾ ਹੈ। ਇਸ ਦਿਨ ਇਕ ਦੂਜੇ ਉਤੇ ਰੰਗ ਸੁਟੇ ਜਾਂਦੇ ਹਨ ਤੇ ਮੂੰਹ ਉਤੇ ਗੁਲਾਲ ਮਲਿਆ ਜਾਂਦਾ ਹੈ। ਰੰਗਾਂ ਦੀ ਬਰਖਾ ਖ਼ੁਸ਼ੀ ਭਰੇ ਵਾਤਾਵਰਨ ਅਤੇ ਇਲਾਹੀ ਬਖ਼ਸ਼ਿਸ਼ ਦੀ ਪ੍ਰਤੀਕ ਮੰਨੀ ਜਾਂਦੀ ਹੈ।

ਹੋਲੀ ਤੋਂ ਕੁਝ ਦਿਨ ਪਹਿਲਾਂ ਸਵਾਂਗ ਭਰਨੇ ਸ਼ੁਰੂ ਹੋ ਜਾਂਦੇ ਹਨ। ਪਹਿਲਿਆਂ ਵਿਚ ਜਦੋਂ ਪੰਜਾਬ ਵਿਚ ਰਾਸਧਾਰੀਆਂ ਅਤੇ ਸਵਾਂਗੀਆਂ ਦੇ ਜੱਥੇ ਪਿੰਡਾਂ ਵਿਚ ਹਰਲ ਹਰਲ ਕਰਦੇ ਫਿਰਦੇ ਸਨ, ਤਾਂ ਬਸੰਤ ਪੰਚਮੀ ਦੇ ਦਿਨ ਤੋਂ ਸਵਾਂਗ ਆਰੰਭ ਹੋ ਜਾਂਦੇ ਸਨ। ਮੌਸਮ ਵੀ ਖੁਲ੍ਹ ਜਾਂਦਾ ਸੀ। ਹੋਲੀ ਦੇ ਆਸ ਪਾਸ ਹਰ ਪਿੰਡ ਵਿਚ ਸਵਾਂਗ ਖੇਡਣ ਦੀ ਪਰੰਪਰਾ ਸੀ। ਹੀਰ ਰਾਂਝਾ, ਸੋਹਣੀ ਮਹੀਂਵਾਲ ਅਤੇ ਸੱਸੀ ਪੁੰਨੂੰ ਦੀ ਪ੍ਰੀਤ ਕਥਾਵਾਂ ਤੋਂ ਇਲਾਵਾ, ਪੂਰਨ ਭਗਤ, ਪ੍ਰਹਿਲਾਦ ਤੇ ਹਕੀਕਤ ਰਾਏ ਦੇ ਧਾਰਮਿਕ ਚਰਿਤ੍ਰ ਵਾਲੇ ਸਵਾਂਗ ਵੀ ਆਮ ਖੇਡੇ ਜਾਂਦੇ (ਵੇਖੋ : ਸਾਂਗ)। ਹਰਿਆਣੇ ਵਿਚ ਹੋਲੀ ਦੇ ਦਿਨਾਂ ਸਵਾਂਗ ਖੇਡਣ ਦੀ ਪਰੰਪਰਾ

Sri Satguru Jagjit Singh Ji eLibrary NamdhariElibrary@gmail.com

ਹੁਣ ਤਕ ਕਾਇਮ ਹੈ, ਪਰ ਪੰਜਾਬ ਵਿਚ ਇਹ ਰਵਾਜ ਘਟ ਗਿਆ ਹੈ।

ਤੀਜਾ, ਹੋਲੀ ਦੀ ਢਾਂਡੀ ਬਾਲਣੀ। ਪਛਮੀ ਪੰਜਾਬ ਦੇ ਹਿੰਦੂ ਸਿੱਖ ਹੋਲੀ ਨਹੀਂ ਸਨ ਬਾਲਦੇ। ਇਨ੍ਹੀਂ ਦਿਨੀਂ ਉਹ ਇਕ ਦੂਜੇ ਉਪਰ ਕੇਵਲ ਰੰਗ ਹੀ ਸੁਟਦੇ ਸਨ। ਪਰ ਪੂਰਬੀ ਪੰਜਾਬ ਵਿਚ ਕਈ ਥਾਈਂ ਹੋਲੀ ਬਾਲੀ ਜਾਂਦੀ ਹੈ। ਇਹ ਹਰਿਆਨਾ ਤੇ ਉੱਤਰ ਪ੍ਰਦੇਸ਼ ਦਾ ਪ੍ਰਭਾਵ ਹੈ। ਕਿਸੇ ਚੌਰਾਹੇ ਵਿਚ ਗੋਹੇ ਇਕੱਠੇ ਕਰ ਕੇ ਢਾਂਡੀ ਖੜੀ ਕਰ ਲਈ ਜਾਂਦੀ ਹੈ, ਜੋ ਰਾਤੀਂ ਦੇਰ ਨਾਲ ਪੂਜਾ ਮਗਰੋਂ ਜਲਾਈ ਜਾਂਦੀ ਹੈ। ਪਹਿਲਾਂ ਢਾਂਡੀ ਦੁਆਲੇ ਲਾਲ ਪੀਲਾ (ਕਈ ਥਾਈਂ ਚਿੱਟਾ ਸੂਤਰ) ਵਲ੍ਹੇਟ ਕੇ ਪ੍ਰਕਰਮਾ ਕੀਤੀ ਜਾਂਦੀ ਹੈ। ਹੋਲੀ ਦੀ ਢਾਂਡੀ ਨੂੰ ਧੂਫ ਧੁਖਾ ਕੇ ਪਵਿਤਰ ਕੀਤਾ ਜਾਂਦਾ ਹੈ। ਫਿਰ ਪੂਜਾ ਕਰ ਕੇ ਕੁਝ ਪੈਸੇ ਅਤੇ ਫਲ-ਮਠਿਆਈ ਭੇਟ ਕੀਤੀ ਜਾਂਦੀ ਹੈ, ਜੋ ਚੂਹੜੀ ਲੈ ਜਾਂਦੀ ਹੈ। ਇਸ ਪਿਛੋਂ ਢਾਂਡੀ ਨੂੰ ਜਲਾਇਆ ਜਾਂਦਾ ਹੈ ਤੇ ਗੀਤ ਗਾਏ ਜਾਂਦੇ ਹਨ।

ਹੋਲੀ ਨਾਲ ਦੇਵ ਪੂਜਾ ਵੀ ਸੰਬੰਧਿਤ ਹੈ। ਹਿਮਾਚਲ ਪ੍ਰਦੇਸ਼ ਵਿਚ ਹੋਲੀ ਵਾਲੇ ਦਿਨ ਕਈ ਮੰਦਰਾਂ ਵਿਚ ਦੇਵ ਪੂਜਾ ਹੁੰਦੀ ਹੈ ਅਤੇ ਮੇਲੇ ਲੱਗਦੇ ਹਨ। ਸਿਰਮੂਰ ਵਿਚ ਕਾਲਅੰਬ ਵਿਚ ਹੋਲੀ ਦੀ ਪੂਰਵ ਰਾਤ੍ਰੀ ਨੂੰ ਹਨੂਮਾਨ ਮੰਦਰ ਦੇ ਬਾਹਰ ਇਕ ਭਾਰੀ ਮੇਲਾ ਲੱਗਦਾ ਹੈ, ਜੋ ਦੋ ਦਿਨ ਰਹਿੰਦਾ ਹੈ। ਮੰਡੀ ਵਿਚ ਸ੍ਰੀ ਮਾਧਵ ਰਾਏ ਦੇ ਮੰਦਰ ਵਿਚ ਦੇਵ ਪੂਜਾ ਕੀਤੀ ਜਾਂਦੀ ਹੈ, ਫਿਰ ਮਾਧਵ ਰਾਏ ਦੀ ਮੂਰਤੀ ਉਤੇ ਗੁਲਾਲ ਧੂੜ ਕੇ ਹੋਲੀ ਖੇਡੀ ਜਾਂਦੀ ਹੈ। ਇਸ ਉਪ੍ਰੰਤ ਮੰਦਰ ਦੇ ਅਹਾਤੇ ਵਿਚ ਇਕੱਠੇ ਹੋਏ ਸਾਰੇ ਸ਼ਰਧਾਲੂ ਇਕ ਦੂਜੇ ਉਤੇ ਗੁਲਾਲ ਧੂੜਦੇ ਹਨ। ਇਸੇ ਵਿਚ ਦੇਵਤੇ ਦੀ ਬਖ਼ਸ਼ਿਸ਼ ਮੰਨੀ ਜਾਂਦੀ ਹੈ। ਇਸ ਤੋਂ ਬਾਅਦ ਮਾਧਵ ਰਾਏ ਨੂੰ ਪਾਲਕੀ ਵਿਚ ਬਿਠਾ ਕੇ ਸ਼ਹਿਰ ਦੀ ਯਾਤ੍ਰਾ ਕਰਵਾਈ ਜਾਂਦੀ ਹੈ। ਅੱਗੇ ਅੱਗੇ ਢੋਲ, ਮ੍ਰਿਦੰਗ, ਤੂਤਨੀਆਂ ਤੇ ਹੋਰ ਸਾਜ਼ਾਂ ਦੀ ਮਧੁਰ ਧੁਨੀ ਵਿਚ ਕੀਰਤਨ ਹੋ ਰਿਹਾ ਹੁੰਦਾ ਹੈ। ਸਭ ਲੋਕ ਜਲੂਸ ਦੀ ਸ਼ਕਲ ਵਿਚ ਭੂਤਨਾਥ ਦੇ ਮੰਦਰ ਪੁਜਦੇ ਹਨ ਅਤੇ ਨਾਰੀਅਲ ਦੀਆਂ ਠੂਠੀਆਂ ਅਤੇ ਕੁਝ ਹੋਰ ਚੀਜ਼ਾਂ ਦੇਵਤੇ ਨੂੰ ਭੇਟ ਕਰਦੇ ਹਨ। ਫਿਰ ਇਹ ਜਲੂਸ ਮਾਧਵ ਰਾਏ ਦੇ ਮੰਦਰ ਵਾਪਿਸ ਆਉਂਦਾ ਹੈ, ਜਿਥੇ ਸ਼ਾਮ ਨੂੰ ਟਹਿਣਾਂ ਤੇ ਪੱਤਿਆਂ ਦੇ ਇਕ ਢੇਰ ਉਤੇ ਗੁਲਾਲ ਧੂੜ ਕੇ ਜਲਾਇਆ ਜਾਂਦਾ ਹੈ। ਸ਼ਾਮ ਨੂੰ ਫਿਰ ਮਾਧਵਰਾਏ ਦੀ ਮੂਰਤੀ ਨੂੰ ਪਾਲਕੀ ਵਿਚ ਬਿਠਾਕੇ ਪੈਦਲ ਲਿਜਾਇਆ ਜਾਂਦਾ ਹੈ, ਜਿਥੇ ਗਣਪਤੀ ਦੀ ਪੂਜਾ ਕੀਤੀ ਜਾਂਦੀ ਹੈ। ਲੋਕੀਂ ਘਰਾਂ ਵਿਚ ਵੀ ਟਹਿਣੀਆਂ ਅਤੇ ਪੱਤੇ ਜਲਾ ਕੇ ਹੋਲੀ ਬਾਲਦੇ ਹਨ।

ਹਰਿਆਣੇ ਵਿਚ ਹੋਲੀ ਤੋਂ ਕੁਝ ਦਿਨ ਪਹਿਲਾਂ ਜੌਂ ਬੀਜੇ ਜਾਂਦੇ ਹਨ ਤੇ ਫਿਰ ਉਨ੍ਹਾਂ ਨੂੰ ਹੋਲੀ ਦੀ ਅੱਗ ਵਿਚ ਸੁਟਿਆ ਜਾਂਦਾ ਹੈ। ਇਹ ਕੁਝ ਪ੍ਰਹਿਲਾਦ ਭਗਤ ਦੀ ਸੁਰੱਖਿਆ ਲਈ ਕੀਤਾ ਜਾਂਦਾ ਹੈ। ਵਿਪਤਾ ਤੋਂ ਰੱਖਿਆ ਲਈ ਪੰਜਾਬ ਵਿਚ ਵੀ ਤੀਵੀਆਂ, ਭੈਣਾਂ ਤੇ ਮਾਵਾਂ ਜੌਂ ਬੀਜਦੀਆਂ ਹਨ। ਇਸ ਤਰ੍ਹਾਂ ਦੁਖ ਦੂਰ ਰਹਿੰਦਾ ਹੈ। ਹਰਿਆਣੇ ਵਿਚ ਹੋਲੀ ਦੇ ਦਿਨਾਂ ਵਿਚ ਹੋਲੀ ਦੇ ਗੀਤ ਗਾਏ ਜਾਂਦੇ ਹਨ, ਜਿਨ੍ਹਾਂ ਦਾ ਪ੍ਰਧਾਨ ਵਿਸ਼ਾ ਕ੍ਰਿਸ਼ਨ ਦਾ ਰਾਧਾ ਨਾਲ ਹੋਲੀ ਖੇਡਣਾ ਹੈ। ਕ੍ਰਿਸ਼ਨ ਗੋਪੀਆਂ ਨਾਲ ਹੋਲੀ ਖੇਡਦੇ ਤੇ ਉਨ੍ਹਾਂ ਨਾਲ ਚੁਹਲ ਕਰਦੇ ਹਨ। ਇਨ੍ਹਾਂ ਗੀਤਾਂ ਵਿਚ ਅਬੀਰ ਅਤੇ ਗੁਲਾਲ ਦਾ ਜ਼ਿਕਰ ਹੁੰਦਾ ਹੈ—'ਉੜਤ ਗੁਲਾਲ ਲਾਲ ਭਏ ਬਾਦਲ'।

ਕੁਝ ਗੀਤ ਸ਼ਿਵ ਨਾਲ ਸਬੰਧਤ ਹਨ, ਖ਼ਾਸ ਤੌਰ ਤੇ ਉਨ੍ਹਾਂ ਲੋਕਾਂ ਦੇ ਜੋ ਭੰਗ ਜਾਂ ਕੋਈ ਹੋਰ ਨਸ਼ਾ ਪੀ ਕੇ ਹੋਲੀ ਖੇਡਦੇ ਹਨ।

## (ਹ-189) ਹੌਜ਼ ਕੌਸਰ :

(ਵੇਖੋ : ਕੌਸਰ)।

## (ਹ-190) ਹੌਲ ਦਿਲੀ :

ਜਦੋਂ ਕਿਸੇ ਨੂੰ ਹੌਲ ਪੈਂਦੇ ਹੋਣ ਭਾਵ ਦਿਲ ਡਰ ਨਾਲ ਜ਼ੋਰ ਜ਼ੋਰ ਦੀ ਧੜਕਦਾ ਹੋਵੇ, ਤਾਂ ਕਈ ਲੋਕ, ਰੱਖਿਆ ਵਜੋਂ ਉਹਦੇ ਗਲ ਵਿਚ ਜ਼ਹਿਰ ਮੁਹਰੇ ਦਾ ਇਕ ਪੱਥਰ, ਸੋਨੇ ਜਾਂ ਚਾਂਦੀ ਵਿਚ ਮੜ੍ਹਵਾ ਕੇ, ਗਹਿਣੇ ਵਾਂਗ ਪਹਿਨਾ ਦਿੰਦੇ ਹਨ। ਇਸ ਪੱਥਰ ਉਪਰ ਕਿਸੇ ਸਾਧ ਜਾਂ ਫ਼ਕੀਰ ਤੋਂ ਰੱਖਿਆ ਲਈ ਕੋਈ ਮੰਤਰ ਪੜ੍ਹਵਾ ਲਿਆ ਜਾਂਦਾ ਹੈ। ਇਸ ਗਹਿਣੇ ਨੂੰ 'ਹੌਲ ਦਿਲੀ' ਕਹਿੰਦੇ ਹਨ। ਨਿਸ਼ਚਾ ਹੈ ਕਿ ਇਸ ਨੂੰ ਧਾਰਨ ਨਾਲ ਰੋਗੀ ਨੂੰ ਹੌਲ ਨਹੀਂ ਪੈਂਦੇ। ਜੇ ਰੋਗੀ ਨੂੰ ਕਦੇ ਘਬਰਾਹਟ ਹੋਵੇ ਵੀ ਤਾਂ ਹੌਲ ਦਿਲੀ ਨੂੰ ਚੁੰਮਣ ਨਾਲ ਦੂਰ ਹੋ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

# ਕ.

## (ਕ-1) ਕ :

ਗੁਰਮੁਖੀ ਵਰਣਮਾਲਾ ਦਾ ਛੇਵਾਂ ਅੱਖਰ; 'ਕ' ਅੱਖਰ ਬ੍ਰਹਮਾ ਜਾਂ ਵਿਸ਼ਨੂੰ ਦਾ ਵਾਚਕ ਹੈ। ਇਸ ਅੱਖਰ ਨੂੰ ਬ੍ਰਾਹਮਣ-ਕਾਲ ਵਿਚ ਇਕ ਦੇਵਤੇ ਦੀ ਪਦਵੀ ਦੇ ਦਿਤੀ ਗਈ। ਮੈਕਸਮੂਲਰ ਅਨੁਸਾਰ, "ਬ੍ਰਹਮਣ ਲੇਖਕ ਅਤੀਤ ਨਾਲੋਂ ਏਨੇ ਟੁਟ ਗਏ ਕਿ ਉਨ੍ਹਾਂ ਨੇ ਵੈਦਿਕ ਰਿਚਾਵਾਂ ਦੀ ਕਾਵਿਮਈ ਆਤਮਾ ਅਤੇ ਕਵੀਆਂ ਦੀ ਅਦ੍ਰਿਸ਼ਟ ਦੇਵ ਲਈ ਵਿਲਕਣੀ ਨੂੰ ਨਾ ਪਛਾਣਿਆ। ਫਲਸਰੂਪ ਉਨ੍ਹਾਂ ਨੇ ਪ੍ਰਸ਼ਨ ਵਾਚਕ ਪੜਨਾਵਾਂ ਨੂੰ ਹੀ ਦੇਵ ਦੀ ਪਦਵੀ ਉਤੇ ਬਿਰਾਜਮਾਨ ਕਰ ਦਿਤਾ ਅਤੇ ਇਸ ਤਰ੍ਹਾਂ 'ਕ' ਜਾਂ 'ਕੌਣ' ਨੂੰ ਇਕ ਦੇਵਤਾ ਥਾਪ ਲਿਆ ਗਿਆ। ਤੈਤਿਰੀਯ ਬ੍ਰਾਹਮਣ, ਕੌਸ਼ੀਤਕੀ ਬ੍ਰਾਹਮਣ, ਤਾਂਡਵ ਬ੍ਰਾਹਮਣ ਅਤੇ ਸ਼ਤਪਥ ਬ੍ਰਾਹਮਣ ਵਿਚ ਜਿਥੇ ਕਿਧਰੇ ਵੀ ਪ੍ਰਸ਼ਨ ਵਾਚਕ ਰਿਚਾਵਾਂ ਮਿਲਦੀਆਂ ਸਨ, ਉਥੇ ਲੇਖਕ 'ਕ' ਨੂੰ ਪ੍ਰਜਾਪਤੀ ਜਾਂ 'ਜੀਵਾਂ ਦਾ ਸੁਆਮੀ' ਕਹਿਣ ਲੱਗ ਪਏ" (ਹਿੰਦੂ ਮਿਥਿਹਾਸ ਕੋਸ਼, 163)। ਪੁਰਾਣਾਂ ਦੇ ਪਿਛਲੇਰੇ ਸਾਹਿੱਤ ਵਿਚ 'ਕ' ਇਕ ਸ੍ਰੇਸ਼ਟ ਦੇਵਤੇ ਦੇ ਰੂਪ ਵਿਚ ਰੂੜ੍ਹ ਹੋ ਗਿਆ, ਜਿਸ ਦੀ ਆਪਣੀ ਇਕ ਵਿਲੱਖਣ ਹੋਂਦ, ਬੰਸਾਵਲੀ ਤੇ ਪ੍ਰਵਾਰ ਬਣ ਗਿਆ।

ਮਹਾਂਭਾਰਤ ਵਿਚ 'ਕ' ਦਾ ਦੱਕਸ਼ ਨਾਲ ਏਕੀਕਰਣ ਕੀਤਾ ਗਿਆ ਹੈ। ਪਰ ਭਾਗਵਤ ਪੁਰਾਣ ਵਿਚ 'ਕ' ਨੂੰ 'ਕੱਸ਼ਯਪ' ਨਾਲ ਜੋੜਿਆ ਗਿਆ ਹੈ। ਇਸ ਤੋਂ ਉਪਰੋਕਤ ਮਨੌਤ ਦੀ ਹੀ ਪੁਸ਼ਟੀ ਹੁੰਦੀ ਹੈ; ਕਿਉਂ ਜੋ ਦੱਕਸ਼ ਤੇ ਕਸ਼ਯੱਪ ਦੋਹਾਂ ਦੀ ਗਿਣਤੀ ਪ੍ਰਜਾਪਤੀਆਂ ਵਿਚ ਕੀਤੀ ਜਾਂਦੀ ਹੈ।

## (ਕ-2) ਕੰਸ :

ਦੁਆਪਰ ਯੁਗ ਵਿਚ ਹੋਇਆ ਇਕ ਅਸੁਰ; ਕੰਸ ਮਥਰਾ ਦੇ ਰਾਜੇ ਉਗਰਸੈਨ ਦਾ ਪੁੱਤਰ ਸੀ। ਉਸ ਨੇ ਆਪਣੇ ਪਿਤਾ ਉਗਰਸੈਨ ਨੂੰ ਗੱਦੀ ਤੋਂ ਉਤਾਰ ਕੇ ਖ਼ੁਦ ਰਾਜ-ਪ੍ਰਬੰਧ ਸੰਭਾਲ ਲਿਆ। ਲੋਕਾਂ ਵਿਚ ਕੰਸ ਕ੍ਰਿਸ਼ਨ ਦੇ ਮਾਮੇ ਦੇ ਰੂਪ ਵਿਚ ਵਧੇਰੇ ਜਾਣਿਆ ਜਾਂਦਾ ਹੈ। ਪਰ ਅਸਲੋਂ ਕੰਸ ਕ੍ਰਿਸ਼ਨ ਦੀ ਮਾਂ ਦੇਵਕੀ ਦਾ ਚਚੇਰਾ ਭਰਾ ਸੀ। ਉਗਰਸੈਨ ਦੇ ਛੋਟੇ ਭਰਾ ਦੇਵਕ ਦੀਆਂ ਸੱਤ ਧੀਆਂ ਸਨ, ਪਰ ਉਗਰਸੈਨ ਦਾ ਇਕੋ ਲੜਕਾ ਕੰਸ ਸੀ। ਸੋ ਉਗਰਸੈਨ ਨੇ ਦੇਵਕ ਦੀ ਵੱਡੀ ਕੰਨਿਆਂ ਦੇਵਕੀ ਨੂੰ ਧੀ ਬਣਾ ਕੇ ਪਾਲਿਆ। ਕੰਸ ਦਾ ਵਿਆਹ ਮਗਧ ਦੇ ਅਸੁਰ ਰਾਜੇ ਜਰਾਸੰਧ ਦੀਆਂ ਦੋਹਾਂ ਧੀਆਂ ਨਾਲ ਹੋਇਆ।

ਜਦੋਂ ਦੇਵਕੀ ਦਾ ਵਿਆਹ ਵਾਸੁਦੇਵ ਨਾਲ ਹੋਇਆ ਅਤੇ ਕੰਸ ਦੇਵਕੀ ਨੂੰ ਡੋਲੀ ਵਿਚ ਬਿਠਾਉਣ ਲੱਗਾ, ਤਾਂ ਅਕਾਸ਼ ਬਾਣੀ ਹੋਈ ਕਿ ਉਸ ਦੀ ਮੌਤ ਦੇਵਕੀ ਦੀ ਕੁਖੋਂ ਜੰਮੇ ਅੱਠਵੇਂ ਬਾਲਕ ਦੇ ਹੱਥੋਂ ਹੋਵੇਗੀ। ਹੋਣੀ ਦਾ ਮੂੰਹ ਭੰਨਣ ਲਈ, ਕੰਸ ਨੇ ਦੇਵਕੀ ਅਤੇ ਉਸ ਦੇ ਪਤੀ ਵਾਸੁਦੇਵ ਨੂੰ ਬੰਦੀਖ਼ਾਨੇ ਵਿਚ ਸੁਟ ਦਿਤਾ। ਜਦੋਂ ਕੰਸ ਨੂੰ ਉਹਦੇ ਪਿਉ ਉਗਰਸੈਨ ਨੇ ਡਾਂਟਿਆ, ਤਾਂ ਕਰੋਧਵਾਨ ਕੰਸ ਨੇ ਆਪਣੇ ਪਿਤਾ ਉਗਰਸੈਨ ਤੋਂ ਗੱਦੀ ਖੋਹ ਲਈ। ਕੰਸ ਦੇਵਕੀ ਤੋਂ ਜੰਮੀ ਹਰ ਸੰਤਾਨ ਨੂੰ ਮੌਤ ਦੇ ਘਾਟ ਉਤਾਰਦਾ ਗਿਆ। ਛੇ ਬੱਚੇ ਕੰਸ ਦੀ ਨਿਰਦੈਤਾ ਦੀ ਭੇਟ ਚੜ੍ਹੇ। ਸਤਵਾਂ ਬਲਰਾਮ, ਗੁਪਤ ਢੰਗ ਨਾਲ ਬੰਦੀਖ਼ਾਨੇ ਵਿਚੋਂ ਬਾਹਰ ਕਢ ਕੇ, ਗੋਕਲ ਪਹੁੰਚਾ ਦਿਤਾ ਗਿਆ ਅਤੇ ਉਸ ਦੀ ਪਾਲਣਾ ਪੋਸਣਾ ਰੋਹਿਣੀ ਨੇ ਕੀਤੀ। ਅਠਵਾਂ ਬੱਚਾ ਕ੍ਰਿਸ਼ਨ ਸੀ, ਜਿਸ ਨੂੰ ਜੰਮਦੇ ਸਾਰ ਰਾਤੋ ਰਾਤ ਯਸ਼ੋਧਰਾਂ ਦੀ ਕੁਖੋਂ ਜੰਮੀ ਬਚੀ ਯੋਗ ਮਾਇਆ ਨਾਲ ਬਦਲ ਲਿਆ ਗਿਆ। ਕੰਸ ਨੇ ਉਸ ਬੱਚੀ ਨੂੰ ਦੇਵਕੀ ਦੀ ਅੱਠਵੀਂ ਸੰਤਾਨ ਸਮਝ ਕੇ ਪੱਥਰ ਨਾਲ ਪਟਕਾ ਕੇ ਮਾਰਿਆ। ਬੱਚੀ ਬਿਜਲੀ ਦਾ ਰੂਪ ਧਾਰ ਕੇ ਅਕਾਸ਼ ਵਿਚ ਅਲੋਪ ਹੋ ਗਈ। ਪਰ ਨਾਲ ਹੀ ਉਸ ਨੇ ਕੰਸ ਨੂੰ ਵੰਗਾਰਦੇ ਹੋਏ ਕਿਹਾ ਕਿ ਤੇਰੀ ਹੱਤਿਆ ਕਰਨ ਵਾਲਾ ਬ੍ਰਿਜ ਵਿਚ ਪੈਦਾ ਹੋ ਚੁਕਾ ਹੈ। ਇਹ ਗੱਲ ਜਾਣ ਕੇ ਕਿ ਕ੍ਰਿਸ਼ਨ ਉਸ ਦੇ ਕਹਿਰ ਤੋਂ ਬਚਾ ਲਿਆ ਗਿਆ ਹੈ, ਕੰਸ ਨੇ ਸਭ ਛੋਟੇ ਬੱਚਿਆ ਨੂੰ ਮਾਰ ਮੁਕਾਣ ਦਾ ਆਦੇਸ਼ ਦਿਤਾ। ਪਰ ਇਸ ਦੇ ਬਾਵਜੂਦ, ਅਖ਼ੀਰ ਕੰਸ ਭਰੇ ਦਰਬਾਰ ਵਿਚ, ਆਪਣੇ ਮੰਤ੍ਰੀਆਂ ਸਮੇਤ, ਕ੍ਰਿਸ਼ਨ ਹੱਥੋਂ ਮਾਰਿਆ ਗਿਆ ਅਤੇ ਅਕਾਸ਼ ਬਾਣੀ ਸੱਚੀ ਸਿਧ ਹੋਈ। ਪੁਰਾਣਾਂ ਅਨੁਸਾਰ ਕਾਲਨੇਮੀ ਦਾਨਵ ਨੇ ਹੀ ਕੰਸ ਦੇ ਰੂਪ ਵਿਚ ਜਨਮ ਲਿਆ ਸੀ (ਵੇਖੋ : ਕਾਲਨੇਮੀ)।

ਕੰਸ ਸ਼ਬਦ ਨਾਲ ਨਿਰਦੈਤਾ ਅਤੇ ਕਰੂਰ ਭਾਵਨਾ ਇਤਨੀ ਜੁੜ ਗਈ ਹੈ ਕਿ ਲਹਿੰਦੇ ਵਿਚ ਕੋਈ ਭੈਣ ਆਪਣੇ ਭਰਾ ਨੂੰ ਕਾਂਸੀ ਦੇ ਭਾਂਡੇ ਵਿਚ ਖਾਣਾ ਪਰੋਸ ਕੇ ਨਹੀਂ ਦੇਂਦੀ ਕਿ ਕਿਧਰੇ ਕੰਸ ਦੀ ਨਿਰਦੈਤਾ ਉਸ ਦੇ ਭਰਾ ਵਿਚ ਰਚ ਨਾ ਜਾਵੇ।

## (ਕ-3) ਕਸ਼ਟਵਾਰ :

ਜੰਮੂ ਦਾ ਇਕ ਖੇਤਰ; ਦਸਰਥ ਦੀ ਰਾਣੀ ਕੈਕਈ ਕਸ਼ਟਵਾਰ ਦੇ ਰਾਜੇ ਅਸ਼੍ਵਪਤੀ ਦੀ ਹੀ ਲੜਕੀ ਸੀ। ਰਾਮਾਇਣ ਕਾਲ ਵਿਚ ਇਸ ਇਲਾਕੇ ਨੂੰ 'ਕੇਕਯ' ਕਿਹਾ ਜਾਂਦਾ ਸੀ। ਹੁਣ ਤਕ ਇਸ ਖੇਤਰ ਦਾ ਨਾਂ 'ਕੱਕਾ' ਪ੍ਰਚਲਤ ਰਿਹਾ ਹੈ।

## (ਕ-4) ਕਸਤੂਰਾ :

ਹਿਰਨ ਦੀ ਇਕ ਖ਼ਾਸ ਨਸਲ, ਜਿਸ ਦੀ ਨਾਭੀ ਵਿਚੋਂ ਕਸਤੂਰੀ ਨਿਕਲਦੀ ਹੈ। ਕਸਤਰਾ

Sri Satguru Jagjit Singh Ji eLibrary NamdhariElibrary@gmail.com

ਹਿਰਨ ਹਿਮਾਲੀਆ ਦੇ ਉਚੇ ਪਰਬਤਾਂ ਵਿਚ ਰਹਿੰਦਾ ਹੈ। ਕਹਿੰਦੇ ਹਨ ਕਸਤੂਰਾ ਹਿਰਨ, ਆਪਣੇ ਨਾਭ ਵਿਚਲੀ ਕਸਤੂਰੀ ਦੀ ਸੁਗੰਧ ਉਤੇ ਮੁਗਧ ਹੋਇਆ, ਅਸਲੀਅਤ ਤੋਂ ਬੇਖ਼ਬਰ, ਇਸ ਮਹਿਕ ਨੂੰ ਆਲੇ ਦੁਆਲੇ ਦੇ ਜੰਗਲ ਦੀ ਕਿਸੇ ਬੂਟੀ ਵਿਚੋਂ ਆਈ ਜਾਣ ਕੇ, ਭਟਕਦਾ ਫਿਰਦਾ ਹੈ ਅਤੇ ਅਖ਼ੀਰ ਹਾਰ ਹੁਟ ਕੇ ਸਿਥਿਲ ਹੋ ਜਾਂਦਾ ਹੈ। ਕਵੀਆਂ ਨੇ, ਇਸ ਅਨੁਭਵ ਨੂੰ ਅਧਿਆਤਮਕ ਰਹੱਸ ਪ੍ਰਗਟਾਣ ਲਈ ਵਰਤਿਆ ਹੈ ਅਤੇ ਜਗਿਆਸੂ ਨੂੰ ਇਹ ਅਨੁਭਵ ਕਰਵਾਇਆ ਹੈ ਕਿ ਉਹ ਆਪਣੇ ਆਪ ਨੂੰ ਪਛਾਣੇ ਅਤੇ ਵਿਸ਼ੇ ਵਿਕਾਰਾਂ ਵਿਚ ਅਨੰਦ ਲੈਣ ਲਈ ਭਟਕਦਾ ਨਾ ਫਿਰੇ।

## (ਕ-5) ਕੱਸ਼ਯਪ :

ਇਸ ਨਾਉਂ ਦੇ ਕਈ ਮਹਾਂਪੁਰਖ ਤੇ ਰਿਸ਼ੀ ਹੋਏ ਹਨ, ਪਰ ਸਭ ਤੋਂ ਵਧ ਪ੍ਰਸਿਧ ਕੱਸ਼ਯਪ ਉਹ ਹੈ, ਜਿਸ ਦੀ ਗਿਣਤੀ ਪ੍ਰਜਾਪਤੀਆਂ ਵਿਚ ਹੁੰਦੀ ਹੈ। ਇਸੇ ਕੱਸ਼ਯਪ ਨੇ ਦੱਖਸ਼ ਦੀਆਂ ਅੱਠਾਂ ਕੰਨਿਆਵਾਂ — ਦਿਤੀ, ਅਦਿਤੀ ਅਤੇ ਦਨੂ ਆਦਿ ਨਾਲ ਵਿਆਹ ਕਰਵਾਇਆ। ਅਦਿਤੀ ਦੇ ਉਦਰ ਤੋਂ 33 ਦੇਵਤ ਪੈਦਾ ਹੋਏ, ਜਿਨ੍ਹਾਂ ਵਿਚੋਂ 12 ਅਦਿਤਯ, 8 ਵਸੂ, 11 ਰੁਦਨ ਅਤੇ 2 ਅਸ਼ਵਨੀ ਕੁਮਾਰ ਹਨ। ਇਸੇ ਕੱਸ਼ਯਪ ਦੀ ਗਿਣਤੀ ਸੱਤ ਵੈਦਿਕ ਮਹਾਂ ਰਿਸ਼ੀਆਂ ਵਿਚ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੇ ਨਾਲ ਹੀ ਰਿਗ ਵੇਦ ਦੀਆਂ ਰਿਚਾਂ ਦਾ ਇਕ ਵੱਡਾ ਭਾਗ ਸੰਬੰਧਤ ਹੈ। ਇਹ ਰਿਸ਼ੀ ਮਰੀਚੀ ਦਾ ਪੁੱਤਰ ਸੀ।

ਹਰਿਹਰ ਪੁਰਾਣ ਅਨੁਸਾਰ ਕੱਸ਼ਯਪ ਦੀਆਂ 13 ਪਤਨੀਆਂ ਸਨ, ਜੋ ਸਭ ਦੱਖਸ਼ ਦੀਆਂ ਹੀ ਪੁਤਰੀਆਂ ਸਨ। ਉਨ੍ਹਾਂ ਤੋਂ ਹੀ ਅੱਗੋਂ ਸਾਰਾ ਸੰਸਾਰ ਚਲਿਆ। ਦਿਤੀ ਤੋਂ ਅਸੁਰ, ਕਦਰੂ ਤੋਂ ਨਾਗ, ਵਿਨਤਾ ਤੋਂ ਗਰੜ ਆਦਿ ਪੈਦਾ ਹੋਏ। ਯਕਸ਼ ਤੇ ਪਿਸਾਚ ਵੀ ਕੱਸ਼ਯਪ ਦੀ ਹੀ ਸੰਤਾਨ ਸਨ। ਇਸ ਤਰ੍ਹਾਂ ਕੱਸ਼ਯਪ ਸਭ ਜਾਤੀਆਂ ਦੇ ਪਿਤਾਮਾ ਸਨ।

ਸ਼ਤਪਥ ਬ੍ਰਾਹਮਣ ਵਿਚ ਪਰਜਾਪਤੀ ਕੱਸ਼ਯਪ ਅਤੇ ਕੂਰਮ ਅਵਤਾਰ ਨੂੰ ਇਕੋ ਰੂਪ ਮੰਨਿਆ ਗਿਆ ਹੈ। ਪਰਜਾਪਤੀ ਨੇ ਸੰਸਾਰ ਦੀ ਸਿਰਜਨਾ ਕਰਨ ਲਈ ਕੂਰਮ (ਕਛੂਆ) ਰੂਪ ਵਿਚ ਅਵਤਾਰ ਲਿਆ। ਕੱਸ਼ਯਪ ਦੇ ਅਰਥ ਵੀ ਕਛੂਏ ਦੇ ਹਨ।

ਰਾਮਾਇਣ ਤੇ ਮਹਾਂਭਾਰਤ ਅਨੁਸਾਰ ਕੱਸ਼ਯਪ ਬ੍ਰਹਮਾ ਦੇ ਪੁੱਤਰ ਮਰੀਚੀ ਦੀ ਸੰਤਾਨ ਸਨ। ਕੱਸ਼ਯਪ ਦੀ ਪਤਨੀ ਅਦਿਤੀ ਦੇ ਉਦਰ ਤੋਂ ਵਿਵਸਵਾਨ ਅਤੇ ਵਿਵਸਵਾਨ ਤੋਂ ਅੱਗੋਂ ਮਨੂ ਜੰਮੇ। ਇਨ੍ਹਾਂ ਦੀ ਦੂਜੀ ਪਤਨੀ ਅਨਲ ਤੋਂ ਸਭ ਤਰ੍ਹਾਂ ਦੀ ਬਨਸਪਤੀ ਉਤਪੰਨ ਹੋਈ।

ਵਿਸ਼ਨੂੰ ਪੁਰਾਣ ਅਨੁਸਾਰ ਕੱਸ਼ਯਪ ਦੀ ਪਤਨੀ ਦਿਤੀ ਦੇ ਕਈ ਪੁੱਤਰ ਦੇਵਤਿਆਂ ਤੇ ਦੈਂਤਾਂ ਦੇ ਸੰਗਰਾਮ ਵਿਚ ਮਾਰੇ ਗਏ ਤਾਂ ਉਨ੍ਹਾਂ ਨੂੰ ਇੰਦਰ ਦਾ ਵਿਨਾਸ਼ ਕਰਨ ਵਾਲੇ ਇਕ ਪੁੱਤਰ ਦੀ ਪ੍ਰਾਪਤੀ ਦਾ ਵਰਦਾਨ ਮਿਲਿਆ। ਇੰਦਰ ਨੂੰ ਜਦੋਂ ਇਸ ਗੱਲ ਦੀ ਖ਼ਬਰ ਹੋਈ ਤਾਂ ਉਸ ਨੇ ਦਿਤੀ ਦੇ ਗਰਭ ਵਿਚ ਦਾਖ਼ਲ ਹੋ ਕੇ 49 ਟੁਕੜੇ ਕਰ ਦਿਤੇ। ਇਨ੍ਹਾਂ ਟੁਕੜਿਆਂ ਤੋਂ 49 ਮਰੁਤਾਂ ਦੀ ਉਤਪਤੀ ਹੋਈ।

ਸ੍ਰੀਮਦ ਭਾਗਵਤ ਅਨੁਸਾਰ ਕੱਸ਼ਯਪ ਨੇ ਵੈਸ਼੍ਵਾਨਰ ਦਾਨਵ ਦੀਆਂ ਦੋ ਲੜਕੀਆਂ ਪਲੋਮਾ ਅਤੇ ਕਾਲਕਾ ਨਾਲ ਵਿਆਹ ਕੀਤਾ ਅਤੇ ਉਨ੍ਹਾਂ ਤੋਂ ਸੱਠ ਹਜ਼ਾਰ ਵੀਰ ਯੋਧੇ ਪੈਦਾ ਹੋਏ। ਇਹ ਸਾਰੇ ਬੜੇ ਸ਼ਕਤੀਸ਼ਾਲੀ, ਪਰ ਨਿਰਦਈ ਸਨ ਅਤੇ ਸਾਰੇ ਦੇ ਸਾਰੇ ਹੀ ਅਰਜਨ ਦੇ ਹੱਥੋਂ ਮਾਰੇ ਗਏ।

ਵਰਹਾ ਪੁਰਾਣ ਅਨੁਸਾਰ ਪਰਸਰਾਮ ਨੇ ਪ੍ਰਿਥਵੀ ਨੂੰ 21ਵੀਂ ਵਾਰ ਖਤਰੀਆਂ ਤੋਂ ਖੋਹ ਕੇ ਕੱਸ਼ਯਪ ਨੂੰ ਦਾਨ ਵਜੋਂ ਦੇ ਦਿਤੀ ਸੀ।

ਕੱਸ਼ਯਪ ਸ਼ਬਦ ਗੋਤਰਪਰਕ ਵੀ ਹੈ। ਕੱਸ਼ਯਪ ਗੋਤ ਮਰੀਚੀ ਦੇ ਪੁੱਤਰ ਕੱਸ਼ਯਪ ਤੋਂ ਚੱਲੀ।

## (ਕ-6) ਕੱਸਰ :

ਮੁਸਲਮਾਨਾਂ ਦੀ ਇਕ ਛੋਟੀ ਨਿਮਾਜ਼, ਜੋ ਉਹ ਸਫ਼ਰ ਵੇਲੇ ਅਦਾ ਕਰਦੇ ਹਨ (ਵੇਖੋ : ਨਿਮਾਜ਼)।

## (ਕ-7) ਕੱਸਰ (ਜਾਤੀ) :

ਪੱਛਮੀ ਪੰਜਾਬ ਦੀ ਇਕ ਮੁਸਲਮਾਨ ਜਾਤੀ, ਜਿਨ੍ਹਾਂ ਦੀ ਰਾਵਲਪਿੰਡੀ ਤੇ ਜਿਹਲਮ ਜ਼ਿਲੇ ਵਿਚ ਕਾਫ਼ੀ ਵਸੋਂ ਹੈ। ਇਸ ਇਲਾਕੇ ਵਿਚ ਇਨ੍ਹਾਂ ਦੇ ਨਾਂ ਨਾਲ ਸੰਬੰਧਤ ਕੁਝ ਪਿੰਡ 'ਸੱਯਦ ਕੱਸਰਾਂ', 'ਬਲਕੱਸਰ' ਆਦਿ ਹੁਣ ਤਕ ਮੌਜੂਦ ਹਨ, ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਕਦੇ ਇਹ ਇਲਾਕਾ ਇਨ੍ਹਾਂ ਦਾ ਗੜ੍ਹ ਰਿਹਾ ਹੈ।

ਕੱਸਰਾਂ ਦਾ ਮੂਲ ਸਥਾਨ ਜੰਮੂ ਮੰਨਿਆ ਜਾਂਦਾ ਹੈ। ਰਵਾਇਤ ਅਨੁਸਾਰ ਇਹ ਲੋਕ ਬਾਬਰ ਦੇ ਵੇਲੇ ਜਿਹਲਮ ਦੇ ਜ਼ਿਲੇ ਵਿਚ ਆ ਕੇ ਵਸੇ ਅਤੇ ਇਨ੍ਹਾਂ ਵਿਚੋਂ ਬਹੁਤਿਆਂ ਨੇ ਮੁਸਲਮਾਨੀ ਮੱਤ ਧਾਰਨ ਕਰ ਲਿਆ। ਬੋਰਿੰਗ ਦੇ ਕਥਨ ਅਨੁਸਾਰ ਇਹ ਆਪਣਾ ਪਿੱਛਾ ਰਾਜਪੂਤਾਂ ਨਾਲ ਜੋੜਦੇ ਹਨ। ਪਰ ਇਬਟਸਨ ਕਹਿੰਦਾ ਹੈ ਕਿ ਨਿਮਕ ਦੇ ਪਹਾੜੀ ਖੇਤਰ ਵਿਚ ਵਸਦੇ ਕਬੀਲਿਆਂ ਵਿਚੋਂ ਇਕੋ ਇਕ ਕੱਸਰ ਹੀ ਅਜਿਹਾ ਕਬੀਲਾ ਹੈ, ਜੋ ਰਾਜਪੂਤ, ਅਵਾਣ ਜਾਂ ਮੁਗ਼ਲ ਅਸਲੇ ਦਾ ਦਾਅਵਾ ਨਹੀਂ ਕਰਦਾ। ਪਰ 1881 ਈ: ਦੀ ਜਨ-ਗਣਨਾ ਵਿਚ ਬਹੁਤ ਸਾਰੇ ਕੱਸਰਾਂ ਨੇ ਆਪਣੇ ਆਪ ਨੂੰ ਮੁਗ਼ਲ ਲਿਖਵਾਇਆ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਅਜਿਹਾ ਸ਼ਜਰਾ ਮੌਜੂਦ ਹੈ; ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਕੱਸਰ ਤੇ ਮੁਗ਼ਲ ਸ਼ਹਿਨਸ਼ਾਹਾਂ ਦੇ ਪੁਰਖੇ ਇਕੋ ਹਨ। ਉਹ ਦਸਦੇ ਹਨ ਕਿ ਪਹਿਲਾਂ ਉਹ ਕਿਨਾਨ ਵਿਚ ਰਹਿੰਦੇ ਸਨ, ਜਿਥੋਂ ਉਹ ਮੁਗ਼ਲ ਘਰਾਣੇ ਦੇ ਵਡਿਕਿਆਂ ਨਾਲ ਹੀ ਕਿਸੇ ਸਮੇਂ ਗ਼ਜ਼ਨੀ ਜਾ ਵਸੇ। 1526 ਈ: ਵਿਚ ਜਦੋਂ ਬਾਬਰ ਨੇ ਭਾਰਤ ਉਤੇ ਹੱਲਾ ਬੋਲਿਆ, ਤਾਂ ਕੱਸਰਾਂ ਦੇ ਵਡਿਕੇ ਘਰਕਾ ਅਤੇ ਭੀਣ ਬਾਬਰ ਨਾਲ ਹੀ ਭਾਰਤ ਆਏ ਸਨ। ਇਕ ਹੋਰ ਰਵਾਇਤ ਅਨੁਸਾਰ ਇਨ੍ਹਾਂ ਦੇ ਵਡਿਕਿਆਂ ਦੇ ਨਾਉਂ ਜਝਾ, ਲਾਟੀ ਤੇ ਕੁਲਸ਼ੀ ਸਨ। ਉਹ ਸਭ ਤੋਂ ਪਹਿਲਾਂ ਬਲਕੱਸਰ ਵਿਚ ਆ ਕੇ ਵਸੇ। ਇਥੇ ਹੀ ਕੱਸਰਾਂ ਦੇ ਵਡਿਕੇ ਘਰਕੇ ਦੀ ਮ੍ਰਿਤੂ ਹੋਈ, ਜਿਸ ਨੂੰ ਬਲਕੱਸਰ ਵਿਚ ਹੀ ਢੱਕ ਪਿੱਪਲੀ ਤੋਂ ਕੁਝ ਮੀਲਾਂ ਦੀ ਵਿੱਥ ਉਤੇ, ਇਕ ਥੇਹ ਮੌਜ਼ਾ ਹਟਿਆਲ ਵਿਚ ਦਬਿਆ ਗਿਆ। ਉਦੋਂ ਧਨੀ ਦੇ ਇਲਾਕੇ ਵਿਚ ਖ਼ਾਨਾਬਦੋਸ਼ ਗੁੱਜਰਾਂ ਦਾ ਜ਼ੋਰ ਸੀ ਅਤੇ ਦੱਖਣ ਦੀਆਂ ਪਹਾੜੀਆਂ ਵਲ ਚੰਗਸ ਖ਼ਾਨ ਜੰਞੂਏ ਦਾ, ਜੋ ਉਦੋਂ ਮੌਜ਼ਾ ਮੈਰਾ ਦੇ ਨੇੜੇ ਸਮਰਕੰਦ ਨਾਂ ਦੇ ਕਿਲ੍ਹੇ ਵਿਚ ਰਹਿੰਦਾ ਸੀ। ਇਨ੍ਹੀਂ ਦਿਨੀਂ ਧਨੀ ਦੇ ਪੂਰਬੀ ਭਾਗ ਵਿਚ ਇਕ ਵੱਡੀ ਸਾਰੀ ਝੀਲ ਸੀ। ਬਾਬਰ ਨੇ ਕੱਸਰ ਕਬੀਲੇ ਦੇ ਲੋਕਾਂ ਨੂੰ ਧਨੀ ਦਾ ਪੱਛਮੀ ਭਾਗ ਇਸ ਸ਼ਰਤ ਉਤੇ ਦੇ ਦਿਤਾ ਕਿ ਉਹ ਝੀਲ ਵਿਚੋਂ, ਨਹਿਰਾਂ ਰਾਹੀਂ ਪਾਣੀ ਕਢ ਕੇ, ਇਸ ਇਲਾਕੇ ਨੂੰ ਵਸਣ ਦੇ ਯੋਗ ਬਣਾ ਦੇਣ। ਕੱਸਰਾਂ ਨੂੰ, ਕੁਝ ਇਲਾਕਾ, ਜੰਞੂਆ ਕਬੀਲੇ ਦੇ ਰਾਜੇ ਚੰਗਸ ਖ਼ਾਂ ਨੇ ਵੀ ਇਨਾਮ ਵਜੋਂ ਦਿਤਾ ਸੀ, ਕਿਉਂ ਜੋ ਇਕ ਵਾਰ ਜਦੋਂ ਉਹਦੀ ਸਭ ਤੋਂ ਵਧੀਆ ਘੋੜੀ ਗੁੰਮ ਹੋ ਗਈ, ਤਾਂ ਕੱਸਰਾਂ ਦੇ ਵਡਿਕੇ ਘਰਕੇ ਨੇ ਆਪਣੇ ਕਬੀਲੇ ਦੇ ਲੋਕਾਂ ਨੂੰ ਭੇਜ ਕੇ ਢੂੰਡਵਾ ਦਿਤੀ ਸੀ।

ਕੱਸਰਾਂ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਦੇ ਵਡਿਕੇ ਬਲ, ਜਿਸ ਨੇ ਬਲਕੱਸਰ ਨਾਂ ਦਾ ਪਿੰਡ ਵਸਾਇਆ ਸੀ, ਦੀ ਇਸ ਇਲਾਕੇ ਵਿਚ ਇਤਨੀ ਕੀਰਤੀ ਫੈਲੀ ਹੋਈ ਸੀ ਕਿ ਉਸ ਦੇ ਨਾਉਂ ਉਤੇ ਹੀ ਸਾਰੇ ਇਲਾਕੇ ਦਾ ਨਾਂ ਬਲਾਕੀ ਧਨ ਪੈ ਗਿਆ। ਆਇਨੇ ਅਕਬਰੀ ਵਿਚ ਬਲਾਕੀ ਧਨ ਵਲ ਤਾਂ ਸੰਕੇਤ ਹੈ, ਪਰ ਹੋਰ ਕੋਈ ਪ੍ਰਸੰਗ ਨਹੀਂ ਦਿਤਾ ਗਿਆ। ਬਲਾਕੀ ਧਨ ਦੇ ਨਾਉਂ ਬਾਰੇ ਜੰਞੂਏ ਕਬੀਲੇ ਦੇ ਲੋਕਾਂ ਦਾ

Sri Satguru Jagjit Singh Ji eLibrary NamdhariElibrary@gmail.com

ਦਾਅਵਾ ਹੈ ਕਿ ਇਹ ਨਾਉਂ ਅਸਲ ਵਿਚ ਮਲੌਕੀ ਧਨ ਹੈ, ਜੋ ਉਨ੍ਹਾਂ ਦੇ ਵਡਿਕੇ, ਮਲੋਟ ਦੇ ਵਸਨੀਕ, ਮੱਲ ਦੇ ਨਾਉਂ ਉਤੇ ਪਿਆ।

ਕੱਸਰ ਆਪਣੇ ਲਈ ਚੌਧਰੀ ਦੀ ਉਪਾਧੀ ਵਰਤਦੇ ਹਨ। ਇਸ ਇਲਾਕੇ ਵਿਚ ਵਸਦੇ ਦੂਜੇ ਕਬੀਲਿਆਂ ਨਾਲੋਂ ਕੱਸਰਾਂ ਦੇ ਰੀਤ ਰਵਾਜਾਂ ਵਿਚ ਕੋਈ ਖ਼ਾਸ ਅੰਤਰ ਨਹੀਂ। ਹਾਂ, ਕੱਸਰਾਂ ਦੇ ਕਬਰਸਤਾਨਾਂ ਵਿਚ ਤੀਵੀਂ ਦੀ ਕਬਰ ਉਤੇ ਸਿਰ ਤੇ ਪੈਰਾਂ ਵਲ ਜੋ ਪੱਥਰ ਰਖਿਆ ਜਾਂਦਾ ਹੈ, ਉਹ ਚੌੜਾ ਦਾਅ ਹੁੰਦਾ ਹੈ, ਪਰ ਆਦਮੀ ਦੀ ਕਬਰ ਉਤੇ ਲੰਮੇ ਦਾਅ। ਕੱਸਰ ਆਪਣੇ ਕਬੀਲੇ ਤੋਂ ਬਾਹਰ ਕੇਵਲ ਮੈਰਿਆਂ ਦੇ ਘਰੋਂ ਧੀਆਂ ਲੈਂਦੇ ਦੇਂਦੇ ਹਨ, ਕਹੂਤਾਂ ਤੇ ਹੋਰ ਜਾਤਾਂ ਦੇ ਘਰੋਂ ਨਹੀਂ। ਵੈਸੇ ਉਹ ਮੈਰਿਆਂ ਤੇ ਕਹੂਤਾਂ ਦੋਹਾਂ ਨਾਲ ਖਾਣ ਪੀਣ ਦੀ ਸਾਂਝ ਰਖਦੇ ਹਨ।

ਮਿਰਾਸੀਆਂ ਵਿਚ ਕੱਸਰਾਂ ਦੇ ਵਡਿਕੇ ਘਰਕਾ ਅਤੇ ਭੀਣ ਬਾਰੇ ਵਾਰਾਂ ਪ੍ਰਚਲਤ ਹਨ। ਕਿਉਂ ਜੋ ਹੁਣ ਇਨ੍ਹਾਂ ਵਾਰਾਂ ਨੂੰ ਗਾਉਣ ਦਾ ਰਵਾਜ ਨਹੀਂ ਰਿਹਾ, ਇਸ ਲਈ ਕੋਈ ਇਕ ਅੱਧੀ ਤੁਕ ਹੀ ਮਿਰਾਸੀਆਂ ਨੂੰ ਯਾਦ ਹੈ :—

ਚੜ੍ਹਿਆ ਬਾਬਰ ਬਾਦਸ਼ਾਹ, ਕਹਰ ਤੰਬੂ ਤਣਾਏ
ਭੀਣ ਤੇ ਘਰਕਾ ਕਸਰ ਦੋਇ ਨਾਲ ਆਏ।

**(ਕ-8) ਕਸਲੇਟੀ :**

ਸੂਹਾ ਨਦੀ ਦਾ ਇਕ ਵਾਹੜਾ, ਜਿਸ ਦੇ ਕੰਢੇ ਸੱਸੀ ਦਾ ਧੌਲਰ ਬਣਿਆ ਹੋਇਆ ਹੈ। ਇਹ ਧੌਲਰ ਹੁਣ ਬੜੀ ਬਿਰਧ ਅਵਸਥਾ ਵਿਚ ਹੈ। ਸਥਾਨਕ ਰਵਾਇਤਾਂ ਅਨੁਸਾਰ ਧੋਬੀ ਨੇ ਸੱਸੀ ਨੂੰ ਕਸਲਟੀ ਵਿਚੋਂ ਹੀ ਰੁੜ੍ਹਦੀ ਜਾਂਦੀ ਨੂੰ ਫੜਿਆ ਸੀ (ਵੇਖੋ : ਸੱਸੀ ਦਾ ਧੌਲਰ)।

**(ਕ-9) ਕਸਾਈ :**

ਕਸਾਈ ਪਸ਼ੂਆਂ ਨੂੰ, ਨਿਤ ਜ਼ਬ੍ਹਾ ਕਰਨ ਕਰ ਕੇ, ਹਿਰਦੇ ਦਾ ਬੜਾ ਕਠੋਰ ਹੋ ਜਾਂਦਾ ਹੈ। ਇਸ ਲਈ ਪੰਜਾਬੀ ਲੋਕਧਾਰਾ ਵਿਚ ਕਸਾਈ ਕਠੋਰਤਾ, ਨਿਰਦਇਤਾ ਤੇ ਬੇਤਰਸੀ ਦਾ ਪ੍ਰਤੀਕ ਹੈ, ਜਿਸ ਦੀ ਪੁਸ਼ਟੀ ਹੇਠ ਲਿਖੇ ਅਖਾਣਾਂ ਤੋਂ ਹੁੰਦੀ ਹੈ :– 'ਕਸਾਈ ਦੇ ਘਾਹ ਨੂੰ ਕੱਟਾ ਖਾ ਜਾਏ'; 'ਕਸਾਈ ਬੱਚਾ ਕਦੇ ਨਾ ਸੱਚਾ'; 'ਕਸਾਈ ਦੀ ਬੇਟੀ ਦਸਾਂ ਸਾਲਾਂ ਵਿਚ ਬਚਾ ਜਣ ਦਿੰਦੀ ਹੈ'। ਕਸਾਈਆਂ ਵਿਚ ਸਧਨੇ ਭਗਤ ਨੂੰ ਬੜੀ ਮਾਨਤਾ ਪ੍ਰਾਪਤ ਹੋਈ, ਜਿਨ੍ਹਾਂ ਦੀ ਬਾਣੀ ਆਦਿ ਗ੍ਰੰਥ ਵਿਚ ਹੈ (ਵੇਖੋ : ਸਧਨਾ)।

**(ਕ-10) ਕਸੀਦਾ :**

ਇਕ ਕਾਵਿ ਰੂਪ, ਜਿਸ ਵਿਚ ਕਿਸੇ ਵਿਅਕਤੀ ਦੇ ਗੁਣਾਂ ਅਤੇ ਕਰਨੀਆਂ ਦੀ ਉਸਤਤ ਹੁੰਦੀ ਹੈ। ਕਸੀਦਾ ਅਰਬੀ ਦਾ ਸ਼ਬਦ ਹੈ, ਜਿਸ ਦਾ ਕੋਸ਼ਗਤ ਅਰਥ ਹੈ — ਠੋਸ ਅਤੇ ਭਰਿਆ ਹੋਇਆ ਮਗਜ਼ ਜਾਂ ਦਿਮਾਗ਼। ਪੰਜਾਬ ਵਿਚ ਸੂਈ ਧਾਗੇ ਨਾਲ ਕਪੜੇ 'ਤੇ ਵੇਲ ਬੂਟੇ ਕੱਢਣ ਦੇ ਕੰਮ ਨੂੰ ਵੀ ਕਸੀਦਾ ਕਿਹਾ ਜਾਂਦਾ ਹੈ। ਇਸ ਲਈ ਇਸ ਕਾਵਿ ਰਚਨਾ ਵਿਚ ਵੀ ਸ਼ਬਦਾਂ, ਬਿੰਬਾਂ ਅਤੇ ਰੂਪਕਾਂ ਦੁਆਰਾ ਕਿਸੇ ਵਿਅਕਤੀ ਦੀ ਕਰਨੀ ਕੀਰਤ ਦੀ ਫੁਲਕਾਰੀ ਕੱਢੀ ਜਾਂਦੀ ਹੈ।

ਇਨਸਾਈਕਲੋਪੀਡੀਆ ਆਫ਼ ਇਸਲਾਮ (16,285) ਅਨੁਸਾਰ ਕਸੀਦੇ ਵਿਚ ਆਮ ਤੌਰ 'ਤੇ ਕਿਸੇ ਵਿਅਕਤੀ ਦਾ ਮਦਹ (ਉਸਤਤੀ) ਹੁੰਦੀ ਹੈ, ਪਰ ਕਸੀਦੇ ਦੇ ਵਸਤੂ ਦਾ ਘੇਰਾ ਬੜਾ ਚੌੜਾ ਹੈ। ਇਸ ਵਿਚ ਹੁਸਨ ਇਸ਼ਕ, ਜ਼ਮਾਨੇ ਦੀ ਗਰਦਸ਼, ਬਹਾਰ ਤੇ ਗੁਲਜ਼ਾਰ, ਨੈਤਿਕਤਾ, ਅਰਫਾਨੀਅਤ ਅਤੇ ਦੁਆ ਦਾ ਬਿਆਨ ਵੀ ਆ ਜਾਂਦਾ ਹੈ।

ਕਸੀਦੇ ਦੇ ਘਟੋ ਘਟ ਪੰਦਰਾਂ ਸ਼ੇਅਰ ਹੋਣੇ ਵਿਧਾਨ ਹੈ, ਜ਼ਿਆਦਾ ਦੀ ਕੋਈ ਹੱਦ ਨਹੀਂ। ਸਾਰੀ ਕਵਿਤਾ ਇਕੋ ਬਹਿਰ ਵਿਚ ਹੁੰਦੀ ਹੈ। ਕਸੀਦਾ ਦਾ ਪਹਿਲਾ ਸ਼ੇਅਰ, ਜਿਸ ਵਿਚ ਦੋਵੇਂ ਮਿਸਰੇ ਹਮਕਾਫ਼ੀਆ ਹੁੰਦੇ ਹਨ, ਮਤਲਾ ਅਖਵਾਂਦਾ ਹੈ। ਕਸੀਦੇ ਦੇ ਸਾਰੇ ਸ਼ੇਅਰਾਂ ਦਾ ਕਾਫ਼ੀਆ ਮਿਲਦਾ ਹੈ।

ਕਸੀਦਾ ਅਰਬੀ ਕਾਵਿ ਦੁਆਰਾ ਦੂਜੀਆਂ ਜ਼ਬਾਨਾਂ ਤਕ ਪੁਜਾ। ਅਰਬੀ ਵਿਚ ਕਸੀਦਾ ਇਕ ਲੰਮੀ ਨਜ਼ਮ ਹੈ, ਜਿਸ ਦਾ ਰਵਾਜ ਪੂਰਬੀ ਹਿਜਰੀ ਦੇ ਅਰਬੀ ਕਵੀਆਂ ਵਿਚ ਸੀ। ਕਸੀਦੇ ਵਿਚ ਕਵੀ ਆਪਣੇ ਕਬੀਲੇ ਦੀ ਤਾਰੀਫ਼ ਕਰਦੇ ਅਤੇ ਦੁਸ਼ਮਣ ਕਬੀਲੇ ਦੀ ਨਿੰਦਿਆ ਬਖੀਲੀ ਕੀਤਾ ਕਰਦੇ ਸਨ। ਹੌਲੇ ਹੌਲੇ ਸ਼ਾਇਰ ਕਸੀਦੇ ਵਿਚ ਕਿਸੇ ਵਿਅਕਤੀ ਜਾਂ ਕਬੀਲੇ ਦੀ ਮਦਹ ਕਰਨ ਲੱਗੇ ਅਤੇ ਨਾਲ ਹੀ ਵਿਅਕਤੀ ਜਾਂ ਕਬੀਲੇ ਦੇ ਚੌਧਰੀ ਨੂੰ ਉਹ ਕਵਿਤਾ ਸੁਣਾ ਕੇ ਇਨਾਮ ਪ੍ਰਾਪਤ ਕਰਨ ਲੱਗੇ। ਅਰਬੀ ਵਿਚੋਂ ਹੀ ਕਸੀਦਾ ਉਰਦੂ, ਫ਼ਾਰਸੀ ਵਿਚ ਪ੍ਰਚਲਤ ਹੋਇਆ। ਜਿਥੋਂ ਇਹ ਕਾਵਿ ਰੂਪ ਪੰਜਾਬੀ ਵਿਚ ਪ੍ਰਵੇਸ਼ ਕਰ ਗਿਆ।

ਪੰਜਾਬੀ ਵਿਚ ਕਸੀਦਾ ਲੋਕ-ਪੱਧਰ ਉਤੇ ਖ਼ਾਸ ਪ੍ਰਸਿਧੀ ਪ੍ਰਾਪਤ ਨਹੀਂ ਕਰ ਸਕਿਆ, ਇਸ ਲਈ ਇਹ ਲੋਕ-ਕਾਵਿ ਨਹੀਂ ਬਣਿਆ। ਪੰਜਾਬੀ ਵਿਚ ਸੂਰਮਿਆਂ ਤੇ ਯੋਧਿਆਂ ਦੀ ਕਰਨੀ ਕੀਰਤ ਵਿਚ ਵਾਰਾਂ ਰਚੀਆਂ ਜਾਂਦੀਆਂ ਰਹੀਆਂ ਅਤੇ ਪੀਰਾਂ ਵਲੀਆਂ ਅਤੇ ਹੋਰ ਧਾਰਮਿਕ ਪੁਰਸ਼ਾਂ ਦੀ ਸਿਫ਼ਤ ਵਿਚ ਹਮਦਾਂ।

ਕਸੀਦੇ ਵਿਚ ਰਜਵਾੜਿਆਂ ਦੀ ਹੀ ਮਹਿਮਾ ਗਾਈ ਜਾਂਦੀ ਰਹੀ। ਮਿਰਾਸੀ ਹਾਕਮਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਕਸੀਦੇ ਰਚਦੇ ਰਹੇ, ਪਰ ਇਨ੍ਹਾਂ ਦੀ ਸੰਭਾਲ ਨਹੀਂ ਹੋ ਸਕੀ। ਪੰਜਾਬੀ ਕਵੀਆਂ ਨੇ ਇਸ ਕਾਵਿ ਰੂਪ ਨੂੰ ਸਾਹਿੱਤਕ ਪੱਧਰ ਉਤੇ ਨਹੀਂ ਅਪਣਾਇਆ। ਰਾਂਝੇ ਬਰਖ਼ੁਰਦਾਰ ਦਾ ਇਕ ਕਸੀਦਾ ਹੱਥ ਲਿਖਤ ਰੂਪ ਵਿਚ ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ (ਹੱਥ ਲਿਖਤ ਨੰ: 2768) ਵਿਚ ਮਿਲਦਾ ਹੈ। ਉਸ ਵਿਚੋਂ ਨਮੂਨੇ ਦੀਆਂ ਸਤਰਾਂ ਹੇਠਾਂ ਦਿਤੀਆਂ ਜਾਂਦੀਆਂ ਹਨ :

ਬਰਕਤ ਏਸ ਕਸੀਦੇ ਦੀ
ਉਸ ਰਾਂਝੇ ਬਰਖ਼ੁਰਦਾਰ
ਨਾਲ ਈਮਾਨ ਦੇ ਪੁਜਾਈ,
ਹਜ਼ਰਤ ਦੀ ਸਰਕਾਰ
ਉਹ ਮਦਹ ਹੈ ਅਰਬੀ ਅੰਦਰ,
ਮੈਂ ਮਦਹ ਪੰਜਾਬੀ
ਉਸ ਨੂੰ ਦਰਜਾ ਰਿਹਾ ਵਜ਼ੀਰੀ,
ਮੈਨੂੰ ਕੁਰਬ ਨਵਾਬੀ।

**(ਕ-11) ਕਸੀਦਾਕਾਰੀ :**

ਕਿਸੇ ਕਪੜੇ ਉਤੇ ਸੂਈ ਧਾਗੇ ਨਾਲ ਵੇਲ ਬੂਟੇ ਜਾਂ ਫੁੱਲ ਆਦਿ ਕੱਢਣ ਦਾ ਕੰਮ। ਕਸੀਦਾ ਅਰਬੀ ਸ਼ਬਦ ਹੈ, ਜਿਸ ਦਾ ਅਰਥ ਹੈ ਭਰਿਆ ਹੋਇਆ, ਠੋਸ। ਇਸ ਕਢਾਈ ਵਿਚ ਕਪੜੇ ਨੂੰ ਵੰਨ-ਸੁਵੰਨੇ ਫੁੱਲਾਂ ਤੇ ਵੇਲ-ਬੂਟਿਆਂ ਨਾਲ ਭਰ ਦਿਤਾ ਜਾਂਦਾ ਹੈ। ਇਸ ਲਈ ਕਸੀਦਾ ਸ਼ਬਦ ਫੁੱਲਾਂ-ਬੂਟਿਆਂ ਦੀ ਕਢਾਈ ਨਾਲ ਭਰੇ ਕਪੜੇ ਲਈ ਪ੍ਰਯੋਗ ਹੋਣ ਲੱਗਾ ਅਤੇ ਇਸ ਕਲਾ ਨੂੰ ਕਸੀਦਾਕਾਰੀ ਕਿਹਾ ਜਾਣ ਲੱਗਾ। ਪੰਜਾਬ ਵਿਚ ਕਸੀਦਾਕਾਰੀ ਲਈ ਵਧੇਰੇ ਪ੍ਰਚਲਤ ਸ਼ਬਦ 'ਫੁੱਲਕਾਰੀ' ਹੈ (ਵੇਖੋ : ਫੁੱਲਕਾਰੀ)।

**(ਕ-12) ਕਸੁੰਭੜਾ :**

ਇਕ ਪ੍ਰਕਾਰ ਦਾ ਫੁੱਲ, ਜਿਸ ਦਾ ਰੰਗ ਵੇਖਣ ਵਿਚ ਅੱਗ ਦੀਆਂ ਲਾਟਾਂ ਵਾਂਗ ਭੜਕੀਲਾ, ਲਾਲ-ਪੀਲਾ ਤੇ ਸ਼ੋਖ਼ ਹੁੰਦਾ ਹੈ। ਪਰ ਤੱਗਣ ਵਿਚ ਇਹ ਰੰਗ ਇਤਨਾ ਕੱਚਾ ਹੁੰਦਾ ਹੈ ਕਿ ਧੁਪ ਵਿਚ ਜਾਂ ਪਾਣੀ ਪੈਣ ਨਾਲ ਛੇਤੀ ਫਿਕਾ ਪੈ ਜਾਂਦਾ ਹੈ। ਪੰਜਾਬ ਵਿਚ ਗੜ੍ਹਸ਼ੰਕਰ ਅਤੇ ਊਨਾ ਵਿਚ ਕਸੁੰਭੇ ਦੀ ਕਾਸ਼ਤ ਆਮ ਕੀਤੀ ਜਾਂਦੀ ਹੈ। ਰੇਤਲੀ ਭੋਇੰ ਵਿਚ ਇਸ ਦਾ ਪੌਦਾ ਵਧੇਰੇ ਪ੍ਰਫੁਲਤ ਹੁੰਦਾ ਹੈ। ਪੁਰਾਣੇ ਵੇਲਿਆਂ ਵਿਚ ਕਸੁੰਭੜੇ ਦੇ ਫੁੱਲਾਂ ਨੂੰ, ਕਪੜੇ ਉਤੇ ਲਾਲ ਰੰਗ ਚਾੜ੍ਹਨ ਲਈ ਵਰਤਿਆ ਜਾਂਦਾ ਸੀ। ਕਸੁੰਭੜੇ ਦਾ ਰੰਗ ਸਥਾਈ ਨਹੀਂ ਹੁੰਦਾ ਤੇ ਧੁੱਪ ਵਿਚ ਜਾਂ

Sri Satguru Jagjit Singh Ji eLibrary NamdhariElibrary@gmail.com

ਇਕੋ ਵਾਰ ਪਾਣੀ ਵਿਚ ਧੋਣ ਨਾਲ ਫਿਕਾ ਪੈ ਜਾਂਦਾ ਹੈ। ਇਸ ਲਈ ਅਧਿਆਤਮਕ ਖੇਤਰ ਵਿਚ ਕਸੁੰਭੜੇ ਨੂੰ ਛਿਨ-ਭੰਗਰਤਾ ਤੇ ਭੜਕੀਲੇ ਮਾਇਕ ਪਦਾਰਥਾਂ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ — 'ਹਥ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ' — ਸੂਹੀ ਫ਼ਰੀਦ।

ਪੰਜਾਬ ਵਿਚ ਕਸੁੰਭੜੇ ਦੇ ਖੇਤ ਵਿਚੋਂ ਕੁੜੀਆਂ ਫੁੱਲ ਚੁਗਦੀਆਂ ਹਨ। ਪੰਜਾਬੀ ਗੀਤਾਂ ਵਿਚ ਇਸ ਸਭਿਆਚਾਰਕ ਦ੍ਰਿਸ਼ ਦਾ ਰਹੱਸਵਾਦੀ ਵਰਨਣ ਮਿਲਦਾ ਹੈ — "ਮੈਂ ਕਸੁੰਭਾ ਚੁਗ-ਚੁਗ ਹਾਰੀ, ਏਸ ਕਸੁੰਭੇ ਦਾ ਕੰਮ ਔਖਰਾ, ਚੁੰਨੀ ਅੜ ਅੜ ਪਾੜੀ।" ਲੋਕ ਧਾਰਨਾ ਅਨੁਸਾਰ ਕਸੁੰਭੜੇ ਦਾ ਫੁੱਲ ਬੜਾ ਪਵਿੱਤਰ ਹੁੰਦਾ ਹੈ ਅਤੇ ਇਸ ਨੂੰ ਭਿਟ ਨਹੀਂ ਛੂਹਦੀ। ਸੂਤਕ ਦੇ ਦਿਨਾਂ ਵਿਚ ਕਈ ਜਾਤਾਂ ਗੋਤਾਂ ਵਿਚ ਹੱਥਾਂ ਨੂੰ ਮਹਿੰਦੀ ਨਾਲ ਰੰਗਣਾ ਅਤੇ ਕਸੁੰਭੜੇ ਦੇ ਰੰਗ ਵਿਚ ਰੰਗੇ ਕਪੜੇ ਪਹਿਨਣੇ ਨਿਸ਼ੇਧ ਹਨ, ਪਰ ਪਿਤਰਾਂ ਨੂੰ ਪੂਜਣ ਮਗਰੋਂ ਕਸੁੰਭੇ ਵਿਚ ਰੰਗੇ ਕਪੜੇ ਪਹਿਨੇ ਜਾ ਸਕਦੇ ਹਨ (ਗਲਾਸਰੀ 1,750)।

## (ਕ-13) ਕਸੂਰ :

ਪਾਕਿਸਤਾਨੀ ਪੰਜਾਬ ਦਾ ਇਕ ਪ੍ਰਸਿਧ ਇਤਿਹਾਸਕ ਨਗਰ, ਜੋ ਲਾਹੌਰ ਤੋਂ 34 ਮੀਲ ਦੱਖਣ-ਪੂਰਬ ਵਲ, ਬਿਆਸ ਦਰਿਆ ਦੇ ਪੁਰਾਣੇ ਲਾਂਘੇ ਦੇ ਉੱਤਰੀ ਕੰਢੇ ਉਪਰ ਸਥਿਤ ਹੈ। ਕਸੂਰ 1976 ਈ: ਤਕ ਜ਼ਿਲਾ ਲਾਹੌਰ ਦੀ ਹੀ ਇਕ ਤਹਿਸੀਲ ਰਿਹਾ, ਪਰ ਹੁਣ ਇਕ ਨਵਾਂ ਜ਼ਿਲਾ ਕਸੂਰ ਬਣਾ ਦਿਤਾ ਗਿਆ ਹੈ, ਜਿਸ ਦਾ ਸਦਰ ਮੁਕਾਮ ਕਸੂਰ ਹੈ। ਬਚਿਤ੍ਰ ਨਾਟਕ ਅਨੁਸਾਰ ਸ੍ਰੀ ਰਾਮ ਚੰਦਰ ਦੇ ਦੂਹਾਂ ਪੁਤਰਾਂ ਲਵ ਅਤੇ ਕੁਸ਼ ਨੇ ਤਰਤੀਬਵਾਰ ਦੋ ਨਗਰ ਲਾਹੌਰ ਅਤੇ ਕਸੂਰ ਬੰਨ੍ਹੇ — 'ਤਹੀ ਤਿਨੈ ਬਾਂਧੇ ਦੁਇ ਪੁਰਵਾ, ਏਕ ਕਸੂਰ ਦੁਤੀਯਾ ਲਹੁਰਵਾ।' ਕਸੂਰ ਦਾ ਪ੍ਰਾਚੀਨ ਨਾਉਂ ਕੁਸਪੁਰ ਜਾਂ ਕੁਸ਼ਾਵਰ ਸੀ, ਜੋ ਮੁਸਲਮਾਨੀ ਰਾਜ ਵੇਲੇ ਵਿਗੜ ਕੇ ਕਸੂਰ ਬਣ ਗਿਆ।

ਪਹਿਲਾਂ ਇਹ ਸ਼ਹਿਰ ਮੌਜੂਦਾ ਆਬਾਦੀ ਤੋਂ ਦੱਖਣ ਵਲ ਸਥਿਤ ਸੀ ਅਤੇ ਇਥੇ ਬਹੁਤੀ ਘਣੀ ਵਸੋਂ ਨਹੀਂ ਸੀ ਹੁੰਦੀ। ਸ਼ਾਹ ਬਹਿਲੋਲ, ਸੁਲਤਾਨ ਇਬਰਾਹੀਮ ਲੋਧੀ ਅਤੇ ਬਾਬਰ ਬਾਦਸ਼ਾਹ ਦੇ ਸਮੇਂ ਕਾਬਲ, ਕੰਧਾਰ, ਖ਼ੁਰਾਸਾਨ ਤੇ ਤੁਰਕਿਸਤਾਨ ਵਿਚੋਂ ਅਨੇਕਾਂ ਅਫ਼ਗ਼ਾਨ ਇਸ ਸ਼ਹਿਰ ਵਿਚ ਆ ਕੇ ਵਸੇ। ਉਨ੍ਹਾਂ ਅਫ਼ਗ਼ਾਨਾਂ ਵਿਚੋਂ ਜਿਹੜੇ ਸ਼ਖ਼ਸ ਵਧੇਰੇ ਉੱਦਮੀ ਤੇ ਪ੍ਰਾਕ੍ਰਮੀ ਹੁੰਦੇ ਸਨ, ਉਹ ਦਿੱਲੀ ਦੇ ਬਾਦਸ਼ਾਹਾਂ ਦੀ ਸੇਵਾ ਕਰ ਕੇ ਨਵਾਬੀਆਂ ਪ੍ਰਾਪਤ ਕਰਦੇ ਰਹੇ ਤੇ ਉਨ੍ਹਾਂ ਨੂੰ ਕਸੂਰ ਦੇ ਨੇੜੇ ਤੇੜੇ ਜਾਗੀਰਾਂ ਵੀ ਮਿਲਦੀਆਂ ਰਹੀਆਂ। ਫਲਸਰੂਪ ਕਸੂਰ ਵਿਚ ਅਫ਼ਗ਼ਾਨ ਨਵਾਬਾਂ ਨੇ ਕਈ ਕੋਟ ਵਸਾਏ। ਇਹ ਕੋਟ ਲੋਕਾਂ ਦੇ ਰਹਿਣ ਵਾਸਤੇ, ਨਵੀਆਂ ਪੱਕੀਆਂ ਵਸਾਈਆਂ ਵਸਤੀਆਂ ਸਨ, ਜਿਨ੍ਹਾਂ ਦੇ ਨਾਉਂ ਅਫ਼ਗ਼ਾਨਾਂ ਦੇ ਨਾਵਾਂ ਉਤੇ ਹੀ ਰਖੇ ਗਏ। ਕਿਸੇ ਵੇਲੇ ਕਸੂਰ ਵਿਚ 12 ਇਤਿਹਾਸਕ ਕੋਟ ਹੁੰਦੇ ਸਨ, ਜਿਨ੍ਹਾਂ ਵਿਚੋਂ ਹੁਣ ਕੇਵਲ ਅੱਠ ਹੀ ਮੌਜੂਦ ਹਨ — ਕੋਟ ਫ਼ਤਹ ਦੀਨ ਖ਼ਾਂ, ਕੋਟ ਪੀਰਾਂ ਵਾਲਾ, ਕੋਟ ਬਦਰਉੱਦੀਨ ਖ਼ਾਂ, ਕੋਟ ਖ਼ੁਆਜਾ ਹੁਸੈਨ, ਕੋਟ ਅਬਦੁਲ ਗ਼ਨੀ, ਕੋਟ ਗ਼ੁਲਾਮ ਮੁਹੀਉੱਦੀਨ, ਕੋਟ ਮੁਗ਼ਲ ਖ਼ਾਂ ਅਤੇ ਕੋਟ ਉਸਮਾਨ ਖ਼ਾਂ।

ਮੁਗ਼ਲਾਂ ਦੇ ਪਤਣ ਦੇ ਦਿਨੀਂ, 1763 ਈ: ਵਿਚ, ਖ਼ਾਲਸਾ ਦਲ ਨੇ ਕਸੂਰ ਦੇ ਹਾਕਮ ਉਸਮਾਨ ਖ਼ਾਨ ਨੂੰ ਕਤਲ ਕਰ ਕੇ ਕਬਜ਼ਾ ਕਰ ਲਿਆ। ਪਰ ਮਗਰੋਂ ਇਹ ਸ਼ਹਿਰ ਫਿਰ ਖ਼ਾਲਸਾ ਦਲ ਦੇ ਹੱਥੋਂ ਨਿਕਲ ਗਿਆ। ਮਹਾਰਾਜਾ ਰਣਜੀਤ ਸਿੰਘ ਨੇ 1807 ਈ: ਵਿਚ ਇਥੋਂ ਦੇ ਹਾਕਮ ਕੁਤਬ ਉੱਦੀਨ ਉਤੇ ਵਿਜੈ ਪ੍ਰਾਪਤ ਕਰ ਕੇ ਇਸ ਨਗਰ ਨੂੰ ਸਿੱਖ ਰਾਜ ਵਿਚ ਮਿਲਾ ਲਿਆ।

ਕਸੂਰ ਵਿਚ ਦੇਸ਼ ਵੰਡ ਤੋਂ ਪਹਿਲਾਂ ਵੀ ਬਹੁਤੀ ਵਸੋਂ ਮੁਸਲਮਾਨਾਂ ਦੀ ਸੀ। ਮੁਸਲਮਾਨਾਂ ਵਿਚੋਂ ਵੀ ਖੋਜਿਆਂ ਦੀ ਵਸੋਂ ਜ਼ਿਆਦਾ ਸੀ। ਇਹ ਲੋਕ ਵਣਜ ਵਪਾਰ ਤੇ ਦੁਕਾਨਦਾਰੀ ਕਰਦੇ ਹਨ। ਇਹ ਲੋਕ ਪਹਿਲਾਂ ਹਿੰਦੂ ਅਰੋੜੇ ਹੁੰਦੇ ਸਨ, ਮਗਰੋਂ ਇਨ੍ਹਾਂ ਨੇ ਮੁਸਲਮਾਨੀ ਮੱਤ ਕਬੂਲ ਕਰ ਲਿਆ। ਇਨ੍ਹਾਂ ਨੂੰ ਖੋਜੇ ਦਾ ਖ਼ਿਤਾਬ ਸ਼ਮਸ ਤਬਰੇਜ਼ੀ ਨੇ ਬਖ਼ਸ਼ਿਆ ਸੀ (ਵੇਖੋ : ਖੋਜੇ)।

ਕਸੂਰ ਦੇ ਸ਼ਹਿਰ ਵਿਚ ਪੂਰਨ ਕਰਨੀ ਵਾਲੇ ਪੀਰ ਫ਼ਕੀਰ ਤੇ ਵਲੀ ਕਾਫ਼ੀ ਗਿਣਤੀ ਵਿਚ ਹੋਏ ਹਨ। ਇਥੇ ਪੀਰਾਂ ਦੇ 360 ਮਕਬਰੇ ਮੌਜੂਦ ਹਨ, ਜਿਨ੍ਹਾਂ ਵਿਚੋਂ ਸਦਰ ਦੀਵਾਨ ਅਨਸਾਰੀ, ਹਾਜੀ ਮੁਹੰਮਦ ਸ਼ਰੀਫ਼, ਅਬਦੁਲ ਖ਼ਾਲਕ, ਮੀਆਂ ਬਾਦਸ਼ਾਹ, ਬੁਲ੍ਹੇ ਸ਼ਾਹ, ਸ਼ਾਹ ਕਮਾਲ ਚਿਸ਼ਤੀ ਅਤੇ ਬਾਵਾ ਥੰਮਣ ਨਾਲ ਸਬੰਧਿਤ ਅਸਥਾਨਾਂ ਦੀ ਵਧੇਰੇ ਮਾਨਤਾ ਹੈ। ਸਦਰ ਦੀਵਾਨ ਅਨਸਾਰੀ ਦਾ ਮਕਬਰਾ ਸ਼ਹਿਰ ਤੋਂ ਉੱਤਰ ਪੂਰਬ ਵਲ ਲਾਹੌਰ ਵਾਲੀ ਸੜਕ ਉਤੇ ਸਥਿਤ ਹੈ, ਜਿਥੇ ਹਰ ਸਾਲ ਮਾਘ ਦੇ ਮਹੀਨੇ ਬਸੰਤ ਪੰਚਮੀ ਤੋਂ ਬਾਅਦ ਬੜਾ ਭਾਰੀ ਮੇਲਾ ਲੱਗਦਾ ਹੈ, ਜੋ ਤਿੰਨ ਦਿਨ ਰਹਿੰਦਾ ਹੈ। ਇਸ ਦਰਗਾਹ ਉਤੇ ਇਕ ਮੇਲਾ 'ਵਫ਼ਾਤੀ' ਵੀ ਜੁੜਦਾ ਹੈ। ਅਬਦੁਲ ਖ਼ਾਲਕ ਦੀ ਮਜ਼ਾਰ ਖੇਮਕਰਨ ਤੋਂ ਕਸੂਰ ਵਲ ਜਾਂਦੇ ਰਾਹ ਉਪਰ ਹੈ, ਜਿਥੇ ਸਾਵਣ ਮਹੀਨੇ ਦੀ ਚੌਦਸ ਨੂੰ ਉਰਸ ਲੱਗਦਾ ਹੈ। ਮੀਆਂ ਬਾਦਸ਼ਾਹ ਦਾ ਮਕਬਰਾ ਸ਼ਹਿਰ ਦੇ ਦੱਖਣ ਵਲ ਹੈ, ਜਿਥੇ ਜੁਮੇਰਾਤ ਨੂੰ ਸ਼ਰਧਾਲੂ ਸੁੱਖਾਂ ਸੁਖਦੇ ਤੇ ਮੁਰਾਦਾਂ ਪੂਰੀਆਂ ਹੋਣ ਉਤੇ ਸ਼ਰਬਤ ਦਾ ਲੋਟਾ ਚੜ੍ਹਾਂਦੇ ਹਨ। ਬੁਲ੍ਹੇ ਸ਼ਾਹ ਦੀ ਮਜ਼ਾਰ ਉਪਰ ਵੀਰਵਾਰ ਨੂੰ ਨਾਚ ਗਾਣੇ ਅਤੇ ਕੱਵਾਲੀਆਂ ਹੁੰਦੀਆਂ ਹਨ। ਇਸ ਇਲਾਕੇ ਵਿਚ ਇਹ ਧਾਰਨਾ ਪ੍ਰਚਲਤ ਹੈ ਕਿ ਜੇ ਕਿਸੇ ਸ਼ਖ਼ਸ ਨੂੰ ਕਸਮ ਖੁਆਣੀ ਹੋਵੇ ਜਾਂ ਕਿਸੇ ਤੋਂ ਕੋਈ ਬਚਨ ਲੈਣਾ ਹੋਵੇ ਤਾਂ ਉਸ ਤੋਂ ਬੁਲ੍ਹੇ ਸ਼ਾਹ ਦੇ ਮਕਬਰੇ ਤੇ ਜਾ ਕੇ ਕਸਮ/ਬਚਨ ਲਓ। ਬਚਨ ਦੇਣ ਵਾਲਾ ਕਦੇ ਨਹੀਂ ਮੁਕਰਦਾ। ਲਾਲ ਚਿਸ਼ਤੀ ਦੀ ਮਜ਼ਾਰ ਉਪਰ ਮੁਰਾਦਾਂ ਮੰਗਣ ਵਾਲੇ ਸ਼ਰੀਣੀਆਂ ਵੰਡਦੇ ਹਨ। ਬਾਬਾ ਥੰਮਣ ਦੀ ਸਮਾਧ ਉਤੇ ਵਿਸਾਖੀ ਨੂੰ ਭਾਰੀ ਮੇਲਾ ਲੱਗਿਆ ਕਰਦਾ ਹੈ।

ਇਥੇ ਕਾਫ਼ੀ ਮਸਜਿਦਾਂ ਹਨ, ਜਿਨ੍ਹਾਂ ਵਿਚੋਂ ਜਾਮਾ ਮਸਜਿਦ, ਹੁਸੈਨ ਖ਼ਾਨ ਮਸਜਿਦ, ਹੌਜ਼ ਵਾਲੀ ਮਸਜਿਦ, ਗੁੰਬਦ ਵਾਲੀ ਮਸਜਿਦ ਅਤੇ ਮਸਜਿਦ ਖ਼ੁਦਾ ਦਾਦਾਖ਼ਾਨ ਨੂੰ ਬੜੀ ਪ੍ਰਸਿਧੀ ਪ੍ਰਾਪਤ ਹੈ।

ਕਸੂਰ ਦੀ ਮੇਥਰੀ, ਖਜੂਰ ਤੇ ਜੁੱਤੀ ਬੜੀ ਪ੍ਰਸਿਧ ਹੈ। ਮੇਥਰੀ ਤਾਂ ਆਪਣੀ ਭਿੰਨੀ ਭਿੰਨੀ ਸੁਗੰਧੀ ਸਦਕਾ ਸਾਰੇ ਪੰਜਾਬ ਵਿਚ ਹੀ ਮਕਬੂਲ ਹੈ। ਕਸੂਰੀ ਜੁੱਤੀ ਤਾਂ ਲੋਕ-ਗੀਤਾਂ ਵਿਚ ਵੀ ਠੁਮਕਦੀ ਹੈ — "ਜੁੱਤੀ ਕਸੂਰੀ, ਪੈਰੀਂ ਨਾ ਪੂਰੀ, ਹਾਇ ਵੇ ਰੱਬਾ ਸਾਨੂੰ ਟੁਰਨਾ ਪਿਆ।" ਲੰਮੀਆਂ ਖਜੂਰਾਂ ਬਾਰੇ ਇਕ ਟੱਪਾ ਇਉਂ ਪ੍ਰਚਲਤ ਹੈ — 'ਬੁਲ੍ਹੇ ਸ਼ਾਹ ਦਾ ਵਸਣ ਕਸੂਰ, ਜਿਥੇ ਲੰਮੀ ਲੰਮੀ ਖਜੂਰ'।

ਆਧਾਰ ਪੁਸਤਕ — ਪੰਜਾਬ ਦੀ ਸੈਰ।

## (ਕ-14) ਕਹਾ :

ਪਿਸਾਚੀ ਵਿਚ ਲਿਖੀਆਂ ਕਹਾਣੀਆਂ ਦਾ ਇਕ ਪ੍ਰਸਿਧ ਗ੍ਰੰਥ, ਜੋ ਹੁਣ ਅਲੱਭ ਹੈ। ਇਹ ਗ੍ਰੰਥ ਗੁਣਾਢੇ ਰਿਸ਼ੀ ਦੀ ਕ੍ਰਿਤ ਹੈ ਤੇ ਇਹਦਾ ਪੂਰਾ ਨਾਂ 'ਵਡਕਹਾ' ਹੈ (ਵੇਖੋ : ਵਡਕਹਾ)।

## (ਕ-15) ਕਹਾਣਾ :

ਇਕ ਵਿਸ਼ੇਸ਼ ਕਿਸਮ ਦੇ ਅਖਾਣ, ਜਿਨ੍ਹਾਂ ਨਾਲ ਕੋਈ ਕਥਾ-ਕਹਾਣੀ ਸੰਬੰਧਤ ਹੋਵੇ (ਵੇਖੋ : ਅਖਾਣ)।

## (ਕ-16) ਕਹਾਣੀ :

(ਵੇਖੋ : ਕਥਾ, ਲੋਕ-ਕਹਾਣੀ, ਕਿੱਸਾ, ਬਾਤਾਂ)।

Sri Satguru Jagjit Singh Ji eLibrary NamdhariElibrary@gmail.com

**(ਕ-17) ਕਹਾਰ :**

ਕਹਾਰ ਦਾ ਸ਼ਾਬਦਿਕ ਅਰਥ ਜਲ ਢੋਣ ਵਾਲਾ (ਕ) ਕਿਰਤੀ (ਹਾਰ) ਹੈ। ਪਰੰਪਰਾ ਤੋਂ ਕਹਾਰਾਂ ਦਾ ਕਿੱਤਾ ਪਾਣੀ ਢੋ ਕੇ ਘਰਾਂ ਵਿਚ ਪਹੁੰਚਾਣਾ ਰਿਹਾ ਹੈ। ਹੁਣ ਪਿੰਡਾਂ ਵਿਚ ਨਲਕੇ ਲੱਗ ਜਾਣ ਨਾਲ ਇਹ ਪੇਸ਼ਾ ਖ਼ਤਮ ਹੁੰਦਾ ਜਾ ਰਿਹਾ ਹੈ। ਕਹਾਰ ਨੂੰ ਝੀਵਰ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਜ਼ਿੰਮੇ ਕੁਝ ਸਮਾਜਿਕ ਕਰਤੱਵ ਵੀ ਹਨ। ਵਿਆਹ ਸ਼ਾਦੀ ਸਮੇਂ ਕਹਾਰ ਡੋਲੀ ਜਾਂ ਪਾਲਕੀ ਵਿਚ ਦੁਲ੍ਹਨ ਨੂੰ ਬਿਠਾ ਕੇ ਸਹੁਰੇ ਘਰ ਪਹੁੰਚਾਂਦੇ ਰਹੇ ਹਨ (ਵੇਖੋ : ਝੀਵਰ)।

**(ਕ-18) ਕਹਾਵਤ :**

ਪੰਜਾਬੀ ਵਿਚ ਕਹਾਵਤ ਸ਼ਬਦ ਅਖਾਣ ਦੇ ਸਮਾਨਾਰਥੀ ਵਰਤਿਆ ਜਾਂਦਾ ਹੈ। ਇਸ ਸ਼ਬਦ ਦੀ ਵਿਉਤਪਤੀ ਬਾਰੇ ਨਿਸਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਕੁਝ ਵਿਦਵਾਨ ਇਸ ਸ਼ਬਦ ਦੇ ਮੂਲ ਤੱਤਾਂ ਦਾ ਨਿਖੇੜ ਕਰਦਿਆਂ ਉਰਦੂ ਫ਼ਾਰਸੀ ਦੇ ਪ੍ਰਤੱਯਾਂ ਦਾ ਆਸਰਾ ਲੈਂਦੇ ਹਨ। ਪਰ ਕੁਝ ਦੂਜੇ ਵਿਦਵਾਨ ਹਿੰਦੀ ਸੰਸਕ੍ਰਿਤ ਦੇ ਪ੍ਰਤੱਯਾਂ ਦਾ, ਜਿਸ ਕਰ ਕੇ ਕਾਫ਼ੀ ਘਚੋਲਾ ਮਚ ਗਿਆ ਹੈ। ਫ਼ਾਰਸੀ ਤੇ ਸੰਸਕ੍ਰਿਤ, ਦੋਹਾਂ ਭਾਸ਼ਾਵਾਂ ਵਿਚ, ਕਹਾਵਤ ਨਾਲ ਮਿਲਦਾ ਜੁਲਦਾ ਸ਼ਬਦ ਅਖਾਣ ਦੇ ਅਰਥਾਂ ਵਿਚ ਵਰਤਿਆ ਨਹੀਂ ਮਿਲਦਾ। ਇਕ ਮੱਤ ਅਨੁਸਾਰ ਕਹਾਵਤ ਦਾ ਮੂਲ 'ਕਥਾਵਤ' ਹੈ, ਪ੍ਰਾਕ੍ਰਿਤ ਦੇ ਨੇਮ ਅਨੁਸਾਰ 'ਥ' ਦਾ 'ਹ' ਵਿਚ ਬਦਲਣਾ ਸੁਭਾਵਿਕ ਹੈ। ਪਰ ਸੰਸਕ੍ਰਿਤ ਸਾਹਿੱਤ ਵਿਚ ਕਿਧਰੇ ਵੀ ਕਥਾਵਤ ਸ਼ਬਦ ਅਖਾਣ ਦੇ ਅਰਥਾਂ ਵਿਚ ਵਰਤਿਆ ਹੋਇਆ ਨਹੀਂ ਮਿਲਦਾ। ਇਸ ਲਈ ਇਹ ਵਿਉਤਪਤੀ ਕਲਪਨਾ ਉਪਰ ਆਧਾਰਤ ਮੰਨੀ ਜਾਂਦੀ ਹੈ। ਡਾ: ਸਿਧੇਸ਼ਵਰ ਵਰਮਾ ਅਨੁਸਾਰ ਕਹਾਵਤ ਸ਼ਬਦ ਦੀ ਵਿਉਤਪਤੀ ਹਿੰਦੀ ਸ਼ਬਦ 'ਕਹਨਾ' ਤੋਂ ਹੋਈ, ਜਿਸ ਦੇ ਅੱਗੇ ਦੋ ਪ੍ਰਤੱਯ ਜੁੜੇ ਹੋਏ ਹਨ। ਇਕ 'ਆਵ' ਜਿਵੇਂ 'ਸੁਝਾਵ' ਵਿਚ ਸ਼ਮਿਲਤ ਹੈ ਅਤੇ ਦੂਜਾ 'ਅਤ' ਪ੍ਰਤੱਯਾ ਹੈ, ਜੋ ਕਹਾਵਤ ਦੀ ਸੰਖਿਪਤਤਾ ਤੇ ਸਾਰਗਰਭਤਾ ਦਾ ਸੂਚਕ ਹੈ।

ਇਸ ਦੇ ਉਲਟ ਦੂਜੇ ਮੱਤ ਅਨੁਸਾਰ ਕਹਾਵਤ ਸ਼ਬਦ ਦੀ ਰਚਨਾ ਉਰਦੂ ਫ਼ਾਰਸੀ ਪਰੰਪਰਾ ਵਿਚੋਂ ਹੋਈ। 'ਕਹ' ਧਾਤੂ ਦੇ ਅੱਗੇ ਅਰਬੀ ਪ੍ਰਤਯ, 'ਆਵਤ' ਲਗਾਉਣ ਨਾਲ ਕਹਾਵਤ ਸ਼ਬਦ ਹੋਂਦ ਵਿਚ ਆਇਆ। ਲਿਖਾਵਟ, ਸਜਾਵਟ ਆਦਿ ਦੀ ਸਾਦ੍ਰਿਸ਼ਤਾ ਉਤੇ ਕਹਾਵਟ (ਕਹਾਵਤ) ਸ਼ਬਦ ਦਾ ਬਣਨਾ ਸੰਭਵ ਹੈ।

ਰਾਹੁਲ ਸਾਂਕ੍ਰਤਾਇਨ ਦੀ ਧਾਰਨਾ ਹੈ ਕਿ ਕਹਾਵਤ ਦਾ ਮੂਲ ਰੂਪ ਕਥਾ ਵਾਰਤਾ ਹੈ। ਕਥਾ-ਵਾਰਤਾ ਦਾ ਪ੍ਰਾਕ੍ਰਿਤ ਰੂਪ 'ਕਹਾਵੱਤਾ' ਹੈ, ਜੋ ਧੁਨੀ ਅਤੇ ਅਰਥ ਦੋਹਾਂ ਦੀ ਪਖੋਂ ਕਹਾਵਤ ਸ਼ਬਦ ਦੇ ਨਾਲ ਕਾਫ਼ੀ ਮੇਲ ਖਾਂਦਾ ਹੈ (ਰਾਜਸਥਾਨੀ ਕਹਾਵਤੇਂ – ਏਕ ਅਧਿਐਨ, 8)। ਇਹੋ ਧਾਰਨਾ ਹੁਣ ਵਧੇਰੇ ਪ੍ਰਮਾਣਿਕ ਮਨੀ ਜਾਣ ਲਗ ਪਈ ਹੈ।

ਵੇਖਿਆ ਜਾਵੇ ਤਾਂ ਕਹਾਵਤ ਸ਼ਬਦ ਦਾ ਸਬੰਧ ਉਸੇ ਤਰ੍ਹਾਂ ਕਥਾ ਨਾਲ ਹੈ, ਜਿਵੇਂ ਉਸ ਦੇ ਸਮਾਨਾਰਥੀ ਸ਼ਬਦ ਅਖਾਣ ਦਾ, ਜੋ ਆਖਯਾਨ ਤੋਂ ਬਣਿਆ ਹੈ। ਪਹਿਲਾਂ ਪਹਿਲ ਕਹਾਵਤ ਸ਼ਬਦ ਉਨ੍ਹਾਂ ਉਕਤੀਆਂ ਲਈ ਪ੍ਰਯੋਗ ਹੁੰਦਾ ਰਿਹਾ, ਜੋ ਕਿਸੇ ਪ੍ਰਸੰਗ ਜਾਂ ਬ੍ਰਿਤਾਂਤ ਦਾ ਸਹਿਜ ਫਲ ਸਨ ਅਥਵਾ ਜਿਨ੍ਹਾਂ ਦਾ ਉਦੈ ਕਿਸੇ ਕਥਾ ਦੇ ਸੰਦਰਭ ਵਿਚ ਹੋਇਆ।

ਪੰਜਾਬੀ ਵਿਚ ਕਹਾਵਤ ਜਾਂ ਕਹੌਤ ਸ਼ਬਦ, ਅਖਾਣ ਤੋਂ ਇਲਾਵਾ, ਉਸ ਕਥਾ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ, ਜੋ ਕਿਸੇ ਉਕਤੀ ਨਾਲ ਸਬੰਧਤ ਹੁੰਦੀ ਹੈ। ਮੱਧਕਾਲ ਵਿਚ ਕਿਸੇ ਕਥਾ ਦਾ ਤੱਤ ਉਕਤੀ ਵਿਚ ਨਚੋੜ ਕੱਢਣ ਅਤੇ ਕਿਸੇ ਉਕਤੀ ਦੀ ਵਿਆਖਿਆ ਵਿਚ ਬਿਰਤਾਂਤ ਸਿਰਜਣ ਦੀ ਬਿਰਤੀ ਨੇ ਅਖਾਣ ਤੇ ਕਥਾ ਵਿਚਕਾਰ ਸੰਘਣੀ ਰਚਨਾਤਮਕ ਸਾਂਝ ਪੈਦਾ ਕਰ ਦਿਤੀ ਸੀ, ਜਿਸ ਦਾ ਫਲ ਸਰੂਪ ਕਹਾਵਤ ਤੇ ਅਖਾਣ ਆਦਿ ਸ਼ਬਦ ਅਖਾਣ ਤੇ ਉਸ ਨਾਲ ਸਬੰਧਤ ਕਥਾ ਦੋਹਾਂ ਰੂਪ-ਵਿਧਾ ਲਈ ਪ੍ਰਯੋਗ ਹੋਣ ਲੱਗੇ।

ਕਹਾਵਤ ਦੀ ਪਰਿਭਾਸ਼ਾ, ਮੂਲ ਤੱਤਾਂ ਅਤੇ ਸੁਭਾਵ ਬਾਰੇ ਵਿਚਾਰ ਅਖਾਣ ਸ਼ਬਦ ਹੇਠ ਕੀਤੀ ਗਈ ਹੈ (ਵੇਖੋ : ਅਖਾਣ)।

**(ਕ-19) ਕਹਿ ਮੁਕਰਨੀ :**

ਇਕ ਵਿਸ਼ੇਸ਼ ਪ੍ਰਕਾਰ ਦੀ ਪਹੇਲੀ, ਜਿਸ ਵਿਚ ਵਸਤੂ-ਪ੍ਰਬੰਧ ਤਾਂ ਕਿਸੇ ਇਕ ਚੀਜ਼ ਵਲ ਸੰਕੇਤ ਕਰਦਾ ਹੈ, ਪਰੰਤੂ ਭਾਵ-ਪ੍ਰਬੰਧ ਦੂਜੀ ਚੀਜ਼ ਵਲ। ਇਸ ਤਰ੍ਹਾਂ ਦੀ ਪਹੇਲੀ ਨੂੰ ਪੰਜਾਬੀ ਵਿਚ 'ਮੁਕਰਨੀ' ਕਹਿੰਦੇ ਹਨ (ਵੇਖੋ : ਮੁਕਰਨੀ)।

**(ਕ-20) ਕਹਿਰੋੜ, ਕਰੋੜ :**

ਮੁਲਤਾਨ ਜ਼ਿਲੇ ਦਾ ਇਕ ਛੋਟਾ ਜਿਹਾ ਕਸਬਾ, ਜੋ ਪੁਰਾਣੇ ਦਰਿਆ ਦੇ ਲਾਂਘੇ ਦੇ ਦੱਖਣੀ ਕੰਢੇ ਉਤੇ ਵਸਿਆ ਹੋਇਆ ਹੈ। ਇਸ ਕਸਬੇ ਦੇ ਲੋਕਾਂ ਦੇ ਚਰਿਤ੍ਰ ਬਾਰੇ ਇਕ ਵਿਅੰਗਾਤਮਿਕ ਟੱਪਾ ਇਉਂ ਪ੍ਰਚਲਤ ਹੈ :—

"ਆਏ ਯਾਰ ਕਹਿਰੋੜੀ,
ਲਸ਼ ਲਸ਼ ਘਣੀ, ਮੁਹੱਬਤ ਥੋੜੀ,
ਵਿਖਾਏ ਦਰਵਾਜ਼ਾ ਤੇ ਲੰਘਾਏ ਮੋਰੀ।

ਇਸ ਕਸਬੇ ਵਿਚ ਮੀਂਹ ਬਹੁਤ ਘਟ ਵਸਦਾ ਅਤੇ ਝੱਖੜ ਜ਼ਿਆਦਾ ਝੁਲਦੇ ਹਨ; ਜਿਸ ਕਰ ਕੇ ਲੋਕ-ਕਲਪਨਾ ਨੇ ਇਹ ਕਹਾਵਤ ਘੜ ਲਈ ਹੈ — "ਆਈ ਕਹਿਰੋੜ ਦੀ ਵਾਰੀ, ਹਾ ਮੀਂਹ ਤੇ ਥੀ ਗਈ ਅੰਧੇਰੀ।"

ਇਸ ਨਗਰ ਨੂੰ ਭੱਟੀ ਜਾਤੀ ਦੇ ਇਕ ਵਡਿਕੇ ਕੇਹਰ ਨੇ ਬੰਨ੍ਹਿਆ ਸੀ, ਜਿਸ ਨੂੰ ਲੋਕ ਅਜੇ ਭੁਲੇ ਨਹੀਂ। ਇਸ ਨਗਰ ਦੇ ਪੂਰਬ ਵਲ, ਅੱਧਾ ਕੁ ਮੀਲ ਦੂਰ ਪੀਰ ਬੱਧਣ ਸ਼ਾਹ ਦੀ ਖ਼ਾਨਗਾਹ ਹੈ, ਜਿਥੇ ਹਰ ਸਾਲ ਭਾਰੀ ਮੇਲਾ ਲਗਦਾ ਹੈ। ਪੀਰ ਬੱਧਣ ਸ਼ਾਹ ਮੁਗ਼ਲਾਂ ਦੇ ਰਾਜ ਸਮੇਂ ਕਹਿਰੋੜ ਦਾ ਹਾਕਮ ਸੀ। ਰਵਾਇਤ ਹੈ ਕਿ ਇਹ ਗ਼ਰੀਬਾਂ ਅਤੇ ਦੁਖੀਆਂ ਦਾ ਬੜਾ ਦਰਦਵੰਦ ਸੀ ਅਤੇ 'ਆਪਣੀ ਸਾਰੀ ਕਮਾਈ ਲੋੜਵੰਦਾਂ ਵਿਚ ਵੰਡ ਦਿਤਾ ਕਰਦਾ ਸੀ। ਇਕ ਵਾਰ ਕਾਲ ਪੈਣ 'ਤੇ ਬੱਧਣ ਸ਼ਾਹ ਨੇ ਸਾਰਾ ਸ਼ਾਹੀ ਖ਼ਜ਼ਾਨਾ ਮਸਕੀਨਾਂ ਵਿਚ ਵੰਡ ਦਿਤਾ। ਪਿਛੋਂ ਜਦੋਂ ਖ਼ਜ਼ਾਨੇ ਨੂੰ ਦਿੱਲੀ ਭੇਜਣ ਦਾ ਸਵਾਲ ਉਠਿਆ, ਤਾਂ ਪੀਰ ਨੇ ਠੀਕਰੀਆਂ ਦੇ ਬੋਰੇ ਭਰ ਕੇ ਦਿੱਲੀ ਭੇਜ ਦਿਤੇ। ਇਲਾਹੀ ਸ਼ਕਤੀ ਨਾਲ ਉਹ ਠੀਕਰਾਂ ਅਸ਼ਰਫ਼ੀਆਂ ਵਿਚ ਬਦਲ ਗਈਆਂ। ਦੇਸ਼ ਦੀ ਵੰਡ ਤੋਂ ਪਹਿਲਾਂ ਪੀਰ ਬੱਧਣ ਸ਼ਾਹ ਦੀ ਖ਼ਾਨਗਾਹ ਉਤੇ ਹਿੰਦੂ ਆਪਣੇ ਬੱਚਿਆਂ ਦਾ ਮੁੰਡਣ ਸੰਸਕਾਰ ਕੀਤਾ ਕਰਦੇ ਸਨ। ਇਲਾਕੇ ਦੇ ਮੁਸਲਮਾਨ ਆਪਣੇ ਬੱਚਿਆਂ ਦਾ ਪਹਿਲਾ ਸਿਰ ਮੁੰਨਣ ਇਸੇ ਖ਼ਾਨਗਾਹ ਤੇ ਹੀ ਕਰਦੇ ਹਨ।

**(ਕ-21) ਕਹੂਤ :**

ਕਹੂਤ ਧਨੀ ਦਾ ਇਕ ਪ੍ਰਸਿਧ ਕਬੀਲਾ ਹੈ, ਜਿਸ ਦੀ ਬਹੁਤੀ ਵਸੋਂ ਚਕਵਾਲ ਤਹਿਸੀਲ ਵਿਚ ਹੈ। ਚਕਵਾਲ ਤਹਿਸੀਲ ਦੇ ਦੱਖਣੀ ਖੇਤਰ ਵਿਚ ਕਦੇ ਕਹੂਤਾਂ ਦਾ ਬੜਾ ਦਬਦਬਾ ਸੀ ਤੇ ਇਨ੍ਹਾਂ ਦੇ ਨਾਉਂ ਉਤੇ ਹੀ ਇਲਾਕੇ ਨੂੰ 'ਕਹੂਤਾਨੀ' ਕਿਹਾ ਜਾਣ ਲੱਗਾ। ਇਬਟਸਨ ਲਿਖਦਾ ਹੈ ਕਿ ਕਹੂਤਾਂ ਦਾ ਕਹਿਣਾ ਹੈ ਕਿ ਉਹ ਜੰਮੂ ਦੀਆਂ ਪਹਾੜੀਆਂ ਵਿਚੋਂ ਹੀ ਧਨੀ ਦੇ ਇਲਾਕੇ ਵਿਚ ਆਏ ਅਤੇ ਬਾਬਰ ਨੇ ਹੀ ਉਨ੍ਹਾਂ ਨੂੰ ਚਕਵਾਲ ਦੇ ਖੇਤਰ ਵਿਚ ਵਸਣ ਲਈ ਸਹੂਲਤਾਂ ਦਿਤੀਆਂ।

ਕੱਸਰਾਂ ਵਾਂਗ, ਕਹੂਤਾਂ ਨੇ ਵੀ, ਆਪਣਾ ਅਸਲਾ ਮੁਸਲਮਾਨੀ ਸਿੱਧ ਕਰਨ ਲਈ, ਕਈ ਦੰਦ-ਕਥਾਵਾਂ ਘੜ ਲਈਆਂ ਹਨ। ਇਕ ਕਥਾ ਅਨੁਸਾਰ ਉਹ ਪਹਿਲਾਂ ਅਰਬ ਦੇਸ਼ ਵਿਚ ਰਹਿੰਦੇ

Sri Satguru Jagjit Singh Ji eLibrary NamdhariElibrary@gmail.com

ਸਨ ਅਤੇ ਜ਼ਾਤ ਦੇ ਕੁਰੇਸ਼ੀ ਸਨ। ਇਸ ਕਬੀਲੇ ਦਾ ਅਜੋਕਾ ਨਾਉਂ ਉਨ੍ਹਾਂ ਦੇ ਇਕ ਵਡਿਕੇ ਕਹੂਤ ਤੋਂ ਪਿਆ। 1359 ਈ: ਦੇ ਨੇੜੇ ਤੇੜੇ ਕਹੂਤਾਂ ਦਾ ਇਕ ਵਡਿਕਾ ਸੱਯਦ ਨਵਾਬ ਅਲੀ ਆਪਣੇ ਸਾਥੀਆਂ ਸਮੇਤ ਦਿੱਲੀ ਆਇਆ। ਉਦੋਂ ਦਿੱਲੀ ਉਤੇ ਫ਼ਰੋਜ਼ ਸ਼ਾਹ ਤੁਗਲਕ ਦਾ ਰਾਜ ਸੀ। ਦਿੱਲੀ ਆਉਂਦਿਆਂ ਹੋਇਆਂ ਰਾਹ ਵਿਚ, ਉਨ੍ਹਾਂ ਨੇ ਸਿਆਲਕੋਟ ਦੇ ਇਕ ਹਿੰਦੂ ਰਾਜੇ ਸਾਈਂ ਪਾਲ ਨਾਲ ਯੁਧ ਕਰ ਕੇ, ਉਸ ਨੂੰ ਬੁਰੀ ਤਰ੍ਹਾਂ ਹਰਾ ਦਿਤਾ। ਦਿੱਲੀ ਦੇ ਬਾਦਸ਼ਾਹ ਨੇ ਸੱਯਦ ਨਵਾਬ ਅਲੀ ਦੀ ਬੀਰਤਾ ਅਤੇ ਹੌਂਸਲੇ ਉਤੇ ਖ਼ੁਸ਼ ਹੋ ਕੇ, ਉਸ ਨੂੰ ਧਨੀ ਅਤੇ ਨਿਮਕ ਦੀਆਂ ਪਹਾੜੀਆਂ ਦਾ ਕੁਝ ਇਲਾਕਾ ਜਗੀਰ ਵਜੋਂ ਦੇ ਦਿਤਾ।

ਸੱਯਦ ਨਵਾਬ ਅਲੀ ਦੇ ਲੜਕੇ ਕਹੂਤ ਦੀ ਸਰਦਾਰੀ ਹੇਠ, ਉਹ ਸਾਰਾ ਕਬੀਲਾ ਦਿੱਲੀ ਤੋਂ ਧਨ ਪਹੁੰਚਿਆ ਅਤੇ ਉਹ ਸਭ ਤੋਂ ਪਹਿਲਾਂ ਗਗਨੇਲਪੁਰ ਵਿਚ ਜਾ ਕੇ ਵਸੇ, ਜੋ ਹੁਣ ਉਜੜ ਚੁਕਾ ਹੈ। ਇਥੇ ਉਨ੍ਹਾਂ ਨੇ ਨਿਮਕ ਦੀਆਂ ਪਹਾੜੀਆਂ ਵਿਚ ਵਸਦੇ ਜੰਞੂਆਂ ਅਤੇ ਧਨ ਦੇ ਗੁਜਰਾਂ ਤੋਂ ਮਾਲੀਆ ਉਗਰਾਹ ਕੇ ਦਿੱਲੀ ਭਿਜਵਾਇਆ। ਕਹੂਤਾਂ ਦੇ ਕਥਨ ਅਨੁਸਾਰ ਉਦੋਂ ਮੈਰੇ ਅਤੇ ਕੱਸਰ ਇਸ ਇਲਾਕੇ ਵਿਚ ਨਹੀਂ ਸਨ ਵਸਦੇ। ਇਹ ਦੋਵੇਂ ਕਬੀਲੇ ਉਨ੍ਹਾਂ ਤੋਂ ਛੇ ਸਤ ਪੀੜੀਆਂ ਮਗਰੋਂ ਇਸ ਇਲਾਕੇ ਵਿਚ ਆ ਕੇ ਵਸੇ। ਧਨ ਦੇ ਪੂਰਬਲੇ ਇਲਾਕੇ ਵਿਚ ਉਦੋਂ ਇਕ ਵੱਡੀ ਝੀਲ ਸੀ, ਜੋ ਕਈ ਮੀਲਾਂ ਵਿਚ ਫੈਲੀ ਹੋਈ ਸੀ। ਇਥੋਂ ਉਨ੍ਹਾਂ ਨੇ ਪਾਣੀ ਕਢ ਕੇ ਇਸ ਭੋਇੰ ਨੂੰ ਵਸਣ ਯੋਗ ਬਣਾਇਆ। ਇਸ ਝੀਲ ਦਾ ਪਾਣੀ ਚਲੂੰਘਣ ਦਾ ਦਾਅਵਾ ਕਈ ਹੋਰ ਕਬੀਲੇ ਵੀ ਕਰਦੇ ਹਨ।

ਬਾਬਰ ਦੇ ਰਾਜ ਵੇਲੇ, ਚੌਧਰੀ ਸਹਿਨਸਾਰ ਕਹੂਤਾਂ ਦਾ ਮੁਖੀਆ ਸੀ। ਇਹ ਕਹੂਤ ਤੋਂ ਅਠਵੀਂ ਪੀੜੀ ਤੇ ਸੀ। ਕਹੂਤਾਂ ਦੇ ਵਡਿਕੇ ਕਹੂਤ ਬਾਰੇ ਕਈ ਵਾਰਾਂ ਮਿਰਾਸੀਆਂ ਵਿਚ ਪ੍ਰਚਲਤ ਸਨ ਜਿਨ੍ਹਾਂ ਵਿਚੋਂ ਇਕ ਵਾਰ ਦੀਆਂ ਤੁਕਾਂ ਇਉਂ ਹਨ :—

ਕਹੂਤ ਚੜ੍ਹਿਆ ਦਿੱਲੀਉਂ
ਸਤ ਮਾਰੇ ਨਗਾਰੇ।
ਚਾਰ ਹਜ਼ਾਰ ਭਰਾ
ਅਰ ਕਮੀਂ ਸਾਰੇ।
ਕਹੂਤ ਸੋਨਾ ਸੁਰਖਰੂ ਹੋਇਆ
ਸੁਣਿਆ ਚੰਦਲ ਸਾਰੇ।

ਕਹੂਤਾਂ ਦੇ ਰਸਮੋ ਰਵਾਜ ਬਹੁਤੇ ਮੈਰੇ ਤੇ ਕੱਸਰਾਂ ਵਾਲੇ ਹੀ ਹਨ, ਪਰ ਕਹੂਤਾਂ ਵਿਚ ਮਰਦਾਂ ਵਿਚ ਨੀਲੇ ਰੰਗ ਦਾ ਕੋਈ ਕਪੜਾ ਪਹਿਨਣਾ ਵਰਜਿਤ ਹੈ। ਜੇ ਕੋਈ ਭੁਲ ਭੁਲੇਖੇ ਪਹਿਨ ਲਏ, ਤਾਂ ਕਹੂਤਾਂ ਦਾ ਵਿਸ਼ਵਾਸ਼ ਹੈ ਕਿ ਉਹ ਜ਼ਰੂਰ ਬੀਮਾਰ ਪੈ ਜਾਵੇਗਾ। ਰਵਾਇਤ ਹੈ ਕਿ ਇਨ੍ਹਾਂ ਦਾ ਇਕ ਬਜ਼ੁਰਗ ਬੀਮਾਰ ਪੈ ਗਿਆ। ਉਹ ਇਕ ਪੀਰ ਕੋਲ ਗਿਆ, ਜਿਸ ਨੇ ਕੋਈ ਰੰਗ ਤਿਆਗਣ ਲਈ ਕਿਹਾ। ਸੋ ਉਸ ਬਜ਼ੁਰਗ ਨੇ ਪੀਰ ਅੱਗੇ ਬਚਨ ਦਿਤਾ ਕਿ ਉਸ ਦੀ ਆਲ-ਔਲਾਦ ਕਦੇ ਨੀਲੇ ਕਪੜੇ ਨਹੀਂ ਪਹਿਨੇਗੀ।

(ਕ-22) **ਕੰਕਰ ਇਸ਼ਨਾਨਮ** :

ਬ੍ਰਾਹਮਣਵਾਦ ਦੇ ਪਤਣ ਅਤੇ ਭਗਤੀ ਲਹਿਰ ਦੇ ਦੌਰਾਨ ਲੋਕ-ਮਨ ਨੇ ਕਰਮ-ਕਾਂਡ, ਇਸ਼ਨਾਨ ਅਤੇ ਸ਼ਰਾਧ ਆਦਿ ਬਾਰੇ ਬੜੀਆਂ ਰੌਚਕ ਤੇ ਕਟਾਖਸ਼ ਭਰਪੂਰ ਕਥਾਵਾਂ ਦਾ ਨਿਰਮਾਣ ਕੀਤਾ, ਜੋ ਨਿਤ ਦੀ ਵਾਰਤਾਲਾਪ ਦਾ ਰੋਚਿਕ ਅੰਗ ਬਣ ਗਈਆਂ। 'ਕੰਕਰ ਇਸ਼ਨਾਨਮ' ਹਸਾਵਣੀ ਵਿਚ ਇਸ਼ਨਾਨ ਦੇ ਪਖੰਡ ਉਪਰ ਵਿਅੰਗ ਹੈ। ਅਖੌਤੀ ਬ੍ਰਾਹਮਣਾਂ ਵਿਚ ਇਹ ਧਾਰਨਾ ਪ੍ਰਚਲਤ ਹੋ ਗਈ ਸੀ ਕਿ ਜੇ ਕੋਈ ਸ਼ਖ਼ਸ ਕਿਸੇ ਕਾਰਨ ਇਸ਼ਨਾਨ ਕਰਨ ਤੋਂ ਅਸਮਰੱਥ ਹੋਵੇ ਅਤੇ ਦਰਿਆ ਵਿਚ ਕਿਸੇ ਹੋਰ ਸ਼ਖ਼ਸ ਨੂੰ ਇਸ਼ਨਾਨ ਕਰਦਾ ਵੇਖ ਕੇ ਮੰਤਰਾਂ ਦਾ ਉੱਚਾਰਨ ਕਰੇ, ਤਾਂ ਸਾਦ੍ਰਿਸ਼ਤਾ ਦੇ ਆਧਾਰ ਉਤੇ ਉਸ ਨੂੰ ਵੀ ਇਸ਼ਨਾਨ ਦਾ ਮਹਾਤਮ ਪ੍ਰਾਪਤ ਹੋ ਜਾਂਦਾ ਹੈ।

ਇਕ ਵਾਰ ਸਖ਼ਤ ਸਰਦੀ ਦੇ ਦਿਨੀਂ ਇਕ ਪੰਡਤ ਦਰਿਆ ਵਲ ਇਸ਼ਨਾਨ ਕਰਨ ਜਾ ਰਿਹਾ ਸੀ, ਤਾਂ ਰਾਹ ਵਿਚ ਉਸ ਨੂੰ ਇਕ ਹੋਰ ਪੰਡਤ ਦਰਿਆ ਵਲੋਂ ਆਉਂਦਾ ਹੋਇਆ ਮਿਲ ਪਿਆ। ਪਹਿਲੇ ਪੰਡਤ ਨੇ ਦੂਜੇ ਤੋਂ ਪੁਛਿਆ ਕਿ ਉਸ ਨੇ ਇਤਨੀ ਸਖ਼ਤ ਸਰਦੀ ਵਿਚ, ਦਰਿਆ ਵਿਚ, ਕਿਵੇਂ ਇਸ਼ਨਾਨ ਕਰ ਲਿਆ ? ਦੂਜੇ ਨੇ ਉੱਤਰ ਦਿਤਾ ਕਿ ਉਹਨੇ ਵਗਦੇ ਪਾਣੀ ਵਿਚ ਇਕ ਕੰਕਰ ਸੁਟਿਆ ਅਤੇ ਮੰਤ੍ਰ ਪੜ੍ਹਦਿਆਂ ਹੋਇਆਂ ਕਿਹਾ, 'ਕੰਕਰ ਇਸ਼ਨਾਨਮ, ਹਮ ਇਸ਼ਨਾਨਮ'। ਇਸ ਤਰ੍ਹਾਂ ਉਹਨੇ ਕੰਕਰ ਦੇ ਇਸ਼ਨਾਨ ਦਾ ਮਹਾਤਮ ਖ਼ੁਦ ਪ੍ਰਾਪਤ ਕਰ ਲਿਆ ਹੈ। ਪਹਿਲਾ ਪੰਡਤ ਖ਼ੁਸ਼ੀ ਨਾਲ ਨਚ ਉਠਿਆ ਤੇ ਆਖਣ ਲੱਗਾ — 'ਕੰਕਰ ਇਸ਼ਨਾਨਮ, ਤੁਮ ਇਸ਼ਨਾਨਮ; ਤੁਮ ਇਸ਼ਨਾਨਮ, ਹਮ ਇਸ਼ਨਾਨਮ' ਅਤੇ ਫਿਰ ਮੁਸਕਰਾਂਦੇ ਹੋਏ ਕਹਿਣ ਲੱਗਾ, "ਹੁਣ ਤਾਂ ਮੇਰਾ ਵੀ ਇਸ਼ਨਾਨ ਹੋ ਗਿਆ ਏ।"

(ਕ-23) **ਕੱਕੜ** :

ਖੱਤ੍ਰੀਆਂ ਦੀ ਇਕ ਗੋਤ; ਕੱਕੜਾਂ ਦੀਆਂ ਰਵਾਇਤਾਂ ਅਨੁਸਾਰ ਉਹ ਚੰਦ੍ਰਬੰਸੀ ਖੜ੍ਹੀ ਹਨ ਅਤੇ ਯਾਦਵ ਕਬੀਲੇ ਦੇ ਇਕ ਰਾਜੇ ਕੁਕਰ ਦੀ ਵੰਸ਼ਜ ਹਨ। ਸ੍ਰੀ ਕ੍ਰਿਸ਼ਨ ਵੀ ਯਾਦਵ ਕਬੀਲੇ ਵਿਚੋਂ ਸਨ।

ਪੰਡਤ ਦਵਾਰਕਾ ਪ੍ਰਸਾਦ ਦੀ ਪੁਸਤਕ 'ਖੜ੍ਹੀ ਕੁਲ ਚੰਦਰਿਕਾ' ਅਨੁਸਾਰ ਕੱਕੜ ਵੰਸ਼ ਦੇ ਵਡਿਕਿਆਂ ਨੇ ਇਕ ਰਾਜੇ ਦਾ ਧੌਲਰ ਕੇਵਲ ਇਸ ਕਰ ਕੇ ਮਿੱਟੀ ਵਿਚ ਮਿਲਾ ਦਿਤਾ ਸੀ ਕਿ ਉਸ ਰਾਜੇ ਨੇ ਇਨ੍ਹਾਂ ਦੇ ਕੁਲ-ਪ੍ਰੋਹਿਤ ਦੀ, ਜੋ ਜਾਤ ਦਾ ਸਾਰਸਵਤ ਬ੍ਰਾਹਮਣ ਸੀ, ਬੇਪਤੀ ਕੀਤੀ ਸੀ। ਓਦੋਂ ਤੋਂ ਹੀ ਇਸ ਵੰਸ਼ ਨੂੰ 'ਖਕੜ' ਕਿਹਾ ਜਾਣ ਲੱਗਾ, ਜਿਸ ਦਾ ਭਾਵ ਹੈ — ਮਿੱਟੀ ਵਿਚ ਮਿਲਾਣ ਵਾਲੇ। ਇਹੋ ਸ਼ਬਦ ਮਗਰੋਂ ਵਿਗੜ ਕੇ ਕੱਕੜ ਬਣ ਗਿਆ। ਇਕ ਹੋਰ ਰਵਾਇਤ ਅਨੁਸਾਰ ਇਸ ਜਾਤੀ ਦਾ ਕੁਲ-ਦੇਵਤਾ (Totem) ਇਕ ਖ਼ਾਸ ਵੰਨਗੀ ਦਾ ਪਹਾੜੀ ਮ੍ਰਿਗ 'ਕੱਕੜ' ਸੀ, ਉਸੇ ਤੋਂ ਇਸ ਗੋਤ ਦਾ ਇਹ ਨਾਂ ਪ੍ਰਚਲਤ ਹੋ ਗਿਆ।

(ਕ-24) **ਕੱਕਾ** :

(1) ਇਕ ਜਾਤੀ; ਕੱਕਿਆਂ ਦਾ ਨਿਕਾਸ ਖੱਤ੍ਰੀਆਂ ਵਿਚੋਂ ਹੋਇਆ ਮੰਨਿਆ ਜਾਂਦਾ ਹੈ। ਕਿਸੇ ਵੇਲੇ ਜਿਹਲਮ ਦਰਿਆ ਦੇ ਪੂਰਬੀ ਕੰਢੇ ਉਪਰ ਇਨ੍ਹਾਂ ਦੇ ਅਨੇਕਾਂ ਪਿੰਡ ਅਬਾਦ ਸਨ।

(2) ਜੰਮੂ ਦੇ ਇਕ ਖੇਤਰ ਕਸ਼ਟਵਾਰ ਦਾ ਪ੍ਰਚਲਤ ਨਾਉਂ, ਇਸ ਇਲਾਕੇ ਨੂੰ ਰਾਮਾਇਣ ਕਾਲ ਵਿਚ 'ਕੇਕਯ' ਕਿਹਾ ਜਾਂਦਾ ਸੀ, ਜੋ ਮਗਰੋਂ ਵਿਕ੍ਰਿਤ ਹੋ ਕੇ 'ਕੱਕਾ' ਪ੍ਰਚਲਤ ਹੋ ਗਿਆ।

(ਕ-25) **ਕਕਾਰ** :

ਸਿੱਖ ਰਹਿਤ ਮਰਯਾਦਾ ਦੇ ਪੰਜ ਚਿੰਨ — ਕੰਘਾ, ਕੜਾ, ਕ੍ਰਿਪਾਨ, ਕੇਸ ਤੇ ਕੱਛਾ ਜਿਨ੍ਹਾਂ ਨੂੰ ਧਾਰਨ ਕਰਨਾ ਗੁਰਸਿੱਖ ਲਈ ਲਾਜ਼ਮੀ ਹੈ। ਇਹ ਚਿੰਨ੍ਹ 'ਕ' ਨਾਲ ਸ਼ੁਰੂ ਹੋਣ ਕਰ ਕੇ 'ਕਕਾਰ' ਦੇ ਨਾਂ ਨਾਲ ਪ੍ਰਸਿਧ ਹੋ ਗਏ (ਵੇਖੋ : ਰਹਿਤ)।

(ਕ-26) **ਕੱਖਾਈ** :

ਲਾਂਗੜ ਵਾਲੀ ਧੋਤੀ ਜਿਸ ਨੂੰ ਹਿੰਦੂ ਧਾਰਮਿਕ ਰਸਮਾਂ ਰੀਤਾਂ ਤੇ ਸਸਕਾਰਾਂ ਵੇਲੇ ਬੰਨ੍ਹਦੇ ਹਨ।

(ਕ-27) **ਕੰਗਣ** :

ਕੜੇ ਦੀ ਸ਼ਕਲ ਦਾ, ਸੋਨੇ ਚਾਂਦੀ ਦਾ ਇਕ ਗਹਿਣਾ, ਜੋ ਤੀਵੀਆਂ ਗੁਟ ਉਤੇ ਪਹਿਨਦੀਆਂ ਹਨ। ਛੋਟੇ ਕੰਗਣ ਨੂੰ ਕੰਗਣੀ ਕਹਿੰਦੇ ਹਨ, ਜੋ ਬੱਚਿਆਂ ਦੇ ਹੱਥਾਂ ਜਾਂ ਪੈਰਾਂ ਵਿਚ ਪਹਿਨਾਈ

Sri Satguru Jagjit Singh Ji eLibrary NamdhariElibrary@gmail.com

ਜਾਂਦੀ ਹੈ। ਜੇ ਕੰਗਣ ਨਾਲ ਘੁੰਗਰੀਆਂ ਲੱਗੀਆਂ ਹੋਣ, ਤਾਂ ਇਸ ਨੂੰ 'ਛਣ ਕੰਗਣ' ਕਿਹਾ ਜਾਂਦਾ ਹੈ। ਤੁਰਦਿਆਂ ਇਸ ਵਿਚੋਂ ਛਣ ਛਣ ਦੀ ਧੁਨੀ ਨਿਕਲਦੀ ਹੈ। ਕੰਗਣ ਅਖਾਣਾਂ ਤੇ ਲੋਕ-ਗੀਤਾਂ ਦਾ ਵੀ ਵਸਤੂ ਬਣਿਆ ਹੈ, ਜਿਵੇਂ 'ਹੱਥ ਕੰਗਣ ਨੂੰ ਆਰਸੀ ਕੀ' ਅਤੇ 'ਕੰਗਣ ਮੇਰਾ ਕਿਸ ਘੜਿਆ'; 'ਮੈਂ ਥਾਣੇਦਾਰ ਦੀ ਸਾਲੀ ਕੰਗਣਾ ਪੁਆ ਦੂੰਗੀ' ਆਦਿ। ਕੰਗਣ ਨਾਲ ਅਨੇਕਾਂ ਰਸਮਾਂ ਰੀਤਾਂ ਵੀ ਜੁੜੀਆਂ ਹੋਈਆਂ ਹਨ। ਕੁੜਮਾਈ ਵੇਲੇ ਵਰ ਪੱਖ ਵਾਲੇ ਕੰਨਿਆਂ ਦੀ ਬਾਂਹ ਵਿਚ ਕੰਗਣ ਪਹਿਨਾਂਦੇ ਹਨ। ਵਿਆਹ ਦੇ ਮਗਰੋਂ ਜਦੋਂ ਡੋਲੀ ਵਰ ਪੱਖ ਦੇ ਘਰ ਆਉਂਦੀ ਹੈ ਤਾਂ ਕਗਣਾ ਖੇਡਿਆ ਜਾਂਦਾ ਹੈ। ਕੰਨਿਆਂ ਆਪਣਾ ਕੰਗਣ ਕੱਚੀ ਲੱਸੀ ਨਾਲ ਭਰੀ ਹੋਈ ਪਰਾਤ ਵਿਚ ਸੁਟਦੀ ਹੈ ਅਤੇ ਫਿਰ ਦੂਲ੍ਹਾ ਤੇ ਦੁਲ੍ਹਨ ਉਸ ਨੂੰ ਲਭਦੇ ਤੇ ਇਕ ਦੂਜੇ ਦੇ ਹਥੋਂ ਖੋਂਹਦੇ ਬਾਹਰ ਕਢਣ ਲਈ ਯਤਨਸ਼ੀਲ ਹੁੰਦੇ ਹਨ। ਜਿਹੜਾ ਕੰਗਣ ਕਢ ਲਏ ਉਹ ਜੀਵਨ ਭਰ ਦੂਜੇ ਉਤੇ ਭਾਰੂ ਸਮਝਿਆ ਜਾਂਦਾ ਹੈ (ਵੇਖੋ: ਗਾਨਾ ਖੇਡਣਾ)।

(ਕ-28) **ਕੰਗਣੀ :**

ਇਕ ਕਿਸਮ ਦਾ ਘਟੀਆ ਅਨਾਜ; ਕੰਗਣੀ ਦਾ ਦਾਣਾ ਬਾਜਰੇ ਵਾਂਗ ਛੋਟਾ ਤੇ ਪੀਲੇ ਰੰਗ ਦਾ ਹੁੰਦਾ ਹੈ। ਇਸ ਦਾ ਚੋਗਾ ਬਟੇਰਿਆਂ ਤੇ ਪਾਲਤੂ ਪੰਛੀਆਂ ਨੂੰ ਪਾਇਆ ਜਾਂਦਾ ਹੈ। ਕੰਗਣੀ ਸਾਵਣੀ ਦੀ ਫ਼ਸਲ ਦਾ ਅੰਨ ਹੈ। ਕਹਾਵਤਾਂ ਵਿਚ ਇਸ ਦੀ ਬੀਜਾਈ ਵਿਰਲੀ ਵਿਰਲੀ ਕਰਨ ਦਾ ਆਦੇਸ਼ ਹੈ :— "ਕਣਕ ਕਮਾਦੀ ਸੰਘਣੀ ਟਾਵੀਂ ਟਾਵੀਂ ਕੰਗਣੀ।"

(ਕ-29) **ਕੰਗਰ :**

ਇਕ ਪਛੜੀ ਜਾਤੀ; ਕੰਗਰ ਮਿੱਟੀ ਦੇ ਖਿਡਾਉਣੇ ਘੁਘੂ, ਘੋੜੇ ਆਦਿ ਬਣਾ ਕੇ ਗਲੀਆਂ ਮਹੱਲਿਆਂ ਵਿਚ ਵੇਚ ਕੇ ਪੇਟ ਪਾਲਦੇ ਹਨ। ਇਹ ਲੋਕ ਖਿਡਾਉਣਿਆਂ ਦੇ ਬਦਲੇ ਪੈਸਿਆਂ ਦੀ ਥਾਂ ਆਟੇ ਦਾਲ ਦੀ ਲਪ ਜਾਂ ਖਾਣ ਪਹਿਨਣ ਦਾ ਕੋਈ ਕਪੜਾ ਲੱਤਾ ਲੈਂਦੇ ਹਨ। ਮਰਦ ਘਰਾਂ ਵਿਚ ਬੈਠ ਕੇ ਖਿਡੌਣੇ ਬਣਾਉਂਦੇ ਹਨ ਤੇ ਤੀਵੀਆਂ ਕੰਗਰਿਆਣੀਆਂ ਬਾਹਰ ਖਿਡੌਣੇ ਵੇਚਣ ਲਈ ਜਾਂਦੀਆਂ ਹਨ। ਕੰਗਰਿਆਣੀਆਂ ਨੂੰ ਬੜੀਆਂ ਸੁਦਰ ਘੋੜੀਆਂ, ਵੇਲਾਂ ਤੇ ਲੋਰੀਆਂ ਜ਼ਬਾਨੀ ਯਾਦ ਹੁੰਦੀਆਂ ਹਨ ਤੇ ਬੱਚਿਆਂ ਦਾ ਧਿਆਨ ਖਿਡੌਣਿਆਂ ਵਲ ਖਿਚਣ ਲਈ, ਉਹ ਮਿੱਠੀ ਸੁਰ ਵਿਚ ਘੋੜੀਆਂ ਜਾਂ ਕੋਈ ਹੋਰ ਗੀਤ ਵੀ ਅਲਾਪਦੀਆਂ ਹਨ।

(ਕ-30) **ਕੰਗਰੋੜ ਦੱਬਣਾ :**

ਇਕ ਟੂਣਾ ਟੱਪਾ; ਪੰਜਾਬ ਦੇ ਪਹਾੜੀ ਇਲਾਕੇ ਵਿਚ ਇਹ ਵਹਿਮ ਪ੍ਰਚਲਤ ਹੈ ਕਿ ਜਦੋਂ ਕੋਈ ਅਜਿਹੀ ਤੀਵੀਂ, ਜਿਸ ਦੀਆਂ ਕਾਮਨਾਵਾਂ ਪੂਰੀਆਂ ਨਾ ਹੋਈਆਂ ਹੋਣ, ਜਵਾਨੀ ਵਿਚ ਮਰ ਜਾਵੇ, ਤਾਂ ਉਹ ਪ੍ਰੇਤ ਬਣ ਕੇ ਅੰਗਾਂ ਸਾਕਾਂ ਨੂੰ ਸਤਾਂਦੀ ਹੈ। ਇਸ ਲਈ ਜੁਆਨ ਤੀਵੀਂ ਦੇ ਫੁੱਲ ਚੁਗਣ ਵੇਲੇ ਕੰਗਰੋੜ (ਰੀੜ੍ਹ) ਦੀ ਹੱਡੀ ਵੱਖਰੀ ਕਢ ਕੇ, ਕਿਸੇ ਅਲੱਗ ਥਾਂ ਦੱਬ ਦਿਤੀ ਜਾਂਦੀ ਹੈ, ਤਾਂ ਜੋ ਉਸ ਤੀਵੀਂ ਦਾ ਭੂਤ ਕੰਗਰੋੜ ਬਿਨਾਂ ਤੁਰ ਨਾ ਸਕੇ ਅਤੇ ਉਨ੍ਹਾਂ ਨੂੰ ਤੰਗ ਨਾ ਕਰੇ।

(ਕ-31) **ਕੱਚ :**

ਬ੍ਰਿਹਸਪਤੀ ਦਾ ਪੁੱਤਰ; ਮਹਾਂਭਾਰਤ ਦੇ ਆਦਿ ਪੁਰਬ ਅਨੁਸਾਰ ਦੇਵਤਿਆਂ ਤੇ ਦੈਂਤਾਂ ਦੇ ਯੁੱਧ ਵਿਚ ਜਿਹੜੇ ਅਸੁਰ ਮਾਰੇ ਜਾਂਦੇ, ਉਨ੍ਹਾਂ ਨੂੰ ਸ਼ੁਕਰ ਆਪਣੀ ਰਹੱਸਮਈ ਸੰਜੀਵਨੀ ਸ਼ਕਤੀ ਦੁਆਰਾ ਮੁੜ ਜੀਵਤ ਕਰ ਦਿੰਦਾ ਸੀ। ਇਹ ਵੇਖ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਨੇ ਕੱਚ ਨੂੰ ਸ਼ੁਕਰ ਕੋਲ ਭੇਜਿਆ, ਤਾਂ ਜੋ ਉਹ ਕਿਸੇ ਤਰ੍ਹਾਂ ਸੰਜੀਵਨੀ ਵਿਦਿਆ ਪ੍ਰਾਪਤ ਕਰ ਲਏ। ਅਸੁਰਾਂ ਨੇ ਕੱਚ ਨੂੰ, ਅਜਿਹੀ ਵਿਦਿਆ ਜਾਣਨ ਤੋਂ ਰੋਕਣ ਲਈ ਦੋ ਵਾਰ ਮਾਰ ਦਿਤਾ। ਸ਼ੁਕਰ ਦੀ ਕੰਨਿਆਂ ਦੇਵਯਾਨੀ, ਕੱਚ ਨਾਲ ਪਿਆਰ ਕਰਨ ਲਗ ਪਈ ਸੀ, ਉਸ ਦੀ ਪ੍ਰੇਰਨਾ ਉਤੇ ਸ਼ੁਕਰ ਨੇ ਦੋਵੇਂ ਵਾਰ ਕੱਚ ਨੂੰ ਮੁੜ ਜ਼ਿੰਦਾ ਕਰ ਦਿਤਾ। ਅਸੁਰਾਂ ਨੇ ਤੀਜੀ ਵਾਰ ਕੱਚ ਨੂੰ ਮਾਰ ਕੇ, ਉਸ ਦੇ ਸਰੀਰ ਦੀ ਸਵਾਹ ਨੂੰ ਸੁਰਾ ਵਿਚ ਮਿਲਾ ਕੇ, ਸ਼ੁਕਰ ਨੂੰ ਹੀ ਪਿਲਾ ਦਿਤੀ। ਦੇਵਯਾਨੀ ਦੇ ਹੱਠ ਤੋਂ ਤੰਗ ਪੈ ਕੇ ਸ਼ੁਕਰ ਨੇ ਜਦੋਂ ਕੱਚ ਨੂੰ ਮੁੜ ਜ਼ਿੰਦਾ ਕਰਨ ਲਈ ਮੰਤਰ ਪੜ੍ਹਿਆ, ਤਾਂ ਉਸ ਨੂੰ ਆਪਣੇ ਪੇਟ ਵਿਚੋਂ ਹੀ ਕੱਚ ਦੀ ਆਵਾਜ਼ ਸੁਣਾਈ ਦਿਤੀ। ਸੋ ਸ਼ੁਕਰ ਨੇ ਪੇਟ ਵਿਚ ਹੀ ਸਬਿਤ ਕੱਚ ਨੂੰ ਸੰਜੀਵਨੀ ਵਿਦਿਆ ਸਿਖਾਈ ਤੇ ਫਿਰ ਸ਼ੁਕਰ ਨੇ ਆਪਣਾ ਪੇਟ ਪਾੜ ਕੇ ਕੱਚ ਨੂੰ ਬਾਹਰ ਕਢਿਆ। ਇਸ ਤਰ੍ਹਾਂ ਕਰਨ ਨਾਲ ਸ਼ੁਕਰ ਦੀ ਮੌਤ ਹੋ ਗਈ। ਪਰ ਕੱਚ ਨੇ ਬਾਹਰ ਆ ਕੇ ਸੰਜੀਵਨੀ ਵਿਦਿਆ ਦੁਆਰਾ ਸ਼ੁਕਰ ਨੂੰ ਮੁੜ ਜ਼ਿੰਦਾ ਕੀਤਾ। ਅਖੀਰ ਦੇਵਯਾਨੀ ਨੇ ਕੱਚ ਅੱਗੇ ਵਿਆਹ ਦਾ ਪ੍ਰਸਤਾਵ ਰਖਿਆ, ਤਾਂ ਕੱਚ ਨੇ ਇਹ ਕਹਿ ਕੇ ਠੁਕਰਾ ਦਿਤਾ ਕਿ ਉਹ ਆਪਣੇ ਗੁਰੂ ਦੀ ਕੰਨਿਆਂ ਨਾਲ ਕਿਵੇਂ ਵਿਆਹ ਕਰ ਸਕਦਾ ਹੈ। ਇਸ ਉਤੇ ਦੇਵਯਾਨੀ ਨੇ ਕੱਚ ਨੂੰ ਸਰਾਪ ਦਿਤਾ ਕਿ ਤੇਰੀ ਸਿਖੀ ਹੋਈ ਸੰਜੀਵਨੀ ਵਿਦਿਆ ਕਦੇ ਤੇਰੇ ਕੰਮ ਨਹੀਂ ਆਵੇਗੀ। ਕੱਚ ਨੇ ਚਿੜ ਕੇ ਅੱਗੋਂ ਦੇਵਯਾਨੀ ਨੂੰ ਸਰਾਪ ਦਿਤਾ ਕਿ ਕੋਈ ਬ੍ਰਾਹਮਣ ਉਸ ਨਾਲ ਵਿਆਹ ਨਹੀਂ ਕਰੇਗਾ (ਵੇਖੋ: ਸ਼ੁਕਰ)।

(ਕ-32) **ਕੱਚ ਸੱਚ :**

ਬੱਚਿਆਂ ਦਾ ਇਕ ਟੱਪਾ, ਜਿਸ ਨੂੰ ਪੜ੍ਹ ਕੇ ਉਹ ਸੱਚ ਝੂਠ ਦਾ ਨਿਤਾਰਾ ਕਰਦੇ ਹਨ। ਜੇ ਇਹ ਜਾਣਨਾ ਹੋਵੇ ਕਿ ਦੋਹਾਂ ਧਿਰਾਂ ਵਿਚੋਂ ਕੌਣ ਸੱਚ ਬੋਲ ਰਹੀ ਹੈ ਤਾਂ ਬੱਚੇ ਹੇਠਲੇ ਟੱਪੇ ਨੂੰ ਪੜ੍ਹਦਿਆਂ ਹੋਇਆਂ, ਹਰ ਸ਼ਬਦ ਦੇ ਉੱਚਾਰਨ ਵੇਲੇ ਵਾਰੋ ਵਾਰ ਇਕ ਜਾਂ ਦੂਜੀ ਧਿਰ ਵਲ ਉਂਗਲ ਨਾਲ ਸੰਕੇਤ ਕਰਦੇ ਜਾਂਦੇ ਹਨ। ਜਿਸ ਧਿਰ ਉਤੇ ਟੱਪੇ ਦਾ ਅਖ਼ੀਰਲਾ ਸ਼ਬਦ ਪੈਂਦਾ ਹੈ, ਉਹ ਸੱਚੀ ਮੰਨੀ ਜਾਂਦੀ ਹੈ :—

ਸੱਚ ਪਾਵਾਂ ਸਚਿਆਰ ਪਾਵਾਂ,<br>
ਝੂਠੇ ਦੇ ਮੂੰਹ ਅੰਗਿਆਰ ਪਾਵਾਂ।<br>
ਸੱਚ ਸਦਾ ਵਧੇ ਫੁਲੇ,<br>
ਕੱਚੇ ਦੇ ਮੂੰਹ ਖੇਹ ਘੁਲੇ।

ਇਸ ਤਰ੍ਹਾਂ ਦੇ ਅਨੇਕਾਂ ਹੋਰ ਟੱਪੇ ਵੀ ਪੰਚਿਆਂ ਵਿਚ ਪ੍ਰਚਲਤ ਹਨ।

(ਕ-33) **ਕਚਕੋਲ :**

ਠੂਠੇ ਦੀ ਸ਼ਕਲ ਦਾ ਇਕ ਭਾਂਡਾ ਜਿਸ ਵਿਚ ਜੋਗੀ, ਫ਼ਕੀਰ ਤੇ ਸਾਧੂ ਭਿਛਿਆ ਲੈਂਦੇ ਹਨ। ਇਸ ਨੂੰ ਚਿੱਪੀ ਤੇ ਖੱਪਰ ਵੀ ਕਹਿੰਦੇ ਹਨ।

(ਕ-34) **ਕੱਚਕੜਾ :**

ਕੱਚ ਦਾ ਕੜਾ (ਮੁੰਦਰਾਂ) ਜੋ ਜੋਗੀ ਕੰਨ ਵਿਚ ਪਾਉਂਦੇ ਹਨ। ਇਹ ਜੋਗੀਆਂ ਦਾ ਭੇਖ-ਚਿੰਨ੍ਹ ਹੈ (ਵੇਖੋ : ਮੁੰਦਰਾਂ)। ਕੱਚ ਦੇ ਮਣਕੇ ਨੂੰ ਵੀ ਕੱਚਕੜਾ ਕਹਿੰਦੇ ਹਨ, ਜਿਸ ਦੀ ਮਾਲਾ ਫੇਰ ਕੇ ਜੋਗੀ ਜਾਪ ਕਰਦੇ ਹਨ — "ਅਸੀਂ ਜਟ ਹਾਂ ਨਾੜੀਆਂ ਕਰਨ ਵਾਲੇ, ਅਸਾਂ ਕੱਚਕੜੇ ਨਹੀਂ ਪਰੋਵਣੇ ਨੀ" — ਹੀਰ ਵਾਰਸ।

ਕੱਚ ਦਾ ਅੰਦਰ ਬਾਹਰ ਸਭ ਇਕੋ ਤੱਤ ਦਾ ਬਣਿਆ ਹੁੰਦਾ ਹੈ ਤੇ ਇਸ ਵਿਚੋਂ ਆਰ ਪਾਰ ਸਭ ਪਾਸੇ ਵੇਖਿਆ ਜਾ ਸਕਦਾ ਹੈ, ਇਸ ਲਈ ਇਹ ਨਿਰਲੇਪਤਾ ਤੇ ਸ਼ੁਧਤਾ ਦਾ ਪ੍ਰਤੀਕ ਰਿਹਾ ਹੈ।

(ਕ-35) **ਕੰਚਨ :**

ਇਕ ਪਛੜੀ ਜਾਤੀ; ਕੰਚਨ ਜਾਤੀ ਦੀਆਂ ਤੀਵੀਆਂ ਜੋ ਨੌਟੰਕੀ ਵਿਚ ਨਚਦੀਆਂ ਅਤੇ ਪੇਸ਼ਾ ਕਰਦੀਆਂ ਹਨ। ਇਨ੍ਹਾਂ ਦੀਆਂ ਮੁਟਿਆਰਾਂ ਨੂੰ ਕਬੂਤਰੀ ਵੀ ਕਿਹਾ ਜਾਂਦਾ ਹੈ। ਗਲਾਸਰੀ (2,454) ਅਨੁਸਾਰ ਕੰਚਨ ਸ਼ਬਦ ਕਿਸੇ ਵੀ

Sri Satguru Jagjit Singh Ji eLibrary NamdhariElibrary@gmail.com

ਵੇਸਵਾ ਲਈ ਵਰਤਿਆ ਜਾਂਦਾ ਹੈ ਅਤੇ ਇਹ ਪੰਜਾਬੀ ਪਦ ਕੰਜਰ ਦਾ ਹਿੰਦੁਸਤਾਨੀ ਪਰਿਆਇ ਹੈ। ਪਰੰਤੂ ਪੰਜਾਬ ਦੇ ਦਖਣ-ਪੂਰਬੀ ਖੇਤਰ ਵਿਚ ਕੰਚਨ ਨਾਂ ਦੀ ਇਕ ਵਖਰੀ ਜਾਤੀ ਮਿਲਦੀ ਹੈ, ਜਿਨ੍ਹਾਂ ਦੀਆਂ ਤੀਵੀਆਂ ਨੇ ਵੇਸਵਾ ਦੇ ਕਿੱਤੇ ਨੂੰ ਕਈ ਪੁਸ਼ਤਾਂ ਤੋਂ ਅਪਣਾਇਆ ਹੋਇਆ ਹੈ ਅਤੇ ਡੇਰੇਦਾਰ ਅਖਵਾਉਂਦੀਆਂ ਹਨ।

ਕੰਨਿਆਂ ਦੇ ਜੰਮਣ ਉਤੇ ਕੰਚਨ ਜਾਤੀ ਦੇ ਲੋਕ ਖ਼ੁਸ਼ੀ ਵਿਚ ਫੂਲੇ ਨਹੀਂ ਸਮਾਂਦੇ ਕਿਉਂ ਜੋ ਉਨ੍ਹਾਂ ਲਈ ਕੰਨਿਆਂ ਆਮਦਨੀ ਦਾ ਵਸੀਲਾ ਹੈ। ਇਸ ਜਾਤੀ ਦੇ ਲੋਕ ਆਮ ਤੌਰ 'ਤੇ ਆਪਣੀਆਂ ਕੰਵਾਰੀਆਂ ਕੁੜੀਆਂ ਤੋਂ ਪੇਸ਼ਾ ਕਰਵਾਂਦੇ ਹਨ, ਪਰ ਪਤਨੀਆਂ ਅਤੇ ਨੂੰਹਾਂ ਨੂੰ ਪਰਦੇ ਵਿਚ ਰਖਦੇ ਹਨ। ਜਦੋਂ ਇਨ੍ਹਾਂ ਦੀ ਕੋਈ ਕੰਨਿਆਂ ਜਵਾਨ ਹੋ ਜਾਂਦੀ ਹੈ, ਤਾਂ ਮਰਦ ਨਾਲ ਪਹਿਲੇ ਸੰਭੋਗ ਸਮੇਂ ਇਹ ਬਰਾਦਰੀ ਨੂੰ ਭੋਜ ਦੇਂਦੇ ਹਨ ਅਤੇ ਇਸ ਸਮਾਗਮ ਨੂੰ 'ਸ਼ਾਦੀ ਮਿਸੀ' ਕਹਿੰਦੇ ਹਨ। ਕੰਨਿਆਂ ਇਸ ਰਸਮ ਤੋਂ ਪਹਿਲਾਂ ਨਕ ਵਿਚ ਨਥ ਪਹਿਨੀ ਰਖਦੀ ਹੈ, ਪਰ ਰਸਮ ਦੇ ਮਗਰੋਂ ਉਤਾਰ ਦਿੰਦੀ ਹੈ। ਕੰਚਨ ਕਿਸੇ ਦੂਜੀ ਜਾਤੀ ਦੀ ਤੀਵੀਂ ਨੂੰ ਧਰਮ ਦੀ ਭੈਣ ਬਣਾ ਕੇ ਆਪਣੀ ਬਰਾਦਰੀ ਵਿਚ ਦਾਖ਼ਲ ਕਰ ਲੈਂਦੇ ਹਨ। ਧਰਮ ਦੀ ਭੈਣ ਬਣਨ ਵੇਲੇ ਉਸ ਨੂੰ ਮਿਠੇ ਸ਼ਰਬਤ ਦਾ ਪਿਆਲਾ ਪਿਲਾਇਆ ਜਾਂਦਾ ਹੈ ਤੇ ਇਸ ਰਸਮ ਮਗਰੋਂ ਉਸ ਦਾ ਵਿਰਸੇ ਵਿਚ ਵੀ ਪੂਰਾ ਹੱਕ ਮੰਨਿਆ ਜਾਂਦਾ ਹੈ।

**(ਕ-36) ਕੰਚਨ ਫੁੱਲ :**

ਸੋਨੇ ਦਾ ਲਘੂ ਫੁੱਲ; ਪੁਰਾਣੇ ਵੇਲਿਆਂ ਵਿਚ ਜਦੋਂ ਕਿਸੇ ਧਨੀ ਦਾ ਦਿਹਾਂਤ ਹੋ ਜਾਂਦਾ ਸੀ, ਤਾਂ ਉਸ ਦੇ ਦਾਹ-ਸੰਸਕਾਰ ਤੋਂ ਪਹਿਲਾਂ ਉਸ ਦੇ ਮੂੰਹ ਵਿਚ ਕਚਨ ਫੁੱਲ ਪਾਇਆ ਜਾਂਦਾ ਸੀ। ਲੋਕ-ਨਿਸਚੇ ਅਨੁਸਾਰ ਅਜਿਹਾ ਪ੍ਰਾਣੀ ਸਿਧਾ ਸਵਰਗ ਨੂੰ ਜਾਂਦਾ ਹੈ। ਵਡੇ ਵਡੇ ਰਾਜਿਆਂ ਤੇ ਜਗੀਰਦਾਰਾਂ ਦੇ ਬੇਬਾਣ ਤੋਂ ਇਨ੍ਹਾਂ ਲਘੂ ਅਕਾਰ ਦੇ ਫੁੱਲਾਂ ਦੀ ਸੋਟ ਵੀ ਕੀਤੀ ਜਾਂਦੀ ਸੀ। ਇਸ ਫੁੱਲ ਨੂੰ 'ਹੇਮ ਪੁਸ਼ਪ' ਵੀ ਕਹਿੰਦੇ ਹਨ।

**(ਕ-37) ਕੱਚਾ ਘੜਾ :**

(ਵੇਖੋ : ਸੋਹਣੀ ਮਹੀਂਵਾਲ)।

**(ਕ-38) ਕੱਚਾ ਮਸਾਣ :**

(ਵੇਖੋ : ਮਸਾਣ)।

**(ਕ-39) ਕੱਚੀ ਸੌਂਹ :**

ਛੋਟੇ ਬੱਚਿਆਂ ਨੂੰ ਕਈ ਵਾਰ ਦਾਬੇ ਹੇਠ ਜਾਂ ਕਿਸੇ ਮਜਬੂਰੀ ਵਸ ਝੂਠੀ ਸੌਂਹ ਚੁਕਣੀ ਪੈਂਦੀ ਹੈ। ਅਜਿਹੀ ਸਥਿਤੀ ਵਿਚ ਕਈ ਬੱਚੇ ਜੀਭ ਨੂੰ ਟੇਢੀ ਕਰ ਕੇ ਜਾਂ ਇਕ ਟੰਗ ਨੂੰ ਉੱਚਾ ਚੁਕ ਕੇ ਸੌਂਹ ਚੁਕਦੇ ਹਨ। ਅਜਿਹੀ ਸੌਂਹ ਪੂਰਨ ਰੀਤ ਅਨੁਸਾਰ ਨਹੀਂ ਚੁਕੀ ਹੁੰਦੀ, ਇਸ ਕਰ ਕੇ ਬੱਚਾ ਆਪਣੇ ਆਪ ਨੂੰ ਉਸ ਸੌਂਹ ਦਾ ਪਾਬੰਦ ਨਹੀਂ ਸਮਝਦਾ। ਜੀਭ ਟੇਢੀ ਕਰ ਕੇ ਜਾ ਅੰਗ ਭੰਨ ਕੇ ਚਕੀ ਸੌਂਹ ਭੰਗ ਕਰਨ ਦਾ ਪਾਪ ਨਹੀਂ ਹੁੰਦਾ। ਇਹ ਵਿਚਾਰ ਕਿਸੇ ਆਦਿਮ ਵਿਸ਼ਵਾਸ਼ ਦੀ ਹੀ ਰਹਿੰਦ ਹੈ। ਕਈ ਵਡੇ ਵੀ ਇਸੇ ਵਿਧੀ ਨਾਲ ਸੌਂਹ ਚੁਕਦੇ ਹਨ ਤੇ ਇਸ ਕਿਸਮ ਦੀ ਸੌਂਹ ਨੂੰ ਨਿਭਾਹੁਣਾ ਆਪਣਾ ਫ਼ਰਜ਼ ਨਹੀਂ ਸਮਝਦੇ। ਅਜਿਹੀ ਸੌਂਹ 'ਕੱਚੀ ਸੌਂਹ' ਅਖਵਾਉਂਦੀ ਹੈ।

**(ਕ-40) ਕੱਚੀ ਕਿ ਪੱਕੀ :**

ਬੱਚਿਆਂ ਦੀ ਇਕ ਖੇਡ; ਇਸ ਖੇਡ ਵਿਚ ਪਹਿਲਾਂ ਬੱਚੇ ਦੋ ਧਿਰਾਂ ਬਣਾ ਲੈਂਦੇ ਹਨ, ਫਿਰ ਪੁਗਦੇ ਹਨ। ਜਿਸ ਧਿਰ ਉਤੇ ਮੀਟੀ ਆ ਜਾਂਦੀ ਹੈ, ਉਸ ਦਾ ਵਡਾ ਆੜੀ ਕਿਸੇ ਕੰਧ, ਦਰੱਖ਼ਤ ਜਾਂ ਬੜ੍ਹੇ ਦੇ ਆਸਰੇ ਕੋਡਾ ਹੋ ਕੇ ਖੜਾ ਹੋ ਜਾਂਦਾ ਹੈ ਬਾਕੀ ਸਾਰੇ ਆੜੀ ਉਸ ਦੇ ਪਿਛੇ ਇਕ ਇਕ ਕਰ ਕੇ ਇਕ ਦੂਜੇ ਦੇ ਲਕ ਨੂੰ ਜੱਫੀ ਪਾ ਕੇ ਜ਼ੰਜੀਰੀ ਜਿਹੀ ਬਣਾ ਲੈਂਦੇ ਹਨ। ਇਸ ਤਰ੍ਹਾਂ ਸਵਾਰੀ ਲਈ ਕਾਫ਼ੀ ਸਾਰੀਆਂ ਪਿੱਠਾਂ ਜੁੜ ਜਾਂਦੀਆਂ ਹਨ। ਦੂਜੀ ਧਿਰ ਦੇ ਆੜੀ ਮਿਥੀ ਹੋਈ ਥਾਂ ਤੋਂ ਇਕ ਇਕ ਕਰ ਕੇ ਦੌੜਦੇ ਹੋਏ ਉਨ੍ਹਾਂ ਉਤੇ ਸਵਾਰ ਹੁੰਦੇ ਜਾਂਦੇ ਹਨ। ਸਵਾਰੀ ਕਰਨ ਵਾਲੇ ਹੇਠਲਿਆਂ ਤੋਂ ਪੁਛਦੇ ਹਨ—'ਕੱਚੀ ਕਿ ਪੱਕੀ'। ਜਦੋਂ ਤਕ ਹੇਠਲੇ 'ਕੱਚੀ' ਕਹਿੰਦੇ ਜਾਂਦੇ ਹਨ, ਉਹ ਉਨ੍ਹਾਂ ਉਪਰ ਸਵਾਰ ਰਹਿੰਦੇ ਹਨ। ਪਰ ਜਦੋਂ ਉਹ 'ਪੱਕੀ' ਕਹਿ ਦੇਣ ਤਾਂ ਸਵਾਰ ਉਪਰੋਂ ਉਤਰ ਆਉਂਦੇ ਹਨ ਤੇ ਖੇਡ ਨਵੇਂ ਸਿਰਿਉਂ ਸ਼ੁਰੂ ਹੁੰਦੀ ਹੈ। ਹੇਠਲੀ ਧਿਰ ਹੇਠਾਂ ਹੀ ਰਹਿੰਦੀ ਹੈ ਤੇ ਉਪਰਲੀ ਉਪਰ। ਪਰ ਜੇ ਉਪਰਲੀ ਧਿਰ ਦੇ ਕਿਸੇ ਆੜੀ ਦਾ ਪੈਰ ਜ਼ਮੀਨ ਨਾਲ ਛੁਹ ਜਾਵੇ ਜਾਂ ਉਹ ਹੇਠਾਂ ਡਿਗ ਪਵੇ, ਤਾਂ ਅਗਲੀ ਵਾਰ ਉਪਰਲੀ ਧਿਰ ਨੂੰ ਹੇਠਾਂ ਆਉਣਾ ਪੈਂਦਾ ਹੈ ਅਤੇ ਦੂਜੀ ਧਿਰ ਸਵਾਰੀ ਕਰਦੀ ਹੈ।

**(ਕ-41) ਕੱਚੀ ਤੰਦੀਂ ਘੜਾ ਭਰਨਾ :**

ਸਤਿ-ਧਰਮ ਅਥਵਾ ਸੱਚ ਦੇ ਨਿਤਾਰੇ ਲਈ ਇਕ ਦੈਵੀ ਪ੍ਰੀਖਿਆ। ਲੋਕ-ਕਹਾਣੀਆਂ ਵਿਚ ਜੇ ਕਿਸੇ ਤੀਵੀਂ ਦੇ ਸਤਿ ਧਰਮ ਅਥਵਾ ਬੋਲ ਦੀ ਸੱਚਾਈ ਦੀ ਪ੍ਰੀਖਿਆ ਲੈਣੀ ਹੋਵੇ ਤਾਂ ਉਸ ਨੂੰ ਕਰੜੇ ਤੇ ਅਨਹੋਣੇ ਕੰਮ ਕਰਨ ਲਈ ਦਿਤੇ ਜਾਂਦੇ ਹਨ। ਜੇ ਉਹ ਤੀਵੀਂ ਸਚਿਆਈ ਦੇ ਬੋਤੇ ਉਸ ਕੰਮ ਨੂੰ ਸਫਲਤਾ ਪੂਰਵਕ ਕਰ ਲਏ, ਤਾਂ ਉਹ ਸੱਚੀ, ਨਹੀਂ ਤਾਂ ਸਮਝੋ ਝੂਠੀ। ਅਜਿਹੇ ਅਨਹੋਣੇ ਕੰਮਾਂ ਵਿਚੋਂ ਇਕ ਕੰਮ ਕੱਚੀ ਤੰਦ ਨਾਲ ਕੱਚਾ ਘੜਾ ਬੰਨ੍ਹ ਕੇ ਖੂਹ ਵਿਚੋਂ ਪਾਣੀ ਭਰਨਾ ਹੈ।

'ਰਾਜਾ ਰਸਾਲੂ ਤੇ ਚਾਂਦਨੀ' (ਪੰਜਾਬ ਦਾ ਲੋਕ ਸਾਹਿੱਤ, 363) ਦੀ ਦੰਦ-ਕਥਾ ਵਿਚ ਚਾਂਦਨੀ ਆਪਣੇ ਸਤਿ ਦੀ ਪ੍ਰੀਖਿਆ ਦੇਣ ਲਈ ਖੂਹ ਵਿਚੋਂ ਕੱਚੀ ਤੰਦੀ ਨਾਲ ਕੱਚਾ ਘੜਾ ਭਰ ਕੇ ਵਿਖਾਂਦੀ ਹੈ —

ਫਿਰ ਕੱਚਾ ਘੜਾ ਮੰਗਵਾ ਕੇ
ਬੰਨ੍ਹਿਆ ਕੱਚੀ ਤੰਦ।
ਦੇ ਚਾਂਦਨੀ ਨੂੰ ਆਖਿਉਸੁ,
ਭਰ ਹਿਸ ਦੰਦੋਂ ਦੰਦ।
ਚਾਂਦਨੀ ਭਰ ਵਿਖਾਇਉਸੁ
ਸਤਿ ਨਾ ਪਿਆ ਮੰਦ।

ਧਾਰਨਾ ਹੈ ਕਿ ਸਤਿ ਧਰਮ ਵਾਲੀ ਤੀਵੀਂ ਦੀ, ਪ੍ਰਾਕ੍ਰਿਤਕ ਸ਼ਕਤੀਆਂ, ਗ਼ੈਬੀ ਤੌਰ 'ਤੇ ਮਦਦ ਕਰਦੀਆਂ ਹਨ ਅਤੇ ਉਹ ਆਪਣੇ ਨੇਮ ਬਦਲ ਲੈਂਦੀਆਂ ਹਨ (ਵੇਖੋ : ਪ੍ਰੀਖਿਆ)।

**(ਕ-42) ਕੱਚੀ ਪਿੰਨੀ :**

ਇਕ ਮਠਿਆਈ ਜੋ ਲਹਿੰਦੇ ਅਥਵਾ ਪਛਮੀ ਪੰਜਾਬ ਵਿਚ, ਵਿਆਹ ਸ਼ਾਦੀ ਦੇ ਮੌਕੇ ਉਤੇ, ਬਰਾਦਰੀ ਵਿਚ ਵੰਡੀ ਜਾਂਦੀ ਹੈ। ਇਹ ਮਠਿਆਈ ਚਾਵਲਾਂ ਦੇ ਆਟੇ ਵਿਚ ਖੰਡ, ਖੋਪੇ ਦੀ ਭੁਰਜੀ ਤੇ ਬਦਾਮਾਂ ਦੇ ਚੂਰੇ ਨੂੰ ਰਲਾ ਕੇ ਅਤੇ ਘਿਓ ਵਿਚ ਭੁੰਨ ਕੇ ਬਣਾਈ ਜਾਂਦੀ ਹੈ।

ਫ਼ਿਰੋਜ਼ਪੁਰ ਵਿਚ ਗਰਭ ਸੰਸਕਾਰ ਸਮੇਂ ਇਕ ਵਿਸ਼ੇਸ਼ ਪ੍ਰਕਾਰ ਦੀ ਕੱਚੀ ਪਿੰਨੀ ਤਿਆਰ ਕੀਤੀ ਜਾਂਦੀ ਹੈ, ਜਿਸ ਵਿਚ ਸਵਾ ਪੰਜ ਸੇਰ ਚਾਵਲਾਂ ਦਾ ਆਟਾ, ਢਾਈ ਸੇਰ ਖੰਡ ਤੇ ਇਕ ਸੇਰ ਘਿਓ ਦੀ ਤਨਾਸਬ ਵਿਚ ਸਾਮਗ੍ਰੀ ਵਰਤੀ ਜਾਂਦੀ ਹੈ। ਜਦੋਂ ਪਿੰਨੀਆਂ ਤਿਆਰ ਹੋ ਜਾਂਦੀਆਂ ਹਨ, ਤਾਂ ਦੋ ਪਿੰਨੀਆਂ ਉਤੇ ਕੇਸਰ ਦਾ ਛੱਟਾ ਧੂੜ ਕੇ ਗਰਭਵਤੀ ਨੂੰ ਭੇਟਾ ਕੀਤੀਆਂ ਜਾਂਦੀਆਂ ਹਨ, ਜਿਸ ਵਿਚੋਂ ਕੁਝ ਹਿੱਸਾ ਗਰਭਵਤੀ ਖ਼ੁਦ ਖਾ ਲੈਂਦੀ ਹੈ ਤੇ ਬਾਕੀ ਭਾਈਚਾਰੇ ਵਿਚ ਵੰਡ ਦਿੰਦੀ ਹੈ (ਗਲਾਸਰੀ 1,752)।

ਸਰਦੀਆਂ ਵਿਚ ਮਾਂਹ ਦੇ ਦਾਲ ਦੀ ਪੀਠੀ ਦੀਆਂ ਜੋ ਪਿੰਨੀਆਂ ਘਰਾਂ ਵਿਚ ਖਾਣ ਲਈ ਬਣਾਈਆਂ ਜਾਂਦੀਆਂ ਹਨ, ਉਹ ਕੱਚੀ ਪਿੰਨੀ

Sri Satguru Jagjit Singh Ji eLibrary NamdhariElibrary@gmail.com

ਨਾਲੋਂ ਭਿੰਨ ਹੁੰਦੀਆਂ ਹਨ, ਉਨ੍ਹਾਂ ਨਾਲ ਕੋਈ ਸੰਸਕਾਰ ਨਹੀਂ ਜੁੜੇ ਹੁੰਦੇ।

(ਕ-43) **ਕੱਚੀ ਭਾਜੀ :**

ਸਵਰਨ ਜਾਤੀਆਂ ਦੇ ਹਿੰਦੂ, ਖ਼ਾਸ ਤੌਰ ਤੇ ਸਨਾਤਨੀ ਬ੍ਰਾਹਮਣ, ਆਪਣੇ ਚੌਂਕੇ ਤੋਂ ਬਾਹਰ ਦੇ ਪੱਕੇ ਉਨ੍ਹਾਂ ਪਦਾਰਥਾਂ ਨੂੰ ਨਹੀਂ ਖਾਂਦੇ, ਜਿਨ੍ਹਾਂ ਦੀ ਤਿਆਰੀ ਵਿਚ ਜਲ, ਤੇਲ, ਘਿਓ ਤੇ ਅਗਨੀ ਦਾ ਪ੍ਰਯੋਗ ਹੋਵੇ; ਇਹ ਸਭ ਵਸਤੂਆਂ ਪੱਕੀ ਰਸੋਈ ਵਿਚ ਗਿਣੀਆਂ ਜਾਂਦੀਆਂ ਹਨ। ਇਸ ਦੇ ਉਲਟ ਫਲ, ਸਬਜ਼ੀਆਂ, ਕੱਚਾ ਦੁੱਧ, ਘਿਓ ਤੇ ਕੱਚਾ ਅੰਨ ਆਦਿ ਕੱਚੀ ਰਸੋਈ ਅਖਵਾਉਂਦੇ ਹਨ। ਕੱਚੀ ਵਸਤ ਅਛੂਤਾਂ ਦੀ ਛੂਹ ਨਾਲ ਵੀ ਨਹੀਂ ਭਿੱਟਦੀ।

ਮੰਗਲ ਕਾਰਜਾਂ ਵੇਲੇ ਕਈ ਲੋਕ ਭਾਈਚਾਰੇ ਵਿਚ ਕੱਚੀ ਭਾਜੀ ਵੰਡਦੇ ਹਨ ਜਿਸ ਵਿਚ ਗੁੜ, ਸ਼ਕਰ ਤੇ ਕੱਚੇ ਚਾਵਲ ਸ਼ਾਮਲ ਹੁੰਦੇ ਹਨ। ਕੜਾਹ, ਲੱਡੂ ਜਾਂ ਮਿੱਠੇ ਚਾਵਲ ਕੱਚੀ ਭਾਜੀ ਵਿਚ ਨਹੀਂ ਗਿਣੇ ਜਾਂਦੇ।

ਮੁਲਤਾਨ ਦੇ ਅਰੋੜਿਆਂ ਵਿਚ, ਵਿਆਹ ਦੇ ਮੌਕੇ ਉਤੇ, ਜਾਂਞੀਆਂ ਨੂੰ 'ਕਚੀ ਰੋਟੀ' ਦੇਣ ਦੀ ਪ੍ਰਥਾ ਹੈ। ਇਸ ਰੋਟੀ ਵਿਚ ਖਾਣ ਵਾਸਤੇ ਘਿਓ, ਖੰਡ, ਚਾਵਲ ਤੇ ਕੜਾਹ ਆਦਿ ਪਵਿਤ੍ਰ ਪਦਾਰਥ ਹੀ ਦਿਤੇ ਜਾਂਦੇ ਹਨ, ਰੋਟੀ ਨਹੀਂ ਦਿਤੀ ਜਾਂਦੀ। ਕੁਝ ਜਾਤਾਂ ਵਿਚ ਅਜਿਹੇ ਮੌਕੇ ਉਤੇ ਤਲੀਆਂ ਹੋਈਆਂ ਮਠੀਆਂ ਦੇਣ ਦਾ ਵੀ ਰਵਾਜ ਹੈ।

(ਕ-44) **ਕੱਚੀ ਲੱਸੀ :**

ਦੁੱਧ ਤੇ ਜਲ ਨੂੰ ਮਿਲਾ ਕੇ ਬਣੀ ਕੱਚੀ ਲੱਸੀ ਸਿਰਫ਼ ਪੀਣ ਦਾ ਪਦਾਰਥ ਹੀ ਨਹੀਂ, ਇਕ ਪਾਵਨ ਸਾਮਗ੍ਰੀ ਵੀ ਹੈ। ਜਲ ਦੁੱਧ ਦਾ ਸੰਗਮ ਹੋਣ ਕਰ ਕੇ ਇਸ ਦੀ ਪਵਿਤ੍ਰਤਾ ਵਧ ਜਾਂਦੀ ਹੈ। ਕੱਚੀ ਲੱਸੀ ਨਾਲ ਹਿੰਦੂ ਠਾਕਰਾਂ ਨੂੰ ਇਸ਼ਨਾਨ ਕਰਵਾਉਂਦੇ ਹਨ। ਅਨੇਕਾਂ ਧਾਰਮਿਕ ਤੇ ਸਮਾਜਿਕ ਰਹੁ-ਰੀਤੀਆਂ ਵੇਲੇ ਕੱਚੀ ਲੱਸੀ ਦੀ ਵਰਤੋਂ ਕੀਤੀ ਜਾਂਦੀ ਹੈ। ਵਿਆਹ ਮਗਰੋਂ ਲਾੜ੍ਹਾ ਲਾੜ੍ਹੀ ਕੰਙਣ ਖੇਡਣ, ਛੱਲਾ ਮੁੰਦਰੀ ਜਾਂ ਲੱਸੀ ਮੁੰਦਰੀ ਦੀ ਜੋ ਰੀਤ ਕਰਦੇ ਹਨ, ਉਹ ਕੱਚੀ ਲੱਸੀ ਵਿਚ ਹੀ ਕੰਙਣ, ਮੁੰਦਰੀ ਆਦਿ ਸੁਟ ਕੇ ਕੀਤੀ ਜਾਂਦੀ ਹੈ। ਪਾਣੀ ਵਾਰਨ ਦੀ ਰੀਤ ਵੇਲੇ ਵੀ ਜਲ ਦੀ ਥਾਂ ਕੱਚੀ ਲੱਸੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਦਾਹ ਸੰਸਕਾਰ ਮਗਰੋਂ, ਪ੍ਰਾਣੀ ਦੇ ਫੁਲ ਚੁਗਣ ਵੇਲੇ, ਹੱਡੀਆਂ ਨੂੰ ਕੱਚੀ ਲੱਸੀ ਵਿਚ ਧੋਤਾ ਜਾਂਦਾ ਹੈ। ਸੰਤਾਂ ਸਾਧਾਂ ਤੇ ਮਹਾਂ ਪੁਰਖਾਂ ਦੀਆਂ ਸਮਾਧੀਆਂ ਨੂੰ ਕੱਚੀ ਲੱਸੀ ਨਾਲ ਹੀ ਇਸ਼ਨਾਨ ਕਰਵਾਇਆ ਜਾਂਦਾ ਹੈ। ਦੇਵਤੇ ਵੀ ਕੱਚੀ ਲੱਸੀ ਦੀ ਭੇਟਾ ਪਸੰਦ ਕਰਦੇ ਹਨ। ਕਰਵਾ ਚੌਥ ਨੂੰ ਚੰਨ-ਦੇਵਤੇ ਨੂੰ ਕੱਚੀ ਲੱਸੀ ਦਾ ਹੀ ਅਰਗਾ ਦਿਤਾ ਜਾਂਦਾ ਹੈ। ਇਕਾਦਸ਼ੀ ਦੇਵੀ ਵੀ ਕੱਚੀ ਲੱਸੀ ਦੀ ਭੇਟ ਨੂੰ ਖ਼ੁਸ਼ੀ ਨਾਲ ਕਬੂਲ ਕਰਦੀ ਹੈ, ਇਸੇ ਲਈ ਹਾੜੀ 'ਕਾਸ਼ਤੀ ਨੂੰ ਦੇਵੀ ਦੇ ਉਪਾਸ਼ਕ ਕੱਚੀ ਲੱਸੀ ਦੀਆਂ ਛਬੀਲਾਂ ਲਗਾਉਂਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉਤੇ ਸਿੱਖਾਂ ਵਿਚ ਕੱਚੀ ਲੱਸੀ ਦੀਆ ਛਬੀਲਾਂ ਲਗਾਈਆਂ ਜਾਂਦੀਆਂ ਹਨ।

ਨਾਗ ਦੇਵਤੇ ਨੂੰ ਵੀ ਕੱਚੀ ਲੱਸੀ ਪਸੰਦ ਹੈ। ਇਸ ਲਈ ਨਾਗ ਪੰਚਮੀ ਨੂੰ ਕਈ ਲੋਕ ਸੱਪ ਦੀਆਂ ਖੁੱਡਾਂ ਵਿਚ ਕੱਚੀ ਲੱਸੀ ਪਾਉਂਦੇ ਹਨ। ਧਾਰਨਾ ਹੈ ਕਿ ਅਜਿਹਾ ਕਰਨ ਵਾਲੇ ਨੂੰ ਸੱਪ ਨਹੀਂ ਡੰਗਦਾ।

(ਕ-45) **ਕੱਛ (ਕੂਰਮਾ) ਅਵਤਾਰ :**

ਵਿਸ਼ਨੂੰ ਦਾ ਇਕ ਅਵਤਾਰ ਜੋ ਪਰਾਇਤਿਹਾਸਕ ਕਾਲ ਵਿਚ ਕਛੂਕੁੰਮੇ ਦੇ ਰੂਪ ਵਿਚ ਹੋਇਆ। ਭਾਗਵਤ ਅਨੁਸਾਰ ਜਦੋਂ ਦੇਵਤੇ ਅਤੇ ਦੈਂਤ ਰਲ ਕੇ ਖੀਰ ਸਾਗਰ ਨੂੰ ਰਿੜਕਣ ਲੱਗੇ, ਤਾਂ ਉਨ੍ਹਾਂ ਨੇ ਮੰਦਰਾਚਲ ਪਰਬਤ ਨੂੰ ਮਧਾਣਾ ਤੇ ਬਾਸ਼ਕ ਨਾਗ ਦਾ ਨੇਤਰਾ ਬਣਾਇਆ। ਓਦੋਂ ਵਿਸ਼ਨੂੰ ਨੇ ਕਛੂਕੁੰਮੇ ਦੇ ਰੂਪ ਵਿਚ ਅਵਤਾਰ ਧਾਰ ਕੇ ਪਰਬਤ ਦਾ ਸਾਰਾ ਭਾਰ ਆਪਣੀ ਪਿਠ ਉਤੇ ਸੰਭਾਲਿਆ। ਸਾਗਰ ਮੰਥਨ ਇਕ ਸੌ ਦੈਵੀ ਵਰ੍ਹਿਆਂ ਤਕ ਜਾਰੀ ਰਿਹਾ। ਦੇਵਤਿਆਂ ਦਾ ਇਕ ਸਾਲ ਮਨੁਖ ਦੇ 360 ਸਾਲਾਂ ਦੇ ਬਰਾਬਰ ਹੈ। ਇਸ ਹਿਸਾਬ ਨਾਲ ਵਿਸ਼ਨੂੰ 36,000 ਸਾਲ ਕੂਰਮੇ ਦੇ ਰੂਪ ਵਿਚ ਸਮੁੰਦਰ ਦੇ ਹੇਠਾਂ ਪਾਣੀ ਵਿਚ ਰਹੇ।

ਇਸ ਪੌਰਾਣਿਕ ਕਥਾ ਦੇ ਬੀਜ ਸ਼ਤਪਥ ਬ੍ਰਾਹਮਣ ਵਿਚ ਮਿਲਦੇ ਹਨ। ਵੈਦਿਕ ਮਿਥਾਂ ਵਿਚ ਜਲ ਦੇ ਦੇਵਤੇ ਵਰੁਣ ਅਤੇ ਕੂਰਮਾ (ਕਛੂ) ਵਿਚ ਨਿਕਟ ਦੇ ਸੰਬੰਧ ਹਨ। ਵਜਸਨੇਹੀ ਸਹਿੰਤਾ (13.31,6) ਅਨੁਸਾਰ ਕੂਰਮਾ ਜਲ ਦਾ ਸਵਾਮੀ ਹੈ।

ਤੈਤ੍ਰੀਆ ਅਰੈਣਕਾ (1.23.3) ਅਨੁਸਾਰ ਕੂਰਮਾ ਪਰਜਾਪਤੀ ਦੇ ਪਸੀਨੇ ਦੇ ਇਕ ਕਤਰੇ ਵਿਚੋਂ ਉਤਪੰਨ ਹੋਇਆ, ਜੋ ਆਦਿਮ ਜਲ ਵਿਚ ਤੱਪ ਕਰਦਿਆਂ ਡਿਗਿਆ ਸੀ। ਪਰਜਾਪਤੀ ਦੇ ਕੂਰਮੇ ਤੋਂ ਪੁੱਛਣ ਉਤੇ ਕਿ ਕੀ ਉਹ ਉਸੇ ਤੋਂ ਪੈਦਾ ਹੋਇਆ ਹੈ ? ਕੂਰਮੇ ਨੇ ਉੱਤਰ ਦਿਤਾ ਕਿ ਉਹ (ਕੂਰਮਾ) ਤਾ ਉਸ (ਪਰਜਾਪਤੀ) ਤੋਂ ਕਾਫ਼ੀ ਸਮਾ ਪਹਿਲਾ ਦਾ ਹੈ। ਆਪਣੀ ਸ਼ਕਤੀ ਪ੍ਰਗਟ ਕਰਨ ਲਈ ਕੂਰਮੇ ਨੇ ਇਕ ਅਜਿਹਾ ਦੈਵੀ ਸਰੀਰ ਧਾਰਨ ਕਰ ਲਿਆ, ਜਿਸ ਦੇ ਸਹੰਸਰ ਸੀਸ, ਸਹੰਸਰ ਨੈਣ ਅਤੇ ਸਹੰਸਰ ਚਰਨ ਸਨ। ਇਸੇ ਤੋਂ ਸੰਸਾਰ ਦੀ ਸਿਰਜਨਾ ਹੋਈ। ਵੈਦਿਕ ਕਾਲ ਦੀਆਂ ਅਜਿਹੀਆਂ ਕਥਾਵਾਂ ਨੇ ਪੌਰਾਣਿਕ ਕਾਲ ਵਿਚ ਕੂਰਮਾ ਅਵਤਾਰ ਦੇ ਸੰਕਲਪ ਨੂੰ ਉਭਾਰਿਆ।

ਵਿਸ਼ਨੂੰ ਨੇ ਕੂਰਮਾ ਅਵਤਾਰ ਦੇਵ-ਹਿਤ ਅਤੇ ਸਰਵ ਲੋਕ-ਹਿਤ ਲਈ ਧਾਰਨ ਕੀਤਾ। ਦੇਵਤੇ ਬੁਢੇਪੇ ਅਤੇ ਕਾਲ ਤੋਂ ਡਰਦੇ ਸਨ। ਉਹ ਕੇਵਲ ਅੰਮ੍ਰਿਤ ਪੀ ਕੇ ਹੀ ਅਮਰ ਹੋ ਸਕਦੇ ਸਨ। ਇਸ ਤੋਂ ਇਲਾਵਾ ਜਲ-ਪਰਲੋ ਸਮੇਂ ਸੰਸਾਰ ਦੇ ਕਈ ਕੀਮਤੀ ਰਤਨ ਗੁਆਚ ਗਏ ਸਨ, ਜਿਨ੍ਹਾਂ ਨੂੰ ਕੇਵਲ ਸਾਗਰ ਮੱਥ ਕੇ ਹੀ ਲਭਿਆ ਜਾ ਸਕਦਾ ਸੀ।

ਅਗਨੀ, ਪਦਮ ਅਤੇ ਵਿਸ਼ਨੂੰ ਪੁਰਾਣ ਅਨੁਸਾਰ ਦੇਵਤੇ ਦੁਰਬਾਸ਼ਾ ਰਿਸ਼ੀ ਦੇ ਸਰਾਪ ਕਾਰਨ ਬੜੇ ਦੁਖੀ ਸਨ ਅਤੇ ਅਸੁਰਾਂ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਕਾਰਨ ਇਹ ਸੀ ਕਿ ਦੁਰਬਾਸ਼ਾ ਰਿਸ਼ੀ ਨੇ ਇੰਦਰ ਨੂੰ ਇਕ ਹਾਰ ਭੇਟ ਕੀਤਾ ਸੀ, ਜੋ ਇੰਦਰ ਨੇ ਆਪਣੇ ਪ੍ਰਸਿਧ ਹਾਥੀ ਐਰਾਵਤ ਦੇ ਸਿਰ ਉਤੇ ਸ਼ਿੰਗਾਰ ਦਿਤਾ। ਐਰਾਵਤ ਨੇ ਜਦੋਂ ਸਿਰ ਛੰਡਿਆ, ਤਾਂ ਉਹ ਹਾਰ ਧਰਤੀ ਉਤੇ ਜਾ ਡਿਗਾ। ਦੁਰਬਾਸ਼ਾ ਨੇ ਇਸ ਗਲ ਵਿਚ ਆਪਣਾ ਅਪਮਾਨ ਸਮਝਿਆ। ਉਸ ਨੇ ਇੰਦਰ ਨੂੰ ਸਰਾਪ ਦਿਤਾ, ਜਿਸ ਕਰ ਕੇ ਲਖਸ਼ਮੀ ਦੇਵੀ ਉਸ ਦਾ ਸਾਥ ਛੱਡ ਕੇ ਸਮੁੰਦਰ ਵਿਚ ਜਾ ਛੁਪੀ। ਕਈ ਸਾਲ ਲਗਾਤਾਰ ਮੀਂਹ ਦੀ ਕਣੀ ਤਕ ਨਾ ਵਸੀ, ਫਲਸਰੂਪ ਫੁੱਲ ਬੂਟੇ ਸਭ ਸੁਕ ਮੜ ਗਏ। ਦੇਵਤੇ ਦੁਖੀ ਹੋ ਕੇ ਵਿਸ਼ਨੂੰ ਦੇ ਕੋਲ ਗਏ। ਵਿਸ਼ਨੂੰ ਨੇ ਉਨ੍ਹਾਂ ਦੀ ਵੇਦਨਾ ਸੁਣ ਕੇ ਕਿਹਾ ਕਿ ਤੁਸੀਂ ਖੀਰ ਸਾਗਰ ਰਿੜਕੋ, ਮੈਂ ਮੰਦਰਾਚਲ ਪਰਬਤ ਨੂੰ ਆਪਣੀ ਪਿੱਠ ਉਤੇ ਸਹਾਰਾ ਦੇਵਾਂਗਾ। ਸੋ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਵਿਸ਼ਨੂੰ ਨੇ ਕੱਛ ਅਵਤਾਰ ਧਾਰਨ ਕੀਤਾ।

ਕਾਲਕਾ ਪੁਰਾਣ ਅਨੁਸਾਰ ਵਿਸ਼ਨੂੰ ਦਾ ਕੂਰਮਾ ਅਵਤਾਰ ਧਾਰਨ ਦਾ ਮੰਤਵ ਕੁਝ ਹੋਰ ਸੀ। ਸ਼ੇਸ਼ਨਾਗ ਦੇ ਸਹੰਸਰ ਫਣਾਂ ਉਤੇ ਧਰਤੀ ਖੜੀ ਸੀ, ਪਰ ਉਸ ਨੇ ਧਰਤੀ ਨੂੰ ਫਣਾਂ ਉਤੋਂ ਉਤਾਰ ਕੇ ਪਰ੍ਹੇ ਸੁਟ ਦਿਤਾ ਤਾਂ ਧਰਤੀ ਪਤਾਲ ਵਿਚ ਧਸਣ ਲੱਗੀ। ਓਦੋਂ ਵਿਸ਼ਨੂੰ ਨੇ ਕੂਰਮਾ ਅਵਤਾਰ ਧਾਰ ਕੇ ਧਰਤੀ ਨੂੰ ਪਤਾਲ ਵਿਚ ਜਾਣ ਤੋਂ ਰੋਕ ਲਿਆ। ਵਿਆਸ ਅਨੁਸਾਰ ਕੂਰਮੇ ਦੀ ਪਿੱਠ ਲੱਖ ਯੋਜਨ ਲੰਮੀ ਸੀ।

Sri Satguru Jagjit Singh Ji eLibrary NamdhariElibrary@gmail.com

**(ਕ-46) ਕੰਜਕ :**

ਕੰਜਕ ਸ਼ਬਦ ਸੰਸਕ੍ਰਿਤ ਦੇ 'ਕਨਯੱਕਾ' ਦਾ ਵਿਗਾੜ ਹੈ, ਜਿਸ ਦਾ ਅਰਥ ਕੁਆਰੀ ਕੁੜੀ ਜਾਂ ਬਾਲੜੀ ਹੈ। ਇਹ ਪਦ ਉਸ ਕੰਨਿਆਂ ਲਈ ਰੂੜ੍ਹ ਹੋ ਗਿਆ, ਜਿਸ ਨੂੰ ਅਜੇ ਮਾਸਕ ਧਰਮ ਸ਼ੁਰੂ ਨਾ ਹੋਇਆ ਹੋਵੇ। ਹਿੰਦੂ ਕੰਜਕ ਨੂੰ ਦੇਵੀ ਦਾ ਰੂਪ ਮੰਨ ਕੇ ਖ਼ਾਸ ਖ਼ਾਸ ਮੌਕਿਆਂ 'ਤੇ ਪੂਜਦੇ ਤੇ ਭੋਜਨ ਖੁਆਂਦੇ ਹਨ (ਵੇਖੋ : ਕੰਜਕਾਂ ਬਿਠਾਉਣਾ)। ਪਹਿਲਿਆਂ ਵਿਚ ਕੰਨਿਆਂ ਨੂੰ ਕੰਜਕ ਅਵਸਥਾ ਵਿਚ ਹੀ ਵਿਆਹ ਦਿਤਾ ਜਾਂਦਾ ਸੀ। ਸ਼ਾਸਤਰਾਂ ਅਨੁਸਾਰ ਕੰਜਕ ਦਾ ਹੀ ਕੰਨਿਆਂ ਦਾਨ ਲਗਦਾ ਹੈ, ਵੱਡੀ ਕੁੜੀ ਦਾ ਨਹੀਂ।

**(ਕ-47) ਕੰਜਕਾਂ ਬਿਠਾਉਣਾ :**

ਹਿੰਦੂਆਂ ਵਿਚ, ਨਰਾਤਿਆਂ ਦੇ ਦਿਨੀਂ ਜਾਂ ਵੈਸੇ ਹੀ ਕਿਸੇ ਖ਼ਾਸ ਮੌਕੇ 'ਤੇ ਦੇਵੀ ਮਾਤਾ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਕੰਜ-ਕੁਆਰੀਆਂ ਕੁੜੀਆਂ ਨੂੰ ਘਰ ਸਦ ਕੇ ਭੋਜਨ ਖਵਾਇਆ ਜਾਂਦਾ ਹੈ। ਇਸ ਰੀਤ ਨੂੰ 'ਕੰਜਕਾਂ ਬਿਠਾਉਣੀਆਂ' ਕਹਿੰਦੇ ਹਨ।

ਕੰਜਕਾਂ ਕਈ ਮੌਕਿਆਂ ਤੇ ਬਿਠਾਈਆਂ ਜਾਂਦੀਆਂ ਹਨ, ਜਿਵੇਂ ਘਰ ਦਾ ਕੋਈ ਜੀਅ ਕਿਸੇ ਲੰਮੀ ਬੀਮਾਰੀ ਤੋਂ ਉਠਿਆ ਹੋਵੇ, ਖ਼ਾਸ ਤੌਰ ਤੇ ਜਦੋਂ ਉਸ ਨੇ ਮਾਤਾ ਦੇਵੀ (ਚੇਚਕ) ਤੋਂ ਛੁਟਕਾਰਾ ਪਾਇਆ ਹੋਵੇ ਜਾਂ ਕੋਈ ਸੁਖ ਪੂਰੀ ਹੋਈ ਹੋਵੇ। ਕਈ ਦੇਵੀ ਭਗਤ ਕਿਸੇ ਕੰਮ ਨੂੰ ਆਰੰਭ ਕਰਨ ਤੋਂ ਪਹਿਲਾਂ ਜਾਂ ਫਿਰ ਕਿਸੇ ਸੰਕਟ ਵੇਲੇ ਕੰਜਕਾਂ ਬਿਠਾਉਂਦੇ ਹਨ, ਤਾਂ ਜੋ ਕੰਮ ਵਿਚ ਬਰਕਤ ਪਏ ਅਥਵਾ ਭੀੜਾ ਤੋਂ ਛੁਟਕਾਰਾ ਮਿਲੇ।

ਜਦੋਂ ਕੰਜਕਾਂ ਬਿਠਾਉਣੀਆਂ ਹੋਣ, ਤਾਂ ਸਵੇਰੇ ਸਵੇਰੇ ਇਸ਼ਨਾਨ ਅਤੇ ਪੂਜਾ ਪਾਠ ਕਰ ਕੇ, ਪੂੜੀਆਂ, ਖੀਰ, ਮਾਲ੍ਹ ਪੂੜੇ, ਕੜਾਹ, ਚਾਵਲ, ਗੁਲਗੁਲੇ ਆਦਿ ਖ਼ਾਸ ਪਦਾਰਥ ਤਿਆਰ ਕਰ ਲਏ ਜਾਂਦੇ ਹਨ। ਮਾਲਵੇ ਵਿਚ ਗੁਲਗੁਲੇ, ਮਾਲ੍ਹਪੂੜੇ ਤੇ ਖੀਰ ਆਦਿ ਤਿਆਰ ਕਰਨ ਦੀ ਪ੍ਰਥਾ ਹੈ। ਇਸ ਮਗਰੋਂ ਪੰਜ ਸਤ ਜਾ ਨੌਂ ਬਾਲੜੀਆਂ ਨੂੰ ਸਦ ਕੇ ਉਨ੍ਹਾਂ ਨੂੰ ਇਕ ਪੰਗਤੀ ਵਿਚ ਬਿਠਾ ਕੇ ਪੂਜਿਆ ਜਾਂਦਾ ਤੇ ਆਰਤੀ ਉਤਾਰੀ ਜਾਂਦੀ ਹੈ। ਇਸ ਉਪ੍ਰੰਤ ਉਨ੍ਹਾਂ ਨੂੰ ਖਾਣ ਲਈ ਭੋਜਨ ਦਿਤਾ ਜਾਂਦਾ ਹੈ। ਨਾਲ ਹੀ ਟਕਾ ਪੈਸਾ ਦੱਖਣਾ ਵਜੋਂ ਦਿਤਾ ਜਾਂਦਾ ਹੈ। ਕਈ ਸ਼ਰਧਾਵਾਨ ਕੰਜਕਾਂ ਨੂੰ ਲਾਲ ਰੰਗ ਦੀਆਂ ਚੁੰਨੀਆ ਵੀ ਭੇਟ ਕਰਦੇ ਹਨ। ਕਈ ਧਨੀ ਲੋਕ ਕਿਸੇ ਮਨੋ-ਕਾਮਨਾ ਦੀ ਪੂਰਤੀ 'ਤੇ ਕੰਜਕਾਂ ਨੂੰ ਤੇਵਰ ਵੀ ਦੇਂਦੇ ਹਨ।

ਕੰਜਕਾਂ ਵਧੇਰੇ ਕਰ ਕੇ ਨਰਾਤਿਆਂ ਵਿਚ ਬਿਠਾਈਆਂ ਜਾਂਦੀਆਂ ਹਨ। ਨਰਾਤੇ ਸਾਲ ਵਿਚ ਦੋ ਵਾਰ ਆਉਂਦੇ ਹਨ, ਇਕ ਵਾਰ ਚੇਤਰ ਵਿਚ ਅਤੇ ਦੂਜੀ ਵਾਰ ਅੱਸੂ ਦੇ ਮਹੀਨੇ ਵਿਚ। ਇਨ੍ਹਾਂ ਦਿਨਾਂ ਵਿਚ ਦੇਵੀ ਭਗਤ ਦੁਰਗਾ ਮਾਤਾ ਦੀ ਪੂਜਾ ਕਰਦੇ ਹਨ।

ਕੰਜਕਾਂ ਬਿਠਾਉਣ ਸਮੇਂ ਪੰਜ, ਸਤ ਜਾਂ ਨੌਂ ਕੰਨਿਆ ਨੂੰ ਨਿਉਤਾ ਦੇਣ ਦੀ ਪ੍ਰਥਾ ਹੈ। ਪੁਰਾਣਾਂ ਅਨੁਸਾਰ ਪੰਜ ਦੇਵ-ਇਸਤ੍ਰੀਆਂ ਪਵਿਤ੍ਰ ਮੰਨੀਆਂ ਜਾਂਦੀਆਂ ਹਨ – ਅਹਿੱਲਿਆ, ਦਰੋਪਤੀ, ਕੁੰਤੀ, ਤਾਰਾ ਅਤੇ ਮੰਦੋਦਰੀ। ਸਤ ਕੰਨਿਆਂ ਸਪਤ ਰਿਸ਼ੀਆ ਦੀਆਂ ਪਤਨੀਆਂ ਦੀਆ ਪ੍ਰਤੀਕ ਹਨ। ਪਰ ਵਧੇਰੇ ਕਰ ਕੇ ਨੌ ਕੰਜਕਾਂ ਬਿਠਾਈਆਂ ਜਾਂਦੀਆਂ ਹਨ। ਨੌ ਕੰਜਕਾਂ — ਕੌਮਾਰੀਕਾ, ਤ੍ਰਿਮੂਰਤੀ, ਕਲਿਆਣੀ, ਰੋਹਿਣੀ, ਕਾਲੀ, ਚੰਡਕਾ, ਸਾਂਭਵੀ, ਦੁਰਗਾ ਤੇ ਸੁਭਦਰਾ ਦੀਆਂ ਪ੍ਰਤੀਕ ਮੰਨੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਪੂਜਿਆ ਜਾਂਦਾ ਹੈ।

**(ਕ-48) ਕੰਜਰ :**

ਇਕ ਟਪਰੀਵਾਸੀ ਕਬੀਲਾ, ਜੋ ਪੰਜਾਬ ਅਤੇ ਉੱਤਰ ਭਾਰਤ ਦੇ ਅਨੇਕਾਂ ਪਿੰਡਾਂ ਅਤੇ ਕਸਬਿਆਂ ਵਿਚ ਫੈਲਿਆ ਹੋਇਆ ਹੈ। ਇਸ ਕਬੀਲੇ ਦੇ ਚਜ-ਅਚਾਰ ਤੇ ਸੰਸਕ੍ਰਿਤੀ ਬੁਨਿਆਦੀ ਤੌਰ ਤੇ ਸਾਂਹਸੀਆਂ, ਨੱਟਾਂ, ਪਖੀਵਾਲਾਂ ਆਦਿ ਦੂਜੇ ਟਪਰੀਵਾਸਾਂ ਨਾਲ ਕਾਫ਼ੀ ਸਮਾਨਤਾ ਰਖਦੀ ਹੈ। ਮਬਦੁਲ ਲਤੀਫ਼ ਇਨ੍ਹਾਂ ਨੂੰ ਦਰਾਵੜ ਮੂਲ ਦਾ ਮੰਨਦਾ ਹੈ, ਪਰ ਕੰਜਰ ਲੋਕਾ ਦੀ ਰਹਿਤਲ, ਬੋਲੀ ਤੇ ਰੀਤਾਂ ਰਸਮਾਂ ਆਦਿ ਵਿਚ ਆਰਿਆਈ ਤੱਤਵ ਇਤਨੇ ਜ਼ਿਆਦਾ ਹਨ ਕਿ ਇਨ੍ਹਾਂ ਦੇ ਦਰਾਵੜੀ ਮੂਲ ਦੇ ਹੋਣ ਬਾਰੇ ਸੰਦੇਹ ਪੈਦਾ ਹੁੰਦਾ ਹੈ।

ਕੰਜਰਾਂ ਵਿਚ ਪ੍ਰਚਲਤ ਇਕ ਰਵਾਇਤ ਅਨੁਸਾਰ ਇਨ੍ਹਾਂ ਦੇ ਪੁਰਖੇ ਦਾ ਨਾਂ ਮਾਨ ਸੀ, ਜੋ ਆਪਣੀ ਪਤਨੀ ਨਥੀਆ ਸਮੇਤ ਜੰਗਲ ਵਿਚ ਰਿਹਾ ਕਰਦਾ ਸੀ। ਕੰਜਰ ਜਾਤੀ ਆਪਣੇ ਪੁਰਖੇ ਮਾਨ ਦਾ ਏਕੀਕਰਣ ਉਸ ਇਤਿਹਾਸਕ ਵਿਅਕਤੀ ਮਾਨ ਨਾਲ ਕਰਦੇ ਹਨ, ਜਿਸ ਨੇ ਦਿੱਲੀ ਸੁਲਤਾਨ ਦੇ ਸ਼ਾਹੀ ਪਹਿਲਵਾਨ ਨੂੰ ਦੰਗਲ ਵਿਚ ਹਰਾਇਆ ਸੀ।

ਕੰਜਰ ਕਿਸੇ ਵਿਸ਼ੇਸ਼ ਪੇਸ਼ੇ ਨਾਲ ਬਝੇ ਹੋਏ ਨਹੀਂ। ਮੁੱਢ ਵਿਚ ਇਨ੍ਹਾਂ ਦਾ ਕੰਮ ਜਜਮਾਨੀ ਕਰਨਾ ਸੀ। ਕੁਝ ਕੰਜਰ ਪਿੰਡ ਦੇ ਗੁਜਰਾਂ ਅਤੇ ਹੋਰ ਜਾਤੀਆਂ ਦੇ ਪਰੰਪਰਾਗਤ ਭੱਟ ਸਨ ਅਤੇ ਉਨ੍ਹਾਂ ਦਾ ਧੰਦਾ ਬੰਸਾਵਲੀਆਂ ਤਿਆਰ ਕਰਨਾ ਸੀ ਮਗਰੋਂ ਇਨ੍ਹਾਂ ਲੋਕਾਂ ਨੇ ਨਚ ਗਾ ਕੇ ਪਿੰਡ ਦੇ ਲੋਕਾਂ ਦਾ ਮਨੋਰੰਜਨ ਕਰਨਾ ਸ਼ੁਰੂ ਕਰ ਦਿਤਾ ਅਤੇ ਕੰਜਰਾਂ ਦੀਆਂ ਕਈ ਤੀਵੀਆਂ ਨੇ ਵੇਸਵਾ ਦਾ ਕਿੱਤਾ ਅਪਣਾ ਲਿਆ। ਨਿਰਬਾਹ ਲਈ ਇਨ੍ਹਾਂ ਨੇ ਕਈ ਹੋਰ ਕਿੱਤੇ ਵੀ ਅਪਣਾਏ। ਕਈ ਕੰਜਰ ਘਾਹ ਦੇ ਰੱਸੇ ਤੇ ਪੱਛੀਆਂ ਬਣਾ ਕੇ ਵੇਚਦੇ ਹਨ ਅਤੇ ਕਈ ਸਾਂਢੇ ਦਾ ਤੇਲ। ਅੱਜ ਕਲ੍ਹ ਕੰਜਰਾਂ ਨੇ ਆਪਣੇ ਪਰੰਪਰਾਗਤ ਧੰਦੇ ਤਿਆਗ ਕੇ ਵਧੇਰੇ ਲਾਭਦਾਇਕ ਕਿੱਤੇ ਅਪਣਾ ਲਏ ਹਨ।

ਕੰਜਰ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਮਿਲਦੇ ਹਨ। ਹਿੰਦੂ ਕੰਜਰ ਦੇਵੀ ਮਾਤਾ ਅਥਵਾ ਕਾਲੀ ਨੂੰ ਪੂਜਦੇ ਹਨ, ਪਰ ਮੁਸਲਮਾਨ ਕੰਜਰ ਗੁਗੇ ਪੀਰ ਨੂੰ। ਇਨ੍ਹਾਂ ਦੇ ਕਈ ਸਥਾਨਿਕ ਦੇਵੀ ਦੇਵਤੇ ਵੀ ਹਨ। ਸੰਕਟ ਵੇਲੇ ਇਹ ਆਪਣੇ ਕਬੀਲੇ ਦੇ ਦਿਓਤੇ ਅਸਪਾਲ ਨੂੰ ਬਕਰੇ, ਸੂਰ ਅਤੇ ਮੁਰਗ਼ੇ ਦੀ ਬਲੀ ਚੜ੍ਹਾਂਦੇ ਹਨ। ਸਮਾਜਕ ਤੌਰ ਤੇ ਕੰਜਰ ਦੋ ਉਪਭਾਗਾ ਵਿਚ ਵੰਡੇ ਹੋਏ ਹਨ — ਕੰਜਰ ਜ਼ਿਆਦਾਤਰ ਆਪਣੇ ਕਬੀਲੇ ਦੇ ਘੇਰੇ ਦੇ ਅੰਦਰ, ਪਰ ਗੋਤ ਤੋਂ ਬਾਹਰ ਵਿਆਹ ਕਰਦੇ ਹਨ, ਪਰ ਕਈ ਕੰਜਰ ਆਪਣੇ ਕਬੀਲੇ ਤੋਂ ਬਾਹਰ ਵੀ ਵਿਆਹ ਕਰ ਲੈਂਦੇ ਹਨ।

ਕੰਜਰਾਂ ਵਿਚ, ਵਿਆਹ ਤੋਂ ਪਹਿਲਾਂ ਕੰਨਿਆਂ ਨੂੰ ਲਿੰਗ ਸਬੰਧ ਕਾਇਮ ਰਖਨ ਬਾਰੇ ਕਾਫ਼ੀ ਖੁਲ੍ਹ ਹੈ, ਪਰ ਵਿਆਹ ਤੋਂ ਬਾਅਦ ਉਸ ਲਈ ਪਤੀਬ੍ਰਤ ਧਰਮ ਦੀ ਪਾਲਣਾ ਲਾਜ਼ਮੀ ਹੈ। ਜੇ ਕੋਈ ਵਿਆਹੀ ਇਸਤ੍ਰੀ ਕਿਸੇ ਮਰਦ ਨਾਲ ਲਿੰਗ ਭੋਗਦੀ ਫੜੀ ਜਾਵੇ, ਤਾਂ ਉਸ ਦਾ ਪਤੀ ਦੋਸ਼ੀ ਮਰਦ ਤੋਂ ਹਰਜਾਨਾ ਪ੍ਰਾਪਤ ਕਰਨ ਦਾ ਅਧਿਕਾਰੀ ਹੁੰਦਾ ਹੈ। ਕੁਝ ਕੰਜਰ ਆਪਣੀਆਂ ਧੀਆਂ ਤੋਂ ਪੇਸ਼ਾ ਕਰਵਾਂਦੇ ਹਨ, ਪਰ ਨੂੰਹਾਂ ਨੂੰ ਹਮੇਸ਼ਾਂ ਸੱਥਰ ਵਿਚ ਰਖਦੇ ਹਨ।

ਕੰਜਰਾਂ ਵਿਚ ਪੁੰਨ ਵਿਆਹ ਦੀ ਥਾਂ, ਟਕੇ ਵਿਆਹ ਦੀ ਪ੍ਰਥਾ ਹੈ। ਅੱਧੀ ਰਕਮ ਵਿਆਹ ਵੇਲੇ ਵਸੂਲ ਕੀਤੀ ਜਾਂਦੀ ਹੈ ਅਤੇ ਬਾਕੀ ਅੱਧੀ ਸੰਤਾਨ ਦੀ ਉਤਪਤੀ ਦੇ ਮਗਰੋਂ। ਕੰਜਰਾਂ ਵਿਚ ਉਧਾਲੇ ਦੇ ਵਿਆਹ ਨੂੰ ਵੀ ਸਮਾਜਕ ਪ੍ਰਵਾਨਗੀ ਪ੍ਰਾਪਤ ਹੈ। ਉਧਾਲੇ ਤੋਂ ਮਗਰੋਂ ਕੁਝ ਚਿਰ, ਜੋੜੀ ਅਗਿਆਤ ਵਾਸ ਕਰ ਕੇ, ਮੁੜ ਆਪਣੇ ਕਬੀਲੇ ਵਿਚ ਵਾਪਸ ਆ ਰਲਦੀ ਹੈ। ਇਸ ਮੌਕੇ ਤੇ ਕਬੀਲੇ ਦੇ ਲੋਕਾਂ ਨੂੰ ਵਡਾ ਭੋਜ ਦਿਤਾ ਜਾਂਦਾ ਹੈ। ਇਹੋ ਭੋਜ ਹੀ ਉਸ ਵਿਆਹ ਦੀ ਸਮਾਜਕ ਸਵੀਕ੍ਰਤੀ ਦਾ ਪ੍ਰਮਾਣ ਹੈ। ਕੰਜਰਾਂ ਵਿਚ ਵਿਧਵਾ ਵਿਆਹ ਦੀ ਪ੍ਰਥਾ ਹੈ। ਵਿਧਵਾ ਆਮ ਤੌਰ ਤੇ ਕੰਵਾਰੇ ਦੇਵਰ ਨਾਲ ਸ਼ਾਦੀ ਕਰਦੀ ਹੈ।

ਕੰਜਰ ਆਪਣੀ ਵਿਸ਼ੇਸ਼ ਪੁਸ਼ਾਕ ਕਾਰਨ

ਸਹਿਜੇ ਹੀ ਪਛਾਣੇ ਜਾਂਦੇ ਹਨ। ਤੀਵੀਆਂ ਲਹਿੰਗੇ ਦੀ ਥਾਂ ਲੰਮਾ ਕੁੜਤਾ ਅਤੇ ਪਜਾਮਾ ਪਹਿਨਦੀਆਂ ਹਨ। ਕੰਜਰਾਂ ਵਿਚ ਖਾਣ ਪੀਣ ਦਾ ਕੋਈ ਪ੍ਰਹੇਜ਼ ਨਹੀਂ। ਇਹ ਲੋਕ ਗਿਦੜ, ਕਿਰਲੇ ਤੇ ਡਡੂ ਆਦਿ ਭਖ-ਅਭਖ ਸਭ ਛਕ ਜਾਂਦੇ ਹਨ।

ਕੰਜਰਾਂ ਦੇ ਕਬੀਲੇ ਵਿਚ ਪੰਚਾਇਤਾਂ ਦੀ ਵਡੀ ਮਾਨਤਾ ਹੈ। ਬਹੁਤੇ ਝਗੜਿਆਂ ਦੇ ਫ਼ੈਸਲੇ ਪੰਚਾਇਤਾਂ ਹੀ ਕਰਦੀਆਂ ਹਨ। ਜਿਹੜਾ ਕੰਜਰ ਕਬੀਲੇ ਦੇ ਨੇਮਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਪੰਚ ਸਜ਼ਾ ਦਿੰਦੇ ਹਨ।

ਕਈ ਸਾਂਹਸੀ ਕਬੀਲੇ ਵੀ ਕੰਜਰ ਦੇ ਨਾਉਂ ਨਾਲ ਪ੍ਰਸਿਧ ਹਨ। ਐਚ. ਐਲ. ਵਿਲੀਅਮ (ਗਲਾਸਰੀ 2,475) ਅਨੁਸਾਰ ਘੱਗਰ ਦਰਿਆ ਦੇ ਪੂਰਬ ਵਲ ਦੇ ਕੁਝ ਜ਼ਿਲਿਆਂ ਵਿਚ ਸਾਂਹਸੀ ਲੋਕ ਕੰਜਰ ਕਰ ਕੇ ਜਾਣੇ ਜਾਂਦੇ ਹਨ। ਦਿੱਲੀ ਦੇ ਆਲੇ ਦੁਆਲੇ ਦੇ ਖੇਤਰ ਵਿਚ ਕਈ ਟਪਰੀਵਾਸੀ ਸਾਂਹਸੀ ਕੰਜਰ ਦੇ ਨਾਉਂ ਨਾਲ ਪ੍ਰਸਿਧ ਹਨ।

### (ਕ-49) **ਕੰਜਰੀ ਨਚਾਣਾ :**

ਤ੍ਰਿੰਞਣ ਦੀ ਇਕ ਖੇਡ; ਤ੍ਰਿੰਞਣ ਵਿਚ ਕਈ ਮਨਚਲੀਆਂ ਕੁੜੀਆਂ ਜਦੋਂ ਆਪਣੇ ਛੋਪੇ ਮੁਕਾ ਲੈਂਦੀਆਂ ਹਨ, ਤਾਂ ਉਹ ਮਸ਼ਕਰੀਆਂ ਤੇ ਚਹੇਡਾਂ ਕਰਨ ਵਿਚ ਰੁਝ ਜਾਂਦੀਆਂ ਹਨ। ਅਜਿਹੀ ਹੀ ਇਕ ਖੇਡ ਕੰਜਰੀ ਨਚਾਣ ਦੀ ਹੈ। ਪੂਣੀ ਨੂੰ ਦੋਹਾਂ ਸਿਰਿਆਂ ਤੋਂ ਸਰਿਉਂ ਦੇ ਤੇਲ ਵਿਚ ਭਿਉਂ ਕੇ ਹੱਥਾਂ ਦੀਆਂ ਉਂਗਲਾਂ ਵਿਚ ਟਿਕਾ ਲਿਆ ਜਾਂਦਾ ਹੈ। ਫਿਰ ਦੋਹਾਂ ਸਿਰਿਆਂ ਨੂੰ ਅੱਗ ਲਗਾ ਕੇ ਪਹਿਲਾਂ ਉਂਗਲਾਂ ਵਿਚ ਪੂਣੀ ਨੂੰ ਨਚਾਇਆ ਜਾਂਦਾ ਹੈ, ਫਿਰ ਉਹ ਕਿਸੇ ਕੁੜੀ ਉਤੇ ਸੁਟ ਦਿਤੀ ਜਾਂਦੀ ਹੈ। ਇਸੇ ਨੂੰ 'ਕੰਜਰੀ ਨਚਾਣਾ' ਕਿਹਾ ਜਾਂਦਾ ਹੈ।

### (ਕ-50) **ਕੱਜ਼ਲਾ :**

ਅੱਖਾਂ ਨੂੰ ਸ਼ਿੰਗਾਰਨ ਲਈ ਵਿਸ਼ੇਸ਼ ਪ੍ਰਕਾਰ ਦਾ ਸੁਰਮਾ ਜੋ ਦੀਵੇ ਉਤੇ ਥਾਲੀ ਮੂਧੀ ਮਾਰ ਕੇ ਘਰ ਵਿਚ ਖ਼ੁਦ ਹੀ ਤਿਆਰ ਕਰ ਲਿਆ ਜਾਂਦਾ ਹੈ। ਦੀਵੇ ਦਾ ਧੂੰਆ ਥਾਲੀ ਉਤੇ ਇਕੱਠਾ ਕਰ ਕੇ ਉਤਾਰ ਲਿਆ ਜਾਂਦਾ ਹੈ। ਬਸ, ਇਹੋ ਕੱਜਲਾ ਹੈ। ਕੱਜਲੇ ਨੂੰ ਇਕ ਹੋਰ ਢੰਗ ਨਾਲ ਵੀ ਤਿਆਰ ਕਰਦੇ ਹਨ। ਬਦਾਮਾਂ ਦੇ ਛਿੱਲੜਾਂ ਨੂੰ ਸਾੜ ਕੇ ਪੀਹ ਲਿਆ ਜਾਂਦਾ ਹੈ। ਲੋਕ-ਚਿਕਿਤਸਾ ਅਨੁਸਾਰ ਇਹ ਕੱਜਲਾ ਅੱਖਾਂ ਲਈ ਵੀ ਬੜਾ ਲਾਭਦਾਇਕ ਮੰਨਿਆ ਜਾਂਦਾ ਹੈ।

ਸੁਰਮੇ ਦੇ ਮੁੱਢ ਬਾਰੇ ਮੁਸਲਮਾਨਾਂ ਵਿਚ ਇਕ ਮਿੱਥ ਇਉਂ ਪ੍ਰਚਲਤ ਹੈ — ਜਦੋਂ ਅੱਲਾ ਨੇ ਸਿਕਾਈ ਦੇ ਇਲਾਕੇ ਵਿਚ ਮੂਸਾ ਨੂੰ ਸੂਈ ਦੇ ਨੱਕੇ ਵਿਚੋਂ ਆਪਣਾ ਰੂਪ ਵਿਖਾਇਆ ਤਾਂ ਮੂਸਾ ਪੈਗੰਬਰ ਬੇਹੋਸ਼ ਹੋ ਗਿਆ। ਅੱਲ੍ਹਾ ਦੇ ਜ਼ਹੂਰ ਨਾਲ ਪਹਾੜ ਨੂੰ ਅੱਗ ਲਗ ਗਈ ਤੇ ਉਹ ਸੜ ਗਿਆ। ਉਦੋਂ ਅੱਲ੍ਹਾ ਨੇ ਕਿਹਾ, "ਅੱਗੇ ਤੋਂ ਤੂੰ ਤੇ ਤੇਰੀ ਔਲਾਦ ਇਸ ਪਹਾੜ ਦੀ ਮਿੱਟੀ ਨੂੰ ਪੀਹ ਕੇ ਆਪਣੀਆਂ ਅੱਖਾਂ ਵਿਚ ਲਗਾਵੇ।" ਪਹਾੜ ਦਾ ਇਕ ਡਲਾ ਪੀਹ ਕੇ ਸੁਰਮਾ ਤਿਆਰ ਕੀਤਾ ਗਿਆ।

ਕਜਲਾ ਅਖਾਣਾਂ ਦਾ ਵੀ ਵਸਤੂ ਬਣਿਆ ਹੈ — "ਕਜਲਾ ਪਾ ਤਾਂ ਹਰ ਕੋਈ ਲੈਂਦਾ ਹੈ, ਪਰ ਮਟਕਾਉਣਾ ਕਿਸੇ ਕਿਸੇ ਨੂੰ ਹੀ ਆਉਂਦਾ ਹੈ।"

### (ਕ-51) **ਕੱਜਲੀ :**

ਸਾਵਣ ਦੇ ਮਹੀਨੇ, ਪੀਂਘਾਂ ਝੂਟਣ ਅਤੇ ਨੱਚਣ ਟੱਪਣ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਕੱਜਲੀ ਜਾਂ ਕੱਜਰੀ ਕਹਿੰਦੇ ਹਨ। ਇਸ ਸ਼ਬਦ ਦੀ ਉਤਪਤੀ ਕੱਜਲ ਤੋਂ ਹੋਈ, ਜੋ ਦੀਵੇ ਦੀ ਲਾਟ ਉਪਰ ਚੱਪਣੀ ਮੂਧੀ ਮਾਰ ਕੇ ਤਿਆਰ ਕੀਤਾ ਜਾਂਦਾ ਹੈ। ਸਾਵਣ ਦੀਆਂ ਘਣਘੋਰ ਘਟਾਵਾਂ ਕਜਲੇ ਵਾਂਗ ਸਿਆਹ ਹੁੰਦੀਆਂ ਹਨ, ਜਿਸ ਤੋਂ ਸਾਵਣ ਦੇ ਗੀਤਾਂ ਲਈ ਕੱਜਲੀ ਨਾਉਂ ਜੁੜ ਹੋਣਾ ਸੁਭਾਵਿਕ ਹੈ। ਕੱਜਲੀ ਦੇ ਗੀਤਾਂ ਵਿਚ ਸਾਵਣ ਦੀਆਂ ਘਨਘੋਰ ਘਟਾਵਾਂ, ਵਰਖਾ ਦੀ ਕਿਣਮਿਣ ਅਤੇ ਹੋਰ ਪ੍ਰਾਕ੍ਰਿਤਕ ਦ੍ਰਿਸ਼ਾਂ ਦੀ ਪਿਠ-ਭੂਮੀ ਵਿਚ ਸ਼ਿੰਗਾਰ ਰਸੀ ਭਾਵ ਅਭਿਵਿਅਕਤ ਹੁੰਦੇ ਹਨ। ਭਾਵਾਂ ਭਿਜੇ ਇਹ ਗੀਤ ਦੂਜੇ ਲੋਕ-ਗੀਤਾਂ ਨਾਲੋਂ ਇਸੇ ਗੱਲ ਵਿਚ ਵਿਲੱਖਣ ਹਨ। ਕਈ ਥਾਈਂ ਕੱਜਲੀ ਨੂੰ ਦੋ ਟੋਲੀਆਂ ਬਣਾ ਕੇ ਗਾਇਆ ਜਾਂਦਾ ਹੈ। ਇਕ ਟੋਲੀ ਸੁਆਲ ਕਰਦੀ ਹੈ ਤੇ ਦੂਜੀ ਉੱਤਰ ਦੇਂਦੀ ਹੈ। ਇਹ ਸਿਲਸਲਾ ਕਦੇ ਕਦੇ ਸਾਰੀ ਰਾਤ ਤਕ ਜਾਰੀ ਰਹਿੰਦਾ ਹੈ। ਸਭ ਤੋਂ ਪ੍ਰਸਿਧ ਕੱਜਲੀ ਮਿਰਜ਼ਾਪੁਰ ਦੀ ਹੈ, ਜਿਥੇ ਕੱਜਰੀ ਦੇ ਦੰਗਲ ਹੁੰਦੇ ਹਨ ਤੇ ਮਰਦ ਤੀਵੀਆਂ ਦੋਵੇਂ ਹਿੱਸਾ ਲੈਂਦੇ ਹਨ। ਪੰਜਾਬ ਵਿਚ ਇਹ ਗੀਤ ਤੀਹਾਂ ਦੇ ਨਾਉਂ ਨਾਲ ਪ੍ਰਸਿਧ ਹਨ (ਵੇਖੋ : ਤੀਹਾਂ)।

### (ਕ-52) **ਕਜ਼ਾ ਉਮਰੀ :**

ਮੁਸਲਮਾਨਾਂ ਦਾ ਇਕ ਸ਼ੁਭ ਦਿਵਸ, ਜਦੋਂ ਉਹ ਸਾਲ ਭਰ ਵਿਚ ਖੁੰਝ ਗਈਆਂ ਨਿਮਾਜ਼ਾਂ, ਇਕੱਠੀਆਂ ਪੜ੍ਹ ਕੇ ਤੇ ਗਿਣਤੀ ਪੂਰੀ ਕਰ ਕੇ ਭੁਲ ਬਖਸ਼ਵਾ ਲੈਂਦੇ ਹਨ। ਮੁਸਲਮਾਨੀ ਅਕੀਦੇ ਅਨੁਸਾਰ ਨਿਮਾਜ਼ ਕੇਵਲ ਵਕਤ ਸਿਰ ਪੜ੍ਹਨ ਨਾਲ ਹੀ ਦਰਗਾਹ ਵਿਚ ਕਬੂਲ ਪੈਂਦੀ ਹੈ। ਸਮਾਂ ਖੁੰਝਾ ਕੇ ਪੜ੍ਹੀ ਨਮਾਜ਼ ਕਜ਼ਾ ਹੋ ਜਾਂਦੀ ਹੈ। ਪੱਕੇ ਨਿਮਾਜ਼ੀ ਅਜਿਹੀਆਂ ਖੁੰਝੀਆਂ ਨਮਾਜ਼ਾਂ ਦਾ ਹਿਸਾਬ ਰਖਦੇ ਹਨ ਤੇ 'ਕਜ਼ਾ ਉਮਰੀ' ਵਾਲੇ ਦਿਨ ਉਤਨੀਆਂ ਨਿਮਾਜ਼ਾਂ ਵਾਧੂ ਪੜ੍ਹ ਕੇ ਹਿਸਾਬ ਬਰਾਬਰ ਕਰ ਲੈਂਦੇ ਹਨ।

### (ਕ-53) **ਕੰਜੀ :**

ਕੰਜੀ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਕ੍ਰਜ' ਪਦ ਤੋਂ ਹੋਈ, ਜਿਸ ਦਾ ਅਰਥ ਖ਼ੁਸ਼ ਹੋਣਾ ਹੈ। ਪਰ ਲਹਿੰਦੇ ਵਿਚ ਕੰਜੀ ਸ਼ਬਦ ਉਸ ਰੀਤਾਂ ਲਈ ਪ੍ਰਚਲਤ ਹੋ ਗਿਆ ਹੈ, ਜੋ ਗਰਭ ਦੇ ਛੇਵੇਂ ਸਤਵੇਂ ਮਹੀਨੇ ਕੀਤੀਆਂ ਜਾਂਦੀਆਂ ਹਨ (ਵੇਖੋ : ਗਰਭ ਦੀਆਂ ਰੀਤਾਂ)।

### (ਕ-54) **ਕੰਜੂ ਚੰਚਲੋ :**

ਦੋ ਗਦੀ ਪ੍ਰੇਮੀ ਜਿਨ੍ਹਾਂ ਬਾਰੇ ਕਾਂਗੜੇ ਵਿਚ ਅਨੇਕਾਂ ਲੋਕ-ਗੀਤ ਮਿਲਦੇ ਹਨ। ਕੰਜੂ ਨਦੀ ਨੂੰ ਪਾਰ ਕਰ ਕੇ ਤੇ ਇਕ ਜੰਗਲ ਵਿਚੋਂ ਦੀ ਲੰਘ ਕੇ ਰੋਜ਼ ਚੰਚਲੋ ਨੂੰ ਮਿਲਣ ਲਈ ਜਾਇਆ ਕਰਦਾ ਸੀ। ਚੰਚਲੋ ਦੇ ਸਾਕ ਸਬੰਧੀਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਅਤੇ ਉਹ ਕੰਜੂ ਨੂੰ ਮਾਰਨ ਲਈ ਸਾਜ਼ਸ਼ਾਂ ਘੜਨ ਲਗੇ। ਚੰਚਲੋ ਹਮੇਸ਼ਾਂ ਕੰਜੂ ਨੂੰ ਸਮਝਾਂਦੀ ਰਹਿੰਦੀ ਕਿ ਉਹ ਦੁਸ਼ਮਣਾਂ ਤੋਂ ਬਚ ਕੇ ਰਹੇ।

ਇਕ ਵਾਰ ਚੰਚਲੋ ਚਸ਼ਮੇ ਉਤੇ ਕਪੜੇ ਧੋ ਰਹੀ ਸੀ ਕਿ ਕੰਜੂ ਉਸ ਨੂੰ ਮਿਲਣ ਲਈ ਆ ਗਿਆ। ਜਾਣ ਵੇਲੇ ਕੰਜੂ ਨੇ ਚਚਲੋ ਨੂੰ ਮੁੰਦਰੀ ਨਿਸ਼ਾਨੀ ਵਜੋਂ ਦਿਤੀ ਅਤੇ ਬਦਲੇ ਵਿਚ ਚੰਚਲੋ ਨੇ ਨੀਲੇ ਰੰਗ ਦਾ ਰੁਮਾਲ। ਫਿਰ ਕੰਜੂ ਲਾਹੌਲ ਵਾਦੀ ਵਲ ਤੁਰ ਪਿਆ। ਕਹਿੰਦੇ ਹਨ ਇਸ ਮਿਲਣੀ ਪਿਛੋਂ ਫਿਰ ਕਦੇ ਕੰਜੂ ਵਿਖਾਈ ਨਹੀਂ ਦਿਤਾ। ਚੰਚਲੋ ਦੇ ਭਰਾਵਾਂ ਨੇ ਕੰਜੂ ਨੂੰ ਰਾਹ ਵਿਚ ਹੀ ਵਢ ਸੁਟਿਆ ਸੀ। ਚੰਚਲੋ ਨੇ ਚਸ਼ਮੇ ਉਤੇ ਰੋਂਦਿਆਂ ਆਪਣੇ ਪ੍ਰਾਣ ਤਿਆਗ ਦਿਤੇ।

ਕੰਜੂ ਤੇ ਚੰਚਲੋ ਦੀ ਪ੍ਰੇਮ-ਗਾਥਾ ਕਈ ਪਹਾੜੀ ਗੀਤਾਂ ਦਾ ਵਿਸ਼ਾ ਬਣੀ। ਇਕ ਗੀਤ ਦੀਆਂ ਕੁਝ ਤੁਕਾਂ ਇਉਂ ਹਨ :—

ਚੰਬੇ ਦੇ ਚੋਗਾਨਾ ਤੇਰਾ ਡੇਰਾ ਕੰਜੂਆ,
ਮੂੰਹਾਂ ਬੋਲ ਜ਼ਬਾਨੀ ਓ।
ਕਪੜੇ ਧੋਆਂ ਨਾਲੇ ਰੋਆਂ ਕੰਜੂਆ,
ਵਿਚ ਬਟਨ ਨਿਸ਼ਾਨੀ ਓ।
ਗੋਰੀ ਗੋਰੀ ਬਾਹੀਆਂ ਤੇਰੀ ਚੂੜਾ ਚੰਚਲੋ,
ਵਿਚ ਗਜਰਾ ਨਿਸ਼ਾਨੀ ਓ।
ਛੀਂਟ ਦਾ ਰੁਮਾਲ ਹੱਥ ਤੇਰੇ ਚੰਚਲੋ,
ਵਿਚ ਰੰਗ ਨਿਸ਼ਾਨੀ ਓ।
ਹਾਏ ਮੇਰੀਏ ਜਿੰਦੇ, ਵਿਚ ਰੰਗ ਨਿਸ਼ਾਨੀ ਓ।

Sri Satguru Jagjit Singh Ji eLibrary NamdhariElibrary@gmail.com

(ਕ-55) **ਕਟਾਸ :**

ਪਛਮੀ ਪੰਜਾਬ ਵਿਚ ਹਿੰਦੂਆਂ ਦਾ ਇਕ ਵਡਾ ਤੀਰਥ; ਦੇਸ਼ ਵੰਡ ਤੋਂ ਪਹਿਲਾਂ ਇਥੇ ਹਰ ਸਾਲ ਵਿਸਾਖੀ ਨੂੰ ਚਾਰ ਦਿਨਾਂ ਲਈ ਇਕ ਭਾਰੀ ਮੇਲਾ ਲਗਦਾ ਸੀ। ਲੋਕੀਂ ਦੂਰੋਂ ਦੂਰੋਂ ਵਹੀਰਾਂ ਘਤ ਕੇ ਆਉਂਦੇ ਸਨ। ਕਟਾਸ ਨਿਮਕ ਦੀਆਂ ਪਹਾੜੀਆਂ ਦੇ ਨੇੜੇ ਪਿੰਡ ਦਾਦਨ ਖ਼ਾਂ ਤੋਂ 15 ਮੀਲ ਉੱਤਰ ਵਲ ਅਤੇ ਚਕਵਾਲ ਤੋਂ ਅਠਾਰਾਂ ਮੀਲ ਦੂਰ ਸਥਿਤ ਹੈ। ਇਹ ਅਸਥਾਨ ਬੜਾ ਪ੍ਰਾਚੀਨ ਤੇ ਪੌਰਾਣਿਕ ਮਹੱਤਤਾ ਵਾਲਾ ਹੈ। ਇਥੇ ਨਿਰਮਲ ਜਲ ਦੇ 10 ਸਰੋਵਰ ਅਤੇ ਕਈ ਮੰਦਰ ਹਨ। ਇਨ੍ਹਾਂ ਸਰੋਵਰਾਂ ਦਾ ਪਾਣੀ ਪਿਘਲੇ ਬਲੌਰ ਵਾਂਗ ਭਾਹ ਮਾਰਦਾ ਅਲੌਕਿਕ ਦ੍ਰਿਸ਼ ਪੇਸ਼ ਕਰਦਾ ਹੈ।

ਕੰਨਿਘਮ ਦਾ ਵਿਚਾਰ ਹੈ ਕਿ 'ਕਟਾਸ' ਨਾਂ ਸੰਸਕ੍ਰਿਤ ਦੇ ਸ਼ਬਦ ਸਵੇਤਵਾਸ ਦਾ ਹੀ ਵਿਗਾੜ ਹੈ। 'ਸਵ' ਦੀ ਧੁਨੀ 'ਖ' ਵਿਚ ਬਦਲ ਜਾਣ ਕਾਰਨ ਸਵੇਤਵਾਸ ਪਹਿਲਾਂ ਖੇਤਵਾਸ ਬਣਿਆ ਤੇ ਫਿਰ ਵਿਗੜ ਕੇ ਖਟਾਸ; ਮਗਰੋਂ ਇਹ ਸ਼ਬਦ ਕਟਾਸ ਦੇ ਰੂਪ ਵਿਚ ਪ੍ਰਚਲਤ ਹੋ ਗਿਆ। ਕੰਨਿਘਮ ਦੀ ਇਹ ਵੀ ਧਾਰਨਾ ਹੈ ਕਿ 'ਸਵੇਤਵਾਸ' ਨਾਉਂ ਜੈਨੀਆਂ ਦੀ ਸੰਪਰਦਾਇ ਸਵੇਤੰਬਰ ਵਲ, ਜੋ ਸਫ਼ੈਦ ਕਪੜੇ ਪਹਿਨਦੇ ਸਨ, ਸੰਕੇਤ ਕਰਦਾ ਹੈ। ਜਾਪਦਾ ਹੈ ਕਿ ਇਹ ਅਸਥਾਨ ਕਦੇ ਸਵੇਤੰਬਰ ਜੈਨੀ ਸਾਧੂਆਂ ਦਾ ਗੜ੍ਹ ਰਿਹਾ ਹੈ।

ਹਿਊਨਸਾਂਗ ਨੇ ਆਪਣੇ ਸਫ਼ਰਨਾਮੇ ਵਿਚ ਸਵੇਤਵਾਸ (ਸਫ਼ੈਦ ਕਪੜੇ) ਨਾਉਂ ਦੀ ਇਕ ਧਾਰਮਿਕ ਸੰਪਰਦਾਇ ਦਾ ਜ਼ਿਕਰ ਵੀ ਕੀਤਾ ਹੈ, ਜੋ ਸਿੰਘਪੁਰੇ ਦੇ ਨੇੜੇ ਰਹਿੰਦੀ ਸੀ। ਹਿਊਨਸਾਂਗ ਨੇ ਇਕ ਹੋਰ ਸੰਪਰਦਾਇ ਦਾ ਵੀ ਵਰਨਣ ਕੀਤਾ ਹੈ, ਜੋ ਸਿੰਘਪੁਰੇ ਵਿਚ ਹੀ ਰਹਿੰਦੀ ਸੀ, ਪਰ ਇਹ ਲੋਕ ਨੰਗੇ ਵਿਚਰਦੇ ਸਨ। ਇਹ ਜੈਨੀਆਂ ਦੀ ਦਿਗੰਬਰ ਸੰਪਰਦਾਇ ਹੋਣੀ ਹੈ। ਕੰਨਿਘਮ ਸਿੰਘਪੁਰੇ ਦਾ ਏਕੀਕਰਣ ਕਟਾਸ ਨਾਲ ਕਰਦਾ ਹੈ, ਜਿਥੇ ਕਦੇ ਜੈਨੀਆਂ ਦਾ ਬੜਾ ਵਡਾ ਗੜ੍ਹ ਸੀ।

ਪਰ ਬ੍ਰਾਹਮਣੀ ਕਥਾਵਾਂ ਅਨੁਸਾਰ 'ਕਟਾਸ' ਸ਼ਬਦ ਦਾ ਮੂਲ 'ਕਟਾਖਸ਼' ਹੈ ਜਿਸ ਦਾ ਅਰਥ ਹੈ : 'ਮੀਂਹ ਵਰ੍ਹਾਂਦੀਆਂ ਅੱਖਾਂ'। ਜਦੋਂ ਸ਼ਿਵ ਨੇ ਆਪਣੀ ਪਤਨੀ ਸਤੀ ਦੀ ਮ੍ਰਿਤੂ ਬਾਰੇ ਸੁਣਿਆ, ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅਥਰੂਆਂ ਦੀਆਂ ਧਾਰਾਂ ਵਗ ਤੁਰੀਆਂ। ਰਵਾਇਤ ਹੈ ਕਿ ਉਹ ਸਾਰਾ ਜਲ ਇਸੇ ਥਾਂ ਤੇ ਦਸਾਂ ਸਰੋਵਰਾਂ ਵਿਚ ਇਕਤ੍ਰ ਹੋ ਗਿਆ।

ਹਿੰਦੂ ਰਵਾਇਤਾਂ ਅਨੁਸਾਰ ਕਟਾਸ ਧਰਤੀ ਦੀ ਤੀਜੀ ਅੱਖ ਹੈ। ਬਾਕੀ ਦੀਆਂ ਦੋ ਅੱਖਾਂ ਕੁਰਕਸ਼ੇਤਰ ਤੇ ਥਾਨੇਸ਼ਵਰ ਮੰਨੀਆਂ ਜਾਂਦੀਆਂ ਹਨ। ਕਈ ਕਟਾਸ ਨੂੰ ਧਰਤੀ ਦਾ ਦੂਜਾ ਨੇਤਰ ਮੰਨਦੇ ਹਨ। ਪਹਿਲਾ ਨੇਤਰ ਪੁਸ਼ਕਰ ਝੀਲ (ਜ਼ਿਲਾ ਅਜਮੇਰ) ਹੈ। ਕਟਾਸ ਦੇ ਸਰੋਵਰ ਦਾ ਥੱਲਾ ਨਹੀਂ ਲਭਿਆ ਜਾ ਸਕਿਆ। ਕਹਿੰਦੇ ਹਨ ਕਿ ਇਹ ਥਾਉਂ ਪਤਾਲ ਨਾਲ ਮਿਲਿਆ ਹੋਇਆ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਕਟਾਸ ਵਿਚ ਧਰਤੀ ਦਾ ਪੁੜ ਹੇਠੋਂ ਪਾਟਾ ਹੋਇਆ ਹੈ, ਜਿਸ ਕਰ ਕੇ ਪਾਣੀ ਹੇਠਾਂ ਪਤਾਲ ਨਾਲ ਜਾ ਮਿਲਿਆ ਹੈ। ਸ਼ਿਵ ਭਗਤ ਕਟਾਸ ਅਤੇ ਪੁਸ਼ਕਰ ਦੋਹਾਂ ਨੂੰ ਸ਼ਿਵ ਦੇ ਨੇਤਰ ਮੰਨਦੇ ਹਨ।

ਦੇਸ਼ ਦੀ ਵੰਡ ਤੋਂ ਪਹਿਲਾ ਵਿਸਾਖੀ ਨੂੰ ਇਥੇ ਇਕ ਭਾਰੀ ਜਲੂਸ ਨਿਕਲਦਾ ਸੀ, ਜਿਸ ਵਿਚ ਨਾਂਗੇ ਸਾਧੂ ਵੀ ਸ਼ਾਮਲ ਹੁੰਦੇ ਸਨ। ਦੂਜੀਆਂ ਸੰਪਰਦਾਵਾਂ ਦੇ ਸਾਧੂਆਂ ਦੀ ਗਿਣਤੀ ਵੀ ਕਾਫ਼ੀ ਹੁੰਦੀ ਸੀ।

ਪਾਡੂ ਆਪਣੇ ਬਾਰਾਂ ਵਰ੍ਹੀ ਦੇਸ਼ ਨਿਕਾਲੇ ਦੇ ਦੌਰਾਨ ਕੁਝ ਸਮੇਂ ਕਟਾਸ ਵਿਚ ਰਹੇ ਸਨ ਅਤੇ ਇਥੋਂ ਦੇ 'ਸਤ ਘਰੇ' ਮੰਦਰ ਉਨ੍ਹਾ ਦੇ ਨਾਲ ਹੀ ਸਬੰਧਤ ਹਨ। ਕਟਾਸ ਵਿਚ, ਨਰਸਿੰਘ ਅਵਤਾਰ ਨਾਲ ਸਬੰਧਤ ਇਕ ਪਹਾੜ ਹੈ, ਜਿਥੋਂ ਪਾਣੀ ਦੀਆਂ ਅਨੇਕਾਂ ਧਾਰਾਂ ਵਗਦੀਆਂ ਰਹਿੰਦੀਆਂ ਹਨ, ਜਿਸ ਤੋਂ ਉਸ ਜਗ੍ਹਾ ਦਾ ਨਾਂ ਸਹੰਸਰ ਧਾਰਾ ਪ੍ਰਸਿਧ ਹੋ ਗਿਆ। ਰਵਾਇਤ ਹੈ ਕਿ ਨਰਸਿਘ ਅਵਤਾਰ, ਮੁਲਤਾਨ ਵਿਚ ਹਰਨਾਕਸ਼ ਦਾ ਬੱਧ ਕਰਨ ਤੋਂ ਪਹਿਲਾਂ, ਇਸੇ ਪਹਾੜੀ ਉਪਰ ਬਿਰਾਜਮਾਨ ਹੋਏ ਸਨ। ਅਨੇਕਾਂ ਦੇਵਤਿਆਂ ਨੇ ਇਥੇ ਪੁਜਕੇ ਨਰਸਿੰਘ ਦੀ ਹਾਜ਼ਰੀ ਭਰੀ, ਤਾਂ ਉਨ੍ਹਾਂ ਦਾ ਕਰੋਧ ਮਠਾ ਹੋਇਆ (ਪੰਜਾਬ ਦੀ ਸੈਰ, 108)। ਦੇਸ਼ ਦੀ ਵੰਡ ਤੋਂ ਬਾਅਦ ਕਟਾਸ ਦੀ ਮਹਾਨਤਾ ਘਟ ਗਈ ਹੈ।

(ਕ-56) **ਕਟਾਰਾ :**

ਖਤ੍ਰੀਆਂ ਦੀ ਇਕ ਗੋਤ; ਇਸ ਜਾਤੀ ਦਾ ਗੋਤ-ਚਿੰਨ੍ਹ (Totem) ਇਕ ਕੰਡਿਆਲਾ ਬੂਟਾ ਕਟਾਰਾ ਸੀ, ਜਿਸ ਕਰ ਕੇ ਇਹ ਅੱਲ ਪ੍ਰਚਲਤ ਹੋ ਗਈ। ਇਕ ਰਵਾਇਤ ਅਨੁਸਾਰ ਇਸ ਗੋਤ ਦੇ ਵਡਿਕੇ ਨੂੰ ਉਹਦੀ ਮਾਂ ਜੰਮਣ ਮਗਰੋਂ ਕਟਾਰੇ ਦੀ ਝਾੜੀ ਵਿਚ ਸੁਟ ਗਈ ਸੀ। ਉਥੋਂ ਕਿਸੇ ਬੇਔਲਾਦ ਸ਼ਖ਼ਸ ਨੇ ਚੁਕ ਕੇ ਪਾਲਿਆ। ਝਾੜੀ ਵਿਚੋਂ ਲਭਣ ਕਰ ਕੇ ਉਸ ਦਾ ਨਾਉਂ ਕਟਾਰਾ ਰਖਿਆ ਗਿਆ। ਇਹੋ ਨਾਂ ਉਸ ਦੀ ਵੰਸ਼ ਨੇ ਗੋਤ ਦੇ ਰੂਪ ਵਿਚ ਅਪਣਾ ਲਿਆ।

(ਕ-57) **ਕੱਟੇ ਦੀ ਪੂਜਾ :**

ਮਛੇਰਿਆਂ ਦੇ ਇਕ ਕਬੀਲੇ ਮਿਉਨ ਦੀ ਇਕ ਸ਼ਾਖ਼ 'ਕਠਪਾਲ' ਹੈ, ਜਿਨ੍ਹਾਂ ਵਿਚ ਵਿਆਹ ਦੇ ਸਮੇਂ ਕੱਟੇ ਨੂੰ ਪੂਜਣ ਦੀ ਪ੍ਰਥਾ ਹੈ। ਇਹ ਮਛੇਰੇ ਸਤਲੁਜ ਦੇ ਕੰਢੇ ਉਤੇ ਵਸਦੇ ਹਨ ਅਤੇ ਮਛਲੀਆਂ ਪਕੜ ਕੇ ਪੇਟ ਪਾਲਦੇ ਹਨ (ਗਲਾਸਰੀ 3 86)। ਇਸੇ ਰੀਤ ਸਦਕਾ ਇਨ੍ਹਾਂ ਦੀ ਅੱਲ ਕਟਪਾਲ ਪੈ ਗਈ। ਇਹ ਲੋਕ ਕੱਟੇ ਨੂੰ ਪੂਜਣ ਵੇਲੇ ਇਕ ਵਡੇ ਸਾਰੇ ਕੋਠੇ ਵਿਚ ਇਕਠੇ ਹੁੰਦੇ ਹਨ। ਉਥੇ ਕੱਟੇ ਨੂੰ ਲਾਲ ਕਪੜੇ ਦੀ ਝੁੱਲ ਪਹਿਨਾ ਕੇ, ਉਸ ਦੇ ਪੈਰਾਂ ਨੂੰ ਮਹਿੰਦੀ ਲਗ ਈ ਜਾਂਦੀ ਹੈ। ਇਸ ਤੋਂ ਬਾਅਦ ਕੱਟੇ ਅੱਗੇ ਸਵਾ ਪੰਜ ਸੇਰ ਜੌਂ ਰਖੇ ਜਾਂਦੇ ਹਨ। ਹਾਜ਼ਰ ਲੋਕ ਸਿਰ ਨਿਵਾ ਕੇ ਕੱਟੇ ਨੂੰ ਪਰਨਾਮ ਕਰਦੇ ਹਨ। ਕਹਿੰਦੇ ਹਨ ਕੱਟਾ ਜੌਂ ਦੇ ਢਾਈ ਗਰਾਹ ਮਾਰਦਾ ਹੈ ਅਤੇ ਫਿਰ ਉਥੋਂ ਬਾਹਰ ਨਿਕਲ ਜਾਂਦਾ ਹੈ। ਕੋਈ ਵੀ ਸ਼ਖ਼ਸ ਕੱਟੇ ਨੂੰ ਰੋਕਦਾ ਨਹੀਂ।

(ਕ-58) **ਕਟੋਰਾ ਘੁੰਮਾਵਣਾ :**

ਚੋਰ ਨੂੰ ਫੜਨ ਦੀ ਇਕ ਲੋਕ-ਜੁਗਤ; ਜਦੋਂ ਕਿਸੇ ਸ਼ਖ਼ਸ ਦੀ ਕੋਈ ਚੀਜ਼ ਚੋਰੀ ਹੋ ਗਈ ਹੋਵੇ, ਤਾਂ ਇਹ ਜਾਣਨ ਲਈ ਕਿ ਚੋਰੀ ਕਿਸ ਸ਼ਖ਼ਸ ਨੇ ਕੀਤੀ ਹੈ, ਜਿਨ੍ਹਾਂ ਲੋਕਾਂ ਉਤੇ ਸ਼ਕ-ਸ਼ੁਬਾ ਹੁੰਦਾ ਹੈ ਅਥਵਾ ਚੋਰੀ ਦੇ ਦੌਰਾਨ ਜਿਨ੍ਹਾਂ ਦਾ ਉਸ ਘਰ ਵਿਚ ਫੇਰਾ ਟੋਰਾ ਰਿਹਾ ਹੋਵੇ, ਉਨ੍ਹਾਂ ਸਭਨਾਂ ਦੇ ਨਾਂ ਦੀਆਂ ਪਰਚੀਆਂ ਲਿਖ ਕੇ ਇਕ ਕਟੋਰੇ ਵਿਚ ਪਾ ਦਿਤੀਆਂ ਜਾਂਦੀਆਂ ਹਨ। ਫਿਰ ਕਟੋਰੇ ਉਤੇ ਕੋਈ ਮੰਤਰ ਪੜ੍ਹਿਆ ਜਾਂਦਾ ਹੈ। ਇਸ ਤੋਂ ਬਾਅਦ ਕਟੋਰੇ ਵਿਚੋਂ ਵਾਰੋ ਵਾਰੀ ਇਕ ਇਕ ਕਰ ਕੇ ਪਰਚੀਆਂ ਕਢੀਆਂ ਜਾਂਦੀਆਂ ਹਨ ਅਤੇ ਨਾਲ ਹੀ ਕਟੋਰੇ ਨੂੰ ਘੁੰਮਣ ਲਈ ਕਿਹਾ ਜਾਂਦਾ ਹੈ। ਜਿਸ ਸ਼ਖ਼ਸ ਦੀ ਪਰਚੀ ਉਤੇ ਕਟੋਰਾ ਘੁੰਮ ਜਾਵੇ; ਉਸੇ ਨੂੰ ਚੋਰ ਮੰਨਿਆ ਜਾਂਦਾ ਹੈ।

(ਕ-59) **ਕੰਠਸਿਰੀ :**

ਇਕ ਖ਼ਾਸ ਤਰ੍ਹਾਂ ਦਾ ਕੈਂਠਾ, ਜੋ ਕੰਠ ਨਾਲ ਚਿਪਕਿਆ ਹੁੰਦਾ ਹੈ। ਆਮ ਤੌਰ 'ਤੇ ਕੰਠਸਿਰੀ ਸੋਨੇ ਦੀ ਬਣੀ ਹੁੰਦੀ ਹੈ ਤੇ ਕਈ ਵਾਰ ਇਸ ਵਿਚ ਨਗ ਜਾਂ ਮੋਤੀ ਜੜੇ ਹੁਦੇ ਹਨ (ਵੇਖੋ : ਕੈਂਠਾ)।

(ਕ-60) **ਕਠਪੁਤਲੀ :**

ਕਾਠ ਦੀ ਪੁਤਲੀ, ਜਿਸ ਨੂੰ ਤਾਰ ਨਾਲ ਬੰਨ੍ਹ ਕੇ ਨਚਾਇਆ ਜਾਂਦਾ ਹੈ (ਵੇਖੋ : ਪੁਤਲੀਆਂ ਦਾ ਤਮਾਸ਼ਾ)

Sri Satguru Jagjit Singh Ji eLibrary NamdhariElibrary@gmail.com

(ਕ-61) **ਕੰਠਲਾ** :

ਇਕ ਖ਼ਾਸ ਤਰ੍ਹਾਂ ਦੀ ਮਾਲਾ, ਜੋ ਬਦਨਜ਼ਰ ਤੋਂ ਰੱਖਿਆ ਵਜੋਂ, ਬੱਚੇ ਦੇ ਗਲ ਵਿਚ ਪਾਈ ਜਾਂਦੀ ਹੈ। ਇਸ ਮਾਲਾ ਵਿਚ ਚਾਂਦੀ ਜਾਂ ਸੋਨੇ ਦੇ ਕੰਠਿਆਂ ਤੋਂ ਇਲਾਵਾ ਨਜ਼ਰਬਟੂ, ਸ਼ੇਰ ਦੇ ਨਾਖ਼ੁਨ, ਰਿੱਛ ਦੇ ਵਾਲ ਅਤੇ ਸੂਰ ਦੇ ਦੰਦ ਆਦਿ ਪਰੋਏ ਹੁੰਦੇ ਹਨ। ਧਾਰਨਾ ਹੈ ਕਿ ਇਸ ਮਾਲਾ ਦੇ ਪਹਿਨਣ ਨਾਲ ਬੱਚਿਆਂ ਨੂੰ ਨਜ਼ਰ ਨਹੀਂ ਲਗਦੀ, ਕਿਉਂ ਜੋ ਨਜ਼ਰ ਇਨ੍ਹਾਂ ਵਸਤੂਆਂ ਉਤੇ ਪੈ ਕੇ ਗਵਾਚ ਜਾਂਦੀ ਹੈ।

(ਕ-62) **ਕੰਠਾ** :

(1) ਸੋਨੇ ਦੇ ਮੋਟੇ ਮਣਕਿਆਂ ਦਾ ਇਕ ਗਹਿਣਾ, ਜੋ ਗਲ ਵਿਚ ਪਹਿਨਿਆ ਜਾਂਦਾ ਹੈ।

(2) ਫ਼ਕੀਰਾਂ ਦੀ ਮਾਲਾ ਜਿਸ ਵਿਚ 33 ਮਣਕੇ ਹੁੰਦੇ ਹਨ।

(ਕ-63) **ਕੰਡੂ** :

ਇਕ ਪੌਰਾਣਿਕ ਰਿਸ਼ੀ; ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਕੰਡੂ ਰਿਸ਼ੀ ਜੰਗਲ ਵਿਚ ਘੋਰ ਤਪੱਸਿਆ ਕਰ ਰਿਹਾ ਸੀ, ਤਾਂ ਇੰਦਰ ਨੇ ਉਸ ਦਾ ਤਪ ਖੰਡਿਤ ਕਰਨ ਲਈ ਪ੍ਰਮਲੋਚਾ ਨਾਉਂ ਦੀ ਇਕ ਖ਼ੂਬਸੂਰਤ ਅਪੱਛਰਾ ਭੇਜੀ। ਕੰਡੂ ਪ੍ਰਮਲੋਚਾ ਉਤੇ ਅਜਿਹਾ ਮੋਹਿਤ ਹੋਇਆ ਕਿ ਉਸ ਨੂੰ ਸੈਂਕੜੇ ਸਾਲਾਂ ਤਕ ਭੋਗਦਾ ਰਿਹਾ, ਪਰ ਮਾਇਆ ਸਦਕਾ ਉਹ ਸਾਰਾ ਸਮਾਂ ਕੰਡੂ ਨੂੰ ਇਕ ਦਿਨ ਦੇ ਬਰਾਬਰ ਪ੍ਰਤੀਤ ਹੋਇਆ। ਜਦੋਂ ਕੰਡੂ ਦਾ ਮਨ ਵਿਲਾਸੀ ਜੀਵਨ ਤੋਂ ਭਰ ਗਿਆ, ਤਾਂ ਉਸ ਨੇ ਪ੍ਰਮਲੋਚਾ ਨੂੰ ਤਿਰਸਕਾਰ ਦਿਤਾ। ਕੰਡੂ ਦੇ ਆਲਿੰਗਨ ਤੋਂ ਮਾਰਿਸ਼ਾ ਨਾਉਂ ਦੀ ਕੰਨਿਆਂ ਬੜੇ ਵਚਿਤ੍ਰ ਤੇ ਅਸਾਧਾਰਨ ਢੰਗ ਨਾਲ ਪੈਦਾ ਹੋਈ। ਵਿਸ਼ਨੂੰ ਪੁਰਾਣ ਅਨੁਸਾਰ "ਕੰਡੂ ਨੇ ਹਵਾ ਵਿਚੋਂ ਲੰਘਦਿਆਂ ਬ੍ਰਿਛਾਂ ਦੇ ਪੱਤਿਆਂ ਨਾਲ ਆਪਣਾ ਪਸੀਨਾ ਪੂੰਝਿਆ ਅਤੇ ਜੋ ਬੱਚਾ ਰਿਸ਼ੀ ਦੁਆਰਾ ਪ੍ਰਮਲੋਚਾ ਦੇ ਗਰਭ ਵਿਚ ਠਹਿਰਿਆ ਹੋਇਆ ਸੀ, ਉਹ ਪਸੀਨੇ ਦੇ ਤੁਪਕਿਆਂ ਰਾਹੀਂ ਉਸ ਦੀ ਚਮੜੀ ਤੋਂ ਬਾਹਰ ਆ ਗਿਆ। ਬਿਰਛਾਂ ਨੂੰ ਸਜੀਵ ਤੁਪਕੇ ਮਿਲਦੇ ਅਤੇ ਹਵਾ ਉਨ੍ਹਾਂ ਨੂੰ ਇਕ ਥਾਂ ਇਕੱਠੀ ਕਰ ਦਿੰਦੀ। ਸੋਮ ਆਪਣੀਆਂ ਕਿਰਣਾਂ ਰਾਹੀਂ ਉਸ ਨੂੰ ਪਕਾ ਦਿੰਦਾ ਅਤੇ ਹੌਲੀ ਹੌਲੀ ਇਸ ਦਾ ਆਕਾਰ ਵਧਣ ਲੱਗਾ। ਅਖ਼ੀਰ ਬਿਰਛਾਂ ਉਤੇ ਟਿਕਿਆ ਪਸੀਨਾ ਮਾਰਿਸ਼ਾ ਨਾਂ ਦੀ ਖ਼ੂਬਸੂਰਤ ਕੰਨਿਆਂ ਵਿਚ ਸਜੀਵ ਹੋ ਗਿਆ।"

(ਕ-64) **ਕੰਢੀ** :

ਲਹਿੰਦੇ ਦਾ ਇਕ ਗਹਿਣਾ, ਜੋ ਕੰਠ ਵਿਚ ਪਹਿਨਿਆ ਜਾਂਦਾ ਹੈ। ਪੰਜਾਬੀ ਕੋਸ਼ (2,437) ਅਨੁਸਾਰ ਕੰਢੀ ਢੋਲਣਿਆਂ ਦੀ ਬਣੀ ਹੁੰਦੀ ਹੈ, ਜਿਸ ਦੇ ਵਿਚਾਲੇ ਥੱਲੇ ਵਲ ਘੁਘੀ ਲਟਕੀ ਰਹਿੰਦੀ ਹੈ।

(ਕ-65) **ਕਣਕ** :

ਕਣਕ ਬਾਰੇ ਇਕ ਮਿੱਥੀ ਇਉਂ ਪ੍ਰਚਲਤ ਹੈ: ਇਕ ਵਾਰ ਕਣਕ ਨੇ ਮਾਣ ਵਿਚ ਆ ਕੇ ਵਿਸ਼ਨੂੰ ਦੇਵਤੇ ਨੂੰ ਕਿਹਾ, "ਮੈਂ ਸਭ ਬਨਸਪਤੀ ਦੀ ਸਿਰਤਾਜ ਹਾਂ, ਮੈਂ ਮਨੁਖਾਂ ਦੀ ਪਾਲਕ ਹਾਂ। ਜੇ ਮੈਂ ਨਾ ਹੁੰਦੀ, ਤਾਂ ਮਨੁਖ ਭੁਖ ਨਾਲ ਆਤੁਰ ਹੁੰਦੇ।" ਤਾਂ ਵਿਸ਼ਨੂੰ ਦੇਵਤੇ ਨੇ ਉਸ ਨੂੰ ਸਰਾਪ ਦਿਤਾ, "ਤੇਰਾ ਅਭਿਮਾਨ ਟੁਟੇਗਾ, ਭਾਵੇਂ ਤੂੰ ਮਨੁਖ ਜਾਤੀ ਦਾ ਪੇਟ ਭਰੇਂਗੀ, ਪਰ ਲੋਕੀਂ ਤੇਰੇ ਉਤੇ ਥੁਕਣਗੇ।" ਸੋ ਮਨੁਖ ਜਦੋਂ ਅੰਨ ਨੂੰ ਖਾ ਕੇ ਮੈਲੇ ਦੇ ਰੂਪ ਵਿਚ ਬਾਹਰ ਸੁਟਦਾ ਹੈ, ਤਾਂ ਲੋਕੀਂ ਉਸ ਉਤੇ ਥੁਕਦੇ ਹਨ (ਵੇਖੋ: ਅੰਨ)।

(ਕ-66) **ਕਣਵ** :

ਕਣਵ ਨਾਂ ਦੇ ਕਈ ਰਿਸ਼ੀ ਹੋਏ ਹਨ, ਜਿਨ੍ਹਾਂ ਵਿਚੋਂ ਦੋ ਰਿਸ਼ੀਆਂ ਨੂੰ ਖ਼ਾਸ ਪ੍ਰਸਿਧੀ ਪ੍ਰਾਪਤ ਹੈ। ਇਕ ਕਣਵ ਰਿਸ਼ੀ ਉਹ ਹੈ, ਜਿਸ ਨਾਲ ਰਿਗ ਵੇਦ ਦੀਆਂ ਕੁਝ ਰਿਚਾਵਾਂ ਸਬੰਧਿਤ ਹਨ। ਇਨ੍ਹਾਂ ਦੀ ਗਿਣਤੀ ਕਈ ਵਾਰ ਸਤ ਮਹਾਂ ਰਿਸ਼ੀਆਂ ਵਿਚ ਵੀ ਹੁੰਦੀ ਹੈ। ਦੂਜਾ ਕਣਵ ਰਿਸ਼ੀ ਸ਼ਕੁੰਤਲਾ ਦਾ ਲੈਪਾਲਕ ਸੀ।

(ਕ-67) **ਕਣ ਵੰਡਣਾ** :

ਬੱਚੇ ਨਾਲ ਸਬੰਧਿਤ ਇਕ ਰਸਮ, ਜੋ ਡੇਹਰਾ ਬਾਬਾ ਨਾਨਕ ਦੇ ਬੇਦੀਆਂ ਵਿਚ ਪ੍ਰਚਲਤ ਹੈ। ਇਹ ਰਸਮ ਜੰਮਣ ਦੇ ਸਾਲ ਮਗਰੋਂ ਦੋ ਸਾਲਾਂ ਦੇ ਵਿਚ ਵਿਚਾਲੇ, ਕਿਸੇ ਵੇਲੇ ਵੀ 14 ਭਾਦਰੋਂ ਦੇ ਦਿਨ ਕੀਤੀ ਜਾਂਦੀ ਹੈ। ਕਈ ਬੇਦੀ ਤਾਂ ਇਸ ਦਿਨ ਅਖੰਡ ਪਾਠ ਦਾ ਭੋਗ ਪਵਾਂਦੇ ਹਨ, ਪਰ ਕਈ ਸਿਰਫ਼ ਕੀਰਤਨ ਹੀ ਕਰਵਾਉਂਦੇ ਹਨ। ਫਿਰ ਬਕਰਾ ਝਟਕਾ ਕੇ ਸ਼ਰੀਕੇ ਵਿਚ ਵੰਡਿਆ ਜਾਂਦਾ ਹੈ। ਜਿਹੜੇ ਬੇਦੀ ਮਾਸਾਹਾਰੀ ਨਹੀਂ, ਉਹ ਕੜਾਹ ਪ੍ਰਸ਼ਾਦ ਦਾ ਬਕਰਾ ਬਣਾ ਕੇ ਰਸਮੀ ਤੌਰ 'ਤੇ ਝਟਕਾਂਦੇ ਹਨ ਅਤੇ ਬਰਾਦਰੀ ਵਿਚ ਵੰਡਦੇ ਹਨ। ਇਸ ਰਸਮ ਤੋਂ ਪਹਿਲਾਂ ਬੱਚੇ ਦੇ ਕੇਸਾਂ ਵਿਚ ਦਹੀਂ ਪਾਉਣਾ ਵਰਜਿਤ ਹੈ।

(ਕ-68) **ਕਣੀ** :

ਸਾਧੂ ਸੰਤਾਂ ਤੇ ਪੀਰਾਂ ਫ਼ਕੀਰਾਂ ਵਿਚ ਵਿਦਮਾਨ ਉਹ ਇਲਾਹੀ ਸ਼ਕਤੀ, ਜਿਸ ਦੁਆਰਾ ਉਹ ਭੂਤ, ਵਰਤਮਾਨ ਤੇ ਭਵਿਖਤ ਦੀਆਂ ਗੱਲਾਂ ਸਹਿਜ ਰੂਪ ਵਿਚ ਹੀ ਜਾਣ ਲੈਂਦੇ ਹਨ; ਨਾਲੇ ਉਨ੍ਹਾਂ ਦਾ ਬਚਨ ਬਿਰਥਾ ਨਹੀਂ ਜਾਂਦਾ। ਉਹ ਰੇਖ ਵਿਚ ਮੇਖ ਮਾਰ ਕੇ ਕਾਇਆ ਪਲਟ ਦੇਂਦੇ ਹਨ। ਕਣੀ ਵਾਲੇ ਮਹਾਤਮਾ ਦੇ ਚਿਹਰੇ ਉਤੇ ਨੂਰ ਦੀ ਝਲਕ ਹੁੰਦੀ ਹੈ। ਕਹਿੰਦੇ ਹਨ ਮਹਾਂਪੁਰਖਾਂ ਦੇ ਸਰੀਰ ਵਿਚੋਂ ਇਹ ਕਣੀ ਉਨ੍ਹਾਂ ਦੇ ਚਰਨ ਦੁਆਰਾ ਰਹੱਸਮਈ ਢੰਗ ਨਾਲ ਬਾਹਰ ਪ੍ਰਸਾਰਿਤ ਹੁੰਦੀ ਰਹਿੰਦੀ ਹੈ, ਜਿਸ ਕਰ ਕੇ ਉਨ੍ਹਾਂ ਦੇ ਚਰਨਾਂ ਨਾਲ ਛੋਹੀ ਹਰ ਵਸਤੂ ਪਵਿਤ੍ਰ ਹੋ ਜਾਂਦੀ ਹੈ। ਮਹਾਂਪੁਰਖਾਂ ਦੇ ਚਰਨ ਵੀ ਇਸੇ ਲਈ ਛੁਹੇ ਜਾਂਦੇ ਹਨ ਕਿ ਉਸ ਦੈਵੀ ਕਣੀ ਨੂੰ ਗ੍ਰਹਿਣ ਕੀਤਾ ਜਾ ਸਕੇ (ਵੇਖੋ: ਚਰਨ)।

(ਕ-69) **ਕੱਤਕ** :

ਕੱਤਕ ਦੇ ਮਹੀਨੇ ਨਾਲ ਕਈ ਤਰ੍ਹਾਂ ਦੇ ਵਿਚਾਰ, ਭਰਮ ਵਹਿਮ ਅਤੇ ਮਨੌਤਾਂ ਸਬੰਧਿਤ ਹਨ। ਲੋਕ ਧਾਰਨਾ ਅਨੁਸਾਰ ਕੱਤਕ ਵਿਚ ਜੰਮਿਆ ਬਾਲ ਕੁਲ ਤੇ ਪਰਿਵਾਰ ਲਈ ਅਸ਼ੁਭ ਹੈ। ਆਦਿਮ ਵਿਸ਼ਵਾਸ਼ਾਂ ਅਨੁਸਾਰ ਕੱਤਕ ਦੇ ਮਹੀਨੇ ਅੰਧਕਾਰ ਅਥਵਾ ਪਾਪ ਦੀਆਂ ਸ਼ਕਤੀਆਂ ਬਲਵਾਨ ਹੁੰਦੀਆਂ ਹਨ। ਇਸ ਲਈ ਕੱਤਕ ਦੇ ਮਹੀਨੇ ਜੰਮਿਆ ਬੱਚਾ ਅੰਧਕਾਰ ਦਾ ਪ੍ਰਛਾਵਾਂ ਨਾਲ ਲੈ ਕੇ ਆਉਂਦਾ ਹੈ, ਜਿਸ ਨਾਲ ਕੁਲ ਕਟੁੰਭ ਦੀ ਜੋਤੀ ਉਤੇ ਮੰਦਾ ਪ੍ਰਭਾਵ ਪੈਂਦਾ ਹੈ ਅਤੇ ਉਹ ਡੋਲਦੀ ਹੈ। ਅਜਿਹੇ ਬੱਚੇ ਦੀ ਅਸ਼ੁਭਤਾ ਦੂਰ ਕਰਨ ਲਈ ਕੁਝ ਉਪਾਅ ਪ੍ਰਚਲਤ ਹਨ; ਜਿਵੇਂ ਬ੍ਰਹਮਾ, ਇੰਦਰ, ਰੁਦਰ ਤੇ ਸੂਰਜ ਦੇਵਤੇ ਦੀਆਂ ਚਾਰ ਮੂਰਤੀਆਂ ਬਣਾ ਕੇ ਪੂਜੀਆਂ ਜਾਣ ਅਤੇ ਪੂਜਾ ਵੇਲੇ ਚਾਰ ਘੜੇ ਜਲ ਦੇ ਭਰੇ ਹੋਏ ਉਨ੍ਹਾਂ ਮੂਰਤੀਆਂ ਦੇ ਸਾਹਮਣੇ ਰਖੇ ਜਾਣ। ਫਿਰ ਉਨ੍ਹਾਂ ਚੌਹਾਂ ਘੜਿਆਂ ਵਿਚੋਂ ਥੋੜਾ ਥੋੜਾ ਜਿਹਾ ਜਲ ਲੈ ਕੇ ਮਾਂ ਅਤੇ ਉਸ ਦੇ ਬੱਚੇ ਉਤੇ ਛੱਟੇ ਮਾਰੇ ਜਾਣ।

ਕਈ ਲੋਕ ਕੱਤਕ ਦੇ ਜੰਮੇ ਬਾਲ ਨੂੰ ਜੰਮਦਿਆਂ ਸਾਰ ਗਊ ਦੀਆਂ ਲੱਤਾਂ ਹੇਠੋਂ ਲਘਾਂਦੇ ਹਨ, ਜਿਵੇਂ ਇਸ ਬੱਚੇ ਨੇ ਗਊ ਦੇ ਉਦਰ ਤੋਂ ਪੁਨਰ ਜਨਮ ਲਿਆ ਹੋਵੇ। ਕਈ ਲੋਕ ਬੱਚੇ ਨੂੰ ਕੱਤਕ ਦੇ ਮਗਰੋਂ ਦੀ ਪਹਿਲੀ ਸੰਗਰਾਂਦ ਨੂੰ ਸੱਤਾਂ ਖੂਹਾਂ ਦੇ ਪਾਣੀ ਵਿਚ ਸੰਦਲ, [illegible], ਅਦਰਕ ਤੇ ਕੁਝ ਹੋਰ ਚੀਜ਼ਾਂ ਮਿਲਾ ਕੇ ਇਸ਼ਨਾਨ ਕਰਵਾਂਦੇ ਹਨ। ਇਸ ਤਰ੍ਹਾਂ ਕਰਨ ਨਾਲ ਅਸ਼ੁਭਤਾ ਦਾ ਅਸਰ ਨਹੀਂ ਰਹਿੰਦਾ।

Sri Satguru Jagjit Singh Ji eLibrary NamdhariElibrary@gmail.com

ਕੱਤਕ ਦੇ ਮਹੀਨੇ ਬਾਲ ਜੰਮਣ ਵਾਲੀ ਇਸਤ੍ਰੀ ਨੂੰ ਵੀ ਅਸ਼ੁਭ ਮੰਨਿਆ ਜਾਂਦਾ ਹੈ। ਕਈ ਸਨਾਤਨੀ ਹਿੰਦੂ ਅਜਿਹੀ ਇਸਤ੍ਰੀ ਨੂੰ ਭੁਲਾਵੇਂ ਰੂਪ ਵਿਚ ਪਹਿਲਾਂ ਬ੍ਰਾਹਮਣ ਨੂੰ ਦਾਨ ਕਰ ਦੇਂਦੇ ਹਨ ਤੇ ਮਗਰੋਂ ਬ੍ਰਾਹਮਣ ਤੋਂ ਮੁੜ ਪ੍ਰਸ਼ਾਦਿ ਵਜੋਂ ਹਾਸਿਲ ਕਰ ਲੈਂਦੇ ਹਨ। ਕੱਤਕ ਦਾ ਮਹੀਨਾ ਵਿਆਹ ਸ਼ਾਦੀ ਲਈ ਵੀ ਅਸ਼ੁਭ ਹੈ।

ਕੱਤਕ ਦੇ ਮਹੀਨੇ ਦਾ ਪਾਣੀ ਵੀ ਅਸ਼ੁਭਤਾ ਦਾ ਪ੍ਰਭਾਵ ਰਖਦਾ ਹੈ। ਧਨ ਪੋਠੋਹਾਰ ਵਿਚ ਜੇ ਕਿਸੇ ਗਰਭਵਤੀ ਨੂੰ ਕੱਤਕ ਵਿਚ ਬੱਚੇ ਦੀ ਆਸ ਹੋਵੇ ਤਾਂ ਉਸ ਲਈ ਪਹਿਲਾਂ ਹੀ ਅੱਸੂ ਦੇ ਮਹੀਨੇ ਵਿਚ ਪਾਣੀ ਦੇ ਕੁਝ ਘੜੇ ਭਰ ਕੇ ਰਾਖਵੇਂ ਕਰ ਦਿਤੇ ਜਾਂਦੇ ਹਨ। ਬੱਚੇ ਅਤੇ ਉਸ ਦੀ ਮਾਂ ਨੂੰ ਸੂਤਕ ਦੇ ਦਿਨੀਂ ਇਨ੍ਹਾਂ ਘੜਿਆਂ ਵਿਚੋਂ ਹੀ ਪੀਣ ਲਈ ਪਾਣੀ ਦਿਤਾ ਜਾਂਦਾ ਹੈ। ਅੱਸੂ ਦਾ ਪਾਣੀ ਵੈਸੇ ਵੀ ਬਰਕਤ ਵਾਲਾ ਮੰਨਿਆ ਜਾਂਦਾ ਹੈ।

ਪ੍ਰਾਚੀਨ ਕਾਲ ਵਿਚ ਕੱਤਕ ਦੇ ਮਹੀਨੇ ਨੂੰ, ਅੰਧਕਾਰ ਦੀਆਂ ਸ਼ਕਤੀਆਂ ਦਾ ਮਹੀਨਾ ਮੰਨ ਕੇ, ਸਾਰੇ ਮਹੀਨੇ ਹੀ ਲੋਕ, ਦਿਨੇ ਤੇ ਰਾਤੀਂ ਦੋਵੇਂ ਵੇਲੇ, ਆਪਣੇ ਘਰਾਂ ਵਿਚ ਕੁਝ ਦੀਵੇ ਬਾਲੀ ਰਖਦੇ ਸਨ, ਤਾਂ ਜੋ ਚਾਨਣ ਸਦਕਾ ਦੁਸ਼ਟ ਤੇ ਕਰੂਰ ਸ਼ਕਤੀਆਂ ਦੂਰ ਰਹਿਣ। ਕੱਤਕ ਦੀ ਮਸਿਆ ਨੂੰ ਸਾਰੀ ਰਾਤ ਘਰ ਵਿਚ ਇਸੇ ਭਾਵ ਨਾਲ ਉਚੇਚੀ ਰੌਸ਼ਨੀ ਕੀਤੀ ਜਾਂਦੀ ਸੀ। ਮਗਰੋਂ ਹੌਲੇ ਹੌਲੇ ਕੇਵਲ ਕੱਤਕ ਦੀ ਮਸਿਆ ਨੂੰ ਹੀ ਦੀਵੇ ਬਾਲੇ ਜਾਣ ਲੱਗੇ ਤੇ ਇਸ ਪੁਰਬ ਨੂੰ ਦੀਵਾਲੀ ਕਿਹਾ ਜਾਣ ਲੱਗਾ।

ਕੱਤਕ ਦੇ ਮਹੀਨੇ ਇਸ਼ਨਾਨ ਦਾ ਖ਼ਾਸ ਮਹੱਤਵ ਮੰਨਿਆ ਗਿਆ ਹੈ। ਕੱਤਕ ਦਾ ਇਸ਼ਨਾਨ ਅੱਸੂ ਮਹੀਨੇ ਦੀ ਪੂਰਨਮਾਸ਼ੀ ਤੋਂ ਆਰੰਭ ਹੋ ਕੇ ਕੱਤਕ ਦੀ ਪੂਰਨਮਾਸ਼ੀ ਤਕ ਚਲਦਾ ਹੈ। ਜੇ ਇਹ ਇਸ਼ਨਾਨ ਕਿਸੇ ਤੀਰਥ ਉਤੇ ਕੀਤਾ ਜਾਵੇ, ਤਾਂ ਵਧੇਰੇ ਫਲਦਾਇਕ ਹੁੰਦਾ ਹੈ। ਪੁਰਾਣਾਂ ਅਨੁਸਾਰ ਕਾਂਸ਼ੀ ਵਿਚ ਪੰਚ ਗੰਗਾ ਘਾਟ, ਮਥਰਾ ਵਿਚ ਜਮਨਾ ਦੇ ਕੰਢੇ ਅਤੇ ਪ੍ਰਯਾਗ ਵਿਚ ਤ੍ਰਿਬੈਣੀ ਵਿਖੇ ਇਸ਼ਨਾਨ ਕਰਨ ਨਾਲ ਅਨੇਕਾਂ ਪਾਪ ਸੁਤੇ ਸਿਧ ਧੁਲ ਜਾਂਦੇ ਹਨ। ਵਿਸ਼ਨੂੰ ਭਗਤ ਇਹ ਇਸ਼ਨਾਨ ਕਿਸੇ ਪਾਵਨ ਨਦੀ ਜਾਂ ਸਰੋਵਰ ਵਿਚ ਮਰਯਾਦਾ ਪੂਰਵਕ ਕਰਦੇ ਹਨ। ਇਸ਼ਨਾਨ ਕਰਦਿਆਂ ਸੰਧਿਆ ਅਥਵਾ ਗਾਇਤਰੀ ਦਾ ਜਾਪ ਕਰਦੇ ਹਨ ਅਤੇ ਬਾਅਦ ਵਿਚ ਮੰਦਰ ਜਾ ਕੇ ਤੁਲਸੀ ਦੇ ਪੱਤਰ, ਅਗਸਤ ਦੇ ਫੁੱਲ, ਆਂਵਲੇ ਤੇ ਕੰਵਲ ਦੇ ਫੁੱਲ ਦੀ ਮਾਲਾ ਭੇਟ ਕਰਦੇ ਹਨ। ਕੱਤਕ ਦੇ ਮਹੀਨੇ ਤੁਲਸੀ ਅਤੇ ਆਂਵਲੇ ਦੇ ਬੂਟਿਆਂ ਦੀ ਪੂਜਾ ਵੀ ਕੀਤੀ ਜਾਂਦੀ ਹੈ। ਰਾਤ ਵੇਲੇ ਕਿਸੇ ਮੰਦਰ ਅਥਵਾ ਨਦੀ ਦੇ ਕੰਢੇ ਜਾਂ ਫਿਰ ਤੁਲਸੀ ਦੇ ਬੂਟੇ ਹੇਠ ਦੀਪ ਦਾਨ ਕੀਤੇ ਜਾਣ ਦਾ ਖ਼ਾਸ ਮਹਾਤਮ ਹੈ। ਕੱਤਕ ਇਸ਼ਨਾਨ ਦੇ ਫਲ ਨੂੰ ਵਧਾਉਣ ਲਈ ਵਰਤ ਵੀ ਰਖਿਆ ਜਾਂਦਾ ਹੈ। ਵੈਸ਼ਨੋ ਮੱਤ ਵਾਲੇ ਇਸ ਮਹੀਨੇ ਕੋਈ ਇਕ ਚੀਜ਼ ਵਿੰਦ ਦੇਂਦੇ ਹਨ, ਜੋ ਉਹ ਫਿਰ ਸਾਰਾ ਮਹੀਨਾ ਮੂੰਹ ਨਹੀਂ ਲਗਾਉਂਦੇ।

ਕੱਤਕ ਦੇ ਮਹੀਨੇ ਖੇਤਾਂ ਵਿਚੋਂ ਕਪਾਹ ਚੁਗੀ ਜਾਂਦੀ ਹੈ ਅਤੇ ਕਪਾਹ ਦੇ ਝਾੜ ਨੂੰ ਭਰਪੂਰ ਕਰਨ ਲਈ ਕੱਤਕ ਦੀ ਚਾਨਣੀ ਨੌਵੀਂ ਨੂੰ ਇਕ ਵਿਸ਼ੇਸ਼ ਰੀਤ ਪ੍ਰਚਲਤ ਹੈ। ਸੂਰਜ ਚੜ੍ਹਨ ਤੋਂ ਪਹਿਲਾਂ ਮਰਦ ਤੇ ਇਸਤ੍ਰੀਆਂ ਪਿੰਡ ਦੀ ਪ੍ਰਕਰਮਾਂ ਕਰਦੇ ਹਨ ਤੇ ਪਿੰਡ ਦੇ ਉਸੇ ਦਰਵਾਜ਼ੇ ਵਿਚੋਂ ਮੁੜ ਦਾਖ਼ਲ ਹੁੰਦੇ ਹਨ, ਜਿਸ ਵਿਚੋਂ ਬਾਹਰ ਗਏ ਹੁੰਦੇ ਹਨ। ਪ੍ਰਕਰਮਾ ਵੇਲੇ ਉਹ ਸਤਨਾਜਾ ਬਿਖੇਰਦੇ ਜਾਂਦੇ ਹਨ (P. N. Q. 3,481)।

### (ਕ-70) ਕੱਤਕ ਦੀ ਬੀਮਾਰੀ :

ਘਾਤਕ ਰੋਗਾਂ ਦੇ ਨਾਂ ਸਿਧੇ ਨਹੀਂ ਲਏ ਜਾਂਦੇ, ਉਨ੍ਹਾਂ ਦਾ ਜ਼ਿਕਰ ਹਮੇਸ਼ਾਂ ਸੰਕੇਤ ਭਾਸ਼ਾ ਵਿਚ ਕੀਤਾ ਜਾਂਦਾ ਹੈ। ਲੋਕ-ਨਿਸਚੇ ਅਨੁਸਾਰ ਰੋਗ ਕਿਸੇ ਦੇਵੀ ਦੇਵਤੇ ਦੀ ਕਰੋਪੀ ਸਦਕਾ ਲਗਦੇ ਹਨ, ਇਸ ਲਈ ਉਸ ਦਾ ਨਾਉਂ ਲਿਆਂ ਸਬੰਧਿਤ ਦੇਵੀ ਦੇਵਤੇ ਦੀ ਕਰੋਪੀ ਦਾ ਡਰ ਹੁੰਦਾ ਹੈ। ਇਸ ਤੋਂ ਇਲਾਵਾ ਟੂਣਾ ਚਿੰਤਨ ਅਨੁਸਾਰ ਕਿਸੇ ਰੋਗ ਦਾ ਨਾਉਂ ਲੈਣ ਨਾਲ, ਉਹ ਰੋਗ, ਨਾਉਂ ਲੈਣ ਵਾਲੇ ਜਾਂ ਨਾਉਂ ਸੁਣਨ ਵਾਲੇ ਦੋਹਾਂ ਪ੍ਰਾਣੀਆਂ ਨੂੰ ਚੰਬੜ ਸਕਦਾ ਹੈ। ਪਲੇਗ ਇਕ ਘਾਤਕ ਰੋਗ ਹੈ, ਇਸ ਲਈ ਲੋਕੀ ਇਹਦਾ ਨਾਉਂ ਘਟ ਹੀ ਲੈਂਦੇ ਹਨ। 1918 ਵਿਚ ਜੋ ਪਲੇਗ ਸਾਰੇ ਪੰਜਾਬ ਵਿਚ ਫੈਲੀ ਸੀ, ਉਸ ਦੇ ਕਈ ਸਥਾਨਕ ਨਾਂ ਪੈ ਗਏ। ਪਟਿਆਲੇ ਦੇ ਇਲਾਕੇ ਵਿਚ ਲੋਕੀਂ ਇਸ ਨੂੰ ਕੱਤੇ ਦੀ ਬੀਮਾਰੀ ਕਹਿੰਦੇ ਹਨ।

### (ਕ-71) ਕੱਤਕ ਪੂਰਨਮਾ :

ਕੱਤਕ ਦੀ ਪੂਰਨਮਾਸ਼ੀ ਸਾਰੇ ਉੱਤਰੀ ਭਾਰਤ ਵਿਚ ਖ਼ਾਸ ਮਹੱਤਤਾ ਵਾਲਾ ਦਿਨ ਸਮਝਿਆ ਜਾਂਦਾ ਹੈ। ਕੱਤਕ ਪੂਰਨਮਾ ਦੇ ਇਸ਼ਨਾਨ ਦਾ ਬੜਾ ਮਹੱਤਵ ਹੈ। ਸ਼ਾਸਤ੍ਰਾਂ ਅਨੁਸਾਰ ਇਸ ਦਿਨ ਪਵਿਤ੍ਰ ਜਲ ਵਿਚ ਇਸ਼ਨਾਨ ਕਰਨ ਨਾਲ ਪ੍ਰਾਣੀ ਦੇ ਮਨ, ਬਚਨ ਤੇ ਕਰਮ ਦੁਆਰਾ ਕੀਤੇ ਸਾਰੇ ਪਾਪ ਧੁਲ ਜਾਂਦੇ ਹਨ। ਪੰਜਾਬ ਦੇ ਕਈ ਹਿੰਦੂ ਇਸ ਦਿਨ ਕਾਂਸ਼ੀ, ਪ੍ਰਯਾਗ, ਹਰਦੁਆਰ ਤੇ ਗੜ੍ਹ ਮੁਕਤੇਸ਼ਵਰ ਆਦਿ ਤੀਰਥਾਂ ਉਤੇ ਗੰਗਾ ਦੇ ਇਸ਼ਨਾਨ ਕਰਨ ਲਈ ਜਾਂਦੇ ਹਨ। ਜਮਨਾ ਦੇ ਇਸ਼ਨਾਨ ਦਾ ਵੀ ਫਲ ਮੰਨਿਆ ਜਾਂਦਾ ਹੈ।

ਜੇ ਕੱਤਕ ਪੂਰਨਮਾ ਕ੍ਰਿਤਕਾ, ਭਰਣੀ ਤੇ ਰੋਹਿਨੀ ਨਖਸ਼ਤਰ ਵਿਚ ਪਏ, ਤਾਂ ਇਸ ਦਿਨ ਦੇ ਇਸ਼ਨਾਨ ਦਾ ਮਹਾਤਮ ਹੋਰ ਵੀ ਵਧ ਜਾਂਦਾ ਹੈ। ਇਸ ਪੂਰਨਮਾਸ਼ੀ ਨੂੰ ਜੇ ਚੰਨ ਕ੍ਰਿਤਕਾ ਨਖਸ਼ਤਰ ਵਿਚ ਹੋਵੇ ਤੇ ਸੂਰਜ ਵਿਸ਼ਾਖਾ ਨਖਸ਼ਤਰ ਵਿਚ, ਤਾਂ ਪਦਧਕ ਨਾਮੀ ਯੋਗ ਹੁੰਦਾ ਹੈ। ਇਹ ਯੋਗ ਕਦੇ ਕਦਾਈਂ ਹੀ ਪੈਂਦਾ ਹੈ ਤੇ ਇਸ ਦਿਨ ਦੇ ਪੂਜਾ ਪਾਠ ਤੇ ਇਸ਼ਨਾਨ ਨਾਲ ਬੈਕੁੰਠ ਦੀ ਪ੍ਰਾਪਤੀ ਹੁੰਦੀ ਹੈ।

ਪੁਰਾਣਾਂ ਅਨੁਸਾਰ ਕੱਤਕ ਪੂਰਨਮਾ ਨੂੰ ਵਿਸ਼ਨੂੰ ਨੇ ਮਤੱਸਯ ਅਵਤਾਰ ਧਾਰਨ ਕੀਤਾ ਸੀ। ਇਸੇ ਤਿਥ ਨੂੰ ਸ਼ੰਕਰ ਨੇ ਤ੍ਰਿਪੁਰਾ ਨਾਂ ਦੇ ਅਸੁਰ ਦਾ ਨਾਸ਼ ਕੀਤਾ ਸੀ। ਕੱਤਕ ਦੀ ਪੂਰਨਮਾ ਨੂੰ ਹੀ ਗੰਗਾ ਦੀ ਉਤਪਤੀ ਹੋਈ। ਇਸੇ ਤਿੱਥ ਨੂੰ ਹੀ ਤੁਲਸਾਂ ਦਾ ਜਨਮ ਹੋਇਆ। ਇਸੇ ਲਈ, ਹਿੰਦੂਆਂ ਵਿਚ, ਇਸ ਦਿਨ, ਤੁਲਸੀ ਦੇ ਬੂਟੇ ਅਤੇ ਗੰਗਾ ਨਦੀ ਜਾਂ ਜਲ ਨੂੰ ਦੀਪਦਾਨ ਦੇਣ ਦੀ ਪ੍ਰਥਾ ਹੈ। ਇਸ ਦਿਨ ਰੁਪੈ ਦੇ ਦਾਨ ਦਾ ਵੀ ਖ਼ਾਸ ਮਹਾਤਮ ਹੈ। ਜੇ ਇਸ ਦਿਨ ਸੋਨੇ ਦਾ ਮੇਸ਼ (ਬਕਰਾ) ਬਣਾ ਕੇ ਦਾਨ ਕੀਤਾ ਜਾਵੇ, ਤਾਂ ਦੁਸ਼ਟ ਗ੍ਰਹਿਆਂ ਦਾ ਅਸਰ ਨਸ਼ਟ ਹੋ ਜਾਂਦਾ ਹੈ।

ਕੱਤਕ ਪੂਰਨਮਾ ਵਾਲੇ ਦਿਨ, ਕਈ ਹਿੰਦੂ ਆਪਣੇ ਨਵੇਂ ਜੰਮੇ ਬੱਚੇ ਦਾ ਪਹਿਲਾ ਮੁੰਡਨ ਸੰਸਕਾਰ ਕਰਦੇ ਹਨ ਅਤੇ ਗੰਗਾ ਨੂੰ ਵਾਲਾਂ ਦਾ ਚੜ੍ਹਾਵਾ ਦਿੰਦੇ ਹਨ। ਜਿਨ੍ਹਾਂ ਲੋਕਾਂ ਦੇ ਘਰ ਗੰਗਾ ਮਾਈ ਦੀ ਬਖ਼ਸ਼ਿਸ਼ ਸਦਕਾ ਪੁਤਰ ਜੰਮਿਆ ਹੁੰਦਾ ਹੈ, ਉਹ 'ਲੜਕਾ ਚੜ੍ਹਾਣ' ਅਥਵਾ ਗੰਗਾ ਨੂੰ ਲੜਕਾ ਭੇਟ ਕਰਨ ਦੇ ਰੀਤ ਕਰਦੇ ਹਨ। ਉਹ ਲੋਕ ਲੜਕੇ ਨੂੰ ਆਪਣੇ ਸਬੰਧੀਆਂ ਨਾਲ ਜਲੂਸ ਦੀ ਸ਼ਕਲ ਵਿਚ ਗੰਗਾ ਨੂੰ ਪੂਜਣ ਲਈ ਲਿਜਾਂਦੇ ਹਨ ਤੇ ਲੜਕੇ ਨੂੰ ਗੰਗਾ ਦੇ ਪਾਣੀ ਵਿਚ ਭੇਟ ਕਰਨ ਲਈ ਕਈ ਵਾਰ ਸੁਟਦੇ ਹਨ। ਸੁਟਣ ਲਗਿਆਂ ਧਿਆਨ ਰਖਿਆ ਜਾਂਦਾ ਹੈ ਕਿ ਬੱਚਾ ਕਿਧਰੇ ਦਰਿਆ ਦੀਆਂ ਤੇਜ਼ ਛੱਲਾਂ ਵਿਚ ਰੁੜ੍ਹ ਹੀ ਨਾ ਜਾਵੇ। ਫਿਰ ਬੱਚੇ ਦਾ ਕੋਈ ਰਿਸ਼ਤੇਦਾਰ ਬੱਚੇ ਨੂੰ ਨਦੀ ਵਿਚੋਂ ਬਾਹਰ ਕਢ ਕੇ ਉਹਦੀ ਮਾਂ ਦੀ ਗੋਦ ਵਿਚ ਪਾਉਂਦਾ ਹੈ। ਜਿਵੇਂ ਉਹ ਬੱਚਾ ਗੰਗਾ ਮਾਈ ਤੋਂ ਦਾਤ ਵਜੋਂ ਪ੍ਰਾਪਤ ਕੀਤਾ ਗਿਆ ਹੋਵੇ।

ਸਾਲ ਦੇ ਦੌਰਾਨ ਮੋਏ ਸਾਕ-ਸਬੰਧੀਆਂ ਦਾ 'ਦੀਆ ਦੇਣ' ਦੀ ਰਸਮ ਹਿੰਦੂ ਕੱਤਕ ਦੀ ਪੂਰਨਮਾਸ਼ੀ ਦੀ ਪੂਰਬ ਸੰਧਿਆ ਨੂੰ ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਇਹ ਝਾਕੀ ਬੜੀ ਦਰਦਨਾਕ ਹੁੰਦੀ ਹੈ, ਕਿਉਂ ਜੋ ਕਈ ਸਾਕ ਸਬੰਧੀ ਇਸ ਮੌਕੇ ਉਤੇ ਛਾਤੀਆਂ ਪਿਟਦੇ ਅਤੇ ਕੀਰਨੇ ਪਾਉਂਦੇ ਵੇਖੇ ਗਏ ਹਨ।

ਪੰਜਾਬ ਦੇ ਕਈ ਸਨਾਤਨੀ ਹਿੰਦੂ ਉਪ੍ਰੋਕਤ ਸਭ ਰਸਮਾਂ ਰੀਤਾਂ ਲਈ ਗੜ੍ਹ ਮੁਕਤੇਸ਼ਵਰ ਜਾਂਦੇ ਹਨ, ਜਿਥੇ ਗੰਗਾ ਦੇ ਕਿਨਾਰੇ ਦਸਾਂ ਦਿਨਾਂ ਦਾ ਕਾਰਤਕੀ ਮੇਲਾ ਲਗਦਾ ਹੈ।

ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਦਾ ਜਨਮ ਦਿਨ ਮਨਾਣ ਦੀ ਪ੍ਰਥਾ ਹੈ। ਵੈਸੇ ਗੁਰੂ ਨਾਨਕ ਦੇਵ ਦਾ ਜਨਮ ਵਿਸਾਖ ਸੁਦੀ ਤਿੰਨ ਨੂੰ ਹੋਇਆ ਸੀ। ਪਰ ਪਰੰਪਰਾ ਅੱਗੇ ਕਦੇ ਕਦੇ ਸੱਚ ਵੀ ਨਹੀਂ ਠਹਿਰ ਸਕਦਾ।

(ਕ-72) **ਕੱਤਣੀ** :

ਕਾਨੇ ਤੇ ਮੁੰਝ ਦੀ ਬਣੀ ਪੱਛੀ, ਜਿਸ ਵਿਚ ਕੁੜੀਆਂ, ਚਰਖ਼ਾ ਕੱਤਣ ਵੇਲੇ, ਆਪਣੀਆਂ ਪੂਣੀਆਂ ਅਤੇ ਗਲੋਟੇ ਰਖਦੀਆਂ ਹਨ। ਅਮੀਰ ਘਰਾਂ ਵਿਚ ਚਾਂਦੀ ਦੀ ਕੱਤਣੀ ਦਾ ਵੀ ਰਵਾਜ ਰਿਹਾ ਹੈ। ਕਈ ਅਮੀਰ ਸਵਾਣੀਆਂ ਮੋਰ ਪੰਖਾਂ ਦੀਆਂ ਬਣੀਆਂ ਵਿਸ਼ੇਸ਼ ਪ੍ਰਕਾਰ ਦੀਆਂ ਕੱਤਣੀਆਂ ਵੀ ਵਰਤਦੀਆਂ ਰਹੀਆਂ ਹਨ। ਪਰ ਹੁਣ ਕੱਤਣੀ ਪਰੰਪਰਾ ਦੀ ਵਸਤੂ ਬਣਦੀ ਜਾ ਰਹੀ ਹੈ।

ਕੱਤਣੀ ਬਾਰੇ ਅਨੇਕਾਂ ਲੋਕ-ਗੀਤ ਮਿਲਦੇ ਹਨ, ਜਿਨ੍ਹਾਂ ਵਿਚ ਚਰਖ਼ਾ ਕੱਤਣ ਵਾਲੀ ਮੁਟਿਆਰ ਦੇ ਮਨੋਭਾਵਾਂ ਅਤੇ ਚੇਸ਼ਟਾਵਾਂ ਦਾ ਕਾਵਿਕ ਪ੍ਰਗਟਾ ਹੈ :

ਵੀਰ ਮੇਰੇ ਨੇ ਸੰਧਾਰੇ ਵਿਚ ਭੇਜੀ,
ਕੱਤਣੀ ਚਾਂਦੀ ਦੀ।
ਕੱਤਣੀ ਦੀ ਤੀਲ ਟੁਟ ਗਈ,
ਖੰਭ ਸਿਟ ਜਾ ਕਲਹਿਰੀਆ ਮੋਰਾ।
ਕੱਤਣੀ ਬਣਾਊਂਗੀ ਵੇ,
ਤੂੰ ਲਗ ਮੋਰਾਂ ਦਾ ਪਾਲੀ।
ਅੱਗ ਲਗੇ ਕੱਤਣੀ ਨੂੰ,
ਜਿਉਂਦੇ ਮੋਰ ਦਾ ਪਾਪ ਨਹੀਂ ਹੋਣਾ।
ਮੇਰੀ ਕੱਤਣੀ ਫਰਾਟੇ ਮਾਰੇ,
ਪੂਣੀਆਂ ਦੇ ਸੱਪ ਬਣ ਗਏ।

(ਕ-73) **ਕਤਲ ਦੀ ਰਾਤ** :

ਮੁਹੱਰਮ ਦੀ ਦਸਵੀਂ ਤਿਥ ਜਦੋਂ ਇਮਾਮ ਹੁਸੈਨ ਨੂੰ ਕਤਲ ਕੀਤਾ ਗਿਆ ਸੀ। ਮੁਸਲਮਾਨ ਇਸ ਰਾਤ ਨੂੰ ਕਤਲ ਦੀ ਰਾਤ ਕਹਿੰਦੇ ਹਨ (ਵੇਖੋ : ਮੁਹੱਰਮ)।

(ਕ-74) **ਕਤੇਬ** :

ਕਤੇਬ ਸ਼ਬਦ ਚੁਹਾਂ ਸਾਮੀ ਧਰਮ ਗ੍ਰੰਥਾਂ — ਤੌਰੇਤ, ਜ਼ਬੂਰ, ਅੰਜੀਲ ਅਤੇ ਕੁਰਾਨ ਲਈ ਸਾਮੂਹਿਕ ਤੌਰ ਤੇ ਵਰਤਿਆ ਜਾਂਦਾ ਹੈ। ਤੌਰੇਤ ਯਹੂਦੀਆਂ ਦਾ ਧਰਮ ਗ੍ਰੰਥ ਹੈ, ਜੋ ਹਜ਼ਰਤ ਮੂਸਾ ਨੂੰ ਉਪਰੋਂ ਉਤਰਿਆ। ਜ਼ਬੂਰ ਦੀ ਪੁਸਤਕ ਦਾਊਦ ਦੁਆਰਾ ਪ੍ਰਗਟ ਹੋਈ। ਅੰਜੀਲ ਈਸਾਈਆਂ ਦੀ ਪੂਜਯ ਪੁਸਤਕ ਹੈ ਅਤੇ ਕੁਰਾਨ ਮੁਸਲਮਾਨਾਂ ਦੀ। ਇਸਲਾਮੀ ਅਕੀਦੇ ਅਨੁਸਾਰ ਇਹ ਚਾਰੇ ਧਰਮ-ਗ੍ਰੰਥ ਇਲਹਾਮ ਦੁਆਰਾ ਪ੍ਰਗਟ ਹੋਏ ਹੋਣ ਕਰ ਕੇ ਪਵਿਤ੍ਰ ਹਨ।

(ਕ-75) **ਕਥਾ** :

ਕਥਾ ਪਦ ਦੇ ਅਰਥ ਕਹਾਣੀ, ਵਾਰਤਾ, ਉਪਦੇਸ਼, ਬਾਤ, ਪ੍ਰਸੰਗ, ਧਾਰਮਕ ਵਖਿਆਨ ਆਦਿ ਹਨ। ਸੰਸਕ੍ਰਿਤ ਵਿਚ ਕਥਾ ਸ਼ਬਦ ਦਾ ਪ੍ਰਯੋਗ ਕਹਾਣੀ ਲਈ ਕੀਤਾ ਜਾਂਦਾ ਹੈ ਜਿਵੇਂ 'ਕਥਾ ਸਰਿਤ ਸਾਗਰ', 'ਬ੍ਰਿਹਤ ਕਥਾ' ਆਦਿ। ਪੰਜਾਬੀ ਵਿਚ ਕਥਾ ਸ਼ਬਦ ਭਾਵੇਂ ਕਹਾਣੀ ਦੇ ਪਰਿਆਇ ਵਜੋਂ ਵੀ ਵਰਤਿਆ ਜਾਂਦਾ ਹੈ, ਪਰ ਇਹ ਸ਼ਬਦ ਇਕ ਖ਼ਾਸ ਪ੍ਰਕਾਰ ਦੇ ਉਪਦੇਸ਼ਾਤਮਿਕ ਪ੍ਰਸੰਗ ਜਾਂ ਬਿਰਤਾਂਤ ਲਈ ਵੀ ਪ੍ਰਯੋਗ ਹੁੰਦਾ ਹੈ, ਜੋ ਧਾਰਮਿਕ ਵਖਿਆਨ ਅਤੇ ਕੀਰਤਨ ਸਮੇਂ, ਕਿਸੇ ਸੰਕਲਪ ਦੀ ਵਿਆਖਿਆ ਜਾਂ ਪਰਮਾਣ ਵਜੋਂ ਜਾਂ ਫਿਰ ਸਰੋਤਿਆਂ ਅੰਦਰ ਅਧਿਆਤਮਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਨ ਲਈ ਸੁਣਾਏ ਜਾਂਦੇ ਹਨ। ਸੋ ਕਥਾ ਕਿਸੇ ਪ੍ਰਕਾਰ ਦੀ ਵੀ ਕਹਾਣੀ ਲਈ, ਭਾਵੇਂ ਉਹ ਬਾਤ ਹੈ ਤੇ ਭਾਵੇਂ ਸਾਖੀ, ਵਰਤ ਲਿਆ ਜਾਂਦਾ ਹੈ। ਪਰ ਇਥੇ ਕਥਾ ਦੇ ਵਿਸ਼ੇਸ਼ ਰੂਪ ਨੂੰ ਅਰਥਬਧ ਕਰਨਾ ਅਤੇ ਉਸ ਦੀ ਪ੍ਰਕ੍ਰਿਤੀ ਤੇ ਲੱਛਣ ਨਿਸਚਿਤ ਕਰਨੇ ਵੀ ਜ਼ਰੂਰੀ ਹਨ, ਕਿਉਂ ਜੋ ਇਹ ਰੂਪ ਵੀ ਬੜਾ ਮਕਬੂਲ ਹੈ ਅਤੇ ਧਰਮ ਦੇ ਸੰਦਰਭ ਵਿਚ ਇਸ ਦਾ ਪ੍ਰਯੋਗ ਆਮ ਕੀਤਾ ਜਾਂਦਾ ਹੈ।

ਪੰਜਾਬੀ ਵਿਚ ਪਹਿਲਾਂ ਪਹਿਲ ਕਥਾ ਪਦ ਦਾ ਪ੍ਰਯੋਗ ਪੁਰਾਣ ਕਥਾਵਾਂ ਜਾਂ ਰਾਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਦੀਆਂ ਕਥਾਵਾਂ ਲਈ ਕੀਤਾ ਜਾਂਦਾ ਸੀ ਜਿਵੇਂ ਰਾਮਾਇਣ ਦੀ ਕਥਾ, ਮਾਰਕੰਡੇ ਪੁਰਾਣ ਦੀ ਕਥਾ, ਵਰਤ ਕਥਾ ਆਦਿ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਸਿੱਖਾਂ ਵਿਚ ਵੀ ਜਨਮ ਸਾਖੀ ਦੀ ਕਥਾ, ਸੂਰਜ ਪ੍ਰਕਾਸ਼ ਦੀ ਕਥਾ ਆਦਿ ਵਾਕੰਸ਼ਾਂ ਦੀ ਵਰਤੋਂ ਸਹਿਜ ਰੂਪ ਵਿਚ ਹੋਣ ਲੱਗੀ। ਇਸ ਸਾਰੇ ਸੰਦਰਭ ਵਿਚ ਕਥਾ ਦਾ ਭਾਵ ਕੋਈ ਉਪਦੇਸ਼ਾਤਮਿਕ ਧਾਰਮਿਕ ਵਖਿਆਨ ਹੈ, ਜਿਸ ਵਿਚ ਬ੍ਰਿਤਾਂਤ, ਵਿਆਖਿਆ, ਟੀਕਾ ਟਿਪਣੀ ਆਦਿ ਦੇ ਕਈ ਤੱਤ ਇਕ ਦੂਜੇ ਵਿਚ ਰਚੇ ਹੁੰਦੇ ਹਨ, ਜਿਸ ਕਰ ਕੇ ਇਹ ਰੂਪ-ਰਚਨਾ ਕਹਾਣੀ ਨਾਲੋਂ ਵਧੇਰੇ ਸੰਜੁਗਤ ਬਣ ਜਾਂਦੀ ਹੈ। ਕਈ ਵਾਰ ਕਥਾ ਵਿਚ ਦੂਜੇ ਤੱਤ ਇਤਨੇ ਬਲਵਾਨ ਹੋ ਜਾਂਦੇ ਹਨ ਕਿ ਬ੍ਰਿਤਾਂਤ ਦੀ ਤੰਦ ਪੇਤਲੀ ਪੈ ਕੇ ਅਲੋਪ ਹੋ ਜਾਂਦੀ ਹੈ। ਇਥੋਂ ਤਕ ਕਿ ਕਈ ਵਾਰ ਤਾਂ ਕਥਾ ਪਦ ਗੁਰਬਾਣੀ ਦੇ ਕਿਸੇ ਸ਼ਬਦ ਦੀ ਸੰਪ੍ਰਦਾਇ ਵਿਧੀ ਦੀ ਵਿਆਖਿਆ ਲਈ ਵੀ ਵਰਤ ਲਿਆ ਜਾਂਦਾ ਹੈ, ਜਿਸ ਵਿਚ ਬ੍ਰਿਤਾਂਤ ਨਾਂ ਦੀ ਕੋਈ ਵਸਤੂ ਹੁੰਦੀ ਹੀ ਨਹੀਂ। ਇਸ ਤਰ੍ਹਾਂ ਬ੍ਰਿਤਾਂਤ ਤੋਂ ਮੁਕਤ ਵਿਆਖਿਆ ਲਈ ਵੀ ਕਥਾ ਪਦ ਦਾ ਪ੍ਰਯੋਗ ਹੋ ਜਾਂਦਾ ਹੈ। ਅਜਿਹੇ ਪ੍ਰਯੋਗ ਵਿਚ ਕਥਾ ਦੀ ਪ੍ਰਕ੍ਰਿਤੀ ਹੀ ਬਦਲ ਜਾਂਦੀ ਹੈ। ਪਰ ਇਸ ਕਿਸਮ ਦੀ ਕਥਾ ਵਿਚ ਕਾਵਿਕ ਦ੍ਰਿਸ਼ਟਾਂਤਾਂ ਸਦਕਾ ਬ੍ਰਿਤਾਂਤ ਦਾ ਭਰਮ ਜ਼ਰੂਰ ਬਣਿਆ ਰਹਿੰਦਾ ਹੈ। ਕਈ ਵਾਰ ਬ੍ਰਿਤਾਂਤਕ ਦ੍ਰਿਸ਼ਟਾਂਤਾਂ ਦੁਆਰਾ ਵੀ ਕੋਈ ਧਾਰਨਾ ਜਾਂ ਸੰਕਲਪ ਦ੍ਰਿੜ ਕਰਵਾਣ ਦੀ ਚੇਸ਼ਟਾ ਹੁੰਦੀ ਹੈ।

ਇਸ ਤਰ੍ਹਾਂ ਕਥਾ ਸ਼ਬਦ ਤਿੰਨ ਤਰ੍ਹਾਂ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ :—

(ੳ) ਕੋਈ ਵੀ ਰਚਨਾ ਜਿਸ ਵਿਚ ਬ੍ਰਿਤਾਂਤ ਦਾ ਤੱਤ ਹੋਵੇ। (ਅ) ਇਕ ਵਿਸ਼ੇਸ਼ ਤਰ੍ਹਾਂ ਦਾ ਧਾਰਮਿਕ ਬ੍ਰਿਤਾਂਤ। (ੲ) ਬ੍ਰਿਤਾਂਤ ਦੇ ਤੱਤ ਤੋਂ ਮੁਕਤ ਸ਼ਬਦ ਵਿਆਖਿਆ।

ਇਥੇ ਅਸੀਂ ਇਕ ਵਿਸ਼ੇਸ਼ ਤਰ੍ਹਾਂ ਦੇ ਬ੍ਰਿਤਾਂਤ ਵਾਲੀ ਰਚਨਾਂ ਦੇ ਅਰਥਾਂ ਵਿਚ ਹੀ ਕਥਾ ਪਦ ਦਾ ਪ੍ਰਯੋਗ ਕਰ ਰਹੇ ਹਾਂ। ਇਸ ਖ਼ਾਸ ਪ੍ਰਕਾਰ ਦੀ ਕਥਾ ਦੀ ਵਿਆਖਿਆ ਕਰਨੀ ਸੌਖੀ ਨਹੀਂ। ਇਕ ਪਾਸੇ ਇਹ ਕਥਾ ਪੁਰਾਨ ਕਥਾਵਾਂ ਦੀ ਸੀਮਾਂ ਵਿਚ ਜਾ ਦਾਖ਼ਲ ਹੁੰਦੀ ਹੈ ਅਤੇ ਦੂਜੇ ਪਾਸੇ ਸਾਖੀ, ਬਚਨ, ਸੁਖਨ ਆਦਿ ਦੇ ਖੇਤਰ ਵਿਚ। ਇਸ ਲਈ ਇਸ ਵਿਸ਼ੇਸ਼ ਪ੍ਰਕਾਰ ਦੀ ਕਥਾ ਦੇ ਕੇਵਲ ਉਘੇ ਲੱਛਣ ਹੀ ਮਿਥੇ ਜਾ ਸਕਦੇ ਹਨ। ਕਥਾ ਕਿਸੇ ਦੇਵ-ਪੁਰਸ਼, ਗੁਰੂ-ਵਿਅਕਤੀ ਅਤੇ ਸੰਤ-ਪੁਰਸ਼ ਦੇ ਜੀਵਨ ਦਾ ਅਜਿਹਾ ਉਪਦੇਸ਼ਾਤਮਿਕ ਪ੍ਰਸੰਗ ਹੈ, ਜੋ ਸਰੋਤਿਆ ਵਿਚ ਅਧਿਆਤਮਕ ਭਾਵ ਜਾਂ ਨੈਤਿਕਤਾ ਦੀ ਭਾਵਨਾ ਉਜਾਗਰ ਕਰੇ। ਕਥਾ ਨੂੰ ਸਰੋਤੇ ਮਿਥਿਕ ਬ੍ਰਿਤਾਂਤ ਦੀ ਥਾਂ ਸੱਚਾ ਬ੍ਰਿਤਾਂਤ ਮੰਨਦੇ ਹਨ ਅਤੇ ਸ਼ਰਧਾ ਨਾਲ ਸੁਣਦੇ ਹਨ, ਬਿਨਾਂ ਉਸ ਦੀ ਕਿਸੇ ਰੂੜ੍ਹੀ ਤੇ ਕਿੰਤੂ ਕੀਤੇ ਦੇ। ਭਗਤੀ ਲਹਿਰ ਵੇਲੇ ਕਥਾ ਨੂੰ ਖ਼ਾਸ ਮਹੱਤਤਾ ਪ੍ਰਾਪਤ ਹੋਈ ਅਤੇ ਭਗਤਾਂ ਦੇ ਜੀਵਨ ਪ੍ਰਸੰਗ ਜਾਂ ਪੁਰਾਣਾਂ ਦੀਆਂ ਉਹ ਕਥਾਵਾਂ, ਜਿਨ੍ਹਾਂ ਵਿਚ ਕਿਸੇ ਵਿਅਕਤੀ ਦੀ ਭਗਤੀ ਭਾਵਨਾ ਅਤੇ ਨੈਤਿਕਤਾ ਵਲ ਸੰਕੇਤ ਸੀ, ਉਭਰ ਕੇ ਆਈਆਂ।

ਕਥਾ, ਚਰਿਤ੍ਰ ਵਿਚ, ਪੌਰਾਣਿਕ ਹੁੰਦੀ ਹੈ ਅਤੇ ਇਸ ਦੀਆਂ ਬੁਨਿਆਦੀ ਰੂੜ੍ਹੀਆਂ ਪੌਰਾਣਿਕ ਕਥਾਵਾਂ ਵਿਚੋਂ ਹੀ ਲਈਆਂ ਗਈਆਂ ਹਨ। ਕਥਾ

Sri Satguru Jagjit Singh Ji eLibrary NamdhariElibrary@gmail.com

ਦਾ ਨਾਇਕ ਜ ਪੁਰਾਣ ਪੁਰਸ਼ ਨਾ ਵੀ ਹੋਵੇ, ਤਾਂ ਉਹ ਆਦਰਸ਼ ਪੁਰਸ਼ ਜਾਂ ਧਰਮ-ਪੁਰਸ਼ ਜ਼ਰੂਰ ਹੁੰਦਾ ਹੈ, ਜਿਸ ਦੇ ਅਨੁਰੂਪ ਪ੍ਰਾਣੀ ਨੂੰ ਆਪਣੇ ਜੀਵਨ ਨੂੰ ਢਾਲਣ ਦੀ ਪ੍ਰੇਰਨਾ ਦਿਤੀ ਹੁੰਦੀ ਹੈ।

ਕਥਾ ਨਾਲ ਆਮ ਤੌਰ ਤੇ ਕੋਈ ਮਹਾਤਮ ਵੀ ਜੁੜਿਆ ਹੁੰਦਾ ਹੈ ਜਿਵੇਂ 'ਕਥਾ ਸਤਿਜੁਗ ਕੀ' ਦਾ ਫਲ ਇਉਂ ਲਿਖਿਆ ਹੈ — "ਜੇ ਕੋਈ (ਇਹ ਕਥਾ) ਸੁਣੇ ਜਿਤਿ ਕਿਤੁ ਨਮਿਤੁ ਉਹ ਸਗਲ ਪਾਪਾਂ ਤੋਂ ਮੁਕਤ ਹੋਵੇ। ਅਰ ਬਿਆਸ ਜੀ ਨੇ ਰਾਜੇ ਜਨਮੇਜੇ ਕਉ ਇਹੀ ਕਥਾ ਸੁਣਾਈ ਥੀ, ਕੁਸਟਾ ਉਤਾਰਨੇ ਕੇ ਨਮਿਤ। ਕੁਸਟਿ ਉਤਰ ਗਏ ਥੇ ਰਾਜੇ ਕੇ।"

ਕੁਝ ਪੁਰਾਣੀਆਂ ਕਥਾਵਾਂ ਵਾਰਤਕ ਵਿਚ ਹੱਥ-ਲਿਖਤਾਂ ਦੇ ਰੂਪ ਵਿਚ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਪੁਰਾਤਨ 'ਕਥਾ ਸਤਿਜੁਗ ਕੀ', 'ਕਥਾ ਸੁਕਦੇਓ ਜੀ ਕੀ', 'ਕਥਾ ਜਨਕ ਕੀ', 'ਨਾਸਕੇਤ ਕੀ ਕਥਾ', 'ਕਥਾ ਕਾਗ ਭਸੁੰਡ ਕੀ', 'ਕਥਾ ਰਾਜੇ ਭਰਥਰੀ ਕੀ', 'ਕਥਾ ਰਾਜੇ ਬਿਕ੍ਰਮਾਜੀਤ ਕੀ', 'ਕਥਾ ਰਾਜੇ ਨਿਰਮੋਣੇ ਕੀ', 'ਕਥਾ ਅਹੀਰੀ ਕੀ', ਆਦਿ ਖ਼ਾਸ ਮਹੱਤਵ ਰਖਦੀਆਂ ਹਨ। ਇਨ੍ਹਾਂ ਕਥਾਵਾਂ ਦੀ ਬਾਰ ਬਾਰ ਪੁਨਰ-ਸਿਰਜਨਾ ਕੀਤੀ ਜਾਂਦੀ ਰਹੀ ਹੈ। ਰਾਜੇ ਬਿਕ੍ਰਮਾਜੀਤ ਦੀ ਕਥਾ ਦਾ ਇਕ ਪੁਰਾਣਾ ਉਤਾਰਾ 1794 ਈ: ਦਾ ਮਿਲਦਾ ਹੈ, ਜੋ ਪੰਜਾਬੀ ਸਾਹਿੱਤ ਅਕਾਡਮੀ ਕੋਲ ਮੌਜੂਦ ਹੈ। ਕੁਝ ਕਥਾਵਾਂ ਪਦ ਰੂਪ ਵਿਚ ਵੀ ਮਿਲਦੀਆਂ ਹਨ, ਜਿਨ੍ਹਾਂ ਵਿਚੋਂ 'ਮਿੰਘ ਗਊ ਕੀ ਕਥਾ', ਜੋ ਬਹੁਲਾ ਦੀ ਕਥਾ ਨਾਲ ਵੀ ਪ੍ਰਸਿਧ ਹੈ, ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ।

ਵ੍ਰਤਾਂ ਬਾਰੇ ਵੀ ਕਾਫ਼ੀ ਮਾਤਰਾ ਵਿਚ ਕਥਾਵਾਂ ਮਿਲਦੀਆਂ ਹਨ, ਪਰ ਇਨ੍ਹਾਂ ਕਥਾਵਾਂ ਨਾਲ ਮਹਾਤਮ ਜੁੜੇ ਹੋਏ ਹੁੰਦੇ ਹਨ, ਜਿਸ ਕਰ ਕੇ ਇਨ੍ਹਾਂ ਨੂੰ ਮਹਾਤਮ ਕਥਾਵਾਂ ਦੇ ਵਰਗ ਵਿਚ ਰਖਿਆ ਗਿਆ ਹੈ।

**(ਕ-76) ਕਥਾ ਸਰਿਤ ਸਾਗਰ :**

ਲੋਕ-ਕਥਾਵਾਂ ਦਾ ਇਕ ਪ੍ਰਸਿਧ ਗ੍ਰੰਥ; ਕਥਾ ਸਰਿਤ ਸਾਗਰ ਦਾ ਸੰਕਲਨ ਕਸ਼ਮੀਰ ਦੇ ਇਕ ਭਟ ਸੋਮਦੇਵ ਨੇ ਕੀਤਾ। ਕਥਾ ਸਰਿਤ ਸਾਗਰ ਦਾ ਸ਼ਾਬਦਿਕ ਅਰਥ 'ਕਥਾਵਾਂ ਦੀਆਂ ਤਰੰਗਾਂ ਦਾ ਸਮੁੰਦਰ' ਹੈ। ਇਸ ਗ੍ਰੰਥ ਵਿਚ ਪ੍ਰਾਚੀਨ ਤੇ ਮਧਕਾਲ ਦੀਆਂ ਪ੍ਰਸਿਧ ਪਰੀ ਕਥਾਵਾਂ, ਪ੍ਰੇਮ ਕਹਾਣੀਆਂ, ਸਾਹਸ ਤੇ ਪ੍ਰਾਕ੍ਰਮ ਅਤੇ ਨੈਤਿਕਤਾ ਦੀਆਂ ਕਥਾਵਾਂ ਹਨ, ਜਿਨ੍ਹਾਂ ਵਿਚ ਮਧਕਾਲੀ ਲੋਕਧਾਰਾ ਦੀਆਂ ਅਨੇਕਾਂ ਰੂੜ੍ਹੀਆਂ ਸੁਰੱਖਿਅਤ ਹਨ। ਇਸ ਗ੍ਰੰਥ ਵਿਚ ਸੋਮਦੇਵ ਨੇ ਖ਼ੁਦ ਇਹ ਗੱਲ ਸਵੀਕਾਰ ਕੀਤੀ ਹੈ ਕਿ ਇਹ ਰਚਨਾ ਉਸ ਦੀ ਮੌਲਿਕ ਕ੍ਰਿਤ ਨਹੀਂ ਅਤੇ ਇਹ ਸਭ ਕਥਾਵਾਂ ਉਸ ਨੇ ਗੁਣਾਂਡੇ ਦੀ 'ਬ੍ਰਿਹਤ ਕਥਾ' ਵਿਚੋਂ ਲਈਆਂ ਹਨ।

'ਬ੍ਰਿਹਤ ਕਥਾ' ਦਾ ਮੂਲ ਸੋਮਾ 'ਵਡ ਕਹਾ' ਹੈ, ਜਿਸ ਨੂੰ ਗੁਣਾਂਡੇ ਨੇ ਪਿਸਾਚੀ ਵਿਚ ਲਿਖਿਆ ਸੀ। ਇਸ ਗ੍ਰੰਥ ਦਾ ਦੰਦ-ਕਥਾਵੀ ਇਤਿਹਾਸ ਬੜਾ ਰੋਚਕ ਤੇ ਅਦਭੁਤ ਹੈ। ਇਹ ਕਥਾਵਾਂ ਬੜੇ ਵਚਿਤ੍ਰ ਹਾਲਾਤ ਵਿਚ ਸ਼ਿਵਜੀ ਤੋਂ ਗੁਣਾਂਡੇ ਤਕ ਪੁਜੀਆਂ। ਗੁਣਾਂਡੇ ਨੇ ਇਨ੍ਹਾਂ ਕਹਾਣੀਆਂ ਨੂੰ ਚੰਮ ਦੇ ਪਤਰਿਆਂ ਉਤੇ ਆਪਣੇ ਲਹੂ ਦੀ ਸਿਆਹੀ ਨਾਲ ਸਤ ਲਖ ਸ਼ਲੋਕਾਂ ਵਿਚ ਲਿਖਿਆ। ਗੁਣਾਂਡੇ ਨੇ ਇਹ ਕਥਾਵਾਂ ਸਤਵਾਹਨ (ਸਲਵਾਨ) ਨੂੰ ਭੇਟ ਕੀਤੀਆਂ, ਪਰ ਉਸ ਨੇ ਪਿਸਾਚੀ ਵਿਚ ਹੋਣ ਕਰ ਕੇ ਕਬੂਲ ਨਾ ਕੀਤੀਆਂ। ਨਿਰਾਸ ਹੋ ਕੇ ਗੁਣਾਂਡੇ ਨੇ 'ਵਡ ਕਹਾ' ਦਾ ਇਕ ਇਕ ਪਤਰਾ ਵਖ ਵਖ ਕਰ ਕੇ ਸਾੜ ਸੁਟਿਆ। ਸਤਵਾਹਨ ਨੂੰ ਜਦੋਂ ਇਸ ਗੱਲ ਦੀ ਖ਼ਬਰ ਹੋਈ, ਤਾਂ ਉਸ ਨੇ ਜੰਗਲ ਵਿਚ ਮੌਕੇ 'ਤੇ ਪਹੁੰਚ ਕੇ, ਇਕ ਲੱਖ ਸ਼ਲੋਕ, ਜੋ ਅਜੇ ਅਗਨ-ਭੇਟ ਨਹੀਂ ਸਨ ਹੋਏ, ਨਸ਼ਟ ਹੋਣ ਤੋਂ ਬਚਾ ਲਏ। ਇਹ ਸ਼ਲੋਕ 'ਬ੍ਰਿਹਤ ਕਥਾ' ਦੇ ਨਾਂ ਨਾਲ ਪ੍ਰਸਿਧ ਹੋਏ (ਵੇਖੋ : ਕਥਾ ਪਰੰਪਰਾ)।

ਬ੍ਰਿਹਤ ਕਥਾ ਦੇ ਆਧਾਰ ਉਤੇ ਦੋ ਗ੍ਰੰਥ ਰਚੇ ਗਏ। ਪਹਿਲਾ ਕਸ਼ਮਿੰਦਰ ਰਚਿਤ 'ਬ੍ਰਿਹਤ ਕਥਾ ਮੰਜਰੀ' ਹੈ ਅਤੇ ਦੂਜਾ ਸੋਮਦੇਵ ਕ੍ਰਿਤ 'ਕਥਾ ਸਰਿਤ ਸਾਗਰ'। ਪਰ ਕਥਾ ਸਰਿਤ ਸਾਗਰ, ਬ੍ਰਿਹਤ ਕਥਾ ਮੰਜਰੀ ਨਾਲੋਂ ਇਕ ਤਾਂ ਭਾਸ਼ਾ, ਸ਼ੈਲੀ ਤੇ ਰੋਚਕਤਾ ਦੇ ਪਖੋਂ ਬਿਹਤਰ ਹੈ, ਦੂਜਾ ਆਕਾਰ ਵਿਚ ਵੀ ਤਿੰਨ ਗੁਣਾ ਹੈ। ਇਸ ਲਈ ਕਥਾ ਸਰਿਤ ਸਾਗਰ ਦੀ ਮਹੱਤਤਾ ਜ਼ਿਆਦਾ ਹੈ।

ਕਥਾ ਸਰਿਤ ਸਾਗਰ ਵਿਚ 22,000 ਸ਼ਲੋਕ ਹਨ, ਜਿਸ ਤੋਂ ਸਹਿਜੇ ਹੀ ਇਸ ਦੇ ਆਕਾਰ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਹ ਗ੍ਰੰਥ 124 ਭਾਗਾਂ ਅਥਵਾ ਤਰੰਗਾਂ ਵਿਚ ਵੰਡਿਆ ਹੋਇਆ ਹੈ। ਇਸ ਰਚਨਾ ਦੇ ਅੰਤ ਵਿਚ ਇਕ ਛੋਟਾ ਜਿਹਾ ਬੰਦ ਹੈ, ਜਿਸ ਤੋਂ ਸੋਮਦੇਵ ਦੇ ਸਮੇਂ ਅਤੇ ਕ੍ਰਿਤ ਦੇ ਮਨੋਰਥ ਬਾਰੇ ਗਿਆਨ ਹੁੰਦਾ ਹੈ। ਸੋਮਦੇਵ ਇਕ ਧਰਮੀ ਬ੍ਰਾਹਮਣ ਰਾਮ ਦਾ ਪੁਤਰ ਸੀ। ਉਸ ਨੇ ਇਹ ਗ੍ਰੰਥ ਕਸ਼ਮੀਰ ਦੇ ਰਾਜੇ ਅਨੰਤ ਦੀ ਪਤਨੀ ਸੂਰਯਾਵਤੀ ਦੇ ਮਨੋਰੰਜਨ ਲਈ ਲਿਖਿਆ। ਰਾਜਾ ਅਨੰਤ ਦੇ ਜੀਵਨ ਬਾਰੇ ਕੁਝ ਸਾਮਗਰੀ ਰਾਜ-ਤ੍ਰੰਗਣੀ ਵਿਚ ਮਿਲਦੀ ਹੈ। ਰਾਜੇ ਅਨੰਤ ਤੋਂ ਉਸ ਦੇ ਪੁਤਰ ਕਲਸ ਨੇ ਰਾਜ ਗੱਦੀ ਖੋਹ ਲਈ ਸੀ। ਕਈ ਸੰਕਟਾਂ ਵਿਚੋਂ ਲੰਘਣ ਮਗਰੋਂ ਅਨੰਤ ਨੇ ਦੁਖੀ ਹੋ ਕੇ 1081 ਈ: ਵਿਚ ਆਤਮਘਾਤ ਕਰ ਲਿਆ। ਉਸ ਦੀ ਪਤਨੀ ਸੂਰਯਵਤੀ ਵੀ ਚਿਖਾ ਉਤੇ ਚੜ੍ਹ ਕੇ ਸਤੀ ਹੋ ਗਈ।

ਐਨ. ਐਮ. ਪੇਂਜਰ ਦਾ ਵਿਚਾਰ ਹੈ ਕਿ ਇਹ ਗ੍ਰੰਥ 1070 ਈਸਵੀ ਵਿਚ ਲਿਖਿਆ ਗਿਆ, ਪਰ ਪ੍ਰੋਫ਼ੈਸਰ ਵੇਬਰ ਇਸ ਨੂੰ ਛੇਵੀਂ ਸਦੀ ਈਸਵੀ ਦੀ ਕ੍ਰਿਤ ਮੰਨਦਾ ਹੈ। ਡਾ: ਬੁਲਰ ਦੇ ਵਿਚਾਰ ਮੁਤਾਬਿਕ ਇਹ ਪਹਿਲੀ ਜਾਂ ਦੂਜੀ ਸਦੀ ਈਸਵੀ ਦੀ ਰਚਨਾ ਹੈ। ਪਰ ਰਾਜ ਤ੍ਰੰਗਣੀ ਦੇ ਆਧਾਰ ਉਤੇ ਹੁਣ ਇਸ ਗ੍ਰੰਥ ਨੂੰ 1070 ਈਸਵੀ ਦੇ ਨੇੜੇ ਦੀ ਰਚਨਾ ਮੰਨਿਆ ਜਾਣ ਲੱਗਾ ਹੈ।

ਇਸ ਗ੍ਰੰਥ ਵਿਚ ਰਿਗ ਵੇਦ ਅਤੇ ਮਹਾਂਭਾਰਤ ਦੀਆਂ ਕਈ ਪੌਰਾਣਿਕ ਕਥਾਵਾਂ ਲੋਕ-ਰੂਪ ਵਿਚ ਮਿਲਦੀਆਂ ਹਨ। 'ਪੰਚ ਤੰਤਰ' ਅਤੇ 'ਬੇਤਾਲ ਪਚੀਸੀ' ਦੀਆਂ ਕਈ ਕਥਾਵਾਂ ਥੋੜੇ ਜਿਹੇ ਅੰਤਰ ਨਾਲ ਪੂਰੀਆਂ ਦੀਆਂ ਪੂਰੀਆਂ ਉਪਲਬਧ ਹਨ। ਇਨ੍ਹਾਂ ਤੋਂ ਇਲਾਵਾ ਕੁਝ ਮੌਲਿਕ ਕਥਾਵਾਂ ਵੀ ਹਨ, ਜੋ ਪਹਿਲਾਂ ਕਿਸੇ ਗ੍ਰੰਥ ਵਿਚ ਕਿਧਰੇ ਨਹੀਂ ਆਈਆਂ। ਕੁਝ ਕੁ ਕਥਾਵਾਂ ਦੀ ਪ੍ਰਾਚੀਨਤਾ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਮਿਸਰ ਦੇ ਸ੍ਰੀ ਪਤਰਾ ਉਪਰ ਲਿਖੀਆਂ ਕਥਾਵਾ ਨਾਲ ਮੇਲ ਖਾਂਦੀਆਂ ਹਨ।

ਕਥਾ ਸਰਿਤ ਸਾਗਰ ਪੰਜਾਬ ਵਿਚ ਰਚੇ 'ਵਡ ਕਹਾ' ਉਤੇ ਅਧਾਰਤ ਹੋਣ ਕਰ ਕੇ ਅਤੇ 'ਵਡ ਕਹਾ' ਦੇ ਅਲੱਭ ਹੋਣ ਦੀ ਸਥਿਤੀ ਵਿਚ ਬੜਾ ਮਹੱਤਵਸ਼ੀਲ ਗ੍ਰੰਥ ਹੈ। ਪੰਜਾਬੀ ਵਿਚ ਪ੍ਰਚਲਤ ਕਥਾ ਸਾਹਿੱਤ ਦੀਆਂ ਕਥਾਨਿਕ ਰੂੜ੍ਹੀਆਂ ਦੇ ਮੂਲ ਰੂਪ ਇਸੇ ਵਿਚ ਵੇਖੇ ਜਾ ਸਕਦੇ ਹਨ (ਵੇਖੋ : ਵਡ ਕਹਾ)।

**(ਕ-77) ਕਥਾ ਕਾਵਿ :**

(ਵੇਖੋ : ਕਾਵਿ ਕਥਾ)।

**(ਕ-78) ਕਥਾ ਚੱਕਰ :**

ਕਥਾ, ਮਾਹਲ ਅਤੇ ਕਥਾ-ਚਕਰ ਤਿੰਨਾਂ ਵਿਚ ਬੁਨਿਆਦੀ ਤੌਰ ਉਤੇ ਕਾਫ਼ੀ ਫ਼ਰਕ ਹੈ। ਇਨ੍ਹਾਂ ਤਿੰਨਾਂ ਦੀ ਪ੍ਰਕ੍ਰਿਤੀ ਅਤੇ ਲੱਛਣ ਵੀ ਵਖੋ ਵਖਰੇ ਹਨ। ਇਸ ਸੰਦਰਭ ਵਿਚ ਕੋਈ ਵੀ ਪਰੰਪਰਾਗਤ ਬ੍ਰਿਤਾਂਤ, ਭਾਵੇਂ ਉਹ ਲਘੂ ਹੈ ਜਾਂ ਦੀਰਘ, ਜੋ ਆਪਣੇ ਆਪ ਵਿਚ ਸੰਪੂਰਨ ਹੈ, ਤਾਂ ਕਥਾ ਦੇ ਅੰਤਰਗਤ ਆ ਜਾਂਦਾ ਹੈ। ਮਾਹਲ ਅਨੇਕਾਂ ਕਥਾਵਾਂ ਦਾ ਸਮੂਹ ਹੈ। ਮਾਹਲ ਦੇ ਪਾਤਰ ਕਥਾ ਦੇ ਬਾਹਰ ਵੀ ਉਤਨੇ ਹੀ ਫੈਲੇ ਹੁੰਦੇ ਹਨ ਜਿਤਨੇ ਕਥਾ ਦੇ ਅੰਦਰ ਅਤੇ ਉਸ ਦੇ ਕਈ ਪਾਤਰਾਂ ਦਾ ਤਾਂ ਆਪਣਾ ਵਖਰਾ ਗੌਰਵ ਜਾਂ

Sri Satguru Jagjit Singh Ji eLibrary NamdhariElibrary@gmail.com

ਵਿਲਖਣ ਸਥਾਨ ਵੀ ਹੁੰਦਾ ਹੈ। ਉਦਾਹਰਣ ਲਈ ਸਲਵਾਨ ਦੀ ਮਾਹਲ ਲਓ, ਜਿਸ ਵਿਚ ਇਛਰਾਂ, ਲੂਣਾਂ, ਪੂਰਨ, ਰਸਾਲੂ, ਹੋਡੀ ਆਦਿ ਅਨੇਕਾਂ ਪਾਤਰ ਮੂਲ ਕਥਾ ਤੋਂ ਬਾਹਰ ਵੀ ਵਖਰੀ ਹੋਂਦ ਅਤੇ ਨਵੇਕਲੇ ਕਥਾ-ਚਕਰਾਂ ਦੇ ਮਾਲਕ ਹਨ। ਦੂਜੇ ਸ਼ਬਦਾਂ ਵਿਚ ਮਾਹਲ ਵਿਚ ਕਈ ਕਥਾ-ਚਕਰ ਸਮਾਏ ਹੁੰਦੇ ਹਨ। ਪੰਜਾਬੀ ਵਿਚ ਕਈ ਮਾਹਲਾਂ ਪ੍ਰਚਲਤ ਹਨ। ਦੂਜੀ ਵਡੀ ਮਾਹਲ ਹੀਰ-ਸਹਿਤੀ ਦੀ ਹੈ, ਜਿਸ ਵਿਚ ਹੀਰ ਰਾਂਝਾ ਅਤੇ ਸਹਿਤੀ ਮੁਰਾਦ ਦੀਆਂ ਦੋ ਪ੍ਰੀਤ ਕਥਾਵਾਂ ਇਕ ਦੂਜੇ ਵਿਚ ਓਤਪੋਤ ਹਨ।

ਕਥਾ-ਚਕਰ ਕਿਸੇ ਇਕ ਪਾਤਰ ਨਾਲ ਸੰਬੰਧਿਤ ਕਥਾਵਾਂ ਦਾ ਸਮੂਹ ਹੈ। ਕਿਸੇ ਇਕ ਪਾਤਰ ਨਾਲ, ਉਸ ਦੇ ਚਰਿਤ੍ਰ ਦੀ ਸੰਭਾਵਨਾ ਦੇ ਅਨੁਕੂਲ, ਕਈ ਕਥਾਨਿਕ ਰੂੜ੍ਹੀਆਂ ਜੋੜ ਕੇ ਅਨੇਕਾਂ ਕਥਾਵਾਂ ਦੀ ਲੜੀ ਸਿਰਜਣ ਦੀ ਪ੍ਰਥਾ ਸਾਡੀ ਪਰੰਪਰਾ ਰਹੀ ਹੈ। ਕਥਾ-ਚਕਰ ਸਾਡੇ ਕਥਾਵਿਕ-ਮਨ ਦੀ ਵਿਸਤ੍ਰਿਤ ਅਭਿਵਿਅਕਤੀ ਦੀ ਇਕ ਮਹੱਤਵਪੂਰਣ ਜੁਗਤ ਰਹੀ ਹੈ। ਪਾਤਰ ਅਨੇਕਾਂ ਸਥਿਤੀਆਂ ਅਤੇ ਘਟਨਾਵਾਂ ਵਿਚੋਂ ਲੰਘਦਾ ਆਪਣਾ ਵਿਲਖਣ ਚਰਿਤ੍ਰ ਕਾਇਮ ਰਖਦਾ ਹੈ। ਇਹੋ ਚਰਿਤ੍ਰ ਹੀ ਉਸ ਦੀ ਹੋਣੀ ਹੈ, ਜਿਸ ਨੂੰ ਉਹ ਹਰ ਕਥਾ ਵਿਚ ਭੋਗਦਾ ਹੈ।

ਕਥਾ-ਚਕਰ ਵਿਚੋਂ ਚਾਰ ਵਿਸ਼ੇਸ਼ ਚਕਰ ਤਾਂ ਵਿਲੱਖਣ ਅਤੇ ਅਦਭੁਤ ਹੋਣ ਕਰ ਕੇ ਪੰਜਾਬੀ ਕਥਾ-ਪ੍ਰਵਾਹ ਵਿਚ ਗੌਰਵਮਈ ਸਥਾਨ ਰਖਦੇ ਹਨ ਅਤੇ ਉਨ੍ਹਾਂ ਦੇ ਨਾਇਕ ਆਪਣੀਆਂ ਕਥਾਵਾਂ ਸਮੇਤ ਨਿਤ ਦੀ ਬੋਲਚਾਲ ਵਿਚ ਹਮੇਸ਼ਾਂ ਯਾਰਾਂ ਮਿੱਤਰਾਂ ਵਾਂਗ ਵਿਚਰਦੇ ਰਹਿੰਦੇ ਹਨ। ਇਨ੍ਹਾਂ ਪਾਤਰਾਂ ਨੂੰ ਹਰ ਕੋਈ ਸਹਿਜੇ ਹੀ ਪਛਾਣ ਲੈਂਦਾ ਹੈ। ਇਨ੍ਹਾਂ ਕਥਾਵਾਂ ਦੇ ਬੀਜ-ਚਰਿਤ੍ਰ ਦੀ ਸੰਭਾਵਨਾ ਅਨੁਕੂਲ, ਅੱਜ ਵੀ ਨਵੀਆਂ ਕਥਾਵਾਂ ਸਿਰਜ ਕੇ, ਇਨ੍ਹਾਂ ਦੇ ਕਥਾ-ਚਕਰਾਂ ਵਿਚ ਬੀੜਨ ਦਾ ਅਮਲ ਜਾਰੀ ਹੈ।

(1) ਸ਼ੇਖ਼ ਚਿਲੀ ਕਥਾ-ਚਕਰ : ਸ਼ੇਖ਼ ਚਿਲੀ ਭਾਵੇਂ ਇਕ ਬੜਾ ਪਹੁੰਚਿਆ ਹੋਇਆ ਵਿਵੇਕਸ਼ੀਲ ਪੀਰ ਸੀ, ਜਿਸ ਦਾ ਮਕਬਰਾ ਪਾਣੀਪਤ ਵਿਚ ਹੈ। ਪਰ ਲੋਕ-ਜਗਤ ਵਿਚ ਇਸ ਦਾ ਇਕ ਵਿਸ਼ੇਸ਼ ਤਰ੍ਹਾਂ ਦਾ ਵਿਲਖਣ ਚਰਿਤ੍ਰ ਸਥਾਪਿਤ ਹੋ ਚੁਕਾ ਹੈ। ਸ਼ੇਖ਼ ਚਿਲੀ ਮੂਰਖ, ਅਲ੍ਹੜ ਅਤੇ ਸਰਲ ਚਿੱਤ ਹੋਣ ਤੋਂ ਇਲਾਵਾ ਸੁਫਨਿਆਂ ਦੀ ਦੁਨੀਆਂ ਵਿਚ ਵਿਚਰਨ ਵਾਲਾ ਅਜਿਹਾ ਵਿਅਕਤੀ ਹੈ, ਜੋ ਆਮ ਵਿਹਾਰਕ ਸੋਝੀ ਤੋਂ ਵੀ ਸੱਖਣਾ ਹੈ। ਲੋਕ-ਮਨ ਨੇ ਵਿਵੇਕਸ਼ੀਲ ਚਿਲੀ ਨੂੰ ਮੂੜ੍ਹ ਚਿਲੀ ਕਿਵੇਂ ਬਣਾ ਦਿਤਾ ? ਇਸ ਬਾਰੇ ਇਤਿਹਾਸ ਮੌਨ ਹੈ। ਇਸ ਕਥਾ-ਚਕਰ ਦੀਆਂ ਕਥਾਵਾਂ ਦੀ ਗਿਣਤੀ ਕਈ ਸੈਂਕੜੇ ਤਕ ਹੈ। ਪਟੜੀਆਂ ਉਤੇ ਘਟੀਆ ਕਾਗਜ਼ ਉਤੇ, ਜੋ ਕਿੱਸੇ ਤੇ ਲਤੀਫ਼ੇ ਵਿਕਦੇ ਹਨ, ਉਨ੍ਹਾਂ ਵਿਚ ਸ਼ੇਖ਼ ਚਿਲੀ ਦੀਆਂ ਕਥਾਵਾਂ ਦੇ ਸੰਕਲਨ ਵੀ ਆਮ ਵੇਖੇ ਜਾ ਸਕਦੇ ਹਨ (ਵੇਖੋ : ਸ਼ੇਖ਼ ਚਿਲੀ)।

(2) 'ਲਾਲ-ਬੁਝਕੜ' ਕਥਾ-ਚਕਰ : ਸ਼ੇਖ਼ ਚਿਲੀ ਵਾਂਗ ਹੀ ਲਾਲ ਬੁਝਕੜ ਵੀ ਇਕ ਅਲਪ ਬੁਧੀ ਵਾਲਾ ਵਿਲੱਖਣ ਚਰਿਤ੍ਰ ਹੈ। ਇਹ ਚਰਿਤ੍ਰ ਹਰ ਦ੍ਰਿਸ਼ਟਮਾਨ ਜਾਂ ਕਾਰਜ ਦਾ ਜੋ ਕਾਰਨ ਆਪਣੀ ਅਲਪ ਬੁਧੀ ਤੇ ਫੋਕਟ ਕਲਪਨਾ ਦੁਆਰਾ ਦਸਣ ਦੀ ਕੋਸ਼ਿਸ਼ ਕਰਦਾ ਹੈ, ਉਹ ਆਪਣੇ ਆਪ ਵਿਚ ਅਲੋਕਾਰ ਹੁੰਦਾ ਹੈ। ਜਿਵੇਂ ਇਕ ਪਿੰਡ ਵਿਚੋਂ ਰਾਤ ਵੇਲੇ ਕੋਈ ਹਾਥੀ ਲੰਘ ਗਿਆ। ਪਿੰਡ ਦੇ ਲੋਕਾਂ ਨੇ ਪਹਿਲਾਂ ਕਦੇ ਹਾਥੀ ਨੂੰ ਵੇਖਿਆ ਨਹੀਂ ਸੀ। ਉਸ ਦੇ ਪੈਰਾਂ ਦੇ ਨਿਸ਼ਾਨ ਵੇਖ ਕੇ ਲੋਕ ਕਈ ਤਰ੍ਹਾਂ ਦੇ ਅਨੁਮਾਨ ਲਗਾਣ ਲਗੇ। ਅਖੀਰ ਸਭ ਲੋਕ ਲਾਲ ਬੁਝਕੜ ਕੋਲੋਂ ਪੁਛਣ ਗਏ, ਜਿਸ ਨੇ ਦਸਿਆ ਕਿ ਰਾਤੀਂ ਕੋਈ ਮਸਖ਼ਰਾ ਪੈਰਾਂ ਨਾਲ ਚੱਕੀ ਦਾ ਪੁੜ ਬੰਨ੍ਹ ਕੇ ਪਿੰਡ ਵਿਚੋਂ ਲੰਘਿਆ ਹੈ। ਇਹੋ ਫੋਕਟ ਸੋਝੀ ਲਾਲ ਬੁਝਕੜ ਦੀ ਹੋਣੀ ਰਹੀ ਹੈ।

(3) 'ਅਕਬਰ ਬੀਰਬਲ' ਕਥਾ-ਚਕਰ : ਇਸ ਕਥਾ ਚਕਰ ਵਿਚ ਉਪਰਲੇ ਦੋਹਾਂ ਕਥਾ ਚਕਰਾਂ ਨਾਲੋਂ ਵਖਰੀ ਪ੍ਰਕ੍ਰਿਤੀ ਦੀਆਂ ਕਹਾਣੀਆਂ ਪ੍ਰਚਲਤ ਹਨ। ਇਨ੍ਹਾਂ ਕਥਾਵਾਂ ਦਾ ਵਿਸ਼ੇਸ਼ ਗੁਣ ਇਨ੍ਹਾਂ ਵਿਚਲਾ ਬੌਧਿਕ ਹਾਸ ਵਿਲਾਸ, ਵਿਹਾਰਕ ਸੂਝ ਅਤੇ ਮਸ਼ਕਰੀ ਹੈ।

(4) ਸੁਥਰਾ ਕਥਾ ਚਕਰ : ਸੁਥਰਾ ਇਕ ਵਿਸ਼ੇਸ਼ ਤਰ੍ਹਾਂ ਦਾ ਪਾਤਰ ਹੈ, ਜੋ ਬੇਪਰਵਾਹੀ, ਅਲਗ਼ਰਜ਼ੀ ਅਤੇ ਨਿਸ਼ੰਗਤਾ ਦਾ ਪ੍ਰਤੀਕ ਬਣ ਗਿਆ ਹੈ। ਇਸ ਲਈ ਸੁਥਰੇ ਨਾਲ ਸਬੰਧਿਤ ਕਥਾ ਚਕਰ ਸੁਭਾਵ ਵਿਚ ਉਪ੍ਰੋਕਤ ਤਿੰਨਾਂ ਕਥਾ ਚਕਰਾਂ ਨਾਲੋਂ ਵਖਰਾ ਹੈ।

ਇਸ ਤਰ੍ਹਾਂ ਦੇ ਨਿਕੇ ਨਿਕੇ ਕਈ ਹੋਰ ਕਥਾ ਚਕਰ ਵੀ ਹਨ।

ਉਪ੍ਰੋਕਤ ਚਕਰ ਸ਼ੁਧ ਰੂਪ ਵਿਚ ਲੌਕਿਕ ਹਨ ਅਤੇ ਇਨ੍ਹਾਂ ਕਥਾਵਾਂ ਵਿਚ ਪੰਜਾਬੀ ਸੁਭਾਅ ਦੀਆਂ ਬੁਨਿਆਦੀ ਪ੍ਰਵਿਰਤੀਆਂ ਦੀ ਝਲਕ ਪ੍ਰਤੱਖ ਵਿਖਾਈ ਦਿੰਦੀ ਹੈ। ਉਪ੍ਰੋਕਤ ਪਾਤਰ ਨਾ ਸਿਰਫ਼ ਲੋਕ-ਮਨ ਦੀ ਘਾੜਤ ਹੀ ਹਨ, ਸਗੋਂ ਉਨ੍ਹਾਂ ਵਿਚ ਇਕ ਅਜਿਹੀ ਸੁਰ ਅਤੇ ਮੁਹਾਵਰਾ ਵਿਦਮਾਨ ਹੈ, ਜੋ ਸ਼ੁਧ ਰੂਪ ਵਿਚ ਪੰਜਾਬੀ ਹੈ।

ਕੁਝ ਕਥਾ ਚਕਰ ਧਰਮ-ਪਰਕ ਹਨ, ਜਿਨ੍ਹਾਂ ਵਿਚ ਇਕ ਜਾਂ ਦੂਜੀ ਸੰਪਰਦਾਇ ਜਾਂ ਮੱਤ ਸ਼ਰਧਾ ਰਖਦੇ ਹਨ। ਪਰ ਇਹ ਕਥਾਵਾਂ ਧਰਮ-ਪਰਾਇਣ ਹੁੰਦਿਆਂ ਵੀ ਲੌਕਿਕ ਬਿਰਤੀ ਦੀਆਂ ਹਨ। ਕੱਟੜਤਾ ਇਨ੍ਹਾਂ ਦੀ ਪ੍ਰਕ੍ਰਿਤੀ ਨਹੀਂ। ਇਸ ਲਈ ਇਹ ਕਥਾਵਾਂ ਪੰਜਾਬੀਆਂ ਦਾ ਸਾਂਝਾ ਵਿਰਸਾ ਹਨ। ਇਨ੍ਹਾਂ ਕਥਾ-ਚਕਰਾਂ ਦਾ ਆਪਣਾ ਮਹੱਤਵ ਹੈ :—

ਨਾਥ ਕਥਾ ਚਕਰ : ਇਹ ਚਕਰ ਪ੍ਰਮੁਖ ਨਾਥਾਂ ਅਤੇ ਜੋਗੀਆਂ ਨਾਲ ਸਬੰਧਿਤ ਕਥਾਵਾਂ ਦਾ ਹੈ, ਜਿਨ੍ਹਾਂ ਦੀ ਪ੍ਰਕ੍ਰਿਤੀ ਦੂਜੇ ਕਥਾ ਚਕਰਾਂ ਨਾਲੋਂ ਵਖਰੀ ਹੈ। ਇਨ੍ਹਾਂ ਕਥਾਵਾਂ ਵਿਚ ਤਿਆਗ ਨੂੰ ਪ੍ਰਧਾਨਤਾ ਪ੍ਰਾਪਤ ਹੈ ਅਤੇ ਮਾਇਆ ਤੇ ਇਸਤ੍ਰੀ ਨੂੰ ਨਿੰਦਿਆ ਗਿਆ ਹੈ। ਜੋਗੀਆਂ ਅਤੇ ਨਾਥਾਂ ਵਿਚ ਬਹੁਤੀਆਂ ਕਥਾਵਾਂ ਗੋਰਖ, ਭਰਥਰੀ ਅਤੇ ਗੋਪੀ ਚੰਦ ਨਾਲ ਸਬੰਧਿਤ ਹਨ। ਇਨ੍ਹਾਂ ਤਿੰਨਾਂ ਮਹਾਂ ਪੁਰਖਾਂ ਬਾਰੇ ਇਤਨੀਆਂ ਕਥਾਵਾਂ ਮਿਲਦੀਆਂ ਹਨ ਕਿ ਹਰੇਕ ਦੇ ਆਪੋ ਆਪਣੇ ਵਖਰੇ ਕਥਾ ਚਕਰ ਚਲੇ ਹੋਏ ਹਨ। ਪੂਰਨ, ਮਛੰਦਰ, ਬਾਲ ਨਾਥ, ਰਤਨ ਆਦਿ ਬਾਰੇ ਵੀ ਕਾਫ਼ੀ ਮਾਤਰਾ ਵਿਚ ਰੌਚਕ ਕਥਾਵਾਂ ਲੋਕ-ਸਿਮਰਤੀ ਦਾ ਭਾਗ ਬਣੀਆਂ ਹੋਈਆਂ ਹਨ। ਲੋਕ ਧਾਰਨਾ ਅਨੁਸਾਰ ਮਛੰਦਰ ਨਾਥ ਦੀ ਮਛ ਵਿਚੋਂ ਉਤਪਤੀ ਹੋਈ ਅਤੇ ਗੋਰਖ ਦੀ ਗੋਬਰ ਵਿਚੋਂ।

(2) ਪੀਰ ਕਥਾ ਚਕਰ : ਮੁਸਲਮਾਨਾਂ ਵਿਚ ਪੀਰ ਪ੍ਰਸਤੀ ਇਤਨੀ ਬਲਵਾਨ ਹੈ ਕਿ ਪੰਜਾਬ ਵਿਚ ਪੀਰਾਂ ਦੀਆਂ ਅੱਜ ਵੀ ਸੈਂਕੜੇ ਗੱਦੀਆਂ, ਤਕੀਏ ਅਤੇ ਆਸਨ ਮਿਲਦੇ ਹਨ, ਜਿਨ੍ਹਾਂ ਦੀ ਲੋਕਾਂ ਵਿਚ ਮਾਨਤਾ ਹੈ। ਪੰਜਾਬ ਵਿਚ ਕੋਈ ਪਿੰਡ ਅਜਿਹਾ ਨਹੀਂ ਜਿਥੇ ਪੀਰ-ਫ਼ਕੀਰ ਦੀ ਕੋਈ ਕਬਰ, ਮਜ਼ਾਰ ਜਾਂ ਚੂਰਾ ਨਾ ਮਿਲਦਾ ਹੋਵੇ ਅਤੇ ਜਿਸ ਦੀ ਬਰਕਤ/ਅਜ਼ਮਤ ਬਾਰੇ ਕੋਈ ਕਥਾ ਕਹਾਣੀ ਪ੍ਰਚਲਤ ਨਾ ਹੋਵੇ। ਜੇ ਪੀਰਾਂ ਦੀ ਸੰਖਿਆ ਹਜ਼ਾਰਾਂ ਤਕ ਜਾ ਪਹੁੰਚਦੀ ਹੈ, ਤਾਂ ਉਨ੍ਹਾਂ ਨਾਲ ਸਬੰਧਿਤ ਕਥਾਵਾਂ ਦੇ ਅੰਕੜੇ ਲਖਾਂ ਤਕ ਮਿਥੇ ਜਾ ਸਕਦੇ ਹਨ। ਕਈ ਪੀਰਾਂ ਦੇ ਤਾਂ ਵਖਰੇ ਕਥਾ ਚਕਰ ਵੀ ਹਨ ਜਿਵੇਂ ਫ਼ਰੀਦ (ਫ਼ਰੀਦ ਦੇ ਮਸਲੇ), ਸਖੀ ਸਰਵਰ, ਗੁਗਾ ਪੀਰ ਅਤੇ ਲਾਲ ਬੇਗ ਆਦਿ ਦੇ। ਪੀਰਾਂ ਦੇ 'ਸੁਖਨ' ਵੀ ਇਸੇ ਕਥਾ ਚਕਰ ਨਾਲ ਸਬੰਧਿਤ ਹਨ।

(3) ਸ਼ਹੀਦ-ਗਾਜ਼ੀ ਕਥਾ ਚਕਰ : ਪੰਜਾਬ ਵਿਚ ਗਾਜ਼ੀਆਂ ਦੇ ਨੌਗਜ਼ੇ, ਸਿੱਖ ਸ਼ਹੀਦਾਂ ਦੇ ਅੰਗੀਠੇ ਅਤੇ ਜਾਨਬਾਜ਼ਾਂ ਤੇ ਅਨੁਰਾਗੀਆਂ ਦੇ ਚੂਰੇ ਕਾਫ਼ੀ ਮਾਤਰਾ ਵਿਚ ਮਿਲਦੇ ਹਨ ਅਤੇ ਹਰੇਕ ਵਿਅਕਤੀ ਦੀ ਆਪੋ ਆਪਣੀ ਅਦਭੁਤ ਕਥਾ ਹੈ, ਜਿਸ ਵਿਚ ਵਾਸਤਵਿਕਤਾ ਨਾਲੋਂ ਮਿੱਥ ਦਾ ਅੰਸ਼ ਵਧੇਰੇ ਹੈ।

(4) ਭਗਤ-ਸੰਤ-ਗੁਰੂ ਕਥਾ-ਚਕਰ : ਪੰਜਾਬ ਵਿਚ ਅਨੇਕਾਂ ਸੰਤ, ਭਗਤ ਅਤੇ ਗੁਰੂ ਆਦਿ ਮਹਾਂਪੁਰਖ ਹੋਏ ਹਨ, ਜਿਨ੍ਹਾਂ ਬਾਰੇ ਕਾਫ਼ੀ ਸਾਰੀ ਲੋਕਧਾਰਾਈ ਸਾਮਗ੍ਰੀ ਅਤੇ ਕਥਾਨਿਕ ਰੂੜ੍ਹੀਆਂ,

Sri Satguru Jagjit Singh Ji eLibrary NamdhariElibrary@gmail.com

ਸਾਖੀਆਂ ਅਤੇ ਬਚਨਾਂ ਦੇ ਰੂਪ ਵਿਚ ਮਿਲਦੀਆਂ ਹਨ। ਇਹ ਸਾਖੀ ਤੇ ਬਚਨ ਸਾਹਿੱਤ, ਤੱਥ ਮਿਥ ਦਾ ਸੰਜੋਗ ਹੋਣ ਕਰ ਕੇ, ਇਤਿਹਾਸ ਨਾਲੋਂ ਕਥਾ ਸਾਹਿੱਤ ਦਾ ਵਧੇਰੇ ਅੰਗ ਹੈ।

ਪੰਜਾਬ ਵਿਚ ਕੁਝ ਸਮਾਜਿਕ ਕਥਾ-ਚਕਰ ਵੀ ਮਿਲਦੇ ਹਨ, ਜਿਨ੍ਹਾਂ ਵਿਚੋਂ ਪ੍ਰਧਾਨ ਕਥਾ ਚਕਰ ਤਿੰਨ ਹਨ — (ੳ) ਗੋਤ ਕਥਾਵਾਂ, (ਅ) ਸਤੀ ਕਥਾ ਚਕਰ, (ੲ) ਜਠੇਰਾ ਕਥਾ ਚਕਰ। ਪੰਜਾਬ ਦੇ ਲੋਕ ਕਈ ਵਰਣਾਂ, ਜਾਤਾਂ, ਗੋਤਾਂ, ਕਬੀਲਿਆਂ ਵਿਚ ਵੰਡੇ ਹੋਏ ਹਨ। ਹਰ ਜਾਤ ਅੱਗੋਂ ਗੋਤਾਂ, ਘਰਾਂ, ਖਾਂਪਾਂ ਅਤੇ ਮੂਹੀਆਂ ਵਿਚ ਬਿਖਰੀ ਹੋਈ ਹੈ। ਹਰ ਜਾਤ ਗੋਤ ਦੀ ਉਤਪਤੀ ਬਾਰੇ ਜਾਂ ਉਸ ਦੀ ਸਤੀ ਜਾਂ ਜਠੇਰੇ ਬਾਰੇ ਵੀ ਰੋਚਕ ਕਥਾਵਾਂ ਮਿਲਦੀਆਂ ਹਨ, ਜਿਨ੍ਹਾਂ ਦੀ ਸੰਖਿਆ ਹਜ਼ਾਰਾਂ ਤਕ ਜਾ ਪੁਜਦੀ ਹੈ।

ਸਥਾਨਿਕ ਦੰਦ-ਕਥਾਵਾਂ : ਜਿਥੇ ਕਿਧਰੇ ਲੋਕ-ਸੰਸਕ੍ਰਿਤੀ ਆਪਣੇ ਪੂਰੇ ਜਲੌ ਵਿਚ ਹੋਵੇ, ਉਥੋਂ ਦੇ ਛਪੜਾਂ, ਬੋਹੜਾਂ ਤੇ ਨਦੀਆਂ ਨਾਲਿਆਂ ਨਾਲ ਕਈ ਰਵਾਇਤਾਂ ਸਹਿਜੇ ਹੀ ਜੁੜ ਜਾਂਦੀਆਂ ਹਨ। ਪੰਜਾਬ ਦਾ ਕੋਈ ਵਿਰਲਾ ਅਭਾਗਾ ਪਿੰਡ ਹੀ ਅਜਿਹਾ ਹੋਵੇਗਾ ਜਿਥੇ ਚਾਰ ਪੰਜ ਸਥਾਨਿਕ ਦੰਦ-ਕਥਾਵਾਂ ਪ੍ਰਚਲਤ ਨਾ ਹੋਣ। ਇਹ ਕਥਾਵਾਂ ਆਪਣੇ ਆਪ ਵਿਚ ਇਕ ਵਖਰਾ ਚਕਰ ਹਨ। ਦੋਹਾਂ ਪੰਜਾਬਾਂ ਵਿਚ ਪਿੰਡਾਂ ਦੀ ਸੰਖਿਆ ਲਖ ਤੋਂ ਉਪਰ ਜਾ ਬਣਦੀ ਹੈ। ਇਸ ਤਰ੍ਹਾਂ ਸਥਾਨਿਕ ਦੰਦ-ਕਥਾਵਾਂ ਦੀ ਸੰਖਿਆ ਕਈ ਲੱਖ ਮਿਥੀ ਜਾ ਸਕਦੀ ਹੈ।

## (ਕ-79) **ਕਥਾ ਪਰੰਪਰਾ :**

ਪੰਜਾਬੀ ਕਥਾ ਦਾ ਇਤਿਹਾਸ ਆਮ ਤੌਰ ਤੇ ਰਿਗ ਵੇਦ ਵਿਚ ਮਿਲਦੀਆਂ ਕਥਾਵਾਂ ਨਾਲ ਆਰੰਭ ਕੀਤਾ ਜਾਂਦਾ ਹੈ। ਪਰ ਪੰਜਾਬ ਵਿਚ ਆਰੀਆ ਜਾਤੀ ਤੋਂ ਵੀ ਪਹਿਲਾਂ ਇਕ ਉੱਨਤ ਅਤੇ ਗੌਰਵਮਈ ਸੰਸਕ੍ਰਿਤੀ ਪ੍ਰਚਲਤ ਸੀ, ਜਿਸ ਦੀ ਹੋਂਦ ਹੜੱਪਾ ਦੇ ਖੰਡਰਾਂ ਦੀ ਖੁਦਾਈ ਤੋਂ ਉਜਾਗਰ ਹੋਈ ਹੈ। ਹੜੱਪਾ ਦੀ ਥੇਹ ਵਿਚੋਂ ਜੋ ਭਾਂਡੇ, ਠੀਕਰ-ਮੁਹਰਾਂ ਤੇ ਹੋਰ ਸਮਿਗ੍ਰੀ ਮਿਲੀ ਹੈ, ਉਨ੍ਹਾਂ ਉਪਰ ਉਕਰੇ ਚਿਤਰਾਂ ਤੋਂ ਹੜੱਪਾਈ ਲੋਕਾਂ ਦੀ ਕਥਾ-ਅਨੁਭੂਤੀ ਤੇ ਕਲਾ-ਰੁਚੀਆਂ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਅਨੇਕਾਂ ਚਿੱਤਰ ਕਿਸੇ ਮਿੱਥਕ ਪਾਤਰ ਜਾਂ ਕਥਾ-ਖੰਡ ਨੂੰ ਰੂਪਮਾਨ ਕਰਦੇ ਹਨ ਅਤੇ ਇਸ ਗੱਲ ਦੇ ਪ੍ਰਮਾਣ ਹਨ ਕਿ ਹੜੱਪਾ ਵਾਸੀਆਂ ਵਿਚ ਇਕ ਪ੍ਰੌਢ ਕਿਸਮ ਦੀ ਕਥਾ-ਪਰੰਪਰਾ ਪ੍ਰਚਲਤ ਸੀ।

ਲੋਕ-ਕਥਾ ਦਾ ਪ੍ਰਾਚੀਨਤਮ ਰੂਪ ਮਿੱਥ ਹੈ। ਸਿੰਧੂ ਸਭਿਅਤਾ ਦੀਆਂ ਮੁਹਰਾਂ ਉਤੇ ਅਨੇਕਾਂ ਮਿੱਥਕ ਚਿਤ੍ਰ ਮਿਲਦੇ ਹਨ। ਇਕ ਮੁਹਰ ਉਤੇ ਇਕ ਪਾਸੇ ਇਕ ਨੰਗੀ ਇਸਤ੍ਰੀ ਸੀਰਸ਼ਾਸਨ ਮੁਦਰਾ ਵਿਚ ਪੌਦੇ ਨੂੰ ਜਨਮ ਦੇ ਰਹੀ ਹੈ ਅਤੇ ਉਸੇ ਮੁਹਰ ਦੇ ਖੱਬੇ ਪਾਸੇ ਦੋ ਸ਼ੇਰ ਪਿਛਲੀਆਂ ਟੰਗਾਂ ਉਪਰ ਇਕ ਦੂਜੇ ਦੇ ਆਮ੍ਹੋ ਸਾਹਮਣੇ ਖੜੇ ਹਨ। ਇਕ ਮੁਦਰਾ ਵਿਚ ਇਕ ਮਨੁਖ ਹੱਥ ਵਿਚ ਤਲਵਾਰ ਫੜੀ ਇਕ ਮਜ਼ਦੂਰ ਇਸਤ੍ਰੀ ਦਾ ਸਿਰ ਵਢਣ ਲਈ ਤਿਆਰ ਖੜਾ ਹੈ। ਇਕ ਮੁਹਰ ਉਤੇ ਇਕ ਤ੍ਰਿਮੁਖ ਦੇਵਤਾ ਯੋਗਾਸਨ ਮੁਦਰਾ ਵਿਚ ਬਿਰਾਜਮਾਨ ਹੈ, ਜਿਸ ਦੀਆਂ ਦੋਵੇਂ ਬਾਹਵਾਂ, ਮੋਢੇ ਤੋਂ ਕਲਾਈ ਤਕ, ਕੰਗਣਾਂ ਨਾਲ ਭਰੀਆਂ ਹੋਈਆਂ ਹਨ ਅਤੇ ਸਿਰ ਉਤੇ ਮੱਝ ਦੇ ਸਿੰਗ ਜਿਹੇ ਉਭਰੇ ਹੋਏ ਹਨ। ਦੇਵਤੇ ਦਾ ਇਹ ਰੂਪ ਬੜਾ ਵਿਲੱਖਣ ਅਤੇ ਅਦਭੁਤ ਹੈ। ਹੜੱਪਾ ਦੀਆਂ ਕੁਝ ਮੁਹਰਾਂ ਵਿਚ ਇਕ ਦੇਵਤੇ ਨੂੰ ਦੋ ਫਾਂਕ ਪਿਪਲ ਦੇ ਅੰਦਰ ਖੜਾ ਵਿਖਾਇਆ ਗਿਆ ਹੈ। ਇਕ ਹੋਰ ਮੁਹਰ ਉਪਰ ਇਕ ਮਨੁਖੀ ਸੀਸ ਵਾਲਾ ਪਸ਼ੂ ਅੰਕਿਤ ਹੈ, ਜਿਸ ਦੀ ਠੋਡੀ ਦੇ ਹੇਠਾਂ ਹਾਥੀ ਦੀ ਸੁੰਡ ਵਾਂਗ ਕਨਖਜੂਰਾ ਲਟਕ ਰਿਹਾ ਹੈ। ਇਕ ਹੋਰ ਮੁਹਰ ਵਿਚ ਸਤ ਪ੍ਰਾਣੀ ਖੱਬੇ ਪਾਸੇ ਮੂੰਹ ਕੀਤੀ ਖੜੇ ਹਨ, ਜਿਨ੍ਹਾਂ ਦੇ ਸਰੀਰ ਦਾ ਉਪਰਲਾ ਹਿੱਸਾ ਤਾਂ ਮਨੁਖ ਦਾ ਹੈ, ਪਰ ਹੇਠਲਾ ਧੜ ਪੰਛੀ ਦਾ। ਉਨ੍ਹਾਂ ਦੀਆਂ ਪੂਛਲਾਂ, ਪਤਲੀਆਂ ਟੰਗਾਂ ਅਤੇ ਪੈਰ ਪੰਛੀਆਂ ਵਰਗੇ ਹਨ। ਉਨ੍ਹਾਂ ਦੀਆਂ ਬਾਹਵਾਂ ਅਤੇ ਬੋਦੀਆਂ ਵੇਖਣ ਵਿਚ ਕਨਖਜੂਰੇ ਲਗਦੇ ਹਨ। ਸਿਰ ਉਪਰ ਪਿੱਪਲ ਅਥਵਾ ਸਮੀ ਦੀ ਸ਼ਾਖ਼ਾਂ ਦੇ ਮੁਕਟ ਹਨ। ਇਹ ਨਰ-ਬਿਹੰਗਮ ਕਿਸੇ ਦੇਵਤੇ ਦੇ ਸੇਵਕ ਜਾਪਦੇ ਹਨ, ਜੋ ਪੰਛੀਆਂ ਦੀ ਤਰ੍ਹਾਂ ਵਾਯੂ ਮੰਡਲ ਵਿਚ ਵਿਚਰਦੇ ਹੋਣਗੇ। ਇਕ ਹੋਰ ਮੁਹਰ ਵਿਚ ਇਕ ਵਚਿਤ੍ਰ ਦ੍ਰਿਸ਼ ਹੈ, ਜਿਸ ਵਿਚ ਇਕ ਬਘਿਆੜ ਜੀਵਨ-ਰੁੱਖ ਦੀਆਂ ਸ਼ਾਖ਼ਾਂ ਚੁਰਾਣ ਦੀ ਤਾੜ ਵਿਚ ਹੈ। ਉਹ ਇਸ ਦਰੱਖ਼ਤ ਹੇਠਾਂ ਖਲੋਤਾ ਉਪਰ ਬੈਠੇ ਰਾਖੇ (ਯਖਸ਼) ਵਲ ਵੇਖ ਰਿਹਾ ਹੈ। ਯਖਸ਼ ਵੀ ਇਕ ਹੱਥ ਨਾਲ ਬ੍ਰਿਛ ਦੀ ਟਹਿਣੀ ਨੂੰ ਥੰਮੀ ਅਤੇ ਦੂਜੇ ਹੱਥ ਨੂੰ ਪਸਾਰੀ, ਬਘਿਆੜ ਨੂੰ ਮੰਤਰ ਮੁਗਧ ਅਤੇ ਨਿਸਕ੍ਰਿਆ ਬਨਾਉਣ ਵਿਚ ਰੁਝਿਆ ਵਿਖਾਈ ਦਿੰਦਾ ਹੈ। ਯਖਸ਼ ਦਾ ਇਕ ਗੋਡਾ ਟਹਿਣੀ ਉਪਰ ਟਿਕਿਆ ਹੋਇਆ ਹੈ, ਪਰ ਦੂਜਾ ਉਪਰ ਵਲ ਉਠਿਆ ਹੋਇਆ, ਜਿਵੇਂ ਕੋਈ ਵੀਰਾਸਨ 'ਤੇ ਬੈਠਾ ਹੋਵੇ। ਇਸ ਬਘਿਆੜ ਦਾਨਵ ਅਤੇ ਰਾਖੇ ਯਖਸ਼ ਦੀ ਰੂੜ੍ਹੀ ਅਨੇਕਾਂ ਹੋਰ ਮੁਹਰਾਂ ਉਪਰ ਵੀ ਵੇਖਣ ਨੂੰ ਮਿਲਦੀ ਹੈ। ਬਹੁਤੀ ਵਾਰ ਇਹ ਦ੍ਰਿਸ਼ ਇਕੱਲਾ ਹੈ, ਪਰ ਕਈ ਵਾਰ ਹੋਰ ਦ੍ਰਿਸ਼ਾਂ ਨਾਲ ਸਮਿਲਤ ਰੂਪ ਵਿਚ ਵੀ ਚਿਤ੍ਰਿਆ ਮਿਲਦਾ ਹੈ। ਇਕ ਹੋਰ ਮੁਹਰ ਉਤੇ ਪਸ਼ੂਆਂ ਦੇ ਵਿਚਕਾਰ ਲੰਮੇ ਪੱਤਿਆਂ ਵਾਲੇ ਦੋ ਬ੍ਰਿਛ ਅਤੇ ਤਿੰਨ ਪੰਛੀ-ਮੁਖ ਮਗਰਮਛ ਹਨ, ਜਿਨ੍ਹਾਂ ਨੇ ਆਪਣੀਆਂ ਚੁੰਝਾਂ ਵਿਚ ਮਛਲੀਆਂ ਫੜੀਆਂ ਹੋਈਆਂ ਹਨ। ਉਪਰ ਹਵਾ ਵਿਚ ਤਿੰਨ ਪੰਛੀ ਉਡ ਰਹੇ ਹਨ, ਜਿਨ੍ਹਾਂ ਵਿਚੋਂ ਇਕ ਪੰਛੀ ਚੁੰਝ ਖੋਲ੍ਹੀ ਚਿਚਲਾਂਦਾ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਆਉਣ ਵਾਲੇ ਖ਼ਤਰੇ ਤੋਂ ਸੁਚੇਤ ਕਰ ਰਿਹਾ ਹੋਵੇ। ਇਹ ਸਭ ਮੋਟਿਫ ਕਥਾ ਕਹਾਣੀਆਂ ਦੇ ਹੀ ਕਿਸੇ ਦ੍ਰਿਸ਼ਟਮਾਨ ਦੇ ਚਿਤਰ ਜਾਪਦੇ ਹਨ।

ਹੜੱਪਾ ਦੇ ਕਬਰਸਤਾਨ (ਐਚ. 206 ਬੀ.) ਵਿਚ ਅਨੇਕਾਂ ਅਸਥੀ-ਮਟਕੇ ਮਿਲੇ ਹਨ, ਜਿਨ੍ਹਾਂ ਦੇ ਉਪਰ ਅੰਕਿਤ ਕੁਝ ਚਿਤਰ ਤਾਂ ਪਰਲੋਕ ਯਾਤ੍ਰਾ ਦੇ ਦ੍ਰਿਸ਼ ਹਨ, ਪਰ ਕੁਝ ਇਕ ਜਟਿਲ ਚਿਤਰਾਂ ਵਿਚ ਕੋਈ ਮਿੱਥ ਸਮੂਰਤ ਜਾਪਦੀ ਹੈ। ਇਕ ਜਟਿਲ ਦ੍ਰਿਸ਼ ਵਿਚ ਇਕ ਮੋਰ-ਮੁਖ ਪ੍ਰਾਣੀ ਸਜੇ ਪਾਸੇ ਵਲ ਮੂੰਹ ਕਰ ਕੇ ਖੜਾ ਹੈ, ਜਿਸ ਦਾ ਸਿਰ, ਮੂੰਹ ਅਤੇ ਬਾਹਵਾਂ ਮੋਰ ਦੀਆਂ ਹਨ, ਬਾਕੀ ਸਾਰਾ ਧੜ ਮਨੁਖ ਦਾ ਹੈ। ਸਿਰ ਉਪਰ ਟੇਢੀਆਂ ਰੇਖਾਂ ਨਾਲ ਉਕਰੀ ਕਲਗੀ ਮਨੁਖ ਦੇ ਲੰਮੇ ਵਾਲਾਂ ਦਾ ਭਰਮ ਪੈਦਾ ਕਰਦੀ ਹੈ। ਇਹ ਵਚਿਤ੍ਰ ਮਨੁਖ ਆਪਣੀਆਂ ਬਾਹਵਾਂ ਦੇ ਅਗਲੇ ਹਿੱਸੇ ਨੂੰ ਬਾਹਰ ਵਲ ਤਣੀ ਅਤੇ ਪੰਛੀ ਦੇ ਪੰਜਿਆਂ ਵਰਗੇ ਆਪਣੇ ਹਰੇਕ ਹੱਥ ਵਿਚ ਇਕ ਵਡੇ ਆਕਾਰ ਦੇ ਪਸ਼ੂ ਦੇ ਰੱਸੇ ਨੂੰ ਥੰਮੀ ਖੜਾ ਹੈ। ਰੱਸੇ ਦਾ ਇਕ ਸਿਰਾ ਪਸ਼ੂ ਦੇ ਗਲ ਨਾਲ ਬੰਨ੍ਹਿਆ ਹੋਇਆ ਹੈ ਪਰ ਦੂਜਾ ਵਚਿਤ੍ਰ ਮਨੁਖ ਦੇ ਪੈਰਾਂ ਹੇਠ ਦਬਿਆ ਹੋਇਆ ਹੈ। ਆਪਣੇ ਖਬੇ ਹੱਥ ਵਿਚ, ਮਨੁਖ ਨੇ, ਰਸੇ ਤੋਂ ਇਲਾਵਾ, ਤੀਰ ਕਮਾਨ ਵੀ ਸੰਭਾਲਿਆ ਹੋਇਆ ਹੈ। ਖਬੇ ਪਾਸੇ ਵਲ ਦੇ ਪਸ਼ੂ ਉਪਰ ਇਕ ਭਿਆਨਕ ਕੁੱਤਾ ਧਾਵਾ ਬੋਲ ਕੇ ਉਸ ਦੀ ਪੂਛਲ ਕਟਣ ਦੀ ਚੇਸ਼ਟਾ ਕਰ ਰਿਹਾ ਹੈ।

ਇਕ ਹੋਰ ਚਿਤ੍ਰ ਵਿਚ, ਇਕ ਮੋਰ ਆਪਣੇ ਸਰੀਰ ਵਿਚ ਬਣੇ ਗੋਲਾਕਾਰ ਵਿਚ, ਇਕ ਮਨੁਖ ਨੂੰ ਸੰਭਾਲੀ ਸੂਰਜ ਲੋਕ ਵਲ ਉਡਦਾ ਜਾ ਰਿਹਾ ਹੈ। ਇਕ ਕੁੰਭ ਉਪਰ ਤਿੰਨ ਮੱਛੀਆਂ ਦਾ ਚਿਤ੍ਰ ਹੈ, ਜਿਨ੍ਹਾਂ ਨੇ ਜੀਵਨ-ਬ੍ਰਿਛ ਦੀਆਂ ਟਹਿਣਾਂ ਮੂੰਹ ਵਿਚ ਫੜੀਆਂ ਹੋਈਆਂ ਹਨ।

ਭਾਵੇਂ ਇਨ੍ਹਾਂ ਚਿਤਰਾਂ ਵਿਚੋਂ ਕੋਈ ਕਹਾਣੀ ਆਪਣੇ ਬ੍ਰਿਤਾਂਤਕ ਵਿਸਥਾਰ ਵਿਚ ਸਿਰਜਣੀ ਸੌਖੀ ਨਹੀਂ, ਪਰ ਠੀਕਰ-ਮੁਹਰਾਂ ਅਤੇ ਕੁੰਭਾਂ ਉਪਰ ਅੰਕਿਤ ਕਥਾਨਿਕ ਰੂੜ੍ਹੀਆਂ ਅਤੇ ਹੋਰ ਮੋਟਿਫ ਇਸ ਗੱਲ ਦਾ ਪ੍ਰਮਾਣ ਹਨ ਕਿ ਹੜੱਪਾ ਯੁਗ ਵਿਚ ਪੰਜਾਬੀ ਕਹਾਣੀ ਬਾਲ ਅਵਸਥਾ ਵਿਚੋਂ ਲੰਘ ਕੇ ਕਿਸ਼ੋਰ ਅਵਸਥਾ ਵਿਚ ਪੁਜ ਚੁਕੀ ਸੀ। ਮੁਹਰਾਂ ਉਪਰ ਜਟਿਲ ਚਿਤਰ ਕਿਸੇ ਜੀਵਨ ਦ੍ਰਿਸ਼ਟਮਾਨ ਦੀ ਥਾਂ ਕਿਸੇ ਕਥਾ-ਕਹਾਣੀ ਦੇ ਚਿਤ੍ਰ ਪ੍ਰਤੀਤ ਹੁੰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਹੜੱਪਾ ਦੀ ਪ੍ਰਧਾਨ ਪ੍ਰਵਿਰਤੀ ਮਿਸ਼ਰਣ ਪਾਤਰਾਂ ਤੇ ਨਾਇਕਾਂ ਦੇ ਸਿਰਜਣ ਵਲ ਸੀ। ਇਸੇ ਲਈ ਜੇ ਸਿਰ ਸ਼ੇਰ ਦਾ ਹੈ ਤਾਂ ਧੜ ਮਨੁਖ ਦਾ; ਜੇ ਮੂੰਹ ਉੱਲੂ ਦਾ ਹੈ ਤਾਂ ਬਾਕੀ ਅੰਗ ਕਿਸੇ ਹੋਰ ਜੀਵ ਦੇ ਹਨ; ਜੇ ਸਿਰ, ਮੂੰਹ ਤੇ ਹੱਥ ਮੋਰ ਦੇ ਹਨ, ਤਾਂ ਬਾਕੀ ਕਾਇਆ ਮਨੁਖ ਦੀ ਹੈ। ਇਹ ਰੁਚੀ ਇਤਨੀ ਪ੍ਰਬਲ ਹੈ ਕਿ ਇਕ ਚਿਤ੍ਰ ਵਿਚ ਇਕ ਮਗਰਮਛ ਦਾ ਮੂੰਹ ਪੰਛੀ ਦਾ ਵਿਖਾਇਆ ਗਿਆ ਹੈ। ਕੁਝ ਪ੍ਰਾਣੀ ਅਲੌਕਿਕ ਹਨ ਜਿਵੇਂ ਤਿੰਨ ਸਿਰਾਂ ਵਾਲਾ ਪਸ਼ੂ। ਇਨ੍ਹਾਂ ਚਿਤਰਾਂ ਤੋਂ ਪ੍ਰਗਟ ਹੁੰਦਾ ਹੈ ਕਿ ਹੜੱਪਾ ਯੁਗ ਦੀ ਕਥਾ ਦੀ ਪ੍ਰਕ੍ਰਿਤੀ ਸ਼ੁਧ ਰੂਪ ਵਿਚ ਮਿਥਿਕ ਸੀ।

ਹੜੱਪਾ ਯੁਗ ਦੀ ਕਥਾ, ਆਪਣੇ ਬ੍ਰਿਤਾਂਤਕ ਰੂਪ ਵਿਚ, ਉਪਲਬਧ ਨਾ ਹੋਣ ਕਰ ਕੇ, ਇਸ ਦੇ ਥੀਮਾਂ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਥੀਮਾਂ ਵਿਚੋਂ ਇਕ ਪ੍ਰਸਿਧ ਥੀਮ ਦਾਨਵਾਂ ਤੋਂ ਦੇਵ ਵਸਤੂ ਦੀ ਰੱਖਿਆ ਦਾ ਹੈ। ਯਖਸ਼ ਦਰੱਖ਼ਤ ਉਪਰ ਬੈਠਾ ਬਾਘ ਦਾਨਵ ਤੋਂ ਬ੍ਰਿਛ ਦੀ ਟਹਿਣੀ ਦੀ ਰੱਖਿਆ ਕਰ ਰਿਹਾ ਹੈ। ਇਹ ਚਿਤਰ ਇਕਹਿਰੇ ਮੋਟਿਫ ਦੇ ਰੂਪ ਵਿਚ ਅਤੇ ਕਈ ਵਾਰ ਜਟਿਲ ਮੋਟਿਫਾਂ ਵਿਚ, ਇਕਾਈ ਦੇ ਰੂਪ ਵਿਚ ਮਿਲਦਾ ਹੈ। ਇਹੋ ਵਿਸ਼ਾ ਵੈਦਿਕ ਕਾਲ ਵਿਚ ਦੇਵਤਿਆਂ ਵਲੋਂ ਦਾਨਵਾਂ ਤੋਂ ਅੰਮ੍ਰਿਤ ਦੀ ਰੱਖਿਆ ਦੇ ਰੂਪ ਵਿਚ ਵਿਗਸਿਆ।

ਹੜੱਪਾ ਕਥਾ ਪਰੰਪਰਾ ਤੋਂ ਬਾਅਦ ਦੂਜੀ ਬਲਵਾਨ ਪਰੰਪਰਾ ਆਰਿਆਈ ਹੈ, ਜਿਸ ਨੇ ਹੜੱਪਾ ਸੰਸਕ੍ਰਿਤੀ ਦੀਆਂ ਕਈ ਰੂੜ੍ਹੀਆਂ ਅਤੇ ਤਤਵ ਇੰਨ ਬਿੰਨ ਜਾਂ ਰਤਾ ਕੁ ਬਦਲਵੇਂ ਰੂਪ ਵਿਚ ਗ੍ਰਹਿਣ ਕਰ ਲਏ। ਭਾਵੇਂ ਹੜੱਪਾ ਕਥਾ-ਪਰੰਪਰਾ ਦੀਆਂ ਕੁਝ ਪ੍ਰਵਿਰਤੀਆਂ ਹੋਰ ਮਾਨਵ-ਜਾਤੀਆਂ ਵਿਚ ਸੁਤੇ ਸਿਧ ਹੀ ਮੌਜੂਦ ਹਨ, ਜਿਵੇਂ ਸੰਕੀਰਣ ਪ੍ਰਾਣੀਆਂ ਦੀ ਕਲਪਨਾ, ਪਰ ਇਕ ਵਿਸ਼ੇਸ਼ ਪ੍ਰਕਾਰ ਦਾ ਸੰਕੀਰਣ ਪ੍ਰਾਣੀ, ਜੋ ਹੜੱਪਾ ਦੇ ਨਾਲ ਨਾਲ ਆਰਿਆਈ ਕਥਾ-ਪਰੰਪਰਾ ਵਿਚ ਵੀ ਵਿਚਰ ਰਿਹਾ ਹੋਵੇ, ਤਾਂ ਇਹਨਾਂ ਵਿਚਲੀ ਸਮਾਨਤਾ ਪ੍ਰਭਾਵ ਦਾ ਹੀ ਫਲ ਮੰਨਣੀ ਪੈਂਦੀ ਹੈ। ਇਕ ਅਜਿਹਾ ਪਾਤਰ ਨਰਸਿੰਘ ਦਾ ਹੈ, ਜਿਸ ਦਾ ਧੜ ਸ਼ੇਰ ਦਾ ਅਤੇ ਮੁਖ ਮਾਨਵ ਦਾ ਹੈ ਅਤੇ ਜੋ ਹੜੱਪਾ ਦੀਆਂ ਠੀਕਰ ਮੁਹਰਾਂ ਉਤੇ ਅੰਕਿਤ ਮਿਲਦਾ ਹੈ, ਜਿਸ ਦਾ ਮਗਰੋਂ ਆਰਿਆਈ ਸੰਸਕ੍ਰਿਤੀ ਵਿਚ ਉਦਾਤੀਕਰਣ ਹੋ ਗਿਆ। ਪੁਰਾਣਾਂ ਵਿਚ ਇਹੋ ਪਾਤਰ ਵਿਸ਼ਨੂੰ ਦੇ ਇਕ ਅਵਤਾਰ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਇਆ। ਇਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਮੁਲਤਾਨ ਦੇ ਜਿਸ ਇਲਾਕੇ ਵਿਚ ਵਿਸ਼ਨੂੰ ਨਰਸਿੰਘ ਦੇ ਰੂਪ ਵਿਚ ਪ੍ਰਗਟ ਹੋਏ ਸਨ, ਉਹ ਹੜੱਪਾ ਤੋਂ ਬਹੁਤੀ ਦੂਰ ਨਹੀਂ।

ਰਿਗ ਵੇਦ ਵਿਚ ਉਪਲਬਧ ਲੋਪਾਮੁਦ੍ਰਾ ਦੀ ਕਥਾ ਦੀ ਪ੍ਰਕ੍ਰਿਤੀ ਹੜੱਪਾ ਦੀ ਮਿੱਥਕ ਪ੍ਰਕ੍ਰਿਤੀ ਨਾਲ ਕਾਫ਼ੀ ਮੇਲ ਖਾਂਦੀ ਹੈ। ਅਗਸਤ ਰਿਸ਼ੀ ਨੇ ਲੋਪਾਮੁਦ੍ਰਾ ਦੀ ਸਿਰਜਨਾ ਕਈ ਪਸ਼ੂਆਂ ਪੰਛੀਆਂ ਦੇ ਕੋਮਲ ਅਤੇ ਸੁੰਦਰ ਅੰਗਾਂ ਦੇ ਮਿਸ਼ਰਤ ਰੂਪ ਤੋਂ ਕੀਤੀ ਅਤੇ ਫਿਰ ਉਸ ਨਾਲ ਖ਼ੁਦ ਹੀ ਵਿਆਹ ਕਰ ਲਿਆ। ਪਸ਼ੂਆਂ ਦੇ ਵਖੋ ਵਖਰੇ ਅੰਗਾਂ ਤੋਂ ਪ੍ਰਾਣੀਆਂ ਦੀ ਸਿਰਜਨਾ ਦੀ ਪਰੰਪਰਾ ਮੂਲ ਰੂਪ ਵਿਚ ਹੜੱਪਾਈ ਹੈ, ਜਿਸ ਦਾ ਪ੍ਰਮਾਣ ਠੀਕਰ ਮੁਹਰਾਂ ਉਪਰ ਉਕਰੇ ਚਿਤਰ ਹਨ। ਹੜੱਪਾ ਸੰਸਕ੍ਰਿਤੀ ਦੀ ਕਥਾ-ਪਰੰਪਰਾ ਦਾ ਆਰਿਆਈ ਕਥਾ-ਸਾਹਿੱਤ ਉਪਰ ਪ੍ਰਭਾਵ ਤੇ ਯੋਗਦਾਨ ਦਾ ਤਾਤਵਿਕ ਨਿਖੇੜ ਅਤੇ ਅਧਿਐਨ ਬੜਾ ਕਠਨ ਹੈ, ਕਿਉਂਕਿ ਹੜੱਪਾ ਦੀਆਂ ਕਥਾਨਿਕ ਰੂੜ੍ਹੀਆਂ ਚਿਤਰਾਂ ਦੇ ਰੂਪ ਵਿਚ ਉਪਲਬਧ ਹਨ, ਕੋਈ ਕਥਾ ਬ੍ਰਿਤਾਂਤਕ ਰੂਪ ਵਿਚ ਕਿਧਰੇ ਨਹੀਂ ਮਿਲਦੀ।

ਰਿਗ ਵੇਦ ਵਿਚ ਸੰਕੇਤ ਰੂਪ ਵਿਚ ਉਪਲਬਧ ਕਥਾਵਾਂ ਮੂਲ ਵਿਚ ਪੰਜਾਬ ਦੀ ਹੀ ਆਰਿਆਈ ਪਰੰਪਰਾ ਹੈ। ਰਿਗ ਵੇਦ ਦੀਆਂ ਮੁਢਲੀਆਂ ਰਿਚਾਂ ਸਿੰਧ ਸਾਗਰ ਦੁਆਬ ਵਿਚ, ਜਿਹਲਮ ਅਤੇ ਸੁਆਂ ਦੇ ਕੰਢਿਆਂ ਉਪਰ ਹੀ ਰਚੀਆਂ ਗਈਆਂ ਅਤੇ ਬਾਅਦ ਦਾ ਭਾਗ ਸਰਸਵਤੀ ਨਦੀ ਦੇ ਕੰਢੇ। ਰਿਗ ਵੇਦ ਦੁਆਰਾ ਪੰਜਾਬੀ ਕਹਾਣੀ ਦੇ ਆਦਿ ਰੂਪ ਲਿਖਤੀ ਜਾਮੇ ਵਿਚ ਸਾਡੇ ਤਕ ਪੁਜੇ ਹਨ। ਵੈਦਿਕ ਸਾਹਿੱਤ ਵਿਚ ਪੰਜਾਬੀ ਕਥਾ ਲਿਪੀਬਧ ਰੂਪ ਵਿਚ ਉਦੇ ਹੁੰਦੀ ਹੈ ਅਤੇ ਕਈ ਅਜਿਹੇ ਸੂਤਰ ਮਿਲਦੇ ਹਨ, ਜਿਨ੍ਹਾਂ ਵਿਚ ਦੋ ਜਾਂ ਤਿੰਨ ਪਾਤਰਾਂ ਦੀ ਪ੍ਰਸਪਰ ਵਾਰਤਾਲਾਪ ਵਿਚ ਕਥਾ ਸੰਕੇਤ ਮਾਤਰ ਲੁਪਤ ਹੈ। ਰਿਗ ਵੇਦ ਦੇ ਇਕ ਸੂਕਤ ਵਿਚ ਸੋਭਰੀ ਦੀ ਕਥਾ ਸੰਕੇਤ ਵਿਚ ਮਿਲਦੀ ਹੈ। ਇਕ ਰਿਸ਼ੀ ਸੋਭਰੀ ਦੀ ਕਾਇਆ ਜਦੋਂ ਬੁਢੀ ਅਤੇ ਕਮਜ਼ੋਰ ਪੈ ਗਈ, ਤਾਂ ਉਸ ਦੇ ਮਨ ਵਿਚ ਔਲਾਦ ਪੈਦਾ ਕਰਨ ਦੀ ਇੱਛਾ ਜਾਗੀ। ਉਹ ਰਾਜੇ ਮਾਂਧਾਤਰੀ ਕੋਲ ਗਿਆ ਤੇ ਉਸ ਨੇ ਰਾਜੇ ਦੀਆਂ ਪੰਜਾਹ ਕੰਨਿਆਵਾਂ ਵਿਚੋਂ ਕਿਸੇ ਇਕ ਕੰਨਿਆਂ ਨਾਲ ਵਿਆਹ ਕਰਨ ਦੀ ਕਾਮਨਾ ਪ੍ਰਗਟ ਕੀਤੀ। ਪਰ ਰਾਜਾ ਦੁਬਿਧਾ ਵਿਚ ਫਸ ਗਿਆ।

ਨਾ ਤਾਂ ਉਹ ਸੋਭਰੀ ਨੂੰ ਇਨਕਾਰ ਕਰ ਕੇ ਨਰਾਜ਼ ਕਰ ਸਕਦਾ ਸੀ ਅਤੇ ਨਾ ਹੀ ਉਹ ਬ੍ਰਿਧ ਤੇ ਨਿਤਾਣੇ ਰਿਸ਼ੀ ਨਾਲ ਆਪਣੀ ਕੋਈ ਕੰਨਿਆਂ ਵਿਆਹੁਣ ਲਈ ਦਿਲੋਂ ਰਜ਼ਾਮੰਦ ਸੀ। ਰਾਜੇ ਨੇ ਗੱਲ ਲੜਕੀਆਂ ਉਪਰ ਛਡ ਦਿਤੀ। ਜੇ ਕੋਈ ਕੰਨਿਆਂ ਸੋਭਰੀ ਨੂੰ ਪਤੀ ਦੇ ਰੂਪ ਵਿਚ ਅੰਗੀਕਾਰ ਕਰ ਲਏ; ਤਾਂ ਮਾਂਧਾਤਰੀ ਨੂੰ ਕੋਈ ਇਤਰਾਜ਼ ਨਹੀਂ ਸੀ। ਰਿਸ਼ੀ ਨੇ ਆਪਣੀ ਦੈਵੀ ਸ਼ਕਤੀ ਦਾ ਚਮਤਕਾਰ ਵਿਖਾਇਆ ਤੇ ਸਭਨਾਂ ਕੰਨਿਆਵਾਂ ਨੂੰ ਰਿਸ਼ੀ ਵਿਚੋਂ ਇਕ ਸੁੰਦਰ ਯੁਵਕ ਦੇ ਦਰਸ਼ਨ ਹੋਏ ਅਤੇ ਉਹ ਸਭੇ ਮੋਹਿਤ ਹੋ ਕੇ ਰਿਸ਼ੀ ਨਾਲ ਵਿਆਹ ਕਰਨ ਲਈ ਤਰਲੋਮੱਛੀ ਹੋਣ ਲਗੀਆਂ। ਇਸ ਲਈ, ਸੋਭਰੀ ਸਭਨਾਂ ਕੰਨਿਆਵਾਂ ਨੂੰ ਵਿਆਹ ਕੇ ਆਪਣੇ ਨਾਲ ਲੈ ਆਇਆ। ਰਿਸ਼ੀ ਨੇ ਵਿਸ਼ਵਕਰਮਾ ਦੁਆਰਾ ਆਪਣੀ ਹਰੇਕ ਪਤਨੀ ਲਈ ਬੜੇ ਸੁੰਦਰ ਮਹਿਲ ਅਤੇ ਬਾਗ਼ ਬਗ਼ੀਚੇ ਤਿਆਰ ਕਰਵਾਏ। ਰਿਸ਼ੀ ਨੇ ਦੈਵੀ ਸ਼ਕਤੀ ਨਾਲ ਆਪਣੇ ਅਨੇਕਾਂ ਸਰੀਰ ਸਿਰਜ ਲਏ ਅਤੇ ਹਰੇਕ ਪਤਨੀ ਕੋਲ ਹਰ ਵੇਲੇ ਉਹ ਹਾਜ਼ਰ ਰਹਿੰਦਾ। ਇਹਨਾਂ ਪਤਨੀਆਂ ਤੋਂ ਰਿਸ਼ੀ ਦੇ ਘਰ ਡੇਢ ਸੌ ਪੁਤਰ ਜੰਮੇ, ਪਰ ਰਿਸ਼ੀ ਦਾ ਮਨ ਤ੍ਰਿਪਤ ਨਾ ਹੋਇਆ ਅਤੇ ਉਹ ਗ੍ਰਿਹਸਤ ਤਿਆਗ ਕੇ ਜੰਗਲ ਵਿਚ ਜਾ ਰਿਹਾ। ਇਸ ਕਥਾ ਵਲ ਪ੍ਰਥਮ ਸੰਕੇਤ ਰਿਗ ਸੰਹਿਤਾ ਵਿਚ ਮਿਲਦਾ ਹੈ ਅਤੇ ਇਹ ਲਿਖਤ ਰੂਪ ਵਿਚ ਉਪਲਬਧ, ਪੰਜਾਬ ਦੀ ਪ੍ਰਾਚੀਨਤਮ ਕਥਾ ਕਹੀ ਜਾ ਸਕਦੀ ਹੈ। ਇਸ ਵਿਚ, ਰੂਪ-ਪਰਿਵਰਤਨ ਦੀ ਅਤੇ ਇਕੋ ਵੇਲੇ ਕਈ ਜਿਸਮ ਧਾਰਨ ਕਰਨ ਦੀ ਕਥਾਨਿਕ ਰੂੜ੍ਹੀ ਪ੍ਰਕਾਸ਼ਮਾਨ ਹੈ। ਇਸ ਦਾ ਥੀਮ ਪ੍ਰਵਿਰਤੀ ਤੇ ਨਵਿਰਤੀ ਦਾ ਸੰਗਮ ਹੈ। ਇਹੋ ਪੰਜਾਬੀਆਂ ਦੀ ਪ੍ਰਮੁਖ ਬਿਰਤੀ ਰਹੀ ਹੈ। ਇਹ ਕਥਾ ਧਨੀ ਦੇ ਇਲਾਕੇ ਵਿਚ ਥੋੜੇ ਬਹੁਤ ਪਰਿਵਰਤਨ ਨਾਲ ਭਾਈ ਸੋਭੇ ਦੇ ਨਾਂ ਹੇਠ ਪ੍ਰਚਲਤ ਹੈ (ਵੇਖੋ : ਸੋਭਾ)।

ਸ਼ਤਪਥ ਬ੍ਰਾਹਮਣ ਵਿਚ ਪੁਰੂਰਵਾ ਤੇ ਉਰਵਸ਼ੀ ਦੀ ਕਥਾ ਮਿਲਦੀ ਹੈ, ਐਤਰਯ ਵਿਚ ਸ਼ੁਨਹਸ਼ੇਫ ਦੀ। ਉਪਨਿਸ਼ਦਾਂ ਵਿਚ ਵੀ ਕੁਝ ਕਥਾਵਾਂ ਅੰਕਿਤ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵਧ ਪ੍ਰਸਿਧ ਨਚਿਕੇਤਾ ਦੀ ਕਥਾ ਹੈ।

ਰਿਗ ਵੇਦ ਪੰਜਾਬੀਆਂ ਦਾ ਸਾਂਸਕ੍ਰਿਤਕ ਵਿਰਸਾ ਹੈ; ਇਸ ਵਿਚ ਦਰਜ ਕਥਾਵਾਂ ਪੰਜਾਬੀਆਂ ਦੇ ਸਮਾਜਕ ਜੀਵਨ ਦਾ ਅਨਿਖੜ ਅੰਗ ਰਹੀਆਂ ਹਨ। ਇਸੇ ਲਈ ਇਹ ਕਥਾਵਾਂ ਮੌਖਿਕ ਤੇ ਲਿਖਤੀ ਦੋਹਾਂ ਰੂਪਾਂ ਵਿਚ, ਮਧਕਾਲੀਨ ਪੰਜਾਬੀ ਕਥਾ ਵਿਚ, ਵਿਸ਼ੇਸ਼ ਸਥਾਨ ਰਖਦੀਆਂ ਰਹੀਆਂ। ਕਥਾ ਕੀਰਤਨ ਵੇਲੇ, ਧਾਰਮਿਕ ਤੇ ਨੈਤਿਕ ਕੀਮਤਾਂ ਨੂੰ ਉਜਾਗਰ ਕਰਨ ਲਈ, ਇਹਨਾਂ ਕਹਾਣੀਆਂ ਨੂੰ ਅੰਸ਼ਿਕ ਜਾਂ ਸੰਪੂਰਨ ਰੂਪ ਵਿਚ ਦੁਹਰਾਇਆ ਜਾਂਦਾ ਰਿਹਾ। ਇਹਨਾਂ ਕਥਾਵਾਂ ਦੇ ਵਿਸ਼ੇਸ਼ ਮਹਾਤਮ ਵੀ ਹਨ। ਪੁਤਰ, ਧਨ ਤੇ ਵਿੱਦਿਆ ਆਦਿ ਦੀ ਪ੍ਰਾਪਤੀ ਲਈ ਜਾਂ ਫਿਰ

Sri Satguru Jagjit Singh Ji eLibrary NamdhariElibrary@gmail.com

ਅਸਾਧ ਰੋਗਾਂ ਦੇ ਨਿਵਾਰਨ ਲਈ ਨਚੇਕਤਾ ਦੀ ਕਥਾ ਦਾ ਖ਼ਾਸ ਮਹਾਤਮ ਮੰਨਿਆ ਗਿਆ ਹੈ। ਇਕ ਖਰੜੇ ਵਿਚ ਇਸ ਦਾ ਮਹਾਤਮ ਇਉਂ ਵਰਨਣ ਹੈ — "ਜੋ ਨਾਸਕੇਤ ਕੀ ਕਥਾ ਸੁਣੇ ਚਿਤ ਲਾਇ ਕਰਿ, ਜਿਸ ਨਮਿਤ ਸੁਣੇ ਸੋ ਪੁਤ੍ਰ ਕਾ ਫਲ ਪਾਵੈ। ਜੋ ਧਨ ਕੀ ਨਮਿਤ ਸੁਣੇ ਤਿਸ ਕਉ ਧਨ ਪ੍ਰਾਪਤ ਹੋਵੈ, ਜੋ ਮੁਕਤਿ ਕੇ ਨਮਿਤ ਸੁਣੈ ਮੁਕਤਿ ਪਾਵੈ। ਜਿਸ ਜਿਸ ਨਮਿਤ ਸੁਣੈ ਸੋ ਫਲ ਪਾਵੈ। ਰਾਜੇ ਜਨਮੇਜੇ ਕੋ ਇਹ ਕਥਾ ਸੁਣਾਈ ਥੀ ਕੁਸਟ ਉਤਾਰਨੇ ਕੇ ਨਮਿਤ, ਤਿਸ ਕਾ ਕੁਸਟਿ ਉਤਰ ਗਇਆ।"

ਇਹ ਕਥਾ ਆਪਣੇ ਮਹਾਤਮ ਸਦਕਾ ਸਭ ਤੋਂ ਵਧ ਲੋਕ-ਪ੍ਰਿਯ ਸੀ ਅਤੇ ਇਸ ਦੇ ਅਨੇਕਾਂ ਖਰੜੇ 'ਨਾਸਕੇਤ ਦੀ ਕਥਾ' ਤੋਂ ਇਲਾਵਾ 'ਕਥਾ ਸਤਿਜੁਗ ਕੀ' ਦੇ ਨਾਂ ਹੇਠ ਮਿਲਦੇ ਹਨ। ਇਸ ਕਥਾ ਨੂੰ ਲੋਕੀਂ ਬੜੀ ਸ਼ਰਧਾ ਭਾਵਨਾ ਨਾਲ ਸੁਣਦੇ ਰਹੇ ਹਨ।

ਪੁਰਾਣ ਭਾਵੇਂ ਵੇਦਾਂ ਤੋਂ ਮਗਰੋਂ ਰਚੇ ਗਏ, ਪਰ ਇਹਨਾਂ ਦੀ ਮੌਖਿਕ ਪਰੰਪਰਾ ਵੇਦਾਂ ਤੋਂ ਵੀ ਕਾਫ਼ੀ ਪ੍ਰਾਚੀਨ ਹੈ। ਪੁਰਾਣ ਪਦ ਆਪਣੇ ਆਪ ਵਿਚ ਹੀ ਪ੍ਰਾਚੀਨਤਾ ਦਾ ਪ੍ਰਤੀਕ ਹੈ। ਪੁਰਾਣਾਂ ਦੀ ਸਾਰੀ ਸਾਮਗ੍ਰੀ ਲੋਕ-ਮਨ ਦੀ ਅਭਿਵਿਅਕਤੀ ਹੋਣ ਕਰ ਕੇ ਬੁਨਿਆਦੀ ਤੌਰ 'ਤੇ ਲੋਕਧਾਰਾ ਹੈ, ਜੋ ਪੁਰਾਣਾਂ ਦੀ ਸਿਰਜਨਾ ਤੋਂ ਬਾਅਦ ਵੀ, ਪਹਿਲਾਂ ਵਾਂਗ ਹੀ ਲੋਕ-ਸਿਮਰਤੀ ਦਾ ਅਨਿਖੜ ਅੰਗ ਰਹੀ। ਪੁਰਾਣ ਪੰਜਾਬੀਆਂ ਦਾ ਲੋਕ-ਵਿਰਸਾ ਹਨ ਅਤੇ ਇਥੋਂ ਦੇ ਸਾਂਸਕ੍ਰਿਤਕ ਤੇ ਧਾਰਮਿਕ ਜੀਵਨ ਵਿਚ ਇਹਨਾਂ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਪੁਰਾਣ ਪੰਜਾਬੀ ਸੋਚ ਤੇ ਭਾਵਨਾ ਵਿਚ ਇਤਨੇ ਬਲਵਾਨ ਰੂਪ ਵਿਚ ਸਮਾਏ ਹੋਏ ਸਨ ਕਿ ਮਧਕਾਲ ਵਿਚ ਮਹਾਂਪੁਰਸ਼ਾਂ ਦੇ ਜੀਵਨ ਪੁਰਾਣ-ਪੁਰਸ਼ਾਂ ਦੇ ਅਨੁਕਰਣ ਵਿਚ ਹੀ ਢਾਲ ਦਿਤੇ ਗਏ। ਕੋਈ ਵੀ ਇਤਿਹਾਸਕ ਤਥ ਜਾਂ ਯਥਾਰਥ ਪੌਰਾਣਿਕ ਰੂੜ੍ਹੀਆਂ ਦੀ ਛੁਹ ਤੋਂ ਮੁਕਤ ਨਹੀਂ ਰਹਿ ਸਕਿਆ। ਹਰ ਤਥ ਜਾਂ ਵਿਅਕਤੀ ਦੁਆਲੇ ਪੌਰਾਣਿਕ ਰੂੜ੍ਹੀਆਂ ਦੁਆਰਾ ਅਜਿਹਾ ਸੰਘਣਾ ਜਾਲਾ ਬੁਣ ਦਿਤਾ ਗਿਆ ਕਿ ਮੂਲ ਨੁਹਾਰ ਪਛਾਣਨੀ ਅਸੰਭਵ ਹੋ ਗਈ। ਗੁਰੂ, ਪੀਰ, ਸਾਧ, ਸੰਤ ਆਦਿ ਨੂੰ ਅਦਭੁਤ ਤੇ ਅਲੌਕਿਕ ਰੂਪ ਵਿਚ ਪੇਸ਼ ਕਰਨ ਦੀ ਪ੍ਰਵਿਰਤੀ ਪੁਰਾਣ ਚੇਤਨਾ ਦਾ ਹੀ ਫਲ ਹੈ। ਮਧਕਾਲ ਵਿਚ ਵਿਸ਼ਨੂੰ ਪੁਰਾਣ, ਮਾਰਕੰਡੇ ਪੁਰਾਣ, ਭਾਗਵਤ ਪੁਰਾਣ ਆਦਿ ਸਭ ਗ੍ਰੰਥ ਪੰਜਾਬੀ ਵਿਚ ਬਾਰ ਬਾਰ ਅਨੁਵਾਦ ਕੀਤੇ ਗਏ ਅਤੇ ਕਈ ਅਨੁਵਾਦ ਖਰੜਿਆਂ ਦੇ ਰੂਪ ਵਿਚ ਉਪਲਬਧ ਹਨ। ਇਹਨਾਂ ਵਿਚ ਦਰਜ ਰਾਜੇ ਹਰੀਸ਼ ਚੰਦਰ, ਧ੍ਰੂ ਭਗਤ, ਗੌਤਮ, ਅਹੱਲਿਆ, ਸੁਕਦੇਵ, ਨਾਰਦ, ਵਿਸ਼ਵਾਮਿਤ੍ਰ ਆਦਿ ਦੀਆਂ ਕਥਾ-ਕਹਾਣੀਆਂ ਲੋਕ-ਚੇਤਨਾ ਵਿਚ ਇਤਨੀਆਂ ਸਮਾ ਗਈਆਂ ਸਨ ਕਿ ਇਹ ਦ੍ਰਿਸ਼ਟਾਂਤ ਰੂਪ ਵਿਚ ਜਾਂ ਹਵਾਲਿਆਂ ਵਜੋਂ ਪੰਜਾਬੀ ਕਾਵਿ ਵਿਚ ਬਾਰ ਬਾਰ ਦੁਹਰਾਈਆਂ ਗਈਆਂ।

ਸੰਸਕ੍ਰਿਤ ਦੇ ਕਥਾ ਕਹਾਣੀ ਦੇ ਕੁਝ ਹੋਰ ਗ੍ਰੰਥ, ਜੋ ਪੰਜਾਬੀਆਂ ਨੂੰ ਸਾਂਸਕ੍ਰਿਤਕ ਵਿਰਸੇ ਦੇ ਰੂਪ ਵਿਚ ਮਿਲੇ ਹਨ, ਪੰਜਾਬੀ ਕਥਾ-ਪਰੰਪਰਾ ਦੇ ਗੌਰਵਮਈ ਤੇ ਮਹੱਤਵਪੂਰਣ ਭਾਗ ਹਨ। ਇਨ੍ਹਾਂ ਵਿਚੋਂ 'ਪੰਚ ਤੰਤਰ', 'ਹਿਤ ਉਪਦੇਸ਼', 'ਬ੍ਰਿਹਤ ਕਥਾ', 'ਕਥਾ ਸਰਿਤ ਸਾਗਰ', 'ਬੇਤਾਲ ਪਚੀਸੀ' ਅਤੇ 'ਸ਼ੁਕਾ ਸਪਤੀ' ਵਰਣਨਯੋਗ ਹਨ। 'ਪੰਚ ਤੰਤਰ' ਅਤੇ 'ਹਿਤ ਉਪਦੇਸ਼' ਨੀਤੀ ਕਥਾਵਾਂ ਦੇ ਰੋਚਕ ਸੰਕਲਨ ਹਨ, ਜਿਨ੍ਹਾਂ ਦਾ ਉਦੇਸ਼ ਕਥਾਵਾਂ ਦੁਆਰਾ ਨੈਤਿਕਤਾ, ਸਦਾਚਾਰ ਤੇ ਨੀਤੀ ਗ੍ਰਹਿਣ ਕਰਵਾਣਾ ਸੀ। ਇਹ ਕਹਾਣੀਆਂ ਸੰਕਲਨ ਹੋਣ ਤੋਂ ਪਹਿਲਾਂ ਕਈ ਸਦੀਆਂ ਤਕ ਮੌਖਿਕ ਰੂਪ ਵਿਚ ਪੰਜਾਬੀ ਲੋਕਧਾਰਾ ਦਾ ਅੰਗ ਰਹੀਆਂ। ਨੀਤੀ ਕਥਾਵਾਂ ਦੀ ਇਹ ਪਰੰਪਰਾ ਪੰਜਾਬੀ ਦਾ ਗੌਰਵਮਈ ਅੰਗ ਬਣੀ ਰਹੀ।

ਪੰਚਤੰਤਰ ਦੀ ਇਕ ਪ੍ਰਸਿਧ ਰੂੜ੍ਹ ਕਥਾ ਸ਼ਿਕਾਰੀ ਦੇ ਜਾਲ ਵਿਚ ਫਸੇ ਕਬੂਤਰਾਂ ਦੇ ਜਾਲ ਸਮੇਤ ਉਡਾਰੀ ਭਰਨ ਦੀ ਹੈ। ਇਸੇ ਪ੍ਰਕ੍ਰਿਤੀ ਦੀ, ਪਰ ਰਤਾ ਕੁ ਵਖਰੀ ਕਥਾ, ਪੰਜਾਬੀ ਵਿਚ ਉਪਲਬਧ ਹੈ। ਤੋਤਿਆਂ ਦੀ ਡਾਰ ਬੁਢੇ ਤੋਤੇ ਦੇ ਸਾਵਧਾਨ ਕਰਨ ਦੇ ਬਾਵਜੂਦ ਵੀ ਸ਼ਿਕਾਰੀ ਦੇ ਖਿਲਰੇ ਚੋਗੇ ਨੂੰ ਖਾਣ ਦੀ ਚੇਸ਼ਟਾ ਕਰਦੀ ਹੋਈ ਜਾਲ ਵਿਚ ਫਸ ਜਾਂਦੀ ਹੈ। ਬੁਢੇ ਤੋਤੇ ਦੀ ਪ੍ਰੇਰਨਾ ਤੇ ਸਭ ਤੋਤੇ ਮਰੇ ਹੋਣ ਦਾ ਸਵਾਂਗ ਰਚਦੇ ਹਨ। ਜਦੋਂ ਸ਼ਿਕਾਰੀ ਇਕ ਇਕ ਕਰ ਕੇ ਜਾਲ ਵਿਚੋਂ ਤੋਤੇ ਬਾਹਰ ਕਢਦਾ ਹੈ, ਤਾਂ ਉਨ੍ਹਾਂ ਦੀ ਗਿਚੀ ਢਿਲੀ ਵੇਖ ਕੇ, ਉਨ੍ਹਾਂ ਨੂੰ ਮਰਿਆ ਹੋਇਆ ਸਮਝ ਕੇ, ਉਹ ਦੂਰ ਸੁਟਦਾ ਜਾਂਦਾ ਹੈ। ਤੋਤੇ ਮੋਏ ਹੋਏ ਪ੍ਰਾਣੀ ਵਾਂਗ ਪਏ ਰਹਿੰਦੇ ਹਨ। ਜਦੋਂ ਸ਼ਿਕਾਰੀ ਅਖ਼ੀਰਲੇ ਤੋਤੇ ਨੂੰ ਜਾਲ ਵਿਚੋਂ ਬਾਹਰ ਸੁਟਦਾ ਹੈ, ਤਾਂ ਜ਼ਿਮੀਂ ਤੇ ਪਏ ਤੋਤੇ ਫੁਰਰ ਕਰ ਕੇ ਉਡ ਜਾਂਦੇ ਹਨ ਅਤੇ ਸ਼ਿਕਾਰੀ ਚਕ੍ਰਿਤ ਹੋਇਆ ਵੇਖਦਾ ਰਹਿ ਜਾਂਦਾ ਹੈ। ਇਹ ਰੂੜ੍ਹ ਕਥਾ ਸੁਭਾਵ ਵਿਚ ਪਰੰਪਰਾਗਤ ਹੁੰਦਿਆਂ ਵੀ ਵਿਲੱਖਣ ਹੈ।

ਪੰਚਤੰਤਰ ਦੀ ਇਕ ਹੋਰ ਕਥਾ ਸ਼ੇਰ ਦੀ ਖਲ ਪਹਿਨਣ ਵਾਲੇ ਖੋਤੇ ਦੀ ਹੈ। ਇਹ ਰੂੜ੍ਹ ਕਥਾ ਮਧਕਾਲ ਵਿਚ, ਸਾਖੀ ਦੇ ਰੂਪ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚਰਿਤ੍ਰ ਵਿਚ ਬੀੜੀ ਹੋਈ ਵੀ ਮਿਲਦੀ ਹੈ। ਗੁਰੂ ਗੋਬਿੰਦ ਸਿੰਘ ਨੇ ਇਕ ਖੋਤੇ ਨੂੰ ਸ਼ੇਰ ਦੀ ਖਲੜੀ ਪਹਿਨਾ ਕੇ ਖੇਤਾਂ ਵਿਚ ਛਡ ਦਿਤਾ। ਸ਼ੇਰ ਨੂੰ ਵੇਖ ਕੇ ਸਭ ਕਿਸਾਨ ਡਰ ਗਏ ਅਤੇ ਖੇਤਾਂ ਨੂੰ ਛਡ ਕੇ ਪਿੰਡ ਵਲ ਨਠ ਗਏ। ਪਰ ਮਗਰੋਂ ਜਦੋਂ ਖੋਤਾ ਹਿਣਕਿਆ ਤਾਂ ਲੋਕਾਂ ਨੇ ਉਸ ਦੀ ਅਸਲੀਅਤ ਜਾਣਦੇ ਸਾਰ ਉਸ ਨੂੰ ਡਾਂਗਾਂ ਨਾਲ ਕੁਟ ਧਰਿਆ। ਗੁਰੂ ਗੋਬਿੰਦ ਸਿੰਘ ਨੇ ਇਸ ਸਵਾਂਗ ਦੁਆਰਾ, ਸਿੱਖਾਂ ਨੂੰ ਸੁਚੇਤ ਕੀਤਾ ਕਿ ਖ਼ਾਲਸੇ ਨੂੰ ਜੋ 'ਸਿੰਘ' ਦੀ ਉਪਾਧੀ ਪ੍ਰਦਾਨ ਕੀਤੀ ਗਈ ਹੈ, ਜੇ ਸਿੱਖ ਉਸ ਨੂੰ ਆਪਣੇ ਬਲ, ਪ੍ਰਾਕ੍ਰਮ ਤੇ ਪ੍ਰਤਿਭਾ ਦੁਆਰਾ ਯੋਗ ਸਿਧ ਨਹੀਂ ਕਰਨਗੇ ਤਾਂ ਉਨ੍ਹਾਂ ਦਾ ਹਾਲ ਵੀ ਉਸ ਖੋਤੇ ਵਰਗਾ ਹੀ ਹੋਵੇਗਾ, ਜੋ ਸ਼ੇਰ ਦੀ ਖਲ ਪਹਿਨੀ ਫਿਰਦਾ ਸੀ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਕ ਗਿੱਦੜ ਦੀ, ਨੀਲਾਰੀ ਦੇ ਮਟ ਵਿਚ ਡਿਗ ਕੇ ਰੰਗੇ ਜਾਣ ਦੀ ਕਥਾ ਹੈ। ਗਿਦੜ ਆਪਣੇ ਵਖਰੇ ਰੰਗ ਰੂਪ ਦਾ ਲਾਭ ਉਠਾਉਣ ਲਈ ਜੰਗਲੀ ਜਾਨਵਰਾਂ ਦੇ ਸਾਹਮਣੇ, ਜੰਗਲ਼ ਦੇ ਬਾਦਸ਼ਾਹ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਪਰ ਮਗਰੋਂ ਜਦੋਂ ਗਿਦੜ ਹਵਾਂਕਦਾ ਹੈ, ਤਾਂ ਉਸ ਦੀ ਅਸਲੀਅਤ ਪ੍ਰਗਟ ਹੋ ਜਾਂਦੀ ਹੈ ਅਤੇ ਜੰਗਲੀ ਜਾਨਵਰ ਉਸ ਨੂੰ ਮਾਰ ਦਿੰਦੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅੰਗੂਰ ਖੱਟੇ ਹਨ, ਬਿੱਲੀ ਦੇ ਗਲ ਟੱਲੀ, ਸੇਹੇ ਦਾ ਬੁਢੇ ਸ਼ੇਰ ਨੂੰ ਚਲਾਕੀ ਨਾਲ ਖੂਹ ਵਿਚ ਡੇਗਣਾ ਆਦਿ ਦੀਆਂ ਨੀਤੀ ਕਥਾਵਾਂ ਸੰਕੇਤ ਜਾਂ ਖੰਡ-ਰੂਪ ਵਿਚ ਮਿਲਦੀਆਂ ਹਨ।

ਵਿਕ੍ਰਮਾਦਿਤਯ ਜਾਂ ਬਿਕ੍ਰਮ ਭਾਵੇਂ ਸ਼ੁਧ ਰੂਪ ਵਿਚ ਪੰਜਾਬ ਦਾ ਲੋਕ-ਬੀਰ ਨਹੀਂ, ਪਰ ਪੰਜਾਬੀਆਂ ਦੇ ਦਿਲਾਂ ਉਤੇ ਬਿਕ੍ਰਮ ਦੇ ਸਾਹਸ ਤੇ ਪ੍ਰਾਕ੍ਰਮ ਦੇ ਕਾਰਨਾਮਿਆਂ ਦੀ ਅਮਿਟ ਛਾਪ ਹੈ। ਇਸੇ ਲਈ ਬਿਕ੍ਰਮ ਦੀਆਂ ਕਹਾਣੀਆਂ ਪੰਜਾਬੀ ਕਥਾ-ਪ੍ਰਵਾਹ ਦਾ ਮਹੱਤਵਪੂਰਣ ਅੰਗ ਹਨ। ਸੰਸਕ੍ਰਿਤ ਵਿਚ ਬਿਕ੍ਰਮ ਦੀਆਂ ਕਥਾਵਾਂ ਦੇ ਦੋ ਸੰਕਲਨ ਮਿਲਦੇ ਹਨ। ਇਕ 'ਬੇਤਾਲ ਪਚੀਸੀ' ਹੈ ਅਤੇ ਦੂਜਾ 'ਸਿੰਘਾਸਨ ਬਤੀਸੀ'। ਬੇਤਾਲ ਬਚੀਸੀ ਵਿਚ ਪੰਜੀ ਰੋਚਕ, ਉਤਸੁਕਤਾ ਭਰਪੂਰ ਤੇ ਗਿਆਨ ਵਰਧਕ ਕਥਾਵਾਂ ਹਨ, ਜੋ ਰੂਪ ਦੇ ਪਖੋਂ ਵਿਲੱਖਣ ਹਨ। ਹਰ ਕਥਾ ਵਿਚ ਕੋਈ ਸੂਖਮ ਜਿਹੀ ਬੁਝਾਰਤ, ਅੜਾਉਣੀ ਜਾਂ ਸਮੱਸਿਆ ਹੈ, ਜਿਸ ਦੀ ਵਿਆਖਿਆ ਜਾਂ ਸਮਾਧਾਨ ਕਥਾ ਦੇ ਅੰਤ ਵਿਚ ਬਿਕ੍ਰਮ ਨੇ ਕੀਤਾ ਹੈ। ਰਾਜਾ ਬਿਕ੍ਰਮ ਦਰੱਖ਼ਤ ਨਾਲ ਟੰਗੀ ਹੋਈ ਇਕ ਲੋਥ ਨੂੰ, ਸ਼ਮਸ਼ਾਨ ਘਾਟ ਵਿਚ ਟਿਕਾਣੇ ਲਗਾਣ ਲਈ, ਮੋਢੇ ਉਪਰ ਚੁਕ ਕੇ ਮੌਨ ਤੁਰਦਾ ਹੈ। ਇਕ ਬੇਤਾਲ ਉਸ ਲੋਥ ਵਿਚ ਦਾਖ਼ਲ ਹੋ ਕੇ ਬਿਕ੍ਰਮ ਨੂੰ ਕੋਈ ਰੋਚਕ ਕਥਾ ਸੁਣਾਉਂਦਾ ਹੈ ਅਤੇ ਕਥਾ ਦੇ ਅੰਤ ਵਿਚ ਮੁਖ ਪਾਤਰ ਦੇ ਅਨੋਖੇ ਵਤੀਰੇ ਜਾਂ ਕਥਾ ਵਿਚੋਂ ਸਹਿਜ ਭਾਵ ਵਿਚ ਉਭਰੇ ਸੂਖਮ ਪ੍ਰਸ਼ਨਾਂ ਦੇ ਉੱਤਰ ਜਾਣਨਾ ਚਾਹੁੰਦਾ ਹੈ। ਜੇ ਬਿਕ੍ਰਮ ਜਾਣਦੇ ਹੋਏ ਵੀ ਉੱਤਰ ਨਾ ਦੇਵੇ,

Sri Satguru Jagjit Singh Ji eLibrary NamdhariElibrary@gmail.com

ਤਾਂ ਬਤਾਲ ਖ਼ੁਸ ਦਾ ਸਿਰ ਟੁਕੜੇ ਹੋਣ ਦਾ ਸਰਾਪ ਦਿੰਦਾ ਹੈ । ਜੇ ਬਿਕ੍ਰਮ ਉੱਤਰ ਦੇਵੇ, ਤਾਂ ਮੌਨ ਭੰਗ ਹੋਣ ਕਰ ਕੇ ਲੋਥ ਮੁੜ ਦਰੱਖ਼ਤ ਉਪਰ ਜਾ ਟਿਕਦੀ ਹੈ । ਜੇ ਬਿਕ੍ਰਮ ਲਾਸ਼ ਨੂੰ ਟਿਕਾਣੇ ਨਹੀਂ ਲਗਾਂਦਾ, ਤਾਂ ਉਹ ਦੈਵੀ ਸ਼ਕਤੀ ਪ੍ਰਾਪਤ ਕਰਨ ਤੋਂ ਵੰਚਿਤ ਰਹਿੰਦਾ ਹੈ । ਇਸ ਤਰ੍ਹਾਂ ਵਾਰ ਵਾਰ ਹੁੰਦਾ ਹੈ। ਹਰ ਵਾਰ ਜਦੋਂ ਬਿਕ੍ਰਮ ਮੌਨ ਭੰਗ ਕਰ ਕੇ ਉੱਤਰ ਦਿੰਦਾ ਹੈ, ਤਾਂ ਗ਼ੈਬੀ ਸ਼ਕਤੀ ਨਾਲ ਲੋਥ ਉਸ ਦੇ ਮੋਢਿਆਂ ਤੋਂ ਉਡ ਕੇ, ਦਰੱਖ਼ਤ ਉਪਰ ਜਾ ਟਿਕਦੀ ਹੈ । ਇਹੋ ਕ੍ਰਮ ਪੰਜੀ ਵਾਰ ਦੁਹਰਾਇਆ ਗਿਆ । ਬੇਤਾਲ ਪਚੀਸੀ ਦੀਆਂ ਅਨੇਕਾਂ ਕਥਾਵਾਂ ਥੋੜੇ ਬਹੁਤੇ ਬਦਲਵੇਂ ਰੂਪ ਵਿਚ ਪੰਜਾਬ ਦੀ ਮੌਖਿਕ ਪਰੰਪਰਾ ਦਾ ਅੰਗ ਹਨ। ਪੰਜਾਬੀ ਦੀ 'ਬੁਝਾਵਲ ਕਥਾ' ਇਸੇ ਰੂਪ ਦਾ ਅਨੁਕਰਣ ਹੈ (ਵੇਖੋ : ਬੁਝਾਵਲ ਕਥਾ) ।

'ਸਿੰਘਾਸਨ ਬਤੀਸੀ' ਵਿਚ ਬਿਕ੍ਰਮ ਦੇ ਜੀਵਨ ਨਾਲ ਸਬੰਧਿਤ ਬੱਤੀ ਕਥਾਵਾਂ ਹਨ । ਰਾਜਾ ਭੋਜ ਜਦੋਂ ਤਖ਼ਤ ਉਪਰ ਬਿਰਾਜਮਾਨ ਹੋਣ ਲੱਗਾ, ਤਾਂ 32 ਪੁਤਲੀਆਂ ਵਾਰੋ ਵਾਰੀ, ਉਸ ਨੂੰ ਰਾਜੇ ਬਿਕ੍ਰਮ ਦੇ ਕਿਸੇ ਇਕ ਵਿਸ਼ੇਸ਼ ਗੁਣ ਨਾਲ ਸਬੰਧਿਤ ਕੋਈ ਕਥਾ ਸੁਣਾਉਂਦੀਆਂ ਹਨ । ਬੋਧੀ ਲੋਕਧਾਰਾ ਅਨੁਸਾਰ ਕਿਸੇ ਮਹਾਂਪੁਰਸ਼ ਵਿਚ 32 ਲੱਛਣ ਹੋਣੇ ਚਾਹੀਦੇ ਹਨ ਅਤੇ ਇਹ ਕਥਾਵਾਂ ਮੂਲ ਵਿਚ ਉਨ੍ਹਾਂ ਬੱਤੀ ਲਛਣਾਂ ਦੀ ਹੀ ਬਿਰਤਾਂਤਕ ਵਿਆਖਿਆ ਹਨ । ਪ੍ਰਤੀਤ ਹੁੰਦਾ ਹੈ ਕਿ ਇਹ ਸੰਗ੍ਰਹਿ ਬੋਧੀ ਪ੍ਰਭਾਵ ਦਾ ਫਲ ਹੈ ।

'ਬੇਤਾਲ ਪਚੀਸੀ' ਤੇ 'ਸਿੰਘਾਸਨ ਬਤੀਸੀ' ਦੇ ਅਨੁਵਾਦ ਪੰਜਾਬ ਵਿਚ ਅਨੇਕਾਂ ਵਾਰ ਹੋਏ । ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਪ੍ਰਹਿਲਾਦ ਨੇ ਇਨ੍ਹਾਂ ਦਾ ਅਨੁਵਾਦ ਫ਼ਾਰਸੀ ਵਿਚ ਕੀਤਾ । ਇਸ ਪੁਸਤਕ ਦਾ ਇਕ ਅਨੁਵਾਦ ਸੋਢੀ ਮਿਹਰਬਾਨ ਦੇ ਨਾਉਂ ਹੇਠ ਵੀ ਪ੍ਰਚਲਤ ਹੈ । ਜਿਸ ਵਿਚ ਹਰੇਕ ਕਥਾ ਦਾ ਸਾਰੰਸ਼ ਉਸ ਦੇ ਅੰਤ ਵਿਚ ਸ਼ਲੋਕ ਦੀ ਸ਼ਕਲ ਵਿਚ ਦਿਤਾ ਹੋਇਆ ਹੈ। ਸ਼ਲੋਕ ਦੇ ਅੰਤ ਵਿਚ 'ਨਾਨਕ' ਨਾਮ ਦੀ ਵਰਤੋਂ ਹੈ :—

ਆਪੇ ਆਪ ਵਰਤਦਾ,
ਪ੍ਰਭ ਅਪਨੇ ਆਪ ਮੰਝਾਰ ॥
ਤਿਸ ਬਿਨ ਦੂਜਾ ਨਾਹਿ ਕੋਇ
ਜਨ ਨਾਨਕ ਅਪਰ ਅਪਾਰ ॥

ਇਨ੍ਹਾਂ ਕਥਾਵਾਂ ਦੇ ਅਨੁਵਾਦ ਨਾਲ 'ਨਾਨਕ' ਦਾ ਨਾਉਂ ਜੁੜਨਾ, ਇਨ੍ਹਾਂ ਕਥਾਵਾਂ ਨੂੰ ਸਿੱਖ ਲੋਕਧਾਰਾ ਦਾ ਅੰਗ ਬਨਾਉਣ ਦੀ ਚੇਸ਼ਟਾ ਜਤਾਉਂਦਾ ਹੈ । ਚਾਹੇ ਕੁਝ ਵੀ ਹੋਵੇ ਇਨ੍ਹਾਂ ਕਥਾਵਾਂ ਦਾ ਪੰਜਾਬੀ ਸੰਸਕ੍ਰਿਤੀ ਤੇ ਲੋਕਧਾਰਾ ਵਿਚ ਜੋ ਮਹੱਤਵਸ਼ੀਲ ਸਥਾਨ ਹੈ, ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

'ਸੂਕਾ ਸਪਤੀ' ਵਿਚ ਸੱਤਰ ਕਹਾਣੀਆਂ ਹਨ। ਇਨ੍ਹਾਂ ਕਥਾਵਾਂ ਵਿਚ ਇਕ ਤੋਤਾ ਆਪਣੇ ਮਾਲਕ ਦੇ ਪ੍ਰਦੇਸ ਜਾਣ ਮਗਰੋਂ ਆਪਣੀ ਮਾਲਕਣ ਉਤੇ ਨਿਗਰਾਨੀ ਰਖਦਾ ਹੈ ਤੇ ਉਸ ਨੂੰ ਪਰਾਏ ਪੁਰਸ਼ ਦੇ ਕਾਮ ਭੋਗ ਤੋਂ ਬਚਾਂਦਾ ਹੈ । ਫ਼ਾਰਸੀ ਵਿਚ 'ਤੂਤੀ ਨਾਮਾ' ਦੀ ਰਚਨਾ ਇਸੇ 'ਸੂਕਾ ਸਪਤੀ' ਦੇ ਆਧਾਰ ਉਤੇ ਹੋਈ। ਇਨ੍ਹਾਂ ਕਥਾਵਾਂ ਦਾ ਸੰਕਲਨ ਚਿੰਤਾਮਣੀ ਭਟ ਨੇ 12ਵੀਂ ਸ਼ਤਾਬਦੀ ਵਿਚ ਕੀਤਾ । ਇਨ੍ਹਾਂ ਕਥਾਵਾਂ ਦਾ ਪੰਜਾਬੀ ਕਥਾ ਸਾਹਿੱਤ ਉਤੇ ਬੜਾ ਬਲਵਾਨ ਪ੍ਰਭਾਵ ਪਿਆ । ਇਕ ਤਾਂ ਤੋਤਾ ਮੈਨਾ ਦੀਆਂ ਕਹਾਣੀਆਂ ਸੁਤੰਤਰ ਰੂਪ ਵਿਚ ਪ੍ਰਚਲਤ ਹੋ ਗਈਆਂ । ਦੂਜਾ, ਇਨ੍ਹਾਂ ਕਥਾਵਾਂ ਦੀਆਂ ਕਥਾਨਿਕ ਰੂੜ੍ਹੀਆਂ ਦੂਜੀਆਂ ਕਹਾਣੀਆਂ ਵਿਚ ਰਚ ਮਿਚ ਗਈਆਂ। ਰਾਜਾ ਰਸਾਲੂ ਜਦੋਂ ਖੈਰਾਮੂਰਤੀ ਵਿਚ ਸ਼ਿਕਾਰ ਖੇਡਣ ਜਾਇਆ ਕਰਦਾ ਸੀ, ਤਾਂ ਮਗਰੋਂ ਤੋਤਾ ਤੇ ਮੈਨਾ ਦੋਵੇਂ ਕੋਕਿਲਾਂ ਦੀ ਰਖਵਾਲੀ ਕੀਤਾ ਕਰਦੇ ਸਨ । ਰਾਜੇ ਰਸਾਲੂ ਦੀ ਗ਼ੈਰ-ਹਾਜ਼ਰੀ ਵਿਚ ਕੋਕਿਲਾਂ ਜਦੋਂ ਰਾਜਾ ਹੋਡੀ ਦੀ ਹਵਸ ਦਾ ਸ਼ਿਕਾਰ ਹੋਣ ਲੱਗੀ, ਤਾਂ ਮੈਨਾ ਨੇ ਉਸ ਨੂੰ ਵਰਜਿਆ । ਕੋਕਿਲਾਂ ਨੇ ਕਰੋਧ ਵਿਚ ਆ ਕੇ ਮੈਨਾ ਨੂੰ ਮਾਰ ਸੁਟਿਆ । ਪਰ ਤੋਤਾ ਦਾਅ ਲਗਾ ਕੇ ਉਡ ਗਿਆ ਅਤੇ ਉਸ ਨੇ ਰਾਜ ਰਸਾਲੂ ਨੂੰ 'ਘਰ ਚੋਰ ਪੈਣ' ਦੀ ਖ਼ਬਰ ਜਾ ਦਿਤੀ ।

ਸੰਸਕ੍ਰਿਤ ਦੇ ਤਿੰਨ ਹੋਰ ਕਥਾ ਸੰਕਲਨ 'ਬ੍ਰਿਹਤ ਕਥਾ', 'ਬ੍ਰਿਹਤ ਕਥਾ ਮੰਜਰੀ' ਅਤੇ 'ਕਥਾ ਸਰਿਤ ਸਾਗਰ' ਹਨ। ਇਹ ਤਿੰਨੋਂ ਗ੍ਰੰਥ 'ਵਡ ਕਹਾ' ਦੇ ਥੋੜੇ ਬਹੁਤੇ ਹਿੱਸੇ ਦਾ ਹੀ ਸੰਸਕ੍ਰਿਤ ਭਾਸ਼ਾ ਵਿਚ ਰੂਪਾਂਤਰ ਹਨ । 'ਵਡ ਕਹਾ' ਸੰਸਾਰ ਵਿਚ ਲੋਕ-ਕਹਾਣੀਆਂ ਦਾ ਸਭ ਤੋਂ ਵਡਾ ਗ੍ਰੰਥ ਸੀ, ਜੋ ਗੁਣਾਡੇ ਨੇ ਪਿਸਾਚੀ ਵਿਚ ਰਚਿਆ । 'ਵਡ ਕਹਾ' ਵਿਚ ਪੰਜਾਬ ਵਿਚ ਪ੍ਰਚਲਤ ਲੋਕ-ਕਥਾਵਾਂ ਨੂੰ ਹੀ ਸੰਕਲਿਤ ਕੀਤਾ ਗਿਆ ਸੀ, ਪਰ ਇਹ ਗ੍ਰੰਥ ਆਪਣੇ ਆਪ ਵਿਚ ਹੀ ਇਕ ਮਿਥ ਬਣ ਗਿਆ । ਇਸ ਗ੍ਰੰਥ ਦਾ ਦੰਦ-ਕਥਾਵੀ ਇਤਿਹਾਸ ਬੜਾ ਰੌਚਕ ਤੇ ਅਦਭੁਤ ਹੈ । ਰਵਾਇਤ ਅਨੁਸਾਰ ਇਹ ਕਥਾਵਾਂ ਸ਼ਿਵਜੀ ਨੇ ਪਾਰਬਤੀ ਨੂੰ ਸੁਣਾਈਆਂ ਸਨ, ਜੋ ਕਾਨਾਭੂਤੀ ਨੇ ਉਹਲੇ ਹੋ ਕੇ ਸੁਣ ਲਈਆਂ । ਕਾਨਾਭੂਤੀ ਤੋਂ ਇਹ ਕਹਾਣੀਆਂ ਗੁਣਾਡੇ ਨੇ ਸੁਣੀਆਂ ਅਤੇ ਉਸ ਨੇ ਸੱਤਾਂ ਸਾਲਾਂ ਦੀ ਘੋਰ ਸਾਧਨਾ ਨਾਲ ਇਨ੍ਹਾਂ ਕਥਾਵਾਂ ਨੂੰ ਸਤ ਲਖ ਸ਼ਲੋਕਾਂ ਵਿਚ ਰਚਿਆ । ਇਹ ਗ੍ਰੰਥ ਪਿਸਾਚੀ ਭਾਸ਼ਾ ਵਿਚ ਸੀ । ਗੁਣਾਡੇ ਨੇ ਇਹ ਕਥਾਵਾਂ ਰਾਜੇ ਸਤਵਾਹਨ (ਸਲਵਾਨ) ਨੂੰ ਸੁਣਾਉਣ ਲਈ ਆਪਣੇ ਦੋ ਸ਼ਿਸ਼ਾਂ — ਗੁਣਦੇਵ ਅਤੇ ਨੰਦੀਦੇਵ ਨੂੰ, ਉਹਦੇ ਕੋਲ ਭੇਜਿਆ । ਸਤਵਾਹਨ ਨੇ ਇਸ ਗ੍ਰੰਥ ਨੂੰ ਪਿਸਾਚੀ (ਭੂਤ ਪ੍ਰੇਤਾਂ ਦੀ ਭਾਸ਼ਾ) ਵਿਚ ਰਚਿਆ ਹੋਣ ਕਰ ਕੇ ਠੁਕਰਾ ਦਿਤਾ । ਗੁਣਾਡੇ ਨੂੰ ਆਪਣੀ ਇਸ ਨਿਰਾਦਰੀ ਉਤੇ ਇਤਨਾ ਕਰੋਧ ਆਇਆ ਕਿ ਉਹ 'ਵਡ ਕਹਾ' ਨੂੰ ਅਗਨ ਭੇਟ ਕਰਨ ਲਈ ਜੰਗਲ ਵਿਚ ਗਿਆ ਅਤੇ ਉਥੇ ਇਕ ਵਡੇ ਕੁੰਡ ਵਿਚ ਅੱਗ ਬਾਲ ਕੇ, ਉਸ ਨੇ 'ਵਡ ਕਹਾ' ਦੇ ਸ਼ਲੋਕ ਆਖ਼ਰੀ ਵਾਰ ਉਚੀ ਸੁਰ ਵਿਚ ਪੜ੍ਹਨੇ ਸ਼ੁਰੂ ਕਰ ਦਿਤੇ । ਜੰਗਲ ਦੇ ਸਾਰੇ ਪਸ਼ੂ ਉਸ ਅੱਗ ਦੁਆਲੇ ਬੈਠ ਕੇ ਇਹ ਕਥਾਵਾਂ ਸੁਣਨ ਲਗੇ । ਜਦੋਂ ਗੁਣਾਡੇ ਇਕ ਪਤਰਾ ਮੁਕਾ ਲੈਂਦਾ, ਤਾਂ ਉਹ ਉਸ ਪੰਨੇ ਨੂੰ ਅੱਗ ਵਿਚ ਸੁਟ ਦਿੰਦਾ। ਇਸ ਤਰ੍ਹਾਂ ਗੁਣਾਡੇ ਨੇ ਇਕ ਇਕ ਪੰਨਾ ਕਰ ਕੇ ਛੇ ਲਖ ਸ਼ਲੋਕ ਅਗਨ ਭੇਟ ਕਰ ਦਿਤੇ । ਉਨ੍ਹੀਂ ਦਿਨੀਂ ਸਤਵਾਹਨ ਬੀਮਾਰ ਪੈ ਗਿਆ । ਵੈਦਾਂ ਨੇ ਨਬਜ਼ ਵੇਖ ਕੇ ਦਸਿਆ ਕਿ ਰਾਜੇ ਦੀ ਬੀਮਾਰੀ ਦਾ ਮੂਲ ਕਾਰਨ ਅਜਿਹੇ ਮਾਸ ਦਾ ਸੇਵਨ ਹੈ, ਜਿਸ ਵਿਚ ਪੌਸ਼ਟਿਕ ਤੇ ਨਰੋਆ ਅੰਸ਼ ਬਹੁਤ ਘਟ ਸੀ। ਜਦੋਂ ਸ਼ਿਕਾਰੀਆਂ ਤੋਂ ਪੁਛਿਆ ਗਿਆ ਕਿ ਉਹ ਮਾਸ ਕਿਥੋਂ ਲਿਆ ਰਹੇ ਹਨ, ਤਾਂ ਉਨ੍ਹਾਂ ਨੇ ਦਸਿਆ ਕਿ ਜੰਗਲ ਵਿਚ ਕੋਈ ਬ੍ਰਾਹਮਣ ਕਿਸੇ ਗ੍ਰੰਥ ਦੇ ਸ਼ਲੋਕ ਉਚੀ ਸੁਰ ਵਿਚ ਪੜ੍ਹ ਕੇ ਉਨ੍ਹਾਂ ਨੂੰ ਅਗਨ ਭੇਟ ਕਰ ਰਿਹਾ ਹੈ ਅਤੇ ਜੰਗਲ ਦੇ ਸਾਰੇ ਜਾਨਵਰ ਖਾਣਾ ਪੀਣਾ ਤਿਆਗ ਕੇ ਉਸਦੇ ਦੁਆਲੇ ਹੋਣਗੇ, ਲੋਕ-ਰੂਪ ਨਹੀਂ । ਸੋ ਇਨ੍ਹਾਂ ਗ੍ਰੰਥਾਂ ਵਿਚ 'ਵਡ ਕਹਾ' ਦੀਆਂ ਕੁਝ ਰੌਚਕ ਕਥਾਵਾਂ ਦੇ ਪੌਰਾਣੀਕਰਣ ਰੂਪ ਹੀ ਵੇਖੇ ਜਾ ਸਕਦੇ ਹਨ ।

ਪੰਜਾਬੀ ਦੀ ਕਥਾ ਪਰੰਪਰਾ ਉਤੇ ਬੋਧੀ ਜਾਤਕ ਤੇ ਅਵਦਾਨ ਪਰੰਪਰਾ ਅਤੇ ਜੈਨ ਕਥਾ ਪਰੰਪਰਾ ਦਾ ਵੀ ਚੋਖਾ ਪ੍ਰਭਾਵ ਹੈ । 'ਬੋਧ ਜਾਤਕ' ਮਹਾਤਮਾ ਬੁਧ ਦੇ ਪੂਰਬਲੇ ਜਨਮਾਂ ਨਾਲ ਸਬੰਧਿਤ ਕਹਾਣੀਆਂ ਹਨ, ਜਦੋਂ ਉਹ ਬੋਧੀਸਤ੍ਵ ਦੇ ਰੂਪ ਵਿਚ ਪਸ਼ੂ ਪੰਛੀਆਂ ਅਤੇ ਜੜ੍ਹ ਪਦਾਰਥਾਂ ਦੀ ਸ਼ਕਲ ਵਿਚ ਧਰਤੀ ਉਤੇ ਵਿਚਰ ਰਹੇ ਸਨ । ਜਾਤਕ 547 ਕਥਾਵਾਂ ਦਾ ਸੰਗ੍ਰਹਿ ਹੈ । ਇਹ ਸਭ ਕਥਾਵਾਂ ਬੁਨਿਆਦੀ ਤੌਰ 'ਤੇ ਬੋਧੀ ਨਹੀਂ ਅਤੇ ਵਿਭਿੰਨ ਸੋਮਿਆਂ ਤੋਂ ਆਈਆਂ ਹਨ । ਜਾਂ ਇਉਂ ਕਹਿ ਲਓ ਕਿ ਇਹ ਗ੍ਰੰਥ ਤਤਕਾਲੀਨ ਕਥਾ-ਕਹਾਣੀਆਂ ਦਾ ਬੋਧੀਕਰਣ ਹੈ । ਇਸ ਕਥਨ ਦਾ ਪ੍ਰਮਾਣ ਇਸ ਵਿਚਲੀਆਂ ਕਹਾਣੀਆਂ ਹੀ ਹਨ । ਜਾਤਕ ਵਿਚ ਇਕ ਸ਼ੇਰ ਦੀ ਖਲੜੀ ਪਹਿਨਣ ਵਾਲੇ ਖੋਤੇ ਦੀ ਕਹਾਣੀ ਹੈ, ਜਿਸ ਦਾ ਪਾਜ ਹੀਂਗਣ ਨਾਲ ਖੁਲ੍ਹ ਜਾਂਦਾ ਹੈ । ਇਸ ਕਿਸਮ ਦੀਆਂ ਕਈ ਹੋਰ ਲੋਕ-ਕਹਾਣੀਆਂ ਜਾਤਕ ਵਿਚ ਮਿਲਦੀਆਂ ਹਨ । ਹੋ ਸਕਦਾ ਹੈ ਕਿ ਮਹਾਤਮਾ ਬੁਧ ਨੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਉਪਦੇਸ਼ਾਂ ਸਮੇਂ ਜੋ ਕਥਾਵਾਂ ਦ੍ਰਿਸ਼ਟਾਂਤ ਵਜੋਂ ਵਰਤੀਆਂ ਹੋਣ, ਉਹੀ ਮਗਰੋਂ ਉਨ੍ਹਾਂ ਦੇ ਨਾਂ ਨਾਲ ਸਬੰਧਿਤ ਹੋ ਗਈਆਂ ਹੋਣ । ਇਹ ਕਥਾਵਾਂ ਬੜੀਆਂ ਪ੍ਰਾਚੀਨ ਹਨ ਤੇ ਕੁਝ ਕਥਾਵਾਂ ਦੀ ਪਰੰਪਰਾ ਹੜੱਪਾ ਸੰਸਕ੍ਰਿਤੀ ਨਾਲ ਜਾ ਰਲਦੀ ਹੈ । ਡਾ: ਹਿੰਜ਼ ਮੋਦੇ ਤਾਂ ਕਈ ਕਹਾਣੀਆਂ ਨੂੰ ਸਿੰਧੂ ਸੰਸਕ੍ਰਿਤੀ ਦੀਆਂ ਮੰਨਦਾ ਹੈ । ਉਸ ਨੇ ਮਹਿੰਜੋਦੜੋ, ਚੰਨ ਦੜੋ ਆਦਿ ਦੇ ਖੰਡਰਾਂ ਤੋਂ ਪ੍ਰਾਪਤ ਠੀਕਰ ਮੁਹਰਾਂ ਉਤੇ ਅੰਕਿਤ ਚਿਤਰਾਂ ਨੂੰ ਜੋੜ ਕੇ ਇਕ ਕਹਾਣੀ ਸਿਰਜ ਲਈ ਹੈ, ਜੋ ਜਾਤਕ ਵਿਚ ਮਿਲਦੀ ਹੈ ।

ਕੁਝ ਬੋਧੀ ਕਥਾਵਾਂ ਅਵਦਾਨਾਂ ਦੇ ਨਾਂ ਹੇਠ ਪ੍ਰਚਲਤ ਹਨ । ਇਨ੍ਹਾਂ ਵਿਚੋਂ 'ਅਵਦਾਨ ਸ਼ਤਕ', 'ਦਿਵਯਾਵਦਾਨ' ਅਤੇ 'ਅਵਦਾਨ ਕਲਪਤਾ' ਖ਼ਾਸ ਪ੍ਰਸਿਧ ਹਨ । ਅਵਦਾਨ ਇਕ ਵਿਸ਼ੇਸ਼ ਪ੍ਰਕਾਰ ਦੀ ਪਰੰਪਰਾਗਤ ਕਹਾਣੀ ਹੈ, ਜੋ ਕਿਸੇ ਵਾਸਤਵਿਕ ਵਿਅਕਤੀ, ਸਥਾਨ ਜਾਂ ਘਟਨਾ ਨਾਲ ਸਬੰਧਿਤ ਹੁੰਦੀ ਹੈ, ਪਰ ਇਸ ਵਿਚ ਯਥਾਰਥਕ ਤੱਥ ਦੁਆਲੇ ਲੋਕਧਾਰਾਈ ਸਾਮਗ੍ਰੀ ਤੇ ਕਥਾਨਿਕ ਰੂੜ੍ਹੀਆਂ ਦੁਆਰਾ ਮਨਮੋਹਕ ਤਾਣਾ ਬੁਣ ਲਿਆ ਜਾਂਦਾ ਹੈ । ਤੱਥ-ਮਿਥ ਦਾ ਇਹ ਸੰਜੋਗ, ਜੋ ਪਹਿਲੀ ਵਾਰ ਪ੍ਰਤੱਖ ਰੂਪ ਵਿਚ ਅਵਦਾਨਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਮਧਕਾਲੀ ਪੰਜਾਬੀ ਕਥਾ-ਪਰੰਪਰਾ ਵਿਚ ਬੜੇ ਉਭਰਵੇਂ ਰੂਪ ਵਿਚ ਫੈਲਿਆ ਹੋਇਆ ਹੈ । ਅਵਦਾਨਾਂ ਤੇ ਜਾਤਕਾਂ ਦੀਆਂ ਕਥਾਨਿਕ ਰੂੜ੍ਹੀਆਂ ਬਾਰੇ ਚਰਚਾ ਕਿਧਰੇ ਵਖਰੇ ਕਰਾਂਗੇ (ਵੇਖੋ : ਕਥਾਨਿਕ ਰੂੜ੍ਹੀਆਂ) ।

ਕਥਾਵਾਂ ਦਾ ਸਭ ਤੋਂ ਵਡਾ ਭੰਡਾਰਾ ਜੈਨ ਸਾਹਿੱਤ ਵਿਚ ਮਿਲਦਾ ਹੈ । ਜੈਨੀਆਂ ਲਈ ਕਥਾ ਬਾਣੀ ਦਾ ਦਰਜਾ ਰਖਦੀ ਹੈ ਅਤੇ ਉਨ੍ਹਾਂ ਨੇ ਧਾਰਮਿਕ ਤੇ ਨੈਤਿਕ ਭਾਵਨਾ ਨੂੰ ਪ੍ਰਗਟਾਣ ਲਈ, ਸੁਚੇਤ ਰੂਪ ਵਿਚ ਕਥਾ ਦੀ ਰੂਪ-ਵਿਧਾ ਦੀ ਵਰਤੋਂ ਕੀਤੀ । 'ਜੈਨ ਕਥਾ ਕੋਸ਼', 'ਜੈਨ ਬ੍ਰਤ ਕਥਾ', 'ਦਾਨ ਕਥਾਏਂ', 'ਪੁੰਨਯਾਸ਼ਰਵ ਕਥਾ ਕੋਸ਼', 'ਰਤਨਤ੍ਰਯ ਕਥਾ ਮੰਜਰੀ', 'ਜੈਨ ਪਰਵ ਕਥਾਏਂ', 'ਭਵਤਾਮਰ ਸਤੋਤਰ' ਕਥਾਏਂ ਆਦਿ, ਮਹਾਨ ਕਥਾ-ਸੰਕਲਨਾਂ ਤੋਂ ਇਲਾਵਾ, ਉਨ੍ਹਾਂ ਨੇ ਅਨੇਕਾਂ ਚਰਿਤ੍ਰ ਗ੍ਰੰਥ ਵੀ ਲਿਖੇ, ਜਿਨ੍ਹਾਂ ਵਿਚ ਮਹਾਂਪੁਰਸ਼ਾਂ ਜਾਂ ਤੀਰਥੰਕਰਾਂ ਦੇ ਚਰਿਤ੍ਰ, ਪੂਰਵ ਜਨਮਾਂ ਦੇ ਕਰਮ ਅਤੇ ਉਨ੍ਹਾਂ ਦੇ ਫਲ ਦਾ ਵਰਨਣ, ਕਥਾਵਾਂ ਦੁਆਰਾ ਕੀਤਾ ਹੈ । ਪੰਜਾਬੀ ਵਿਚ ਚਰਿਤ੍ਰ ਕਥਾਵਾਂ ਦੀ ਪਰੰਪਰਾ ਜੈਨੀ ਚਰਿਤ੍ਰਾਂ ਦੇ ਪ੍ਰਭਾਵ ਦਾ ਹੀ ਫਲ ਜਾਪਦੀ ਹੈ (ਵੇਖੋ : ਚਰਿਤ੍ਰ) ।

ਅਨੇਕਾਂ ਜਾਤੀਆਂ ਸਮੇਂ ਸਮੇਂ ਬਾਹਰੋਂ ਆ ਕੇ ਪੰਜਾਬ ਵਿਚ ਵਸਦੀਆਂ ਰਹੀਆਂ, ਇਹਨਾਂ ਜਾਤੀਆਂ ਦੇ ਪੰਜਾਬ ਦੀ ਵਸੋਂ ਵਿਚ ਰਚ ਮਿਚ ਜਾਣ ਨਾਲ ਇਕ ਪਾਸੇ ਤਾਂ ਇਥੋਂ ਦੀ ਵਸੋਂ ਮਿਸੀ ਅਤੇ ਸੰਸਕ੍ਰਿਤੀ ਵਿਵਿਧ ਰੂਪ ਗ੍ਰਹਿਣ ਕਰ ਗਈ, ਦੂਜਾ ਇਥੋਂ ਦੀ ਕਾਵਿ, ਕਲਾ ਅਤੇ ਕਥਾ ਵੀ ਚੋਖੀ ਪ੍ਰਭਾਵਿਤ ਹੋਈ । ਪੰਜਾਬ ਦੇ ਕਥਾ-ਪ੍ਰਵਾਹ ਉਤੇ ਯੂਨਾਨੀ ਅਤੇ ਸਾਮੀ ਕਥਾਵਾਂ ਦਾ ਪ੍ਰਭਾਵ ਵਰਨਣਯੋਗ ਹੈ । ਯੂਨਾਨ ਦੀਆਂ ਕਈ ਮਿਥਾਂ ਨਾਟਕੀ ਰੂਪ ਵਿਚ ਪੰਜਾਬ ਦੀ ਧਰਤੀ ਉਪਰ ਖੇਡੀਆਂ ਗਈਆਂ । ਈਸਪ ਦੀਆਂ ਨੀਤੀ ਕਥਾਵਾਂ ਤਾਂ ਪੰਜਾਬੀ ਸਿਮਰਤੀ ਦਾ ਹਿੱਸਾ ਹੀ ਬਣ ਗਈਆਂ । ਇਥੋਂ ਤਕ ਕਿ ਉਹਨਾਂ ਦੇ ਖੁਲ੍ਹੇ

ਹੋਣਗੇ, ਲੋਕ-ਰੂਪ ਨਹੀਂ । ਸੋ ਇਨ੍ਹਾਂ ਗ੍ਰੰਥਾਂ ਵਿਚ 'ਵਡ ਕਹਾ' ਦੀਆਂ ਕੁਝ ਰੋਚਕ ਕਥਾਵਾਂ ਦੇ ਪੌਰਾਣੀਕਰਣ ਰੂਪ ਹੀ ਵੇਖੇ ਜਾ ਸਕਦੇ ਹਨ ।

ਪੰਜਾਬੀ ਦੀ ਕਥਾ ਪਰੰਪਰਾ ਉਤੇ ਬੋਧੀ ਜਾਤਕ ਤੇ ਅਵਦਾਨ ਪਰੰਪਰਾ ਅਤੇ ਜੈਨ ਕਥਾ ਪਰੰਪਰਾ ਦਾ ਵੀ ਚੋਖਾ ਪ੍ਰਭਾਵ ਹੈ । 'ਬੋਧ ਜਾਤਕ' ਮਹਾਤਮਾ ਬੁਧ ਦੇ ਪੂਰਬਲੇ ਜਨਮਾਂ ਨਾਲ ਸਬੰਧਿਤ ਕਹਾਣੀਆਂ ਹਨ, ਜਦੋਂ ਉਹ ਬੋਧੀਸਤ੍ਵ ਦੇ ਰੂਪ ਵਿਚ ਪਸ਼ੂ ਪੰਛੀਆਂ ਅਤੇ ਜੜ੍ਹ ਪਦਾਰਥਾਂ ਦੀ ਸ਼ਕਲ ਵਿਚ ਧਰਤੀ ਉਤੇ ਵਿਚਰ ਰਹੇ ਸਨ । ਜਾਤਕ 547 ਕਥਾਵਾਂ ਦਾ ਸੰਗ੍ਰਹਿ ਹੈ । ਇਹ ਸਭ ਕਥਾਵਾਂ ਬੁਨਿਆਦੀ ਤੌਰ 'ਤੇ ਬੋਧੀ ਨਹੀਂ ਅਤੇ ਵਿਭਿੰਨ ਸੋਮਿਆਂ ਤੋਂ ਆਈਆਂ ਹਨ । ਜਾਂ ਇਉਂ ਕਹਿ ਲਓ ਕਿ ਇਹ ਗ੍ਰੰਥ ਤਤਕਾਲੀਨ ਕਥਾ-ਕਹਾਣੀਆਂ ਦਾ ਬੋਧੀਕਰਣ ਹੈ । ਇਸ ਕਥਨ ਦਾ ਪ੍ਰਮਾਣ ਇਸ ਵਿਚਲੀਆਂ ਕਹਾਣੀਆਂ ਹੀ ਹਨ । ਜਾਤਕ ਵਿਚ ਇਕ ਸ਼ੇਰ ਦੀ ਖਲੜੀ ਪਹਿਨਣ ਵਾਲੇ ਖੋਤੇ ਦੀ ਕਹਾਣੀ ਹੈ, ਜਿਸ ਦਾ ਪਾਜ ਹੀਂਗਣ ਨਾਲ ਖੁਲ੍ਹ ਜਾਂਦਾ ਹੈ । ਇਸ ਕਿਸਮ ਦੀਆਂ ਕਈ ਹੋਰ ਲੋਕ-ਕਹਾਣੀਆਂ ਜਾਤਕ ਵਿਚ ਮਿਲਦੀਆਂ ਹਨ । ਹੋ ਸਕਦਾ ਹੈ ਕਿ ਮਹਾਤਮਾ ਬੁਧ ਨੇ ਆਪਣੇ ਉਪਦੇਸ਼ਾਂ ਸਮੇਂ ਜੋ ਕਥਾਵਾਂ ਦ੍ਰਿਸ਼ਟਾਂਤ ਵਜੋਂ ਵਰਤੀਆਂ ਹੋਣ, ਉਹੀ ਮਗਰੋਂ ਉਨ੍ਹਾਂ ਦੇ ਨਾਂ ਨਾਲ ਸਬੰਧਿਤ ਹੋ ਗਈਆਂ ਹੋਣ । ਇਹ ਕਥਾਵਾਂ ਬੜੀਆਂ ਪ੍ਰਾਚੀਨ ਹਨ ਤੇ ਕੁਝ ਕਥਾਵਾਂ ਦੀ ਪਰੰਪਰਾ ਹੜੱਪਾ ਸੰਸਕ੍ਰਿਤੀ ਨਾਲ ਜਾ ਰਲਦੀ ਹੈ । ਡਾ: ਹਿੰਜ਼ ਮੋਦੇ ਤਾਂ ਕਈ ਕਹਾਣੀਆਂ ਨੂੰ ਸਿੰਧੂ ਸੰਸਕ੍ਰਿਤੀ ਦੀਆਂ ਮੰਨਦਾ ਹੈ । ਉਸ ਨੇ ਮਹਿੰਜੋਦੜੋ, ਚੰਨ ਦੜੋ ਆਦਿ ਦੇ ਖੰਡਰਾਂ ਤੋਂ ਪ੍ਰਾਪਤ ਠੀਕਰ ਮੁਹਰਾਂ ਉਤੇ ਅੰਕਿਤ ਚਿਤਰਾਂ ਨੂੰ ਜੋੜ ਕੇ ਇਕ ਕਹਾਣੀ ਸਿਰਜ ਲਈ ਹੈ, ਜੋ ਜਾਤਕ ਵਿਚ ਮਿਲਦੀ ਹੈ ।

ਕੁਝ ਬੋਧੀ ਕਥਾਵਾਂ ਅਵਦਾਨਾਂ ਦੇ ਨਾਂ ਹੇਠ ਪ੍ਰਚਲਤ ਹਨ । ਇਨ੍ਹਾਂ ਵਿਚੋਂ 'ਅਵਦਾਨ ਸ਼ਤਕ', 'ਦਿਵਯਾਵਦਾਨ' ਅਤੇ 'ਅਵਦਾਨ ਕਲਪਤਾ' ਖ਼ਾਸ ਪ੍ਰਸਿਧ ਹਨ । ਅਵਦਾਨ ਇਕ ਵਿਸ਼ੇਸ਼ ਪ੍ਰਕਾਰ ਦੀ ਪਰੰਪਰਾਗਤ ਕਹਾਣੀ ਹੈ, ਜੋ ਕਿਸੇ ਵਾਸਤਵਿਕ

ਵਿਅਕਤੀ, ਸਥਾਨ ਜਾਂ ਘਟਨਾ ਨਾਲ ਸਬੰਧਿਤ ਹੁੰਦੀ ਹੈ, ਪਰ ਇਸ ਵਿਚ ਯਥਾਰਥਕ ਤੱਥ ਦੁਆਲੇ ਲੋਕਧਾਰਾਈ ਸਾਮਗ੍ਰੀ ਤੇ ਕਥਾਨਿਕ ਰੂੜ੍ਹੀਆਂ ਦੁਆਰਾ ਮਨਮੋਹਕ ਤਾਣਾ ਬੁਣ ਲਿਆ ਜਾਂਦਾ ਹੈ । ਤੱਥ-ਮਿਥ ਦਾ ਇਹ ਸੰਜੋਗ, ਜੋ ਪਹਿਲੀ ਵਾਰ ਪ੍ਰਤੱਖ ਰੂਪ ਵਿਚ ਅਵਦਾਨਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਮਧਕਾਲੀ ਪੰਜਾਬੀ ਕਥਾ-ਪਰੰਪਰਾ ਵਿਚ ਬੜੇ ਉਭਰਵੇਂ ਰੂਪ ਵਿਚ ਫੈਲਿਆ ਹੋਇਆ ਹੈ । ਅਵਦਾਨਾਂ ਤੇ ਜਾਤਕਾਂ ਦੀਆਂ ਕਥਾਨਿਕ ਰੂੜ੍ਹੀਆਂ ਬਾਰੇ ਚਰਚਾ ਕਿਧਰੇ ਵਖਰੇ ਕਰਾਂਗੇ (ਵੇਖੋ : ਕਥਾਨਿਕ ਰੂੜ੍ਹੀਆਂ) ।

ਕਥਾਵਾਂ ਦਾ ਸਭ ਤੋਂ ਵਡਾ ਭੰਡਾਰਾ ਜੈਨ ਸਾਹਿੱਤ ਵਿਚ ਮਿਲਦਾ ਹੈ । ਜੈਨੀਆਂ ਲਈ ਕਥਾ ਬਾਣੀ ਦਾ ਦਰਜਾ ਰਖਦੀ ਹੈ ਅਤੇ ਉਨ੍ਹਾਂ ਨੇ ਧਾਰਮਿਕ ਤੇ ਨੈਤਿਕ ਭਾਵਨਾ ਨੂੰ ਪ੍ਰਗਟਾਣ ਲਈ, ਸੁਚੇਤ ਰੂਪ ਵਿਚ ਕਥਾ ਦੀ ਰੂਪ-ਵਿਧਾ ਦੀ ਵਰਤੋਂ ਕੀਤੀ । 'ਜੈਨ ਕਥਾ ਕੋਸ਼', 'ਜੈਨ ਬ੍ਰਤ ਕਥਾ', 'ਦਾਨ ਕਥਾਏਂ', 'ਪੁੰਨਯਾਸ਼ਰਵ ਕਥਾ ਕੋਸ਼', 'ਰਤਨਤ੍ਰਯ ਕਥਾ ਮੰਜਰੀ', 'ਜੈਨ ਪਰਵ ਕਥਾਏਂ', 'ਭਵਤਾਮਰ ਸਤੋਤਰ' ਕਥਾਏਂ ਆਦਿ, ਮਹਾਨ ਕਥਾ-ਸੰਕਲਨਾਂ ਤੋਂ ਇਲਾਵਾ, ਉਨ੍ਹਾਂ ਨੇ ਅਨੇਕਾਂ ਚਰਿਤ੍ਰ ਗ੍ਰੰਥ ਵੀ ਲਿਖੇ, ਜਿਨ੍ਹਾਂ ਵਿਚ ਮਹਾਂਪੁਰਸ਼ਾਂ ਜਾਂ ਤੀਰਥੰਕਰਾਂ ਦੇ ਚਰਿਤ੍ਰ, ਪੂਰਵ ਜਨਮਾਂ ਦੇ ਕਰਮ ਅਤੇ ਉਨ੍ਹਾਂ ਦੇ ਫਲ ਦਾ ਵਰਨਣ, ਕਥਾਵਾਂ ਦੁਆਰਾ ਕੀਤਾ ਹੈ । ਪੰਜਾਬੀ ਵਿਚ ਚਰਿਤ੍ਰ ਕਥਾਵਾਂ ਦੀ ਪਰੰਪਰਾ ਜੈਨੀ ਚਰਿਤ੍ਰਾਂ ਦੇ ਪ੍ਰਭਾਵ ਦਾ ਹੀ ਫਲ ਜਾਪਦੀ ਹੈ (ਵੇਖੋ : ਚਰਿਤ੍ਰ) ।

ਅਨੇਕਾਂ ਜਾਤੀਆਂ ਸਮੇਂ ਸਮੇਂ ਬਾਹਰੋਂ ਆ ਕੇ ਪੰਜਾਬ ਵਿਚ ਵਸਦੀਆਂ ਰਹੀਆਂ, ਇਹਨਾਂ ਜਾਤੀਆਂ ਦੇ ਪੰਜਾਬ ਦੀ ਵਸੋਂ ਵਿਚ ਰਚ ਮਿਚ ਜਾਣ ਨਾਲ ਇਕ ਪਾਸੇ ਤਾਂ ਇਥੋਂ ਦੀ ਵਸੋਂ ਮਿਸੀ ਅਤੇ ਸੰਸਕ੍ਰਿਤੀ ਵਿਵਿਧ ਰੂਪ ਗ੍ਰਹਿਣ ਕਰ ਗਈ, ਦੂਜਾ ਇਥੋਂ ਦੀ ਕਾਵਿ, ਕਲਾ ਅਤੇ ਕਥਾ ਵੀ ਚੋਖੀ ਪ੍ਰਭਾਵਿਤ ਹੋਈ । ਪੰਜਾਬ ਦੇ ਕਥਾ-ਪ੍ਰਵਾਹ ਉਤੇ ਯੂਨਾਨੀ ਅਤੇ ਸਾਮੀ ਕਥਾਵਾਂ ਦਾ ਪ੍ਰਭਾਵ ਵਰਨਣਯੋਗ ਹੈ । ਯੂਨਾਨ ਦੀਆਂ ਕਈ ਮਿਥਾਂ ਨਾਟਕੀ ਰੂਪ ਵਿਚ ਪੰਜਾਬ ਦੀ ਧਰਤੀ ਉਪਰ ਖੇਡੀਆਂ ਗਈਆਂ । ਈਸਪ ਦੀਆਂ ਨੀਤੀ ਕਥਾਵਾਂ ਤਾਂ ਪੰਜਾਬੀ ਸਿਮਰਤੀ ਦਾ ਹਿੱਸਾ ਹੀ ਬਣ ਗਈਆਂ । ਇਥੋਂ ਤਕ ਕਿ ਉਹਨਾਂ ਦੇ ਖੁਲ੍ਹੇ
ਅਨੁਵਾਦ 'ਹਕਾਇਤਾਂ ਲੁਕਮਾਨ ਦੀਆਂ' ਦੇ ਨਾਂ ਹੇਠਾਂ ਆਮ ਮਿਲਦੇ ਹਨ । ਯੂਨਾਨੀ ਕਥਾਨਿਕ ਰੂੜ੍ਹੀਆਂ ਬਾਰੇ ਅਸੀਂ ਚਰਚਾ ਕਥਾਨਿਕ ਰੂੜ੍ਹੀਆਂ ਹੇਠ ਵਖਰੀ ਕੀਤੀ ਹੈ (ਵੇਖੋ : ਕਥਾਨਿਕ ਰੂੜ੍ਹੀਆਂ) ।

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਕਥਾ-ਪ੍ਰਵਾਹ ਉਤੇ ਸਾਮੀ ਕਥਾਵਾਂ ਦਾ ਪ੍ਰਭਾਵ ਬੜਾ ਗਹਿਰਾ ਹੈ, ਇਸ ਨਾਲ ਪੰਜਾਬੀ ਕਥਾ ਕਹਾਣੀ ਨੂੰ ਇਕ ਨਵੀਂ ਦਿਸ਼ਾ ਮਿਲੀ। ਮੁਸਲਮਾਨਾਂ ਦੇ ਭਾਰਤ ਆਉਣ ਨਾਲ ਇਸਲਾਮੀ ਪੁਰਾਣ ਸ਼ਾਸਤਰ, ਸ਼ਾਹਨਾਮਾ, ਅਲਫ਼ ਲੈਲਾ, ਅਨੁਵਾਰ ਸਹੇਲੀ, ਤੂਤੀਨਾਮਾ, ਹਾਤਮਨਾਮਾ ਆਦਿ ਦੀਆਂ ਕਥਾਵਾਂ ਇਕ ਬਲਵਾਨ ਵਹਿਣ ਦਾ ਰੂਪ ਧਾਰ ਕੇ ਸਾਡੇ ਕਥਾ-ਪ੍ਰਵਾਹ ਵਿਚ ਸਹਿਜੇ ਹੀ ਸਮਿਲਤ ਹੋਣ ਲਗੀਆਂ। ਫ਼ਾਰਸੀ ਦਰਬਾਰੀ ਬੋਲੀ ਬਣ ਜਾਣ ਕਰ ਕੇ ਇਸ ਯੁਗ ਵਿਚ ਫ਼ਾਰਸੀ ਸਾਹਿੱਤ ਅਤੇ ਲੋਕਧਾਰਾ ਦਾ ਅਧਿਐਨ ਇਕ ਸੁਭਾਵਿਕ ਕਰਮ ਬਣ ਗਿਆ। ਫਲਸਰੂਪ ਅਰਬੀ ਫ਼ਾਰਸੀ ਮੂਲ ਦੀਆਂ ਕਥਾ ਕਹਾਣੀਆਂ ਅਤੇ ਮਿਥਾਂ ਵਿਦਵਾਨ ਵਰਗ ਤੋਂ ਹੁੰਦੀਆਂ ਹੋਈਆਂ ਲੋਕ-ਵਰਗ ਵਿਚ ਫੈਲਦੀਆਂ ਗਈਆਂ। ਲੱਖਾਂ ਹਿੰਦੂਆਂ ਵਲੋਂ ਇਸਲਾਮ ਮੱਤ ਗ੍ਰਹਿਣ ਕਰਨ ਨਾਲ ਸਾਮੀ ਅਤੇ ਆਰਿਆਈ ਕਥਾਨਿਕ ਰੂੜ੍ਹੀਆਂ ਦਾ ਮਿਸ਼ਰਣ ਵੀ ਸਹਿਜ ਸੀ। ਦੋ ਬਲਵਾਨ ਸੰਸਕ੍ਰਿਤੀਆਂ ਦਾ ਇਤਨਾ ਸੰਘਣਾ ਮੇਲ ਪੰਜਾਬ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਦੇ ਵੇਖਣ ਵਿਚ ਨਹੀਂ ਸੀ ਆਇਆ। ਫਲਸਰੂਪ ਪੰਜਾਬੀ ਕਥਾ-ਕਹਾਣੀ ਦੀ ਪ੍ਰਕ੍ਰਿਤੀ ਅਤੇ ਨੁਹਾਰ ਬਦਲਣ ਲੱਗੀ। ਪੰਜਾਬ ਦੀ ਕਥਾ ਪਰੰਪਰਾ ਮਿੱਸੀ ਹੋ ਗਈ ਅਤੇ ਅਨੇਕਾਂ ਫ਼ਰਿਸ਼ਤਿਆਂ, ਪੈਗ਼ੰਬਰਾਂ, ਨਬੀਆਂ ਤੋਂ ਇਲਾਵਾ ਆਦਮ, ਹੱਵਾ, ਸੁਲੇਮਾਨ, ਮੂਸਾ, ਕਾਰੂੰ ਆਦਿ ਇਸਲਾਮੀ ਪੁਰਾਣ ਪੁਰਸ਼ ਪੰਜਾਬੀ ਕਥਾਵਾਂ ਵਿਚ ਵਿਚਰਨ ਲੱਗੇ।

ਸਾਮੀ ਮੁੱਢ ਦੀਆਂ ਕਈ ਕਥਾਵਾਂ ਯੂਸਫ਼ ਜ਼ੁਲੇਖਾਂ, ਸ਼ੀਰੀਂ ਫ਼ਰਹਾਦ, ਲੈਲਾ ਮਜਨੂੰ, ਸ਼ਾਹ ਬਹਿਰਾਮ, ਸੈਫ਼ੁਲ ਮਲੂਕ, ਗੁਲ ਸਨੋਬਰ, ਗੁਲ ਬਕਾਵਲੀ, ਬਦਰੇ ਮੁਨੀਰ, ਮਲਕਜ਼ਾਦਾ ਸ਼ਾਹਪਰੀ ਆਦਿ, ਆਦਿ ਕੁਝ ਤਾਂ ਮੂਲ ਸਾਮੀ ਰੂਪ ਵਿਚ ਹੀ ਅਤੇ ਕੁਝ ਵਿਕ੍ਰਤ ਰੂਪ ਵਿਚ ਇਥੋਂ ਦੇ ਕਥਾ-ਪ੍ਰਵਾਹ ਵਿਚ ਇਸ ਤਰ੍ਹਾਂ ਵਲੀਨ ਹੋ ਗਈਆਂ ਜਿਵੇਂ ਇਹ ਪੰਜਾਬ ਦੀਆਂ ਹੀ ਜੰਮਪਲ ਹੋਣ। ਇਹਨਾਂ ਵਿਚੋਂ ਕੁਝ ਕਥਾਵਾਂ ਨਵੀਆਂ ਕਥਾਨਿਕ ਰੂੜ੍ਹੀਆਂ ਦੇ ਮਿਸ਼ਰਣ ਨਾਲ ਮੂਲ ਨਾਲੋਂ ਵਿਲੱਖਣ ਸਰੂਪ ਗ੍ਰਹਿਣ ਕਰ ਕੇ ਸੁਤੰਤਰ ਹੋਣੀ ਭੋਗਣ ਲੱਗੀਆਂ। ਪੰਜਾਬ ਵਿਚ ਪ੍ਰਚਲਤ ਸ਼ੀਰੀਂ ਫ਼ਰਹਾਦ ਕਈ ਨਵੀਆਂ ਕਥਾਨਿਕ ਰੂੜ੍ਹੀਆਂ ਦੇ ਸੰਜੋਗ ਕਾਰਨ ਮੂਲ ਸਾਮੀ ਕਥਾ ਨਾਲੋਂ ਕਾਫ਼ੀ ਵਿਲੱਖਣ ਹੈ (ਵੇਖੋ : ਸ਼ੀਰੀਂ ਫ਼ਰਹਾਦ)।

ਪੰਜਾਬ ਦੀਆਂ ਮੂਲ ਕਥਾਵਾਂ ਅਤੇ ਕਥਾਨਿਕ ਰੂੜ੍ਹੀਆਂ ਵਿਚ ਵੀ ਭਾਰੀ ਪਰਿਵਰਤਨ ਆਏ ਅਤੇ ਪੰਜਾਬੀ ਕਥਾ ਸੰਸਕ੍ਰਿਤ ਦੀ ਪਰੰਪਰਾ ਨਾਲੋਂ ਟੁਟ ਕੇ ਸਾਮੀ ਕਥਾ ਪਰੰਪਰਾ ਨਾਲ ਜੁੜਨ ਦੀ ਚੇਸ਼ਟਾ ਕਰਨ ਲੱਗੀ। ਭਾਰਤੀ ਅਪੱਛਰਾ ਅਤੇ ਬੇਤਾਲ ਦੀ ਥਾਂ ਤਰਤੀਬਵਾਰ ਸਾਮੀ ਪਰੀ ਅਤੇ ਜਿੰਨ ਨੇ ਲੈ ਲਈ। ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ ਆਦਿ ਦੀਆਂ ਪ੍ਰੇਮ ਕਥਾਵਾਂ ਇਸੇ ਸਮੇਂ ਦੀਆਂ ਪੈਦਾਵਾਰ ਹਨ, ਜੋ ਆਪਣੇ ਪੌਰਾਣਿਕ ਅਸਲੇ ਨਾਲੋਂ ਟੁਟ ਕੇ ਅਤੇ ਆਪਣੀ ਮੂਲ ਪਛਾਣ ਗੰਵਾ ਕੇ ਨਵੇਂ ਰੂਪ ਵਿਚ ਉਦੇ ਹੋਈਆਂ। ਇਹ ਸਭ ਕਥਾਵਾਂ ਪ੍ਰਾਚੀਨ ਕਾਲ ਵਿਚ ਕਿਸੇ ਨਾ-ਕਿਸੇ ਰੂਪ ਵਿਚ ਸਾਡੀ ਕਥਾ ਪਰੰਪਰਾ ਦਾ ਅੰਗ ਸਨ, ਪਰ ਇਹਨਾਂ ਦੇ ਜੋ ਰੂਪ ਸੈਮਿਟਿਕ ਪਰੰਪਰਾ ਦੇ ਪ੍ਰਭਾਵ ਮਗਰੋਂ ਉਭਰੇ, ਉਹ ਬੜੇ ਰੋਚਿਕ ਅਤੇ ਵਿਲੱਖਣ ਹਨ। ਉਹਨਾਂ ਵਿਚ ਵਾਸਤਵਿਕਤਾ ਦੀ ਮਾਤਰਾ ਵਧੇਰੇ ਅਤੇ ਮਿਥਕ ਅੰਸ਼ ਘਟ ਹੈ।

ਸਾਮੀ ਕਥਾਨਿਕ ਰੂੜ੍ਹੀਆਂ ਨੇ ਪੰਜਾਬੀ ਦੀਆਂ ਸਾਖੀਆਂ ਅਤੇ ਕਿੱਸਿਆਂ ਨੂੰ ਵੀ ਕਾਫ਼ੀ ਮਾਤਰਾ ਵਿਚ ਪ੍ਰਭਾਵਿਤ ਕੀਤਾ। ਗੁਰੂ ਨਾਨਕ ਦੇਵ ਦਾ ਵੇਈਂ ਨਦੀ ਵਿਚ ਅਲੋਪ ਹੋ ਕੇ ਪਾਰਬ੍ਰਹਮ ਦੇ ਦਰਬਾਰ ਵਿਚ, ਸਰੀਰਕ ਰੂਪ ਵਿਚ ਹਾਜ਼ਰ ਹੋਣ ਅਤੇ ਦਰੋਂ ਘਰੋਂ ਪਾਰਬ੍ਰਹਮ ਦਾ ਅਸ਼ੀਰਵਾਦ ਲੈ ਕੇ ਪਰਤ ਆਉਣ ਦੀ ਸਾਖੀ ਦਾ ਹਜ਼ਰਤ ਮੁਹੰਮਦ ਸਾਹਿਬ ਦੀ ਮਾਅਰਾਜ ਕਥਾ ਨਾਲ ਸਮਾਨਤਾ ਇਸੇ ਦਿਸ਼ਾ ਵਲ ਸੰਕੇਤ ਹੈ। ਇਸੇ ਤਰ੍ਹਾਂ ਕਿੱਸਾ ਸਾਹਿੱਤ ਵਿਚ ਵੀ ਤੀਵੀਂ ਦੀ ਪਾਕਦਾਮਨੀ ਵਿਚ, ਗੈਬੀ ਸ਼ਕਤੀ ਦੀ ਮਦਦ ਦੀ ਸਾਮੀ ਕਥਾਨਿਕ ਰੂੜ੍ਹੀ ਪ੍ਰਵੇਸ਼ ਕਰ ਗਈ। ਜ਼ੁਲੇਖਾਂ ਦਾ ਪਤੀ ਅਜ਼ੀਜ਼, ਜ਼ੁਲੇਖਾਂ ਦੇ ਜਿਸਮ ਨੂੰ ਭੋਗਣ ਦੀ ਚੇਸ਼ਟਾ ਨਾਲ ਜਦੋਂ ਉਹਦੇ ਪਲੰਘ 'ਤੇ ਜਾਂਦਾ ਹੈ ਤਾਂ ਜਾਂ ਉਹ ਖ਼ੁਦ ਖੁਸਰਾ ਹੋ ਜਾਂਦਾ ਹੈ ਜਾਂ ਜ਼ੁਲੇਖਾਂ ਦੀ ਸ਼ਕਲ ਸ਼ੈਤਾਨ ਵਰਗੀ ਬਣ ਜਾਂਦੀ ਹੈ ਅਤੇ ਉਸ ਲਈ ਜ਼ੁਲੇਖਾਂ ਨਾਲ ਭੋਗ ਕਰਨਾ ਅਸੰਭਵ ਹੋ ਜਾਂਦਾ ਹੈ। ਇਸੇ ਭਾਵ ਦੀ ਕਥਾਨਿਕ ਰੂੜ੍ਹੀ ਹੀਰ ਦੇ ਕਿੱਸੇ ਵਿਚ ਸਮਿਲਤ ਕਰ ਲਈ ਗਈ। ਸੈਦਾ ਜਦੋਂ ਹੀਰ ਦੀ ਸੇਜ ਉਤੇ ਚੜ੍ਹਦਾ ਹੈ ਤਾਂ ਹੀਰ ਦੇ ਪਿੰਡੇ ਵਿਚੋਂ ਨਿਕਲੇ ਸੇਕ ਸਦਕਾ ਇਕ ਪਲ ਵੀ ਨਹੀਂ ਠਹਿਰ ਸਕਦਾ। ਇਸ ਕਿਸਮ ਦੇ ਅਨੇਕਾਂ ਹੋਰ ਉਦਾਹਰਣ ਸਹਿਜੇ ਹੀ ਲਭ ਜਾਂਦੇ ਹਨ।

ਸਾਮੀ ਪ੍ਰਭਾਵ ਹੇਠ, ਪੰਜਾਬੀ ਕਥਾ ਦੇ ਕੁਝ ਨਵੇਂ ਰੂਪ ਅਸਲੇ, ਮਸਲੇ, ਗੋਸ਼ਟਾਂ, ਸੁਖਨ ਆਦਿ ਹੋਂਦ ਵਿਚ ਆਏ, ਜਿਹਨਾਂ ਬਾਰੇ ਵਖਰੀ ਚਰਚਾ ਕੀਤੀ ਗਈ ਹੈ।

ਪੰਜਾਬ ਦੀ ਕਥਾ ਪਰੰਪਰਾ ਵਿਚ ਜੋ ਮਹੱਤਵਸ਼ੀਲ ਅਤੇ ਗੌਰਵਮਈ ਸਥਾਨ ਦਸਮ ਗ੍ਰੰਥ ਦੇ 'ਪਾਖਯਾਨ ਚਰਿਤ੍ਰ' ਦਾ ਹੈ, ਉਹ ਕਿਸੇ ਹੋਰ ਮਧਕਾਲੀਨ ਰਚਨਾ ਨੂੰ ਪ੍ਰਾਪਤ ਨਹੀਂ। ਇਸ ਉਚ ਪਾਏ ਦੀ ਰਚਨਾ ਉਤੇ ਜੇ ਕਿਸੇ ਸੀ. ਐਚ. ਟਾਨੇ (C. H. Towney) ਅਤੇ ਐਨ. ਐਮ. ਪੇਂਜ਼ਰ (N. M. Penzer) ਵਰਗੇ ਲੋਕਧਾਰਾ ਸ਼ਾਸਤ੍ਰੀ ਅਤੇ ਕਥਾ-ਪ੍ਰੇਮੀ ਦੀ ਨਿਗਾਹ ਪੈ ਜਾਂਦੀ, ਤਾਂ ਇਹ ਸ਼ਾਹਕਾਰ ਵੀ ਸੋਮਦੇਵ ਦੇ 'ਕਥਾ ਸਰਿਤ ਸਾਗਰ' ਵਾਂਗ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਟਿਪਣੀਆਂ ਅਤੇ ਵਿਆਖਿਆ ਸਮੇਤ ਪ੍ਰਕਾਸ਼ਤ ਹੁੰਦਾ, ਤਾਂ ਇਸ ਰਚਨਾ ਦਾ 'ਵਡ ਕਹਾ' ਅਤੇ 'ਅਲਫ਼ ਲੈਲਾ' ਤੋਂ ਵੀ ਵਧ ਮੁੱਲ ਪੈਂਦਾ, ਪਰ ਮੰਦੇ ਭਾਗੀਂ, ਇਹ ਮਹਾਨ ਕਿਰਤ, ਦਸਮ ਗ੍ਰੰਥ ਦਾ ਇਕ ਵਡੇਰਾ ਭਾਗ ਹੋਣ ਕਰ ਕੇ, ਵਿਸ਼ਵ ਦੇ ਸਾਹਿੱਤਕ ਖੇਤਰਾਂ ਵਿਚ ਅਣਗੌਲੀ ਰਹਿ ਗਈ ਹੈ। ਸਿੱਖ ਵਿਦਵਾਨ ਇਸੇ ਵਾਦ-ਵਿਵਾਦ ਵਿਚ ਹੀ ਬੇਅਰਥ ਰੁੜ੍ਹੇ ਹੋਏ ਹਨ ਕਿ ਇਹ ਰਚਨਾ ਗੁਰੂ ਗੋਬਿੰਦ ਸਿੰਘ ਦੀ ਹੈ ਜਾਂ ਉਹਨਾਂ ਦੇ ਦਰਬਾਰੀ ਕਵੀਆਂ ਰਾਮ, ਸ਼ਾਮ ਤੇ ਕਾਲ ਆਦਿ ਦੀ। ਸਿੱਖਾਂ ਵਿਚ ਇਹ ਭਰਾਂਤੀ ਬਣੀ ਹੋਈ ਹੈ ਕਿ ਇਸ ਰਚਨਾ ਦੇ ਨਾਲ ਗੁਰੂ ਗੋਬਿੰਦ ਸਿੰਘ ਦਾ ਨਾਂ ਜੁੜਨ ਨਾਲ, ਉਹਨਾਂ ਦੀ ਪ੍ਰਤਿਭਾ ਦਾ ਜਲੌ ਘਟਦਾ ਹੈ। ਇਹ ਅਦਭੁਤ ਕਿਰਤ ਸਹਿਜ ਰੂਪ ਵਿਚ ਹੀ ਇਤਨੇ ਗੌਰਵ ਵਾਲ਼ੀ ਹੈ ਕਿ ਇਸ ਨਾਲ ਕਿਸੇ ਵੀ ਮਹਾਂਪੁਰਸ਼ ਦਾ ਨਾਂ ਜੁੜਨ ਨਾਲ, ਉਸ ਦੀ ਪ੍ਰਤਿਸ਼ਠਾ ਵਧਦੀ ਹੈ, ਘਟਦੀ ਨਹੀਂ।

ਗੁਣਾਢੇ ਦੇ 'ਵਡ ਕਹਾ' ਵਾਂਗ 'ਚਰਿਤ੍ਰ ਉਪਾਖਯਾਨ' ਨੂੰ ਵੀ 'ਵਡ ਕਹਾ' ਵਾਲੀ ਹੋਣੀ ਭੋਗਣੀ ਪੈ ਰਹੀ ਹੈ। ਜਦੋਂ ਗੁਣਾਢੇ ਨੇ ਲੋਕ-ਕਥਾਵਾਂ ਨੂੰ ਪਿਸਾਚੀ ਭਾਸ਼ਾ ਵਿਚ ਕਾਵਿਬਧ ਕੀਤਾ ਤਾਂ ਅਖੌਤੀ ਵਿਦਵਾਨਾਂ ਨੇ ਉਸ ਮਹਾਨ ਸੰਕਲਨ ਨੂੰ, ਭੂਤ ਭਾਸ਼ਾ ਵਿਚ ਹੋਣ ਕਰ ਕੇ, ਪ੍ਰਵਾਨ ਹੀ ਨਹੀਂ ਸੀ ਕੀਤਾ। ਫਲਸਰੂਪ ਉਸ ਗ੍ਰੰਥ ਦਾ ਨਾਂ-ਨਿਸ਼ਾਨ ਹੀ ਸੰਸਾਰ ਤੋਂ ਮਿਟ ਗਿਆ। ਗੁਰੂ ਗੋਬਿੰਦ ਸਿੰਘ ਦੀ ਇਸ ਸ਼ਾਹਕਾਰ ਰਚਨਾ ਦੀ ਵੀ ਉਸੇ ਭਾਂਤ ਬੇਕਦਰੀ, ਸਾਡੇ ਅਖੌਤੀ ਵਿਦਵਾਨਾਂ ਦੀ, ਆਪਣੇ ਸਭਿਆਚਾਰਕ ਵਿਰਸੇ ਦੇ ਗੌਰਵ ਨੂੰ ਸਮਝਣ ਦੀ ਅਸਮਰੱਥਾ ਕਰ ਕੇ ਹੈ।

ਇਸ ਰਚਨਾ ਨੂੰ ਬਾਣੀ ਦੇ ਪ੍ਰਮਾਣਾਂ ਨਾਲ ਤੋਲਣਾ ਇਸ ਦੀ ਸਹਿਜ ਪ੍ਰਕ੍ਰਿਤੀ ਤੋਂ ਅਗਿਆਨਤਾ ਪ੍ਰਗਟ ਕਰਨੀ ਅਤੇ ਰਚਨਾ ਨਾਲ ਘੋਰ ਅਨਿਆਂ ਕਰਨਾ ਹੈ। ਲੋਕ-ਕਹਾਣੀਆਂ ਲੋਕ-ਮਨ ਦੀਆਂ ਧੀਆਂ ਧਿਆਣੀਆਂ ਹਨ, ਜੋ ਪਰੰਪਰਾ ਦੇ ਪ੍ਰਵਾਹ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ। ਇਹਨਾਂ ਨੂੰ ਕਾਵਿਬਧ ਕਰਨ ਵਾਲਾ ਕਲਾਵਾਨ ਭਾਵੇਂ ਗੁਰਮੁਖ ਪ੍ਰਕ੍ਰਿਤੀ ਦਾ ਹੀ ਹੋਵੇ, ਲੋਕ-ਮਨ ਨਾਲ ਇਕਸੁਰ ਹੋ ਕੇ ਇਨ੍ਹਾਂ ਦੀ ਪੁਨਰ ਸਿਰਜਨਾ ਕਰੇਗਾ। ਲੋਕ-ਮਨ ਦੇ ਕੁਝ ਆਪਣੇ ਲੱਛਣ, ਸੰਸਕਾਰ ਅਤੇ ਧਾਰਨਾਵਾਂ ਹਨ, ਜਿਹਨਾਂ ਵਿਚ ਲੀਨ ਹੋ ਕੇ ਮਹਾਨ ਪ੍ਰਤਿਭਾ ਵੀ

Sri Satguru Jagjit Singh Ji eLibrary NamdhariElibrary@gmail.com

ਲੋਕ-ਪਧਰ ਉਪਰ ਆ ਵਿਚਰਦੀ ਹੈ। ਲੋਕ-ਮਨ ਨਾਲ ਇਕਸੁਰ ਹੋਏ ਕਵੀ ਦੇ ਸ਼ਬਦ-ਪ੍ਰਬੰਧ, ਬਿੰਬ-ਵਿਧਾਨ ਅਤੇ ਕਾਮ-ਹੁਸਨ ਦੇ ਵਰਨਣ ਵਿਚ ਨਾ ਤਾਂ ਜਾਪੁ ਸਾਹਿਬ ਵਾਲੀ ਸ਼ਬਦਾਵਲੀ, ਬਿੰਬ ਅਤੇ ਮੁਹਾਵਰਾ ਵਰਤਿਆ ਹੋਵੇਗਾ ਅਤੇ ਨਾ ਹੀ ਚੰਡੀ ਦੀ ਵਾਰ ਵਾਲਾ। ਜਿਸ ਕਰ ਕੇ ਅਜਿਹੀ ਰਚਨਾ ਵਿਚ ਅਧਿਆਤਮਕ ਕਾਵਿ (ਗੁਰਬਾਣੀ) ਅਤੇ ਬੀਰ-ਕਾਵਿ ਨਾਲੋਂ ਵਿਲੱਖਣ ਲੋਕ-ਸੁਰ ਗੂੰਜਣੀ ਸੁਭਾਵਿਕ ਹੈ। ਲੋਕ-ਮਨ ਨਾਲ ਇਕਸੁਰ ਹੋ ਕੇ ਪੁਨਰ ਸਿਰਜੀ ਰਚਨਾ ਨੂੰ ਗੁਰਮਤਿ-ਮਨ ਵਿਚੋਂ ਉਦੈ ਹੋਈ ਰਚਨਾ ਦੇ ਪ੍ਰਮਾਣਾਂ ਨਾਲ ਨਾਪਣਾ ਇਕ ਹਾਸੋਹੀਣੀ ਗੱਲ ਹੈ। ਲੋਕ-ਕਹਾਣੀਆਂ ਨੂੰ ਕਾਵਿਬਧ ਕਰਨਾ ਉਹਨਾਂ ਦੀ ਪੁਨਰ-ਸਿਰਜਨਾ ਕਰਨਾ ਹੈ ਅਤੇ ਕਹਾਣੀਆਂ ਦੇ ਮੂਲ ਸੰਸਾਰ ਨੂੰ ਸਿਰਜ ਕੇ ਲੋਕ-ਰੂਪ ਵਿਚ ਰਚਨਾ ਕਰਨ ਦੀ ਸਮਰੱਥਾ ਕਿਸੇ ਮਹਾਨ ਪ੍ਰਤਿਭਾ ਵਿਚ ਹੀ ਹੋ ਸਕਦੀ ਹੈ। ਇਸ ਰਚਨਾ ਦੇ ਕਰਤਾ ਹੋਣ ਨਾਲ ਗੁਰੂ ਗੋਬਿੰਦ ਸਿੰਘ ਦਾ ਮਾਣ ਵਧਦਾ ਹੈ।

ਇਸ ਰਚਨਾ ਦੇ ਕ੍ਰਿਤਤਵ ਬਾਰੇ ਭਾਵੇਂ ਭਰਮ ਵਸ ਸੰਦੇਹ ਪੈਦਾ ਹੋ ਗਏ ਹਨ, ਪਰ ਇਸ ਨਾਲ 'ਪਾਖਯਾਨ ਚਰਿਤ੍ਰ' ਦਾ ਮਹੱਤਵ ਘਟਦਾ ਨਹੀਂ। ਲੋਕ-ਕਹਾਣੀ ਤਾਂ ਮੁਢ ਕਦੀਮ ਤੋਂ ਹੀ ਲੋਕਾਂ ਦੀ ਵਸਤੂ ਅਤੇ ਵਿਰਸਾ ਰਹੀ ਹੈ। ਇਸ ਨੂੰ ਜੋ ਕੋਈ ਵੀ ਸੰਭਾਲਦਾ ਹੈ, ਉਹ ਬੁਨਿਆਦੀ ਤੌਰ 'ਤੇ ਕੋਈ ਨਵੀਂ ਰਚਨਾ ਨਹੀਂ ਕਰਦਾ, ਉਹ ਕੇਵਲ ਪੁਨਰ ਸਿਰਜਨਾ ਕਰਦਾ ਜਾਂ ਫਿਰ ਲੋਕ-ਸਿਮਰਤੀ ਨੂੰ ਕਲਮਬਧ ਕਰਦਾ ਹੈ। ਇਨ੍ਹਾਂ ਕਥਾਵਾਂ ਦਾ ਮਹੱਤਵ ਆਪਣੀ ਹੋਂਦ ਕਰ ਕੇ ਹੈ। ਇਸ ਲਈ ਇਨ੍ਹਾਂ ਕਥਾਵਾਂ ਨੂੰ ਚਾਹੇ ਗੁਰੂ ਗੋਬਿੰਦ ਸਿੰਘ ਨੇ ਖ਼ੁਦ ਕਾਵਿਬਧ ਕੀਤਾ, ਚਾਹੇ ਕਿਸੇ ਹੋਰ ਵਿਅਕਤੀ ਜਾਂ ਵਿਅਕਤੀਆਂ ਨੇ, ਉਸ ਨੇ ਲੋਕ-ਸੰਸਕ੍ਰਿਤੀ ਵਿਚ ਵਿਚਰਦੀਆਂ ਕਥਾਵਾਂ ਦਾ ਸੰਕਲਨ ਕਰ ਕੇ, ਪੰਜਾਬ ਦੇ ਸਭਿਆਚਾਰਕ ਵਿਰਸੇ ਦੀ ਸਾਂਭ ਲਈ ਜੋ ਮਹਾਨ ਕੰਮ ਕੀਤਾ ਹੈ, ਉਸ ਦੀ ਦੂਜੀ ਮਿਸਾਲ ਸਾਡੇ ਸਾਹਿੱਤ ਵਿਚ ਨਹੀਂ।

ਗੁਰੂ ਘਰ ਨੇ ਲੋਕ-ਕਹਾਣੀਆਂ ਦੀ ਮਹੱਤਤਾ ਨੂੰ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਅਨੁਭਵ ਕਰ ਲਿਆ ਸੀ। ਜਿਸ ਦਾ ਪ੍ਰਮਾਣ ਸਾਖੀ ਸਾਹਿੱਤ ਵਿਚ ਮਿਲਦੇ ਅਨੇਕਾਂ ਉਹ ਬਿਰਤਾਂਤ ਹਨ, ਜੋ ਬੁਨਿਆਦੀ ਰੂਪ ਵਿਚ ਕੋਈ ਕਥਾ-ਕਹਾਣੀ ਹੀ ਹਨ।

ਚਰਿਤ੍ਰ ਉਪਖਯਾਨ ਇਕ ਤਰ੍ਹਾਂ ਦਾ ਕਥਾ ਪੁਰਾਣ ਹੈ ਅਤੇ ਇਹ ਪੌਰਾਣਿਕ ਬਿਰਤੀ ਦੀ ਹੀ ਇਕ ਮਹਾਨ ਕਿਰਤ ਕਹੀ ਜਾ ਸਕਦੀ ਹੈ। ਪੁਰਾਣਾਂ ਵਿਚ ਦੇਵੀ ਦੇਵਤਿਆਂ ਦੀਆਂ ਕਥਾਵਾਂ ਹਨ, ਪਰ ਮਧਕਾਲ ਵਿਚ ਜਿਵੇਂ ਕਿ ਪਿਛੇ ਦਸਿਆ ਜਾ ਚੁਕਾ ਹੈ, ਦੇਵੀ ਦੇਵਤਿਆਂ ਦੀ ਥਾਂ ਆਮ ਮਨੁਖਾਂ ਨੇ ਮਲ ਲਈ ਸੀ, ਇਸ ਲਈ ਮਾਨਵੀ ਚਰਿਤ੍ਰ ਦੇ ਪੁਰਾਣ ਲਿਖਣ ਦੀ ਲੋੜ ਵਧੇਰੇ ਸੀ। ਮਧਕਾਲ ਵਿਚ ਧਰਮ ਤੋਂ ਇਲਾਵਾ ਦੋ ਹੀ ਬਿਰਤੀਆਂ ਪ੍ਰਧਾਨ ਸਨ — ਇਕ ਇਸ਼ਕ ਦੀ, ਦੂਜੀ ਬੀਰਤਾ ਦੀ। ਇਸ ਸੰਕਲਨ ਦੀਆਂ ਬਹੁਤੀਆਂ ਕਥਾਵਾਂ ਇਨ੍ਹਾਂ ਦੋਹਾਂ ਬਿਰਤੀਆਂ ਦਾ ਹੀ ਪਾਸਾਰ ਤੇ ਪ੍ਰਕਾਸ਼ ਹਨ।

ਚਰਿਤ੍ਰ ਉਪਖਯਾਨ ਵਿਚ ਕੁਲ 405 ਕਥਾਵਾਂ ਹਨ ਜੋ ਦਸਮ ਗ੍ਰੰਥ ਦੇ ਇਕ ਵਡੇਰੇ ਭਾਗ (1428 ਪੰਨਿਆਂ ਵਿਚੋਂ 616 ਪੰਨਿਆਂ) ਵਿਚ ਫੈਲੀਆਂ ਹੋਈਆਂ ਹਨ। ਕੁਝ ਕਥਾਵਾਂ ਸਾਮੀ ਅਤੇ ਯਹੂਦੀ ਮੂਲ ਦੀਆਂ ਹਨ, ਪਰੰਤੂ ਕਥਾਵਾਂ ਦਾ ਵਡੇਰਾ ਭਾਗ ਭਾਰਤੀ ਸੋਮਿਆਂ ਵਿਚੋਂ ਆਇਆ ਹੈ। ਫਿਰ ਵੀ ਇਹ ਸਭ ਕਥਾਵਾਂ ਮੌਖਿਕ ਪਰੰਪਰਾ ਤੋਂ ਗ੍ਰਹਿਣ ਕਰਨ ਕਰ ਕੇ ਲੌਕਿਕ ਰੂਪ ਵਿਚ ਹਨ। ਕਥਾ ਦੇ ਜੋ ਰੂਪ ਉਦੋਂ ਲੋਕਾਂ ਵਿਚ ਪ੍ਰਚਲਤ ਸਨ, ਉਹੋ ਦਿਤੇ ਗਏ ਹਨ, ਨਾ ਕਿ ਲਿਖਤੀ ਸਾਹਿੱਤ ਵਿਚ ਉਪਲਬਧ ਰੂਪ। ਇਸੇ ਗੱਲ ਵਿਚ ਹੀ ਇਸ ਰਚਨਾ ਦੀ ਮਹਾਨਤਾ ਹੈ। ਸਭ ਤੋਂ ਵਧ ਅਦਭੁਤ ਤੇ ਰੋਚਕ ਗੱਲ ਤਾਂ ਇਹ ਹੈ ਕਿ ਚਰਿਤ੍ਰਾਂ ਵਿਚ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਤੇ ਕੋਕਿਲਾਂ ਆਦਿ ਤੀਆਂ ਪ੍ਰੀਤ-ਕਥਾਵਾਂ ਦੇ ਜੋ ਰੂਪਾਂਤਰ ਮਿਲਦੇ ਹਨ, ਉਹ ਕਿੱਸਿਆਂ ਵਿਚ ਕਾਵਿਬਧ ਕੀਤੀਆਂ ਕਥਾਵਾਂ ਨਾਲੋਂ ਵਖਰੇ ਹਨ ਅਤੇ ਪ੍ਰਕ੍ਰਿਤੀ ਵਿਚ ਪ੍ਰਾਚੀਨ ਅਤੇ ਮੂਲ ਕਥਾ ਦੇ ਨੇੜੇ ਜਾਪਦੇ ਹਨ। ਇਹ ਰੂਪਾਂਤਰ ਕਿੱਸਿਆਂ ਦੇ ਪੂਰਵਵਰਤੀ ਰੂਪਾਂਤਰ ਹਨ ਅਤੇ ਇਨ੍ਹਾਂ ਪ੍ਰੀਤ ਕਥਾਵਾਂ ਦੇ ਮੂਲ ਸੋਮਿਆਂ ਅਤੇ ਯੁਗਾਂ ਦੇ ਲੰਮੇ ਸਫ਼ਰ ਦੇ ਦੌਰਾਨ ਇਨ੍ਹਾਂ ਕਥਾਵਾਂ ਵਿਚ ਆਏ ਪਰਿਵਰਤਨਾਂ ਨੂੰ ਖੋਜਣ ਘੋਖਣ ਵਿਚ ਸਹਾਇਕ ਸਿਧ ਹੋ ਸਕਦੇ ਹਨ। ਕਿਉਂ ਜੋ ਇਨ੍ਹਾਂ ਵਿਚੋਂ ਕੁਝ ਪ੍ਰੀਤ ਕਥਾਵਾਂ ਤਾਂ ਪੌਰਾਣਿਕ ਕਥਾਵਾਂ ਦਾ ਹੀ ਵਿਗਾੜ ਹਨ, ਜੋ ਮਧਕਾਲ ਵਿਚ ਨਵੀਆਂ ਰੁਝੀਆਂ ਦੇ ਦਾਖ਼ਲੇ ਨਾਲ ਨਵੇਂ ਰੂਪ ਲੈ ਕੇ ਉਦੈ ਹੋਈਆਂ ਜਿਹਾ ਕਿ ਸੱਸੀ ਪੁੰਨੂੰ ਦੀ ਕਥਾ (ਵੇਖੋ : ਸੱਸੀ ਪੁੰਨੂੰ)।

ਦੂਜਾ, ਇਸ ਗ੍ਰੰਥ ਵਿਚ ਜੋ ਪੌਰਾਣਿਕ ਕਥਾਵਾਂ ਵੀ ਦਰਜ ਹਨ, ਉਨ੍ਹਾਂ ਨੂੰ ਵੀ ਮੂਲ ਪੌਰਾਣਿਕ ਰੂਪ ਵਿਚ ਨਹੀਂ, ਲੋਕ-ਪ੍ਰਚਲਤ ਰੂਪ ਵਿਚ ਕਾਵਿਬਧ ਕੀਤਾ ਗਿਆ ਹੈ, ਜਿਵੇਂ 'ਸੱਚੀ ਜੁਜਾਤੀ' ਦਾ ਚਰਿਤ੍ਰ (ਅੰਕ 113), ਜਿਸ ਕਰ ਕੇ ਕੁਝ ਆਲੋਚਕਾਂ ਨੂੰ ਇਹ ਭਰਮ ਹੋ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੋ ਪੌਰਾਣਿਕ ਕਥਾਵਾਂ ਦੇ ਮੂਲ ਰੂਪਾਂ ਦੇ ਗਿਆਤਾ ਸਨ, ਅਜਿਹੇ ਵਿਗੜੇ ਅਤੇ ਮਰੋੜੇ ਤਰੋੜੇ ਰੂਪ ਕਿਵੇਂ ਕਾਵਿਬਧ ਕਰ ਸਕਦੇ ਸਨ। ਪਰ ਇਥੇ ਇਹ ਗੱਲ ਧਿਆਨ ਵਿਚ ਰਖਣੀ ਜ਼ਰੂਰੀ ਹੈ ਕਿ ਲੋਕ-ਕਹਾਣੀ ਆਪਣੇ ਗੌਰਵ ਵਿਚ ਲੋਕ-ਰੂਪ ਵਿਚ ਹੀ ਵਿਚਰਦੀ ਹੈ ਅਤੇ ਇਸ ਨੂੰ ਇਸੇ ਰੂਪ ਵਿਚ ਕਾਵਿਬਧ ਕਰਨਾ ਹੀ ਇਸ ਦੀ ਮਹਾਨਤਾ ਹੈ।

ਉਦੋਂ ਜੋ ਵਾਰਾਂ ਪੰਜਾਬ ਅਤੇ ਰਾਜਸਥਾਨ ਵਿਚ ਪ੍ਰਚਲਤ ਸਨ, ਉਨ੍ਹਾਂ ਦੇ ਨਾਇਕਾਂ ਦੀਆਂ ਬੀਰ ਕਥਾਵਾਂ ਵੀ ਇਸ ਗ੍ਰੰਥ ਵਿਚ ਕਾਵਿਬਧ ਹਨ, ਜਿਨ੍ਹਾਂ ਦੁਆਰਾ ਉਸ ਸਮੇਂ ਦੇ ਅਲੋਪ ਹੋਏ ਵਾਰ ਸਾਹਿੱਤ ਬਾਰੇ ਵੀ ਕਾਫ਼ੀ ਸਾਰੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ। ਮੁਗ਼ਲਾਂ ਅਤੇ ਰਾਜਪੂਤਾਂ ਦੀਆਂ ਦੰਦ-ਕਥਾਵਾਂ ਵੀ ਚੋਖੀ ਮਾਤਰਾ ਵਿਚ ਹਨ, ਜੋ ਉਦੋਂ ਮੌਖਿਕ ਪਰੰਪਰਾ ਦਾ ਅੰਗ ਬਣ ਚੁਕੀਆਂ ਸਨ।

ਸਾਮੀ ਕਥਾਵਾਂ ਵਿਚੋਂ ਯੂਸਫ਼ ਜ਼ੁਲੇਖ਼ਾਂ ਆਦਿ, ਪੰਜ ਤੰਤਰ ਵਿਚੋਂ ਠਗਾਂ ਦਾ ਰਲ ਕੇ ਪੰਡਤ ਤੋਂ ਬਕਰਾ ਠਗਣ ਦੀ ਪ੍ਰਸਿਧ ਕਥਾ ਦਰਜ ਹੈ। ਕੁਝ ਕਥਾਵਾਂ ਹਸਾਉਣੀਆਂ, ਟੋਟਕੇ ਅਤੇ ਚੁਟਕਲੇ ਆਦਿ ਹਨ। ਇਸ ਤਰ੍ਹਾਂ ਇਹ ਰਚਨਾ ਭਾਨਮਤੀ ਦਾ ਪਟਾਰਾ ਹੈ, ਜਿਸ ਵਿਚ ਕਾਫ਼ੀ ਸਾਰੀ ਤਤਕਾਲੀਨ ਕਥਾ ਸਾਮਗਰੀ ਲੌਕਿਕ ਰੂਪ ਵਿਚ ਬਿਖਰੀ ਪਈ ਹੈ।

ਚਰਿਤ੍ਰ ਉਪਖਯਾਨ ਬਣਤਰ ਦੇ ਪਖੋਂ 'ਪੰਜ ਤੰਤਰ', 'ਹਿੱਤ ਉਪਦੇਸ਼', 'ਵਡ ਕਹਾ' ਅਤੇ 'ਅਲਫ਼ ਲੈਲਾ' ਦੀਆਂ ਪ੍ਰਵਿਰਤੀਆਂ ਅਤੇ ਸੰਸਕਾਰਾਂ ਦਾ ਧਾਰਨੀ ਹੈ। ਇਸ ਵਿਚ ਦਰਜ ਸਭ ਕਥਾਵਾਂ 'ਮੰਤ੍ਰੀ ਭੂਪ ਸੰਬਾਦ' ਦੇ ਰੂਪ ਵਿਚ ਬਿਆਨ ਕੀਤੀਆਂ ਗਈਆਂ ਹਨ। ਇਨ੍ਹਾਂ ਦਾ ਸੰਸਾਰ ਉਪ੍ਰੋਕਤ ਸਭ ਗ੍ਰੰਥਾਂ ਦੇ ਸੰਸਾਰ ਨਾਲੋਂ ਵਿਲੱਖਣ, ਪਰ ਲੌਕਿਕ ਹੈ। ਪੰਜ ਤੰਤਰ ਅਤੇ ਹਿੱਤ ਉਪਦੇਸ਼ ਵਿਚ ਪਸ਼ੂ ਪੰਛੀਆਂ ਦਾ ਵਚਿਤ੍ਰ ਸੰਸਾਰ ਸਿਰਜ ਕੇ ਨੈਤਿਕਤਾ ਅਤੇ ਰਾਜਨੀਤੀ ਦੇ ਕਈ ਤੱਥ ਦ੍ਰਿੜ ਕਰਵਾਏ ਗਏ ਹਨ। ਪਰ ਇਥੇ ਇਕ ਵਜ਼ੀਰ ਆਪਣੇ ਰਾਜੇ ਨੂੰ ਦੁਨੀਆਂ ਦੇ ਕਪਟ ਜਾਲ ਤੋਂ ਜਾਣੂ ਕਰਵਾਣ ਦੇ ਵਿਚਾਰ ਨਾਲ ਇਕ ਚਰਿਤ੍ਰ-ਸੰਸਾਰ ਸਿਰਜਦਾ ਹੈ ਅਤੇ ਮਰਦ-ਇਸਤ੍ਰੀ ਦੇ ਅੰਦਰ ਦਾ ਸਾਰਾ ਕਪਟ ਕਥਾ ਦੇ ਪਾਰਦਰਸ਼ੀ ਸ਼ੀਸ਼ੇ ਦੁਆਰਾ ਰੂਪਮਾਨ ਕਰ ਕੇ ਚਿਤ੍ਰਿਤ ਕਰ ਦਿੰਦਾ ਹੈ। ਇਹ ਚਰਿਤ੍ਰ ਆਪਣੀ ਵਿਲਖਣ ਪਰੰਪਰਾ ਕਾਰਨ ਸੰਸਾਰ ਦੇ ਕਥਾ ਸਾਹਿੱਤ ਵਿਚ ਵਿਸ਼ੇਸ਼ ਅਤੇ ਗੌਰਵਮਈ ਸਥਾਨ ਰਖਦੇ ਹਨ।

Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ਾਂ ਦੀ ਆਮਦ ਨਾਲ ਅਤੇ ਲੁਧਿਆਣੇ ਵਿਚ ਈਸਾਈ ਮਿਸ਼ਨ ਦੀ ਸਥਾਪਤੀ ਨਾਲ ਯਹੂਦੀ ਤੇ ਈਸਾਈ ਕਥਾਵਾਂ ਦਾ ਪ੍ਰਭਾਵ ਪੰਜਾਬੀ ਸਾਹਿੱਤ ਅਤੇ ਸੰਸਕ੍ਰਿਤੀ ਉਤੇ ਪੈਣਾ ਸੁਭਾਵਕ ਸੀ। ਪਰ ਪੰਜਾਬੀ ਕਥਾ ਪਰੰਪਰਾ ਉਤੇ ਈਸਾਈ ਕਥਾਵਾਂ ਦਾ ਪ੍ਰਭਾਵ ਬਲਵਾਨ ਅਤੇ ਇਕਾਗਰ ਰੂਪ ਵਿਚ ਨਹੀਂ ਪਿਆ, ਕਿਉਂ ਜੋ ਅਨੇਕਾਂ ਈਸਾਈ ਕਥਾਨਿਕ ਰੂੜ੍ਹੀਆਂ ਤੇ ਪੌਰਾਣਿਕ ਕਥਾਵਾਂ ਸਾਮੀ ਪ੍ਰਭਾਵ ਹੇਠਾਂ ਪਹਿਲਾਂ ਹੀ ਪੰਜਾਬ ਵਿਚ ਪ੍ਰਵੇਸ਼ ਕਰ ਚੁਕੀਆਂ ਸਨ।

ਉਪ੍ਰੋਕਤ ਸਾਰੀ ਚਰਚਾ ਤੋਂ ਹੇਠਲੇ ਨਿਰਣੇ ਕਢੇ ਜਾ ਸਕਦੇ ਹਨ : (ੳ) ਪੰਜਾਬ ਦੀ ਕਥਾ-ਪਰੰਪਰਾ ਸੰਸਾਰ ਦੀ ਪ੍ਰਾਚੀਨਤਮ ਪਰੰਪਰਾ ਹੈ ਅਤੇ ਇਹ ਸਿੰਧੂ ਸਭਿਅਤਾ ਦੀਆਂ ਬੁਨਿਆਦਾਂ ਉਪਰ ਉਸਰੀ। (ਅ) ਇਹ ਪਰੰਪਰਾ ਬੜੀ ਸਮ੍ਰਿਧ, ਵਿਸ਼ਾਲ ਅਤੇ ਪ੍ਰਭਾਵਸ਼ਾਲੀ ਹੈ। (ੲ) ਇਸ ਨੇ ਯੁਗਾਂ ਦੀ ਲੰਮੀ ਯਾਤਰਾ ਵਿਚ ਦੂਜੀਆਂ ਸੰਸਕ੍ਰਿਤੀਆਂ ਨਾਲ ਆਦਾਨ ਪ੍ਰਦਾਨ ਕੀਤਾ ਅਤੇ ਜਿਥੇ ਇਹ ਆਪਣੀਆਂ ਭੂਗੋਲਿਕ ਸੀਮਾ ਤੋਂ ਬਾਹਰ ਵਲ ਫੈਲੀ ਅਤੇ ਆਪਣਾ ਗੌਰਵ ਕਾਇਮ ਰਖਿਆ, ਉਥੇ ਇਸ ਪ੍ਰਵਾਹ ਵਿਚ ਬਾਹਰਲੀਆਂ ਸੰਸਕ੍ਰਿਤੀਆਂ ਦੀਆਂ ਰੂੜ੍ਹੀਆਂ ਵੀ ਸਮੋਈਆਂ ਗਈਆਂ।

**(ਕ-80) ਕਥਾਨਿਕ ਰੂੜ੍ਹੀਆਂ :**

ਕਥਾਨਕ ਰੂੜ੍ਹੀ ਕਿਸੇ ਕਥਾ ਕਹਾਣੀ ਦਾ ਉਹ ਛੋਟੇ ਤੋਂ ਛੋਟਾ ਇਕਾਈ ਤੱਤ ਹੈ, ਜੋ ਆਪਣੇ ਆਪ ਵਿਚ ਸੰਪੂਰਨ ਅਰਥ ਰਖਦਾ ਹੈ ਅਤੇ ਮੁਢ ਕਦੀਮ ਤੋਂ ਹੀ, ਅਨੇਕਾਂ ਕਥਾ ਕਹਾਣੀਆਂ ਵਿਚ ਬਾਰ ਬਾਰ ਦੁਹਰਾਏ ਜਾਣ ਕਰ ਕੇ, ਕਥਾ ਪਰੰਪਰਾ ਦਾ ਅੰਗ ਬਣ ਜਾਂਦਾ ਹੈ। ਜਾਂ ਇਉਂ ਕਹਿ ਲਓ ਕਿ ਇਹ ਸਚੇ ਵਿਚ ਢਲੇ ਢਲਾਏ ਕਥਾਨਕ, ਵਸਤੂ ਤੇ ਵਿਚਾਰ ਹਨ, ਜੋ ਕਿਸੇ ਜਾਤੀ ਦੀਆਂ ਕਥਾ-ਕਹਾਣੀਆਂ ਵਿਚ ਇਕ ਖ਼ਾਸ ਤਰ੍ਹਾਂ ਦਾ ਮਾਨਸਿਕ ਪ੍ਰਭਾਵ, ਵਸਤੂ ਰੌਚਿਕਤਾ ਅਤੇ ਪ੍ਰਸਥਿਤੀ ਪੈਦਾ ਕਰਨ ਲਈ ਮੁੜ ਮੁੜ ਦੁਹਰਾਏ ਜਾਂਦੇ ਹਨ।

ਇਹ ਕਥਾ-ਤੱਤ ਜਦੋਂ ਪਹਿਲੀ ਵਾਰ ਕਿਸੇ ਲੋਕ-ਕਹਾਣੀ ਵਿਚ ਉਦੇ ਹੁੰਦੇ ਹਨ, ਤਾਂ ਇਨ੍ਹਾਂ ਕੋਲ ਇਕ ਆਪਣੀ ਨਵੀਨਤਾ ਤੇ ਸਜੀਵਤਾ ਹੁੰਦੀ ਹੈ, ਪਰ ਬਾਰ ਬਾਰ ਦੁਹਰਾਏ ਜਾਣ ਮਗਰੋਂ ਇਨ੍ਹਾਂ ਦੀ ਹੋਂਦ ਆਪਣਾ ਪਹਿਲਾ ਜਲਾਲ ਗੰਵਾ ਕੇ ਇਕ ਸਾਧਾਰਨ ਕਲਪਿਤ ਰੂੜ੍ਹੀ ਦੇ ਰੂਪ ਵਿਚ ਕਥਾ-ਪ੍ਰਵਾਹ ਵਿਚ ਵਲੀਨ ਹੋ ਜਾਂਦੀ ਹੈ। ਉਦੋਂ ਇਨ੍ਹਾਂ ਰੂੜ੍ਹੀਆਂ ਦੀ ਵਸਤੂ ਰੌਚਿਕਤਾ ਤਾਂ ਭਾਵੇਂ ਕਾਇਮ ਰਹੇ, ਪਰ ਇਹ ਨਵੀਨਤਾ ਦਾ ਪ੍ਰਭਾਵ ਨਹੀਂ ਸਿਰਜਦੀਆਂ ਅਤੇ ਕਿਸੇ ਇਤਿਹਾਸਕ ਵਿਅਕਤੀ ਨਾਲ ਵਾਸਤਵਿਕ ਰੂਪ ਵਿਚ ਵੀ ਜੁੜੀਆਂ ਹੋਣ, ਤਾਂ ਵੀ ਮਿਥਕ ਤੇ ਕਾਲਪਨਿਕ ਹੀ ਭਾਸਦੀਆਂ ਹਨ।

ਕਥਾਨਿਕ ਰੂੜ੍ਹੀ (ਮੋਟਿਫ) ਸ਼ਬਦ ਕਿਸੇ ਵੀ ਉਸ ਤੱਤ ਲਈ ਵਰਤ ਲਿਆ ਜਾਂਦਾ ਹੈ, ਜੋ ਕਥਾ ਕਹਾਣੀ ਦੀ ਸਿਰਜਨਾ ਵਿਚ ਵਸਤੂ ਬਣੇ। ਪਰ ਕੋਈ ਤੱਤ ਤਾਂ ਹੀ ਕਥਾ ਪਰੰਪਰਾ ਵਿਚ ਵਲੀਨ ਹੁੰਦਾ ਹੈ, ਜਦੋਂ ਉਸ ਵਿਚ ਕੋਈ ਵਿਲੱਖਣਤਾ ਤੇ ਰੌਚਿਕਤਾ ਹੋਵੇ। ਨਹੀਂ ਤਾਂ ਇਨ੍ਹਾਂ ਤੱਤਾਂ ਦੇ ਮੁੜ ਮੁੜ ਦੁਹਰਾਏ ਜਾਣ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਸੋ ਇਨ੍ਹਾਂ ਤੱਤਾਂ ਦਾ ਅਭਰਿਠ, ਅਨੋਖੇ ਤੇ ਅਲੌਕਿਕ ਹੋਣਾ ਜ਼ਰੂਰੀ ਹੈ, ਜਿਵੇਂ ਚਿੜੀ ਆਪਣੇ ਆਪ ਵਿਚ ਮੋਟਿਫ ਨਹੀਂ, ਮਨੁਖ ਵਾਂਗ ਬੋਲਦੀ ਚਿੜੀ ਅਭਰਿਠ ਹੋਣ ਕਰ ਕੇ ਮੋਟਿਫ ਹੈ; ਆਂਡੇ ਦਿੰਦੀ ਮੁਰਗੀ ਮੋਟਿਫ ਨਹੀਂ, ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਮੋਟਿਫ ਹੈ; ਸਾਧਾਰਨ ਜਲ ਮੋਟਿਫ ਨਹੀਂ, ਪਰ ਮੁਰਦਿਆਂ ਨੂੰ ਸੁਰਜੀਤ ਕਰਨ ਵਾਲਾ ਵਿਸ਼ੇਸ਼ ਜਲ ਮੋਟਿਫ ਹੈ; ਨਦੀ ਵਿਚ ਤੈਰਨਾ ਮੋਟਿਫ ਨਹੀਂ, ਨਦੀ ਦੇ ਪਾਣੀ ਉਪਰ ਚਲਣਾ ਮੋਟਿਫ ਹੈ। ਇਸ ਤਰ੍ਹਾਂ ਮੋਟਿਫ ਇਕ ਭਾਂਤ ਦੇ ਕਥਾ-ਮੁਹਾਵਰੇ ਹਨ। ਜਿਵੇਂ ਕੋਈ ਵਾਕੰਸ਼ ਉਦੋਂ ਤਕ ਮੁਹਾਵਰਾ ਨਹੀਂ ਬਣਦਾ ਜਦੋਂ ਤਕ ਉਹ ਕੋਈ ਵਿਲੱਖਣ ਅਰਥ ਗ੍ਰਹਿਣ ਨਹੀਂ ਕਰ ਲੈਂਦਾ। ਇਸੇ ਤਰ੍ਹਾਂ ਜੀਵਨ ਦੀ ਕੋਈ ਪ੍ਰਕ੍ਰਿਆ ਉਦੋਂ ਤਕ ਵਸਤੂ ਹੀ ਰਹਿੰਦੀ ਹੈ ਮੋਟਿਫ ਨਹੀਂ ਬਣਦੀ, ਜਦੋਂ ਤਕ ਉਹ ਅਸਾਧਾਰਨ ਨਹੀਂ ਹੁੰਦੀ।

ਬਹੁਤ ਸਾਰੀਆਂ ਕਥਾਨਿਕ ਰੂੜ੍ਹੀਆਂ ਦਾ ਉਦੇ ਪਰਾ-ਇਤਿਹਾਸਕ ਕਾਲ ਵਿਚ ਹੋਇਆ। ਕੁਝ ਰੂੜ੍ਹੀਆਂ ਤਾਂ ਪਰੰਪਰਾਗਤ ਵਿਸ਼ਵਾਸ਼, ਮਨੌਤਾਂ ਤੇ ਸੰਕਲਪ ਹਨ; ਕੁਝ ਆਦਿਮ-ਸੰਸਕ੍ਰਿਤੀਆਂ ਦੇ ਅਵਸ਼ੇਸ਼ ਅਤੇ ਭਰਮ ਵਹਿਮ ਹਨ; ਕੁਝ ਰੂੜ੍ਹੀਆਂ ਪਰਾ-ਕਲਪਨਾ ਵਿਚੋਂ ਉਪਜੀਆਂ ਹਨ ਅਤੇ ਕੁਝ ਕਾਵਿ-ਕਲਪਨਾ ਤੇ ਜੀਵਨ-ਅਨੁਭਵ ਦਾ ਫਲ ਹਨ। ਜਿਸ ਕਰ ਕੇ ਇਨ੍ਹਾਂ ਦੀ ਪ੍ਰਕ੍ਰਿਤੀ ਵੀ ਵਖੋ ਵਖਰੀ ਹੈ ਅਤੇ ਪ੍ਰਭਾਵ ਵੀ ਭਿੰਨ ਭਿੰਨ ਹੈ। ਪਰ ਕਰਮ ਸਭ ਦਾ ਕਥਾ ਨੂੰ ਗਤੀ ਦੇਣ ਦਾ ਹੈ। ਸੁਭਾਵ ਦੇ ਪਖੋਂ ਕਥਾਨਿਕ ਰੂੜ੍ਹੀਆਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ :

(ੳ) ਸੰਸਾਰਕ ਜਾਂ ਵਾਸਤਵਿਕ।
(ਅ) ਵਿਸ਼ਵਾਸ਼ ਪਰਕ।
(ੲ) ਅਧਦੈਵਿਕ।

ਸੰਸਾਰਕ ਕਥਾਨਿਕ ਰੂੜ੍ਹੀਆਂ ਰੋਜ਼ਾਨਾ ਜੀਵਨ ਦੇ ਵਰਤਣ ਵਰਤਾਰੇ, ਸਾਂਸਕ੍ਰਿਤਕ ਤੇ ਸਮਾਜਿਕ ਸੰਸਕਾਰਾਂ ਤੇ ਵਿਹਾਰਾਂ, ਰਿਸ਼ਤੇ ਨਾਤੇ ਤੇ ਜਾਤੀ ਚਰਿਤ੍ਰਾਂ ਨਾਲ ਸਬੰਧਿਤ ਹੁੰਦੀਆਂ ਹਨ, ਜਿਵੇਂ ਨਿਰਦਈ ਮਤ੍ਰੇਈ ਮਾਂ; ਕਿਸੇ ਸ਼ਹਿਜ਼ਾਦੀ ਦਾ ਉਸ ਸ਼ਖ਼ਸ ਨੂੰ ਵਰ ਦੇ ਰੂਪ ਵਿਚ ਕਬੂਲ ਕਰਨਾ, ਜੋ ਉਸ ਦੀਆਂ ਬੁਝਾਰਤਾਂ ਬੁਝੇ ਜਾਂ ਅਸੰਭਵ ਕੰਮ ਕਰ ਵਿਖਾਏ; ਮੂਰਖ ਪਤਨੀ ਦਾ ਪੁਠੇ ਕੰਮ ਤੇ ਵਿਹਾਰ; ਸਾਧੂ ਸੰਤ ਦਾ ਸੂਲ਼ੀ ਚੜ੍ਹਨ ਵੇਲੇ ਹੱਸਣਾ; ਆਦਿ ਆਦਿ। ਇਹ ਸਭ ਰੂੜ੍ਹੀਆਂ ਜਾਂ ਤਾਂ ਵਾਸਤਵਿਕ ਜੀਵਨ ਵਿਚੋਂ ਲਈਆਂ ਗਈਆਂ ਹਨ ਜਾਂ ਸੰਭਾਵਨਾ ਉਤੇ ਆਧਾਰਿਤ ਹਨ, ਜਿਸ ਕਰ ਕੇ ਸੁਭਾਵਿਕ ਲਗਦੀਆਂ ਹਨ।

ਵਿਸ਼ਵਾਸ਼ਾਂ ਉਪਰ ਆਧਾਰਤ ਰੂੜ੍ਹੀਆਂ ਜਾਤੀ ਦੇ ਲੌਕਿਕ ਤੇ ਧਾਰਮਿਕ ਸੰਕਲਪਾਂ, ਮਨੌਤਾਂ ਤੇ ਵਿਸ਼ਵਾਸ਼ਾਂ ਵਿਚੋਂ ਜਨਮ ਲੈਂਦੀਆਂ ਹਨ ਜਿਵੇਂ ਗੰਗਾ ਇਸ਼ਨਾਨ ਨਾਲ ਪਾਪਾਂ ਤੋਂ ਵਿਮੁਕਤ ਹੋਣਾ; ਸਾਧਾਂ ਸੰਤਾਂ ਵਲੋਂ ਦਿਤੇ ਚਾਵਲ ਦੇ ਦਾਣੇ ਨਾਲ ਪੁਤਰ ਦੀ ਬਖ਼ਸ਼ਿਸ਼ ਹੋਣੀ, ਮੰਦੇ ਕਰਮਾਂ ਦਾ ਫਲ ਭੋਗਣਾ; ਹੋਣਹਾਰ ਦਾ ਹੋ ਕੇ ਰਹਿਣਾ। ਇਹ ਕਥਾਨਿਕ ਰੂੜ੍ਹੀਆਂ ਸਾਡੀ ਸੋਚ ਦਾ ਅੰਗ ਹੋਣ ਕਰ ਕੇ ਵਾਸਤਵਿਕਤਾ ਦਾ ਪ੍ਰਭਾਵ ਉਜਾਗਰ ਕਰਦੀਆਂ ਹਨ।

ਤੀਜੀ ਕਿਸਮ ਅਧਦੈਵਿਕ ਰੂੜ੍ਹੀਆਂ ਦੀ ਹੈ, ਜੋ ਅਦਭੁਤ ਤੇ ਅਲੌਕਿਕ ਹਨ — ਅਨਾਰ ਜਾਂ ਵੈਂਗਨ ਵਿਚੋਂ ਪਰੀ ਦਾ ਨਿਕਲਣਾ, ਅੱਖਾਂ ਵਿਚ ਜਾਦੂ ਦਾ ਸੁਰਮਾ ਪਾ ਕੇ ਅਦ੍ਰਿਸ਼ਟ ਹੋ ਜਾਣਾ; ਪਰਕਾਇਆ ਪ੍ਰਵੇਸ਼; ਲਿੰਗ ਪਰਿਵਰਤਨ; ਕਿਸੇ ਪ੍ਰਾਣੀ ਦੀ ਜਿੰਦ ਕਿਸੇ ਪ੍ਰਾਨ-ਪਟੇ ਜਾਂ ਪੰਛੀ ਵਿਚ ਸਥਿਤ ਹੋਣੀ। ਇਹ ਕਥਾਨਿਕ ਰੂੜ੍ਹੀਆਂ ਸ਼ੁਧ ਰੂਪ ਵਿਚ ਲੋਕ-ਮਨ ਦੀ ਅਭਿਵਿਅਕਤੀ ਹਨ।

ਕਥਾਨਿਕ ਰੂੜ੍ਹੀਆਂ ਦਾ ਵਰਗੀਕਰਣ ਘਟਨਾ, ਪਾਤਰ, ਵਸਤੂ ਤੇ ਵਿਸ਼ਵਾਸ਼ ਆਦਿ ਦੇ ਆਧਾਰ ਉਤੇ ਵੀ ਕੀਤਾ ਜਾ ਸਕਦਾ ਹੈ। ਸਰਾਪ ਦੁਆਰਾ ਪੱਥਰ ਹੋ ਜਾਣਾ; ਹੱਸਣ ਵੇਲੇ ਫੁਲ ਕਿਰਨੇ; ਅੱਖਾਂ ਮੀਟਦੇ ਸਾਰ ਵਰ੍ਹਿਆਂ ਦਾ ਪੰਧ ਪਲਾਂ ਛਿਣਾਂ ਵਿਚ ਮੁਕ ਜਾਣਾ; ਸੁਪਨੇ ਵਿਚ ਕਿਸੇ ਨੂੰ ਵੇਖ ਕੇ ਪ੍ਰੇਮ ਹੋ ਜਾਣਾ ਆਦਿ ਘਟਨਾ-ਪਰਕ ਕਥਾਨਕ ਰੂੜ੍ਹੀਆਂ ਹਨ। ਅਸਮਾਨ ਨੂੰ ਟਾਕੀ ਲਗਾਉਣ ਵਾਲੀ ਫਫਾਕੁਟਣੀ; ਮਾਨਵ-ਖਾਣੇ ਦੈਂਤ; ਪੁੱਤਰ ਦੀ ਦਾਤ ਬਖਸ਼ਣ ਵਾਲਾ ਜੋਗੀ, ਸ਼ਹਿਜ਼ਾਦੇ ਨੂੰ ਚੁਕ ਕੇ ਲਿਜਾਣ ਵਾਲਾ ਓਕਾਬ; ਕਬੂਤਰੀ ਦੇ ਰੂਪ ਵਿਚ ਉਡਦੀ ਪਰੀ; ਰੂਪ ਬਦਲ ਬਦਲ ਕੇ ਭਰਮਾਣ ਵਾਲਾ ਛਲੇਡਾ, ਆਦਿ ਸਭ ਪਾਤਰ ਪਰਕ ਰੂੜ੍ਹੀਆਂ ਹਨ। ਅਦ੍ਰਿਸ਼ਟ ਕਰਨ ਵਾਲੀ ਜਾਦੂ ਦੀ ਟੋਪੀ, ਪਸ਼ੂਆਂ ਪੰਛੀਆਂ ਦਾ ਮਨ ਜਿੱਤ ਲੈਣ ਵਾਲੀ ਵੰਝਲੀ, ਹਵਾ ਵਿਚ ਉਡਾ ਕੇ ਲੈ ਜਾਣ ਵਾਲੇ ਪੜਾਵੇ, ਮੁਰਦੇ ਨੂੰ ਸੁਰਜੀਤ ਕਰਨ ਵਾਲਾ ਜਲ ਆਦਿ ਸਭ ਵਸਤੂ ਪਰਕ ਰੂੜ੍ਹੀਆਂ

ਹਨ। ਪੂਰਨ ਦੇ ਚਰਨ ਪਾਉਣ ਨਾਲ ਸੁਕਾ ਬਾਗ਼ ਹਰਾ ਹੋਣਾ, ਸਤੀ ਇਸਤ੍ਰੀ ਨੂੰ ਅਗਨ-ਪ੍ਰੀਖਿਆ ਵਿਚ ਆਂਚ ਨਾ ਆਉਣੀ, ਸਤਿਸੰਗਤ ਦੇ ਫਲ ਨਾਲ ਸੂਲੀ ਦਾ ਕੰਡਾ ਬਣਨਾ ਆਦਿ ਸਭ ਵਿਸ਼ਵਾਸਪਰਕ ਰੂੜ੍ਹੀਆਂ ਹਨ।

ਜੇ ਵਿਸ਼ਵ ਦੀਆਂ ਲੋਕ-ਕਹਾਣੀਆਂ ਦਾ ਅਧਿਐਨ ਕੀਤਾ ਜਾਵੇ, ਤਾਂ ਇਹ ਅਦਭੁਤ ਹਕੀਕਤ ਪ੍ਰਗਟ ਹੁੰਦੀ ਹੈ ਕਿ ਇਕ ਦੂਜੇ ਤੋਂ ਭਿੰਨ ਅਤੇ ਦੁਰਾਡੇ ਤੇ ਇਕਲਵਾਂਝੇ ਖਿਤਿਆਂ ਵਿਚ ਵਸਦੀਆਂ ਜਾਤੀਆਂ ਵਿਚ ਵੀ ਸਮਾਨ ਕਥਾਨਿਕ ਰੂੜ੍ਹੀਆਂ ਪ੍ਰਚਲਤ ਹਨ। ਇਨ੍ਹਾਂ ਵਿਚੋਂ ਕੁਝ ਸਮਾਨ ਰੂੜ੍ਹੀਆਂ ਦਾ ਤਾਂ ਭਿੰਨ ਭਿੰਨ ਖੇਤਰਾਂ ਵਿਚ ਸੁਤੇ ਸਿਧ ਨਿਰਮਾਣ ਹੋਇਆ ਅਤੇ ਉਹ ਇਕੋ ਤਰ੍ਹਾਂ ਦੀ ਪ੍ਰਸਥਿਤੀ ਤੇ ਮਾਨਸਿਕ ਦਸ਼ਾ ਵਿਚ ਸਮਾਨ ਅਨੁਭਵ ਦਾ ਫਲ ਹਨ, ਪਰ ਕੁਝ ਕੁ ਵਿਸ਼ੇਸ਼ ਰੂੜ੍ਹੀਆਂ ਜਿਨ੍ਹਾਂ ਦੀ ਰਚਨਾ ਇਕ ਖ਼ਾਸ ਸੰਸਕ੍ਰਿਤੀ ਵਿਚ ਹੋਈ, ਉਹ ਵੀ ਇਤਿਹਾਸਕ ਤੇ ਭੂਗੋਲਿਕ ਹਦ-ਬੰਨੇ ਟਪ ਕੇ ਦੂਰ ਦੁਰਾਡੇ ਦੇਸ਼ਾਂ ਵਿਚ ਜਾ ਪਸਰੀਆਂ ਹਨ। ਇਨ੍ਹਾਂ ਵਿਸ਼ੇਸ਼ ਰੂੜ੍ਹੀਆਂ ਵਿਚ ਕੁਝ ਕੁ ਰੂੜ੍ਹੀਆਂ ਉਹ ਹਨ, ਜੋ ਮਧ ਏਸ਼ੀਆ ਵਿਚ ਵਸਦੇ ਪੁਰਖਿਆਂ ਦਾ ਵਿਰਸਾ ਸਨ। ਜਦੋਂ ਉਹ ਲੋਕ ਕਬੀਲਿਆਂ ਦੇ ਰੂਪ ਵਿਚ ਉਥੋਂ ਦੂਰ ਦੁਰਾਡੇ ਖਿਤਿਆਂ ਵਿਚ ਵਿਚਰਣ ਲਗੇ, ਤਾਂ ਇਹ ਵੀ ਉਹਨਾਂ ਦੇ ਨਾਲ ਹੀ ਯਾਤਰਾ ਕਰ ਗਈਆਂ। ਕਥਾਨਿਕ ਰੂੜ੍ਹੀਆਂ ਦਾ ਤੁਲਨਾਤਮਿਕ ਅਧਿਐਨ ਬੜਾ ਰੋਚਕ ਹੈ। ਇਹ ਪਰਾ-ਇਤਿਹਾਸਕ ਕਾਲ ਦੀ ਮਾਨਵ ਗਤੀ, ਸਾਂਸਕ੍ਰਿਤਕ ਰਿਸ਼ਤਿਆਂ ਅਤੇ ਸਾਂਝਾਂ ਨੂੰ ਉਜਾਗਰ ਕਰਦੀਆਂ ਹਨ, ਜਿਸ ਨਾਲ ਇਤਿਹਾਸ ਦੇ ਕਈ ਗੁਆਚੇ ਪਤਰੇ ਪ੍ਰਕਾਸ਼ ਵਿਚ ਲਿਆਏ ਜਾ ਸਕਦੇ ਹਨ।

ਕਥਾਨਿਕ ਰੂੜ੍ਹੀਆਂ ਕਈ ਸੋਮਿਆਂ ਤੋਂ ਪੈਦਾ ਹੋ ਕੇ ਕਥਾ-ਪ੍ਰਵਾਹ ਵਿਚ ਸਮਾਂਦੀਆਂ ਰਹਿਦੀਆਂ ਹਨ। ਕੁਝ ਰੂੜ੍ਹੀਆਂ ਤਾਂ ਆਦਿਮ ਤੇ ਪ੍ਰਾਚੀਨ ਸੰਸਕ੍ਰਿਤੀਆਂ ਦੇ ਅਵਸ਼ੇਸ਼ ਹਨ। ਕੁਝ ਜੀਵਨ ਵਿਹਾਰ, ਆਪਸੀ ਰਿਸ਼ਤਿਆਂ ਅਤੇ ਵਰਤਨ ਵਰਤਾਰੇ ਤੋਂ ਉਪਜੇ ਅਨੁਭਵ ਹਨ; ਕੁਝ ਸੁਪਨਿਆਂ, ਭ੍ਰਾਂਤੀਆਂ, ਕਲਪਨਾ ਅਤੇ ਪਰਾ-ਕਲਪਨਾ ਦਾ ਫਲ ਹਨ; ਪਰ ਬਹੁਤੀ ਮਾਤਰਾ ਲੋਕ-ਵਿਸ਼ਵਾਸ਼ਾਂ, ਸੰਕਲਪਾਂ, ਮਨੌਤਾਂ ਆਦਿ ਵਿਚੋਂ ਵਿਗਸੀ ਹੈ, ਜਾਂ ਇਉਂ ਕਹਿ ਲਓ ਕਿ ਰੂੜ੍ਹੀਆਂ ਮਾਨਵ ਜਾਤੀ ਦੀ ਲੰਮੀ ਉਮਰ ਵਿਚ, ਸਭ ਦਿਸ਼ਾਵਾਂ ਵਿਚ ਫੈਲੇ ਅਨੁਭਵਾਂ, ਚਿੰਤਨਾਂ ਤੇ ਕਲਪਨਾ ਦਾ ਫਲ ਹਨ।

ਪੰਜਾਬੀ ਦੀਆਂ ਕਥਾਨਿਕ ਰੂੜ੍ਹੀਆਂ ਦਾ ਇਤਿਹਾਸਕ ਅਧਿਐਨ ਬੜਾ ਰੌਚਿਕ ਤੇ ਅਦਭੁਤ ਹੈ। ਪੰਜਾਬ ਦੀਆਂ ਕਥਾ-ਕਹਾਣੀਆਂ ਵਿਚ ਕੁਝ ਰੂੜ੍ਹੀਆਂ ਹੜੱਪਾ ਸੰਸਕ੍ਰਿਤੀ ਤੋਂ ਯਾਤਰਾ ਕਰਦੀਆਂ ਆਈਆਂ ਹਨ, ਜੋ ਆਪਣੀ ਵਿਲੱਖਣਤਾ ਕਾਰਨ ਸਹਿਜੇ ਪਛਾਣੀਆਂ ਜਾ ਸਕਦੀਆਂ ਹਨ। ਇਥੇ ਕੇਵਲ ਉਦਾਹਰਣ ਵਜੋਂ ਇਕ ਦੋ ਮਹੱਤਵਪੂਰਣ ਰੂੜ੍ਹੀਆਂ ਵਲ ਹੀ ਸੰਕੇਤ ਕੀਤਾ ਜਾਵੇਗਾ। ਪੰਜਾਬੀ ਦੀ ਇਕ ਪ੍ਰਸਿਧ ਮੁੱਢੀ 'ਮੋਰਨੀ ਤੇ ਸੂਰਜ' ਦੀ ਹੈ, ਜੋ ਇਸ ਪ੍ਰਕਾਰ ਹੈ: ਇਕ ਮੋਰ ਤੇ ਮੋਰਨੀ ਦਾ ਆਪੋ ਵਿਚ ਬੜਾ ਪ੍ਰੇਮ ਸੀ। ਇਕ ਚਿੜੀਮਾਰ ਨੇ ਮੋਰਨੀ ਨੂੰ ਆਪਣੇ ਤੀਰ ਨਾਲ ਵਿੰਨ੍ਹ ਦਿਤਾ। ਮੋਰਨੀ ਦੇ ਵਿਜੋਗ ਵਿਚ ਮੋਰ ਵਿਰਲਾਪ ਕਰਨ ਲੱਗਾ। ਉਸ ਨੇ ਸੁਣ ਰਖਿਆ ਸੀ ਕਿ ਮਰਨ ਮਗਰੋਂ ਸਭ ਪ੍ਰਾਣੀ ਸੂਰਜ ਲੋਕ ਵਿਚ ਪ੍ਰਵੇਸ਼ ਕਰਦੇ ਹਨ। ਸੋ ਮੋਰਨੀ ਦੀ ਭਾਲ ਵਿਚ ਮੋਰ ਸੂਰਜ ਲੋਕ ਗਿਆ ਅਤੇ ਉਸ ਨੇ ਕਰੋਧ ਵਿਚ ਆ ਕੇ ਸੂਰਜ ਨੂੰ ਆਪਣੇ ਖੰਭਾਂ ਵਿਚ ਛੁਪਾ ਲਿਆ। ਸੂਰਜ ਨੇ ਮੁਕਤੀ ਲਈ ਤਰਲੇ ਕੀਤੇ, ਪਰ ਮੋਰ ਨੇ ਪਹਿਲਾਂ ਆਪਣੀ ਮੋਰਨੀ ਦੇ ਪ੍ਰਾਣ ਵਾਪਸ ਮੰਗੇ। ਸੂਰਜ ਨੇ ਆਪਣੀ ਮਜਬੂਰੀ ਦਸਦਿਆਂ ਕਿਹਾ ਕਿ ਇਸ ਲੋਕ ਵਿਚ ਕੋਈ ਜੀਉਂਦੇ ਰੂਪ ਵਿਚ ਵਸੇਬਾ ਨਹੀਂ ਕਰ ਸਕਦਾ ਅਤੇ ਮਰੇ ਪ੍ਰਾਣੀ ਦੇ ਪ੍ਰਾਣ ਇਥੋਂ ਵਾਪਸ ਜਾ ਨਹੀਂ ਸਕਦੇ। ਪਰ ਜੇ ਤੂੰ ਮੈਨੂੰ ਮੁਕਤ ਕਰ ਦੇਵੇਂ, ਤਾਂ ਮੈਂ ਬਿੰਬ ਰੂਪ ਵਿਚ ਤੇਰੇ ਖੰਭਾਂ ਵਿਚ ਹਮੇਸ਼ਾਂ ਸਮਾਇਆ ਰਹਾਂਗਾ ਅਤੇ ਤੈਨੂੰ ਇਹ ਅਹਿਸਾਸ ਰਹੇਗਾ ਕਿ ਤੇਰੀ ਮੋਰਨੀ ਤੇਰੇ ਕੋਲ ਹੈ। ਮੋਰ ਨੇ ਇਹ ਗੱਲ ਮੰਨ ਲਈ। ਉਦੋਂ ਤੋਂ ਸੂਰਜ ਬਿੰਬ ਰੂਪ ਵਿਚ ਮੋਰ ਦੇ ਖੰਭਾਂ ਵਿਚ ਬਿਰਾਜਮਾਨ ਹੈ।

ਇਸ ਕਥਾ ਦੀ ਪ੍ਰਧਾਨ ਰੂੜ੍ਹੀ ਮੋਰ ਦਾ ਮੋਰਨੀ ਦੇ ਪ੍ਰਾਣ ਪ੍ਰਾਪਤ ਕਰਨ ਲਈ ਸੂਰਜ ਲੋਕ ਜਾਣਾ ਹੈ। ਇਹ ਰੂੜ੍ਹੀ ਹੜੱਪਾ ਸੰਸਕ੍ਰਿਤੀ ਦਾ ਅਵਸ਼ੇਸ਼ ਹੈ। ਹੜੱਪਾ ਦੇ ਲੋਕਾਂ ਦੀ ਧਾਰਨਾ ਸੀ ਕਿ ਮਰਨ ਮਗਰੋਂ ਪ੍ਰਾਣੀ ਮੋਰ ਦਾ ਰੂਪ ਧਾਰ ਕੇ ਸੂਰਜ ਲੋਕ ਵਿਚ ਦਾਖ਼ਲ ਹੁੰਦਾ ਹੈ। ਹੜੱਪਾ ਦੇ ਕਬਰਸਤਾਨ ਦੀ ਖੁਦਾਈ ਵਿਚੋਂ ਜੋ ਅਸਥੀ-ਮਠ ਮਿਲੇ ਹਨ, ਉਨ੍ਹਾਂ ਉਪਰ ਮੋਰਾਂ ਦੀਆਂ ਸੂਰਜ-ਲੋਕ ਵਲ ਉਡਾਰੀਆਂ ਦੇ ਕਾਫ਼ੀ ਸਾਰੇ ਚਿਤ੍ਰ ਉਕਰੇ ਪਏ ਹਨ। ਉਨ੍ਹਾਂ ਚਿਤ੍ਰਾਂ ਵਿਚ, ਮੋਰ ਦੀ ਦੇਹ ਵਿਚ ਇਕ ਗੋਲਾਕਾਰ ਬਣਾ ਕੇ ਉਸ ਵਿਚ ਮਨੁਖੀ ਆਕ੍ਰਿਤੀ ਖੜੀ ਵਿਖਾਈ ਗਈ ਹੈ। ਆਲੇ ਦੁਆਲੇ ਕੁਝ ਤਾਰੇ ਚਮਕ ਰਹੇ ਹਨ। ਜਿਸ ਤੋਂ ਸਹਿਜੇ ਅਨੁਮਾਨ ਲਗ ਜਾਂਦਾ ਹੈ ਕਿ ਇਹ ਮੋਰ ਮ੍ਰਿਤਕ ਪ੍ਰਾਣੀ ਦੀ ਸੂਰਜ ਲੋਕ ਵਲ ਗਤੀ ਦੇ ਵਾਚਕ ਹਨ।

ਹੜੱਪਾ ਸੰਸਕ੍ਰਿਤੀ ਦੇ ਕਈ ਹੋਰ ਮੋਟਿਫ ਵੀ ਪੰਜਾਬੀ ਅਥਵਾ ਭਾਰਤੀ ਕਥਾ ਕਹਾਣੀਆਂ ਵਿਚ ਵਿਦਮਾਨ ਹਨ। ਸ਼ੇਰ ਤੇ ਮਾਨਵ ਦਾ ਮਿਸ਼ਰਤ ਪਾਤਰ, ਜੋ ਪੁਰਾਣਾਂ ਵਿਚ ਨਰਸਿੰਘ ਅਵਤਾਰ ਦੇ ਰੂਪ ਵਿਚ ਹਰਨਾਖਸ਼ ਦਾ ਬਧ ਕਰਦਾ ਹੈ, ਹੜੱਪਾ ਸੰਸਕ੍ਰਿਤੀ ਦੀ ਹੀ ਇਕ ਮਹੱਤਵਸ਼ੀਲ ਰੂੜ੍ਹੀ ਹੈ ਅਤੇ ਇਸ ਦੀ ਪ੍ਰੌੜ੍ਹਤਾ ਉਥੋਂ ਲਭੀਆਂ ਠੀਕਰ ਮੁਹਰਾਂ ਤੋਂ ਹੁੰਦੀ ਹੈ।

ਪੰਜਾਬੀ ਕਥਾਨਿਕ ਰੂੜ੍ਹੀਆਂ ਦਾ ਇਕ ਹੋਰ ਇਤਿਹਾਸਕ ਸੋਮਾ ਯੂਨਾਨੀ ਪੁਰਾਣ ਕਥਾਵਾਂ ਅਤੇ ਸਾਹਿੱਤ ਸਭਿਆਚਾਰ ਹੈ। ਪੰਜਾਬੀ ਸੰਸਕ੍ਰਿਤੀ ਉਤੇ ਯੂਨਾਨੀ ਪ੍ਰਭਾਵ ਇਤਨੇ ਬਲਵਾਨ ਰੂਪ ਵਿਚ ਪਿਆ ਕਿ ਉਹਨਾਂ ਦੀ ਕਲਾ, ਕਥਾ ਤੇ ਨਾਚ ਆਦਿ ਦੇ ਕਈ ਤੱਤ ਅਤੇ ਰੂੜ੍ਹੀਆਂ ਸਾਡੀ ਲੋਕਧਾਰਾ ਵਿਚ ਰਚਮਿਚ ਗਈਆਂ। ਇਹਨਾਂ ਸਭ ਤੱਤਾਂ ਦਾ ਨਿਖੇੜਾ ਕਰਨਾ ਅੱਜ ਸਹਿਜ ਨਹੀਂ। ਇਥੇ ਉਦਾਹਰਣ ਵਜੋਂ ਇਕੋ ਕਥਾਨਿਕ ਰੂੜ੍ਹੀ ਦਾ ਵਰਨਣ ਕੀਤਾ ਜਾਵੇਗਾ। ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਮਹੀਂਵਾਲ ਦਾ ਦਰਿਆ ਪਾਰ ਕਰ ਕੇ ਸੋਹਣੀ ਨੂੰ ਮਿਲਣ ਲਈ ਜਾਣਾ, ਅਖ਼ੀਰ ਵਿਚ ਸੋਹਣੀ ਦਾ ਦਰਿਆ ਪਾਰ ਕਰਦਿਆਂ ਹੜ੍ਹ ਵਿਚ ਰੁੜ੍ਹ ਜਾਣਾ ਅਤੇ ਮਹੀਂਵਾਲ ਦਾ ਵੀ ਨਦੀ ਵਿਚ ਛਾਲ ਮਾਰ ਕੇ ਡੁਬ ਮਰਨਾ — ਇਸ ਕਥਾ ਦੀਆਂ ਕੁਝ ਕਥਾਨਿਕ ਰੂੜ੍ਹੀਆਂ ਹਨ, ਜੋ ਮੂਲ ਰੂਪ ਵਿਚ ਯੂਨਾਨੀ ਪ੍ਰੀਤ ਕਥਾ 'ਹੀਰੋ ਐਂਡ ਲੈਂਡੋ' ਵਿਚ ਆਈਆਂ ਹਨ। ਲੈਂਡੋ ਦਰਿਆ ਨੂੰ ਨਿਤ ਪਾਰ ਕਰ ਕੇ ਆਪਣੀ ਪ੍ਰੇਮਕਾ ਹੀਰੋ ਨੂੰ ਮਿਲਣ ਲਈ ਜਾਇਆ ਕਰਦਾ ਸੀ, ਜੋ ਦੇਵ ਮੰਦਰ ਦੀ ਮਹੰਤਣੀ ਹੋਣ ਦੇ ਨਾਤੇ ਲੈਂਡੋ ਨਾਲ ਵਿਆਹ ਕਰਨ ਤੋਂ ਅਸਮਰੱਥ ਸੀ। ਦਰਿਆ ਵਿਚ ਸਖ਼ਤ ਹੜ੍ਹ ਆ ਜਾਣ ਕਾਰਣ ਅਤੇ ਹੀਰੋ ਵਲੋਂ ਮਾਰਗ ਪ੍ਰਦਰਸ਼ਨ ਲਈ ਜਲਾਏ ਗਏ ਦੀਵੇ ਦੇ ਕਹਿਰੀ ਝੱਖੜ ਵਿਚ ਬੁਝ ਜਾਣ ਸਦਕਾ, ਲੈਂਡੋ ਦਰਿਆ ਵਿਚ ਭਟਕਦਾ ਹੋਇਆ ਰੁੜ੍ਹ ਗਿਆ। ਹੀਰੋ ਉਸ ਦੀ ਲਾਸ਼ ਨੂੰ ਤਰਦਿਆਂ ਵੇਖ ਖ਼ੁਦ ਵੀ ਦਰਿਆ ਵਿਚ ਛਾਲ ਮਾਰ ਕੇ ਡੁਬ ਮੋਈ।

ਮੁਢ ਕਦੀਮ ਤੋਂ ਹੀ ਦਰਿਆ ਸਾਡੇ ਸਾਂਸਕ੍ਰਿਤਕ ਪਾਸਾਰ ਦੀ ਸੀਮਾ ਰਿਹਾ ਹੈ। ਇਸ ਲਈ ਇਸ ਦੀ ਉਲੰਘਣਾ ਵਰਜਨ ਹੈ। ਨਦੀਉਂ ਪਾਰ ਫੈਲਰਨਾ ਪ੍ਰਾਕ੍ਰਿਤਕ ਪ੍ਰਤਿਕੂਲਤਾ ਹੋਣ ਕਰ ਕੇ ਸਾਡੀ ਸੰਸਕ੍ਰਿਤੀ ਵਿਚ ਅਨੁਕੂਲ ਨਹੀਂ ਸੀ ਸਮਝਿਆ ਜਾਂਦਾ ਅਤੇ ਜਿਹੜਾ ਵੀ ਨਦੀ ਤੋਂ ਪਾਰ ਗਿਆ, ਉਹ ਅਸਲੇ ਨਾਲੋਂ ਵਿਛੁੰਨ ਕੇ ਗਿਆ। ਆਰੀਆ ਜਾਤੀ ਕਈ ਸਦੀਆਂ ਸਿੰਧ ਸਾਗਰ ਦੁਆਬ ਵਿਚ ਸੀਮਤ ਰਹੀ, ਮਗਰੋਂ ਕਿਸੇ ਮਜਬੂਰੀ ਵਸ ਜਿਨ੍ਹਾਂ ਕਬੀਲਿਆਂ ਨੇ ਜਿਹਲਮ ਟਪਿਆ, ਉਹ ਪਹਿਲਿਆਂ ਨਾਲੋਂ ਹਮੇਸ਼ਾਂ ਲਈ ਟੁਟ ਗਏ ਅਤੇ ਵੱਖਰੀ ਹੋਂਦ ਬਣਾ ਕੇ ਫੈਲੇ। ਪੰਜਾਬੀ ਲੋਕਧਾਰਾ ਵਿਚ ਦਰਿਆ ਟੱਪਣਾ ਅੱਜ ਵੀ ਵਰਜਿਤ ਹੈ — 'ਦਰਿਆ ਪਾਰ

Sri Satguru Jagjit Singh Ji eLibrary NamdhariElibrary@gmail.com

ਤੇ ਕੰਧ ਉਰਾਰ', ਭਾਵ ਜਿਸ ਨੇ ਦਰਿਆ ਪਾਰ ਕੀਤਾ, ਉਸ ਲਈ ਪਿਛੇ ਕੰਧ ਉਸਰ ਗਈ। ਨਦੀਉਂ ਪਾਰ ਕੰਨਿਆਂ ਵਿਆਹੁਣੀ ਲੋਕ-ਵਿਵਹਾਰ ਨਹੀਂ — ਜਾ ਧੀਏ ਰਾਵੀ, ਨਾ ਕੋਈ ਆਵੀ ਨਾ ਕੋਈ ਜਾਵੀ। ਦਰਿਆ ਤੋਂ ਪਾਰ ਜੇ ਜੰਞ ਚੜ੍ਹਨੀ ਹੋਵੇ, ਤਾਂ ਦਰਿਆ ਪਾਰ ਕਰਨ ਮਗਰੋਂ ਹੀ ਲਾੜ੍ਹੇ ਨੂੰ ਰੀਤਾਂ ਵਾਲੇ ਵਸਤਰ ਪਹਿਨਾਏ ਜਾਂਦੇ ਹਨ ਅਤੇ ਕੁਝ ਵਿਸ਼ੇਸ਼ ਸ਼ਗਨ ਵੀ ਕੀਤੇ ਜਾਂਦੇ ਹਨ। ਪੰਜਾਬ ਵਿਚ, ਅੱਜ ਵੀ ਕਈ ਥਾਈਂ ਜਦੋਂ ਕੋਈ ਬਰਾਤ ਦਰਿਆ ਪਾਰ ਕਰਦੀ ਹੈ, ਤਾਂ ਕਈ ਤਰ੍ਹਾਂ ਦੇ ਸ਼ਗਨਾਂ ਤੋਂ ਇਲਾਵਾ ਦੂਜੇ ਖੇਤਰ ਦੀਆਂ ਬਲਾਵਾਂ ਨੂੰ ਦੂਰ ਰਖਣ ਲਈ, ਕੁਝ ਉਪਾਅ ਅਤੇ ਕਰਮ-ਕਾਂਡ ਵੀ ਕੀਤੇ ਜਾਂਦੇ ਹਨ। ਸੋ ਵਰਜਨ ਦਰਿਆ ਨੂੰ ਪਾਰ ਕਰ ਕੇ ਕੋਈ ਵਸਤੂ ਭੋਗਣ ਦੀ ਰੂੜ੍ਹੀ ਮੂਲ ਵਿਚ ਯੂਨਾਨੀ ਕਥਾਨਿਕ ਰੂੜ੍ਹੀ ਹੈ, ਜੋ ਮਗਰੋਂ ਪੰਜਾਬੀ ਸਾਹਿੱਤ ਸਭਿਆਚਾਰ ਵਿਚ ਕਈ ਰੂਪਾਂ ਵਿਚ ਫੈਲਰੀ ਹੋਈ ਮਿਲਦੀ ਹੈ— ਨਦੀਉਂ ਪਾਰ ਰਾਂਝਣ ਦਾ ਡੇਰਾ – (ਲੋਕ-ਗੀਤ)।

ਮਧਕਾਲ ਵਿਚ ਪੰਜਾਬ ਉਤੇ ਉਪਰਬਲੀ ਬਦੇਸ਼ੀ ਹੱਲੇ ਹੁੰਦੇ ਰਹੇ ਅਤੇ ਵਿਜੇਈ ਜਾਤੀਆਂ ਵਿਥੋਂ ਦੀ ਵਸੋਂ ਦਾ ਅਨਿਖੜ ਭਾਗ ਬਣਦੀਆਂ ਰਹੀਆਂ। ਫਲਸਰੂਪ ਇਥੋਂ ਦੀ ਸੰਸਕ੍ਰਿਤੀ ਵਿਵਧ ਅਤੇ ਵਿਜਾਤੀ ਚਰਿਤ੍ਰ ਧਾਰਨ ਕਰਦੀ ਗਈ। ਬਦੇਸੀ ਸੰਸਕ੍ਰਿਤੀਆਂ ਦੀਆਂ ਕੁਝ ਰੂੜ੍ਹੀਆਂ, ਸਮਾਜਕ ਵਰਤਾਰੇ ਤੇ ਮਨੌਤਾਂ, ਕਥਾਨਿਕ ਰੂੜ੍ਹੀਆਂ ਦੇ ਰੂਪ ਵਿਚ ਪੰਜਾਬੀ ਕਥਾ-ਪ੍ਰਵਾਹ ਵਿਚ ਰਚਮਿਚ ਗਈਆਂ। ਉਦਾਹਰਣ ਵਜੋਂ ਸਿਥੀਅਨ ਜਾਤੀ ਵਿਚ ਆਪਣੇ ਵਿਰੋਧੀ ਦੇ ਲਹੂ ਦਾ ਪਿਆਲਾ ਭਰ ਕੇ ਪੀਣ ਦੀ ਪ੍ਰਥਾ ਸੀ। ਇਹ ਇਕ ਵਿਸ਼ੇਸ਼ ਰੂੜ੍ਹੀ ਹੈ, ਜੋ ਪੰਜਾਬੀ ਜੀਵਨ ਦਾ ਕਦੇ ਵੀ ਯਥਾਰਥ ਨਹੀਂ ਬਣੀ। ਪਰ ਪੰਜਾਬੀ ਕਥਾ-ਪ੍ਰਵਾਹ ਦਾ ਸਜੀਵ ਅੰਗ ਬਣੀ ਹੈ। ਮੋਤੀਆਂ ਦਾ ਸਿੱਟਾ (ਪੰਜਾਬ ਦੀਆਂ ਲੋਕ-ਕਹਾਣੀਆਂ, 124-128) ਨਾਉਂ ਦੀ ਕਹਾਣੀ ਵਿਚ ਇਕ ਚਾਤਰ ਕੰਨਿਆਂ ਸੋਮਾ ਆਪਣੇ ਮੰਗੇਤਰ ਦੇ ਘਰ, ਓਪਰੇ ਮੁੰਡੇ ਦੇ ਵੇਸ ਵਿਚ, ਕੁਝ ਦਿਨ ਰਹਿੰਦੀ ਹੈ ਅਤੇ ਉਸ ਨੂੰ ਉੱਲੂ ਬਣਾ ਕੇ, ਆਪਣੇ ਪਿਉ ਨੂੰ ਅਸਾਧ ਰੋਗ ਤੋਂ ਮੁਕਤ ਕਰਨ ਲਈ, ਇਕ ਮਾਤਰ ਔਸ਼ਧੀ ਮੋਤੀਆਂ ਦਾ ਸਿੱਟਾ, ਜੋ ਕੇਵਲ ਉਸ ਦੇ ਸਹੁਰੇ ਦੇ ਬਾਗ਼ ਵਿਚ ਹੀ ਸੀ, ਤੋੜ ਕੇ ਲੈ ਜਾਂਦੀ ਹੈ। ਮੰਗੇਤਰ ਤਾੜ ਜਾਂਦਾ ਹੈ ਕਿ ਗਭਰੂ ਦੇ ਵੇਸ ਵਿਚ ਆਇਆ ਸ਼ਖ਼ਸ ਉਸ ਦੀ ਭਾਵੀ ਪਤਨੀ ਸੋਮਾਂ ਹੀ ਹੈ ਅਤੇ ਸੋਮਾਂ ਨੂੰ ਵੰਗਾਰਦਾ ਹੋਇਆ ਪ੍ਰਣ ਕਰਦਾ ਹੈ ਕਿ ਉਹ ਸੁਹਾਗ ਦੀ ਰਾਤ ਉਸ ਦੇ ਲਹੂ ਦਾ ਪਿਆਲਾ ਭਰ ਕੇ ਪੀਵੇਗਾ। ਸੋਮਾਂ ਇਹ ਗੱਲ ਆਪਣੀਆਂ ਸਖੀਆਂ ਨੂੰ ਜਾ ਦਸਦੀ ਹੈ। ਸੁਹਾਗ ਰਾਤ ਨੂੰ ਸੋਮਾਂ ਦੀਆਂ ਸਖੀਆਂ ਸੋਮਾਂ ਦੀ ਥਾਂ ਇਕ ਚਮੜੇ ਦੀ ਪੁਤਲੀ ਲਿਟਾ ਦਿੰਦੀਆਂ ਹਨ, ਜਿਸ ਦੇ ਪੇਟ ਵਿਚ ਗੁਲਾਬੀ ਰੰਗ ਦਾ ਸ਼ੀਰੀਂ ਸ਼ਰਬਤ ਭਰਿਆ ਹੁੰਦਾ ਹੈ। ਗਭਰੂ ਆਪਣੇ ਪ੍ਰਣ ਦੀ ਪਾਲਣਾ ਕਰਦਾ ਹੋਇਆ, ਕੰਨਿਆਂ ਦੇ ਪੇਟ ਵਿਚ, ਖ਼ੰਜਰ ਮਾਰ ਕੇ ਲਹੂ ਦਾ ਪਿਆਲਾ ਪੀਂਦਾ ਹੈ। ਮਗਰੋਂ ਉਹ ਪਸਚਾਤਾਪ ਕਰਦਾ ਹੈ ਕਿ ਜਿਸ ਕੰਨਿਆਂ ਦਾ ਲਹੂ ਇਤਨਾ ਮਿੱਠਾ ਸੀ, ਉਹ ਖ਼ੁਦ ਕਿਤਨੀ ਮਿੱਠੀ ਹੋਵੇਗੀ। ਪਤੀ ਦਾ ਵਿਰਲਾਪ ਸੁਣ ਕੇ ਪਲੰਘ ਹੇਠਾਂ ਲੇਟੀ ਸੋਮਾਂ ਸਾਖਿਆਤ ਦਰਸ਼ਨ ਦਿੰਦੀ ਹੈ।

ਇਕ ਹੋਰ ਕਥਾ ਵਿਚ ਤੀਆਂ ਦੇ ਮੇਲੇ ਵਿਚ ਜਾਣ ਵੇਲੇ ਅੰਬੋ ਨਾਂ ਦੀ ਨਨਾਣ ਆਪਣੀ ਭਰਜਾਈ ਤੋਂ ਭੋਛਣ ਮੰਗਦੀ ਹੈ, ਜੋ ਭਰਜਾਈ ਇਸ ਸ਼ਰਤ ਉਤੇ ਦਿੰਦੀ ਹੈ ਕਿ ਜੇ ਉਹ ਭੋਛਣ ਖ਼ਰਾਬ ਹੋ ਗਿਆ, ਤਾਂ ਉਹ ਅੰਬੋ ਦੇ ਲਹੂ ਦਾ ਪਿਆਲਾ ਭਰ ਕੇ ਪੀਵੇਗੀ। ਭੋਛਣ ਉਪਰ ਕਾਂ ਵਿਠ ਕਰ ਜਾਂਦਾ ਹੈ। ਭਰਜਾਈ ਅੰਬੋ ਨੂੰ ਕਪੜੇ ਧੋਣ ਦੇ ਬਹਾਨੇ ਛੱਪੜ ਉਪਰ ਲਿਜਾ ਕੇ ਤੇ ਉਸਨੂੰ ਮਾਰ ਕੇ ਉਸ ਦੇ ਲਹੂ ਦਾ ਪਿਆਲਾ ਪੀਂਦੀ ਹੈ।

ਇਸ ਤਰ੍ਹਾਂ ਦੀਆਂ ਕੁਝ ਹੋਰ ਕਥਾਨਿਕ ਰੂੜ੍ਹੀਆਂ ਵੀ ਨਿਖੇੜੀਆਂ ਜਾ ਸਕਦੀਆਂ ਹਨ।

ਪੰਜਾਬੀ ਕਥਾਨਿਕ ਰੂੜ੍ਹੀਆਂ ਦਾ ਇਕ ਪ੍ਰਸਿਧ ਸਰੋਤ ਅਵਦਾਨ ਅਤੇ ਬੋਧ-ਜਾਤਕ ਹਨ। ਅਵਦਾਨ ਸੰਸਕ੍ਰਿਤ ਦੇ ਸ਼ਬਦ 'ਅਪਦਾਨ' ਦਾ ਪਾਲੀ ਰੂਪ ਹੈ ਅਤੇ ਇਸ ਦਾ ਅਰਥ ਸ੍ਰੇਸ਼ਟ ਜਾਂ ਉੱਤਮ ਕਰਮ ਹਨ। ਅਵਦਾਨ ਕਿਸੇ ਮਹਾਤਮਾ ਪੁਰਸ਼ ਜਾਂ ਇਤਿਹਾਸਕ ਵਿਅਕਤੀ ਦੇ ਜੀਵਨ ਚਰਿਤ੍ਰ ਅਥਵਾ ਉਹਨਾਂ ਨਾਲ ਸੰਬੰਧਿਤ ਕਥਾਵਾਂ ਦੇ ਸੰਕਲਨ ਹਨ। ਬੋਧੀ ਸਾਹਿੱਤ ਵਿਚ ਇਹ ਸ਼ਬਦ ਉਸੇ ਭਾਵ ਵਿਚ ਵਰਤਿਆ ਜਾਂਦਾ ਹੈ ਜਿਸ ਵਿਚ ਸਿੱਖ ਸਾਹਿੱਤ ਵਿਚ ਸਾਖੀ (ਵੇਖੋ : ਅਵਦਾਨ)।

ਬੋਧ-ਜਾਤਕਾ ਵਿਚ ਮਹਾਤਮਾ ਬੁਧ ਦੇ ਪੂਰਬਲੇ ਜਨਮਾਂ ਦੇ ਪ੍ਰਸੰਗ ਦਰਜ ਹਨ। ਜਦੋਂ ਮਹਾਤਮਾ ਬੁਧ ਨੇ ਹਾਲੇ ਬੁਧ ਦੀ ਪਦਵੀ ਪ੍ਰਾਪਤ ਨਹੀਂ ਸੀ ਕੀਤੀ ਅਤੇ ਉਹ ਬੋਧੀਸਤ੍ਵ ਦੇ ਤੌਰ ਤੇ ਕਾਇਨਾਤ ਦੇ ਭਿੰਨ ਭਿੰਨ ਜੜ੍ਹ ਤੇ ਚੇਤੰਨ ਰੂਪਾਂ — ਪਸ਼ੂ ਪੰਛੀ, ਬਨਸਪਤੀ, ਹਵਾ, ਪਹਾੜ ਆਦਿ ਵਿਚ ਵਿਚਰਦੇ, ਲੋਕ-ਕਲਿਆਣ ਲਈ ਸਾਹਸ ਪੂਰਵਕ ਕਰਮ ਕਰਦੇ ਸਨ। ਪੰਜਾਬੀ ਦੇ ਸਾਖੀ ਸਾਹਿੱਤ ਅਤੇ ਕਥਾ ਪ੍ਰਵਾਹ ਵਿਚ ਅਨੇਕਾਂ ਇਤਿਹਾਸਕ ਪਾਤਰਾਂ ਦੇ ਪੂਰਬਲੇ ਜਨਮਾਂ ਦਾ ਵੇਰਵੇ ਭਰਿਆ ਵਰਨਣ ਇਸੇ ਬਲਵਾਨ ਪਰੰਪਰਾ ਦਾ ਫਲ ਜਾਪਦਾ ਹੈ। 'ਬਾਲੇ ਵਾਲੀ ਜਨਮ ਸਾਖੀ' ਵਿਚ ਗੁਰੂ ਨਾਨਕ ਦੇਵ ਆਪਣੇ, ਬੇਬੇ ਨਾਨਕੀ ਤੇ ਫਿਰੰਦੇ ਦੇ ਪਿਛਲੇ ਜਨਮਾਂ ਦੇ ਵੇਰਵੇ ਤੋਂ ਇਲਾਵਾ ਹੱਸੂ ਲੁਹਾਰ, ਸ਼ੀਹੇ ਛੀਂਬੇ, ਘੇਹੋ ਜਟ, ਧਰਮ ਸਿੰਘ ਮੱਛ, ਦਰਸੇ, ਅੰਬ੍ਰਤੀਏ ਆਦਿ ਦੇ ਪੂਰਬਲੇ ਜਨਮ ਦੇ ਵੇਰਵੇ ਦਿੰਦੇ ਹਨ। ਇਹ ਜਨਮ ਸਾਖੀ ਗੁਰੂ ਨਾਨਕ ਦੇਵ ਨੂੰ ਰਾਜੇ ਜਨਕ ਦਾ ਅਵਤਾਰ ਮਿਥ ਕੇ ਤੁਰਦੀ ਹੈ ਅਤੇ ਉਪ੍ਰੋਕਤ ਸਾਰੇ ਪਾਤਰਾਂ ਨੂੰ ਪੂਰਬਲੇ ਜਨਮ ਵਿਚ ਰਾਜੇ ਜਨਕ ਦੇ ਦੁਆਲੇ ਘੁੰਮਦਾ ਦਰਸਾਇਆ ਗਿਆ ਹੈ।

ਜਾਤਕ ਕਥਾਵਾਂ ਦਾ ਪ੍ਰਭਾਵ ਬੋਧੀ ਧਰਮ ਸਭਿਆਚਾਰ ਦੀ ਚੜ੍ਹਤ ਸਮੇਂ ਹੀ ਪੰਜਾਬ ਦੀਆਂ ਕਥਾ ਕਹਾਣੀਆਂ ਉਪਰ ਪੈਣਾ ਆਰੰਭ ਹੋ ਗਿਆ ਸੀ। ਉਦੋਂ ਹੀ ਅਨੇਕਾਂ ਬੋਧੀ ਕਥਾਵਾਂ ਰੂਪ ਬਦਲ ਕੇ ਪੰਜਾਬ ਦੇ ਪ੍ਰਸਿਧ ਲੋਕ-ਨਾਇਕ ਰਾਜਾ ਰਸਾਲੂ ਦੇ ਜੀਵਨ ਪ੍ਰਵਾਹ ਵਿਚ ਸਮਿਲਤ ਹੋ ਗਈਆਂ ਸਨ। ਇਸ ਦੇ ਪ੍ਰਮਾਣ ਵਿਚ ਅਨੇਕਾਂ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ। ਇਕ ਜਾਤਕ ਕਥਾ ਅਨੁਸਾਰ ਪੂਰਬਲੇ ਜਨਮ ਵਿਚ ਬੋਧੀਸਤ੍ਵ ਨੇ ਸਤ ਭੁਖੇ ਸ਼ੇਰ ਬੱਚਿਆਂ ਨੂੰ ਆਪਣਾ ਜਿਸਮ ਖਾਣ ਲਈ ਭੇਟ ਕੀਤਾ ਸੀ। ਇਸ ਕਥਾ ਦਾ ਘਟਨਾ ਸਥਲ ਮਾਣਕਿਆਲਾ ਹੈ, ਜਿਥੇ ਅਸ਼ੋਕ ਨੇ ਮਗਰੋਂ ਇਸ ਘਟਨਾ ਦੀ ਸਿਮਰਤੀ ਵਿਚ ਇਕ ਸਤੂਪ ਬਣਵਾਇਆ। ਇਹ ਸਤੂਪ ਖੰਡਰ ਰੂਪ ਵਿਚ ਹੁਣ ਤਕ ਕਾਇਮ ਹੈ। ਇਹੋ ਬੋਧੀ ਘਟਨਾ, ਬਦਲੇ ਅਤੇ ਸੋਧੇ ਰੂਪ ਵਿਚ, ਰਾਜੇ ਰਸਾਲੂ ਨਾਲ ਸੰਬੰਧਿਤ ਹੋ ਗਈ, ਘਟਨਾ ਸਥਲ ਵੀ ਉਹੋ ਹੀ ਰਿਹਾ। ਦੰਦ ਕਥਾ ਅਨੁਸਾਰ ਮਾਣਕਿਆਲੇ ਦੇ ਇਲਾਕੇ ਵਿਚ ਸਤ ਦੁਸ਼ਟ ਰਾਖਸ਼ ਰਹਿੰਦੇ ਸਨ, ਜਿਨ੍ਹਾਂ ਦੇ ਖਾਣੇ ਲਈ ਸ਼ਹਿਰੋਂ ਇਕ ਪ੍ਰਾਣੀ ਹਰ ਰੋਜ਼ ਨੇਮ ਨਾਲ ਭੇਜਿਆ ਜਾਂਦਾ। ਇਕ ਬੁਢੀ ਦੇ ਸੱਤਾਂ ਵਿਚੋਂ ਛੇ ਪੁੱਤਰ ਵਾਰੋ ਵਾਰੀ ਰਾਖਸ਼ਾਂ ਦੀ ਖ਼ੁਰਾਕ ਬਣ ਗਏ। ਜਦੋਂ ਰਸਾਲੂ ਮਾਣਕਿਆਲੇ ਪੁਜਿਆ, ਤਾਂ ਉਸ ਬੁਢੀ ਦੇ ਆਖ਼ਰੀ ਪੁੱਤਰ ਦੀ ਵਾਰੀ ਸੀ। ਰਾਜਾ ਰਸਾਲੂ ਬੁਢੀ ਦੀ ਵੇਦਨਾ ਤੇ ਵਿਰਲਾਪ ਸੁਣ ਕੇ, ਉਸ ਦੇ ਪੁੱਤਰ ਦੀ ਥਾਂ ਖ਼ੁਦ ਰਾਖਸ਼ਾਂ ਦੀ ਖ਼ੁਰਾਕ ਬਣਨ ਲਈ ਤਿਆਰ ਹੋ ਗਿਆ। ਆਪਣੇ ਸਰੀਰ ਨੂੰ, ਕਿਸੇ ਦੂਜੇ ਅੱਗੇ ਖਾਣ ਲਈ ਭੇਟ ਕਰਨਾ ਬੋਧੀ ਕਥਾਨਿਕ ਰੂੜ੍ਹੀ ਹੀ ਤਾਂ ਹੈ। 'ਸੋਹਣੀ ਮਹੀਂਵਾਲ' ਵਿਚ ਵੀ ਇਹੋ ਰੂੜ੍ਹੀ ਰਤਾ ਸੋਧੇ ਹੋਏ ਰੂਪ ਵਿਚ ਉਪਲਬਧ ਹੈ। ਮਹੀਂਵਾਲ ਆਪਣੇ ਪੱਟ ਦੀ ਮੱਛੀ ਭੁੰਨ ਕੇ ਸੋਹਣੀ ਨੂੰ ਖਾਣ ਲਈ ਦਿੰਦਾ ਹੈ। ਸੋਹਣੀ ਮਹੀਂਵਾਲ ਬੋਧੀ ਤੇ ਯੂਨਾਨੀ ਕਥਾ ਰੂੜ੍ਹੀਆਂ ਦੀ ਮਿਸ ਜਾਪਦੀ ਹੈ (ਵੇਖੋ : ਸੋਹਣੀ ਮਹੀਂਵਾਲ)।

Sri Satguru Jagjit Singh Ji eLibrary NamdhariElibrary@gmail.com

ਸਰਪ ਦਾ ਕਿਸੇ ਮਹਾਂਪੁਰਸ਼ ਦੇ ਮੁਖੜੇ ਉਪਰ ਫਣ ਫੈਲਾ ਕੇ ਛਾਂ ਕਰਨੀ, ਬਿਛ ਦੀ ਛਾਂ ਸੂਰਜ ਫਿਰਨ ਦੇ ਬਾਵਜੂਦ ਵੀ ਸਥਿਰ ਰਹਿਣੀ, ਬਦਲੀ ਦਾ ਮਹਾਂਪੁਰਖ ਦੇ ਸਿਰ ਉਪਰ ਛਾਇਆ ਕਰਨ ਲਈ ਨਾਲ ਨਾਲ ਤੁਰਨਾ — ਇਹ ਤਿੰਨੇਂ ਅਲੌਕਿਕ ਕਥਾਨਿਕ ਰੂੜ੍ਹੀਆਂ, ਜੋ ਜਨਮ ਸਾਖੀਆਂ ਵਿਚ ਮਿਲਦੀਆਂ ਹਨ, ਬੋਧੀ ਪਰੰਪਰਾ ਵਿਚੋਂ ਆਈਆਂ ਹਨ। ਗਿਆਨ ਦੀ ਪ੍ਰਾਪਤੀ ਮਗਰੋਂ ਮਹਾਤਮਾ ਬੁਧ ਜਦੋਂ ਇਕ ਬ੍ਰਿਛ ਥੱਲੇ ਆਨੰਦ ਵਿਭੋਰ ਬੈਠੇ ਸਨ ਤਾਂ ਚਾਰੇ ਪਾਸੇ ਤੋਂ ਉਠੇ ਘਨਘੋਰ ਮੀਂਹ ਅਤੇ ਝੱਖੜ ਤੋਂ ਰੱਖਿਆ ਕਰਨ ਲਈ, ਸੱਪਾਂ ਦੇ ਰਾਜੇ ਮੁਚਕਿੰਦ ਨੇ ਆਪਣੇ ਫਣਾਂ ਨਾਲ ਉਨ੍ਹਾਂ ਦੇ ਸਿਰ ਉਤੇ ਛਾਇਆ ਕੀਤੀ ਸੀ। ਇਸੇ ਤਰ੍ਹਾਂ ਬੁਧ ਜਦੋਂ ਬਾਲ ਅਵਸਥਾ ਵਿਚ ਸਨ, ਉਦੋਂ ਉਨ੍ਹਾਂ ਦੇ ਪਿਤਾ ਬੀਜਾਈ ਦੇ ਉਤਸ਼ਵ ਉਤੇ ਸੋਨੇ ਦਾ ਹੱਲ ਚਲਾ ਕੇ ਉਦਘਾਟਨ ਕੀਤਾ ਕਰਦੇ ਸਨ। ਅਜਿਹੇ ਇਕ ਉਤਸ਼ਵ ਸਮੇਂ ਖਿਡਾਵੀਆਂ ਰਾਜਕੁਮਾਰ ਬੁਧ ਨੂੰ ਛਡ ਕੇ ਮੇਲੇ ਦੀ ਰੌਣਕ ਵੇਖਣ ਚਲੀਆਂ ਗਈਆਂ। ਕੁਝ ਦੇਰ ਬਾਅਦ ਜਦੋਂ ਖਿਡਾਵੀਆਂ ਵਾਪਸ ਆਈਆਂ, ਤਾਂ ਇਹ ਵੇਖ ਕੇ ਅਚੰਭਿਤ ਰਹਿ ਗਈਆਂ ਕਿ ਸਭ ਦਰੱਖ਼ਤਾਂ ਦੀ ਛਾਂ ਢਲ ਚੁਕੀ ਸੀ, ਪਰ ਜਿਸ ਦਰੱਖ਼ਤ ਦੀ ਛਾਂ ਹੇਠ ਬਾਲ ਬੁਧ ਬੈਠਾ ਸੀ, ਉਥੇ ਛਾਂ ਸਥਿਰ ਸੀ। ਇਸੇ ਤਰ੍ਹਾਂ ਜਦੋਂ ਮਹਾਤਮਾ ਬੁਧ ਗਿਆਨ ਪ੍ਰਾਪਤੀ ਮਗਰੋਂ ਗਰਮੀਆਂ ਵਿਚ ਉਦਰ-ਪੂਰਤੀ ਲਈ ਭਿਖਿਆ ਮੰਗਣ ਨਿਕਲਦੇ ਸਨ, ਤਾਂ ਇਕ ਛੋਟੀ ਜਿਹੀ ਬਦਲੀ ਮਿੱਠੀ ਮਿੱਠੀ ਫੁਹਾਰ ਕਰਦੀ, ਬੁਧ ਜੀ ਦੇ ਸਿਰ ਉਤੇ ਛਾਂ ਕਰਦੀ, ਨਾਲੋ ਨਾਲ ਚਲਦੀ ਰਹਿੰਦੀ ਸੀ। ਇਹ ਤਿੰਨੇਂ ਕਥਾਨਿਕ ਰੂੜ੍ਹੀਆਂ ਸਾਖੀ ਪਰੰਪਰਾ ਦਾ ਅਨਿਖੜ ਅੰਗ ਬਣ ਚੁਕੀਆਂ ਹਨ।

ਪੰਜਾਬ ਦੀ ਪ੍ਰਸਿਧ ਦੰਤ-ਕਥਾ ਪੂਰਨ-ਲੂਣਾ ਮੂਲ ਰੂਪ ਵਿਚ ਅਵਦਾਨ ਪਰੰਪਰਾ ਦੀ ਹੀ ਇਕ ਰੂੜ੍ਹ ਕਥਾ ਹੈ। ਲੂਣਾ ਆਪਣੇ ਮਤਰੇਏ ਪੁਤਰ ਪੂਰਨ ਨਾਲ ਕਾਮ-ਲੋਚਾ ਪੂਰੀ ਕਰਨਾ ਚਾਹੁੰਦੀ ਹੈ। ਠੁਕਰਾਏ ਜਾਣ ਉਤੇ ਲੂਣਾ ਪੂਰਨ ਉਪਰ ਝੂਠੀ ਤੁਹਮਤ ਥਪ ਕੇ ਉਸ ਦੇ ਹੱਥ ਪੈਰ ਕਟਵਾ ਕੇ ਉਸ ਨੂੰ ਖੂਹ ਵਿਚ ਸੁਟਵਾ ਦਿੰਦੀ ਹੈ। 'ਅਸ਼ੋਕਾਵਦਾਨ' ਅਨੁਸਾਰ ਅਸ਼ੋਕ ਦੀ ਛੋਟੀ ਰਾਣੀ ਤਕਸ਼ਿਲਾ, ਕੁਨਾਲ ਦੇ ਸੁੰਦਰ ਨੈਣਾਂ ਉਤੇ ਮੁਗਧ ਹੋ ਕੇ ਉਸ ਨੂੰ ਭੋਗਣ ਦੀ ਇੱਛਾ ਰਖਦੀ ਹੈ। ਜਦੋਂ ਕੁਨਾਲ ਨੇ ਉਹਦੀ ਇਹ ਇੱਛਾ ਠੁਕਰਾ ਦਿਤੀ, ਤਾਂ ਤਕਸ਼ਿਲਾ ਨੇ ਬਦਲਾ ਲੈਣ ਦੀ ਭਾਵਨਾ ਨਾਲ, ਉਸ ਦੀਆਂ ਅੱਖਾਂ ਧੋਖੇ ਨਾਲ ਕਢਵਾ ਦਿਤੀਆਂ। ਇਨ੍ਹਾਂ ਦੋਹਾਂ ਕਥਾਵਾਂ ਦੀ ਵਸਤੂ ਅਤੇ ਰੂਪ ਵਿਚ ਸਮਾਨਤਾ, ਘਟਨਾਵਾਂ ਦੀ ਪ੍ਰਤਿਰੂਪਤਾ, ਇਸੇ ਦਿਸ਼ਾ ਵਲ ਸੰਕੇਤ ਹੈ ਕਿ ਪੂਰਨ-ਲੂਣਾ ਕਥਾ ਕੁਨੌਲ-ਤਕਸ਼ਿਲਾ ਦੀ ਰੂੜ੍ਹ ਕਥਾ ਦਾ ਹੀ ਪ੍ਰਤਿਰੂਪ ਹੈ। ਸੰਭਵ ਹੈ ਕਿ ਕਿਸੇ ਲੋਕ-ਰੂੜ੍ਹ ਕਥਾ ਨੂੰ ਬੋਧੀ ਚੜ੍ਹਤ ਸਮੇਂ ਨੈਤਿਕਤਾ ਦਾ ਉਪਦੇਸ਼ ਦੇਣ ਲਈ ਰਾਣੀ ਤਕਸ਼ਿਲਾ ਨਾਲ ਜੋੜ ਦਿਤਾ ਗਿਆ ਹੋਵੇ। ਇਸੇ ਤਰ੍ਹਾਂ ਜਿਵੇਂ ਜੋਗ ਮੱਤ ਦੀ ਚੜ੍ਹਤ ਸਮੇਂ ਇਹ ਰੂੜ੍ਹ ਕਥਾ ਪੂਰਨ ਨਾਲ ਜੋੜ ਦਿਤੀ ਗਈ। ਦੋਵੇਂ ਆਪੋ ਆਪਣੇ ਮੱਤ ਦੀ ਨੈਤਿਕ ਉਚਤਾ ਦਰਸਾਣ ਲਈ ਸਿਰਜੀਆਂ ਗਈਆਂ ਹਨ।

ਪਰ ਸਭ ਤੋਂ ਵਧ ਕਥਾਨਿਕ ਰੂੜ੍ਹੀਆਂ ਪੁਰਾਣ ਗ੍ਰੰਥਾਂ, ਰਾਮਾਇਣ ਤੇ ਮਹਾਂਭਾਰਤ ਆਦਿ ਵਿਚੋਂ ਸਾਡੇ ਕਥਾ-ਪ੍ਰਵਾਹ ਵਿਚ ਲੀਨ ਹੋਈਆਂ ਹਨ। ਪੁਰਾਣ ਸਾਡੀ ਕਥਾ-ਚੇਤਨਾ ਦਾ ਅੰਗ ਰਹੇ ਹਨ ਅਤੇ ਇਨ੍ਹਾਂ ਦੀਆਂ ਅਨੇਕਾਂ ਰੂੜ੍ਹੀਆਂ ਪੰਜਾਬੀ ਲੋਕਧਾਰਾ ਵਿਚ ਰਚੀਆਂ ਹੋਈਆਂ ਹਨ। ਪੰਜਾਬ ਦੀਆਂ ਪਰੀ ਕਹਾਣੀਆਂ ਦੀ ਇਕ ਪ੍ਰਸਿਧ ਤੇ ਅਦਭੁਤ ਕਥਾਨਿਕ ਰੂੜ੍ਹੀ 'ਪ੍ਰਾਣ ਪਰਿਵਰਤਨ' ਹੈ। ਦਿਉ ਤੇ ਦੈਂਤ, ਆਦਿ ਸੁਰੱਖਿਅਤਾ ਦੇ ਭਾਵ ਨਾਲ ਆਪਣੇ ਪ੍ਰਾਣਾਂ ਨੂੰ ਜਿਸਮ ਨਾਲੋਂ ਅੱਡਰੇ ਕਰ ਕੇ, ਕਿਸੇ ਜੜ੍ਹ ਜਾਂ ਚੇਤਨ ਵਸਤੂ ਵਿਚ ਦਾਖ਼ਲ ਕਰ ਦਿੰਦੇ ਹਨ। ਜਦੋਂ ਤਕ ਉਸ ਪ੍ਰਾਣ-ਪਟੇ (Life Token) ਨੂੰ ਨਸ਼ਟ ਨਹੀਂ ਕੀਤਾ ਜਾਂਦਾ, ਉਸ ਨਾਲ ਸੰਬੰਧਿਤ ਪ੍ਰਾਣੀ ਨੂੰ ਕੋਈ ਸਰੀਰਕ ਨੁਕਸਾਨ ਨਹੀਂ ਪਹੁੰਚਾਇਆ ਜਾ ਸਕਦਾ। ਇਸ ਰੂੜ੍ਹੀ ਦਾ ਸਭ ਤੋਂ ਪ੍ਰਾਚੀਨ ਰੂਪ ਰਾਮਾਇਣ ਵਿਚ ਮਿਲਦਾ ਹੈ। ਪਤਾਲ ਲੰਕਾ ਦੇ ਰਾਜੇ ਮਹਿਰਾਵਣ ਨੇ ਆਪਣੇ ਪ੍ਰਾਣ ਅੱਡ ਕਰ ਕੇ ਧਰਤੀ ਦੇ ਅੰਦਰ ਹਜ਼ਾਰ ਯੋਜਨ ਦੂਰ, ਇਕ ਭਿਅੰਕਰ ਗੁਫ਼ਾ ਵਿਚ, ਰਤਨਾ ਜੜ੍ਹੀ ਸੰਦੂਕ ਅੰਦਰ, ਪੰਜ ਭੰਵਰਿਆਂ ਦੇ ਰੂਪ ਵਿਚ ਸੁਰੱਖਿਅਤ ਕੀਤੇ ਹੋਏ ਸਨ। ਮਹਿਰਾਵਣ ਦੀ ਮੌਤ ਕੇਵਲ ਉਦੋਂ ਹੀ ਸੰਭਵ ਸੀ, ਜਦੋਂ ਕੋਈ ਵਿਅਕਤੀ ਉਸ ਸੰਦੂਕ ਨੂੰ ਖੋਲ੍ਹ ਕੇ ਪੰਜਾਂ ਭੰਵਰਿਆਂ ਨੂੰ ਇਕ ਸਾਥ ਮਾਰੇ। ਉਸ ਗੁਫ਼ਾ ਉਤੇ ਪਿਸਾਚਾਂ ਦਾ ਪਹਿਰਾ ਸੀ; ਹਨੂਮਾਨ ਨੇ ਬੜੀਆਂ ਕਠਨਾਈਆਂ ਵਿਚੋਂ ਲੰਘ ਕੇ ਉਸ ਪੇਟੀ ਨੂੰ ਪ੍ਰਾਪਤ ਕੀਤਾ ਅਤੇ ਫਿਰ ਪੰਜ ਮੁਖ ਧਾਰਨ ਕਰ ਕੇ ਉਨ੍ਹਾਂ ਪੰਜਾਂ ਭੰਵਰਿਆਂ ਨੂੰ ਇਕ ਸਾਥ ਚੱਬ ਲਿਆ, ਤਾਂ ਜਾ ਕੇ ਮਹਿਰਾਵਣ ਦੀ ਮੌਤ ਹੋਈ।

ਪੰਜਾਬੀ ਕਥਾਵਾਂ ਦੀਆਂ ਕਈ ਹੋਰ ਅਲੌਕਿਕ ਰੂੜ੍ਹੀਆਂ ਰੂਪ-ਪਰਿਵਰਤਨ, ਪਰ-ਕਾਇਆ ਪ੍ਰਵੇਸ਼ ਆਦਿ ਪੁਰਾਣ ਪਰੰਪਰਾ ਵਿਚੋਂ ਆਈਆਂ ਹਨ।

ਮੁਸਲਮਾਨਾਂ ਦੀ ਭਾਰਤ ਵਿਚ ਆਵੰਦ ਨਾਲ ਉਨ੍ਹਾਂ ਦੀ ਸੰਸਕ੍ਰਿਤੀ, ਚਿੰਤਨ, ਮਨੌਤਾਂ ਤੇ ਵਿਸ਼ਵਾਸ਼ਾਂ ਦਾ ਇਥੋਂ ਦੇ ਧਰਮ, ਸਾਹਿੱਤ ਤੇ ਸੰਸਕ੍ਰਿਤੀ ਉਤੇ ਪ੍ਰਭਾਵ ਪੈਣਾ ਇਕ ਸਹਿਜ ਇਤਿਹਾਸਕ ਕਰਮ ਸੀ। ਫਲਸਰੂਪ ਅਨੇਕਾਂ ਸਾਮੀ ਕਥਾਨਿਕ ਰੂੜ੍ਹੀਆਂ ਪੰਜਾਬੀ ਕਥਾਵਾਂ ਵਿਚ ਲੀਨ ਹੋਣ ਲੱਗੀਆਂ। ਪਰ ਸਭ ਤੋਂ ਵਧ ਅਤੇ ਗੌਰਵਮਈ ਪ੍ਰਭਾਵ 'ਅਲਫ਼ ਲੈਲਾ', 'ਸ਼ਾਹਨਾਮਾ' ਤੇ 'ਅਨੁਵਾਰ ਸਹੇਲੀ' ਆਦਿ ਦੀਆਂ ਕਥਾਵਾਂ ਦਾ ਪਿਆ। 'ਅਲਫ਼ ਲੈਲਾ' ਦੀਆਂ ਕਈ ਕਥਾਵਾਂ 'ਅਲੀ ਬਾਬਾ ਚਾਲ੍ਹੀ ਚੋਰ', 'ਸਿੰਧਬਾਦ ਜਹਾਜ਼ੀ' ਆਦਿ ਤਾਂ ਮੂਲ ਰੂਪ ਵਿਚ ਹੀ ਪੰਜਾਬੀ ਕਥਾ ਪਰੰਪਰਾ ਦਾ ਅੰਗ ਬਣ ਗਈਆਂ। ਅਲਫ਼ ਲੈਲਾ ਦੀਆਂ ਕਈ ਕਥਾਨਿਕ ਰੂੜ੍ਹੀਆਂ ਜਿਵੇਂ ਵਾਲ ਧੁਖਾਣ ਨਾਲ ਦਿਉ ਦਾ ਪ੍ਰਗਟ ਹੋਣਾ, ਦੀਵੇ ਨੂੰ ਰਗੜਨ ਨਾਲ ਉਸ ਵਿਚੋਂ ਸਮਰੱਥ ਜਿੰਨ ਦਾ ਉਦੇ ਹੋਣਾ; ਮੰਤਰ ਸ਼ਬਦ ਨਾਲ ਕਿਸੇ ਗੁਫ਼ਾ ਦਾ ਖੁਲ੍ਹਣਾ ਅਤੇ ਬੰਦ ਹੋਣਾ, ਕਿਸੇ ਰਾਜੇ ਦਾ ਹਰ ਰੋਜ਼ ਨਵੀਂ ਜੋਬਨਮਤੀ ਨਾਲ ਵਿਆਹ ਕਰਨਾ ਅਤੇ ਭੋਗਣ ਮਗਰੋਂ ਸਵੇਰੇ ਉਸ ਨੂੰ ਮਾਰ ਦੇਣਾ, ਆਦਿ, ਆਦਿ ਪੰਜਾਬੀ ਕਥਾਵਾਂ ਵਿਚ ਪ੍ਰਵੇਸ਼ ਕਰ ਗਈਆਂ ਹਨ।

ਫਫਾਕੁਟਣੀਆਂ ਦਾ ਅਸਮਾਨ ਦੇ ਤਾਰੇ ਤੋੜ ਲਿਆਣਾ, ਚੰਦਰਮੇ ਦੇ ਟੁਕੜੇ ਟੁਕੜੇ ਕਰ ਕੇ ਝੋਲੀ ਵਿਚ ਛੁਪਾ ਲੈਣਾ, ਅਸਮਾਨ ਦੀ ਟਾਕੀ ਕਟ ਕੇ ਨਵੀਂ ਟਾਕੀ ਜੋੜ ਦੇਣ ਦੀਆਂ ਰੂੜ੍ਹੀਆਂ ਪੰਜਾਬੀ ਕਥਾ ਵਿਚ ਇਸਲਾਮੀ ਪਰੰਪਰਾ ਵਿਚੋਂ ਆਈਆਂ ਹਨ। ਇਸਲਾਮੀ ਕਥਾਵਾਂ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਚੰਦਰਮੇ ਦੇ ਕਈ ਟੁਕੜੇ ਕਰ ਦਿਤੇ ਸਨ।

ਮਧਕਾਲ ਵਿਚ ਕਥਾ ਕਹਾਣੀ ਦੇ ਨਿਰਮਾਣ ਵਿਚ ਵਧੇਰੇ ਕਰ ਕੇ ਕਥਾਨਿਕ ਰੂੜ੍ਹੀਆਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ। ਕਈ ਵਾਰ ਇਨ੍ਹਾਂ ਰੂੜ੍ਹੀਆਂ ਨੂੰ ਕਿਸੇ ਰੂੜ੍ਹ ਕਥਾ ਵਿਚ ਸਮਿਲਤ ਕਰ ਕੇ ਨਵੀਂ ਕਥਾ ਸਿਰਜੀ ਜਾਂਦੀ। ਇਹ ਕਥਾਨਿਕ ਰੂੜ੍ਹੀਆਂ ਮਧਕਾਲ ਵਿਚ ਪੰਜਾਬੀ ਕਥਾ ਚੇਤਨਾ ਦਾ ਗੌਰਵਮਈ ਭਾਗ ਸਨ ਅਤੇ ਕਲਪਿਤ ਹੁੰਦਿਆਂ ਵੀ, ਲੋਕ-ਵਿਸ਼ਵਾਸ਼ ਦਾ ਅੰਗ ਹੋਣ ਦੇ ਨਾਤੇ, ਇਕ ਜੀਵੰਤ ਲੋਕ-ਸੱਚ ਸਨ। ਇਹ ਕਥਾਨਿਕ ਰੂੜ੍ਹੀਆਂ ਕਈ ਸੋਮਿਆਂ ਵਿਚੋਂ ਆ ਕੇ ਪੰਜਾਬੀ ਕਥਾ-ਪ੍ਰਵਾਹ ਵਿਚ ਲੀਨ ਹੁੰਦੀਆਂ ਰਹੀਆਂ। ਇਨ੍ਹਾਂ ਕਥਾਨਿਕ ਰੂੜ੍ਹੀਆਂ ਦੀਆਂ ਇੱਟਾਂ ਨਾਲ ਹੀ ਮਧਕਾਲ ਵਿਚ ਕਥਾ ਦੀ ਸਿਰਜਨਾ ਹੁੰਦੀ ਰਹੀ। ਇਹ ਕਥਾਨਿਕ ਰੂੜ੍ਹੀਆਂ ਜਦੋਂ ਕਿਸੇ ਕਲਪਿਤ ਨਾਇਕ ਨਾਲ ਜੋੜੀਆਂ ਜਾਂਦੀਆਂ, ਤਾਂ ਸਾਧਾਰਨ ਕਥਾ-ਕਹਾਣੀ ਦੀ ਉਤਪਤੀ ਹੁੰਦੀ, ਪਰ ਜਦੋਂ ਕਿਸੇ ਇਤਿਹਾਸਕ ਵਿਅਕਤੀ ਨਾਲ ਜੁੜਦੀਆਂ, ਤਾਂ ਦੰਤ-ਕਥਾ (Legend) ਦਾ ਨਿਰਮਾਣ ਹੁੰਦਾ ਅਤੇ ਜਦੋਂ ਦੇਵਪੁਰਸ਼ ਨਾਲ ਤਾਂ

Sri Satguru Jagjit Singh Ji eLibrary NamdhariElibrary@gmail.com

ਮਿਥ ਹੋਂਦ ਵਿਚ ਆਉਂਦੀ।

**(ਕ-81) ਕਦੰਬ :**

ਇਕ ਬ੍ਰਿਛ ਜਿਸ ਨੂੰ ਪੀਲੇ ਰੰਗ ਦੇ ਫੁੱਲ ਲਗਦੇ ਹਨ। ਹਿੰਦੂ ਕਦੰਬ ਦੇ ਰੁੱਖ ਨੂੰ ਬੜਾ ਪਵਿਤ੍ਰ ਮੰਨਦੇ ਹਨ ਅਤੇ ਕ੍ਰਿਸ਼ਨ ਭਗਤ ਕਦੰਬ ਦੇ ਫੁੱਲਾਂ ਦੀ ਮਾਲਾ ਬਣਾ ਕੇ ਕ੍ਰਿਸ਼ਨ ਦੀ ਮੂਰਤੀ ਨੂੰ ਪਹਿਨਾਉਂਦੇ ਹਨ। ਜਿਨ੍ਹਾਂ ਦਿਨਾਂ ਵਿਚ ਕ੍ਰਿਸ਼ਨ ਬਿੰਦਰਾਬਨ ਵਿਚ ਰਹਿੰਦੇ ਸਨ ਅਤੇ ਜੰਗਲ ਵਿਚ ਗੋਪੀਆਂ ਨਾਲ ਲੀਲਾ ਰਚਾਂਦੇ ਸਨ, ਉਦੋਂ ਗੋਪੀਆਂ, ਉਨ੍ਹਾਂ ਦੇ ਉਪਰ, ਪ੍ਰੇਮ ਦੀ ਮਸਤੀ ਵਿਚ, ਕਦੰਬ ਦੇ ਫੁੱਲ ਬਿਖੇਰਿਆ ਕਰਦੀਆਂ ਸਨ, ਜਿਸ ਕਰ ਕੇ ਕਦੰਬ ਦਾ ਬ੍ਰਿਛ ਕ੍ਰਿਸ਼ਨ ਦੀ ਲੀਲਾ ਨਾਲ ਸੰਬੰਧਿਤ ਹੋ ਗਿਆ। ਕਦੰਬ ਦੇ ਫਲਾਂ ਤੋਂ ਬਣੀ ਸ਼ਰਾਬ ਨੂੰ ਕਾਦੰਬਰੀ ਕਹਿੰਦੇ ਹਨ, ਜੋ ਰਾਸਧਾਰੀਏ ਰਾਸਾਂ ਰਚਾਣ ਵੇਲੇ ਥੋੜੀ ਜਿਹੀ ਪੀ ਲਿਆ ਕਰਦੇ ਸਨ।

**(ਕ-82) ਕਦਮਾਂ ਦਾ ਮੇਲਾ :**

ਪੀਰ ਸਖੀ ਸਰਵਰ ਨਾਲ ਸੰਬੰਧਿਤ ਇਕ ਮੇਲਾ; ਇਹ ਮੇਲਾ ਲਾਹੌਰ ਵਿਚ ਅਨਾਰਕਲੀ ਬਜ਼ਾਰ ਦੇ ਨਜ਼ਦੀਕ, ਸਖੀ ਸਰਵਰ ਦੇ ਸਥਾਨ ਉਤੇ, ਫੱਗਣ ਦੇ ਚਾਨਣੇ ਪੱਖ ਦੇ ਪਹਿਲੇ ਸੋਮਵਾਰ ਨੂੰ ਲੱਗਦਾ ਹੈ। ਸਖੀ ਸਰਵਰ ਦੇ ਅਨੁਯਾਈ ਇਥੇ ਆਪਣੀਆਂ ਸੁਖਣਾਂ ਦੇਂਦੇ ਹਨ। ਸਖੀ ਸਰਵਰ ਦੀ, ਛੋਟੇ ਬੱਚਿਆਂ ਉਪਰ ਉਚੇਚੀ ਬਖ਼ਸ਼ਿਸ਼ ਮੰਨੀ ਗਈ ਹੈ। ਇਸੇ ਲਈ ਕਦਮਾਂ ਦੇ ਮੇਲੇ ਵਿਚ ਬਾਲ ਕਾਫ਼ੀ ਮਾਤਰਾ ਵਿਚ ਸ਼ਾਮਲ ਹੁੰਦੇ ਹਨ। ਇਸ ਮੇਲੇ ਦਾ ਇਕ ਨਵੇਕਲਾ ਲੱਛਣ ਇਹ ਹੈ ਕਿ ਸਖੀ ਸਰਵਰ ਦੇ ਸਥਾਨ ਦੇ ਕੋਲ, ਥੋੜ੍ਹੀ ਥੋੜ੍ਹੀ ਵਿੱਥ ਉਪਰ, ਵਡੇ ਆਕਾਰ ਦੇ ਦੋ ਜਾਂ ਤਿੰਨ ਢੋਲ ਆਪੋ ਵਿਚ ਜੋੜ ਕੇ ਰਖੇ ਜਾਂਦੇ ਹਨ ਅਤੇ ਖ਼ਾਨਗਾਹ ਦੇ ਮੁਜਾਵਰ, ਜੋ ਸ਼ੇਖ਼ ਕਹਾਉਂਦੇ ਹਨ; ਇਨ੍ਹਾਂ ਢੋਲਾਂ ਦੇ ਆਲੇ ਦੁਆਲੇ ਪ੍ਰਕਰਮਾ ਕਰਦੇ ਹੋਏ ਨਚਦੇ ਹਨ। ਜਿਨ੍ਹਾਂ ਤੀਵੀਆਂ ਨੇ ਸਖੀ ਸਰਵਰ ਨੂੰ ਬੱਚਾ ਭੇਟ ਕਰਨ ਦੀਆਂ ਸੁਖਾਂ ਸੁਖੀਆਂ ਹੁੰਦੀਆਂ ਹਨ, ਉਹ ਆਪਣੇ ਬੱਚੇ, ਇਨ੍ਹਾਂ ਸ਼ੇਖ਼ਾਂ ਵਿਚੋਂ ਕਿਸੇ ਇਕ ਨੂੰ, ਭੇਟਾ ਵਜੋਂ ਦੇ ਦਿੰਦੀਆਂ ਹਨ। ਸ਼ੇਖ਼ ਉਸ ਬੱਚੇ ਨੂੰ ਚੁਕ ਕੇ ਲੁੱਡੀ ਪਾਉਂਦਾ ਹੋਇਆ, ਢੋਲ ਦੀ ਪ੍ਰਕਰਮਾ ਕਰਦਾ ਹੈ। ਦੋ ਚਾਰ ਪ੍ਰਕਰਮਾ ਕਰਨ ਤੋਂ ਬਾਅਦ ਬੱਚੇ ਦੀ ਮਾਂ, ਮੁਜਾਵਰ ਨੂੰ ਬੱਚੇ ਦੇ ਮੁੱਲ ਵਜੋਂ ਕੁਝ ਰੁਪਏ ਤਾਰ ਕੇ, ਉਸ ਬੱਚੇ ਨੂੰ ਮੁੜ ਖ਼ਰੀਦ ਲੈਂਦੀ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਉਤੇ ਸਖੀ ਸਰਵਰ ਦੀ ਉਚੇਚੀ ਬਖ਼ਸ਼ਿਸ਼ ਹੋ ਜਾਂਦੀ ਹੈ।

ਹਰੇਕ ਢੋਲ ਦੇ ਕੋਲ ਹੀ ਛੋਟੇ ਛੋਟੇ ਝੰਡੇ ਖੜੇ ਹੁੰਦੇ ਹਨ, ਜਿਨ੍ਹਾਂ ਦੇ ਨਾਲ ਰੂੰ ਦੀਆਂ ਭਰੀਆਂ ਰੰਗ-ਬਰੰਗੀਆਂ ਥੈਲੀਆਂ ਲਟਕ ਰਹੀਆਂ ਹੁੰਦੀਆਂ ਹਨ। ਅਨੁਯਾਈ ਇਥੋਂ ਰੂੰ ਖ਼ਰੀਦ ਕੇ, ਉਸ ਨੂੰ ਦੀਵੇ ਬਾਲਣ ਲਈ, ਖ਼ਾਨਗਾਹ ਦੀ ਭੇਟ ਚੜ੍ਹਾ ਦੇਂਦੇ ਹਨ।

(2) ਡੇਹਰਾ ਗ਼ਾਜ਼ੀ ਖ਼ਾਨ ਵਿਚ, ਨਿਗਾਹੀਆ ਦੇ ਅਸਥਾਨ ਤੇ, ਫੱਗਣ ਦੇ ਚਾਨਣੇ ਪੱਖ ਦੇ ਪਹਿਲੇ ਸੋਮਵਾਰ ਨੂੰ ਇਕ ਭਾਰੀ ਮੇਲਾ ਭਰਦਾ ਹੈ, ਜਿਸ ਨੂੰ ਕਦਮਾਂ ਦਾ ਮੇਲਾ ਕਹਿੰਦੇ ਹਨ। ਇਸ ਵਿਚ ਸ਼ਾਮਲ ਹੋਣ ਲਈ ਸਖੀ ਸਰਵਰ ਦੇ ਸ਼ਰਧਾਲੂ ਦੂਰੋਂ ਦੂਰੋਂ ਚੌਕੀਆਂ ਭਰਦੇ ਹੋਏ ਆਉਂਦੇ ਹਨ।

(3) ਕਾਂਗੜੇ ਵਿਚ ਕਈ ਥਾਈਂ ਕਦਮ ਸ਼ਰੀਫ਼ ਦਾ ਮੇਲਾ ਲੱਗਦਾ ਹੈ।

**(ਕ-83) ਕਦਮਾਂ ਦਾ ਰੁਪਿਆ :**

ਸਿਆਲਕੋਟ ਦੇ ਇਲਾਕੇ ਵਿਚ ਜਦੋਂ ਬਰਾਤ ਤੁਰਨ ਲਗਦੀ ਹੈ, ਤਾਂ ਘਰ ਦਾ ਚੂਹੜਾ, ਪਾਣੀ ਦਾ ਘੜਾ ਲੈ ਕੇ ਰਾਹ ਵਿਚ ਸ਼ਗਨ ਵਜੋਂ ਮਿਲਦਾ ਹੈ। ਲੋਕ-ਨਿਸਚੇ ਅਨੁਸਾਰ ਚੂਹੜੇ ਦਾ ਅੱਗੋਂ ਪਾਣੀ ਲੈ ਕੇ ਮਿਲਣਾ ਸ਼ੁਭ ਸ਼ਗਨ ਹੈ। ਲਾੜ੍ਹੇ ਦਾ ਪਿਉ ਚੂਹੜੇ ਨੂੰ ਇਕ ਰੁਪਿਆ ਭੇਟ ਕਰਦਾ ਹੈ। ਇਸ ਰੁਪਏ ਨੂੰ ਕਦਮਾਂ ਦਾ ਰੁਪਿਆ ਕਿਹਾ ਜਾਂਦਾ ਹੈ।

**(ਕ-84) ਕਦਰੂ :**

ਪੁਰਾਣਾਂ ਅਨੁਸਾਰ ਦੱਕਸ਼ ਦੀ ਕੰਨਿਆਂ ਅਤੇ ਕਸ਼ਯਪ ਦੀਆਂ ਤੇਰਾਂ ਪਤਨੀਆਂ ਵਿਚੋਂ ਇਕ; ਕਦਰੂ ਦੇ ਉਦਰ ਤੋਂ ਨਾਗ ਜਾਤੀ ਨੇ ਜਨਮ ਲਿਆ ਸੀ। ਕਸ਼ਯਪ ਨੇ ਕਿਸੇ ਗੱਲੋਂ ਪ੍ਰਸੰਨ ਹੋ ਕੇ ਕਦਰੂ ਨੂੰ ਵਰ ਮੰਗਣ ਲਈ ਕਿਹਾ। ਕਦਰੂ ਨੇ ਪਾਤਾਲ ਲੋਕ ਨੂੰ ਵਸਾਉਣ ਦੇ ਵਿਚਾਰ ਨਾਲ ਇਕ ਹਜ਼ਾਰ ਨਾਗ-ਪੁਤਰ ਮੰਗੇ। ਪਰ ਵਿਸ਼ਨੂੰ ਪੁਰਾਣਵਿਚਨਾਗ-ਪੁਤਰਾਂ ਦੀ ਸੰਖਿਆ ਬਾਰ੍ਹਾਂ ਲਿਖੀ ਹੋਈ ਹੈ ਜਦੋਂ ਕਿ ਵਾਯੂ ਪੁਰਾਣ ਵਿਚ ਚਾਲ੍ਹੀ ਹੈ। ਕੁਝ ਪੁਰਾਣਾਂ ਵਿਚ ਕਦਰੂ ਦੇ ਪੁਤਰਾਂ ਦੀ ਸੰਖਿਆ ਇਕ ਹਜ਼ਾਰ ਮਿਲਦੀ ਹੈ। ਸ਼ੇਸ਼ਨਾਗ, ਬਾਸ਼ਕੀ ਆਦਿ ਕਦਰੂ ਦੇ ਹੀ ਪੁਤਰ ਸਨ।

**(ਕ-85) ਕੰਦਲਾ :**

(1) ਵਿਸ਼ਨੂੰ ਪੁਰਾਣ ਅਨੁਸਾਰ ਇਕ ਪਹਾੜ, ਜਿਸ ਉਪਰ ਸਿਧ ਅਤੇ ਰਿਸ਼ੀ ਮੁਨੀ ਰਹਿੰਦੇ ਹਨ।

(2) ਇਕ ਨਾਚੀ (ਵੇਖੋ : ਕਾਮ ਕੰਦਲਾ)।

**(ਕ-86) ਕੱਦੂ ਕੱਚਾ ਕਿ ਪੱਕਾ :**

ਜਿਹਲਮ ਤੇ ਰਾਵਲਪਿੰਡੀ ਦੇ ਇਲਾਕੇ ਦੀ ਇਕ ਪ੍ਰਸਿਧ ਬਾਲ ਖੇਡ; ਇਸ ਖੇਡ ਵਿਚ ਕੁਝ ਬੱਚੇ ਕੱਦੂ ਬਣਦੇ ਹਨ; ਇਕ ਵੱਡਾ ਆੜੀ ਕੱਦੂਆਂ ਦਾ ਰਾਖਾ ਅਤੇ ਇਕ ਹੋਰ ਆੜੀ ਵਪਾਰੀ ਬਣਦਾ ਹੈ। ਬੱਚੇ ਇਉਂ ਖਿਲਰ ਕੇ ਬੈਠ ਜਾਂਦੇ ਹਨ ਜਿਵੇਂ ਉਹ ਖੇਤ ਵਿਚ ਵੇਲਾਂ ਨਾਲ ਲੱਗੇ ਕੱਦੂ ਹੋਣ।

ਵਪਾਰੀ ਖੁੰਘੂਰਾ ਮਾਰਦਾ ...ਦਆਂ ਕੱਦੂਆਂ ਦੇ ਦੁਆਲੇ ਬਣੀ ਲਕੀਰ, ਜਿਸ ਨੂੰ ਬੰਨਾ ਕਿਹਾ ਜਾਂਦਾ ਹੈ, ਘੁੰਮਦਾ ਹੈ। ਰਾਖਾ ਅਵਾਜ਼ ਮਾਰਦਾ ਹੈ—

"ਮੇਰੇ ਕੱਦੂਆਂ ਦੇ ਬੰਨੇ ਬੰਨੇ ਕੌਣ ਖੰਘਦਾ
ਕਿ ਕੀ ਮੰਗਦਾ ?"

ਅੱਗੋਂ ਵਪਾਰੀ ਉੱਤਰ ਦਿੰਦਾ ਹੈ — "ਮੈਨੂੰ ਰਾਜੇ ਲਈ ਕੱਦੂ ਚਾਹੀਦੇ ਹਨ —

ਇਕ ਮਣ ਖਿਚੜੀ, ਅੱਧ ਮਣ ਦਾਲ,
ਰਾਜੇ ਦੀ ਬੇਟੀ, ਰੋਟੀ ਕਿਵੇਂ ਖਾਵੇ ?
ਉਹ ਤਾਂ ਖਾਂਦੀ ਕੱਦੂ ਕਰੇਲਿਆਂ ਦੇ ਨਾਲ।"

ਤਾਂ ਰਾਖਾ ਕਹਿੰਦਾ ਹੈ—"ਮੇਰੇ ਕੱਦੂ ਕੱਚੇ ਨੇ, ਜੇ ਕੋਈ ਪੱਕਾ ਏ ਤਾਂ ਚੁਣ ਲੈ।"

ਵਪਾਰੀ ਹਰੇਕ ਮੁੰਡੇ ਦੇ ਪੇਟ ਨੂੰ ਦਬਾਂਦਾ ਹੈ, ਅਖ਼ੀਰਲੇ ਬੱਚੇ ਕੋਲ ਜਾ ਕੇ ਕਹਿੰਦਾ ਹੈ — 'ਇਹੋ ਕੱਦੂ ਪੱਕਾ ਏ।'

ਉਹ ਬੱਚਾ ਪਿੜ ਵਿਚੋਂ ਲਾਂਭੇ ਹੋ ਕੇ ਬੈਠ ਜਾਂਦਾ ਹੈ। ਇਸ ਤਰ੍ਹਾਂ ਵਾਰੋ ਵਾਰੀ ਸਭ ਬੱਚੇ ਪਿੜੋਂ ਬਾਹਰ ਹੋ ਜਾਂਦੇ ਹਨ। ਅਖ਼ੀਰਲੇ ਮੁੰਡੇ ਦੇ ਉਠਦੇ ਸਾਰ ਰਾਖਾ ਸਭ ਕੱਦੂਆਂ ਵਲ ਦੌੜਦਾ ਹੈ ਤੇ ਕਹਿੰਦਾ ਹੈ — "ਮੈਂ ਆਪ ਕੀ ਖਾਵਾਂ ?" ਜਿਸ ਕੱਦੂ ਨੂੰ ਉਹ ਛੁਹ ਲੈਂਦਾ ਹੈ, ਉਹ ਕੱਦੂ ਫਿਰ ਰਾਖਾ ਬਣਦਾ ਹੈ ਤੇ ਪਹਿਲਾ ਰਾਖਾ ਵਪਾਰੀ। ਇਸ ਤਰ੍ਹਾਂ ਇਹ ਖੇਡ ਜਾਰੀ ਰਹਿੰਦੀ ਹੈ।

**(ਕ-87) ਕੰਦੂਰੀ :**

ਕੰਦੂਰੀ ਦੇ ਸ਼ਾਬਦਿਕ ਅਰਥ ਮੇਜ਼ਪੋਸ਼ ਹੈ, ਪਰ ਮੁਸਲਮਾਨਾਂ ਵਿਚ ਇਹ ਪਦ ਇਕ ਅਜਿਹੇ ਵਿਸ਼ੇਸ਼ ਲਾਲ ਪੋਣੇ ਲਈ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਦੇ ਉਪਰ ਆਇਤਾਂ ਲਿਖੀਆਂ ਹੁੰਦੀਆਂ ਹਨ। ਇਸੇ ਪੋਣੇ ਵਿਚ ਮੁਸਲਮਾਨ ਨਿਆਜ਼ ਦੀਆਂ ਰੋਟੀਆਂ ਲਪੇਟ ਕੇ ਰਖਦੇ ਹਨ।

ਪਰ ਹੌਲੇ ਹੌਲੇ ਕੰਦੂਰੀ ਪਦ ਉਸ ਖਾਣੇ ਲਈ ਰੂੜ੍ਹ ਹੋ ਗਿਆ, ਜੋ ਨਿਕਾਹ ਦੇ ਬਾਅਦ ਬਰਾਤੀਆਂ ਨੂੰ ਖਾਣ ਵਾਸਤੇ ਦਿਤਾ ਜਾਂਦਾ ਹੈ। ਇਸ ਖਾਣੇ ਨੂੰ, ਆਇਤਾਂ ਵਾਲੇ ਲਾਲ ਪੋਣੇ ਨਾਲ, ਢੱਕਣ ਦੀ ਪ੍ਰਥਾ ਸੀ, ਜਿਸ ਤੋਂ ਖਾਣੇ ਦਾ ਨਾਂ ਵੀ 'ਕੰਦੂਰੀ' ਪੈ ਗਿਆ।

ਹਜ਼ਰਤ ਮੁਹੰਮਦ ਸਾਹਿਬ ਦੀ ਪੁਤਰੀ ਫ਼ਾਤਿਮਾ ਨਮਿਤ ਦਿਤੀ ਨਿਆਜ਼ ਨੂੰ ਵੀ 'ਕੰਦੂਰੀ' ਕਿਹਾ ਜਾਂਦਾ ਹੈ, ਕਿਉਂ ਜੋ ਮੁੱਢ ਵਿਚ ਇਹ ਨਿਆਜ਼ ਕੰਦੂਰੀ-ਪੋਣੇ ਵਿਚ ਵਲ੍ਹੇਟ ਕੇ ਹੀ ਫ਼ਾਤਿਮਾ ਨਮਿਤ ਫ਼ਾਤਿਹਾ ਪੜ੍ਹ ਕੇ ਦਿਤੀ ਜਾਂਦੀ ਸੀ। ਮੁਸਲਮਾਨਾਂ ਵਿਚ ਕੰਦੂਰੀ ਦੇਣੀ ਬੜੇ ਸੁਆਬ ਦਾ ਕੰਮ ਮੰਨਿਆ ਜਾਂਦਾ ਹੈ।

**(ਕ-88) ਕੰਧ :**

ਪੰਜਾਬ ਵਿਚ ਕੰਧ ਨਾਲ ਸੰਬੰਧਿਤ ਬੜੀ ਰੋਚਕ ਲੋਕਧਾਰਾ ਮਿਲਦੀ ਹੈ। ਮੁਸਲਮਾਨਾਂ ਦੇ ਹੱਲਿਆਂ ਸਮੇਂ, ਕਈ ਗ਼ਾਜ਼ੀਆਂ ਦੇ, ਜਦੋਂ ਘੋੜੇ ਮਰ ਜਾਂਦੇ, ਤਾਂ ਰਵਾਇਤ ਹੈ ਕਿ ਉਹ ਕਿਸੇ ਕੰਧ ਉਪਰ ਸਵਾਰ ਹੋ ਕੇ ਫਿਰ ਜੂਝਣ ਲਈ ਮੈਦਾਨ ਵਿਚ ਨਿਤਰਦੇ। ਗ਼ਾਜ਼ੀਆਂ ਦੀ ਦੈਵੀ ਸ਼ਕਤੀ ਸਦਕਾ ਕੰਧ ਆਪਣੀ ਅਚਲਤਾ ਤਿਆਗ ਕੇ, ਘੋੜੇ ਵਾਂਗ ਦੁੜੰਗੇ ਮਾਰਦੀ ਤੇ ਸਰਪਟ ਦੌੜਦੀ। ਦੰਦ-ਕਥਾਵਾਂ ਅਨੁਸਾਰ ਕੰਧ ਕਈ ਪੀਰਾਂ ਫ਼ਕੀਰਾਂ ਦੀ ਸਵਾਰੀ ਦਾ ਵਾਹਣ ਰਹੀ ਹੈ। ਇਥੇ ਕੇਵਲ ਇਕ ਗ਼ਾਜ਼ੀ ਨੂਰ ਸ਼ਾਹ ਦਾ ਦ੍ਰਿਸ਼ਟਾਂਤ ਦਿਤਾ ਜਾਂਦਾ ਹੈ। ਇਹ ਫ਼ਕੀਰ ਕਸ਼ਮੀਰ ਤੋਂ ਆ ਕੇ ਜਿਹਲਮ ਦੇ ਇਲਾਕੇ ਵਿਚ ਵਸਿਆ। ਉਹ ਇਕ ਜਹਾਦ ਵਿਚ ਸ਼ਾਮਲ ਹੋਣਾ ਚਾਹੁੰਦਾ ਸੀ, ਪਰ ਉਸ ਦੇ ਕੋਲ ਘੋੜਾ ਨਹੀਂ ਸੀ। ਉਹ ਆਪਣੇ ਘਰ ਦੀ ਬਾਹਰਲੀ ਵਲਗਣ ਉਪਰ ਬੈਠਾ ਕਾਫ਼ਰਾਂ ਨੂੰ ਮਾਰਨ ਦੇ ਸੁਪਨੇ ਲੈ ਰਿਹਾ ਸੀ ਕਿ ਅਚਨਚੇਤ ਉਹ ਕੰਧ ਘੋੜੇ ਵਾਂਗ ਤੁਰਨ ਲੱਗੀ। ਨੂਰ ਸ਼ਾਹ ਕੰਧ ਉਪਰ ਸਵਾਰ ਹੋ ਕੇ ਯੁਧ ਦੇ ਮੈਦਾਨ ਵਲ ਚਲ ਪਿਆ। ਰਾਹ ਵਿਚ ਕੁਝ ਤੀਵੀਆਂ ਦੀ ਨਜ਼ਰ ਨੂਰ ਸ਼ਾਹ ਦੇ ਉਪਰ ਪਈ ਅਤੇ ਜੜ੍ਹ ਰੂਪੀ ਕੰਧ ਨੂੰ ਤੁਰਦਿਆਂ ਵੇਖ ਕੇ ਉਨ੍ਹਾਂ ਨੇ ਅਸਚਰਜਤਾ ਪ੍ਰਗਟ ਕੀਤੀ। ਕੰਧ ਉਸੇ ਪੈਰ ਰੁਕ ਗਈ। ਜਿਸ ਸਥਾਨ ਉਪਰ ਕੰਧ ਰੁਕੀ ਉਸ ਨੂੰ 'ਘੋੜੀ ਗਾਲਾ' ਕਿਹਾ ਜਾਂਦਾ ਹੈ (ਵੇਖੋ : ਘੋੜੀ ਗਾਲ੍ਹਾ)।

ਸੁਲਤਾਨਪੁਰ ਲੋਧੀ ਦੇ ਨਗਰ ਵਿਚ ਇਕ ਬਾਰਾਂ ਫ਼ੁਟ ਲੰਮੀ ਤੇ ਸਾਢੇ ਚਾਰ ਫ਼ੁਟ ਉਚੀ ਕੰਧ ਹੈ, ਜਿਸ ਬਾਰੇ ਰਵਾਇਤ ਹੈ ਕਿ ਇਸ ਦੀ ਸਵਾਰੀ ਪੀਰ ਗ਼ੁਲਾਮ ਮੁਹੀਉਦੀਨ ਦੇ ਪੁਤਰ ਸ਼ਾਹ ਸਵਾਰ ਨੇ ਕੀਤੀ ਸੀ। ਇਕ ਵਾਰ ਸ਼ਾਹ ਸਵਾਰ ਦਾ ਪਿਤਾ ਰਾਜਪੂਤਰਾਂ ਪਿੰਡ ਵਿਚ ਗਿਆ ਹੋਇਆ ਸੀ, ਜੋ ਉਥੋਂ ਅੱਠ ਦਸ ਮੀਲਾਂ ਦੀ ਵਾਟ ਉਤੇ ਸਥਿਤ ਹੈ, ਸ਼ਾਹ ਸਵਾਰ ਨੂੰ ਅਚਾਨਕ ਆਪਣੇ ਪਿਉ ਨਾਲ ਕੋਈ ਕੰਮ ਪੈ ਗਿਆ ਅਤੇ ਘਰ ਵਿਚ ਘੋੜੀ ਨਾ ਹੋਣ ਕਰ ਕੇ ਉਸ ਨੇ ਕੰਧ ਨੂੰ ਟਿਚਕਾਰਿਆ। ਕੰਧ ਤੁਰ ਪਈ। ਉਹ ਰਾਹ ਵਿਚ ਹੀ ਪਿਉ ਨੂੰ ਮਿਲ ਪਿਆ। ਪਿਉ ਨੇ ਪੁਤਰ ਨੂੰ ਕੰਧ ਉਪਰ ਸਵਾਰ ਵੇਖ ਕੇ ਫਿਟਕਾਰਦਿਆਂ ਹੋਇਆਂ ਕਿਹਾ ਕਿ ਉਸ ਵਾਸਤੇ ਇਸ ਤਰ੍ਹਾਂ ਜ਼ਾਹਿਰ ਹੋਣਾ ਠੀਕ ਨਹੀਂ। ਸ਼ਾਹ ਸਵਾਰ ਉਸੇ ਵੇਲੇ ਕੰਧ ਸਮੇਤ ਵਾਪਸ ਆ ਗਿਆ। ਪਰ ਕੁਝ ਚਿਰ ਮਗਰੋਂ ਉਸ ਨੇ ਪਰਾਣ ਤਿਆਗ ਦਿਤੇ (ਸੁਲਤਾਨਪੁਰ ਲੋਧੀ ਸਰਵੇ, 173)। ਪੰਜਾਬ ਵਿਚ ਅਨੇਕਾਂ ਕੰਧਾਂ ਮੌਜੂਦ ਹਨ, ਜਿਨ੍ਹਾਂ ਨਾਲ ਕੋਈ ਨਾ ਕੋਈ ਮੋਅਜਜ਼ਾ ਜੁੜਿਆ ਹੋਇਆ ਹੈ।

ਕੰਧ ਕੁਝ ਅਖਾਣਾਂ ਦਾ ਵਸਤੂ ਵੀ ਬਣੀ ਹੈ ਅਤੇ ਇਸ ਦੁਆਰਾ ਬੜੀਆਂ ਰਮਜ਼ ਭਰੀਆਂ ਗੱਲਾਂ ਕਹੀਆਂ ਗਈਆਂ ਹਨ :—'ਕੰਧ ਖਾਧੀ ਆਲਿਆਂ, ਘਰ ਖਾਧਾ ਸਾਲਿਆਂ', 'ਕੰਧਾਂ ਦੇ ਵੀ ਕੰਨ ਹੁੰਦੇ ਨੇ', 'ਕੰਧ ਪਿਛੇ ਪ੍ਰਦੇਸ', 'ਕੰਧ ਰਹੇਗੀ ਤਾਂ ਲੇ ਬਥੇਰੇ ਚੜ੍ਹ ਜਾਣਗੇ'।

**(ਕ-89) ਕੰਧ ਚਿਤ੍ਰ :**

(ਵੇਖੋ : ਲੋਕ ਕਲਾ)।

**(ਕ-90) ਕੰਧ ਮਾਰ :**

ਸ਼ਾਹਪੁਰ (ਪਾਕਿਸਤਾਨੀ ਪੰਜਾਬ) ਦੇ ਇਲਾਕੇ ਦੀ ਇਕ ਪ੍ਰਸਿਧ ਖੇਡ; ਕੰਧ ਮਾਰ ਵਿਚ ਖਿਡਾਰੀ ਪਹਿਲਾਂ ਦੋ ਧਿਰਾਂ ਬਣਾ ਲੈਂਦੇ ਹਨ। ਫਿਰ ਜ਼ਿਮੀਂ ਉਪਰ, ਇਕ ਵੱਡਾ ਸਾਰਾ ਗੋਲ ਦਾਇਰਾ ਬਣਾ ਕੇ, ਇਕ ਧਿਰ ਉਹਦੇ ਅੰਦਰ ਅਤੇ ਦੂਜੀ ਧਿਰ ਉਸ ਚੱਕਰ ਦੇ ਬਾਹਰ ਖੜੀ ਹੋ ਜਾਂਦੀ ਹੈ। ਚੱਕਰ ਦੇ ਅੰਦਰ ਦੇ ਸਾਰੇ ਖਿਡਾਰੀ ਆਪਣੀਆਂ ਪਿੱਠਾਂ ਜੋੜ ਕੇ ਕੰਧ ਬਣਾ ਲੈਂਦੇ ਹਨ। ਬਾਹਰਲੀ ਧਿਰ ਕੰਧ ਉਪਰ ਧਾਵਾ ਬੋਲਦੀ ਹੈ ਅਤੇ ਉਸ ਦਾ ਕੋਈ ਇਕ ਖਿਡਾਰੀ ਕੰਧ ਉਪਰ ਉਛਲ ਕੇ ਝਪਟਦਾ ਹੈ ਅਤੇ ਕਿਸੇ ਇਕ ਖਿਡਾਰੀ ਨੂੰ ਛੂਹ ਕੇ ਨੱਠਣ ਦੀ ਕੋਸ਼ਿਸ਼ ਕਰਦਾ ਹੈ। ਅੰਦਰ ਦੀ ਧਿਰ ਦੇ ਖਿਡਾਰੀ ਉਸ ਨੂੰ ਫੜਨ ਦਾ ਯਤਨ ਕਰਦੇ ਹਨ। ਜੇ ਫੜ ਕੇ ਚੱਕਰ ਦੇ ਅੰਦਰ ਹੀ ਰਖ ਲੈਣ, ਤਾਂ ਦੂਜੀ ਧਿਰ ਦਾ ਉਹ ਖਿਡਾਰੀ 'ਸੜ' ਜਾਂਦਾ ਹੈ ਅਤੇ ਖੇਡ ਤੋਂ ਬਾਹਰ ਹੋ ਜਾਂਦਾ ਹੈ। ਜੇ ਉਹ ਅੰਦਰਲੀ ਧਿਰ ਦੇ ਕਿਸੇ ਬੰਦੇ ਨੂੰ ਛੂਹ ਕੇ ਪਿੜ ਤੋਂ ਬਾਹਰ ਨਿਕਲ ਜਾਵੇ, ਤਾਂ ਜਿਸ ਖਿਡਾਰੀ ਨੂੰ ਉਸ ਛੂਹਿਆ ਹੁੰਦਾ ਹੈ, ਉਹ 'ਸੜ' ਜਾਣ ਕਰ ਕੇ ਖੇਡ ਵਿਚੋਂ ਬਾਹਰ ਹੋ ਜਾਂਦਾ ਹੈ। ਜਦੋਂ ਦੂਜੀ ਧਿਰ ਦਾ ਕੋਈ ਖਿਡਾਰੀ 'ਸੜ' ਜਾਵੇ, ਤਾਂ ਪਹਿਲੀ ਧਿਰ ਦਾ ਸੜਿਆ ਖਿਡਾਰੀ 'ਹਰਾ' ਹੋ ਜਾਂਦਾ ਹੈ ਤੇ ਮੁੜ ਖੇਡ ਵਿਚ ਸ਼ਾਮਲ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਖੇਡ ਨਿਰੰਤਰ ਚਾਲੂ ਰਹਿੰਦੀ ਹੈ। ਇਹ ਖੇਡ ਕਬੱਡੀ ਦਾ ਹੀ ਇਕ ਸਥਾਨਿਕ ਪਰ ਵਿਲੱਖਣ ਰੂਪ ਹੈ।

**(ਕ-91) ਕੰਧਲੀ :**

ਗਲੇ ਵਿਚ ਪਹਿਨਣ ਵਾਲਾ ਇਕ ਹਾਰ, ਜਿਸ ਵਿਚ ਜ਼ੰਜੀਰੀ ਨਾਲ ਨਿਕੀਆਂ ਨਿਕੀਆਂ ਚੌਰਸ ਟੁਕੜੀਆਂ ਲੱਗੀਆਂ ਹੁੰਦੀਆਂ ਹਨ। ਇਹ ਧਨੀ ਤੀਵੀਆਂ ਦਾ ਗਹਿਣਾ ਹੈ — 'ਮੇਰੀ ਕੰਧਲੀ ਦੀ ਮਟਕ ਨਿਰਾਲੀ, ਮਾਹੀ ਦਾ ਧਿਆਨ ਖਿਚ ਲਏ' (ਲੋਕ ਗੀਤ)।

**(ਕ-92) ਕੰਧਾ ਦੇਣਾ :**

ਅਰਥੀ ਨੂੰ ਮੋਢਾ ਦੇਣਾ; ਇਸ ਗੱਲ ਦਾ ਬੜਾ ਸੁਆਬ ਮੰਨਿਆ ਜਾਂਦਾ ਹੈ। ਧਾਰਨਾ ਹੈ ਕਿ ਜਿਸ ਪ੍ਰਾਣੀ ਨੇ ਆਪਣੇ ਜੀਵਨ ਕਾਲ ਵਿਚ ਸੌ ਤੋਂ ਉਪਰ ਅਰਥੀਆਂ ਨੂੰ ਕੰਧਾ ਦਿਤਾ ਹੋਵੇ, ਉਹ ਆਪਣੇ ਇਨ੍ਹਾਂ ਸ਼ੁਭ ਕਰਮਾਂ ਦੇ ਫਲ ਵਜੋਂ ਸਵਰਗ ਪ੍ਰਾਪਤ ਕਰ ਲੈਂਦਾ ਹੈ।

**(ਕ-93) ਕੰਧੀਲਾ :**

ਇਕ ਪਛੜੀ ਜਾਤੀ, ਜੋ ਸਿਰਕੀਆਂ ਦੀਆਂ ਛੱਪਰੀਆਂ ਬਣਾ ਕੇ ਵਸਦੀ ਹੈ। ਇਹ ਜਾਤੀ ਵਧੇਰੇ ਕਰ ਕੇ ਗਧੇ ਪਾਲਦੀ ਅਤੇ ਢੋ-ਢੁਆਈ ਦਾ ਕੰਮ ਕਰਦੀ ਹੈ, ਜਿਸ ਕਰ ਕੇ ਇਨ੍ਹਾਂ ਨੂੰ ਗੰਧੇਲਾ ਵੀ ਕਹਿੰਦੇ ਹਨ। ਇਸ ਜਾਤੀ ਦੀ ਸੰਸਕ੍ਰਿਤੀ ਦੂਜੇ ਟਪਰੀਵਾਸਾਂ ਨਾਲ ਮਿਲਦੀ ਜੁਲਦੀ ਹੈ (ਵੇਖੋ : ਟਪਰੀਵਾਸੀ)।

**(ਕ-94) ਕੰਨ :**

ਕੰਨ ਮਨੁਖੀ ਸਰੀਰ ਦਾ ਇਕ ਵਿਸ਼ੇਸ਼ ਅੰਗ ਹੈ, ਜਿਸ ਕਰ ਕੇ ਇਸ ਨਾਲ ਕੁਝ ਭਰਮ ਵਹਿਮ ਤੇ ਮਨੌਤਾਂ ਜੁੜਨੀਆਂ ਸਹਿਜ ਹਨ। ਹਿੰਦੂ ਪਰੰਪਰਾ ਅਨੁਸਾਰ ਗੁਨਾਹਾਂ ਦੇ ਪਸਚਾਤਾਪ ਵਜੋਂ ਸੱਜੇ ਕੰਨ ਨੂੰ ਹੱਥ ਲਗਾਣਾ ਜ਼ਰੂਰੀ ਹੈ। ਪਰਾਸ਼ਰ ਸਿਮ੍ਰਤੀ ਦੇ ਮੁਤਾਬਕ ਮਨੁਖ ਦੇ ਸੱਜੇ ਕੰਨ ਵਿਚ ਦੇਵਤੇ ਦਾ ਨਿਵਾਸ ਹੈ, ਇਸ ਲਈ ਝੂਠ ਬੋਲਣ ਵੇਲੇ ਜਾਂ ਕਿਸੇ ਪਾਪੀ/ਪਖੰਡੀ ਦੀ ਗੱਲਬਾਤ ਜਾਂ ਕਿਸੇ ਦੀ ਚੁਗਲੀ ਸੁਣਨ ਮਗਰੋਂ, ਸੱਜਾ ਕੰਨ ਛੂਹਣਾ ਜ਼ਰੂਰੀ ਹੈ। ਇਸ ਤਰ੍ਹਾਂ ਗੁਨਾਹ ਮਾਫ਼ ਹੋ ਜਾਂਦਾ ਹੈ।

ਲੋਕ ਧਾਰਨਾ ਅਨੁਸਾਰ ਸਤਿਜੁਗ ਵਿਚ ਸੱਜੇ ਅਤੇ ਖੱਬੇ ਕੰਨਾਂ ਦੀ ਕਿਰਿਆ ਵੰਡੀ ਹੋਈ ਸੀ। ਸੱਜਾ ਕੰਨ ਕੇਵਲ ਦੇਵ ਉਸਤਤੀ, ਦੈਵੀ ਗੱਲਾਂ ਅਤੇ ਸ਼ੁਭ ਵਿਚਾਰ ਹੀ ਸੁਣਦਾ ਸੀ। ਹੋਰ ਸਭ ਗੱਲਾਂ ਸੁਣਨੀਆਂ ਖੱਬੇ ਕੰਨ ਦੇ ਹਿੱਸੇ ਆਈਆਂ ਸਨ। ਪਰ ਕਲਜੁਗ ਵਿਚ ਧਰਮ ਦਾ ਨਾਸ ਹੋ ਜਾਣ ਕਾਰਨ ਸੱਜੇ ਕੰਨ ਦੀ ਦੈਵੀ ਸ਼ਕਤੀ ਮੰਦ ਪੈ ਗਈ। ਇਕ ਧਾਰਨਾ ਅਨੁਸਾਰ ਅਕਾਸ਼ ਬਾਣੀ ਹਮੇਸ਼ਾਂ ਸੱਜੇ ਕੰਨ ਦੁਆਰਾ ਸੁਣਾਈ ਦਿੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਕੰਨ ਨਾਲ ਇਕ ਵਿਸ਼ੇਸ਼ ਸੰਸਕਾਰ ਕਰਨਵੇਧ ਸੰਬੰਧਿਤ ਹੈ। ਇਸ ਸੰਸਕਾਰ ਦਾ ਜ਼ਿਕਰ ਅਥਰਵ ਵੇਦ ਵਿਚ ਮਿਲਦਾ ਹੈ, ਜੋ ਇਸ ਦੀ ਪ੍ਰਾਚੀਨਤਾ ਦੀ ਸਾਖੀ ਭਰਦਾ ਹੈ (ਵੇਖੋ : ਕੰਨ ਛੇਦਣਾ)।

ਜੋਗੀਆਂ ਦੀ ਕੰਨ ਬਾਰੇ ਧਾਰਨਾ ਹੈ ਕਿ ਜਦੋਂ ਤਕ ਕੰਨਾਂ ਵਿਚ ਵਿਸ਼ੇਸ਼ ਵਿਧੀ ਨਾਲ ਛੇਦ ਨਾ ਕੀਤਾ ਜਾਵੇ, ਕੰਨਾਂ ਥਾਣੀਂ ਅਨਹਦ ਨਾਦ ਨਹੀਂ ਸੁਣਾਈ ਦੇਂਦਾ। ਇਸ ਲਈ ਨਾਥਾਂ ਲਈ ਕੰਨਾਂ ਵਿਚ ਛੇਦ ਕਰਵਾ ਕੇ ਮੁੰਦਰਾਂ ਪਹਿਨਣੀਆਂ ਲਾਜ਼ਮੀ ਹਨ (ਵੇਖੋ : ਕੰਨ ਪਾਟੇ ਜੋਗੀ)। ਜੇ ਛੇਦਣ ਵੇਲੇ ਕੰਨ ਪਾਟ ਜਾਵੇ, ਤਾਂ ਇਹ ਅਸ਼ੁਭ ਹੈ।

ਕੰਨਾਂ ਨਾਲ ਸੰਬੰਧਿਤ ਇਕ ਲੋਕ-ਕਹਾਣੀ ਬੜੀ ਪ੍ਰਸਿਧ ਹੈ। ਇਕ ਵਾਰ ਰਾਜਾ ਵਿਕ੍ਰਮਾਦਿਤ ਦੇ ਦਰਬਾਰ ਵਿਚ ਇਕ ਸ਼ਿਲਪੀ ਇਕੋ ਸ਼ਕਲ ਤੇ ਕੱਦ ਬੁਤ ਦੀਆਂ ਤਿੰਨ ਮੂਰਤੀਆਂ ਲੈ ਕੇ ਆਇਆ ਅਤੇ ਕਹਿਣ ਲੱਗਾ — "ਜਿਹੜਾ ਸ਼ਖ਼ਸ ਇਹ ਦਸ ਦੇਵੇ ਕਿ ਇਨ੍ਹਾਂ ਤਿੰਨਾਂ ਵਿਚੋਂ ਕਿਹੜੀ ਮੂਰਤੀ ਗੁਣਵਾਨ ਹੈ, ਮੈਂ ਉਹਨੂੰ ਉਹ ਮੂਰਤੀ ਭੇਟ ਕਰ ਦੇਵਾਂਗਾ।" ਪਰ ਕੋਈ ਵੀ ਤਿੰਨਾਂ ਵਿਚ ਨਿਖੇੜਾ ਨਾ ਕਰ ਸਕਿਆ। ਅਖ਼ੀਰ ਵਿਕ੍ਰਮਾਦਿਤ ਨੇ ਤਿੰਨਾਂ ਮੂਰਤੀਆਂ ਨੂੰ ਧਿਆਨ ਨਾਲ ਵੇਖਿਆ ਅਤੇ ਉਨ੍ਹਾਂ ਨੇ ਇਕ ਤੀਲੀ ਪਹਿਲੀ ਮੂਰਤੀ ਦੇ ਕੰਨ ਵਿਚ ਪਾਈ, ਜੋ ਉਸ ਦੇ ਮੂੰਹ ਰਾਹੀਂ ਬਾਹਰ ਆ ਗਈ। ਦੂਜੀ ਮੂਰਤੀ ਦੇ ਕੰਨ ਵਿਚ ਤੀਲੀ ਪਾਈ, ਤਾਂ ਦੂਜੇ ਕੰਨ ਰਾਹੀਂ ਬਾਹਰ ਆ ਗਈ। ਤੀਜੀ ਮੂਰਤੀ ਦੇ ਕੰਨ ਵਿਚ ਪਾਈ, ਤਾਂ ਉਹ ਮੂਰਤੀ ਦੇ ਢਿਡ ਵਿਚ ਜਾ ਪਈ। ਤਾਂ ਰਾਜੇ ਵਿਕ੍ਰਮਾਦਿਤ ਨੇ ਦਸਿਆ ਕਿ ਪਹਿਲੀ ਮੂਰਤੀ ਜੋ ਕੁਝ ਸੁਣਦੀ ਹੈ, ਉਹ ਫ਼ੌਰਨ ਦੂਜੇ ਅੱਗੇ ਉਗਲ ਦਿੰਦੀ ਹੈ। ਭਾਵ ਚੁਗ਼ਲਖ਼ੋਰ ਹੈ। ਦੂਜੀ ਮੂਰਤੀ ਜੋ ਗੱਲ ਸੁਣਦੀ ਹੈ, ਉਸ ਵੇਲੇ ਉਹ ਦੂਜੇ ਕੰਨ ਦੁਆਰਾ ਬਾਹਰ ਕਢ ਦੇਂਦੀ ਹੈ ਤੇ ਉਹਦਾ ਅਸਰ ਨਹੀਂ ਕਬੂਲਦੀ। ਪਰ ਤੀਜੀ ਮੂਰਤੀ ਕੋਈ ਗੱਲ ਸੁਣ ਕੇ ਅੰਦਰ ਮਨ ਵਿਚ ਸਮਾ ਲੈਂਦੀ ਹੈ। ਇਸ ਲਈ ਉਹ ਸਭਨਾਂ ਤੋਂ ਸ੍ਰੇਸ਼ਠ ਹੈ।

ਮਧਕਾਲ ਵਿਚ ਕੰਨ ਤੇ ਨਕ ਮਾਣ ਮਰਿਆਦਾ ਦੇ ਪ੍ਰਤੀਕ ਸਨ। ਵਿਭਚਾਰਨ ਔਰਤ ਦੇ ਕੰਨ ਅਤੇ ਨੱਕ ਕਟ ਦਿਤੇ ਜਾਂਦੇ ਸਨ। ਕਈ ਵਾਰ ਅਪਰਾਧੀ ਦੇ ਕੰਨਾਂ ਵਿਚ ਸਿਕਾ ਜਾਂ ਪਾਰਾ ਭਰ ਕੇ ਉਸ ਨੂੰ ਬੋਲਾ ਬਣਾ ਦਿਤਾ ਜਾਂਦਾ ਸੀ। ਵੈਦਿਕ ਕਾਲ ਵਿਚ ਜੇ ਕੋਈ ਸੂਦਰ ਵੇਦ ਮੰਤਰ ਸੁਣ ਲਏ, ਤਾਂ ਉਹਦੇ ਕੰਨਾਂ ਵਿਚ ਸਿਕਾ ਭਰ ਦਿਤਾ ਜਾਂਦਾ ਸੀ।

ਗੁਰੂ ਚੇਲੇ ਨੂੰ ਦੀਖਸ਼ਾ ਦੇਣ ਮਗਰੋਂ ਜਦੋਂ ਗੁਰ-ਮੰਤਰ ਦੇਂਦਾ, ਤਾਂ ਉਹ ਚੇਲੇ ਦੇ ਕੰਨ ਵਿਚ ਫੂਕ ਮਾਰਦਾ ਹੈ। ਇਸ ਤਰ੍ਹਾਂ ਕੰਨ ਦੁਆਰਾ ਗੁਰਮੰਤਰ ਉਹਦੀਆਂ ਬਹੱਤਰ ਹਜ਼ਾਰ ਨਾੜੀਆਂ ਵਿਚ ਉਤਰ ਜਾਂਦਾ ਹੈ।

ਆਪਣੇ ਗੁਨਾਹਾਂ ਦਾ ਪ੍ਰਾਸਚਿਤ ਕਰਨ ਲਈ ਵੀ ਲੋਕ ਦੋਹਾਂ ਕੰਨਾਂ ਨੂੰ ਹੱਥ ਲਗਾਂਦੇ ਹਨ ਅਤੇ ਅੱਗੋਂ ਤੋਂ ਉਸ ਗੱਲ ਨੂੰ ਨਾ ਦੁਹਰਾਣ ਦੀ ਪ੍ਰਤਿੱਗਿਆ ਕੰਨ ਫੜ ਕੇ ਕਰਦੇ ਹਨ।

**(ਕ-95) ਕੰਨ ਖਜੂਰਾ :**

ਇਕ ਖ਼ਾਸ ਤਰ੍ਹਾਂ ਦਾ ਕੀੜਾ, ਜੋ ਬਾਰਸ਼ਾਂ ਦੇ ਦਿਨਾਂ ਵਿਚ ਰੀਂਘਦਾ ਹੋਇਆ ਆਮ ਵਿਖਾਈ ਦੇਂਦਾ ਹੈ। ਜੇ ਕੰਨ ਖਜੂਰਾ ਕਿਸੇ ਦੇ ਕੰਨ ਵਿਚ ਲੰਘ ਜਾਵੇ, ਤਾਂ ਲੋਕ ਧਾਰਨਾ ਅਨੁਸਾਰ ਸੋਨੇ ਦਾ ਢੋਲ ਮਾਰੇ ਬਗ਼ੈਰ ਬਾਹਰ ਨਹੀਂ ਨਿਕਲਦਾ। ਇਕ ਮਿੱਥ ਅਨੁਸਾਰ ਕੰਨ ਖਜੂਰਾ ਦੈਂਤਾਂ ਦੇ ਕੰਨਾਂ ਦੀ ਮੈਲ ਤੋਂ ਉਤਪੰਨ ਹੋਇਆ। ਪਹਿਲਾਂ ਇਹ ਵਡੇ ਆਕਾਰ ਦਾ ਹੋਣ ਤੋਂ ਇਲਾਵਾ ਫਨੀਅਰ ਵਾਂਗ ਜ਼ਹਿਰੀਲਾ ਹੁੰਦਾ ਸੀ, ਪਰ ਸਤਿਜੁਗ ਦੇ ਪ੍ਰਭਾਵ ਹੇਠ ਇਹਦੀ ਕਾਇਆ ਤੇ ਸੁਭਾਵ ਦੋਵੇਂ ਬਦਲ ਗਏ।

**(ਕ-96) ਕਨਖਲ :**

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ, ਜੋ ਹਰਿਦੁਆਰ ਤੋਂ ਦੋ ਕੁ ਮੀਲ ਪੱਛਮ ਵਲ, ਗੰਗਾ ਨਦੀ ਦੇ ਕਿਨਾਰੇ ਉਤੇ ਸਥਿਤ ਹੈ। ਕੂਰਮ ਅਤੇ ਲਿੰਗ ਪੁਰਾਣ ਅਨੁਸਾਰ ਇਸ ਅਸਥਾਨ ਉਤੇ ਦੱਕਸ਼ ਪ੍ਰਜਾਪਤੀ ਨੇ ਯੱਗ ਕੀਤਾ ਸੀ, ਜਿਸ ਨੂੰ ਕਰੋਧ ਵਿਚ ਆ ਕੇ ਸ਼ਿਵ ਨੇ ਖੰਡਤ ਕਰ ਦਿਤਾ ਸੀ। ਇਥੇ ਦਖਸ਼ੇਸ਼ਵਰ ਮਹਾਦੇਵ ਦਾ ਮੰਦਰ ਹੈ।

**(ਕ-97) ਕੰਨ ਛੇਦਣਾ :**

ਸਰੀਰ ਦੇ ਵਿਭਿੰਨ ਅੰਗਾਂ—ਨੱਕ ਕੰਨ ਆਦਿ ਨੂੰ, ਵਿੰਨ੍ਹਣ ਦੀ ਪ੍ਰਥਾ ਆਦਿਮ ਅਵਸਥਾ ਤੋਂ ਚਲੀ ਆ ਰਹੀ ਹੈ। ਇਸ ਦੇ ਪਿਛੇ ਚੰਦਰੀਆਂ ਰੂਹਾਂ ਤੋਂ ਰੱਖਿਆ ਦੀ ਭਾਵਨਾ ਅਤੇ ਇਸੇ ਤਰ੍ਹਾਂ ਦੇ ਹੋਰ ਵਿਸ਼ਵਾਸ਼ ਹਨ। ਛੇਦ ਕਰਨ ਨਾਲ ਸਰੀਰ ਸੰਪੂਰਨ ਨਹੀਂ ਰਹਿੰਦਾ। ਇਸ ਲਈ ਸਰੀਰ ਉਤੇ ਸਾਧਾਰਨ ਜਾਦੂ ਟੂਣਾ ਨਹੀਂ ਚਲ ਸਕਦਾ। ਆਦਿਮ ਅਵਸਥਾ ਵਿਚ ਜਾਦੂ ਟੂਣੇ ਵਿਚ ਲੋਕਾਂ ਦੀ ਬੜੀ ਆਸਥਾ ਸੀ, ਇਸ ਲਈ ਸਰੀਰ ਦੀ ਰੱਖਿਆ ਵਾਸਤੇ ਉਸ ਨੂੰ ਛੇਦਣਾ ਜ਼ਰੂਰੀ ਸਮਝਿਆ ਜਾਂਦਾ। ਪਹਿਲਾਂ ਛੇਦਣ ਦਾ ਕਰਮ ਇਕ ਸਮਾਜਿਕ ਕਿਰਿਆ ਸੀ, ਮਗਰੋਂ ਇਹ ਹੌਲੇ ਹੌਲੇ ਧਰਮ-ਸੰਸਕਾਰਾਂ ਦਾ ਅੰਗ ਬਣ ਗਈ। ਸ਼ਾਸਤ੍ਰਾਂ ਅਨੁਸਾਰ ਬੱਚੇ ਦੇ ਕੰਨਾਂ ਨੂੰ ਸੁਹਜ ਅਤੇ ਸੁਰੱਖਿਆ ਲਈ ਵਿੰਨ੍ਹਣਾ ਲਾਜ਼ਮੀ ਹੈ।

ਕਰਨਵੇਧ ਸੰਸਕਾਰ ਦਾ ਜ਼ਿਕਰ ਕਾਤਯਾਇਨ ਸੂਤਰ ਤੋਂ ਪੂਰਬਲੇ ਗ੍ਰਿਹ ਸੂਤਰਾਂ ਵਿਚ ਨਹੀਂ ਮਿਲਦਾ, ਜਿਸ ਤੋਂ ਅਨੁਮਾਨ ਲਗਾਇਆ ਗਿਆ ਹੈ ਕਿ ਇਹ ਸੰਸਕਾਰ ਕਾਫ਼ੀ ਮਗਰੋਂ ਜਾ ਕੇ ਧਰਮ-ਸੰਸਕਾਰਾਂ ਵਿਚ ਸ਼ਾਮਲ ਕੀਤਾ ਗਿਆ। ਪਰ ਅਥਰਵੇਦ (4,141) ਦੀ ਇਕ ਰਿਚ ਵਿਚ ਕਰਨਵੇਧ ਵਲ ਸੰਕੇਤ ਹੈ।

ਬ੍ਰਿਹਸਪਤੀ ਅਨੁਸਾਰ ਕਰਨਵੇਧ ਸੰਸਕਾਰ ਬੱਚੇ ਦੇ ਜਨਮ ਉਪਰੰਤ ਦਸਵੇਂ, ਬਾਰ੍ਹਵੇਂ ਜਾਂ ਸੋਲ੍ਹਵੇਂ ਦਿਨ ਕਰਨਾ ਲਾਜ਼ਮੀ ਹੈ। ਗਰਗ ਦਾ ਵਿਚਾਰ ਹੈ ਕਿ ਛੇਵੇਂ, ਸਤਵੇਂ, ਅਠਵੇਂ ਤੇ ਬਾਰ੍ਹਵੇਂ ਮਹੀਨੇ ਕਰਨਵੇਧ ਕਰਨਾ ਵਧੇਰੇ ਯੋਗ ਹੈ। ਕੁਝ ਸ਼ਾਸਤ੍ਰਾਂ ਅਨੁਸਾਰ ਬੱਚੇ ਦੇ ਦੰਦ ਕੱਢਣ ਤੋਂ ਪਹਿਲਾਂ ਇਹ ਸੰਸਕਾਰ ਹਰ ਹਾਲਤ ਵਿਚ ਸੰਪੂਰਨ ਹੋਣਾ ਚਾਹੀਦਾ ਹੈ।

ਪਿਛੋਂ ਜਦੋਂ ਕਰਨਵੇਧ ਦੀ ਰਸਮ ਧਾਰਮਿਕ ਮਹੱਤਤਾ ਪ੍ਰਾਪਤ ਕਰ ਗਈ, ਤਾਂ ਇਸ ਸੰਸਕਾਰ ਤੋਂ ਕੁਤਾਹੀ ਕਰਨ ਵਾਲਾ ਪ੍ਰਾਣੀ, ਪਾਪਾਂ ਦਾ ਭਾਗੀ ਸਮਝਿਆ ਜਾਣ ਲੱਗਾ। ਦਿਵਾਲਾ ਰਚਿਤ ਸਿਮ੍ਰਿਤੀ ਅਨੁਸਾਰ ਜਿਸ ਬ੍ਰਾਹਮਣ ਦੇ ਕੰਨਾਂ ਵਿਚੋਂ ਸੂਰਜ ਦੀਆਂ ਕਿਰਨਾਂ ਨਾ ਲੰਘੀਆਂ ਹੋਣ, ਉਸ ਨੂੰ ਸਰਾਧ ਦੀਆਂ ਰੀਤ ਸਮੇਂ ਕੋਈ ਭੇਟਾ ਨਹੀਂ ਦੇਣੀ ਚਾਹੀਦੀ, ਜੇ ਕੋਈ ਦੇਵੇ, ਤਾਂ ਉਹ ਮਰਨ ਉਪਰੰਤ ਅਸੁਰ ਬਣਦਾ ਹੈ।

ਕੰਨ ਛੇਦਣ ਦੀ ਰੀਤ ਮਹੂਰਤ ਕਢਵਾ ਕੇ ਦੁਪਹਿਰਾਂ ਤੋਂ ਪਹਿਲਾਂ ਕਰਨ ਦਾ ਵਿਧਾਨ ਹੈ। ਚੌਕ ਪੂਰ ਕੇ ਉਸ ਉਪਰ ਬੱਚੇ ਨੂੰ ਪੂਰਬ ਦਿਸ਼ਾ ਵਲ ਮੂੰਹ ਕਰ ਕੇ ਬਿਠਾਇਆ ਜਾਂਦਾ ਹੈ ਅਤੇ ਉਸ ਨੂੰ ਕੁਝ ਮਠਿਆਈ ਭੇਟ ਕੀਤੀ ਜਾਂਦੀ ਹੈ। ਵੇਦਾਂ ਦੇ ਮੰਤਰਾਂ ਦਾ ਉੱਚਾਰਨ ਕਰਦਿਆਂ ਪਹਿਲਾਂ ਸੱਜਾ ਕੰਨ ਵਿੰਨ੍ਹਿਆ ਜਾਂਦਾ ਹੈ, ਫਿਰ ਖੱਬਾ। ਮਗਰੋਂ ਬ੍ਰਾਹਮਣ ਨੂੰ ਭੋਜਨ ਛਕਾਇਆ ਜਾਂਦਾ ਹੈ। ਹੌਲੇ ਹੌਲੇ ਇਸ ਰਸਮ ਨੂੰ ਗੁੰਝਲਦਾਰ ਬਣਾਇਆ ਗਿਆ। ਇਸ ਰੀਤ ਵੇਲੇ ਦੇਵਤਿਆਂ, ਨੌਂ ਗ੍ਰਹਿਆਂ ਸਰਸਵਤੀ ਦੇਵੀ ਅਤੇ ਗਊ ਦੀ ਪੂਜਾ ਵੀ ਕੀਤੀ ਜਾਣ ਲੱਗੀ। ਬੱਚੇ ਦੇ ਕੰਨਾਂ ਉਤੇ ਸੰਧੂਰ ਧੂੜਿਆ ਜਾਂਦਾ। ਕੰਨ ਵਿੰਨ੍ਹਣ ਦਾ ਕੰਮ ਸੁਨਿਆਰਾ ਕਰਦਾ ਹੈ। ਪਹਿਲਿਆਂ ਵਿਚ ਧਨੀ ਲੋਕ ਸੋਨੇ ਦੀ ਸੂਈ ਨਾਲ ਕੰਨ ਵਿੰਨ੍ਹਾਉਂਦੇ ਸਨ, ਪਰ ਆਮ ਲੋਕ ਚਾਂਦੀ, ਤਾਂਬੇ ਜਾਂ ਲੋਹੇ ਦੀ ਸੂਈ ਨਾਲ। ਸ਼ਾਸਤ੍ਰਾਂ ਅਨੁਸਾਰ ਕੰਨ ਵਿੰਨ੍ਹਣ ਵੇਲੇ ਖਤਰੀ ਦੀ ਸੂਈ ਸੋਨੇ ਦੀ, ਬ੍ਰਾਹਮਣ ਅਤੇ ਵੈਸ਼ ਦੀ ਚਾਂਦੀ ਦੀ ਅਤੇ ਸੂਦਰ ਦੀ ਲੋਹੇ ਦੀ ਹੋਣੀ ਲਾਜ਼ਮੀ ਹੈ। ਛੇਦਿਆ ਕੰਨ ਜੇ ਪੱਕ ਜਾਵੇ, ਤਾਂ ਇਹ ਅਸ਼ੁਭ ਹੈ।

Sri Satguru Jagjit Singh Ji eLibrary NamdhariElibrary@gmail.com

ਲਹਿੰਦੇ ਦੇ ਹਿੰਦੂਆਂ ਵਿਚ ਕਰਨਵੇਧ ਸੰਸਕਾਰ ਦੇਸ਼ ਵੰਡ ਤਕ ਪ੍ਰਚਲਤ ਰਿਹਾ ਅਤੇ ਮੁੰਡਣ ਸੰਸਕਾਰ ਦੇ ਨਾਲ ਹੀ ਇਹ ਸੰਸਕਾਰ ਕੀਤਾ ਜਾਂਦਾ ਸੀ। ਸਿੱਖਾਂ ਵਿਚ ਕੰਨ ਨੱਕ ਵਿੰਨ੍ਹਣਾ ਮਨਮਤ ਹੈ।

ਕੰਨ ਪਾਟੇ ਜੋਗੀਆਂ ਵਿਚ ਗੁਰੂ ਤੋਂ ਕੰਨ ਪੜਵਾ ਕੇ ਮੁੰਦਰਾਂ ਪਹਿਨਣੀਆਂ ਲਾਜ਼ਮੀ ਹਨ। ਕੰਨ ਛੇਦਣ ਮਗਰੋਂ ਜੇ ਜੋਗੀ ਇਸਤ੍ਰੀਆਂ ਨੂੰ ਵੇਖੇ ਜਾਂ ਉਨ੍ਹਾਂ ਦੀ ਸੰਗਤ ਵਿਚ ਰਹੇ, ਤਾਂ ਧਾਰਨਾ ਹੈ ਕਿ ਕੰਨ ਪਕ ਜਾਂਦੇ ਹਨ। ਜੇ ਛੇਦਿਆ ਹੋਇਆ ਕੰਨ ਪਾਟ ਜਾਵੇ, ਤਾਂ ਉਹ ਜੋਗੀ ਬਰਾਦਰੀ ਵਿਚੋਂ ਖ਼ਾਰਜ ਹੋ ਜਾਂਦਾ ਹੈ। ਉਸ ਉਤੇ ਸ਼ਿਵ ਦੀ ਕਦੇ ਬਖ਼ਸ਼ਿਸ਼ ਨਹੀਂ ਹੁੰਦੀ। ਅਜਿਹੇ ਜੋਗੀ ਦੀ ਮਰਨ ਉਪਰੰਤ ਸਮਾਧ ਵੀ ਨਹੀਂ ਬਣਾਈ ਜਾਂਦੀ (ਵੇਖੋ: ਕੰਨ ਪਾਟੇ ਜੋਗੀ)।

(ਕ-98) **ਕੰਨ ਪਾਟੇ ਜੋਗੀ :**

ਪੰਜਾਬ ਦੇ ਲੋਕ-ਜੀਵਨ, ਸੰਸਕ੍ਰਿਤੀ ਅਤੇ ਧਰਮ-ਇਤਿਹਾਸ ਵਿਚ ਕੰਨ ਪਾਟੇ ਜੋਗੀਆਂ ਨੇ ਬੜੀ ਅਹਿਮ ਭੂਮਿਕਾ ਨਿਭਾਹੀ ਹੈ, ਜਿਸ ਦਾ ਪਰਮਾਣ ਲੋਕਾਂ ਦੇ ਦਿਲਾਂ, ਸੋਚਾਂ ਅਤੇ ਧਾਰਨਾਵਾਂ ਉਤੇ ਜੋਗਮਤ ਦੀ ਮਜ਼ਬੂਤ ਪਕੜ ਅਤੇ ਇਥੋਂ ਦੀ ਲੋਕਧਾਰਾ ਦੇ ਬਹੁਬਿਧ ਰੂਪਾਂ ਉਤੇ ਉਸ ਦੀਆਂ ਰੂੜ੍ਹੀਆਂ ਦੀ ਗਹਿਰੀ ਛਾਪ ਹੈ। ਜੋਗਮਤ ਨੇ ਨਾ ਸਿਰਫ਼ ਲੋਕਾਂ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਵਿਚ ਕੁਝ ਨਵੇਂ ਤਤ੍ਵ ਬਿਖੇਰੇ, ਸਗੋਂ ਉਨ੍ਹਾਂ ਦੇ ਮਾਨਸਿਕ ਜੀਵਨ ਅਤੇ ਬਿਰਤੀਆਂ ਵਿਚ ਵੀ ਮਹੱਤਵਪੂਰਨ ਤਬਦੀਲੀਆਂ ਲਿਆਂਦੀਆਂ। ਜੋਗੀਆਂ ਨੇ ਜ਼ਾਤਪਾਤ ਦਾ ਖੰਡਨ ਕਰ ਕੇ ਸੰਪਰਦਾਇਕ ਸੰਕੀਰਣਤਾ ਅਤੇ ਬਾਹਰੀ ਵਿਖਾਵੇ ਵਿਰੁਧ ਨਫ਼ਰਤ ਉਪਜਾਈ ਅਤੇ ਆਤਮ-ਚਿੰਤਨ ਅਤੇ ਉਚਿਤ ਆਹਾਰ ਵਿਹਾਰ ਵਿਚ ਲੋਕਾਂ ਦਾ ਵਿਸ਼ਵਾਸ਼ ਪੈਦਾ ਕੀਤਾ। ਮਧਕਾਲ ਵਿਚ ਇਹ ਮਤ ਲੋਕਾਂ ਵਿਚ ਇਤਨਾ ਮਕਬੂਲ ਹੋਇਆ ਕਿ ਅਫ਼ਗਾਨਿਸਤਾਨ ਤੋਂ ਲੈ ਕੇ ਪੂਰਬ ਵਲ ਅਸਾਮ ਤਕ ਸਾਰੇ ਉੱਤਰੀ ਭਾਰਤ ਵਿਚ ਫੈਲ ਗਿਆ। ਅੱਜ ਵੀ ਜੋਗੀਆਂ ਦੇ ਅਨੇਕਾਂ ਮੱਠ, ਮੰਦਰ ਅਤੇ ਅਸਥਾਨ ਦੇਸ਼ ਦੇ ਵਿਭਿੰਨ ਖੇਤਰਾਂ ਵਿਚ ਪੂਰੀ ਚੜ੍ਹਤ ਵਿਚ ਮਿਲਦੇ ਹਨ।

ਦੀਖਿਆ ਦੇਣ ਵੇਲੇ ਗੁਰੂ ਚੇਲੇ ਦੇ ਦੋਵੇਂ ਕੰਨ ਪਾੜ ਕੇ, ਉਨ੍ਹਾਂ ਵਿਚ ਮੁੰਦਰਾਂ ਘਤਦਾ ਹੈ। ਇਸੇ ਤੋਂ ਇਨ੍ਹਾਂ ਨੂੰ ਕੰਨ ਪਾਟੇ ਜੋਗੀ ਕਿਹਾ ਜਾਣ ਲੱਗਾ। ਜੋਗੀ ਕੰਨਾਂ ਵਿਚ ਜੋ ਮੁੰਦਰਾਂ ਪਾਉਂਦੇ ਹਨ, ਜੇ ਉਹ ਗੋਲ ਸ਼ਕਲ ਦੀਆਂ ਹੋਣ, ਤਾਂ ਉਨ੍ਹਾਂ ਨੂੰ ਕੁੰਡਲ ਕਹਿੰਦੇ ਹਨ ਅਤੇ ਜੇ ਚਪਟੀਆਂ ਹੋਣ, ਤਾਂ ਦਰਸ਼ਨੀ। ਜੋਗੀ ਜ਼ਿਆਦਾਤਰ ਚਪਟੀਆਂ ਮੁੰਦਰਾਂ ਪਹਿਨਦੇ ਹਨ, ਜਿਸ ਤੋਂ ਉਨ੍ਹਾਂ ਨੂੰ 'ਦਰਸ਼ਨੀ' ਵੀ ਕਿਹਾ ਜਾਣ ਲੱਗਾ। ਗੋਰਖ ਨਥ ਦੇ ਅਨੁਯਾਈ ਹੋਣ ਕਰ ਕੇ, ਇਨ੍ਹਾਂ ਨੂੰ ਗੋਰਖਪੰਥੀ ਵੀ ਕਿਹਾ ਜਾਂਦਾ ਹੈ।

ਇਨ੍ਹਾਂ ਜੋਗੀਆਂ ਨੂੰ 'ਨਾਥ' ਵੀ ਕਹਿੰਦੇ ਹਨ। ਇਹ ਆਦਿ ਨਾਥ ਨੂੰ ਹੀ ਆਪਣੀ ਸੰਪ੍ਰਦਾਇ ਦਾ ਸੰਸਥਾਪਕ ਮੰਨਦੇ ਹਨ। ਜੋਗੀਆਂ ਵਿਚ ਜੋ ਨੌਂ ਪ੍ਰਸਿਧ ਆਗੂ ਹੋਏ ਹਨ, ਉਨ੍ਹਾਂ ਦੇ ਨਾਂਵਾਂ ਦੇ ਅੰਤ ਵਿਚ 'ਨਾਥ' ਪਦ ਆਉਣ ਕਰ ਕੇ, ਉਨ੍ਹਾਂ ਨਾਲ ਸੰਬੰਧਿਤ ਮਤ 'ਨਾਥ ਸੰਪ੍ਰਦਾਇ' ਦੇ ਨਾਂ ਨਾਲ ਪ੍ਰਸਿਧ ਹੋ ਗਿਆ। ਨਾਥ ਦੇ ਸ਼ਾਬਦਿਕ ਅਰਥ ਮਾਲਕ ਜਾਂ ਗੁਰੂ ਦੇ ਹਨ। ਅਚਾਰੀਆ ਹਜ਼ਾਰੀ ਪ੍ਰਸਾਦਿ ਦਵੇਦੀ ਅਨੁਸਾਰ 'ਨਾ' ਦਾ ਅਰਥ ਅਨਾਦਿ ਰੂਪ ਹੈ ਅਤੇ 'ਥ' ਦਾ ਅਰਥ ਤ੍ਰੈਭਵਣ ਅਥਵਾ ਤਿੰਨਾਂ ਲੋਕਾਂ ਦਾ ਸਥਾਪਿਤ ਹੋਣਾ ਹੈ। ਸੋ ਨਾਥਮਤ ਉਹ ਅਨਾਦੀ ਧਰਮ ਹੈ, ਜਿਹੜਾ ਤਿੰਨਾਂ ਲੋਕਾਂ ਦੀ ਸਥਿਤੀ ਦਾ ਕਾਰਨ ਹੈ। ਨਾਥਾਂ ਦੀ ਧਾਰਨਾ ਹੈ ਕਿ ਸ੍ਰਿਸ਼ਟੀ ਦੇ ਤਿੰਨਾਂ ਲੋਕਾਂ ਦੀ ਸਿਰਜਣਾ ਗੋਰਖਨਾਥ ਦੀ ਧੂਣੀ ਦੀ ਮਿੱਟੀ ਤੋਂ ਹੋਈ। ਕੰਨ ਪਾਟੇ ਜੋਗੀਆਂ ਨੇ ਆਪਣੇ ਮਨ, ਬਚਨ, ਕਰਮ ਉਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਹੁੰਦਾ ਹੈ, ਜਿਸ ਕਰ ਕੇ ਇਹ ਆਪਣੇ ਮਨ ਦੇ ਸਵਾਮੀ ਹੁੰਦੇ ਹਨ, ਕਾਇਆ ਦੇ ਵਿਜੇਈ ਅਤੇ ਆਤਮਾ ਦੇ ਗੁਰੂ, ਇਸ ਲਈ ਵੀ ਇਹ ਨਾਥ ਹਨ।

ਨਾਥ ਸ਼ਬਦ ਦੀ ਪਰੰਪਰਾ ਬੜੀ ਪੁਰਾਣੀ ਹੈ। ਅਥਰਵੇਦ ਅਤੇ ਤ੍ਰੈਤੀਆ ਬ੍ਰਾਹਮਣ ਵਿਚ ਨਾਥ ਸ਼ਬਦ ਦੀ ਵਰਤੋਂ 'ਰੱਖਿਅਕ' ਜਾਂ 'ਸ਼ਰਣਦਾਤਾ' ਦੇ ਅਰਥਾਂ ਵਿਚ ਕੀਤੀ ਮਿਲਦੀ ਹੈ। ਮਹਾਂਭਾਰਤ ਵਿਚ ਇਹ ਸ਼ਬਦ ਸਵਾਮੀ ਜਾਂ ਪਤੀ ਦੇ ਅਰਥਾਂ ਵਿਚ ਵਰਤਿਆ ਗਿਆ ਹੈ। 'ਬੋਧਿਚਰਿਤਾਵਤਾਰ' ਵਿਚ ਬੁਧ ਲਈ ਨਾਥ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਮਧਕਾਲੀ ਧਰਮ ਸਾਧਨਾਂ ਵਿਚ ਨਾਥ ਪਦ ਪ੍ਰਭੂ ਲਈ ਵੀ ਵਰਤਿਆ ਜਾਂਦਾ ਰਿਹਾ ਹੈ।

ਨਾਥ ਜੋਗੀਆਂ ਨੂੰ ਸਿੱਧ ਵੀ ਕਹਿ ਲਿਆ ਜਾਂਦਾ ਹੈ। ਇਸ ਏਕੀਕਰਣ ਦਾ ਇਕ ਕਾਰਨ ਇਹ ਵੀ ਹੈ ਕਿ ਚੌਰਾਸੀ ਸਿੱਧਾਂ ਦੀ ਸੂਚੀ ਵਿਚ ਨੌਂ ਨਾਥਾਂ ਦੇ ਨਾਉਂ ਵੀ ਸ਼ਾਮਿਲ ਹਨ। ਪਹਿਲਾਂ ਪਹਿਲ ਸਿੱਧ ਸ਼ਬਦ ਉਨ੍ਹਾਂ ਬੋਧੀ ਅਚਾਰਜਾਂ ਲਈ ਵਰਤਿਆ ਜਾਂਦਾ ਸੀ, ਜੋ ਤਾਂਤ੍ਰਿਕ ਸਾਧਨਾਂ ਉਤੇ ਬਲ ਦਿੰਦੇ ਸਨ, ਪਰ ਮਗਰੋਂ ਜਿਨ੍ਹਾਂ ਜੋਗੀਆਂ ਨੇ ਰਹੱਸਮਈ ਸ਼ਕਤੀਆਂ ਅਥਵਾ ਸਿੱਧੀਆਂ ਪ੍ਰਾਪਤ ਕਰ ਲਈਆਂ, ਉਨ੍ਹਾਂ ਨੂੰ ਸਿਧ ਕਿਹਾ ਜਾਣ ਲੱਗਾ। ਗੁਰੂ ਨਾਨਕ ਦੇਵ ਨੇ ਨਾਥ ਜੋਗੀਆਂ ਲਈ ਸਿਧ ਸ਼ਬਦ ਵਰਤਿਆ ਹੈ—"ਸਿਧ ਸਭਾ ਕਰ ਆਸਣ ਬੈਠੇ, ਸੰਤ ਸਭਾ ਜੈਕਾਰੋ" (ਸਿਧ ਗੋਸ਼ਟ)।

**ਪਰੰਪਰਾ :** ਜੋਗ ਮਤ ਦੀ ਜੜ੍ਹ ਪਰੰਪਰਾ ਵਿਚ ਬੜੀ ਦੂਰ ਤਕ ਫੈਲੀ ਹੋਈ ਹੈ। ਇਹ ਆਤਮ-ਚਿੰਤਨ ਉਤੇ ਬਲ ਦੇਣ ਕਰ ਕੇ ਪ੍ਰਾਚੀਨ ਹਿੰਦੂ ਧਰਮ ਦਰਸ਼ਨ ਦੀ ਇਕ ਸ਼ਾਖ਼ ਵੀ ਹੈ ਅਤੇ ਸਰੀਰਕ 'ਤੇ ਮਾਨਸਿਕ ਸ਼ਕਤੀਆਂ ਉਤੇ ਕਾਬੂ ਪਾਉਣ ਦੀ ਆਤਮ-ਸੰਜਮ ਦੀ ਇਕ ਪ੍ਰਣਾਲੀ ਵੀ। ਯੋਗ ਦੀਆਂ ਕਈ ਰੂੜ੍ਹੀਆਂ ਪੂਰਬ ਆਰਿਆਈ ਕਾਲ ਵਿਚ ਮੌਜੂਦ ਸਨ। ਹੜੱਪਾ ਦੇ ਖੰਡਰਾਂ ਵਿਚੋਂ ਜੋ ਠੀਕਰ ਮੁਹਰਾਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਵਿਚੋਂ ਇਕ ਮੂਰਤੀ ਪਸ਼ੂਪਤੀ ਦੇਵਤੇ ਦੀ ਹੈ, ਜੋ ਯੋਗ ਦੀ ਮੁਦਰਾ ਵਿਚ ਸਥਿਤ ਹੈ। ਉਪਨਿਖਦਾਂ ਵਿਚ ਯੋਗ ਦੇ ਕਈ ਤੱਤਾਂ ਵਲ ਸੰਕੇਤ ਮਿਲਦਾ ਹੈ। ਮੈਤ੍ਰਯਾਨ ਉਪਨਿਖਦ ਵਿਚ ਯੋਗ ਦੇ ਕਈ ਬੁਨਿਆਦੀ ਪਰਿਭਾਸ਼ਕ ਸ਼ਬਦਾਂ—ਪ੍ਰਾਣਾਯਾਮ, ਪ੍ਰਤਯਾਹਾਰ, ਧਿਆਨ, ਧਾਰਨਾ, ਤਰਕ, ਸਮਾਧੀ ਆਦਿ ਦਾ ਵਰਨਣ ਹੈ। ਯੋਗ ਤਤ੍ਵ ਉਪਨਿਖਦ ਵਿਚ ਚਾਰ ਕਿਸਮ ਦੇ ਯੋਗਾਂ ਦਾ ਉਲੇਖ ਹੈ– ਮੰਤਰ ਯੋਗ, ਲੈ ਯੋਗ, ਹਠ ਯੋਗ ਤੇ ਰਾਜ ਯੋਗ। ਭਾਰਤ ਦੀਆਂ ਛੇ ਪ੍ਰਾਚੀਨ ਧਰਮ ਪਧਤੀਆਂ ਵਿਚ ਇਕ ਯੋਗ ਦੀ ਪਧਤੀ ਹੈ, ਜਿਸ ਬਾਰੇ ਪਤੰਜਲੀ ਨੇ ਯੋਗ ਸ਼ਾਸਤ੍ਰ ਲਿਖਿਆ। ਇਹ ਗ੍ਰੰਥ 300 ਈਸਵੀ ਦੇ ਨੇੜੇ ਤੇੜੇ ਰਚਿਆ ਗਿਆ।

ਪਰ ਕੰਨ ਪਾਟੇ ਜੋਗੀਆਂ ਦਾ ਮੁੱਢ ਕਦੋਂ ਬਝਿਆ? ਇਨ੍ਹਾਂ ਦਾ ਮੂਲ ਸਰੋਤ ਕੀ ਸੀ? ਇਸ ਬਾਰੇ ਨਿਸ਼ਚੇ ਨਾਲ ਕੁਝ ਕਹਿਣਾ ਕਠਨ ਹੈ। ਇਕ ਧਾਰਨਾ ਅਨੁਸਾਰ ਕੰਨ ਪਾਟੇ ਜੋਗੀਆਂ ਦਾ ਮੂਲ ਸੋਮਾ ਬੁਧ ਧਰਮ ਹੈ। ਬੁਧਮਤ ਵਿਚ ਆਸਥਾ ਰਖਣ ਵਾਲੇ ਭਿਖਸ਼ੂ ਜਦੋਂ ਪਤਿਤ ਹੋ ਗਏ, ਤਾਂ ਉਨ੍ਹਾਂ ਵਿਚੋਂ ਕਈਆਂ ਨੇ ਸ਼ੈਵਮਤ ਦੇ ਪ੍ਰਭਾਵ ਹੇਠ ਨਾਥ ਸੰਪ੍ਰਦਾਇ ਦਾ ਰੂਪ ਗ੍ਰਹਿਣ ਕਰ ਲਿਆ।

ਬੁਧਮਤ ਦੀ ਮਹਾਯਾਨ ਸ਼ਾਖ਼ਾ, ਸਮੇਂ ਦੇ ਲੰਘਣ ਨਾਲ, ਦੋ ਹਿੱਸਿਆਂ ਵਿਚ ਵੰਡੀ ਗਈ—ਵਜਰਯਾਨ ਅਤੇ ਸਹਿਜਯਾਨ। ਕੁਝ ਚਿਰ ਬਾਅਦ ਇਕ ਹੋਰ ਸ਼ਾਖ਼ ਮੰਤਰਯਾਨ ਦਾ ਉਦਗਮ ਵੀ ਹੋਇਆ। ਵਜਰਯਾਨ ਸ਼ਾਖ਼ਾ ਨੇ ਮੁਕਤੀ ਲਈ ਵਜਰ ਪੰਥ ਨੂੰ ਅਪਣਾਇਆ। ਇਹ ਲੋਕ ਯੌਗਿਕ ਕਿਰਿਆਵਾਂ ਤੋਂ ਇਲਾਵਾ ਵਰਤ, ਸੰਜਮ, ਜਪ ਤਪ ਅਤੇ ਸਾਧਨਾ ਆਦਿ ਦੁਆਰਾ ਬ੍ਰਹਮ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ ਅਤੇ ਇਨ੍ਹਾਂ ਦੀ ਪ੍ਰਣਾਲੀ ਵਿਚ ਹਰ ਤਰ੍ਹਾਂ ਦੀਆਂ ਰਹੱਸਮਈ ਵਿਧੀਆਂ ਜਿਵੇਂ ਕਿ ਯੌਗਿਕ ਕਿਰਿਆਵਾਂ, ਜੰਤਰ-ਮੰਤਰ, ਚਕਰ, ਚਿਤ੍ਰ ਅਤੇ ਪ੍ਰਤੀਕ ਆਦਿ ਸ਼ਾਮਲ ਸਨ।

Sri Satguru Jagjit Singh Ji eLibrary NamdhariElibrary@gmail.com

ਇਹ ਪੰਥ ਪੂਰੀ ਤਰ੍ਹਾਂ ਤਾਂਤ੍ਰਿਕ ਪ੍ਰਭਾਵ ਹੇਠ ਆ ਚੁਕਾ ਸੀ। ਇਸ ਪੰਥ ਦਾ ਨਾਂ ਵਜਰ ਇਸ ਲਈ ਪਿਆ ਸੀ ਕਿ ਇਹ ਸ਼ੂਨਯ ਨੂੰ, ਉਸ ਦੀ ਅਮਰਤਾ ਅਤੇ ਅਖੋਤਾ ਸਦਕਾ ਵਜਰ ਕਹਿੰਦੇ ਸਨ ਅਤੇ ਇਹਦੀ ਪ੍ਰਕ੍ਰਿਤੀ ਦੂਜਿਆਂ ਨਾਲੋਂ ਕਈ ਗੱਲਾਂ ਵਿਚ ਵੱਖਰੀ ਮੰਨਦੇ ਸਨ। ਵਜਰਯਾਨ ਨੇ ਨਾ ਸਿਰਫ਼ ਯੋਗ ਦੇ ਤੱਤਾਂ ਨੂੰ ਆਮ ਪੂਜਾ ਪਾਠ ਵਿਚ ਸ਼ਾਮਿਲ ਕਰ ਲਿਆ, ਸਗੋਂ ਮੰਤਰਾਂ ਦੀ ਇਕ ਨੇਮਬਧ ਪ੍ਰਣਾਲੀ ਵੀ ਪ੍ਰਚਾਰੀ, ਜਿਸ ਨੂੰ ਆਪਣੇ ਮੰਤਵਾਂ ਦੀ ਸਿਧੀ ਲਈ ਕੋਈ ਵੀ ਗ੍ਰਿਹਸਤੀ ਵਰਤੋਂ ਵਿਚ ਲਿਆ ਸਕਦਾ ਸੀ।

ਮਹਾਯਾਨ ਵਿਚੋਂ ਹੀ ਕਈ ਹੋਰ ਯਾਨਾਂ ਅਥਵਾ ਪੰਥਾਂ ਦਾ ਉਦੈ ਹੋਇਆ, ਖ਼ਾਸ ਤੌਰ 'ਤੇ ਸਹਿਜਯਾਨ, ਕਾਲਚਕ੍ਰਯਾਨ ਅਤੇ ਮੰਤਰਯਾਨ ਦਾ। ਸਹਿਜਯਾਨ ਦਾ ਮੁੱਢ ਲਖਸ਼ਮਿਣਕਰ ਦੇਵੀ (729 ਈ:) ਤੋਂ ਬਝਿਆ ਮੰਨਿਆ ਜਾਂਦਾ ਹੈ, ਜੋ ਰਾਜੇ ਇੰਦਰਭੂਤੀ ਦੀ ਭੈਣ ਸੀ। ਉਹਦਾ ਇਹ ਮਤ ਇਸ ਪਖੋਂ ਨਿਵੇਕਲਾ ਸੀ ਕਿ ਮੁਕਤੀ ਦੀ ਪ੍ਰਾਪਤੀ ਲਈ ਦੁਖ ਕਲੇਸ਼ ਸਹਾਰਨੇ, ਵਰਤ, ਰੀਤ, ਇਸ਼ਨਾਨ, ਸ਼ੁਧੀ ਦੇ ਕਰਮ ਕਾਂਡ ਕਰਨੇ ਅਤੇ ਸਮਾਜ ਦੇ ਨੇਮਾਂ ਦੀ ਪਾਲਣਾ ਜ਼ਰੂਰੀ ਨਹੀਂ। ਮੁਕਤੀ ਲਈ ਦੇਵ ਮੂਰਤੀਆਂ ਅੱਗੇ ਮੱਥੇ ਰਗੜਨ ਜਾਂ ਤਰਲੇ ਕਰਨ ਦੀ ਵੀ ਲੋੜ ਨਹੀਂ। ਜਗਿਆਸੂ ਨੂੰ ਇਕਾਗਰਤਾ ਨਾਲ ਆਪਣੀ ਆਤਮਾ ਦੀ ਹੀ ਪੂਜਾ ਕਰਨੀ ਚਾਹੀਦੀ ਹੈ, ਜਿਥੇ ਸਭ ਦੇਵਤਿਆਂ ਦਾ ਨਿਵਾਸ ਹੈ (Heritage of India 4,27)। ਇਸ ਪੰਥ ਦੇ ਅਨੁਯਾਈ ਖਾਣ ਪੀਣ ਵਿਚ ਵੀ ਕੋਈ ਪਰਹੇਜ਼ ਨਹੀਂ ਸਨ ਮੰਨਦੇ। ਉਹ ਕੇਵਲ ਸ਼ਕਤੀ ਦੀ ਪੂਜਾ ਕਰਦੇ ਸਨ।

ਮੰਤਰਯਾਨ ਸੰਪ੍ਰਦਾਇ ਦਾ ਮੁਢ ਨਾਗਰਜਨ ਤੋਂ ਬਝਿਆ ਮੰਨਿਆ ਜਾਂਦਾ ਹੈ। ਇਹ ਪੰਥ ਸ਼ੁਧ ਰੂਪ ਵਿਚ ਮੰਤਰਾਂ ਜੰਤਰਾਂ ਨੂੰ ਪ੍ਰਧਾਨਤਾ ਦੇਂਦਾ ਸੀ। ਇਨ੍ਹਾਂ ਦੀ ਧਾਰਨਾ ਸੀ ਕਿ ਸ਼ਬਦਾਂ ਨੂੰ ਇਕ ਖ਼ਾਸ ਸੂਤਰ ਵਿਚ ਪਰੋ ਕੇ, ਵਿਧੀ ਦੁਆਰਾ ਉੱਚਾਰਨ ਨਾਲ, ਉਨ੍ਹਾਂ ਵਿਚੋਂ ਰਹੱਸਮਈ ਸ਼ਕਤੀ ਉਦੈ ਹੁੰਦੀ ਹੈ ਅਤੇ ਇਸ ਸ਼ਕਤੀ ਦੁਆਰਾ ਸਾਧਕ ਆਪਣੀ ਹਰ ਕਾਮਨਾ ਪੂਰੀ ਕਰ ਸਕਦਾ ਹੈ, ਇਥੋਂ ਤਕ ਕਿ ਉਹ ਮੁਕਤੀ ਵੀ ਪ੍ਰਾਪਤ ਕਰ ਲੈਂਦਾ ਹੈ। ਕਾਲ ਚਕ੍ਰਯਾਨ ਵਾਲੇ ਤਿੱਥ, ਘੜੀ ਤੇ ਚਸਾ ਮਹੂਰਤ ਨੂੰ ਬੜਾ ਮਹੱਤਵ ਦੇਂਦੇ ਸਨ।

ਨਾਥ ਸੰਪ੍ਰਦਾਇ ਵਿਚ ਵਜਰਯਾਨ, ਸਹਿਜ ਯਾਨ ਅਤੇ ਮੰਤਰਯਾਨ ਦੇ ਤੱਤ ਕਾਫ਼ੀ ਮਾਤਰਾ ਵਿਚ ਸਮਿਲਤ ਹਨ। ਵੈਸੇ, ਕਈ ਪੱਖਾਂ ਤੋਂ ਸਹਿਜਯਾਨੀ ਬੋਧਾਂ ਦੀ ਸਾਧਨਾ ਨਾਥਾਂ ਦੀ ਸਾਧਨਾ ਨਾਲ ਵਧੇਰੇ ਮਿਲਦੀ ਹੈ।

ਬੰਗਾਲੀ ਰਵਾਇਤਾਂ ਅਨੁਸਾਰ ਨਾਥ ਪੰਥ ਦਾ ਮੋਢੀ ਗੋਰਖਨਾਥ ਪਹਿਲਾਂ ਬੋਧੀ ਭਿਖਸ਼ੂ ਸੀ ਅਤੇ ਉਹਦਾ ਨਾਉਂ ਰਾਮਣਵਜਰ ਸੀ (ਗੋਰਖਨਾਥ ਐਂਡ ਕੰਨ ਪਾਟੇ ਜੋਗੀ, 150)। ਬੋਧੀ ਭਿਖਸ਼ੂ ਜਦੋਂ ਪਤਿਤ ਹੋ ਕੇ ਸਮਾਜ ਦੀਆਂ ਨਜ਼ਰਾਂ ਵਿਚ ਡਿਗਣ ਲੱਗੇ, ਤਾਂ ਉਸ ਨੇ, ਆਪਣੇ ਅਨੁਯਾਈਆਂ ਸਮੇਤ, ਸ਼ੈਵਮਤ ਗ੍ਰਹਿਣ ਕਰ ਲਿਆ ਅਤੇ ਜੋਗੀ ਬਣ ਕੇ ਆਪਣਾ ਪੁਰਾਣਾ ਨਾਉਂ ਤਿਆਗ ਦਿਤਾ। ਨਿਪਾਲੀ ਰਵਾਇਤਾਂ ਅਨੁਸਾਰ ਗੋਰਖਨਾਥ ਅਤੇ ਉਹਦੇ ਅਨੁਯਾਈ ਵਜਰਯਾਨੀ ਸਨ। ਇਹ ਵੀ ਧਾਰਨਾ ਹੈ ਕਿ ਵਜਰਯਾਨ ਉਤੇ ਜਦੋਂ ਸ਼ੈਵ ਸਾਧਨਾ ਦਾ ਪ੍ਰਭਾਵ ਪਿਆ, ਤਾਂ ਵਜਰਯਾਨੀਆਂ ਵਿਚ ਵਜਰਨਾਥੀ ਸੰਪ੍ਰਦਾਇ ਵਿਗਸਤ ਹੋਈ, ਜਿਥੋਂ ਨਾਥ ਸੰਪ੍ਰਦਾਇ ਦਾ ਉਦਗਮ ਹੋਇਆ। ਉਪ੍ਰੋਕਤ ਚਰਚਾ ਤੋਂ ਕੰਨ ਪਾਟੇ ਜੋਗੀਆਂ ਦੀ ਸੰਪ੍ਰਦਾਇ ਦਾ ਬੋਧ ਸੰਪ੍ਰਦਾਵਾਂ ਨਾਲ ਸੰਘਣਾ ਸਬੰਧ ਸਿਧ ਹੁੰਦਾ ਹੈ।

ਉਪ੍ਰੋਕਤ ਵਿਚਾਰ ਦੇ ਉਲਟ ਦੂਜੀ ਧਾਰਨਾ ਇਹ ਹੈ ਕਿ ਜੋਗਮਤ ਦਾ ਮੂਲ ਸਰੋਤ ਸ਼ਿਵ ਸ਼ਕਤੀ ਦੀ ਸਾਧਨਾ ਪਧਤੀ ਹੈ। ਕੰਨ ਪਾਟੇ ਜੋਗੀ ਆਦਿ ਨਾਥ ਨੂੰ ਆਪਣਾ ਦੇਵਤਾ ਮੰਨਦੇ ਹਨ, ਜਿਸ ਦਾ ਏਕੀਕਰਣ ਸ਼ਿਵਜੀ ਨਾਲ ਕੀਤਾ ਜਾਂਦਾ ਹੈ। ਜੋਗੀਆਂ ਦੀਆਂ ਮਿਥਿਹਾਸਕ ਕਥਾਵਾਂ ਅਨੁਸਾਰ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਹਨੇਰਾ ਅਤੇ ਸੁੰਨਯ ਸੀ, ਜਿਸ ਵਿਚੋਂ ਸਿਰਜਨਾ ਦੀ ਬਿਰਤੀ ਨੇ ਅੰਗੜਾਈ ਲਈ, ਫਲਸਰੂਪ ਪ੍ਰਥਮ ਅੰਡੇ ਦੀ ਉਤਪਤੀ ਹੋਈ। ਅੰਡਾ ਜਦੋਂ ਪਕਿਆ, ਤਾਂ ਉਸ ਵਿਚੋਂ ਆਦਿ ਨਾਥ ਪ੍ਰਗਟ ਹੋਏ। ਅੰਡੇ ਦੇ ਖੋਲ ਦਾ ਉਪਰਲਾ ਅੱਧਾ ਹਿੱਸਾ ਆਕਾਸ਼ ਦਾ ਰੂਪ ਗ੍ਰਹਿਣ ਕਰ ਗਿਆ ਅਤੇ ਹੇਠਲਾ ਅੱਧਾ ਧਰਤੀ ਦਾ। ਆਦਿ ਨਾਥ ਦੇ ਪਸੀਨੇ ਵਿਚੋਂ ਮਨਸਾ ਦੇਵੀ ਪੈਦਾ ਹੋਈ, ਜੋ ਆਦਿਨਾਥ ਦੀ ਪਤਨੀ ਬਣੀ। ਪਰ ਮਨਸਾ ਦੇਵੀ ਨੇ ਆਦਿ ਨਾਥ ਦੇ ਸੰਜੋਗ ਤੋਂ ਬਗ਼ੈਰ, ਸਹਿਜ ਰੂਪ ਵਿਚ ਹੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਜਨਮ ਦਿਤਾ। ਬ੍ਰਹਮਾ ਉਹਦੇ ਮੂੰਹ ਵਿਚੋਂ ਉਪਜਿਆ, ਵਿਸ਼ਨੂੰ ਮੱਥੇ ਵਿਚੋਂ, ਪਰ ਸ਼ਿਵ ਯੋਨੀ ਦੁਆਰਾ।

ਆਦਿ ਨਾਥ ਨੇ ਆਪਣੇ ਤਿੰਨਾਂ ਪੁਤਰਾਂ ਦੀ ਪ੍ਰੀਖਿਆ ਲੈਣ ਲਈ ਮਰਨ ਦਾ ਸਵਾਂਗ ਰਚਿਆ। ਬ੍ਰਹਮਾ ਅਤੇ ਵਿਸ਼ਨੂੰ ਨੇ ਤਾਂ ਕੁਝ ਲਾਪ੍ਰਵਾਹੀ ਵਿਖਾਈ, ਪਰ ਸ਼ਿਵ ਨੇ ਆਪਣੇ ਪਿਤਾ ਦੀ ਲੋਥ ਪਛਾਣ ਕੇ, ਉਸ ਨੂੰ ਟਿਕਾਣੇ ਲਗਾਣ ਲਈ, ਭਰਾਵਾਂ ਨੂੰ ਪ੍ਰੇਰਿਆ। ਆਦਿ ਨਾਥ ਨੂੰ ਜਦੋਂ ਦਬਿਆ ਗਿਆ, ਤਾਂ ਉਸ ਦੀ ਦੇਹ ਵਿਚੋਂ ਪੰਜ ਨਾਥ ਨਿੰਮੇ। ਨਾਭੀ ਵਿਚੋਂ ਮੀਨ ਨਾਥ (ਮਛੰਦਰ), ਖੋਪਰੀ (ਜਾਂ ਸਵਾਹ) ਵਿਚੋਂ ਗੋਰਖ ਨਾਥ, ਹੱਡੀਆਂ ਵਿਚੋਂ ਹਾਡੀ ਪਾ, ਕੰਨਾਂ ਵਿਚੋਂ ਕਾਨੁਪਾ ਅਤੇ ਪੈਰਾਂ ਵਿਚੋਂ ਚੌਰੰਗੀ ਨਾਥ। ਇਹ ਪੰਜੇ ਨਾਥ ਸ਼ਿਵ ਦੇ ਪੈਰੋਕਾਰ ਬਣੇ।

ਇਸੇ ਕਥਾ ਵਿਚ ਅੱਗੇ ਚਲ ਕੇ ਦਸਿਆ ਗਿਆ ਹੈ ਕਿ ਸ਼ਿਵਜੀ ਨੂੰ ਉਸ ਮਹਾਂ ਗਿਆਨ ਦੀ ਸੋਝੀ ਸੀ, ਜਿਸ ਦੁਆਰਾ ਮਨੁਖ ਅਮਰ ਅਤੇ ਅਜਰ ਰਹਿੰਦਾ ਹੈ। ਗੌਰੀ ਨੇ ਸ਼ਿਵ ਤੋਂ ਇਹ ਗਿਆਨ ਜਾਣਨਾ ਚਾਹਿਆ, ਤਾਂ ਮੀਨ ਨਾਥ (ਮਛੰਦਰ) ਨੇ ਮੱਛੀ ਦਾ ਰੂਪ ਧਾਰ ਕੇ, ਇਹ ਸਾਰਾ ਗਿਆਨ ਖ਼ੁਦ ਸੁਣ ਲਿਆ। ਇਸ ਤਰ੍ਹਾਂ ਮਛੰਦਰ ਨੂੰ ਜੋਗ ਪਧਤੀ ਦਾ ਪੂਰਨ ਗਿਆਨ ਹੋ ਗਿਆ। ਇਹੋ ਮਛੰਦਰ ਕੰਨ ਪਾਟੇ ਜੋਗੀਆਂ ਦੇ ਗੁਰੂ ਗੋਰਖ ਨਾਥ ਦਾ ਗੁਰੂ ਸੀ।

ਜੋਗੀ ਗੋਰਖ ਨਾਥ ਨੂੰ ਸ਼ਿਵਜੀ ਦਾ ਹੀ ਇਕ ਰੂਪ ਜਾਂ ਅਵਤਾਰ ਮੰਨਦੇ ਹਨ। ਸ਼ੈਵਮਤ ਦੇ ਅਨੁਯਾਈਆਂ ਵਾਂਗ ਉਹ ਮੱਥੇ ਉਤੇ ਤ੍ਰੈਪੁੰਡ੍ਰ ਦਾ ਟਿਕਾ ਧਾਰਨ ਕਰਦੇ ਅਤੇ ਰੁਦ੍ਰਾਖਸ਼ ਦੀ ਮਾਲਾ ਪਹਿਨਦੇ ਹਨ। ਸ਼ਿਵ ਸੰਪ੍ਰਦਾਇ ਦਾ ਪ੍ਰਮੁਖ ਪੁਰਬ ਸ਼ਿਵਰਾਤ੍ਰੀ ਜੋਗੀਆਂ ਦਾ ਵੀ ਮਹੱਤਵਪੂਰਣ ਪੁਰਬ ਹੈ। ਜੋਗੀਆਂ ਦੇ ਬਹੁਤੇ ਤੀਰਥ ਅਸਥਾਨ ਸਾਕਤ ਮਤ ਵਾਂਗ ਦੇਵੀ ਪੀਠ ਹਨ, ਭਾਵ ਉਹ ਅਸਥਾਨ ਜਿਥੇ ਕਿਥੇ ਦੇਵੀ ਮਾਤਾ ਦੇ ਜਿਸਮ ਦੇ ਅੰਗ ਡਿਗੇ ਸਨ।

ਉਪ੍ਰੋਕਤ ਸਭ ਤੱਥ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਜੋਗ ਮਤ ਦਾ ਸ਼ੈਵ ਮਤ ਨਾਲ ਵੀ ਘਣਾ ਸਬੰਧ ਹੈ।

ਨਾਥ ਮਤ ਨੂੰ ਕਈ ਲੋਕ ਇਕ ਸੁਤੰਤਰ ਦਰਸ਼ਨ ਪਧਤੀ ਵੀ ਮੰਨਦੇ ਹਨ, ਕਿਉਂ ਜੋ ਪਤੰਜਲੀ ਦਾ ਯੋਗ ਸ਼ਾਸਤ੍ਰ ਇਕ ਵਖਰੀ ਦਰਸ਼ਨ ਪਧਤੀ ਦਾ ਨਿਰੂਪਣ ਕਰਦਾ ਹੈ। ਜਾਪਦਾ ਹੈ ਕਿ ਜੋਗ ਮਤ ਦੀਆਂ ਅਨੇਕਾਂ ਰੁਚੀਆਂ ਪਤੰਜਲੀ ਰਿਸ਼ੀ ਤੋਂ ਪਹਿਲਾਂ ਮੌਜੂਦ ਸਨ ਅਤੇ ਉਦੋਂ ਤਕ ਜੋਗ ਦੀ ਇਕ ਸੁਤੰਤਰ ਦਰਸ਼ਨ ਪਧਤੀ ਸਥਾਪਿਤ ਹੋ ਚੁਕੀ ਸੀ।

ਪਤੰਜਲੀ ਨੇ ਚਿਤ ਦੀਆਂ ਬ੍ਰਿਤੀਆਂ ਰੋਕਣ ਨੂੰ ਹੀ ਯੋਗ ਕਿਹਾ ਹੈ। ਉਸ ਨੇ ਯੋਗ ਸ਼ਾਸਤ੍ਰ ਵਿਚ ਆਤਮ ਸੰਜਮ ਲਈ ਵੈਰਾਗ ਅਤੇ ਸਮਾਧੀ ਨੂੰ ਜ਼ਰੂਰੀ ਦਸਿਆ ਹੈ। ਉਸ ਨੇ ਅਸ਼ਟਾਂਗ ਮਾਰਗ ਦੁਆਰਾ ਚਿੱਤ ਇਕਾਗਰ ਕਰ ਕੇ, ਮਾਨਸਿਕ ਸ਼ਕਤੀਆਂ ਪ੍ਰਾਪਤ ਕਰਨ ਅਤੇ ਮਨ ਨੂੰ ਸ੍ਵੈ-ਸਰੂਪ ਵਿਚ ਲੀਨ ਕਰ ਕੇ ਮੁਕਤੀ ਹਾਸਿਲ ਕਰਨ ਉਤੇ ਬਲ ਦਿਤਾ ਹੈ। ਯੋਗ ਸ਼ਾਸਤ੍ਰ ਦੇ 195 ਸੂਤਰ ਚਾਰ ਪਾਦਾਂ ਵਿਚ ਵੰਡੇ ਹੋਏ ਹਨ — ਸਮਾਧੀ ਪਾਦ, ਸਾਧਨ ਪਾਦ, ਵਿਭੂਤੀ ਪਾਦ ਅਤੇ

Sri Satguru Jagjit Singh Ji eLibrary NamdhariElibrary@gmail.com

...ਸ਼ ਪਾਦ। ਇਸ ਸ਼ਾਸਤਰ ਵਿਚ ਅਸ਼ਟਾਂਗ ਯੋਗ ਦੀ ਜਿੰਦ ਜਾਨ ਮੰਨਿਆ ਗਿਆ ਹੈ। ... ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਣਾ, ਧਿਆਨ ਤੇ ਸਮਾਧੀ ਦੁਆਰਾ ਮਾਨਸਿਕ ਸ਼ਕਤੀ ਪ੍ਰਾਪਤ ਕਰ ਕੇ ਕੈਵਲਯ (ਬ੍ਰਹਮ ਨਾਲ ਅਭੇਦਤਾ) ਦੀ ਉਚੀ ਸਥਿਤੀ ਉਤੇ ਪੁਜਦਾ ਹੈ।

ਕੰਨ ਪਾਟੇ ਜੋਗੀਆਂ ਦਾ ਹੱਠ ਯੋਗ ਭਾਵੇਂ ਪਤੰਜਲੀ ਦੇ ਰਾਜ ਯੋਗ ਨਾਲੋਂ ਵੱਖਰਾ ਹੈ, ਪਰ ਉਨ੍ਹਾਂ ਨੇ ਆਪਣੇ ਯੋਗ ਦੀ ਬੁਨਿਆਦ ਪਤੰਜਲੀ ਦੇ ਅਸ਼ਟਾਂਗ ਮਾਰਗ ਉਪਰ ਹੀ ਰਖੀ ਅਤੇ ਇਸ ਵਿਚ ਬੋਧ ਤੇ ਸ਼ੈਵ ਧਰਮ ਦੀਆਂ ਕਈ ਯੋਗਪਰਕ ਤਾਂਤ੍ਰਿਕ ਸਾਧਨਾਵਾਂ ਸਮਿਲਤ ਕਰ ਲਈਆਂ। ਤਾਂਤਰਾਂ ਅਨੁਸਾਰ ਕੁੰਡਲਨੀ ਸ਼ਕਤੀ ਸੁਖਮਨਾ ਦੀ ਜੜ੍ਹ ਵਿਚ ਸਾਢੇ ਤਿੰਨ ਕੁੰਡਲ ਮਾਰੀ, ਸੱਪਣੀ ਵਾਂਗ ਸੁਤੀ ਪਈ ਹੈ, ਜਿਸ ਕਰ ਕੇ ਇਹਦਾ ਸਾਰਾ ਤੇਜ ਹੇਠਾਂ ਵਲ ਬੇਅਰਥ ਝਰਦਾ ਰਹਿੰਦਾ ਹੈ। ਜੋਗੀ ਦਾ ਉੱਦੇਸ਼ ਯੋਗਿਕ ਕਿਰਿਆਵਾਂ ਅਤੇ ਪ੍ਰਾਣਾਯਾਮ ਦੁਆਰਾ ਕੁੰਡਲਨੀ ਨੂੰ ਜਗਾਣਾ ਅਤੇ ਖਟ ਚਕਰਾਂ—ਮੂਲਾਧਾਰ, ਸਵਾਧਿਸ਼ਠਾਨ, ਮਨੀਪੁਰ, ਅਨਾਹਤ, ਵਿਸ਼ਧਾਖਿਆ ਅਤੇ ਆਗਿਆ ਚਕਰਾਂ ਵਿਚੋਂ ਲੰਘਾ ਕੇ, ਸਹੰਸਰ ਦਲ ਵਿਚ ਨਿਵਾਸ ਕਰਦੇ ਪਰਮ ਸ਼ਿਵ ਨਾਲ ਮੇਲਣਾ ਹੈ। ਇਸੇ ਸੰਗਮ ਸਦਕਾ ਹੀ ਜੋਗੀ ਦਸਮ ਦੁਆਰ ਵਿਚੋਂ ਝਰਦਾ ਅਮ੍ਰਿਤ ਪੀਂਦਾ ਅਤੇ ਅਨਹਦ ਨਾਦ ਸੁਣਦਾ ਹੈ। ਤੰਤਰਾਂ ਵਿਚ ਇਨ੍ਹਾਂ ਛੇ ਚਕਰਾਂ ਦਾ ਵਰਨਣ ਬੜੇ ਵੇਰਵੇ ਨਾਲ ਮਿਲਦਾ ਹੈ।

ਹਠ ਯੋਗ ਪ੍ਰਦੀਪਕਾ ਅਨੁਸਾਰ ਹ (ਸੂਰਜ) ਅਤੇ ਠ (ਚੰਦ੍ਰਮਾ) ਦੇ ਯੋਗ ਦੁਆਰਾ ਹੀ ਹਠ ਯੋਗ ਸੰਪੂਰਨ ਹੁੰਦਾ ਹੈ। ਯੋਗ ਅਨੁਸਾਰ ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ ਹਨ, ਜਿਨ੍ਹਾਂ ਵਿਚੋਂ ਤਿੰਨ ਇੜਾ, ਪਿੰਗਲਾ ਅਤੇ ਸੁਖਮਨਾ ਪ੍ਰਮੁਖ ਹਨ। ਸੁਖਮਨਾ ਦੀ ਜੜ੍ਹ ਵਿਚ ਕੁੰਡਲਨੀ ਸੁਤੀ ਹੁੰਦੀ ਹੈ। ਸੁਖਮਨਾ ਦੇ ਖੱਬੇ ਪਾਸੇ ਇੜਾ ਅਤੇ ਸਜੇ ਪਾਸੇ ਵਲ ਪਿੰਗਲਾ ਹੈ। ਇੜਾ ਖੱਬੀ ਨਾਸਕਾ ਤੋਂ ਸ਼ੁਰੂ ਹੋ ਕੇ ਕੰਗਰੋੜ ਦੇ ਖਬੇ ਪਾਸੇ ਤੋਂ ਹੁੰਦੀ ਹੋਈ ਦਿਮਾਗ਼ ਵਿਚ ਪੁਜਦੀ ਹੈ। ਸੀਤਲ ਸੁਭਾਅ ਦੀ ਹੋਣ ਕਰ ਕੇ ਇਸ ਵਿਚ ਚੰਦਰਮੇ ਦਾ ਵਾਸਾ ਮੰਨਿਆ ਗਿਆ ਹੈ। ਪਿੰਗਲਾ ਸੱਜੀ ਨਾਸਕਾ ਤੋਂ ਸ਼ੁਰੂ ਹੋ ਕੇ ਕੰਗਰੋੜ ਦੇ ਸੱਜੇ ਪਾਸੇ ਵਲੋਂ ਦਿਮਾਗ਼ ਤਕ ਪਹੁੰਚਦੀ ਹੈ। ਗਰਮ ਸੁਭਾਅ ਦੀ ਹੋਣ ਕਰ ਕੇ ਇਸ ਨਾੜੀ ਨੂੰ ਸੂਰਜ ਵੀ ਕਹਿੰਦੇ ਹਨ। ਇਨ੍ਹਾਂ ਤਿੰਨਾਂ ਦਾ ਸੰਗਮ ਦਸਮ ਦੁਆਰ ਵਿਚ ਕਰਨਾ ਹੀ ਯੋਗ ਦਾ ਮੂਲ ਆਸ਼ਾ ਹੈ। ਸੁਖਮਨਾ ਦੁਆਰਾ ਹੀ ਕੁੰਡਲਨੀ ਸ਼ਕਤੀ ਨੂੰ ਉਪਰ ਵਲ ਚੜ੍ਹਾ ਕੇ ਤਿੰਨ ਨਾੜੀਆਂ ਦਾ ਸੰਗਮ ਹੋ ਸਕਦਾ ਹੈ।

ਹਠ ਯੋਗ ਦੀ ਸਾਧਨਾ ਵਿਚ ਪੰਜ ਮੁਦਰਾਵਾਂ ਵੀ ਸ਼ਾਮਲ ਹਨ, ਜੋ ਤੰਤਰਾਂ ਵਿਚੋਂ ਆਈਆਂ ਹਨ। ਮੁਦਰਾਵਾਂ ਇਕ ਤਰ੍ਹਾਂ ਨਾਲ ਵਿਕਾਰਾਂ ਨੂੰ ਮੁੰਦਣ ਦੀ ਯੋਗਿਕ ਵਿਧੀ ਹੈ। ਮੁਦਰਾਵਾਂ ਦੁਆਰਾ ਮਨ ਆਨੰਦ ਅਵਸਥਾ ਵਿਚ ਪਹੁੰਚਦਾ ਅਤੇ ਦੁਖ ਕਲੇਸ਼ ਮੁੰਦਿਆ ਜਾਂਦਾ ਹੈ। ਇਹ ਮੁਦਰਾਵਾਂ ਪੰਜ ਹਨ — ਖੇਚਰੀ, ਭੂਚਰੀ, ਸਾਂਭਵੀ, ਅਵਧੂਤੀ ਤੇ ਉਨਮਨੀ। ਖੇਚਰੀ ਮੁਦਰਾ ਦੁਆਰਾ ਜੀਭ ਨੂੰ ਲੰਮਿਆਂ ਕਰ ਕੇ ਤਾਲੂਏ ਵਿਚ ਫਸਾਇਆ ਜਾਂਦਾ ਹੈ ਅਤੇ ਮਸਤਕ ਵਿਚ ਇਸਥਿਤ ਚੰਦਰਮੇ ਵਿਚੋਂ ਜੋ ਅੰਮ੍ਰਿਤ ਝਰਦਾ ਹੈ, ਉਸ ਨੂੰ ਰਸਨੀ ਲਗਾਇਆ ਜਾਂਦਾ ਹੈ। ਭੂਚਰੀ ਮੁਦਰਾ ਆਸਨ ਲਗਾ ਕੇ ਭਰਵੱਟਿਆਂ ਦੇ ਦਰਮਿਆਨ ਨਜ਼ਰ ਟਿਕਾਉਣਾ, ਪ੍ਰਾਣ ਵਾਯੂ ਅਤੇ ਅਪਾਨ ਵਾਯੂ ਨੂੰ ਇਕੱਠਿਆਂ ਕਰ ਕੇ ਅਭਿਆਸ ਕਰਨਾ ਹੈ। ਪਰ ਉਨਮਨੀ ਮੁਦਰਾ ਦਾ ਖ਼ਾਸ ਮਹੱਤਵ ਹੈ। ਇਸ ਅਵਸਥਾ ਵਿਚ ਜੋਗੀ ਨਿਗਾਹ ਨੂੰ ਨਕ ਦੀ ਕਰੂੰਬਲ ਉਤੇ ਟਿਕਾਂਦਾ ਹੋਇਆ ਭੱਵਾਂ ਨੂੰ ਉਪਰ ਵਲ ਚੜ੍ਹਾ ਲੈਂਦਾ ਹੈ। ਇਹਦੇ ਨਾਲ ਹੀ ਆਪਣੇ ਪ੍ਰਾਣ ਸੂਖਮ ਨਾੜੀ ਵਿਚ ਲੈ ਜਾਂਦਾ ਹੈ। ਇਸ ਤਰ੍ਹਾਂ ਮਨ ਦੀ ਇਕਾਗਰਤਾ ਵਧਦੀ ਹੈ। ਗੋਰਖਨਾਥ ਅਨੁਸਾਰ ਉਨਮਨੀ ਮੁਦਰਾ ਆਨੰਦ ਦੀ ਅਵਸਥਾ ਤੇ ਪਹੁੰਚਾਂਦੀ ਹੈ — 'ਉਨਮਨੀ ਲਾਗੇ ਹੋਇ ਆਨੰਦ।'

'ਜੋ ਬ੍ਰਹਿਮੰਡੇ ਸੋਹੀ ਪਿੰਡੇ' ਦਾ ਸਿਧਾਂਤ ਵੀ ਜੋਗੀਆਂ ਨੇ ਤੰਤਰਾਂ ਤੋਂ ਲਿਆ ਹੈ। ਨਾਥਾਂ ਦੀ ਧਾਰਨਾ ਹੈ ਕਿ ਜੋ ਦੇਵੀ ਦੇਵਤੇ, ਪਵਿਤਰ ਅਸਥਾਨ ਅਤੇ ਵਸਤੂਆਂ ਬ੍ਰਹਿਮੰਡ ਵਿਚ ਹਨ, ਉਹਾ ਪ੍ਰਾਣੀ ਦੇ ਆਪਣੇ ਪਿੰਡੇ ਵਿਚ ਵੀ ਮੌਜੂਦ ਹਨ। ਇਸ ਲਈ ਸਰੀਰ ਨੂੰ ਸਵੱਛ ਤੇ ਨਿਰੋਗ ਰਖਣਾ ਜ਼ਰੂਰੀ ਹੈ। ਸਰੀਰ ਦੀ ਸ਼ੁਧੀ ਲਈ ਜੋਗੀਆਂ ਨੇ ਖਟ ਕਰਮ ਮੰਨੇ ਹਨ, ਜਿਵੇਂ ਧੋਤੀ, ਨੇਤੀ, ਨਿਓਲੀ, ਵਸਤੀ, ਤ੍ਰਾਟਕ, ਕਪਾਲ, ਭਾਤਿ। ਇਨ੍ਹਾਂ ਕਰਮਾਂ ਦੁਆਰਾ ਸਰੀਰ ਸ਼ੁਧ, ਸਾਫ਼ ਅਤੇ ਹੌਲਾ ਫੁੱਲ ਹੋ ਜਾਂਦਾ ਹੈ ਅਤੇ ਮਾਨਸਿਕ ਇਕਾਗਰਤਾ ਵਿਚ ਸਹਾਇਕ ਬਣਦਾ ਹੈ। ਪਰਮ ਤੱਤ ਦੀ ਪ੍ਰਾਪਤੀ ਲਈ ਗੁਰੂ ਦੀ ਮਹੱਤਤਾ ਨੂੰ ਵੀ ਨਾਥ ਸੰਪ੍ਰਦਾਇ ਸਵੀਕਾਰਦੀ ਹੈ।

ਨਾਥ ਸੰਪ੍ਰਦਾਇ ਆਪਣੇ ਕਈ ਗੁਰੂਆਂ ਨੂੰ ਪੌਰਾਣਿਕ ਦੇਵੀ ਦੇਵਤਿਆਂ ਦਾ ਅਵਤਾਰ ਮੰਨਦੀ ਹੈ। ਆਦਿ ਨਾਥ ਦਾ ਸ਼ਿਵ ਨਾਲ ਏਕੀਕਰਣ ਕੀਤਾ ਜਾਂਦਾ ਹੈ। ਗੋਰਖ ਨਾਥ ਸ਼ਿਵ ਦਾ ਅਵਤਾਰ ਸੀ, ਮਛੰਦਰ ਨਾਥ ਮਾਇਆ ਦਾ, ਉਦੇ ਨਾਥ ਪਾਰਬਤੀ ਦੇਵੀ ਦਾ, ਸੰਤੋਖ ਨਾਥ ਵਿਸ਼ਨੂੰ ਦਾ, ਕੰਥੜ ਨਾਥ ਗਣੇਸ਼ ਦਾ ਅਤੇ ਸਤਿ ਨਾਥ ਬ੍ਰਹਮਾ ਦਾ।

ਉਪ੍ਰੋਕਤ ਸਾਰੀ ਚਰਚਾ ਤੋਂ ਪ੍ਰਗਟ ਹੁੰਦਾ ਹੈ ਕਿ ਨਾਥ ਸੰਪ੍ਰਦਾਇ ਦੀ ਧਰਮ ਪੱਧਤੀ ਕਈ ਸੰਪ੍ਰਦਾਵਾਂ ਦੇ ਤਤ੍ਵਾਂ ਦਾ ਸਮਿਲਤ ਰੂਪ ਸੀ।

ਨਾਥ ਸੰਪ੍ਰਦਾਇ ਦਾ ਮੋਢੀ ਗੋਰਖ ਨਾਥ ਨੂੰ ਮੰਨਿਆ ਜਾਂਦਾ ਹੈ। ਪਰ ਜਾਪਦਾ ਹੈ ਕਿ ਇਹ ਮਤ ਗੋਰਖ ਨਾਥ ਤੋਂ ਕਾਫ਼ੀ ਪਹਿਲਾਂ ਪ੍ਰਚਲਤ ਸੀ। ਗੋਰਖ ਨੇ ਜੋਗਮਤ ਨੂੰ ਸੰਗਠਨ ਕਰ ਕੇ ਅਤੇ ਕਈ ਧਰਮਾਂ ਦੇ ਸਾਧਨ ਤਤ੍ਵ ਸ਼ਾਮਿਲ ਕਰ ਕੇ ਇਸ ਨੂੰ ਇਕ ਵਿਲੱਖਣ ਸਰੂਪ ਦਿਤਾ। ਇਸ ਸੰਪ੍ਰਦਾਇ ਉਤੇ ਗੋਰਖ ਦਾ ਪ੍ਰਭਾਵ ਬਹੁਤ ਜ਼ਿਆਦਾ ਰਿਹਾ ਹੈ। ਉਸ ਨੇ ਇਸ ਮਤ ਦੇ ਨਿਰੂਪਣ ਲਈ ਬਹੁਤ ਸਾਰੀ ਬਾਣੀ ਵੀ ਰਚੀ, ਜਿਸ ਕਰ ਕੇ ਗੋਰਖ ਨੂੰ ਹੀ ਇਸ ਪੰਥ ਦਾ ਮੋਢੀ ਮੰਨਿਆ ਜਾਣ ਲੱਗਾ।

ਰਵਾਇਤ ਹੈ ਕਿ ਗੋਰਖ ਨਾਥ ਨੇ ਜੋਗੀਆਂ ਦਾ ਸਾਰਾ ਭੇਖ ਸ਼ਿਵ ਤੋਂ ਪ੍ਰਾਪਤ ਕੀਤਾ। ਸ਼ਿਵ ਦੇ ਆਦੇਸ਼ ਤੇ ਪਾਰਬਤੀ ਨੇ ਗੋਰਖ ਨਾਥ ਦੇ ਕੰਨ ਵਿੰਨ੍ਹ ਕੇ ਉਸ ਵਿਚ ਮਿੱਟੀ ਦੀਆਂ ਮੁੰਦਰਾਂ ਪਹਿਨਾਈਆਂ। ਇਸ ਉਪ੍ਰੰਤ ਉਸ ਨੇ ਆਪਣੇ ਸਰੀਰ ਵਿਚੋਂ ਥੋੜਾ ਜਿਹਾ ਲਹੂ ਨਚੋੜ ਕੇ ਇਕ ਕਪੜਾ ਰੰਗ ਕੇ ਗੋਰਖ ਨਾਥ ਨੂੰ ਸਰੀਰ ਢਕਣ ਲਈ ਦਿਤਾ। ਇਸੇ ਤੋਂ ਜੋਗੀਆਂ ਵਿਚ ਗੇਰੂਏ ਕਪੜੇ ਪਹਿਨਣ ਦੀ ਪ੍ਰਥਾ ਚਲੀ। ਸ਼ਿਵ ਨੇ ਗੋਰਖ ਨਾਥ ਨੂੰ ਦੁੱਬ ਘਾਹ ਦੇਂਦੇ ਹੋਏ ਕਿਹਾ ਕਿ ਇਹੋ ਉਹਦੀ ਸੇਜ ਹੋਵੇਗੀ। ਫਿਰ ਅੱਕ ਦੇ ਬੂਟੇ ਦੀ ਟਹਿਣੀ ਦੇਂਦੇ ਹੋਏ ਆਦੇਸ਼ ਦਿਤਾ ਕਿ ਉਹ ਇਸ ਦੁਆਰਾ ਸਵੇਰੇ, ਸ਼ਾਮੀਂ ਅਤੇ ਗੁਰੂ ਦੇ ਸਨਮੁਖ ਹੋਣ ਵੇਲੇ ਤਿੰਨ ਵਾਰ ਰੋਜ਼ ਨਾਦ ਵਜਾਏ। ਮੁੰਦਰਾਂ ਪਹਿਨਣ ਦੀ ਇਸ ਪਰੰਪਰਾ ਨੂੰ ਗੋਰਖ ਨਾਥ ਨੇ ਅੱਗੇ ਤੋਰਿਆ। ਜਦੋਂ ਭਰਥਰੀ ਹਰੀ ਨੇ ਗੋਰਖ ਨਾਥ ਨੂੰ ਗੁਰੂ ਧਾਰਨ ਕੀਤਾ, ਤਾਂ ਗੋਰਖ ਨਾਥ ਨੇ ਉਸ ਦੇ ਕੰਨਾਂ ਵਿਚ ਖ਼ੁਦ ਛੇਦ ਕਰ ਕੇ ਮਿੱਟੀ ਦੀਆਂ ਮੁੰਦਰਾਂ ਪਾਈਆਂ।

ਕਈ ਨਾਥ ਸੰਪ੍ਰਦਾਇ ਦਾ ਮੁਢ ਮਛੰਦਰ ਤੋਂ ਮੰਨਦੇ ਹਨ। ਮਛੰਦਰ ਨਾਥ ਗੋਰਖ ਨਾਥ ਦਾ ਹੀ ਗੁਰੂ ਸੀ। ਪੰਜਾਬ ਵਿਚ ਪ੍ਰਚਲਤ ਕਥਾਵਾਂ ਅਨੁਸਾਰ ਗੋਰਖ ਨਾਥ ਗੋਹੇ ਵਿਚੋਂ ਨਿਮਿਆ ਅਤੇ ਮਛੰਦਰ ਨੇ ਉਸ ਨੂੰ ਗੋਹੀਰੇ ਵਿਚੋਂ ਕਢ ਕੇ ਆਪਣਾ ਚੇਲਾ ਬਣਾ ਲਿਆ (ਗਲਾਸਰੀ2,390)। ਇਕ ਹੋਰ ਕਥਾ ਅਨੁਸਾਰ ਮਛੰਦਰ ਦਰਿਆ ਦੇ ਕੰਢੇ ਮੱਛੀ ਦੇ ਰੂਪ ਵਿਚ ਵਿਚਰ ਰਿਹਾ ਸੀ, ਤਾਂ ਉਸ ਸ਼ਿਵ ਨੂੰ, ਪਾਰਬਤੀ ਨੂੰ, ਯੋਗ ਦੇ ਸਿਧਾਂਤ ਸਮਝਾਂਦੇ ਹੋਏ ਸੁਣਿਆ। ਮਛੰਦਰ ਉਤੇ ਯੋਗ ਦਾ ਇਤਨਾ ਪ੍ਰਭਾਵ ਪਿਆ ਕਿ ਉਹ ਉਸੇ ਛਿਨ ਜੋਗੀ ਬਣ

Sri Satguru Jagjit Singh Ji eLibrary NamdhariElibrary@gmail.com

ਸਦਕਾ ਹੀ ਜੋਗੀ ਦਸਮ ਦੁਆਰ ਵਿਚੋਂ ਝਰਦਾ ਅਮ੍ਰਿਤ ਪੀਂਦਾ ਅਤੇ ਅਨਹਦ ਨਾਦ ਸੁਣਦਾ ਹੈ। ਤੰਤਰਾਂ ਵਿਚ ਇਨ੍ਹਾਂ ਛੇ ਚਕਰਾਂ ਦਾ ਵਰਨਣ ਬੜੇ ਵੇਰਵੇ ਨਾਲ ਮਿਲਦਾ ਹੈ।

ਹਠ ਯੋਗ ਪ੍ਰਦੀਪਕਾ ਅਨੁਸਾਰ ਹ (ਸੂਰਜ) ਅਤੇ ਠ (ਚੰਦ੍ਰਮਾ) ਦੇ ਯੋਗ ਦੁਆਰਾ ਹੀ ਹਠ ਯੋਗ ਸੰਪੂਰਨ ਹੁੰਦਾ ਹੈ। ਯੋਗ ਅਨੁਸਾਰ ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ ਹਨ, ਜਿਨ੍ਹਾਂ ਵਿਚੋਂ ਤਿੰਨ ਇੜਾ, ਪਿੰਗਲਾ ਅਤੇ ਸੁਖਮਨਾ ਪ੍ਰਮੁਖ ਹਨ। ਸੁਖਮਨਾ ਦੀ ਜੜ੍ਹ ਵਿਚ ਕੁੰਡਲਨੀ ਸੁਤੀ ਹੁੰਦੀ ਹੈ। ਸੁਖਮਨਾ ਦੇ ਖੱਬੇ ਪਾਸੇ ਇੜਾ ਅਤੇ ਸਜੇ ਪਾਸੇ ਵਲ ਪਿੰਗਲਾ ਹੈ। ਇੜਾ ਖੱਬੀ ਨਾਸਕਾ ਤੋਂ ਸ਼ੁਰੂ ਹੋ ਕੇ ਕੰਗਰੋੜ ਦੇ ਖਬੇ ਪਾਸੇ ਤੋਂ ਹੁੰਦੀ ਹੋਈ ਦਿਮਾਗ਼ ਵਿਚ ਪੁਜਦੀ ਹੈ। ਸੀਤਲ ਸੁਭਾਅ ਦੀ ਹੋਣ ਕਰ ਕੇ ਇਸ ਵਿਚ ਚੰਦਰਮੇ ਦਾ ਵਾਸਾ ਮੰਨਿਆ ਗਿਆ ਹੈ। ਪਿੰਗਲਾ ਸੱਜੀ ਨਾਸਕਾ ਤੋਂ ਸ਼ੁਰੂ ਹੋ ਕੇ ਕੰਗਰੋੜ ਦੇ ਸੱਜੇ ਪਾਸੇ ਵਲੋਂ ਦਿਮਾਗ਼ ਤਕ ਪਹੁੰਚਦੀ ਹੈ। ਗਰਮ ਸੁਭਾਅ ਦੀ ਹੋਣ ਕਰ ਕੇ ਇਸ ਨਾੜੀ ਨੂੰ ਸੂਰਜ ਵੀ ਕਹਿੰਦੇ ਹਨ। ਇਨ੍ਹਾਂ ਤਿੰਨਾਂ ਦਾ ਸੰਗਮ ਦਸਮ ਦੁਆਰ ਵਿਚ ਕਰਨਾ ਹੀ ਯੋਗ ਦਾ ਮੂਲ ਆਸ਼ਾ ਹੈ। ਸੁਖਮਨਾ ਦੁਆਰਾ ਹੀ ਕੁੰਡਲਨੀ ਸ਼ਕਤੀ ਨੂੰ ਉਪਰ ਵਲ ਚੜ੍ਹਾ ਕੇ ਤਿੰਨ ਨਾੜੀਆਂ ਦਾ ਸੰਗਮ ਹੋ ਸਕਦਾ ਹੈ।

ਹਠ ਯੋਗ ਦੀ ਸਾਧਨਾ ਵਿਚ ਪੰਜ ਮੁਦਰਾਵਾਂ ਵੀ ਸ਼ਾਮਲ ਹਨ, ਜੋ ਤੰਤਰਾਂ ਵਿਚੋਂ ਆਈਆਂ ਹਨ। ਮੁਦਰਾਵਾਂ ਇਕ ਤਰ੍ਹਾਂ ਨਾਲ ਵਿਕਾਰਾਂ ਨੂੰ ਮੁੰਦਣ ਦੀ ਯੋਗਿਕ ਵਿਧੀ ਹੈ। ਮੁਦਰਾਵਾਂ ਦੁਆਰਾ ਮਛੰਦਰ ਰਖਿਆ ਤੇ ਇਹੋ ਪਿਛੋਂ ਗੋਰਖ ਨਾਥ ਦੇ ਗੁਰੂ ਬਣੇ (ਗਲਾਸਰੀ, 2,331)।

ਕੰਨ ਪਾਟੇ ਜੋਗੀਆਂ ਦੀ ਧਾਰਨਾ ਹੈ ਕਿ ਉਨ੍ਹਾਂ ਦਾ ਮਤ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਇਸ ਸੰਦਰਭ ਵਿਚ ਉਨ੍ਹਾਂ ਦੀਆਂ ਮਿਥਿਹਾਸਕ ਕਥਾਵਾਂ ਬੜੀਆਂ ਦਿਲਚਸਪ ਹਨ। ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਗੋਰਖ ਨਾਥ ਪਤਾਲ ਵਿਚ ਸਮਾਧੀ ਲਗਾ ਕੇ ਰਹਿੰਦੇ ਸਨ। ਜਦੋਂ ਵਿਸ਼ਨੂੰ ਮਹਾਰਾਜ ਕੰਵਲ ਫੁੱਲ ਵਿਚੋਂ ਉਦੇ ਹੋਏ, ਤਾਂ ਉਹ ਆਪਣੇ ਚਾਰ ਚੁਫੇਰੇ ਜਲ ਹੀ ਜਲ ਵੇਖ ਕੇ ਘਬਰਾ ਗਏ। ਵਿਸ਼ਨੂੰ ਨੇ ਪਤਾਲ ਲੋਕ ਵਿਚ ਜਾ ਕੇ ਗੋਰਖ ਨਾਥ ਤੋਂ ਸਹਾਇਤਾ ਮੰਗੀ, ਤਾਂ ਗੋਰਖ ਨਾਥ ਨੇ ਆਪਣੀ ਧੂਣੀ ਵਿਚੋਂ ਵਿਸ਼ਨੂੰ ਨੂੰ ਇਕ ਮੁੱਠੀ ਸਵਾਹ ਦੀ ਦੇਂਦੇ ਹੋਏ ਕਿਹਾ ਕਿ ਇਸ ਸਵਾਹ ਨੂੰ ਜਲ ਉਪਰ ਬਿਖੇਰ ਦੇਣ ਨਾਲ ਸੰਸਾਰ ਦੀ ਰਚਨਾ ਕੀਤੀ ਜਾ ਸਕਦੀ ਹੈ। ਵਿਸ਼ਨੂੰ ਨੇ ਉਸੇ ਤਰ੍ਹਾਂ ਕੀਤਾ। ਸੰਸਾਰ ਦੀ ਸਿਰਜਨਾ ਤੋਂ ਮਗਰੋਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤਿੰਨੋਂ ਗੋਰਖ ਨਾਥ ਦੇ ਪਹਿਲੇ ਮੁਰੀਦ ਬਣੇ।

ਗੋਰਖ ਨਾਥ ਆਪਣੇ ਮਤ ਦੇ ਸਮਰਥਨ ਲਈ ਧਰਤੀ ਉਤੇ ਹਰ ਯੁਗ ਵਿਚ ਅਵਤਾਰ ਲੈਂਦੇ ਰਹੇ। ਉਹ ਕਾਲ ਤੋਂ ਵਿਮੁਕਤ ਹੋਣ ਕਰ ਕੇ ਅਜਰ ਅਤੇ ਅਮਰ ਹਨ। ਸਤਿਯੁਗ ਵਿਚ ਗੋਰਖ ਨਾਥ ਪਿਸ਼ਾਵਰ ਵਿਚ ਉਦੇ ਹੋਏ; ਤ੍ਰੇਤੇ ਵਿਚ ਗੋਰਖਪੁਰ ਵਿਚ; ਦੁਆਪਰ ਵਿਚ ਦਵਾਰਕਾ ਨਗਰੀ ਦੇ ਨੇੜੇ ਹੁਰਮਜ਼ ਵਿਚ ਅਤੇ ਕਲਜੁਗ ਵਿਚ ਗੋਰਖਹੱਟੜੀ ਵਿਚ। ਇਨ੍ਹਾਂ ਸਭ ਅਸਥਾਨਾਂ ਨੂੰ ਜੋਗੀ-ਬੜਾ ਪਵਿਤਰ ਮੰਨਦੇ ਹਨ। ਕਲਜੁਗ ਵਿਚ ਗੋਰਖ ਨਾਥ ਸ਼ੇਸ਼ਨਾਗ ਦੇ ਰੂਪ ਵਿਚ ਵੀ ਵਿਚਰੇ।

**ਦੀਖਿਆ ਤੇ ਭੇਖ :** ਜੋਗ ਧਾਰਨ ਲਈ ਹਰ ਜਗਿਆਸੂ ਨੂੰ ਗੁਰੂ ਤੋਂ ਦੀਖਿਆ ਲੈ ਕੇ ਇਕ ਵਿਸ਼ੇਸ਼ ਕਿਸਮ ਦਾ ਭੇਖ ਗ੍ਰਹਿਣ ਕਰਨਾ ਪੈਂਦਾ ਹੈ। ਦੀਖਿਆ ਤੋਂ ਪਹਿਲਾਂ ਜੋਗੀ ਦਾ ਕਈ ਪਰਤਾਵਿਆਂ ਵਿਚੋਂ ਦੀ ਲੰਘਣਾ ਜ਼ਰੂਰੀ ਹੈ। ਉਸ ਨੂੰ ਜੋਗਮਤ ਬਾਰੇ ਬੁਨਿਆਦੀ ਗੱਲਾਂ ਅਤੇ ਇਸ ਦੁਰਗਮ ਪੰਥ ਦੀਆਂ ਕਠਨਾਈਆਂ ਬਾਰੇ ਜਾਣਕਾਰੀ ਦਿਤੀ ਜਾਂਦੀ ਹੈ। ਜੋਗਮਤ ਧਾਰਨ ਕਰਨ ਵਾਲੇ ਸਿਖਾਂਦਰੂ ਨੂੰ 'ਬਾਲਕਾ' ਕਿਹਾ ਜਾਂਦਾ ਹੈ। ਇਸ ਅਵਸਥਾ ਲਈ ਕੋਈ ਮਿਆਦ ਮਿਥੀ ਹੋਈ ਨਹੀਂ। ਕਈ ਬਾਲਕੇ ਬਾਰਾਂ ਬਾਰਾਂ ਸਾਲ ਤਕ ਇਸੇ ਅਵਸਥਾ ਵਿਚ ਰਹੇ, ਪਰ ਪੂਰਨ ਨਾਥ ਅਤੇ ਰਾਂਝੇ ਵਰਗਿਆਂ ਨੂੰ ਕੁਝ ਦਿਨਾਂ ਵਿਚ ਹੀ ਜੋਗ ਦੀ ਦੀਖਿਆ ਮਿਲ ਗਈ। ਫਿਰ ਵੀ ਘਟੋ ਘਟ ਚਾਲ੍ਹੀ ਦਿਨ ਬਾਲਕੇ ਦੇ ਰੂਪ ਵਿਚ ਰਹਿਣਾ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਦੌਰਾਨ ਬਾਲਕੇ ਦੀ ਦ੍ਰਿੜਤਾ, ਸਿਦਕ ਤੇ ਯੋਗਤਾ ਪਰਖੀ ਜਾਂਦੀ ਹੈ। ਜੇ ਉਹ ਯੋਗ ਵੀ ਹੋਵੇ, ਤਾਂ ਵੀ ਉਸ ਨੂੰ ਜੋਗ ਦੀਆਂ ਕਰੜਾਈਆਂ ਅਤੇ ਜਫਰ ਦਸ ਕੇ ਇਸ ਮਤ ਨੂੰ ਗ੍ਰਹਿਣ ਕਰਨ ਤੋਂ ਵਰਜਿਆ ਜਾਂਦਾ ਹੈ।

ਜਦੋਂ ਬਾਲਕੇ ਨੂੰ ਗੁਰੂ ਆਪਣੇ ਸੰਕਲਪ ਵਿਚ ਦ੍ਰਿੜ ਵੇਖਦਾ ਹੈ, ਤਾਂ ਉਹ ਬਾਲਕੇ ਨੂੰ ਸ਼ੁਧੀ ਲਈ ਦੋ ਤਿੰਨ ਦਿਨ ਵਰਤ ਰਖਣ ਵਾਸਤੇ ਕਹਿੰਦਾ ਹੈ। ਵਰਤ ਮਗਰੋਂ ਬਾਲਕਾ ਇਸ਼ਨਾਨ ਕਰ ਕੇ, ਆਪਣੇ ਗੁਰੂ ਨੂੰ ਨਾਰੀਅਲ, ਫੁਲ ਫਲ, ਮਠਿਆਈ ਅਤੇ ਸਵਾ ਰੁਪਿਆ ਭੇਟਾ ਕਰ ਕੇ ਦੀਖਿਆ ਲਈ ਬੇਨਤੀ ਕਰਦਾ ਹੈ। ਗੁਰੂ ਦੋਧਾਰੀ ਛੁਰੀ ਹਥ ਵਿਚ ਫੜ ਕੇ ਕੰਨ ਵਿੰਨ੍ਹਣ ਲਈ ਬਾਲਕੇ ਨੂੰ ਸਨਮੁਖ ਬਿਠਾ ਲੈਂਦਾ ਹੈ। ਗੁਰੂ ਪਹਿਲਾਂ ਤਿੰਨ ਵਾਰ ਬਾਲਕੇ ਨੂੰ ਕੰਨ ਪੜਵਾਣ ਤੋਂ ਵਰਜਦਾ ਹੈ। ਪਰ ਜੇ ਉਹ ਫੇਰ ਵੀ ਹੱਠ ਕਰੇ, ਤਾਂ ਉਹ ਛੁਰੀ ਨੂੰ, ਬਾਲਕੇ ਦੇ ਸਾਹਮਣੇ, ਧਰਤੀ ਵਿਚ ਗਡ ਕੇ, ਬਾਲਕੇ ਨੂੰ ਕੁਝ ਵਰਤ ਲੈਣ ਲਈ ਕਹਿੰਦਾ ਹੈ —

1. ਵਿਆਹ ਨਹੀਂ ਕਰਵਾਏਗਾ;
2. ਹਿੰਸਾ ਨਹੀਂ ਕਰੇਗਾ;
3. ਫਿਟਕਾਰ ਪੈਣ 'ਤੇ ਕਰੋਧ ਨਹੀਂ ਕਰੇਗਾ;
4. ਵਣਜ ਵਪਾਰ ਜਾਂ ਨੌਕਰੀ ਨਹੀਂ ਕਰੇਗਾ;
5. ਕੰਨਾਂ ਦੀ ਰੱਖਿਆ ਕਰੇਗਾ।

ਫਿਰ ਗੁਰੂ ਆਪਣੇ ਹੱਥਾਂ ਨਾਲ ਬਾਲਕੇ ਦੇ ਕੰਨਾਂ ਵਿਚ ਚਾਕੂ ਨਾਲ ਛੇਦ ਕਰਦਾ ਹੈ। ਕਈ ਨਾਥ ਕੰਨਾਂ ਦੇ ਮਧ ਵਿਚ ਛੇਕ ਕਰਦੇ ਹਨ, ਪਰ ਕਈ ਹੇਠਲੀ ਪਿਪਲੀ ਵਿਚ। ਜ਼ਖ਼ਮ ਵਿਚ ਨਿੰਮ ਦੇ ਤੀਲੇ ਭਰ ਦਿਤੇ ਜਾਂਦੇ ਹਨ। ਜਦੋਂ ਜ਼ਖ਼ਮ ਭਰ ਜਾਂਦਾ ਹੈ, ਤਾਂ ਕੰਨ ਵਿਚ ਮੁੰਦਰਾਂ ਲਟਕਾ ਦਿਤੀਆਂ ਜਾਂਦੀਆਂ ਹਨ। ਧਾਰਨਾ ਹੈ ਕਿ ਕੰਨਾਂ ਵਿਚ ਸੁਰਾਖ਼ ਕਰਨ ਵੇਲੇ ਗੁਰੂ ਇਕ ਰਹੱਸਮਈ ਨਾੜੀ ਕਟਦਾ ਹੈ, ਜਿਸ ਕਰ ਕੇ ਜੋਗੀ ਨੂੰ ਅਨਹਦ ਨਾਦ ਸੁਣਾਈ ਦੇਣ ਲਗਦਾ ਹੈ। ਇਸ ਤੋਂ ਇਲਾਵਾ ਜੋਗੀ ਲਈ ਹੋਰ ਵੀ ਰਹੱਸਮਈ ਸ਼ਕਤੀਆਂ ਗ੍ਰਹਿਣ ਕਰਨੀਆਂ ਸਹਿਜ ਹੋ ਜਾਂਦੀਆਂ ਹਨ। ਇਕ ਧਾਰਨਾ ਅਨੁਸਾਰ ਕੰਨ ਛੇਦਣ ਵੇਲੇ ਨਾਥ ਇਕ ਅਜਿਹੀ ਨਾੜੀ ਕਟਦਾ ਹੈ, ਜਿਸ ਕਰ ਕੇ ਜੋਗੀ ਅੰਦਰ ਕਾਮਵੇਗ ਭਸਮ ਹੋ ਜਾਂਦਾ ਹੈ।

ਕੰਨ ਵਿੰਨ੍ਹਣ ਮਗਰੋਂ ਗੁਰੂ ਬਾਲਕੇ ਨੂੰ ਗੁਰਮੰਤਰ ਦੇਂਦਾ ਹੈ। ਫਿਰ ਨਵਾਂ ਜੋਗੀ ਪਿੰਡੇ ਉਤੇ ਭਸਮ ਰਮਾਂਦਾ ਤੇ ਲੰਗੋਟੀ ਧਾਰਨ ਕਰਦਾ ਹੈ। ਨਾਈ ਬਾਲਕੇ ਦਾ ਸਿਰ ਚੋਟੀ ਸਮੇਤ ਮੁੰਡਦਾ ਹੈ। ਕਈ ਵਾਰ ਗੁਰੂ ਆਪਣੇ ਹੱਥੀਂ ਚੋਟੀ ਨੂੰ ਕਟਦਾ ਹੈ। ਮੁੰਡਣ ਮਗਰੋਂ ਬਾਲਕਾ ਗੁਰੂ ਦੇ ਸਾਹਮਣੇ ਉੱਤਰ-ਪੂਰਬ ਮੁਖ ਹੋ ਕੇ ਬੈਠਦਾ ਹੈ। ਗੁਰੂ ਉਹਨੂੰ ਜੋਗ ਦੇ ਤੌਰ ਤਰੀਕੇ ਸਮਝਾਂਦਾ ਅਤੇ ਜਨੇਊ, ਸਿੰਙੀਨਾਦ ਤੇ ਪਵਿਤ੍ਰੀ ਆਦਿ ਪਹਿਨਾਂਦਾ ਹੈ। ਇਸ ਉਪ੍ਰੰਤ ਜੋਗੀ ਨੂੰ ਨਵਾਂ ਨਾਉਂ ਦਿਤਾ ਜਾਂਦਾ ਹੈ, ਜੋ ਕਿਸੇ ਬੂਟੇ, ਬ੍ਰਿਛ, ਪੰਛੀ, ਜਨੌਰ ਜਾਂ ਕਿਸੇ ਮਹਾਂਪੁਰਸ਼ ਦੇ ਨਾਉਂ ਉਤੇ ਹੁੰਦਾ ਹੈ। ਨਾਲ ਹੀ ਗੁਰੂ ਉਸ ਨੂੰ ਗੇਰੂਏ ਰੰਗ ਦੇ ਕਪੜੇ ਭੇਟ ਕਰਦਾ ਹੈ।

ਜੋਗ ਪੰਥ ਵਿਚ, ਕਿਸੇ ਵੀ ਜਾਤ ਗੋਤ, ਧਰਮ ਤੇ ਸੰਪ੍ਰਦਾਇ ਦੇ ਲੋਕ ਦੀਖਿਆ ਲੈ ਕੇ ਸ਼ਾਮਲ ਹੋ ਸਕਦੇ ਹਨ। ਇਸ ਮਤ ਨੂੰ ਜਿਥੇ ਭਰਥਰੀ ਹਰੀ ਅਤੇ ਗੋਪੀ ਨਾਥ ਵਰਗੇ ਰਾਜਿਆਂ ਨੇ ਧਾਰਨ ਕੀਤਾ, ਉਥੇ ਰਾਂਝੇ ਵਰਗੇ ਮੁਸਲਮਾਨਾਂ ਨੇ ਵੀ ਅਪਣਾਇਆ। ਦੀਖਸ਼ਾ ਕਿਸੇ ਉਮਰ ਵਿਚ ਵੀ ਲਈ ਜਾ ਸਕਦੀ ਹੈ। ਆਮ ਤੌਰ 'ਤੇ ਦੀਖਿਆ ਲਈ ਪੋਹ, ਮਾਘ, ਫੱਗਣ ਤੇ ਚੇਤਰ ਦੇ

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਚਾਰ ਮਹੀਨੇ ਚੁਣੇ ਜਾਂਦੇ ਹਨ। ਪੰਜਾਬ ਵਿਚ ਇਹ ਦੀਖਿਆ ਟਿਲੇ ਦੇ ਮੱਠ ਵਿਚ ਬਸੰਤ ਪੰਚਮੀ ਨੂੰ ਦਿਤੀ ਜਾਂਦੀ ਸੀ। ਦੇਸ਼ ਵੰਡ ਮਗਰੋਂ ਟਿਲਾ ਪਾਕਿਸਤਾਨ ਵਿਚ ਰਹਿ ਜਾਣ ਕਰ ਕੇ ਉਹਦੀ ਥਾਂ ਰੋਹਤਕ ਵਿਚ ਅਸਥਲ ਬੋਹਰ ਦੇ ਮੱਠ ਨੇ ਲੈ ਲਈ। ਉਦੋਂ ਟਿਲੇ ਉਤੇ ਜੋ ਵੀ ਸ਼ਖ਼ਸ ਚਲਾ ਜਾਂਦਾ, ਉਸ ਨੂੰ ਬਿਨਾਂ ਹੀਲ ਹੁੱਜਤ ਦੇ ਦੀਖਿਆ ਦੇ ਦਿਤੀ ਜਾਂਦੀ ਸੀ। ਕਈ ਵਾਰ ਤਾਂ ਇਲਾਕੇ ਦੀਆਂ ਨਿਰਸੰਤਾਨ ਤੀਵੀਆਂ ਬਾਲ ਹੋਣ ਉਤੇ ਟਿਲੇ ਚੜ੍ਹਾ ਦੇਣ ਦੀ ਸੁਖਣਾ ਸੁਖਦੀਆਂ ਸਨ। ਇਹੋ ਬਾਲ ਵਡੇ ਹੋ ਕੇ ਜੋਗੀ ਬਣ ਜਾਂਦੇ ਸਨ।

ਕੰਨ ਵਿਚ ਛੇਦ ਕਰਨ ਮਗਰੋਂ ਜੇ ਜ਼ਖ਼ਮ ਪਕੇ ਨਾ, ਤਾਂ ਇਹ ਸ਼ੁਭ ਸ਼ਗਨ ਹੈ। ਜੋ ਸੱਚੇ ਹਿਰਦੇ ਨਾਲ ਨਾਥ ਬਣਦਾ ਹੈ, ਉਸ ਦਾ ਕੰਨ ਨਹੀਂ ਪਕਦਾ ਅਤੇ ਨਾ ਹੀ ਛੇਦ ਭਰਦਾ ਹੈ। ਧਾਰਨਾ ਹੈ ਕਿ ਜੇ ਕੋਈ ਨਾਥ ਇਨ੍ਹੀਂ ਦਿਨੀਂ ਇਸਤ੍ਰੀ ਦੇ ਮੂੰਹ ਲਗੇ, ਤਾਂ ਉਹਦਾ ਜ਼ਖ਼ਮ ਪਕ ਜਾਂਦਾ ਹੈ। ਸੋ ਕੰਨ ਦੇ ਠੀਕ ਹੋਣ ਤਕ ਨਾਥ ਇਕਾਂਤ ਵਿਚ ਬੈਠਦਾ ਤੇ ਇਸਤ੍ਰੀ ਦੇ ਸਨਮੁਖ ਨਹੀਂ ਹੁੰਦਾ।

**ਭੇਖ :** ਕੰਨ ਪਾਟੇ ਜੋਗੀਆਂ ਦਾ ਵਖਰਾ ਭੇਖ ਹੈ। ਵੈਸੇ ਤਾਂ ਇਨ੍ਹਾਂ ਦੀ ਵਿਲੱਖਣ ਪਛਾਣ ਤਾਂ ਕੰਨ ਵਿਚ ਪਈਆਂ ਮੁੰਦਰਾਂ ਜਾਂ ਕੁੰਡਲ ਹੀ ਹਨ। ਮੁੰਦਰਾਂ ਜੋਗ ਦੇ ਭੇਖ ਦੀ ਪਹਿਲੀ ਪਉੜੀ ਹੈ ਅਤੇ ਇਸ ਪਦ ਦਾ ਸ਼ਾਬਦਿਕ ਅਰਥ ਰੋਕਣਾ ਹੈ। ਮੁੰਦਰਾਂ ਪਹਿਨ ਕੇ ਜੋਗੀ ਦਾ ਮਨ ਸਹਿਜ ਭਾਵ ਵਿਚ ਵਿਕਾਰਾਂ ਵਲੋਂ ਮੁੰਦ ਜਾਂਦਾ ਹੈ ਅਥਵਾ ਉਹ ਆਨੰਦ ਦੀ ਸਥਿਤੀ ਵਿਚ ਵਿਚਰਦਾ ਹੈ। ਇਹ ਵੀ ਧਾਰਨਾ ਹੈ ਕਿ ਮੁੰਦਰਾਂ ਪਹਿਨਣ ਨਾਲ ਜੋਗੀ ਅਨਹਦ ਨਾਦ ਸੁਣਨ ਦੇ ਕਾਬਿਲ ਹੋ ਜਾਂਦਾ ਹੈ ਅਤੇ ਉਸ ਵਿਚ ਰਹੱਸਮਈ ਸ਼ਕਤੀਆਂ ਆ ਜਾਂਦੀਆਂ ਹਨ ਅਤੇ ਉਸ ਨੂੰ ਅਮਰਤਾ ਪ੍ਰਾਪਤ ਹੁੰਦੀ ਹੈ।

ਮੁੰਦਰਾਂ ਲਾਖ, ਹਾਥੀ ਦੰਦ, ਧਾਤ, ਸਿੰਙ ਜਾਂ ਹੱਡੀ ਆਦਿ ਕਿਸੇ ਵੀ ਸਾਮਗ੍ਰੀ ਦੀਆਂ ਹੋ ਸਕਦੀਆਂ ਹਨ। ਵੈਸੇ ਮਿੱਟੀ ਦੀਆਂ ਮੁੰਦਰਾਂ ਪਹਿਨਣੀਆਂ ਸ਼ੁਭ ਮੰਨੀਆਂ ਗਈਆਂ ਹਨ। ਕਿਉਂ ਜੋ ਸ਼ਿਵ ਨੇ ਜਦੋਂ ਗੋਰਖ ਨਾਥ ਦੇ ਕੰਨ ਵਿੰਨ੍ਹੇ ਸਨ, ਤਾਂ ਮਿੱਟੀ ਦੀਆਂ ਮੁੰਦਰਾਂ ਹੀ ਪਹਿਨਾਈਆਂ ਸਨ। ਸ਼ਿਵਜੀ ਨੇ ਵੀ ਜਦੋਂ ਪਹਿਲੀ ਵਾਰ ਕੁੰਡਲ ਧਾਰਨ ਕੀਤਾ, ਤਾਂ ਉਨ੍ਹਾਂ ਨੇ ਆਪਣੇ ਪਿੰਡੇ ਦੀ ਮਿੱਟੀ (ਪਸੀਨੇ ਦੀ ਮੈਲ) ਵਟ ਕੇ ਕੁੰਡਲ ਬਣਾਏ ਅਤੇ ਕੰਨਾਂ ਵਿਚ ਧਾਰਨ ਕੀਤੇ। ਗੋਰਖ ਨਾਥ ਨੇ ਭਰਥਰੀ ਹਰੀ ਨੂੰ ਦੀਖਿਆ ਦੇਣ ਵੇਲੇ ਸਵਾ ਉਂਗਲ ਲੰਮੀਆਂ ਮਿੱਟੀ ਦੀਆਂ ਮੁੰਦਰਾਂ ਪਹਿਨਾਈਆਂ ਸਨ। ਮਿੱਟੀ ਦੇ ਮਗਰੋਂ ਗੈਂਡੇ ਦੇ ਸਿੰਙ ਦੀਆਂ ਮੁੰਦਰਾਂ ਨੂੰ ਵਧੇਰੇ ਪਵਿੱਤਰ ਮੰਨਿਆ ਜਾਂਦਾ ਹੈ। ਕਈ ਅਮੀਰ ਜੋਗੀ ਸੋਨੇ ਜਾਂ ਚਾਂਦੀ ਦੇ ਕੁੰਡਲ ਵੀ ਪਹਿਨਦੇ ਹਨ।

ਜੋਗੀ ਮੁੰਦਰਾਂ ਉਦੋਂ ਤਕ ਨਹੀਂ ਉਤਾਰਦਾ, ਜਦੋਂ ਤਕ ਉਹ ਟੁਟ ਨਾ ਜਾਣ। ਜੇ ਅਚਾਨਕ ਟੁਟ ਜਾਣ ਅਤੇ ਨਵੀਆਂ ਮੁੰਦਰਾਂ ਕੋਲ ਨਾ ਹੋਣ, ਤਾਂ ਜੋਗੀ ਧਾਰਮਿਕ ਕਰਮ ਕਾਂਡ ਜਾਂ ਭੋਜਨ ਛਕਣ ਵੇਲੇ ਆਰਜ਼ੀ ਮੁੰਦਰਾਂ ਪਹਿਨ ਲੈਂਦਾ ਹੈ। ਕਈ ਵਾਰ ਕਿਸੇ ਪੁਰਾਣੇ ਕਪੜੇ ਦੀ ਲੀਰ ਹੀ ਛੇਕਾਂ ਵਿਚੋਂ ਲੰਘਾ ਲਈ ਜਾਂਦੀ ਹੈ। ਮੁੰਦਰਾਂ ਬਗ਼ੈਰ ਜੋਗੀ ਲਈ ਆਪਣੇ ਸਾਥੀਆਂ ਨਾਲ ਅਧਿਆਤਮਕ ਚਰਚਾ ਕਰਨੀ ਵਰਜਿਤ ਹੈ।

ਜੇ ਜੋਗੀ ਦੇ, ਕਿਸੇ ਕਾਰਨ ਕੰਨ ਪਾਟ ਜਾਣ ਅਤੇ ਉਹ ਮੁੰਦਰਾਂ ਧਾਰਨ ਕਰਨ ਤੋਂ ਅਸਮਰੱਥ ਹੋ ਜਾਵੇ, ਤਾਂ ਅਕੀਦੇ ਅਨੁਸਾਰ ਉਹਨੂੰ ਫ਼ੌਰਨ ਪ੍ਰਾਣ ਤਿਆਗ ਦੇਣੇ ਚਾਹੀਦੇ ਹਨ। ਅਜਿਹਾ ਜੋਗੀ ਬਰਾਦਰੀ ਵਿਚੋਂ ਛੇਕ ਦਿਤਾ ਜਾਂਦਾ ਹੈ। ਉਸ ਦੀ ਮ੍ਰਿਤੂ ਮਗਰੋਂ ਉਹਦੀ ਸਮਾਧੀ ਵੀ ਨਹੀਂ ਬਣਾਈ ਜਾਂਦੀ।

ਜੋਗੀਆਂ ਦਾ ਜਨੇਊ ਹਿੰਦੂਆਂ ਨਾਲੋਂ ਕਈ ਗੱਲਾਂ ਵਿਚ ਵੱਖਰਾ ਹੁੰਦਾ ਹੈ। ਇਕ ਤਾਂ ਉਸ ਵਿਚ ਸੂਤਰ ਦੀ ਥਾਂ ਉੱਨ ਵਰਤੀ ਜਾਂਦੀ ਹੈ, ਦੂਜਾ ਉਸ ਵਿਚ ਨੌਂ ਧਾਗੇ ਹੁੰਦੇ ਹਨ, ਜਿਸ ਨੂੰ ਉਹ ਕੰਠ ਦੁਆਲੇ ਧਾਰਨ ਕਰਦਾ ਹੈ।

ਜਨੇਊ ਦੇ ਨਾਲ ਉਂਗਲ ਭਰ ਲੰਮੀ ਸਿੰਙੀ ਬੰਨ੍ਹੀ ਜਾਂਦੀ ਹੈ, ਜੋ ਕਿਸੇ ਪਸ਼ੂ, ਹਿਰਨ ਜਾਂ ਗੈਂਡੇ ਦੇ ਸਿੰਙ ਤੋਂ ਬਣਾਈ ਗਈ ਹੁੰਦੀ ਹੈ। ਇਸ ਨੂੰ ਮੂੰਹ ਨਾਲ ਵਜਾ ਕੇ ਜੋਗੀ ਨਾਦ ਕਢਦਾ ਹੈ। ਸਰਘੀ ਅਤੇ ਸੰਧਿਆ ਵੇਲੇ ਪੂਜਾ ਤੋਂ ਪਹਿਲਾਂ ਅਤੇ ਭੋਜਨ ਛਕਣ ਵੇਲੇ ਸਿੰਙੀ ਵਿਚੋਂ ਧੁਨੀ ਕਢੀ ਜਾਂਦੀ ਹੈ। ਭਿਛਿਆ ਮੰਗਣ ਵੇਲੇ ਜੋਗੀ ਹਰ ਦਰਵਾਜ਼ੇ ਅੱਗੇ ਸਿੰਙੀ ਨਾਦ ਵਜਾਂਦਾ ਹੈ। ਜਨੇਊ ਨਾਲ ਬੱਝੀ ਹੋਣ ਕਰ ਕੇ ਕਈ ਵਾਰ ਜਨੇਊ ਨੂੰ ਹੀ ਸਿੰਙੀਨਾਦ ਜਨੇਊ ਕਹਿ ਲਿਆ ਜਾਂਦਾ ਹੈ।

ਸਿੰਙੀਨਾਦ ਜਨੇਊ ਦੇ ਨਾਲ ਹੀ ਇਕ ਛੱਲਾ ਬੰਨ੍ਹਿਆ ਜਾਂਦਾ ਹੈ, ਜਿਸ ਨੂੰ ਪਵਿਤ੍ਰੀ ਕਹਿੰਦੇ ਹਨ। ਜੋ ਚਪਟੀ ਸ਼ਕਲ ਦੀ ਵੀ ਹੋ ਸਕਦੀ ਹੈ ਅਤੇ ਵੇਲਣੇ ਦੀ ਸ਼ਕਲ ਦੀ ਵੀ। ਪਵਿਤ੍ਰੀ ਹਿਰਨ ਜਾਂ ਗੈਂਡੇ ਦੇ ਸਿੰਙ ਦੀ ਬਣਾ ਲਈ ਜਾਂਦੀ ਹੈ ਅਤੇ ਹੱਡੀ, ਪਿੱਤਲ ਜਾਂ ਕਿਸੇ ਹੋਰ ਧਾਤ ਦੀ ਵੀ। ਇਸ ਉਤੇ ਕਈ ਵਾਰ ਤ੍ਰਿਸ਼ੂਲ ਜਾਂ ਸ਼ਿਵ ਦੀ ਮੂਰਤੀ ਉਕਰੀ ਹੁੰਦੀ ਹੈ। ਇਹ ਜਨੇਊ ਤੇ ਸਿੰਙੀ ਨੂੰ ਪਵਿਤ੍ਰ ਰਖਦੀ ਹੈ। ਕਿਹਾ ਜਾਂਦਾ ਹੈ ਕਿ ਸ਼ਿਵਜੀ ਦੇ ਆਦੇਸ਼ ਤੇ ਜਦੋਂ ਪਾਰਬਤੀ ਨੇ ਗੋਰਖ ਨਾਥ ਦੇ ਕੰਨ ਪਾੜੇ ਸਨ, ਤਾਂ ਉਹਨਾਂ ਨੇ ਗੋਰਖ ਨਾਥ ਨੂੰ ਹਿਰਨ ਦੀ ਪਵਿਤ੍ਰੀ ਭੇਟ ਕੀਤੀ ਸੀ, ਜੋ ਉਸ ਨੇ ਹਮੇਸ਼ਾਂ ਜਨੇਊ ਨਾਲ ਬੰਨ੍ਹੀ ਰਖੀ।

ਜੋਗੀ ਆਪਣੇ ਲਕ ਦੁਆਲੇ ਮੁੰਝ ਦੀ ਬਣੀ ਰੱਸੀ ਵਲ੍ਹੇਟਦੇ ਹਨ, ਜਿਸ ਨੂੰ 'ਮੇਖਲਾ' ਕਿਹਾ ਜਾਂਦਾ ਹੈ। ਇਹਦਾ ਭਾਵ ਹੈ ਕਿ ਜੋਗੀ ਮਨ, ਇੰਦਰੀਆਂ ਅਤੇ ਸੰਸਾਰਕ ਕਮਜ਼ੋਰੀਆਂ ਨਾਲ ਯੁਧ ਕਰਨ ਲਈ ਹਮੇਸ਼ਾਂ ਕਮਰ ਕੱਸੇ ਰਖਦਾ ਹੈ। ਕਈ ਜੋਗੀ ਕਾਲੀ ਉੱਨ ਦਾ ਮੇਖਲਾ ਪਹਿਨਦੇ ਹਨ, ਜੋ ਡੇਢ ਪੋਟਾ ਮੋਟਾ ਹੁੰਦਾ ਹੈ। ਇਕ ਖ਼ਾਸ ਕਿਸਮ ਦਾ ਮੇਖਲਾ 'ਹਾਲ ਮਤੰਗਾ' ਅਖਵਾਉਂਦਾ ਹੈ, ਜਿਸ ਨੂੰ ਧਾਰਨ ਕਰ ਕੇ ਜੋਗੀ ਭਿਛਿਆ ਲਈ ਜਾਂਦਾ ਹੈ। ਇਸ ਮੇਖਲੇ ਵਿਚ ਤਿੰਨ ਬੰਦੇ ਇਕ ਦੂਜੇ ਵਿਚ ਗੁਤ ਵਾਂਗ ਵਲ੍ਹੇਟੇ ਹੁੰਦੇ ਹਨ ਅਤੇ ਹਰੇਕ ਬੰਦੇ ਵਿਚ ਅੱਠ ਧਾਗੇ। ਕਈ ਇਸ ਵਿਚ ਸੋਲਾਂ, ਨੌਂ ਜਾਂ ਬਾਰਾਂ ਧਾਗੇ ਗੁੰਨ੍ਹਦੇ ਹਨ। ਇਸ ਮੇਖਲੇ ਵਿਚੋਂ ਲਾਲ ਰੰਗ ਦਾ ਡੋਰਾ ਲੰਘਾ ਲਿਆ ਜਾਂਦਾ ਹੈ, ਜੋ ਹਨੂਮਾਨ ਦੀ ਬਖ਼ਸ਼ਿਸ਼ ਦਾ ਪ੍ਰਤੀਕ ਹੈ। ਇਸ ਮੇਖਲੇ ਦੇ ਇਕ ਸਿਰੇ ਨਾਲ ਘੰਟੀ ਬਝੀ ਹੁੰਦੀ ਹੈ, ਜੋ ਗੋਡਿਆਂ ਤਕ ਲਟਕੀ ਰਹਿੰਦੀ ਹੈ। ਹਾਲ ਮਤੰਗ ਦੀ ਡੋਰੀ ਕਾਫ਼ੀ ਲੰਮੀ ਹੁੰਦੀ ਹੈ ਅਤੇ ਕਈ ਜੋਗੀ ਇਸ ਨੂੰ ਆਪਣੇ ਸਾਰੇ ਸਰੀਰ ਦੁਆਲੇ ਵਲ੍ਹੇਟ ਲੈਂਦੇ ਹਨ। ਹਾਲ ਮਤੰਗਾ ਪਹਿਨ ਕੇ ਜੋਗੀ ਫਿਰ ਟਿਕ ਕੇ ਨਹੀਂ ਬੈਠਦਾ, ਉਹ ਭਿਛਿਆ ਮੰਗਣ ਲਈ ਜਾਂਦਾ ਅਤੇ ਆਪਣੇ ਕਦਮਾਂ ਨੂੰ ਹਮੇਸ਼ਾਂ ਚਾਲੇ ਪਾਈ ਰਖਦਾ ਹੈ।

ਜੋਗੀ ਭਿਛਿਆ ਮੰਗਣ ਵੇਲੇ ਖੱਪਰ ਜਾਂ ਚਿੱਪੀ ਦੀ ਵਰਤੋਂ ਕਰਦਾ ਹੈ, ਜੋ ਦਰਿਆਈ ਨਾਰੀਅਲ ਦੀ ਬਣੀ ਹੁੰਦੀ ਹੈ। ਭਿਛਿਆ ਹਮੇਸ਼ਾਂ ਚਿੱਪੀ ਵਿਚ ਹੀ ਲਈ ਜਾਂਦੀ ਹੈ, ਜਿਸ ਨੂੰ ਜੋਗੀ ਆਪਣੇ ਮੋਢੇ ਨਾਲ ਲਟਕੀ ਝੋਲੀ ਵਿਚ ਸਮੇਟਦਾ ਜਾਂਦਾ ਹੈ। ਕਈ ਜੋਗੀਆਂ ਦੇ ਹੱਥਾਂ ਵਿਚ ਕਰਮੰਡਲ ਵੀ ਹੁੰਦਾ ਹੈ।

ਕਈ ਜੋਗੀ ਭਿਛਿਆ ਮੰਗਣ ਵੇਲੇ ਕੇਵਲ ਅਲੱਖ ਹੀ ਜਗਾਂਦੇ ਹਨ, ਪਰ ਕਈ ਗੀਤ ਗਾ ਕੇ ਮੰਗਦੇ ਹਨ। ਇਨ੍ਹਾਂ ਗੀਤਾਂ ਨੂੰ ਜੋਗੀੜੇ ਕਿਹਾ ਕਿਹਾ ਜਾਂਦਾ ਹੈ। ਉਨ੍ਹਾਂ ਦੇ ਕੋਲ ਇਕ ਖ਼ਾਸ ਤਰ੍ਹਾਂ ਦਾ ਸਾਜ਼ ਕਿੰਗਰੀ ਹੁੰਦਾ ਹੈ, ਜਿਸ ਨੂੰ ਉਹ ਚਿਕਾਰਾ ਵੀ ਕਹਿੰਦੇ ਹਨ।

ਕੰਨ ਪਾਟੇ ਜੋਗੀ ਆਪਣੇ ਗਲੇ ਵਿਚ ਰੁਦ੍ਰਾਖਸ਼ ਦੀ ਮਾਲਾ ਪਹਿਨਦੇ ਹਨ, ਜਿਸ ਦੇ ਮਣਕੇ ਜਾਪ ਕਰਨ ਵੇਲੇ ਫੇਰੇ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਮਾਲਾ ਵਿਚ 32, 64, 84 ਜਾਂ ਫਿਰ 108 ਮਣਕਿਆਂ ਦਾ ਹੋਣਾ ਵਿਧਾਨ ਹੈ। ਇਕ ਹੋਰ ਛੋਟੀ ਮਾਲਾ ਨੂੰ ਜੋਗੀ ਬਾਂਹ ਵਿਚ ਜਾਂ ਕਲਾਈ ਉਤੇ ਧਾਰਨ ਕਰਦੇ ਹਨ, ਜਿਸ ਨੂੰ 'ਸਿਮਰਨੀ' ਕਹਿੰਦੇ ਹਨ। ਇਸ ਦੇ ਅਠਾਰਾਂ ਜਾਂ ਅਠਾਈ ਮਣਕੇ ਹੁੰਦੇ ਹਨ। ਕਈ ਜੋਗੀ ਰੁਦ੍ਰਾਖਸ਼ ਦੇ ਇਕ ਜਾਂ ਤਿੰਨ ਮਣਕੇ ਜਨੇਊ ਨਾਲ ਵੀ ਬੰਨ੍ਹੀ ਰਖਦੇ ਹਨ।

ਰੁਦ੍ਰਾਖਸ਼ ਦੇ ਮਣਕਿਆਂ ਦਾ ਦੈਵੀ ਮਹੱਤਵ ਹੈ। ਇਨ੍ਹਾਂ ਨੂੰ ਸ਼ਿਵਜੀ (ਰੁਦ੍ਰ) ਦੀ ਤੀਜੀ ਅਦ੍ਰਿਸ਼ਟ ਅੱਖ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਨ੍ਹਾਂ ਮਣਕਿਆਂ ਉਤੇ ਅੱਖ ਦਾ ਚਿੰਨ੍ਹ ਉਕਰਿਆ ਹੁੰਦਾ ਹੈ। ਇਹਦੀ ਮਾਲਾ ਪਹਿਨਣ ਅਤੇ ਜਾਪ ਵੇਲੇ ਫੇਰਨ ਨਾਲ ਜੋਗੀ ਦੀ ਤੀਜੀ ਅੱਖ ਖੁਲ੍ਹ ਜਾਂਦੀ ਹੈ। ਰੁਦ੍ਰਾਖਸ਼ ਬਾਰੇ ਇਕ ਮੁੱਢੀ ਪ੍ਰਚਲਤ ਹੈ ਕਿ ਜਦੋਂ ਸ਼ਿਵਜੀ ਸਤੀ ਦੇ ਵਿਜੋਗ ਵਿਚ ਰੋਏ, ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਦੋ ਅੱਥਰੂ ਵਗੇ ਅਤੇ ਧਰਤੀ ਉਤੇ ਜਾ ਡਿਗੇ, ਉਥੋਂ ਰੁਦ੍ਰਾਖ ਦਾ ਬੂਟਾ ਉਗਿਆ।

ਰੁਦ੍ਰਾਖ ਦਾ ਮਣਕਾ ਕਈ ਮੁੱਖਾ ਹੁੰਦਾ ਹੈ — ਇਕ ਮੁੱਖੇ ਤੋਂ ਲੈ ਕੇ ਇੱਕੀ ਮੁੱਖੇ ਤਕ। ਇਕ ਮੁਖੀ, ਪੰਜ ਮੁਖੀ ਤੇ ਗਿਆਰਾਂ ਮੁਖੀ ਮਣਕੇ ਸ੍ਰੇਸ਼ਟ ਮੰਨੇ ਜਾਂਦੇ ਹਨ। ਇਕ ਮੁਖੀ ਰੁਦ੍ਰਾਖਸ਼ ਕੰਠ ਵਿਚ ਧਾਰਨ ਕਰਨ ਵਾਲੇ ਨੂੰ ਆਂਚ ਨਹੀਂ ਆਉਂਦੀ। ਸ਼ਿਵ ਉਸ ਦੀ ਹਮੇਸ਼ਾਂ ਰੱਖਿਆ ਕਰਦਾ ਹੈ। ਇਥੋਂ ਤਕ ਕਿ ਉਹਦੇ ਤੇ ਸ਼ਸਤ੍ਰ ਦਾ ਵਾਰ ਵੀ ਖ਼ਾਲੀ ਜਾਂਦਾ ਹੈ। ਇਕ ਮੁਖੀ ਰੁਦ੍ਰਾਖ ਦੀ ਪਰਖ ਕਰਨੀ ਹੋਵੇ, ਤਾਂ ਇਹਨੂੰ ਕਿਸੇ ਭੇਡ ਬਕਰੀ ਦੇ ਗਲੇ ਵਿਚ ਬੰਨ੍ਹ ਦਿਓ। ਜੇ ਇਕੋ ਵਾਰ ਨਾਲ ਭੇਡ ਬਕਰੀ ਦੀ ਗਰਦਨ ਕੱਟੀ ਜਾਵੇ, ਤਾਂ ਰੁਦ੍ਰਾਖਸ਼ ਨਕਲੀ ਹੁੰਦਾ ਹੈ, ਨਹੀਂ ਤਾਂ ਅਸਲੀ। ਜਿਸ ਘਰ ਵਿਚ ਇਕ ਮੁਖੀ ਰੁਦ੍ਰਾਖ ਹੋਵੇ, ਉਥੇ ਲੱਛਮੀ ਦਾ ਨਿਵਾਸ ਮੰਨਿਆ ਜਾਂਦਾ ਹੈ। ਪੰਚਮੁਖੀ ਰੁਦ੍ਰਾਖਸ਼ ਜਪ ਤਪ ਅਤੇ ਜੋਗ ਆਦਿ ਲਈ ਸ੍ਰੇਸ਼ਟ ਹੈ, ਕਿਉਂ ਜੋ ਹਨੂਮਾਨ ਨੇ ਇਕ ਵਾਰ ਪੰਜ ਮੁਖ ਧਾਰਨ ਕੀਤੇ ਸਨ। ਤਿੰਨ ਮੁਖਾ ਰੁਦ੍ਰਾਖਸ਼ ਤ੍ਰਿਸ਼ੂਲ ਦਾ ਪ੍ਰਤੀਕ ਹੈ, ਚਾਰ ਮੁਖਾ ਵੇਦਾਂ ਦਾ, ਛੇ ਮੁਖਾ ਖਟ ਸ਼ਾਸਤ੍ਰਾਂ ਦਾ, ਸਤ ਮੁਖਾ ਸੱਤਾਂ ਲੋਕਾਂ ਦਾ, ਅੱਠ ਮੁਖਾ ਦੁਰਗਾ ਦਾ, ਜਿਸ ਦੀਆਂ ਅੱਠ ਭੁਜਾਵਾਂ ਹਨ। ਨੌਂ ਮੁਖਾ ਨੌਂ ਨਾਥਾਂ ਦਾ ਪ੍ਰਤੀਕ ਹੈ ਅਤੇ ਦਸ ਮੁਖਾ ਦਸਾਂ ਅਵਤਾਰਾਂ ਦਾ। ਗਿਆਰਾਂ ਮੁਖਾ ਰੁਦ੍ਰਾਖਸ਼ ਮਹਾਂਦੇਵ ਦਾ ਚਿੰਨ੍ਹ ਹੈ। ਇਹ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ ਅਤੇ ਇਹਨੂੰ ਕੇਵਲ ਬ੍ਰਹਮਚਾਰੀ ਹੀ ਪਹਿਨਦੇ ਹਨ।

ਜੋਗੀ ਪਿੰਡੇ ਉਤੇ ਭਸਮ ਰਮਾਂਦੇ ਹਨ, ਜਿਸ ਦਾ ਭਾਵ ਹੈ ਕਿ ਜੋਗੀ ਦੀਆਂ ਕਦਰਾਂ ਕੀਮਤਾਂ ਮਾਨਵ ਸਮਾਜ ਨਾਲੋਂ ਵੱਖਰੀਆਂ ਹਨ। ਉਹ ਜਿਸ ਸਮਾਜ ਦਾ ਵਾਸੀ ਹੈ, ਉਸ ਵਿਚ ਦੁਨਿਆਵੀ ਮਾਨ ਅਪਮਾਨ ਦੇ ਕੋਈ ਅਰਥ ਨਹੀਂ। ਇਹ ਵੀ ਧਾਰਨਾ ਹੈ ਕਿ ਜਿਵੇਂ ਲਕੜੀ ਜਦੋਂ ਭਸਮ ਹੋ ਜਾਂਦੀ ਹੈ, ਤਾਂ ਉਸ ਵਿਚ ਕਠੋਰਤਾ ਜਾਂ ਹਉਂ ਨਹੀਂ ਰਹਿੰਦਾ। ਉਹ ਆਪਣਾ ਵੱਖਰਾ ਅਸਤਿਤਵ ਗੰਵਾ ਕੇ ਬ੍ਰਹਿਮੰਡ ਦਾ ਹਿੱਸਾ ਬਣ ਜਾਂਦੀ ਹੈ। ਇਸੇ ਤਰ੍ਹਾਂ ਭਸਮ ਰਮਾ ਕੇ ਜੋਗੀ ਆਪਣੀ ਹਉਮੈ ਤੇ ਨਿਜਤਾ ਨੂੰ ਤਿਆਗ ਦਿੰਦਾ ਹੈ, ਉਹ ਸਹਿਨਸ਼ੀਲਤਾ ਨਾਲ ਮਿੱਟੀ ਦੇ ਸਮਾਨ ਜੀਵਨ ਗੁਜ਼ਾਰਦਾ ਹੈ। ਭਸਮ ਮਲਣ ਨਾਲ ਮੌਤ ਹਮੇਸ਼ਾਂ ਚੇਤੇ ਰਹਿੰਦੀ ਹੈ। ਕਈ ਨਾਂਗੇ ਸਾਧੂ ਸਾਰੇ ਪਿੰਡੇ ਉਤੇ ਭਸਮ ਰਮਾਂਦੇ ਹਨ, ਪਰ ਕਈ ਕੇਵਲ ਕੇਸਾਂ ਵਿਚ ਹੀ ਭਸਮੀ ਧੂੜਦੇ ਹਨ। ਭਸਮੀ ਉਸ ਧੂਣੀ ਵਿਚੋਂ ਲਈ ਜਾਂਦੀ ਹੈ, ਜਿਸ ਵਿਚ ਗਊ ਦਾ ਗੋਬਰ ਬਾਲਿਆ ਗਿਆ ਹੋਵੇ। ਸ਼ਿਵਜੀ ਆਪਣੇ ਪਿੰਡੇ ਉਤੇ ਸ਼ਮਸ਼ਾਨ ਦੀ ਭਸਮ ਮਲਿਆ ਕਰਦੇ ਸਨ। ਇਸ ਲਈ ਧੂਣੀ ਵਿਚ ਸ਼ਮਸ਼ਾਨ ਦੀ ਥੋੜੀ ਜਿਹੀ ਭਸਮ ਰਲਾਣ ਦੀ ਪ੍ਰਥਾ ਹੈ। ਕਈ ਜੋਗੀ ਭਸਮ ਦੀ ਥਾਂ ਮਿੱਟੀ ਜਿਸਮ ਉਤੇ ਮਲਦੇ ਹਨ।

ਕਈ ਜੋਗੀ ਆਪਣੇ ਕੋਲ 'ਧੰਧਾਰੀ' ਰਖਦੇ ਹਨ, ਜਿਸ ਨੂੰ ਪੰਜਾਬ ਵਿਚ ਲੋਕੀਂ ਵਿਅੰਗ ਨਾਲ 'ਗੋਰਖ ਧੰਧਾ' ਕਹਿੰਦੇ ਹਨ। ਇਹ ਇਕ ਖ਼ਾਸ ਤਰ੍ਹਾਂ ਦਾ ਚੱਕਰ ਹੈ, ਜਿਸ ਵਿਚ ਲੋਹੇ ਜਾਂ ਲਕੜੀ ਦੀਆਂ ਤੀਲਾਂ ਜੋੜੀਆਂ ਹੁੰਦੀਆਂ ਹਨ। ਇਨ੍ਹਾਂ ਤੀਲਾਂ ਵਿਚ ਸੂਤਰ ਫਸਾ ਦਿਤਾ ਜਾਂਦਾ ਹੈ। ਫਿਰ ਮੰਤਰਾਂ ਦਾ ਜਾਪ ਕਰਦਿਆਂ ਇਸ ਨੂੰ ਉਧੇੜਿਆ ਜਾਂਦਾ ਹੈ। ਧਾਰਨਾ ਹੈ ਕਿ ਮੰਤਰਾਂ ਦਾ ਜਾਪ ਕਰ ਕੇ ਇਸ ਧੰਧੇ ਨੂੰ ਸੁਲਝਾਣ ਅਥਵਾ ਖੋਲਣ ਵਾਲਾ ਜੋਗੀ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ। ਕੰਨ ਪਾਟੇ ਜੋਗੀ ਮੱਥੇ ਉਤੇ ਭਸਮ ਨਾਲ ਤ੍ਰਿਪੁੰਡ ਬਣਾਉਂਦੇ ਹਨ, ਜੋ ਇਕ ਪ੍ਰਕਾਰ ਦੇ ਅੱਧੇ ਚੰਨ ਦੇ ਉਪਰ ਹੇਠਾਂ ਤਿੰਨ ਨਿਸ਼ਾਨ ਹਨ।

ਜੋਗੀ ਗੇਰੂਏ ਰੰਗ ਦੀ ਕਫਨੀ ਪਹਿਨਦੇ ਹਨ, ਜਿਸ ਨੂੰ ਖਿੰਥਾ ਕਿਹਾ ਜਾਂਦਾ ਹੈ। ਇਹ ਫਟੇ ਪੁਰਾਣੇ ਕਪੜਿਆਂ ਨੂੰ ਜੋੜ ਕੇ ਬਣਾਈ ਜਾਂਦੀ ਹੈ। ਜੇ ਇਹਦੇ ਵਿਚ ਰੰਗ-ਬਰੰਗੀਆਂ ਟਾਕੀਆਂ ਜੋੜੀਆਂ ਹੋਣ, ਤਾਂ ਇਹਨੂੰ ਗੋਦੜੀ ਕਹਿੰਦੇ ਹਨ। ਰਵਾਇਤ ਹੈ ਕਿ ਜਦੋਂ ਪਾਰਬਤੀ ਨੇ ਗੋਰਖਨਾਥ ਦੇ ਕੰਨ ਵਿੰਨ੍ਹੇ ਅਤੇ ਸ਼ਿਵਜੀ ਨੇ ਉਨ੍ਹਾਂ ਵਿਚ ਮਿੱਟੀ ਦੀਆਂ ਮੁੰਦਰਾਂ ਪਾਈਆਂ, ਤਾਂ ਗੋਰਖਨਾਥ ਨੇ ਚੋਲਾ ਮੰਗਿਆ। ਉਦੋਂ ਪਾਰਬਤੀ ਨੇ ਆਪਣੇ ਲਹੂ ਵਿਚ ਰੰਗ ਕੇ ਇਕ ਚੋਲਾ ਗੋਰਖ ਨਾਥ ਨੂੰ ਦਿਤਾ, ਇਸੇ ਤੋਂ ਗੇਰੂਏ ਰੰਗ ਦੀ ਕਫਨੀ ਪਹਿਨਣ ਦੀ ਪ੍ਰਥਾ ਚੱਲੀ। ਲਾਲ ਰੰਗ ਹਨੂਮਾਨ ਨਾਲ ਸੰਬੰਧਿਤ ਹੋਣ ਕਰ ਕੇ ਬ੍ਰਹਮਚਰੀਆ ਦਾ ਚਿੰਨ੍ਹ ਵੀ ਮੰਨਿਆ ਜਾਂਦਾ ਹੈ।

ਕੇਸਾਂ ਬਾਰੇ ਜੋਗੀਆਂ ਵਿਚ ਕੋਈ ਵਿਸ਼ੇਸ਼ ਰੀਤ ਨਹੀਂ। ਦੀਖਿਆ ਵੇਲੇ ਜਦੋਂ ਜੋਗੀ ਦਾ ਮੁੰਡਣ ਕੀਤਾ ਜਾਂਦਾ ਹੈ, ਤਾਂ ਗੁਰੂ ਆਪਣੇ ਹੱਥੀਂ ਉਹਦੀ ਚੋਟੀ ਮੁੰਨਦਾ ਹੈ। ਇਸੇ ਲਈ ਕਈ ਜੋਗੀ ਰੋਡ ਮੋਡ ਹੁੰਦੇ ਹਨ। ਪਰ ਸ਼ਿਵ ਜਟਾਧਾਰੀ ਸੀ, ਜਿਸ ਕਰ ਕੇ ਜੋਗੀਆਂ ਵਿਚ ਜਟਾ ਧਾਰਨ ਕਰਨ ਦੀ ਵੀ ਪ੍ਰਥਾ ਹੈ। ਪਰ ਜੋਗੀਆਂ ਵਿਚ ਅੱਧਪਚੱਧਾ ਮੁੰਨਣ ਪ੍ਰਚਲਤ ਨਹੀਂ।

ਜੋਗੀ ਧੂਣੀ ਰਮਾ ਕੇ ਬੈਠਦੇ ਹਨ। ਧੂਣੀ ਵਿਚ ਉਹ ਥੋੜੀ ਜਿਹੀ ਸ਼ਮਸ਼ਾਨ ਦੀ ਭਸਮ ਰਲਾ ਲੈਂਦੇ ਹਨ। ਅੱਗ ਨੂੰ ਸਮੇਟਣ ਲਈ ਉਨ੍ਹਾਂ ਕੋਲ ਨਿਕੀ ਜਿਹੀ 'ਫਾਵੜੀ' ਹੁੰਦੀ ਹੈ। ਤਪ ਕਰਨ ਲਈ ਜੋਗੀ ਆਪਣੇ ਕੋਲ ਟੇਕਣੀ ਜਾਂ ਆਧਾਰੀ ਰਖਦੇ ਹਨ। ਜਦੋਂ ਸਰੀਰ ਥਕ ਜਾਵੇ, ਤਾਂ ਉਹ ਇਹਨੂੰ ਮੋਢੇ ਹੇਠ ਦੇ ਲੈਂਦੇ ਹਨ। ਕਈ ਜੋਗੀਆਂ ਕੋਲ ਇਕ ਚਿਮਟਾ ਹੁੰਦਾ ਹੈ, ਜਿਸ ਨੂੰ ਉਹ ਵਜਾ ਕੇ ਭਿਛਿਆ ਮੰਗਦੇ ਹਨ। ਭਰਥਰੀ ਜੋਗੀ ਆਪਣੇ ਕੋਲ ਸਾਰੰਗੀ ਰਖਦੇ ਹਨ, ਜਿਸ ਉਤੇ ਉਹ ਪੂਰਨ ਨਾਥ, ਭਰਥਰੀ, ਗੋਪੀ ਨਾਥ, ਮਛੰਦਰ ਅਤੇ ਰਾਣੀ ਪਿੰਗਲਾ ਦੇ 'ਜੋਗੀੜੇ' ਗਾਉਂਦੇ ਹਨ। ਕਈ ਜੋਗੀ ਡੰਡਾਧਾਰੀ ਹੁੰਦੇ ਹਨ, ਜੋ ਆਪਣੇ ਹੱਥ ਵਿਚ ਹਮੇਸ਼ਾਂ ਡੰਡਾ ਰਖਦੇ ਹਨ।

**ਪੰਥ :** ਕੰਨ ਪਾਟੇ ਜੋਗੀ ਕਈ ਫ਼ਿਰਕਿਆਂ ਵਿਚ ਵੰਡੇ ਹੋਏ ਹਨ। ਹਰ ਪ੍ਰਸਿਧ ਜੋਗੀ ਨੇ ਆਪਣੇ ਨਾਂ ਦਾ ਵਖਰਾ ਪੰਥ ਚਲਾ ਲਿਆ। ਇਨ੍ਹਾਂ ਦੇ ਪੰਥਾਂ ਦੀ ਸੰਖਿਆ ਤਾਂ ਕਾਫ਼ੀ ਹੈ, ਪਰ ਪ੍ਰਮੁਖ ਬਾਰਾਂ ਮੰਨੇ ਗਏ ਹਨ। ਜਿਹਲਮ ਦੇ ਟਿਲੇ ਦੀਆਂ ਰਵਾਇਤਾਂ ਅਨੁਸਾਰ ਸ਼ੈਵਮਤ ਦੇ ਅਠਾਰਾਂ ਫ਼ਿਰਕੇ ਸਨ ਅਤੇ ਗੋਰਖ ਨਾਥ ਦੇ ਬਾਰਾਂ। ਇਨ੍ਹਾਂ ਦੋਹਾਂ ਸੰਪ੍ਰਦਾਵਾਂ ਵਿਚ, ਕਾਫ਼ੀ ਲੰਮੇ ਅਰਸੇ ਤਕ ਵਾਦ-ਵਿਵਾਦ ਚਲਦਾ ਰਿਹਾ। ਫਲਸਰੂਪ ਸ਼ੈਵਮਤ ਦੇ ਬਾਰਾਂ ਫ਼ਿਰਕੇ ਅਤੇ ਗੋਰਖ ਨਾਥ ਦੇ ਛੇ ਫ਼ਿਰਕੇ ਆਹਿਸਤਾ ਆਹਿਸਤਾ ਆਪਣੀ ਵੱਖਰੀ ਹੋਂਦ ਗੰਵਾ ਬੈਠੇ। ਬਾਕੀ ਜੋ ਬਾਰਾਂ ਫ਼ਿਰਕੇ ਪ੍ਰਚਲਤ ਰਹੇ, ਉਹ ਕੰਨ ਪਾਟੇ ਜੋਗੀਆਂ ਦੇ ਬਾਰਾਂ ਪੰਥ ਬਣੇ। ਇਸ ਰਵਾਇਤ ਤੋਂ ਇਕ ਗੱਲ ਪ੍ਰਗਟ ਹੁੰਦੀ ਹੈ ਕਿ ਗੋਰਖ ਨਾਥ ਦੇ ਪ੍ਰਭਾਵ ਹੇਠ ਸ਼ੈਵਮਤ ਵਿਚ ਕਈ ਤਰ੍ਹਾਂ ਦੇ ਪਰਵਿਰਤਨ ਆਏ ਅਤੇ ਉਹ ਇਕ ਨਵੇਂ ਰੂਪ ਵਿਚ ਉਜਾਗਰ ਹੋਇਆ।

ਜੋਗੀਆਂ ਦੇ ਬਾਰਾਂ ਪ੍ਰਮੁਖ ਪੰਥਾਂ ਵਿਚ ਕਿਹੜੇ ਕਿਹੜੇ ਫ਼ਿਰਕੇ ਗਿਣੇ ਜਾਂਦੇ ਹਨ, ਇਹਦੇ

Sri Satguru Jagjit Singh Ji eLibrary NamdhariElibrary@gmail.com

ਬਾਰੇ ਵੀ ਇਕ ਮੱਤ ਨਹੀਂ । ਮਹਾਨ ਕੋਸ਼ ਅਨੁਸਾਰ ਜੋਗੀਆਂ ਦੇ ਬਾਰਾਂ ਪੰਥ ਇਹ ਹਨ — ਹੇਤੁ, ਪਾਂਵ, ਆਈ, ਗਮਯ, ਪਾਗਲ, ਗੋਪਾਲ, ਕੰਥੜੀ, ਬਨ, ਧਵਜ, ਚੋਲੀ, ਰਾਵਲ ਅਤੇ ਦਾਸ । ਡਾ: ਹਜ਼ਾਰੀ ਪ੍ਰਸਾਦਿ ਦਿਵੇਦੀ ਅਨੁਸਾਰ ਇਹ ਫ਼ਿਰਕੇ ਸਤਯ ਨਾਥੀ, ਧਰਮ ਨਾਥੀ, ਰਾਮ ਨਾਥੀ, ਨਾਟੇਸ਼ਵਰੀ, ਕਨਹੜ, ਕਪਿਲਾਨੀ, ਵੈਰਾਗ ਪੰਥੀ, ਮਾਨ ਨਾਥੀ, ਆਈ ਪੰਥੀ, ਪਾਗਲ ਪੰਥੀ, ਧਜ ਪੰਥੀ ਅਤੇ ਗੰਗਾ ਪੰਥੀ ਹਨ । ਬ੍ਰਿਗਜ਼ ਨੇ 39 ਪੰਥਾਂ ਦੀ ਸੂਚੀ ਦਿਤੀ ਹੈ, ਜੋ ਸਾਰੇ ਭਾਰਤ ਵਿਚ ਬਿਖਰੇ ਹੋਏ ਹਨ ।

ਜੋਗੀਆਂ ਦੇ ਪ੍ਰਸਿਧ ਪੰਥਾਂ ਬਾਰੇ ਇਥੇ ਸੰਖੇਪ ਜਿਹੀ ਵਾਕਫ਼ੀ ਦੇਣੀ ਅਨੁਚਿਤ ਨਹੀਂ ਹੋਵੇਗੀ :

1. ਸੱਤਯ ਨਾਥੀ — ਇਹ ਫ਼ਿਰਕਾ ਪਹਿਲਾਂ ਸ਼ੈਵਮਤ ਨਾਲ ਸੰਬੰਧਿਤ ਸੀ । ਇਸ ਪੰਥ ਦਾ ਮੋਢੀ ਸੱਤਯ ਨਾਥ ਸੀ । ਇਸ ਪੰਥ ਦੀ ਗੱਦੀ ਪੁਰੀ ਵਿਚ ਸਥਾਪਿਤ ਹੈ ਅਤੇ ਇਸ ਦੇ ਕੁਝ ਸੰਘ ਥਨੇਸਰ ਅਤੇ ਕਰਨਾਲ ਵਿਚ ਮਿਲਦੇ ਹਨ । ਇਸ ਫ਼ਿਰਕੇ ਦੀ ਵਿਸ਼ੇਸ਼ ਪਛਾਣ ਟਾਕੀਆਂ ਵਾਲੀ ਟੋਪੀ, ਚੋਗਾ ਅਤੇ ਗੋਦੜੀ ਹੈ । ਇਹ ਜੋਗੀ ਬ੍ਰਹਮਾ ਦੇਵਤੇ ਵਿਚ ਆਸਥਾ ਰਖਦੇ ਹਨ ।

2. ਰਾਮ ਨਾਥੀ — ਇਹ ਜੋਗੀ ਸ਼ੈਵਮਤ ਦੇ ਗੋਪਾਲ ਪੰਥੀ ਫ਼ਿਰਕੇ ਨਾਲ ਸੰਬੰਧਿਤ ਹਨ । ਇਸ ਪੰਥ ਦਾ ਮੋਢੀ ਸੰਤੋਖ ਨਾਥ ਸੀ ਅਤੇ ਇਹਦਾ ਮੁਖ ਅਸਥਾਨ ਗੋਰਖਪੁਰ ਹੈ ।

3. ਧਰਮ ਨਾਥੀ — ਬ੍ਰਿਗਜ਼ ਅਨੁਸਾਰ ਇਸ ਪੰਥ ਦਾ ਮੁਢ ਰਾਜੇ ਧਰਮ ਨਾਥ ਨੇ ਬੰਨ੍ਹਿਆ, ਜੋ ਸੱਤਯ ਨਾਥੀ ਜੋਗੀ ਸੀ । ਧਰਮ ਨਾਥ ਨੌਂਵਾਂ ਨਾਥਾਂ ਵਿਚੋਂ ਇਕ ਸਨ ਅਤੇ ਮਛੰਦਰ ਦੇ ਚੇਲੇ ਸਨ । ਪਰ ਨਰਿੰਦਰ ਧੀਰ ਅਨੁਸਾਰ ਧਰਮ ਨਾਥ ਗੋਰਖ ਦੇ ਸ਼ਿਸ਼ ਸੰਤ ਨਾਥ ਦੇ ਮੁਰੀਦ ਸਨ ਅਤੇ ਇਨ੍ਹਾਂ ਦਾ ਵੱਡਾ ਡੇਰਾ ਨੇਪਾਲ ਵਿਚ ਹੈ । ਬ੍ਰਿਗਜ਼ ਅਨੁਸਾਰ ਇਨ੍ਹਾਂ ਦਾ ਵੱਡਾ ਡੇਰਾ ਗੋਦਾਵਰੀ ਵਿਚ ਹੈ । ਇਨ੍ਹਾਂ ਦਾ ਇਕ ਹੋਰ ਪ੍ਰਸਿਧ ਮੱਠ ਕੱਛ ਵਿਚ ਧਿਨੋਧਰ ਵਿਖੇ ਹੈ ।

4. ਲਛਮਣ ਨਾਥੀ — ਇਹ ਪੰਥ ਵਧੇਰੇ ਕਰ ਕੇ ਪੰਜਾਬ ਅਤੇ ਉੱਤਰੀ ਭਾਰਤ ਵਿਚ ਪ੍ਰਚਲਤ ਰਿਹਾ ਹੈ । ਨਰਿੰਦਰ ਧੀਰ ਅਨੁਸਾਰ ਇਸ ਮੱਤ ਦਾ ਮੋਢੀ ਬਾਬਾ ਬਾਲ ਨਾਥ ਸੀ, ਜਿਸ ਨੇ ਰਾਂਝੇ ਨੂੰ ਜੋਗ ਦਿਤਾ ਸੀ । ਬਾਲ ਨਾਥ ਨੇ ਬਚਪਨ ਵਿਚ ਹੀ ਜੋਗ ਲੈ ਲਿਆ ਸੀ, ਜਿਸ ਕਰ ਕੇ ਉਨ੍ਹਾਂ ਨੂੰ ਬਾਲ ਨਾਥ ਜਾਂ ਲਛਮਣ ਨਾਥ ਕਿਹਾ ਜਾਣ ਲੱਗਾ । ਬ੍ਰਿਗਜ਼ ਅਨੁਸਾਰ ਇਸ ਪੰਥ ਦੀਆਂ ਅੱਗੋਂ ਦੋ ਸ਼ਾਖ਼ਾਂ ਹਨ — ਨਟੇਸਰੀ ਅਤੇ ਦਰਿਆ ਨਾਥੀ । ਦੋਹਾਂ ਵਿਚ ਵੱਡਾ ਫ਼ਰਕ ਇਹ ਸੀ ਕਿ ਨਟੇਸਰੀ ਜੋਗੀ ਟਿਲੇ ਉਤੇ ਹੀ ਵਸਦੇ ਸਨ. ਜਦੋਂ ਕਿ ਦਰਿਆ ਨਾਥੀ ਮੈਦਾਨਾਂ ਵਿਚ ਰਹਿੰਦੇ ਸਨ । ਨਟੇਸਰੀ ਬਚਪਨ ਵਿਚ ਹੀ ਨਾਥ ਮੱਤ ਨੂੰ ਗ੍ਰਹਿਣ ਕਰ ਲੈਂਦੇ ਸਨ । ਛੋਟੇ ਬਾਲਕੇ ਹੋਣ ਕਰ ਕੇ ਇਨ੍ਹਾਂ ਨੂੰ ਨਾਟੇ ਤੇ ਪੰਥ ਨੂੰ ਨਾਟੇਸਰੀ ਕਿਹਾ ਜਾਣ ਲੱਗਾ । ਲਛਮਣ ਨਾਥੀਆਂ ਦਾ ਮੁਖੀ ਡੇਰਾ ਜਿਹਲਮ ਦਾ ਟਿਲਾ ਸੀ । ਅੰਬਾਲਾ ਅਤੇ ਕਰਨਾਲ ਵਿਚ ਵੀ ਇਨ੍ਹਾਂ ਦੇ ਕੁਝ ਹੋਰ ਡੇਰੇ ਸਨ । ਪੰਜਾਬ ਵਿਚ ਇਹੋ ਪੰਥ ਪ੍ਰਧਾਨ ਰਿਹਾ ।

5. ਦਰਿਆ ਨਾਥੀ — ਇਸ ਪੰਥ ਨੇ ਮਗਰੋਂ ਭਾਵੇਂ ਨਵੇਕਲੀ ਹੋਂਦ ਗ੍ਰਹਿਣ ਕਰ ਲਈ, ਪਰ ਕਿਸੇ ਵੇਲੇ ਇਹ ਲਛਮਣ ਨਾਥੀ ਦੀ ਹੀ ਸ਼ਾਖ਼ ਸੀ । ਇਸ ਪੰਥ ਦੇ ਬਹੁਤੇ ਅਨੁਯਾਈ ਉੱਤਰੀ ਭਾਰਤ ਅਤੇ ਪੰਜਾਬ ਵਿਚ ਹੀ ਮਿਲਦੇ ਹਨ । ਬ੍ਰਿਗਜ਼ ਅਨੁਸਾਰ ਇਨ੍ਹਾਂ ਦਾ ਵੱਡਾ ਡੇਰਾ ਸਿੰਧ ਵਿਚ ਉਡਰੋਲਾਲ ਵਿਖੇ ਹੈ, ਜਿਥੇ ਹਮੇਸ਼ਾਂ ਜੋਤ ਜਗਦੀ ਰਹਿੰਦੀ ਹੈ । ਇਥੇ ਜੋਗੀ ਨਵੇਂ ਚੰਨ ਵਾਲੇ ਦਿਨ ਦਰਿਆ, ਨਦੀ ਜਾਂ ਸਰੋਵਰ ਦੇ ਕੰਢੇ ਪੂਜਾ ਕਰਦੇ ਹਨ, ਨਾਲੇ ਫਲ, ਚਾਵਲ, ਗੁੜ ਆਦਿ ਭੇਟ ਕਰਦੇ ਹਨ । ਨਰਿੰਦਰ ਧੀਰ ਅਨੁਸਾਰ ਇਨ੍ਹਾਂ ਦਾ ਪ੍ਰਮੁਖ ਅਸਥਾਨ ਕੋਇਟਾ ਤਥਾ ਅਫ਼ਗਾਨਿਸਤਾਨ ਵਿਚ ਹੈ । ਇਸ ਪੰਥ ਦਾ ਸਬੰਧ ਰਤਨ ਨਾਥ ਨਾਲ ਵੀ ਜੋੜਿਆ ਜਾਂਦਾ ਹੈ ।

6. ਗੰਗਾ ਨਾਥੀ — ਇਸ ਪੰਥ ਦਾ ਮੋਢੀ ਗੰਗਾ ਨਾਥ ਸੀ, ਜੋ ਕਪਿਲ ਮੁਨੀ ਦਾ ਅਨੁਯਾਈ ਸੀ । ਇਸ ਫ਼ਿਰਕੇ ਦਾ ਏਕੀਕਰਣ ਕਪਿਲਾਨੀ ਫ਼ਿਰਕੇ ਨਾਲ ਵੀ ਕੀਤਾ ਜਾਂਦਾ ਹੈ ।

7. ਬੈਰਾਗ ਨਾਥੀ — ਇਹ ਜੋਗੀ ਆਪਣੇ ਆਪ ਨੂੰ ਬੈਰਾਗੀ ਵੀ ਅਖਵਾਉਂਦੇ ਹਨ । ਇਸ ਪੰਥ ਦਾ ਮੋਢੀ ਭਰਥਰੀ ਹਰੀ ਸੀ, ਜਿਸ ਨੇ ਉਜੈਨ ਦਾ ਤਖ਼ਤ ਤਿਆਗ ਕੇ ਬੈਰਾਗ ਲਿਆ ਅਤੇ ਗੋਰਖ ਨਾਥ ਦਾ ਚੇਲਾ ਬਣਿਆ । ਬੈਰਾਗ ਪੰਥੀ ਸਾਰੰਗੀ ਜਾਂ ਡੱਫ ਵਜਾ ਕੇ ਭਿਛਿਆ ਮੰਗਦੇ ਹਨ । ਕਈ ਬੈਰਾਗੀ ਗ੍ਰਿਹਸਤੀ ਵੀ ਹਨ । ਇਹ ਜੋਗੀ ਜ਼ਿਆਦਾਤਰ ਮਾਲਵੇ ਵਿਚ ਮਿਲਦੇ ਹਨ ।

8. ਰਤਨ ਨਾਥੀ — ਇਸ ਪੰਥ ਦਾ ਮੋਢੀ ਰਤਨ ਨਾਥ ਸੀ, ਜਿਸ ਨੂੰ ਕਈ ਭਰਥਰੀ ਹਰੀ ਦਾ ਮੁਰੀਦ ਮੰਨਦੇ ਹਨ, ਪਰ ਕਈ ਮਛੰਦਰ ਦਾ । ਪਰ ਇਨ੍ਹਾਂ ਦੀ ਰਚੀ ਪੁਸਤਕ 'ਰਤਨ ਗਿਆਨ' ਵਿਚ ਲਿਖਿਆ ਹੈ ਕਿ ਉਹ ਮਛੰਦਰ ਦੇ ਮੁਰੀਦ ਸਨ ਅਤੇ ਉਨ੍ਹਾਂ ਦੀ ਮੁਲਾਕਾਤ ਗੋਦਾਵਰੀ ਦੇ ਤਟ ਉਤੇ ਗੋਰਖ ਨਾਥ ਨਾਲ ਹੋਈ । ਰਤਨ ਨਾਥ ਦੀ ਵਧੇਰੇ ਮਾਨਤਾ ਕਾਬਲ ਅਤੇ ਜਲਾਲਾਬਾਦ ਦੇ ਇਲਾਕੇ ਵਿਚ ਹੈ ।

ਰਤਨ ਨਾਥੀ ਮੁੰਦਰਾਂ ਨਹੀਂ ਪਹਿਨਦੇ । ਰਵਾਇਤ ਹੈ ਕਿ ਇਕ ਵਾਰ ਟਿਲੇ ਵਿਖੇ ਰਤਨ ਨਾਥ ਨੂੰ ਤਾੜਿਆ ਗਿਆ ਕਿ ਉਸ ਨੇ ਮੁੰਦਰਾਂ ਕਿਉਂ ਨਹੀਂ ਪਹਿਨੀਆਂ, ਤਾਂ ਰਤਨ ਨਾਥ ਨੇ ਆਪਣੀ ਛਾਤੀ ਪਾੜ ਕੇ ਵਿਖਾਂਦਿਆਂ ਕਿਹਾ ਕਿ ਉਨ੍ਹਾਂ ਨੇ ਦਿਲ ਵਿਚ ਮੁੰਦਰਾਂ ਧਾਰਨ ਕੀਤੀਆਂ ਹੋਈਆਂ ਹਨ । ਰਤਨ ਨਾਥ ਦਾ ਸਬੰਧ ਦਰਿਆ ਨਾਥੀਆਂ ਨਾਲ ਵੀ ਜੋੜਿਆ ਜਾਂਦਾ ਹੈ ।

9. ਰਾਵਲ ਪੰਥੀ — ਰਾਵਲ ਜ਼ਿਆਦਾਤਰ ਮੁਸਲਮਾਨ ਜੋਗੀ ਹੁੰਦੇ ਹਨ । ਇਨ੍ਹਾਂ ਦਾ ਵੱਡਾ ਡੇਰਾ ਕਦੇ ਰਾਵਲਪਿੰਡੀ ਵਿਚ ਸੀ ਅਤੇ ਇਨ੍ਹਾਂ ਨੇ ਇਸ ਨਗਰ ਨੂੰ ਆਪਣਾ ਨਾਂ ਦਿਤਾ । ਇਹ ਜੋਗੀ ਸਰਹੱਦੀ ਸੂਬੇ ਅਤੇ ਅਫ਼ਗਾਨਿਸਤਾਨ ਤਕ ਫੈਲੇ ਹੋਏ ਮਿਲਦੇ ਹਨ । ਇਹ ਆਪਣੀ ਉਤਪਤੀ ਸ਼ਿਵ ਤੋਂ ਹੋਈ ਮੰਨਦੇ ਹਨ । ਰਾਵਲ ਪੰਥੀਆਂ ਦੀਆਂ ਦੋ ਸ਼ਾਖ਼ਾਂ ਹਨ — ਮਾਦੀਆ ਤੇ ਗਲ । ਮਾਦੀਆ ਵਧੇਰੇ ਪਠਾਨ ਹੁੰਦੇ ਹਨ ਅਤੇ ਸਰਹੱਦੀ ਪ੍ਰਾਂਤ ਵਿਚ ਮਿਲਦੇ ਹਨ । ਗਲ ਆਪਣਾ ਸਬੰਧ ਰੋਹਤਕ ਦੇ ਬੋਹਰ ਮਠ ਅਥਵਾ ਪਾਗਲ ਪੰਥੀ ਨਾਥਾਂ ਨਾਲ ਜੋੜਦੇ ਹਨ ।

ਰਾਵਲ ਜੋਗੀ ਲੋਕਾਂ ਦਾ ਹੱਥ ਵੇਖਦੇ ਅਤੇ ਰਮਲ ਸੁਟ ਕੇ ਪੱਤਰੀ ਵਾਚਦੇ ਹਨ, ਜਿਸ ਕਰ ਕੇ ਰਾਵਲ ਸ਼ਬਦ ਰਮਲ ਦਾ ਵਿਕ੍ਰਿਤ ਰੂਪ ਸਮਝਿਆ ਜਾਂਦਾ ਹੈ । ਪਰ ਰਾਜਪੂਤਾਨੇ ਦੇ ਇਲਾਕੇ ਵਿਚ ਰਾਵਲ ਉਪਾਧੀ ਵਜੋਂ ਵਰਤਿਆ ਜਾਂਦਾ ਹੈ, ਜਿਸ ਦਾ ਭਾਵ ਹੈ ਹਾਕਮ, ਸ਼ਾਹ ਅਤੇ ਇਹ ਪਦ ਨਾਥ ਦਾ ਹੀ ਪਰਿਆਇ ਹੈ (ਗਲਾਸਰੀ 2,389) । ਇਸ ਲਈ ਰਾਵਲ ਦੇ ਅਸਲੇ ਬਾਰੇ ਨਿਰਣੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ।

10. ਆਈ ਪੰਥੀ — ਇਸ ਪੰਥ ਦੇ ਮੋਢੀ ਬਾਰੇ ਨਿਸਚਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ । ਬ੍ਰਿਗਜ਼ ਅਨੁਸਾਰ ਹਰਦੁਆਰ ਦੇ ਆਈ ਪੰਥੀ ਆਪਣੇ ਆਪ ਨੂੰ ਪੀਰ ਪਾਰਸ ਨਾਥ ਦੇ ਅਨੁਯਾਈ ਦਸਦੇ ਹਨ । ਆਈ ਸ਼ਬਦ ਮਾਈ ਤੋਂ ਵਿਗੜ ਕੇ ਬਣਿਆ ਹੈ । ਇਹ ਲੋਕ ਆਪਣੇ ਨਾਉਂ ਦੇ ਪਿਛੇ ਨਾਥ ਦੀ ਥਾਂ ਆਈ ਪਦ ਵਰਤਣ ਲੱਗੇ, ਪਰ ਮਗਰੋਂ ਮਸਤ ਨਾਥ ਦੇ ਸਮੇਂ ਤੋਂ ਇਹ ਵੀ ਨਾਥ ਅਖਵਾਣ ਲੱਗੇ । ਆਈ ਪੰਥ ਦਾ ਹਰਦਵਾਰ ਵਿਚ ਮਹੱਤਵਪੂਰਣ ਅਸਥਾਨ ਹੈ ।

ਕਈ ਇਸ ਪੰਥ ਦਾ ਸਬੰਧ 'ਕਾਰਕਾਈ' ਸੰਪ੍ਰਦਾਇ ਨਾਲ ਜੋੜਦੇ ਹਨ, ਜਿਸ ਦਾ ਮੁਢ ਬਿਮਲਾ ਦੇਵੀ ਤੋਂ ਬਝਿਆ, ਜੋ ਗੋਰਖ ਨਾਥ ਦੀ ਚੇਲੀ ਸੀ । ਬਿਮਲਾ ਦੇਵੀ ਦੇ ਅਨੁਯਾਈਆਂ ਨੂੰ ਚੇਲੀ ਨਾਥੀ ਵੀ ਕਿਹਾ ਜਾਂਦਾ ਹੈ, ਜੋ ਇਕ ਵੱਖਰਾ ਪੰਥ ਬਣ ਗਿਆ ਹੈ ।

11. ਕਪਿਲਾਨੀ — ਇਸ ਸੰਪ੍ਰਦਾਇ ਦਾ ਸਬੰਧ ਕਪਿਲ ਮੁਨੀ ਨਾਲ ਜੋੜਿਆ ਜਾਂਦਾ ਹੈ । ਕਿਹਾ ਜਾਂਦਾ ਹੈ ਕਿ ਇਸ ਪੰਥ ਦਾ ਮੁਢ ਗੋਰਖ

Sri Satguru Jagjit Singh Ji eLibrary NamdhariElibrary@gmail.com

ਨਾਥ ਦੇ ਇਕ ਚੇਲੇ ਕਪਿਲ ਮੁਨੀ ਤੋਂ ਬਝਿਆ। ਇਸ ਪੰਥ ਨੂੰ 'ਕਪਿਲ ਦਿਓ ਕੇ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਪ੍ਰਮੁਖ ਅਸਥਾਨ ਗੰਗਾ ਸਾਗਰ ਵਿਚ ਹੈ। ਇਥੇ ਹੀ ਕਦੇ ਕਪਿਲ ਮੁਨੀ ਦਾ ਆਸ਼ਰਮ ਹੁੰਦਾ ਸੀ। ਕਪਿਲ ਮੁਨੀ ਨੇ ਸਾਂਖ ਸ਼ਾਸਤ੍ਰੀ ਦੀ ਰਚਨਾ ਕੀਤੀ ਅਤੇ ਉਹ ਈਸ਼ਵਰ ਦੀ ਹੋਂਦ ਨਹੀਂ ਸੀ ਮੰਨਦਾ। ਸਾਂਖ ਦਰਸ਼ਨ ਅਤੇ ਅਨੀਸ਼ਵਰਵਾਦੀ ਯੋਗੀਆਂ ਵਿਚ ਕਾਫ਼ੀ ਸਾਂਝ ਹੈ। ਹੋ ਸਕਦਾ ਹੈ ਕਿ ਜਿਹੜੇ ਅਨੀਸ਼ਵਰਵਾਦੀ ਜੋਗੀ ਗੋਰਖ ਪੰਥ ਵਿਚ ਸ਼ਾਮਿਲ ਹੋਏ ਹੋਣ, ਉਹ ਆਪਣੇ ਆਪ ਨੂੰ ਕਪਿਲ ਕੇ ਜਾਂ ਕਪਿਲਾਨੀ ਅਖਵਾਨ ਲੱਗ ਪਏ ਹੋਣ।

12. ਧਜਾ ਪੰਥੀ — ਇਸ ਪੰਥ ਨੂੰ ਹਨੂਮਾਨ ਨਾਥੀ ਵੀ ਕਹਿੰਦੇ ਹਨ ਅਤੇ ਇਨ੍ਹਾਂ ਦਾ ਸੰਬੰਧ ਮਹਾਬੀਰ (ਹਨੂਮਾਨ) ਨਾਲ ਦਸਿਆ ਜਾਂਦਾ ਹੈ। ਵੰਡ ਤੋਂ ਪਹਿਲਾਂ ਜਿਹਲਮ ਦੇ ਟਿੱਲੇ ਵਿਚ ਇਸ ਪੰਥ ਦੇ ਜੋਗੀ ਮਿਲਦੇ ਸਨ। ਇਹ ਜੋਗੀ ਆਪਣੇ ਨਾਲ ਇਕ ਝੰਡੀ ਜਾਂ ਧਜਾ ਚੁਕੀ ਫਿਰਦੇ ਹਨ।

13. ਕਾਨੀ ਪਾ — ਇਸ ਪੰਥ ਦਾ ਮੋਢੀ ਕਾਨੀਪਾ ਸੀ। ਗੋਪੀ ਚੰਦ ਕਾਨੀਪਾ ਦਾ ਚੇਲਾ ਹੋਣ ਕਰ ਕੇ ਇਸੇ ਪੰਥ ਨਾਲ ਸੰਬੰਧਿਤ ਸੀ। ਇਸੇ ਲਈ ਇਸ ਪੰਥ ਨੂੰ ਗੋਪੀ ਚੰਦੀ ਵੀ ਕਹਿ ਲਿਆ ਜਾਂਦਾ ਹੈ।

14. ਗੋਪਾਲ ਪੰਥੀ — ਇਹ ਜੋਗੀ ਕ੍ਰਿਸ਼ਨ ਨੂੰ ਪੂਜਦੇ ਹਨ ਅਤੇ ਗਊਆਂ ਨੂੰ ਲਈ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰਦੇ ਫਿਰਦੇ ਹਨ। ਇਸ ਪੰਥ ਦਾ ਮੋਢੀ ਸੰਤੋਸ਼ ਨਾਥ ਸੀ ਅਤੇ ਇਨ੍ਹਾਂ ਦਾ ਪ੍ਰਮੁਖ ਅਸਥਾਨ ਬਿੰਦਰਾਬਨ ਹੈ।

15. ਪਾਂਵ ਨਾਥੀ — ਇਸ ਪੰਥ ਦਾ ਮੋਢੀ ਜਲੰਧਰ ਪਾ ਸੀ, ਜਿਸ ਨੂੰ ਗੋਪੀ ਚੰਦ ਦਾ ਅਨੁਯਾਈ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਪ੍ਰਧਾਨ ਅਸਥਾਨ ਜੈਪੁਰ ਹੈ। ਬੀਨ ਵਜਾਣ ਵਾਲੇ ਸਪੇਰੇ ਪਾਂਵ ਨਾਥੀ ਅਖਵਾਉਂਦੇ ਹਨ।

16. ਕੰਥੜ ਪੰਥੀ — ਇਸ ਪੰਥ ਨੂੰ ਕਨੂੜ ਮੱਤ ਵੀ ਕਹਿੰਦੇ ਹਨ। ਇਸ ਦਾ ਮੋਢੀ ਗਣੇਸ਼ ਨੂੰ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਮੁਖ ਅਸਥਾਨ ਕੱਛ ਵਿਚ ਮਾਨਫਲ ਦਾ ਸਥਾਨ ਹੈ। ਪੰਜਾਬ ਦੇ ਨਾਲ ਲੱਗਦੇ ਪਹਾੜੀ ਇਲਾਕੇ ਅਤੇ ਨੇਪਾਲ ਵਿਚ ਇਸ ਮੱਤ ਦੇ ਪੈਰੋਕਾਰ ਕਾਫ਼ੀ ਮਾਤਰਾ ਵਿਚ ਮਿਲਦੇ ਹਨ।

17. ਪਾਗਲ ਪੰਥੀ — ਇਹ ਜੋਗੀ ਚੌਰੰਗੀ ਨਾਥ ਦੇ ਮੁਰੀਦ ਹਨ। ਚੌਰੰਗੀ ਨਾਥ ਪੂਰਨ ਭਗਤ ਦਾ ਹੀ, ਜੋਗ ਮੱਤ ਧਾਰਨ ਮਗਰੋਂ ਰਖਿਆ, ਨਾਉਂ ਸੀ। ਇਸ ਪੰਥ ਦਾ ਪ੍ਰਧਾਨ ਅਸਥਾਨ ਸਿਆਲਕੋਟ ਵਿਚ ਪੂਰਨ ਨਾਥ ਦਾ ਖੂਹ ਹੈ। ਇਨ੍ਹਾਂ ਦੀ ਬਹੁਤੀ ਗਿਣਤੀ ਹਿਮਾਚਲ ਪ੍ਰਦੇਸ਼ ਵਿਚ ਮਿਲਦੀ ਹੈ।

ਇਨ੍ਹਾਂ ਜੋਗੀਆਂ ਨੂੰ ਚੌਰੰਗੀ ਨਾਥੀ ਵੀ ਕਹਿੰਦੇ ਹਨ। ਹੌਲੇ ਹੌਲੇ ਇਨ੍ਹਾਂ ਜੋਗੀਆਂ ਦਾ ਨਾਉਂ ਚੌਰੰਗੀ ਨਾਥੀ ਤੋਂ ਵਿਗੜ ਕੇ ਰੰਗੀ ਨਾਥੀ ਪੈ ਗਿਆ ਅਤੇ ਇਹ ਇਕ ਵਖਰੇ ਪੰਥ ਦਾ ਰੂਪ ਧਾਰਨ ਕਰ ਗਿਆ।

18. ਵਾਮ ਮਾਰਗੀ ਨਾਥੀ — ਇਹ ਜੋਗੀ ਅਘੋਰੀ ਹੁੰਦੇ ਹਨ, ਸ਼ਮਸ਼ਾਨ ਭੂਮੀ ਵਿਚ ਰਹਿੰਦੇ ਅਤੇ ਮਾਸ ਮੁਦਰਾ ਦੀ ਵਰਤੋਂ ਰੋਜ਼ ਕਰਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਭਖ ਅਭਖ, ਜੋ ਮਿਲੇ ਡਕਾਰ ਜਾਂਦੇ ਹਨ। ਇਹ ਨਾਥ ਕਾਪਾਲਿਕਾ ਨਾਲ ਕਾਫ਼ੀ ਸਮਾਨਤਾ ਰਖਦੇ ਹਨ।

19. ਜ਼ਾਫ਼ਰ ਪੀਰ—ਇਹ ਨਾਥ ਜ਼ਿਆਦਾਤਰ ਮੁਸਲਮਾਨ ਹਨ। ਇਸ ਫ਼ਿਰਕੇ ਦਾ ਸਬੰਧ ਹਾਜੀ ਰਤਨ ਨਾਲ ਜੋੜਿਆ ਜਾਂਦਾ ਹੈ, ਜੋ ਬਠਿੰਡੇ ਦੇ ਰਹਿਣ ਵਾਲੇ ਸਨ। ਇਨ੍ਹਾਂ ਦਾ ਮੱਤ ਖ਼ੁਰਾਸਾਨ, ਕਾਬਿਲ, ਜਲਾਲਾਬਾਦ ਅਤੇ ਪਿਸ਼ਾਵਰ ਆਦਿ ਸਰਹੱਦੀ ਅਤੇ ਪਠਾਣੀ ਇਲਾਕੇ ਵਿਚ ਫੈਲਿਆ ਹੋਇਆ ਸੀ। ਕਈ ਲੋਕ ਇਨ੍ਹਾਂ ਜੋਗੀਆਂ ਦਾ ਸਬੰਧ ਰਾਂਝੇ ਨਾਲ ਵੀ ਜੋੜਦੇ ਹਨ।

20. ਹਾਂਡੀ ਭਰੰਗ — ਇਸ ਪੰਥ ਦਾ ਮੁੱਢ ਗੋਰਖ ਨਾਥ ਦੇ ਇਕ ਚੇਲੇ ਸ਼ਕਰ ਨਾਥ ਤੋਂ ਬਝਿਆ। ਗੋਰਖ ਨਾਥ ਦੇ ਲਾਂਗਰੀ ਨੇ ਇਨ੍ਹਾਂ ਨੂੰ ਲੰਗਰ ਵਾਸਤੇ ਤਿਆਰ ਹੋਈ ਦਾਲ ਚੱਖਣ ਲਈ ਪਹਿਲੋਂ ਹੀ ਦੇ ਦਿਤੀ। ਗੋਰਖ ਨਾਥ ਨੂੰ ਇਹ ਗੱਲ ਪਸਿੰਦ ਨਾ ਆਈ ਅਤੇ ਉਨ੍ਹਾਂ ਨੇ ਸ਼ਕਰਨਾਥ ਨੂੰ ਇਸ ਕਸੂਰ ਬਦਲੇ ਗਲੇ ਵਿਚ ਹਾਂਡੀ ਬੰਨ੍ਹ ਕੇ ਚਾਰ ਸਾਲਾਂ ਤਕ ਭਿਛਿਆ ਮੰਗਵਾਈ। ਮਗਰੋਂ ਇਨ੍ਹਾਂ ਨੇ ਇਕ ਵੱਖਰਾ ਪੰਥ ਚਲਾਇਆ। ਇਨ੍ਹਾਂ ਦਾ ਮੁਖ ਅਸਥਾਨ ਪੂਨਾ ਹੈ।

ਇਸੇ ਤਰ੍ਹਾਂ ਦੇ ਨਿਕੇ ਮੋਟੇ ਕਈ ਹੋਰ ਪੰਥ ਹਨ।

**ਪੂਜ ਅਸਥਾਨ ਅਤੇ ਮੇਲੇ :** ਕੰਨ ਪਾਟੇ ਜੋਗੀ ਸ਼ੈਵ ਸੰਪ੍ਰਦਾਇ ਨਾਲ ਸਬੰਧਿਤ ਹੋਣ ਕਰ ਕੇ ਉਨ੍ਹਾਂ ਸਭ ਤੀਰਥਾਂ ਅਤੇ ਅਸਥਾਨਾਂ ਨੂੰ ਮਾਨਤਾ ਦੇਂਦੇ ਹਨ, ਜਿਨ੍ਹਾਂ ਦਾ ਸ਼ਿਵ, ਸ਼ਕਤੀ ਅਤੇ ਭੈਰੋਂ ਨਾਲ ਵਾਸਤਾ ਹੈ। ਕਾਂਸ਼ੀ, ਪ੍ਰਯਾਗ, ਹਰਦੁਆਰ ਅਤੇ ਬਦਰੀ ਨਾਥ ਆਦਿ ਅਠਾਹਠ ਪਵਿਤਰ ਤੀਰਥਾਂ ਦੀ ਯਾਤਰਾ ਕਰਨਾ ਵੀ ਵਿਧਾਨ ਹੈ। ਪਰ ਇਨ੍ਹਾਂ ਦੇ ਕੁਝ ਪੂਜ ਅਸਥਾਨ ਨਿਵੇਕਲੇ ਹਨ, ਜਿਥੇ ਕੇਵਲ ਜੋਗੀ ਹੀ ਯਾਤਰਾ ਲਈ ਜਾਂਦੇ ਹਨ ਜਿਵੇਂ ਟਿੱਲਾ, ਹਿੰਗਲਾਜ ਆਦਿ। ਕੁਝ ਪਵਿਤ੍ਰ ਅਸਥਾਨ ਗੋਰਖ ਨਾਥ, ਮਛੰਦਰ, ਪੂਰਨ ਨਾਥ ਆਦਿ ਨਾਥਾਂ ਨਾਲ ਸਬੰਧਿਤ ਹਨ, ਜਿਨ੍ਹਾਂ ਦੀ ਯਾਤਰਾ ਕਰਨ ਨਾਲ ਜੋਗ ਦੀ ਭਾਵਨਾ ਨੂੰ ਬਲ ਮਿਲਦਾ ਮੰਨਿਆ ਜਾਂਦਾ ਹੈ।

ਕੰਨ ਪਾਟੇ ਜੋਗੀਆਂ ਦੀਆਂ ਮਿਥਿਹਾਸਕ ਕਥਾਵਾਂ ਅਨੁਸਾਰ ਉਨ੍ਹਾਂ ਦਾ ਪੰਥ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਦਾ ਹੈ। ਗੋਰਖ ਨਾਥ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਵੇਲੇ, ਵਿਸ਼ਨੂੰ ਨੂੰ ਆਪਣੀ ਧੂਣੀ ਵਿਚੋਂ ਸਵਾਹ ਦੀ ਮੁੱਠ ਦਿਤੀ ਸੀ ਅਤੇ ਵਿਸ਼ਨੂੰ ਉਨ੍ਹਾਂ ਦੇ ਪਹਿਲੇ ਮੁਰੀਦ ਬਣੇ ਸਨ। ਗੋਰਖ ਨਾਥ ਹਰ ਯੁਗ ਵਿਚ ਭਿੰਨ ਭਿੰਨ ਥਾਂਵਾਂ ਉਤੇ ਪ੍ਰਗਟ ਹੁੰਦੇ ਰਹੇ। ਸਤਿਯੁਗ ਵਿਚ ਪੇਸ਼ਾਵਰ ਵਿਚ, ਤ੍ਰੇਤੇ ਵਿਚ ਗੋਰਖਪੁਰ ਵਿਖੇ; ਦੁਆਪਰ ਯੁਗ ਵਿਚ ਦਵਾਰਕਾ ਦੇ ਨੇੜੇ ਹੁਰਮੁਦ ਵਿਚ ਅਤੇ ਕਲਜੁਗ ਵਿਚ ਗੋਰਖ ਮਾੜੀ ਵਿਖੇ। ਇਨ੍ਹਾਂ ਸਭਨਾਂ ਥਾਵਾਂ ਦੀ ਜੋਗੀਆਂ ਵਿਚ ਬੜੀ ਮਾਨਤਾ ਹੈ।

ਪੰਜਾਬ ਵਿਚ ਕੰਨ ਪਾਟੇ ਜੋਗੀਆਂ ਦਾ ਪ੍ਰਸਿਧ ਡੇਰਾ ਗੋਰਖ ਟਿਲਾ, ਜੋ ਕਿਸੇ ਵੇਲੇ ਭਾਰਤ ਦੇ ਸਾਰੇ ਜੋਗੀਆਂ ਦਾ ਕੇਂਦਰੀ ਅਸਥਾਨ ਰਿਹਾ। ਇਹ ਟਿਲਾ ਜਿਹਲਮ ਤੋਂ ਉੱਤਰ ਦੱਖਣ ਵਲ ਪੰਜੀ ਮੀਲ ਦੂਰ, ਨਿਮਕ ਦੀਆਂ ਪਹਾੜੀਆਂ ਦੇ ਖੇਤਰ ਵਿਚ, ਸਤਹ ਸਮੁੰਦਰ ਤੋਂ 3424 ਫ਼ੁਟ ਉਚਾ ਸਥਿਤ ਹੈ। ਇਸ ਟਿਲੇ ਤੋਂ ਪ੍ਰਕ੍ਰਿਤੀ ਦਾ ਬੜਾ ਸੁੰਦਰ ਨਜ਼ਾਰਾ ਦਿਸਦਾ ਹੈ। ਟਿਲੇ ਤੋਂ ਇਕ ਤਾਂ ਬਰਫ਼ਾਂ ਲਦੀਆਂ ਹਿਮਾਲਾ ਦੀਆਂ ਚੋਟੀਆਂ ਵਿਖਾਈ ਦੇਂਦੀਆਂ ਹਨ। ਦੂਜਾ, ਹੇਠਾਂ ਵਲ ਜਿਹਲਮ ਦਾ ਪ੍ਰਵਾਹ ਬੜਾ ਲੁਭਾਵਣਾ ਹੈ। ਇਹ ਅਸਥਾਨ ਉੱਤਰੀ ਭਾਰਤ ਵਿਚ ਸਭ ਤੋਂ ਪ੍ਰਾਚੀਨ ਧਾਰਮਿਕ ਅਸਥਾਨ ਮੰਨਿਆ ਜਾਂਦਾ ਹੈ। ਰਵਾਇਤ ਹੈ ਕਿ ਤ੍ਰੇਤੇ ਯੁਗ ਵਿਚ ਰਾਮ ਚੰਦਰ ਤੋਂ ਕੁਝ ਦੇਰ ਬਾਅਦ ਗੋਰਖ ਨਾਥ ਪੂਰਬਲੇ ਜਨਮ ਵਿਚ ਇਥੇ ਆ ਕੇ ਠਹਿਰੇ ਸਨ ਅਤੇ ਉਨ੍ਹਾਂ ਦੇ ਅਨੁਯਾਈ ਬਾਲ ਨਾਥ ਨੂੰ ਆਪਣਾ ਮੁਰੀਦ ਬਣਾਇਆ ਸੀ। ਕਿਸੇ ਵੇਲੇ ਇਸ ਟਿਲੇ ਦਾ ਨਾਂ ਬਾਲ ਨਾਥ ਦਾ ਟਿਲਾ ਸੀ। ਇਥੇ ਭਰਥਰੀ ਹਰੀ ਅਤੇ ਅਨੇਕਾਂ ਹੋਰ ਜੋਗੀਆਂ ਦੀਆਂ ਸਮਾਧਾਂ ਸਨ, ਜਿਨ੍ਹਾਂ ਨੂੰ ਨਾਦਰ ਸ਼ਾਹ ਨੇ 1748 ਈਸਵੀ ਵਿਚ ਆਪਣੇ ਇਕ ਹੱਲੇ ਦੇ ਦੌਰਾਨ ਤਬਾਹ ਕਰ ਦਿਤਾ। ਦੇਸ਼ ਵੰਡ ਤੋਂ ਪਹਿਲਾਂ ਇਥੋਂ ਦਾ ਪੀਰ ਹੀ ਕੰਨ ਪਾਟੇ ਜੋਗੀਆਂ ਦਾ ਮੁਖੀ ਪੀਰ ਮੰਨਿਆ ਜਾਂਦਾ ਸੀ। ਇਥੇ ਬਸੰਤ ਪੰਚਮੀ ਨੂੰ ਇਕ ਭਾਰੀ ਮੇਲਾ ਲਗਿਆ ਕਰਦਾ ਸੀ। ਇਸ ਦਿਨ ਅਨੇਕਾਂ ਬਾਲਕੇ ਜੋਗ ਮੱਤ ਦੀ ਦੀਖਸ਼ਾ ਲਿਆ ਕਰਦੇ ਸਨ।

ਸਿਆਲਕੋਟ ਵਿਚ ਪੂਰਨ ਦਾ ਖੂਹ ਹੈ, ਜਿਥੋਂ ਦਾ ਜਲ ਜੋਗੀ ਅਮ੍ਰਿਤ ਸਮਾਨ ਸਮਝਦੇ ਹਨ। ਪੂਰਨ ਦੇ ਖੂਹ ਉਤੇ ਹਰ ਐਤਵਾਰ ਜਾਂ ਨਵੇਂ ਚੰਨ ਨੂੰ ਤੀਵੀਆਂ ਇਸ਼ਨਾਨ ਕਰਨ ਲਈ ਆਉਂਦੀਆਂ ਹਨ। ਇਸ ਖੂਹ ਦੇ ਪਾਣੀ ਵਿਚ

Sri Satguru Jagjit Singh Ji eLibrary NamdhariElibrary@gmail.com

ਬੜੀ ਬਰਕਤ ਮੰਨੀ ਗਈ ਹੈ। ਇਸ ਦੇ ਪੀਣ ਤੇ ਇਸ਼ਨਾਨ ਨਾਲ ਬਾਂਝਪਨ ਅਤੇ ਕਈ ਹੋਰ ਰੋਗਾਂ ਦਾ ਨਿਵਾਰਣ ਹੁੰਦਾ ਹੈ।

ਪੂਰਨ ਨਾਲ ਸਬੰਧਿਤ ਇਕ ਹੋਰ ਸਥਾਨ ਰੋਹਤਕ ਵਿਚ ਅਸਥਲ ਬੋਹਰ ਵਿਖੇ ਹੈ, ਜਿਥੇ ਜੋਗੀਆਂ ਦਾ ਇਕ ਵੱਡਾ ਮੱਠ ਹੈ, ਜੋ ਪੂਰਨ ਨੇ ਵਸਾਇਆ ਅਤੇ ਜਿਸ ਦੀ ਪੁਨਰ ਸਿਰਜਨਾ ਬਾਵਾ ਮਸਤ ਨਾਥ ਨੇ 1791 ਈ: ਵਿਚ ਕੀਤੀ।

ਲਾਹੌਰ ਵਿਚ ਟਕਸਾਲੀ ਗੇਟ ਦੇ ਅੰਦਰ ਆਈ ਪੰਥੀ ਜੋਗੀਆਂ ਦਾ ਇਕ ਮੱਠ ਹੈ। ਇਥੇ ਸ਼ਿਵ ਦੇ ਮੰਦਰ ਦੇ ਐਨ ਸਾਹਮਣੇ ਇਕ ਕਾਲੇ ਰੰਗ ਦਾ ਗੋਲ ਪੱਥਰ ਹੈ, ਜਿਸ ਦੇ ਉਤੇ ਕਾਲੇ ਭੈਰੋਂ ਦੀ ਮੂਰਤੀ ਬਣੀ ਹੋਈ ਹੈ। ਇਸੇ ਮੱਠ ਵਿਚ ਜੋਗੀਆਂ ਦੀਆਂ ਕੁਝ ਸਮਾਧੀਆਂ ਵੀ ਹਨ।

ਅੰਮ੍ਰਿਤਸਰ ਵਿਚ ਦੁਰਗਿਆਨਾ ਵਿਖੇ ਭੈਰੋਂ ਤੇ ਸ਼ਿਵ ਦੇ ਮੰਦਰ ਹਨ। ਇਥੇ ਬਾਰਾਂ ਪੰਥੀ ਜੋਗੀ ਯਾਤਰਾ ਲਈ ਆਉਂਦੇ ਹਨ। ਲਾਡਵਾਂ ਵਿਖੇ ਜੋਗੀਆਂ ਦੇ ਦੋ ਮੰਦਰ ਨਾਲੋ ਨਾਲ ਹਨ — ਇਕ ਗੋਰਖ ਨਾਥ ਨੂੰ ਸਮਰਪਿਤ ਹੈ ਅਤੇ ਦੂਜਾ ਉਹਦੇ ਚੇਲੇ ਗੁਗੇ ਨੂੰ।

ਹਿਮਾਚਲ ਪ੍ਰਦੇਸ਼ ਵਿਚ ਪਾਲਮਪੁਰ ਦੇ ਨੇੜੇ ਇਕ ਪ੍ਰਸਿਧ ਮੰਦਰ 'ਬਿਰਾਗ ਲੋਕ' ਹੈ, ਜਿਸ ਵਿਚ 'ਗੁਗਾ, ਗੋਰਗੀ ਅਤੇ ਗੋਰਖ ਨਾਥ ਦੀਆਂ ਮੂਰਤੀਆਂ ਸਥਾਪਿਤ ਹਨ। ਇਥੇ ਤਿੰਨ ਹਾੜ ਨੂੰ ਇਕ ਭਾਰੀ ਮੇਲਾ ਲੱਗਦਾ ਹੈ, ਜਿਸ ਵਿਚ ਬਕਰਾ ਅਤੇ ਅੰਨ ਭੇਟ ਕੀਤੇ ਜਾਂਦੇ ਹਨ। ਇਸ ਮੰਦਰ ਨਾਲ ਬੜੀ ਰੋਚਿਕ ਕਥਾ ਸਬੰਧਿਤ ਹੈ — ਇਕ ਵਾਰ ਇਕ ਚਰਵਾਹਾ ਬਾਲਕ ਪਸ਼ੂ ਚਾਰ ਰਿਹਾ ਸੀ ਕਿ ਉਸ ਨੂੰ ਗੋਰਖ ਨਾਥ ਗੋਸਾਈਂ ਦੇ ਰੂਪ ਵਿਚ ਮਿਲਿਆ। ਗੋਰਖ ਨਾਥ ਨੇ ਬਾਲਕ ਨੂੰ ਇਹ ਭੇਤ ਛੁਪਾ ਕੇ ਰਖਣ ਲਈ ਕਿਹਾ, ਪਰ ਉਸ ਤੋਂ ਬਹੁਤੀ ਦੇਰ ਛੁਪ ਨਾ ਸਕਿਆ ਅਤੇ ਆਪਣੇ ਮਾਂ ਪਿਉ ਅੱਗੇ ਉਸ ਨੇ ਅਸਲੀ ਗੱਲ ਪ੍ਰਗਟ ਕਰ ਦਿਤੀ। ਉਨ੍ਹਾਂ ਨੇ ਗੁਸਾਈਂ ਲਈ ਸੱਤੂ ਭੇਜੇ। ਬਾਲਕ ਨੂੰ ਸੱਤੂ ਘੋਲਣ ਲਈ ਜੰਗਲ ਵਿਚੋਂ ਕਿਧਰੇ ਪਾਣੀ ਨਾ ਮਿਲਿਆ। ਗੁਸਾਈਂ ਨੇ ਧਰਤੀ ਵਿਚ ਗਜਾ ਮਾਰਿਆ ਅਤੇ ਉਥੋਂ ਇਕ ਚਸ਼ਮਾ ਫੁਟ ਨਿਕਲਿਆ। ਸੱਤੂ ਖਾ ਕੇ ਜਦੋਂ ਗੁਸਾਈਂ ਜਾਣ ਲੱਗਾ, ਤਾਂ ਬਾਲਕ ਨੇ ਰੋਕ ਲਿਆ। ਗੁਸਾਈਂ ਬਾਲਕ ਨੂੰ ਪੱਥਰ ਬਣਾ ਕੇ ਉਥੋਂ ਚਲਾ ਗਿਆ। ਮਗਰੋਂ ਉਸ ਜਗ੍ਹਾ ਲੋਕਾਂ ਜੋ ਮੰਦਰ ਉਸਾਰਿਆ, ਉਸ ਦਾ ਨਾਂ ਬੈਰਾਗ ਅਲੋਪ (ਅਲੋਪ ਹੋ ਗਏ ਬੈਰਾਗੀ ਦਾ ਮੰਦਰ) ਰਖਿਆ, ਜੋ ਵਿਗੜ ਕੇ ਬੈਰਾਗ ਲੋਕ ਪ੍ਰਚਲਤ ਹੋ ਗਿਆ। ਕਿਉਂ ਜੋ ਗੁਸਾਈਂ ਨੇ ਚਰਵਾਹੇ ਉਤੇ ਬਖ਼ਸ਼ਿਸ਼ ਕੀਤੀ ਸੀ, ਇਸ ਲਈ ਉਹ ਪਸ਼ੂਆਂ ਦੇ ਗੁਰੂ ਦੇ ਤੌਰ 'ਤੇ ਪ੍ਰਸਿਧ ਹੋਇਆ। ਪਸ਼ੂ ਬੀਮਾਰ ਪੈ ਜਾਣ, ਤਾਂ ਲੋਕੀਂ ਇਥੇ ਆ ਕੇ ਸੁਖਣਾ ਸੁਖਦੇ ਹਨ।

ਪੰਜਾਬ ਤੋਂ ਬਾਹਰ ਵੀ ਜੋਗੀਆਂ ਦੇ ਕੁਝ ਵਿਸ਼ੇਸ਼ ਅਸਥਾਨ ਹਨ। ਉੱਤਰ ਪ੍ਰਦੇਸ਼ ਵਿਚ ਇਕ ਪ੍ਰਸਿਧ ਤੀਰਥ ਦੇਵੀ ਪਤਨ ਹੈ। ਜਿਥੋਂ ਦੇ ਮੰਦਰ ਅਤੇ ਮੱਠ ਉਤੇ ਕੰਨ ਪਾਟੇ ਜੋਗੀਆਂ ਦਾ ਅਧਿਕਾਰ ਹੈ। ਇਹ ਅਸਥਾਨ ਤੁਲਸੀਪੁਰ ਨਗਰ ਦੇ ਨੇੜੇ ਇਕ ਛੋਟੀ ਜਿਹੀ ਪਹਾੜੀ ਉਤੇ ਸਥਿਤ ਹੈ, ਜਿਥੋਂ ਹਿਮਾਲੀਆ ਪਰਬਤ ਦੀਆਂ ਚੋਟੀਆਂ ਦੀ ਝਲਕ ਪੈਂਦੀ ਹੈ। ਇਹ ਅਸਥਾਨ ਦੇਵੀ ਮਾਤਾ ਦੇ ਇਕਵੰਜਾ ਪੀਠਾਂ ਵਿਚੋਂ ਹੈ ਅਤੇ ਇਥੇ ਸਤੀ ਦੇਵੀ ਦਾ ਸੱਜਾ ਹੱਥ ਡਿਗਿਆ ਅਤੇ ਧਰਤੀ ਦੇ ਅੰਦਰ ਹੀ ਸਮਾ ਗਿਆ। ਪਤਣ ਦਾ ਅਰਥ ਵੀ ਡਿਗਣਾ ਹੈ। ਜਿਸ ਵਿਸ਼ੇਸ਼ ਜਗ੍ਹਾ ਉਤੇ ਅੰਗ ਡਿਗਾ ਸੀ, ਉਸ ਨੂੰ ਪਤਾਲੇਸ਼ਵਰੀ ਕਹਿੰਦੇ ਹਨ। ਰਵਾਇਤ ਹੈ ਕਿ ਇਸੇ ਅਸਥਾਨ 'ਤੇ ਸੀਤਾ ਧਰਤੀ ਵਿਚ ਅਲੋਪ ਹੋਈ ਸੀ।

ਵਰਤਮਾਨ ਮੰਦਰ ਦੀ ਉਸਾਰੀ ਰਤਨ ਨਾਥ ਨੇ ਕਰਵਾਈ ਸੀ। ਮੰਦਰ ਦੇ ਅੰਦਰ ਦੇਵੀ ਦੀ ਇਕ ਲਾਲ ਰੰਗ ਦੀ ਮੂਰਤੀ ਹੈ, ਜਿਸ ਨੂੰ ਬਕਰੇ ਦੀ ਬਲੀ ਅਤੇ ਹੋਰ ਚੜ੍ਹਾਵੇ ਦਿਤੇ ਜਾਂਦੇ ਹਨ। ਮੰਦਰ ਦੀ ਪੱਛਮੀ ਦਿਸ਼ਾ ਵਲ 'ਬਾਲ ਦੇਵੀ' ਦੀ ਇਕ ਮੂਰਤੀ ਹੈ, ਜੋ ਨਿਰਸੰਤਾਨਾਂ ਨੂੰ ਔਲਾਦ ਬਖ਼ਸ਼ਦੀ ਹੈ। ਜੋ ਤੀਵੀਆਂ ਸੰਤਾਨ ਦੀ ਪ੍ਰਾਪਤੀ ਲਈ ਆਉਂਦੀਆਂ ਹਨ, ਉਹ ਰਸਮੀ ਤੌਰ 'ਤੇ ਕੰਧਾਂ ਉਤੇ ਬੱਚੇ ਦਾ ਖ਼ਾਕਾ ਉਤਾਰਦੀਆਂ ਹਨ। ਕਈ ਲੋਕ ਬੱਚੇ ਦਾ ਪਹਿਲਾ ਮੁੰਡਣ ਇਥੇ ਕਰਦੇ ਅਤੇ ਦੇਵੀ ਦੇ ਸਨਮੁਖ ਵਾਲ ਮੁੰਨ ਕੇ ਭੇਟ ਚੜ੍ਹਾਂਦੇ ਹਨ। ਨਰਾਤਿਆਂ ਵਿਚ ਇਥੇ ਭਾਰੀ ਮੇਲਾ ਲੱਗਦਾ ਹੈ।

ਸਿੰਧ ਵਿਚ, ਜੋਗੀਆਂ ਦਾ ਇਕ ਪ੍ਰਸਿਧ ਅਸਥਾਨ ਨਗਰ ਥੱਟਾ ਵਿਚ ਹੈ, ਜੋ ਕਰਾਚੀ ਤੋਂ ਸੱਤਰ ਮੀਲ ਦੂਰ ਮਕਲੀ ਦੀਆਂ ਪਹਾੜੀਆਂ ਦੀ ਪਠਾਰ 'ਤੇ ਸਥਿਤ ਹੈ। ਇਹ ਨਗਰ ਕਿਸੇ ਵੇਲੇ ਸਿੰਧ ਪ੍ਰਾਂਤ ਦੀ ਰਾਜਧਾਨੀ ਸੀ। ਇਥੋਂ ਸਿੰਧ ਦਰਿਆ ਸਾਫ਼ ਵਿਖਾਈ ਦੇਂਦਾ ਹੈ। ਗੋਰਖਨਾਥੀ ਜੋਗੀਆਂ ਲਈ ਇਸ ਜਗ੍ਹਾ ਦਾ ਖ਼ਾਸ ਮਹੱਤਵ ਹੈ। ਇਥੋਂ ਦੀ ਪਠਾਰ ਵਿਚੋਂ ਪੱਥਰ ਦੇ ਮਣਕੇ, ਜਿਨ੍ਹਾਂ ਨੂੰ 'ਠੁਮਰਾ' ਕਹਿੰਦੇ ਹਨ, ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਛੋਟੇ ਮਣਕੇ ਨੂੰ 'ਹਿੰਗਲਾਜ ਦਾ ਠੁਮਰਾ' ਅਤੇ ਵਡੇਰੇ ਨੂੰ 'ਆਸਾਪੁਰੀ ਦਾ ਠੁਮਰਾ' ਕਿਹਾ ਜਾਂਦਾ ਹੈ। ਜੋਗੀ ਹਿੰਗਲਾਜ ਦੀ ਯਾਤਰਾ ਕਰਨ ਸਮੇਂ ਇਨ੍ਹਾਂ ਮਣਕਿਆਂ ਦੀ ਮਾਲਾ ਖ਼ਰੀਦ ਕੇ ਨਾਲ ਲੈ ਜਾਂਦੇ ਹਨ ਅਤੇ ਉਥੇ ਦੇਵੀ ਦੀ ਭੇਟ ਕਰਦੇ ਹਨ ਅਤੇ ਪ੍ਰਸ਼ਾਦਿ ਵਜੋਂ ਮਾਲਾ ਪ੍ਰਾਪਤ ਕਰ ਕੇ ਖ਼ੁਦ ਵੀ ਧਾਰਨ ਕਰਦੇ ਹਨ। ਵਾਪਸੀ ਉਤੇ ਜਦੋਂ ਉਹ ਆਸਾਪੁਰੀ ਪਹੁੰਚਦੇ ਹਨ, ਤਾਂ ਉਥੇ ਵਡੇਰੇ ਮਣਕਿਆਂ ਦੀ ਮਾਲਾ ਭੇਟ ਕਰਦੇ ਅਤੇ ਖ਼ੁਦ ਵੀ ਧਾਰਨ ਕਰਦੇ ਹਨ।

ਠੁਮਰਾ ਦੇ ਮਣਕਿਆਂ ਦੀ ਉਤਪਤੀ ਬਾਰੇ ਜੋਗੀਆਂ ਵਿਚ ਇਕ ਦੰਦ-ਕਥਾ ਪ੍ਰਚਲਤ ਹੈ — ਸ਼ਿਵਜੀ ਅਤੇ ਪਾਰਬਤੀ ਹਿੰਗਲਾਜ ਦੀ ਯਾਤਰਾ ਉਤੇ ਜਾਂਦਿਆਂ ਰਾਹ ਵਿਚ ਆਸਾਪੁਰੀ ਦੇ ਜੰਗਲ ਵਿਚ ਠਹਿਰੇ। ਸ਼ਿਵਜੀ ਨੇ ਪਾਰਬਤੀ ਨੂੰ ਖਿਚੜੀ ਰਿੰਨ੍ਹਣ ਲਈ ਕਿਹਾ ਅਤੇ ਆਪ ਉਹ ਦੂਰ ਜੰਗਲ ਵਲ ਨਿਕਲ ਗਏ। ਜਾਣ ਵੇਲੇ ਸ਼ਿਵਜੀ ਨੇ ਪਾਰਬਤੀ ਦੇ ਦੁਆਲੇ, ਜਿਥੇ ਉਹ ਰਸੋਈ ਬਣਾ ਰਹੀ ਸੀ, ਇਕ ਕਾਰ ਵਾਹ ਕੇ ਉਥੇ ਆਪਣਾ ਤ੍ਰਿਸ਼ੂਲ ਖੜਾ ਕਰਦੇ ਹੋਏ ਕਿਹਾ ਕਿ ਇਹਨੂੰ ਕੋਈ

ਕੀਤੀ ਜਾਂਦੀ ਹੈ। ਮਾਂਹ ਦੀ ਸ਼ਿਵਰਾਤ੍ਰੀ ਨੂੰ ਮਹਾਂ ਸ਼ਿਵਰਾਤ੍ਰੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸੇ ਤਿੱਥ ਨੂੰ ਸ਼ਿਵਜੀ ਲਿੰਗਮ ਦੇ ਰੂਪ ਵਿਚ ਪ੍ਰਗਟ ਹੋਏ, ਪਰ ਬ੍ਰਹਮਾ ਅਤੇ ਵਿਸ਼ਨੂੰ ਦੋਵੇਂ ਉਨ੍ਹਾਂ ਦਾ ਅੰਤ ਨਹੀਂ ਸਨ ਪਾ ਸਕੇ। ਸ਼ਿਵਰਾਤ੍ਰੀ ਦਾ ਵਰਤ ਅਠ ਪਹਿਰਾ ਹੁੰਦਾ ਹੈ। ਰਾਤ ਵੇਲੇ ਜਾਗਾ ਕੀਤਾ ਜਾਂਦਾ ਹੈ। ਹਰ ਤਿੰਨ ਘੰਟਿਆਂ ਮਗਰੋਂ ਲਿੰਗ ਦੀ ਪੂਜਾ ਕਰਨ ਦਾ ਵਿਧਾਨ ਹੈ। ਲਿੰਗਮ ਨੂੰ ਦੁਧ, ਕੱਚੀ ਲੱਸੀ, ਘਿਉ ਅਤੇ ਮਾਖਿਉਂ ਨਾਲ ਵਾਰੋ ਵਾਰੀ ਇਸ਼ਨਾਨ ਕਰਵਾ ਕੇ ਗੰਗਾ ਜਲੀ ਦੇ ਛੱਟੇ ਦਿਤੇ ਜਾਂਦੇ ਹਨ ਅਤੇ ਬੇਲ ਪੱਤਿਆਂ, ਧਤੂਰੇ ਦੇ ਫੁੱਲਾਂ ਨਾਲ ਅਰਚਾ ਪੂਜਾ ਕੀਤੀ ਜਾਂਦੀ ਹੈ। ਸ਼ਿਵਰਾਤ੍ਰੀ ਦੇ ਅਗਲੇ ਦਿਨ ਚੌਦਸ ਨੂੰ ਕਰਮ ਕਾਂਡੀ ਇਸ਼ਨਾਨ ਕਰ ਕੇ ਪਿੰਡੇ ਉਤੇ ਤਿਲਾਂ ਦੇ ਤੇਲ ਦੀ ਮਾਲਸ਼ ਕਰਦਾ ਅਤੇ ਫਿਰ ਮੰਤਰਾਂ ਦਾ ਜਾਪ ਕਰਦਾ ਲਿੰਗ ਨੂੰ ਪੂਜਦਾ ਹੈ। ਸ਼ਿਵ ਦੇ 1008 ਨਾਵਾਂ ਦਾ ਜਾਪ ਕੀਤਾ ਜਾਂਦਾ ਹੈ ਅਤੇ ਨਾਲ ਹੀ 108 ਬੇਲ ਪੱਤੇ ਭੇਟ ਕੀਤੇ ਜਾਂਦੇ ਹਨ। ਕੰਨ ਪਾਟੇ ਜੋਗੀ ਸ਼ਿਵਰਾਤ੍ਰੀ ਨੂੰ ਸਾਰੀ ਰਾਤ ਜਗਰਾਤਾ ਕਰਦੇ ਅਤੇ ਗੋਰਖ ਨਾਥ ਦੀ ਮਹਿਮਾ ਵਿਚ ਜੋਗੀੜੇ ਗਾਉਂਦੇ ਹਨ।

ਦੂਜਾ ਪ੍ਰਸਿਧ ਉਤਸ਼ਵ ਨਾਗ ਪੰਚਮੀ ਦਾ ਹੈ, ਜੋ ਸਾਵਣ ਦੀ ਚਾਨਣੀ ਪੰਜਵੀਂ ਨੂੰ ਪੈਂਦਾ ਹੈ। ਇਸ ਤਿਥ ਨੂੰ ਜੋਗੀ ਕਾਲੇ ਨਾਗ ਨੂੰ ਪੂਜਦੇ ਹਨ। ਜੇ ਕਿਧਰੇ ਸੱਪ ਨਾ ਵਿਖਾਈ ਦੇਵੇ, ਤਾਂ ਕੰਧ ਉਪਰ ਸੱਪ ਦੀ ਮੂਰਤੀ ਬਣਾ ਕੇ ਪੂਜ ਲੈਂਦੇ ਹਨ। ਬਨਾਰਸ ਵਿਚ ਇਕ ਪ੍ਰਸਿਧ ਅਸਥਾਨ 'ਨਾਗ ਕੂਆ' ਹੈ, ਜਿਸ ਉਪਰ ਪੱਥਰ ਦੀ ਇਕ ਤਿੰਨ ਮੁਖੇ ਸਰਪ ਦੀ ਮੂਰਤੀ ਹੈ। ਇਹ ਖੂਹ ਹੇਠੋਂ ਪਤਾਲ ਲੋਕ ਨਾਲ ਮਿਲਿਆ ਹੋਇਆ ਦਸਿਆ ਜਾਂਦਾ ਹੈ। ਨਾਗ ਪੰਚਮੀ ਨੂੰ ਇਥੇ ਅਨੇਕਾਂ ਜੋਗੀ ਦਰਸ਼ਨਾਂ ਲਈ ਆਉਂਦੇ ਹਨ। ਨਾਮ ਪੰਚਮੀ ਦੇ

Sri Satguru Jagjit Singh Ji eLibrary NamdhariElibrary@gmail.com

ਉਤਸ਼ਵ ਤੋਂ ਸਤ ਦਿਨ ਪਹਿਲਾਂ ਕਣਕ, ਛੋਲੇ ਅਤੇ ਦਾਲ ਦੀ ਮਿਸ ਨੂੰ ਪਾਣੀ ਵਿਚ ਗੁੰਨ੍ਹ ਕੇ ਸੱਪ ਬਣਾ ਲਏ ਜਾਂਦੇ ਹਨ। ਚੌਥ ਨੂੰ ਦੁਪਹਿਰੀਂ ਵਰਤ ਰਖਿਆ ਜਾਂਦਾ ਹੈ ਅਤੇ ਪੰਚਵੀਂ ਨੂੰ ਸਵੇਰੇ ਇਸ਼ਨਾਨ ਮਗਰੋਂ ਵਰਤ ਖੋਲ੍ਹਿਆ ਜਾਂਦਾ ਹੈ।

ਨਾਥ ਸੰਪ੍ਰਦਾਇ ਨੇ ਸ਼ੈਵਮਤ ਦੇ ਕਈ ਤਤ੍ਹ ਅਪਣਾ ਲਏ ਹਨ। ਸ਼ਿਵ ਨੂੰ ਉਹ ਸਭ ਤੋਂ ਮਹਾਨ ਜੋਗੀ ਹੋਣ ਦੇ ਨਾਤੇ ਜੋਗੇਸ਼ਵਰ ਕਹਿੰਦੇ ਹਨ। ਸ਼ਿਵਜੀ ਦੇ ਅਨੇਕਾਂ ਰੂਪਾਂ ਵਿਚੋਂ ਇਕ ਵਿਕਰਾਲ ਰੂਪ ਭੈਰੋਂ ਦਾ ਹੈ, ਜਿਸ ਨੂੰ ਜੋਗੀ ਪੂਜਦੇ ਹਨ। ਭੈਰੋਂ ਦੇ ਅੱਠ ਰੂਪ ਮੰਨੇ ਜਾਂਦੇ ਹਨ, ਪਰ ਕਈਆਂ ਅਨੁਸਾਰ ਬਾਰਾਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵਿਕਰਾਲ ਰੂਪ ਕਾਲ ਭੈਰੋਂ ਦਾ ਹੈ। ਜੋਗੀ ਕੱਤਕ ਵਦੀ ਅਠਵੀਂ ਨੂੰ ਭੈਰੋਂ ਦੇ ਇਸੇ ਰੂਪ ਨੂੰ ਪੂਜਦੇ ਹਨ। ਇਸ ਦਿਨ ਭੈਰੋਂ ਦਾ ਜਨਮ ਹੋਇਆ ਸੀ। ਕਾਲ ਭੈਰੋਂ ਦੇ ਕੰਠ ਵਿਚ ਮੁੰਡ ਮਾਲਾ ਹੈ, ਕੰਨਾਂ ਵਿਚ ਸੱਪਾਂ ਦੀਆਂ ਮੁੰਦਰਾਂ। ਬਾਹਵਾਂ ਵਿਚ ਕੰਗਣ। ਕੰਠ ਦੁਆਲੇ ਇਕ ਸਰਪ ਲਿਪਟਿਆ ਹੋਇਆ ਹੈ। ਉਹਦੇ ਇਕ ਹੱਥ ਵਿਚ ਤਲਵਾਰ ਹੈ ਅਤੇ ਦੂਜੇ ਵਿਚ ਲਹੂ ਦਾ ਖੱਪਰ ਹੈ। ਕਾਲਾ ਕੁੱਤਾ ਉਹਦਾ ਵਾਹਣ ਹੈ। ਇਹੋ ਕੁੱਤਾ ਸ਼ਿਵ ਮੰਦਰਾ ਦਾ ਰਾਖਾ ਅਤੇ ਦਰਬਾਨ ਹੈ। ਧਰਤੀ ਭੈਰੋਂ ਦੀ ਪਤਨੀ ਮੰਨੀ ਜਾਂਦੀ ਹੈ।

ਭੈਰੋਂ ਦੇ ਮੰਦਰ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਹਨ। ਮੰਗਲ ਅਤੇ ਐਤਵਾਰ ਨੂੰ ਭੈਰੋਂ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਅੰਨ, ਉੜਦ ਦੀ ਦਾਲ, ਮਾਸ, ਦੁਧ, ਫੁੱਲ, ਲੱਡੂ ਆਦਿ ਦਾ ਚੜ੍ਹਾਵਾ ਦਿਤਾ ਜਾਂਦਾ ਹੈ। ਪਸ਼ੂਆਂ ਦੀ ਬਲੀ ਦੇਣ ਅਤੇ ਸ਼ਰਾਬ ਭੇਟ ਕਰਨ ਦੀ ਵੀ ਪ੍ਰਥਾ ਹੈ। ਕਈ ਸ਼ਰਧਾਵਾਨ ਭੈਰੋਂ ਨੂੰ ਲੋਹੇ ਜਾਂ ਬਾਂਸ ਦਾ ਤ੍ਰਿਸ਼ੂਲ ਵੀ ਭੇਟ ਕਰਦੇ ਹਨ, ਜਿਸ ਦਾ ਉਪਰੋਂ ਰੰਗ ਲਾਲ ਹੁੰਦਾ ਹੈ। ਜਿਹੜੇ ਲੋਕ ਮਾਸ ਨਹੀਂ ਖਾਂਦੇ ਅਤੇ ਵੈਸ਼ਣੋ ਹੋਣ ਕਰ ਕੇ ਪਸ਼ੂ ਦੀ ਬਲੀ ਨਹੀਂ ਚੜ੍ਹਾ ਸਕਦੇ, ਉਹ ਆਪਣੀ ਚੀਚੀ ਉਂਗਲੀ ਜਾਂ ਜੀਭ ਦੀ ਨੋਕ ਵਿਚੋਂ ਲਹੂ ਕਢ ਕੇ ਭੇਟ ਕਰਦੇ ਹਨ। ਜੇ ਕਾਲ ਰਾਤ੍ਰੀ ਵਾਲੇ ਦਿਨ ਭੈਰੋਂ ਨੂੰ ਕੋਈ ਬਕਰਾ ਭੇਟ ਨਾ ਚੜ੍ਹੇ, ਤਾਂ ਪੁਜਾਰੀ ਆਪਣੇ ਕਿਸੇ ਅੰਗ ਵਿਚੋਂ ਲਹੂ ਕਢ ਕੇ ਭੇਟ ਕਰਦਾ ਹੈ। ਦੇਵੀ ਪਤਨ ਵਿਖੇ ਨਰਾਤਿਆਂ ਦੇ ਦਿਨਾਂ ਵਿਚ ਕਿਸੇ ਦੁਧ ਚੁੰਘਦੇ ਸੂਰ ਦੀ ਬਲੀ ਮੰਦਰ ਦੇ ਸਾਹਮਣੇ ਦਿਤੀ ਜਾਂਦੀ ਹੈ। ਭੈਰੋਂ ਨੂੰ ਜੋ ਭੇਟਾ ਚੜ੍ਹਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਕੁਝ ਹਿੱਸਾ ਕਾਲੇ ਕੁੱਤੇ ਅੱਗੇ ਪਾ ਦਿਤਾ ਜਾਂਦਾ ਹੈ।

ਕੀਤੀ ਜਾਂਦੀ ਹੈ। ਮਾਂਹ ਦੀ ਸ਼ਿਵਰਾਤ੍ਰੀ ਨੂੰ [illegible] ਸ਼ਿਵਰਾਤ੍ਰੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸੇ ਤਿੱਥ ਨੂੰ ਸ਼ਿਵਜੀ ਲਿੰਗਮ ਦੇ ਰੂਪ ਵਿਚ ਪ੍ਰਗਟ ਹੋਏ, ਪਰ ਬ੍ਰਹਮਾ ਅਤੇ ਵਿਸ਼ਨੂੰ ਦੋਵੇਂ ਉਨ੍ਹਾਂ ਦਾ ਅੰਤ ਨਹੀਂ ਸਨ ਪਾ ਸਕੇ। ਸ਼ਿਵਰਾਤ੍ਰੀ ਦਾ ਵਰਤ ਅਠ ਪਹਿਰਾ ਹੁੰਦਾ ਹੈ। ਰਾਤ ਵੇਲੇ ਜਾਗਾ ਕੀਤਾ ਜਾਂਦਾ ਹੈ। ਹਰ ਤਿੰਨ ਘੰਟਿਆਂ ਮਗਰੋਂ ਲਿੰਗ ਦੀ ਪੂਜਾ ਕਰਨ ਦਾ ਵਿਧਾਨ ਹੈ। ਲਿੰਗਮ ਨੂੰ ਦੁਧ, ਕੱਚੀ ਲੱਸੀ, ਘਿਉ ਅਤੇ ਮਾਖਿਓਂ ਨਾਲ ਵਾਰੋ ਵਾਰੀ ਇਸ਼ਨਾਨ ਕਰਵਾ ਕੇ ਗੰਗਾ ਜਲੀ ਦੇ ਛੱਟੇ ਦਿਤੇ ਜਾਂਦੇ ਹਨ ਅਤੇ ਬੇਲ ਪੱਤਿਆਂ, ਧਤੂਰੇ ਦੇ ਫੁੱਲਾਂ ਨਾਲ ਅਰਚਾ ਪੂਜਾ ਕੀਤੀ ਜਾਂਦੀ ਹੈ। ਸ਼ਿਵਰਾਤ੍ਰੀ ਦੇ ਅਗਲੇ ਦਿਨ ਚੌਦਸ ਨੂੰ ਕਰਮ ਕਾਂਡੀ ਇਸ਼ਨਾਨ ਕਰ ਕੇ ਪਿੰਡੇ ਉਤੇ ਤਿਲਾਂ ਦੇ ਤੇਲ ਦੀ ਮਾਲਸ਼ ਕਰਦਾ ਅਤੇ ਫਿਰ ਮੰਤਰਾਂ ਦਾ ਜਾਪ ਕਰਦਾ ਲਿੰਗ ਨੂੰ ਪੂਜਦਾ ਹੈ। ਸ਼ਿਵ ਦੇ 1008 ਨਾਵਾਂ ਦਾ ਜਾਪ ਕੀਤਾ ਜਾਂਦਾ ਹੈ ਅਤੇ ਨਾਲ ਹੀ 108 ਬੇਲ ਪੱਤੇ ਭੇਟ ਕੀਤੇ ਜਾਂਦੇ ਹਨ। ਕੰਨ ਪਾਟੇ ਜੋਗੀ ਸ਼ਿਵਰਾਤ੍ਰੀ ਨੂੰ ਸਾਰੀ ਰਾਤ ਜਗਰਾਤਾ ਕਰਦੇ ਅਤੇ ਗੋਰਖ ਨਾਥ ਦੀ ਮਹਿਮਾ ਵਿਚ ਜੋਗੀੜੇ ਗਾਉਂਦੇ ਹਨ।

ਦੂਜਾ ਪ੍ਰਸਿਧ ਉਤਸ਼ਵ ਨਾਗ ਪੰਚਮੀ ਦਾ ਹੈ, ਜੋ ਸਾਵਣ ਦੀ ਚਾਨਣੀ ਪੰਜਵੀਂ ਨੂੰ ਪੈਂਦਾ ਹੈ। ਇਸ ਤਿਥ ਨੂੰ ਜੋਗੀ ਕਾਲੇ ਨਾਗ ਨੂੰ ਪੂਜਦੇ ਹਨ। ਜੇ ਕਿਧਰੇ ਸੱਪ ਨਾ ਵਿਖਾਈ ਦੇਵੇ, ਤਾਂ ਕੰਧ ਉਪਰ ਸੱਪ ਦੀ ਮੂਰਤੀ ਬਣਾ ਕੇ ਪੂਜ ਲੈਂਦੇ ਹਨ। ਬਨਾਰਸ ਵਿਚ ਇਕ ਪ੍ਰਸਿਧ ਅਸਥਾਨ 'ਨਾਗ ਕੂਆ' ਹੈ, ਜਿਸ ਉਪਰ ਪੱਥਰ ਦੀ ਇਕ ਤਿੰਨ ਮੁਖੇ ਸਰਪ ਦੀ ਮੂਰਤੀ ਹੈ। ਇਹ ਖੂਹ ਹੇਠੋਂ ਪਤਾਲ ਲੋਕ ਨਾਲ ਮਿਲਿਆ ਹੋਇਆ ਦਸਿਆ ਜਾਂਦਾ ਹੈ। ਨਾਗ ਪੰਚਮੀ ਨੂੰ ਇਥੇ ਅਨੇਕਾਂ ਜੋਗੀ ਦਰਸ਼ਨਾਂ ਲਈ ਆਉਂਦੇ ਹਨ। ਨਾਮ ਪੰਚਮੀ ਦੇ ਉਤਸ਼ਵ ਤੋਂ ਸਤ ਦਿਨ, ਪਹਿਲਾਂ ਕਣਕ, ਛੋਲੇ ਅਤੇ ਦਾਲ ਦੀ ਮਿਸ ਨੂੰ ਪਾਣੀ ਵਿਚ ਗੁੰਨ੍ਹ ਕੇ ਸੱਪ ਬਣਾ ਲਏ ਜਾਂਦੇ ਹਨ। ਚੌਥ ਨੂੰ ਦੁਪਹਿਰੀਂ ਵਰਤ ਰਖਿਆ ਜਾਂਦਾ ਹੈ ਅਤੇ ਪੰਚਵੀਂ ਨੂੰ ਸਵੇਰੇ ਇਸ਼ਨਾਨ ਮਗਰੋਂ ਵਰਤ ਖੋਲ੍ਹਿਆ ਜਾਂਦਾ ਹੈ।

ਨਾਥ ਸੰਪ੍ਰਦਾਇ ਨੇ ਸ਼ੈਵਮਤ ਦੇ ਕਈ ਤਤ੍ਹ ਅਪਣਾ ਲਏ ਹਨ। ਸ਼ਿਵ ਨੂੰ ਉਹ ਸਭ ਤੋਂ ਮਹਾਨ ਜੋਗੀ ਹੋਣ ਦੇ ਨਾਤੇ ਜੋਗੇਸ਼ਵਰ ਕਹਿੰਦੇ ਹਨ। ਸ਼ਿਵਜੀ ਦੇ ਅਨੇਕਾਂ ਰੂਪਾਂ ਵਿਚੋਂ ਇਕ ਵਿਕਰਾਲ ਰੂਪ ਭੈਰੋਂ ਦਾ ਹੈ, ਜਿਸ ਨੂੰ ਜੋਗੀ ਪੂਜਦੇ ਹਨ। ਭੈਰੋਂ ਦੇ ਅੱਠ ਰੂਪ ਮੰਨੇ ਜਾਂਦੇ ਹਨ, ਪਰ ਕਈਆਂ ਅਨੁਸਾਰ ਬਾਰਾਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵਿਕਰਾਲ ਰੂਪ ਕਾਲ ਭੈਰੋਂ ਦਾ ਹੈ। ਜੋਗੀ ਕੱਤਕ ਵਦੀ ਅਠਵੀਂ ਨੂੰ ਭੈਰੋਂ ਦੇ ਇਸੇ ਰੂਪ ਨੂੰ ਪੂਜਦੇ ਹਨ। ਇਸ ਦਿਨ ਭੈਰੋਂ ਦਾ ਜਨਮ ਹੋਇਆ ਸੀ। ਕਾਲ ਭੈਰੋਂ ਦੇ ਕੰਠ ਵਿਚ ਮੁੰਡ ਮਾਲਾ ਹੈ, ਕੰਨਾਂ ਵਿਚ ਸੱਪਾਂ ਦੀਆਂ ਮੁੰਦਰਾਂ। ਬਾਹਵਾਂ ਵਿਚ ਕੰਗਣ। ਕੰਠ ਦੁਆਲੇ ਇਕ ਸਰਪ ਲਿਪਟਿਆ ਹੋਇਆ ਹੈ। ਉਹਦੇ ਇਕ ਹੱਥ ਵਿਚ ਤਲਵਾਰ ਹੈ ਅਤੇ ਦੂਜੇ ਵਿਚ ਲਹੂ ਦਾ ਖੱਪਰ ਹੈ। ਕਾਲਾ ਕੁੱਤਾ ਉਹਦਾ ਵਾਹਣ ਹੈ। ਇਹੋ ਕੁੱਤਾ ਸ਼ਿਵ ਮੰਦਰਾ ਦਾ ਰਾਖਾ ਅਤੇ ਦਰਬਾਨ ਹੈ। ਧਰਤੀ ਭੈਰੋਂ ਦੀ ਪਤਨੀ ਮੰਨੀ ਜਾਂਦੀ ਹੈ।

ਭੈਰੋਂ ਦੇ ਮੰਦਰ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਹਨ। ਮੰਗਲ ਅਤੇ ਐਤਵਾਰ ਨੂੰ ਭੈਰੋਂ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਅੰਨ, ਉੜਦ ਦੀ ਦਾਲ, ਮਾਸ, ਦੁਧ, ਫੁੱਲ, ਲੱਡੂ ਆਦਿ ਦਾ ਚੜ੍ਹਾਵਾ ਦਿਤਾ ਜਾਂਦਾ ਹੈ। ਪਸ਼ੂਆਂ ਦੀ ਬਲੀ ਦੇਣ ਅਤੇ ਸ਼ਰਾਬ ਭੇਟ ਕਰਨ ਦੀ ਵੀ ਪ੍ਰਥਾ ਹੈ। ਕਈ ਸ਼ਰਧਾਵਾਨ ਭੈਰੋਂ ਨੂੰ ਲੋਹੇ ਜਾਂ ਬਾਂਸ ਦਾ ਤ੍ਰਿਸ਼ੂਲ ਵੀ ਭੇਟ ਕਰਦੇ ਹਨ, ਜਿਸ ਦਾ ਉਪਰੋਂ ਰੰਗ ਲਾਲ ਹੁੰਦਾ ਹੈ। ਜਿਹੜੇ ਲੋਕ ਮਾਸ ਨਹੀਂ ਖਾਂਦੇ ਅਤੇ ਵੈਸ਼ਣੋ ਹੋਣ ਕਰ ਕੇ ਪਸ਼ੂ ਦੀ ਬਲੀ ਨਹੀਂ ਚੜ੍ਹਾ ਸਕਦੇ, ਉਹ ਆਪਣੀ ਚੀਚੀ ਉਂਗਲੀ ਜਾਂ ਜੀਭ ਦੀ ਨੋਕ ਵਿਚੋਂ ਲਹੂ ਕਢ ਕੇ ਭੇਟ ਕਰਦੇ ਹਨ। ਜੇ ਕਾਲ ਰਾਤ੍ਰੀ ਵਾਲੇ ਦਿਨ ਭੈਰੋਂ ਨੂੰ ਕੋਈ ਬਕਰਾ ਭੇਟ ਨਾ ਚੜ੍ਹੇ, ਤਾਂ ਪੁਜਾਰੀ ਆਪਣੇ ਕਿਸੇ ਅੰਗ ਵਿਚੋਂ ਲਹੂ ਕਢ ਕੇ ਭੇਟ ਕਰਦਾ ਹੈ। ਦੇਵੀ ਪਤਨ ਵਿਖੇ ਨਰਾਤਿਆਂ ਦੇ ਦਿਨਾਂ ਵਿਚ ਕਿਸੇ ਦੁਧ ਚੁੰਘਦੇ ਸੂਰ ਦੀ ਬਲੀ ਮੰਦਰ ਦੇ ਸਾਹਮਣੇ ਦਿਤੀ ਜਾਂਦੀ ਹੈ। ਭੈਰੋਂ ਨੂੰ ਜੋ ਭੇਟਾ ਚੜ੍ਹਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਕੁਝ ਹਿੱਸਾ ਕਾਲੇ ਕੁੱਤੇ ਅੱਗੇ ਪਾ ਦਿਤਾ ਜਾਂਦਾ ਹੈ।

ਭੈਰੋਂ ਤੋਂ ਇਲਾਵਾ ਜੋਗੀ ਸ਼ਕਤੀ ਮਾਤਾ ਦੀ ਪੂਜਾ ਕਰਦੇ ਹਨ। ਅੰਬਾ ਮਾਤਾ ਸਰਬ ਸ਼ਕਤੀਮਾਨ ਹੈ ਅਤੇ ਸਾਰਾ ਜਗਤ ਉਸੇ ਦੀ ਇੱਛਾ ਅਨੁਸਾਰ ਚਲ ਰਿਹਾ ਹੈ। ਇਸੇ ਲਈ ਉਸ ਨੂੰ ਜਗਦੰਬਾ (ਜਗਤ ਦੀ ਮਾਤਾ) ਵੀ ਕਹਿੰਦੇ ਹਨ। ਮਾਤਾ ਦੀ ਰਹੱਸਮਈ ਸ਼ਕਤੀ ਦੇ ਦੋ ਪ੍ਰਮੁਖ ਰੂਪ ਹਨ। ਇਕ ਕਾਲਾ ਅਤੇ ਦੂਜਾ ਗੋਰਾ। ਕਾਲੇ ਰੂਪ ਵਿਚ ਇਹ ਤਾਮਸੀ ਬਿਰਤੀਆਂ ਦੀ ਮਾਲਕ ਹੈ ਅਤੇ ਦੇਵੀ ਇਸੇ ਕਰੂਰ ਰੂਪ ਵਿਚ ਦੈਂਤਾਂ ਅਤੇ ਦਾਨਵਾਂ ਦਾ ਨਾਸ਼ ਕਰਦੀ ਰਹੀ ਹੈ। ਦੁਰਗਾ, ਕਾਲੀ, ਸਿਆਮ, ਚੰਡੀ, ਭੈਰਵੀ ਅਤੇ ਕਾਲਕਾ ਆਦਿ ਸਭ ਮਾਤਾ ਦੇ ਤਾਮਸੀ ਰੂਪ ਹਨ। ਜੋਗਣੀਆਂ ਦੁਰਗਾ ਦੀਆਂ ਦਾਸੀਆਂ ਹਨ, ਪਰ ਕਈ ਇਨ੍ਹਾਂ ਨੂੰ ਦੁਰਗਾ ਦੇ ਹੀ ਰੂਪ ਮੰਨਦੇ ਹਨ। ਇਨ੍ਹਾਂ ਦੀ ਗਿਣਤੀ ਅੱਸੀ (ਕਈਆਂ ਅਨੁਸਾਰ ਚੌਰਾਸੀ) ਕਰੋੜ ਹੈ।

ਗੋਰੇ ਰੂਪ ਵਿਚ ਜਗ ਮਾਤਾ ਬੜੇ ਨਰਮ ਅਤੇ ਦਿਆਲੂ ਸੁਭਾਅ ਦੀ ਹੈ ਅਤੇ ਉਮਾ, ਪਾਰਬਤੀ, ਜਗ ਮਾਤਾ, ਭਵਾਨੀ ਆਦਿ ਨਾਂਵਾਂ ਨਾਲ ਜਾਣੀ

Sri Satguru Jagjit Singh Ji eLibrary NamdhariElibrary@gmail.com

ਜਾਂਦੀ ਹੈ। ਮਾਤਾ ਦਾ ਇਕ ਰੂਪ ਮਹਾਂ ਭਵਾਨੀ ਹੈ, ਜਿਸ ਵਿਚ ਉਹ ਸੰਸਾਰ ਦੀ ਸਿਰਜਨਾ ਕਰਦੀ ਹੈ। ਇਕ ਹੋਰ ਰੂਪ ਮਹਾਂ ਭੈਰਵੀ ਹੈ, ਜਿਸ ਵਿਚ ਉਹ ਸੰਸਾਰ ਦਾ ਖੈ ਕਰਦੀ ਹੈ।

ਜੋਗੀ ਨੌਂ ਨਾਥਾਂ ਅਤੇ ਚੌਰਾਸੀ ਸਿਧਾਂ ਦੀ ਵੀ ਪੂਜਾ ਕਰਦੇ ਹਨ। ਇਨ੍ਹਾਂ ਦੀ ਕੋਈ ਇਕ ਸਾਰ ਸੂਚੀ ਪ੍ਰਚਲਤ ਨਹੀਂ। ਜੋਗੀਆਂ ਦੀ ਧਾਰਨਾ ਹੈ ਕਿ ਨਾਥ ਅਤੇ ਸਿਧ ਅਮਰ ਹਨ ਅਤੇ ਕਾਇਆਧਾਰੀ ਰੂਪ ਵਿਚ ਹਿਮਾਲੀਆ ਪਰਬਤ ਵਿਚ ਨਿਵਾਸ ਕਰਦੇ ਹਨ।

ਨਾਥਾਂ ਵਿਚ ਪ੍ਰਸਿਧ ਜੋਗੀਆਂ ਦੀਆਂ ਸਮਾਧਾਂ ਨੂੰ ਵੀ ਪੂਜਣ ਦੀ ਪ੍ਰਥਾ ਹੈ। ਸਮਾਧਾਂ ਉਤੇ ਖ਼ਾਸ ਖ਼ਾਸ ਤਿਥਾਂ ਉਤੇ ਘਿਉ ਦੇ ਦੀਵੇ ਬਾਲੇ ਜਾਂਦੇ ਹਨ ਅਤੇ ਜਲ, ਦੁੱਧ ਅਤੇ ਭੋਜਨ ਨੂੰ ਪਵਿਤ੍ਰੀ ਨਾਲ ਛੁਹਾ ਕੇ ਭੇਟ ਕੀਤਾ ਜਾਂਦਾ ਹੈ। ਸਮਾਧਾਂ ਉਤੇ ਮੰਦਰਾਂ ਦੀਆਂ ਮੂਰਤੀਆਂ ਵਾਂਗ ਹੀ ਫੁੱਲ, ਧਤੂਰੇ, ਬਿਲਵਾ ਪੱਤੇ, ਜਲ, ਕੱਚੇ ਚਾਵਲ, ਮਠਿਆਈ, ਨਾਰੀਅਲ, ਰੋਟ, ਖਿਚੜੀ, ਧੂਪ ਦੀਪ ਦੀ ਭੇਟ ਦੀ ਪ੍ਰਥਾ ਹੈ। ਮਹੰਤ ਖਾਣ ਪੀਣ ਦੀ ਵਸਤੂਆਂ ਪ੍ਰਸ਼ਾਦਿ ਵਜੋਂ ਵੰਡ ਦੇਂਦੇ ਹਨ। ਰੋਹਤਕ ਦੇ ਆਈ ਪੰਥੀ ਦੁਪਹਿਰਾਂ ਵੇਲੇ ਸਭ ਸਮਾਧੀਆਂ ਨੂੰ ਭੋਜਨ ਭੇਟ ਕਰਦੇ ਅਤੇ ਹਰੇਕ ਸਮਾਧੀ ਉਤੇ ਘਿਉ ਦੇ ਦੀਵੇ ਬਾਲਦੇ ਹਨ।

ਜੋਗੀ ਭਾਵੇਂ ਸ਼ਿਵਜੀ ਵਿਚ ਆਸਥਾ ਰਖਦੇ ਹਨ, ਪਰ ਇਨ੍ਹਾਂ ਨੇ ਵੈਸ਼ਨੋ ਮੱਤ ਦਾ ਚੋਖਾ ਪ੍ਰਭਾਵ ਕਬੂਲਿਆ ਹੈ। ਸ਼ਿਵ ਸੰਹਿਤਾ (3.35) ਅਨੁਸਾਰ ਯੋਗ ਅਭਿਆਸ ਵੇਲੇ ਜਦੋਂ ਜੋਗੀ ਚਕਰਾਂ ਵਿਚ ਧਿਆਨ ਜੋੜ ਕੇ ਬੈਠਾ ਹੋਵੇ, ਤਾਂ ਵਿਸ਼ਨੂੰ ਦੇ ਨਾਂ ਦਾ ਜਾਪ ਜ਼ਰੂਰੀ ਹੈ। ਜੋਗੀਆਂ ਦੇ ਮਠਾਂ ਵਿਚ ਵੀ ਵਿਸ਼ਨੂੰ ਦੇ ਭਗਤਾਂ ਰਾਮ ਚੰਦਰ ਅਤੇ ਹਨੂਮਾਨ ਦੀਆਂ ਮੂਰਤੀਆਂ ਵੀ ਮਿਲਦੀਆਂ ਹਨ। ਪੰਜਾਬ ਦੇ ਜਿਹਲਮ ਦੇ ਟਿਲੇ ਦੇ ਮੱਠ ਦੇ ਮੰਦਰਾਂ ਵਿਚ ਵਿਸ਼ਨੂੰ ਦੀਆਂ ਕਈ ਮੂਰਤੀਆਂ ਹਨ। ਕਈ ਜੋਗੀ ਦਸ ਮੁਖੀ ਰੁਦ੍ਰਾਖ ਦੀ ਮਾਲਾ ਧਾਰਨ ਕਰਦੇ ਹਨ। ਇਸ ਨੂੰ ਪਹਿਨਣ ਨਾਲ ਵਿਸ਼ਨੂੰ ਦੀ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ, ਕਿਉਂ ਜੋ ਵਿਸ਼ਨੂੰ ਦੇ ਦਸ ਪ੍ਰਮੁਖ ਅਵਤਾਰ ਹੋਏ ਹਨ। ਜੋਗਮਤ ਉਤੇ ਬੋਧੀ, ਜੈਨੀ ਅਤੇ ਮੁਸਲਮਾਨੀ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ।

**ਭਰਮ ਵਹਿਮ ਤੇ ਮਨੌਤਾਂ :** ਕੰਨ ਪਾਟੇ ਜੋਗੀਆਂ ਦੇ ਕੁਝ ਭਰਮ ਵਹਿਮ ਹਿੰਦੂਆਂ ਵਾਲੇ ਹੀ ਹਨ ਜਿਵੇਂ ਕਿ ਸ਼ੁਭ ਮਹੂਰਤ, ਗ੍ਰਹਿ ਭਰਮ, ਵਾਰਾਂ ਨਾਲ ਜੁੜੀ ਭਾਵਨਾ, ਪਰ ਕੁਝ ਭਰਮ ਵਹਿਮ ਵਿਲਖਣ ਹਨ, ਖ਼ਾਸ ਤੌਰ 'ਤੇ ਨਾਸਿਕਾ ਦੀ ਸੱਜੀ ਖੱਬੀ ਸੁਰ ਬਾਰੇ। ਜੋਗੀ ਸੁਰ ਵਿੱਦਿਆ ਵਿਚ ਪੂਰਾ ਵਿਸ਼ਵਾਸ਼ ਰਖਦੇ ਹਨ। ਆਮ ਤੌਰ 'ਤੇ ਸੁਰ ਮਨੁਖ ਦੀ ਇਕੋ ਨਾਸ ਵਿਚ ਚਲਦੀ ਹੈ ਅਤੇ ਸਮੇਂ ਸਮੇਂ ਬਦਲਦੀ ਰਹਿੰਦੀ ਹੈ — ਕਦੇ ਖੱਬੀ ਸੁਰ ਕਦੇ ਸੱਜੀ। ਜੇ ਦੋਵੇਂ ਸੁਰਾਂ ਚਾਲੂ ਹੋਣ, ਤਾਂ ਸ਼ੁਭ ਸਮਾਂ ਨਹੀਂ ਹੁੰਦਾ। ਅਜਿਹੀ ਅਵਸਥਾ ਵਿਚ ਕੋਈ ਕੰਮ ਆਰੰਭਣਾ ਠੀਕ ਨਹੀਂ।

ਜੇ ਸੁਰ ਸੱਜੀ ਨਾਸ ਵਿਚੋਂ ਚਲ ਰਹੀ ਹੋਵੇ, ਤਾਂ ਇਹ ਸਮਾਂ ਖਾਣ ਪੀਣ ਲਈ ਚੰਗਾ ਹੁੰਦਾ ਹੈ, ਖਾਣਾ ਛੇਤੀ ਹਜ਼ਮ ਹੋਵੇਗਾ। ਸੱਜੀ ਸੁਰ ਪੜ੍ਹਨ ਲਿਖਣ, ਇਸ਼ਨਾਨ ਕਰਨ, ਘੋੜੀ ਦੀ ਸਵਾਰੀ ਅਤੇ ਯੁਧ ਲਈ ਵੀ ਸ਼ੁਭ ਹੈ। ਜੇ ਘਰੋਂ ਪੈਰ ਬਾਹਰ ਕੱਢਣ ਵੇਲੇ ਸੱਜੀ ਸੁਰ ਚਲ ਰਹੀ ਹੋਵੇ, ਤਾਂ ਕੰਮ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ। ਦਵਾਈ ਖਾਣ ਵੇਲੇ ਰੋਗੀ ਦੀ ਸੱਜੀ ਸੁਰ ਚਲੇ, ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ।

ਕੁਝ ਕੰਮ ਦੇ ਆਰੰਭ ਲਈ ਖੱਬੀ ਸੁਰ ਸ਼ੁਭ ਮੰਨੀ ਜਾਂਦੀ ਹੈ ਜਿਵੇਂ ਮਕਾਨ ਦੀ ਨੀਂਹ ਰਖਣ ਵੇਲੇ ਜਾਂ ਨਵੇਂ ਮਕਾਨ ਵਿਚ ਰਿਹਾਇਸ਼ ਕਰਨ ਵੇਲੇ। ਇਸੇ ਤਰ੍ਹਾਂ ਪਿੰਡ ਦੀ ਨੀਂਹ ਰਖਣ ਵੇਲੇ ਖੱਬੀ ਸੁਰ ਚਲੇ, ਤਾਂ ਪਿੰਡ ਵਧਦਾ ਫੂਲਦਾ ਹੈ। ਬੀਜ ਬੀਜਣ ਵੇਲੇ ਜੇ ਖੱਬੀ ਸੁਰ ਚਲ ਰਹੀ ਹੋਵੇ, ਤਾਂ ਬੜਾ ਝਾੜ ਲੱਗਦਾ ਹੈ।

ਜੋਗੀ ਉਨ ਨੂੰ ਕਲਿਆਣੀ ਅਤੇ ਰੱਖਿਅਕ ਮੰਨਦੇ ਹਨ। ਇਸੇ ਲਈ ਉਹ ਸੂਤਰ ਦੀ ਥਾਂ ਉਨ ਦਾ ਜਨੇਊ ਪਹਿਨਦੇ ਹਨ। ਕਈ ਜੋਗੀ ਵੀਣੀ ਉਤੇ ਉਨ ਦਾ ਕੰਗਣ ਬੰਨ੍ਹਦੇ ਹਨ ਅਤੇ ਕਈ ਊਨੀ ਟੋਪੀ ਪਹਿਨਦੇ ਹਨ। ਉਨ ਬਦਰੂਹ ਨੂੰ ਵੀ ਦੂਰ ਰਖਦੀ ਹੈ।

ਜੋਗੀਆਂ ਦੀ ਧਾਰਨਾ ਹੈ ਕਿ ਰੋਗ ਪ੍ਰੇਤ ਰੂਹਾਂ ਜਾਂ ਸਿਧੀ ਫੈਲਾਂਦੀਆਂ ਹਨ। ਸਿਧੀ ਉਹ ਪ੍ਰੇਤ ਰੂਹ ਹੈ, ਜਿਸ ਨੇ ਗੋਰਖ ਨਾਥ ਤੋਂ ਸ਼ਕਤੀ ਪ੍ਰਾਪਤ ਕੀਤੀ ਹੋਵੇ। ਇਸ ਲਈ ਜੋਗੀ ਜਾਂ ਚੇਲੇ ਹੀ ਰੋਗ ਉਤੇ ਕਾਬੂ ਪਾਉਣ ਦੀ ਸ਼ਕਤੀ ਰਖਦੇ ਹਨ। ਜੋਗੀ ਧੂਣੀ ਦੀ ਸਵਾਹ ਨਾਲ ਰੋਗਾਂ ਦਾ ਇਲਾਜ ਕਰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਧੂਣੀ ਦੀ ਸਵਾਹ ਅਮ੍ਰਿਤ ਬੂਟੀ ਹੈ, ਜੋ ਸਭ ਰੋਗਾਂ ਦੀ ਨਾਸ਼ਕ ਹੈ, ਪਰ ਜੇ ਇਹ ਵਿਧੀ ਪੂਰਵਕ ਮੰਤਰਾਂ ਦੇ ਜਾਪ ਕਰ ਕੇ ਦਿਤੀ ਜਾਵੇ। ਜੋਗੀ ਬਦ-ਨਜ਼ਰ ਤੋਂ ਰੱਖਿਆ ਲਈ ਲੋਕਾਂ ਨੂੰ ਤਵੀਤ ਜਾਂ ਕੰਗਣ ਵੀ ਦੇਂਦੇ ਹਨ। ਸਵਾਹ ਦੀ ਚੁਟਕੀ ਜਾਂ ਚਾਵਲਾਂ ਦਾ ਦਾਣਾ ਦੇ ਕੇ ਉਹ ਨਿਰਸੰਤਾਨ ਤੀਵੀਆਂ ਨੂੰ ਔਲਾਦ ਦੀ ਬਖ਼ਸ਼ਿਸ਼ ਕਰਦੇ ਹਨ।

ਜੋਗੀਆਂ ਵਿਚ ਭੂਤ ਪ੍ਰੇਤ ਨੂੰ ਸਰੀਰ ਵਿਚੋਂ ਕੱਢਣ ਦੀ ਸ਼ਕਤੀ ਮੰਨੀ ਜਾਂਦੀ ਹੈ ਅਤੇ ਉਹ ਨਿੰਮ ਦੇ ਦਰੱਖ਼ਤ ਦੀਆਂ ਟਹਿਣੀਆਂ, ਮੋਰ ਦੇ ਖੰਭਾਂ ਅਤੇ ਚਿਮਟੇ ਆਦਿ ਨਾਲ ਝਾੜਾ ਕਰਦੇ ਹਨ (ਵੇਖੋ : ਝਾੜਾ)। ਸੱਪ ਦੇ ਕੱਟੇ ਦਾ ਜ਼ਹਿਰ ਵੀ ਉਹ ਝਾੜੇ ਨਾਲ ਨਿਵਾਰਦੇ ਹਨ।

ਜੋਗੀ ਜਾਦੂ ਟੂਣੇ ਵਿਚ ਵੀ ਵਿਸ਼ਵਾਸ਼ ਰਖਦੇ ਹਨ, ਮਨੋਕਾਮਨਾ ਦੀ ਪੂਰਤੀ ਲਈ ਜਾਂ ਰੋਗਾਂ ਦੇ ਨਿਵਾਰਨ ਲਈ ਉਹ ਤਵੀਤ ਵੀ ਦੇਂਦੇ ਹਨ। ਪ੍ਰੇਤ ਰੂਹਾਂ ਤੇ ਰੋਗਾਂ ਤੋਂ ਰੱਖਿਆ ਲਈ ਜੋਗੀ ਆਪਣੇ ਸ਼ਰਧਾਲੂਆਂ ਨੂੰ ਕੜੱਚ ਵੀ ਬਖ਼ਸ਼ਦੇ ਹਨ।

ਹਿੰਦੂਆਂ ਵਾਂਗ ਜੋਗੀ ਗੰਗਾ ਅਤੇ ਗੋਦਾਵਰੀ ਦਰਿਆ ਦੇ ਜਲ ਨੂੰ ਪਾਵਨ ਮੰਨਦੇ ਹਨ। ਦਿਉ ਪਰਯਾਗ ਜਿਥੇ ਭਗੀਰਥੀ ਅਤੇ ਅਲਖਨੰਦਾ ਇਕ ਦੂਜੇ ਵਿਚ ਰਲ ਕੇ ਗੰਗਾ ਦਾ ਰੂਪ ਧਾਰਨ ਕਰਦੀਆਂ ਹਨ, ਉਹ ਸੰਗਮ ਅਸਥਾਨ ਬੜਾ ਪਵਿੱਤਰ ਮੰਨਿਆ ਜਾਂਦਾ ਹੈ। ਭਗੀਰਥੀ ਸੋਲਾਂ ਆਨੇ ਸ਼ੁਧ ਅਤੇ ਅਲਖਨੰਦਾ ਪੰਦਰਾਂ ਆਨੇ ਸ਼ੁਧ ਮੰਨੀ ਗਈ ਹੈ।

ਕੁਝ ਰੁੱਖ ਵੀ ਪਵਿੱਤਰ ਹਨ, ਖ਼ਾਸ ਤੌਰ 'ਤੇ ਆਂਵਲੇ ਦਾ ਬ੍ਰਿਛ। ਜੋਗੀਆਂ ਵਿਚ ਇਕਾਦਸ਼ੀ ਨੂੰ ਆਮ ਤੌਰ 'ਤੇ ਅਤੇ ਫੱਗਣ ਦੀ ਚੌਦਸ ਨੂੰ ਵਿਸ਼ੇਸ਼ ਰੂਪ ਵਿਚ ਆਂਵਲੇ ਦੀ ਪੂਜਾ ਕਰਨ ਦੀ ਪ੍ਰਥਾ ਹੈ।

ਪਸ਼ੂਆਂ ਵਿਚ ਗਊ, ਗੈਂਡਾ, ਕਾਲਾ ਹਿਰਨ ਅਤੇ ਰਾਮ ਗਊ ਆਦਿ ਨੂੰ ਪੂਜਨੀਕ ਮੰਨਿਆ ਜਾਂਦਾ ਹੈ। ਗੈਂਡੇ ਨੂੰ ਪਵਿਤ੍ਰ ਪਸ਼ੂ ਮੰਨਦੇ ਹੋਏ ਉਹਦੇ ਸਿੰਙਾਂ ਦਾ ਛੱਲਾ ਸੱਜੇ ਹੱਥ ਦੀ ਦੂਜੀ ਉਂਗਲੀ ਵਿਚ ਪਹਿਨਦੇ ਹਨ। ਪਾਣੀ ਦਾ ਤਰਪਣ ਦੇਣ ਵੇਲੇ ਪਹਿਲਾਂ ਛਲ ਛੱਲੇ ਨਾਲ ਛੁਹਾ ਲਿਆ ਜਾਂਦਾ ਹੈ। ਸ਼ਿਵ ਨੇ ਗੈਂਡੇ ਦੇ ਛੱਲੇ ਪਹਿਨਣ ਦਾ ਆਦੇਸ਼ ਦਿਤਾ ਸੀ। ਜੋਗੀਆਂ ਦੇ ਮ੍ਰਿਤਕ ਸਰੀਰ ਨਾਲ ਸਮਾਧ ਵਿਚ ਗੈਂਡੇ ਦਾ ਛੱਲਾ ਦੱਬਣ ਦਾ ਰਵਾਜ ਹੈ। ਕਈ ਜੋਗੀ ਗੈਂਡੇ ਦੀਆਂ ਮੁੰਦਰਾਂ ਪਹਿਨਦੇ ਹਨ।

ਜੋਗੀ ਕਾਲੇ ਹਿਰਨ ਨੂੰ ਬੜਾ ਪਵਿਤ੍ਰ ਸਮਝ ਕੇ ਉਸ ਦਾ ਆਦਰ ਕਰਦੇ ਹਨ। ਇਸ ਦੀ ਮ੍ਰਿਗਛਾਲ ਉਤੇ ਬੈਠ ਕੇ ਤੱਪ ਦਾ ਖ਼ਾਸ ਮਹਾਤਮ ਹੈ। ਇਸ ਦੇ ਸਿੰਙ ਦੀ ਸਿੰਙੀ ਦਾ ਨਾਦ ਅਧਿਆਤਮਕ ਸ਼ਕਤੀ ਵਿਚ ਵਾਧਾ ਕਰਦਾ ਹੈ। ਕਾਲੇ ਹਿਰਨ ਦੀ ਮਹੱਤਤਾ ਬਾਰੇ ਇਕ ਕਥ ਇਉਂ ਪ੍ਰਚਲਤ ਹੈ — ਇਕ ਵਾਰ ਭਰਥਰੀ ਹਰੀ ਸ਼ਿਕਾਰ ਖੇਡਦਾ ਹੋਇਆ ਹਿਰਨਾਂ ਦੀ ਇਕ ਡਾਰ ਦਾ ਪਿੱਛਾ ਕਰ ਰਿਹਾ ਸੀ। ਇਸ ਡਾਰ ਵਿਚ 70 ਹਿਰਨੀਆਂ, ਪਰ ਇਕੋ ਇਕ ਹਿਰਨ ਸੀ। ਭਰਥਰੀ ਹਰੀ ਹਿਰਨ ਨੂੰ ਨਿਸ਼ਾਨਾ ਬਨਾਉਣ ਤੋਂ ਅਸਮਰੱਥ ਰਿਹਾ। ਇਕ ਹਿਰਨੀ ਨੇ ਭਰਥਰੀ ਹਰੀ ਨੂੰ ਕਿਹਾ ਕਿ ਉਹ ਹਿਰਨ ਦੀ ਥਾਂ ਉਹਦੇ ਪ੍ਰਾਣ ਲੈ ਲਏ। ਪਰ ਅੱਗੋਂ ਭਰਥਰੀ ਹਰੀ ਨੇ ਉੱਤਰ ਦਿਤਾ ਕਿ ਉਹ ਖੱਤਰੀ ਹੈ, ਇਸ ਲਈ ਹਿਰਨੀ

ਦਾ ਨਹੀਂ, ਹਿਰਨ ਦਾ ਸ਼ਿਕਾਰ ਕਰੇਗਾ। ਅਖੀਰ ਭਰਥਰੀ ਹਰੀ ਨੇ ਹਿਰਨ ਨੂੰ ਤੀਰ ਮਾਰ ਲਿਆ। ਜਦੋਂ ਕਾਲਾ ਹਿਰਨ ਡਿਗਿਆ, ਤਾਂ ਉਸ ਨੇ ਬੇਨਤੀ ਕਰਦੇ ਹੋਏ ਕਿਹਾ, "ਮਹਾਰਾਜ ! ਮੇਰੇ ਪੈਰ ਚੋਰ ਨੂੰ ਦੇਣੇ, ਤਾਂ ਜੋ ਉਹ ਚੁੰਗੀਆਂ ਭਰਦਾ ਹੋਇਆ ਆਪਣੀ ਜਾਨ ਬਚਾ ਕੇ ਨਠ ਜਾਵੇ, ਮੇਰੇ ਸਿੰਙ ਜੋਗੀ ਨੂੰ ਦੇਣੇ, ਤਾਂ ਜੋ ਉਹ ਨਾਦ ਵਜਾ ਕੇ ਆਨੰਦਿਤ ਹੋ ਸਕੇ। ਮੇਰੀ ਛਾਲ ਸਾਧੂ ਨੂੰ ਦੇਣਾ, ਤਾਂ ਜੋ ਉਹ ਇਹਦੇ ਉਤੇ ਬੈਠ ਕੇ ਪੂਜਾ ਵਿਚ ਲੀਨ ਹੋ ਸਕੇ। ਮੇਰੀਆਂ ਅੱਖਾਂ ਇਸਤ੍ਰੀ ਨੂੰ ਦੇਣਾ, ਤਾਂ ਜੋ ਉਹ ਮ੍ਰਿਗਨੈਣੀ ਅਖਵਾ ਸਕੇ ਅਤੇ ਮੇਰਾ ਮਾਸ ਖ਼ੁਦ ਖਾਣਾ।" ਇਹ ਗੱਲ ਸੁਣ ਕੇ ਭਰਥਰੀ ਹਰੀ ਨੂੰ ਬੜਾ ਦੁਖ ਹੋਇਆ ਅਤੇ ਉਸ ਨੇ ਸਾਰੀ ਗੱਲ ਗੋਰਖਨਾਥ ਨੂੰ ਜਾ ਦੱਸੀ। ਗੋਰਖਨਾਥ ਨੇ ਧੂਣੀ ਦੀ ਸਵਾਹ ਧੂੜ ਕੇ ਹਿਰਨ ਨੂੰ ਮੁੜ ਸੁਰਜੀਤ ਕਰ ਦਿਤਾ।

ਜੋਗੀ ਕਾਲੇ ਕੁੱਤੇ ਨੂੰ ਕਦੇ ਨਹੀਂ ਦੁਰਕਾਰਦੇ, ਕਿਉਂ ਜੋ ਉਹ ਭੈਰੋਂ ਦਾ ਵਾਹਣ ਹੈ।

ਆਧਾਰ ਗ੍ਰੰਥ :

1. ਬ੍ਰਿਗਜ਼, ਡਬਲੀਉ. ਜੀ. — ਗੋਰਖਨਾਥ ਐਂਡ ਕਨਫਟਾ ਯੋਗੀਜ਼।

2. ਡਾ: ਹਜ਼ਾਰੀ ਪ੍ਰਸਾਦਿ ਦਿਵੇਦੀ — ਨਾਥ ਸੰਪ੍ਰਦਾਇ।

3. ਨਰਿੰਦਰ ਧੀਰ — ਨਾਥ-ਸਿਧ : ਏਕ ਵਿਵੇਚਨ।

4. ਗਲਾਸਰੀ ਆਫ਼ ਦੀ ਟਰਾਈਬਜ਼ ਐਂਡ ਕੇਸਟਜ਼ ਆਫ਼ ਪੰਜਾਬ ਐਂਡ ਨਾਰਥ ਵੈਸਟ ਫ਼ਰੰਟੀਅਰ ਪ੍ਰੋਵਿੰਸ।

5. ਦੀ ਕਲਚਰਲ ਹੈਰੀਟੇਜ ਆਫ਼ ਇੰਡੀਆ— ਰਾਮਾ ਕ੍ਰਿਸ਼ਨਾ ਮਿਸ਼ਨ, ਕਲਕੱਤਾ।

### (ਕ-99) ਕੰਨ ਫੁੱਲ :

ਫੁੱਲ ਦੀ ਸ਼ਕਲ ਦਾ ਇਕ ਗਹਿਣਾ, ਜੋ ਤੀਵੀਆਂ ਕੰਨ ਵਿਚ ਪਹਿਨਦੀਆਂ ਹਨ।

### (ਕ-100) ਕਨਾਗਤ :

ਇਕ ਵਿਸ਼ੇਸ਼ ਯੋਗ, ਜੋ ਸੂਰਜ ਦੇ ਕੰਨਿਆਂ ਰਾਸ਼ੀ ਵਿਚ ਅਤੇ ਚੰਦਰਮੇਂ ਦੇ ਕ੍ਰਿਸ਼ਨਾ ਪੱਖ ਵਿਚ ਵਿਚਰਨ ਦੇ ਦੌਰਾਨ ਹੁੰਦਾ ਹੈ। ਇਹ ਦਿਨ ਪਿੱਤਰਾਂ ਨਮਿਤ ਸਰਾਧ ਅਤੇ ਪੁੰਨ ਦਾਨ ਕਰਨ ਲਈ ਯੋਗ ਸਮਝੇ ਜਾਂਦੇ ਹਨ, ਕਿਉਂ ਜੋ ਇਸ ਸਥਿਤੀ ਵਿਚ ਪਿੱਤਰ-ਲੋਕ ਧਰਤੀ ਦੇ ਕਾਫ਼ੀ ਨੇੜੇ ਹੁੰਦਾ ਹੈ (ਵੇਖੋ : ਸਰਾਧ)।

### (ਕ-101) ਕੰਨਾ ਮੰਨਾ ਕੁੱਰਰ :

ਛੋਟੇ ਬੱਚਿਆਂ ਦੇ ਮਨੋਰੰਜਨ ਲਈ, ਜਾਂ ਰੋਂਦੇ ਬੱਚੇ ਨੂੰ ਵਿਰਚਾਣ ਲਈ ਮਾਂਵਾਂ/ਭੈਣਾਂ ਬੱਚਿਆਂ ਦੇ ਕੰਨਾਂ ਵਿਚ ਜ਼ੋਰ ਨਾਲ 'ਕੰਨਾ ਮਨਾ ਕੁੱਰਰ' ਕਰਦੀਆਂ ਹਨ। ਕੰਨਾ ਮੰਨਾ ਕਹਿਣ ਮਗਰੋਂ ਕੁੱਰਰ ਸ਼ਬਦ ਜੀਭ ਨੂੰ ਥੱਰਰਾ ਕੇ ਅਤੇ ਲੰਮੀ ਲਰਜ਼ਵੀਂ ਧੁਨੀ ਵਿਚ ਅਲਾਪਿਆ ਜਾਂਦਾ ਹੈ, ਜਿਸ ਨਾਲ ਬੱਚੇ ਦੇ ਕੰਨਾਂ ਵਿਚ ਥਰਥਰਾਹਟ ਜਿਹੀ ਪੈਦਾ ਹੁੰਦੀ ਹੈ। ਇਹਦੇ ਨਾਲ ਬੱਚਾ ਪ੍ਰਸੰਨ ਹੋ ਕੇ ਮੁਸਕਰਾਣ ਲੱਗਦਾ ਹੈ।

### (ਕ-102) ਕੰਨਿਆਂ ਕੁਮਾਰੀ :

ਦੁਰਗਾ ਦਾ ਇਕ ਰੂਪ, ਜੋ ਉਸ ਨੇ ਬਨਾਸੁਰ ਰਾਖਸ਼ ਦਾ ਨਾਸ਼ ਕਰਨ ਲਈ ਧਾਰਨ ਕੀਤਾ ਸੀ। ਪੌਰਾਣਿਕ ਕਾਲ ਵਿਚ ਜਦੋਂ ਬਨ ਨਾਂ ਦੇ ਅਸੁਰ ਨੇ ਦੇਵਤਿਆਂ ਤੋਂ ਇੰਦਰਪੁਰੀ ਖੋਹ ਕੇ ਆਪਣਾ ਰਾਜ ਸਥਾਪਿਤ ਕਰ ਲਿਆ ਅਤੇ ਤਿੰਨਾਂ ਲੋਕਾਂ ਵਿਚ ਖ਼ੂਬ ਤਬਾਹੀ ਮਚਾਈ, ਤਾਂ ਧਰਤੀ ਮਾਤਾ ਨੇ ਵਿਸ਼ਨੂੰ ਦੀ ਸ਼ਰਨ ਲਈ। ਵਿਸ਼ਨੂੰ ਨੇ ਸ਼ਕਤੀ ਦੀ ਅਰਾਧਣਾ ਕਰਨ ਲਈ ਕਿਹਾ, ਕਿਉਂ ਜੋ ਉਸ ਤੋਂ ਸਿਵਾ ਹੋਰ ਕੋਈ ਬਨਾਸੁਰ ਨੂੰ ਨਸ਼ਟ ਨਹੀਂ ਸੀ ਕਰ ਸਕਦਾ। ਦੇਵਤਿਆਂ ਨੇ ਸ਼ਕਤੀ ਦੀ ਅਰਾਧਨਾ ਲਈ ਭਾਰੀ ਯੱਗ ਕੀਤਾ। ਬਨਾਸੁਰ ਨੂੰ ਬ੍ਰਹਮਾ ਤੋਂ ਵਰ ਪ੍ਰਾਪਤ ਸੀ ਕਿ ਉਹਨੂੰ ਕੰਵਾਰੀ ਕੰਨਿਆਂ ਤੋਂ ਇਲਾਵਾ ਹੋਰ ਕੋਈ ਵਿਅਕਤੀ ਨਹੀਂ ਸੀ ਮਾਰ ਸਕਦਾ। ਸੋ ਸ਼ਕਤੀ ਨੇ ਕੰਨਿਆਂ ਦਾ ਰੂਪ ਧਾਰ ਕੇ ਬਨਾਸੁਰ ਦਾ ਨਸ਼ਟ ਕਰਨਾ ਚਾਹਿਆ। ਕੰਨਿਆਂ ਕੁਮਾਰੀ ਦਾ ਰੂਪ ਤੇ ਜੋਬਨ ਵੇਖ ਕੇ ਸ਼ਿਵ ਮੋਹਿਤ ਹੋ ਗਏ ਅਤੇ ਉਸ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ। ਪਰ ਨਾਰਦ ਨੇ ਇਕ ਛਲ ਰਚ ਕੇ ਸ਼ਿਵ ਨੂੰ ਕੰਨਿਆਂ ਨਾਲ ਵਿਆਹ ਕਰਨ ਤੋਂ ਰੋਕ ਲਿਆ। ਨਾਰਦ ਨੇ ਮਹੂਰਤ ਕਢ ਕੇ ਦਸਿਆ ਕਿ ਇਹ ਵਿਆਹ ਜੇ ਫਲਾਣੀ ਤਿੱਥ ਨੂੰ ਅੱਧੀ ਰਾਤ ਵੇਲੇ ਹੋਵੇ, ਤਾਂ ਹੀ ਬ੍ਰਹਿਮੰਡ ਲਈ ਸ਼ੁਭ ਹੋਵੇਗਾ। ਸ਼ਿਵ ਵਿਆਹ ਦੀ ਤਿਆਰੀ ਮੁਕੰਮਲ ਕਰ ਕੇ ਕੰਨਿਆਂ ਕੁਮਾਰੀ ਵਲ ਤੁਰ ਪਿਆ। ਨਾਰਦ ਨੇ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਵੇਲੇ ਹੀ ਬਾਂਗ ਦੇ ਦਿਤੀ। ਸ਼ਿਵ ਨੇ ਸਮਝਿਆ ਕਿ ਪਹੁ ਫੁਟ ਗਈ ਹੈ ਅਤੇ ਲਗਨ ਦਾ ਸ਼ੁਭ ਸਮਾਂ ਲੰਘ ਗਿਆ ਹੈ। ਸੋ ਉਹ ਵਾਪਸ ਮੁੜ ਗਿਆ। ਕੰਨਿਆਂ ਨੇ ਸਾਰੀ ਉਮਰ ਕੁਆਰੀ ਰਹਿਣ ਦਾ ਪ੍ਰਣ ਕਰ ਲਿਆ।

ਕੰਨਿਆਂ ਕੁਮਾਰੀ ਦੇ ਰੂਪ ਦੀ ਚਰਚਾ ਸੁਣ ਕੇ ਬਨਾਸੁਰ ਖ਼ੁਦ ਉਸ ਨੂੰ ਮਿਲਣ ਲਈ ਆਇਆ ਅਤੇ ਵਿਆਹ ਲਈ ਪੇਸ਼ਕਸ਼ ਕੀਤੀ, ਪਰ ਕੰਨਿਆਂ ਦੇਵੀ ਨੇ ਇਹ ਪੇਸ਼ਕਸ਼ ਠੁਕਰਾ ਦਿਤੀ। ਬਨਾਸੁਰ ਨੇ ਕੰਨਿਆਂ ਕੁਮਾਰੀ ਨੂੰ ਜ਼ਬਰਦਸਤੀ ਉਧਾਲਣਾ ਚਾਹਿਆ, ਪਰ ਦੇਵੀ ਨੇ ਆਪਣੇ ਚੱਕਰ ਨਾਲ ਬਨਾਸੁਰ ਦਾ ਖ਼ਾਤਮਾ ਕਰ ਦਿਤਾ।

ਕੰਨਿਆਂ ਕੁਮਾਰੀ ਦੀ ਪੂਜਾ ਨੌਰਾਤਿਆਂ ਦੇ ਦਿਨਾਂ ਵਿਚ ਕੀਤੀ ਜਾਂਦੀ ਹੈ।

### (ਕ-103) ਕੰਨਿਆਂ ਦਾਨ :

ਵਿਆਹ ਵਿਚ ਵਰ ਤੋਂ ਕਿਸੇ ਕਿਸਮ ਦਾ ਕੋਈ ਮੁਆਵਜ਼ਾ ਲਏ ਬਗ਼ੈਰ, ਕੰਨਿਆਂ ਦੇਣ ਦੀ ਰੀਤ; ਸ਼ਾਸਤਰਾਂ ਅਨੁਸਾਰ ਕੰਨਿਆਂ ਦਾਨ ਸਭ ਤੋਂ ਉੱਤਮ ਦਾਨ ਹੈ। ਧਾਰਨਾ ਹੈ ਕਿ ਜਿਹੜਾ ਸ਼ਖ਼ਸ ਇਸ ਸੰਸਾਰ ਵਿਚ ਕੰਨਿਆਂ ਦਾ ਦਾਨ ਨਹੀਂ ਕਰਦਾ, ਉਹ ਘੋਰ ਨਰਕ ਦਾ ਭਾਗੀ ਬਣਦਾ ਹੈ। ਇਕੋ ਕੰਨਿਆਂ ਦਾਨ ਨਾਲ ਪ੍ਰਾਣੀ ਦੇ ਅਨੇਕਾਂ ਪਾਪ ਸਹਿਜ ਰੂਪ ਵਿਚ ਹੀ ਧੁਲ ਜਾਂਦੇ ਹਨ।

ਇਸੇ ਵਿਚਾਰ ਨੂੰ ਮੁਖ ਰਖਦੇ ਹੋਏ, ਜਿਨ੍ਹਾਂ ਲੋਕਾਂ ਦੇ ਘਰ ਧੀ-ਧਿਆਣੀ ਨਹੀਂ ਹੁੰਦੀ, ਉਹ ਆਪਣਾ ਪਰਲੋਕ ਸੰਵਾਰਨ ਦੇ ਵਿਚਾਰ ਨਾਲ, ਪੂਰੀ ਰੀਤ ਮਰਯਾਦਾ ਨਾਲ ਤੁਲਸੀ ਦਾ ਕੰਨਿਆਂ ਦਾਨ ਕਰਦੇ ਹਨ। ਪਹਿਲਾਂ ਘਰ ਵਿਚ ਤੁਲਸੀ ਦਾ ਬੂਟਾ ਲਗਾਇਆ ਜਾਂਦਾ ਹੈ, ਜਿਸ ਨੂੰ ਧੀ ਵਾਂਗ ਪਾਲਿਆ ਜਾਂਦਾ ਹੈ। ਜਦੋਂ ਪੌਦਾ ਵੱਡਾ ਹੋ ਜਾਵੇ, ਤਾਂ ਕੁਲ ਪ੍ਰੋਹਿਤ ਨੂੰ ਸਦ ਕੇ ਉਸ ਨਾਲ ਤੁਲਸੀ ਦੀ ਮੰਗਣੀ ਕੀਤੀ ਜਾਂਦੀ ਹੈ ਤੇ ਫਿਰ ਪੂਰਨ ਮਰਯਾਦਾ ਨਾਲ ਵਿਆਹ ਰਚਾਇਆ ਜਾਂਦਾ ਹੈ। ਸਭ ਰੀਤਾਂ ਤੇ ਸ਼ਗਨ ਉਸੇ ਵਿਧੀ ਨਾਲ ਕੀਤੇ ਜਾਂਦੇ ਹਨ ਜਿਵੇਂ ਵਾਸਤਵਿਕ ਵਿਚ ਵਿਆਹ ਹੋ ਰਿਹਾ ਹੋਵੇ। ਪ੍ਰੋਹਿਤ ਨੂੰ ਆਪਣੀ ਵਿਤ ਮੁਜਬ ਦਾਜ ਦੌਣ ਦਿਤਾ ਜਾਂਦਾ ਹੈ ਅਤੇ ਉਹ ਪ੍ਰੋਹਿਤ ਉਸ ਦਿਨ ਤੋਂ ਉਸ ਘਰ ਦਾ ਜਵਾਈ ਸਮਝਿਆ ਜਾਂਦਾ ਹੈ। ਕੁਝ ਵਿਸ਼ਨੂੰ ਭਗਤ ਕੰਨਿਆਂ ਦਾਨ ਦਾ ਫਲ ਪ੍ਰਾਪਤ ਕਰਨ ਲਈ ਤੁਲਸਾਂ ਅਤੇ ਸਾਲਗਰਾਮ ਦਾ ਵਿਆਹ ਰਚਾਂਦੇ ਹਨ (ਵੇਖੋ : ਤੁਲਸੀ)।

ਪਹਿਲਿਆਂ ਵਿਚ ਕੰਨਿਆਂ ਨੂੰ ਸੁੱਚੇ ਰੂਪ ਵਿਚ ਦਾਨ ਕੀਤਾ ਜਾਂਦਾ ਸੀ ਅਤੇ ਉਹ ਕੰਨਿਆਂ ਦਾਨ ਸੰਪੂਰਨ ਅਤੇ ਮਹੱਤਵਸ਼ੀਲ ਮੰਨਿਆ ਜਾਂਦਾ ਸੀ। ਕੰਨਿਆਂ ਬਾਰਾਂ ਸਾਲਾਂ ਦੀ ਆਯੂ ਤਕ ਜਾਂ ਜਦੋਂ ਤਕ ਉਸ ਨੂੰ ਮਾਹਵਾਰੀ ਸ਼ੁਰੂ ਨਾ ਹੋਵੇ, ਸੁੱਚੀ ਅਥਵਾ ਕੰਜ ਕੁਆਰੀ ਮੰਨੀ ਜਾਂਦੀ ਹੈ। ਕੁਝ ਸ਼ਾਸਤਰਾਂ ਅਨੁਸਾਰ ਕੇਵਲ ਕੰਜ ਕੁਆਰੀ ਦਾ ਹੀ ਦਾਨ ਲੱਗਦਾ ਹੈ, ਦੂਜੀ ਕੁੜੀ ਦਾ ਨਹੀਂ, ਇਸੇ ਕਰ ਕੇ ਪਹਿਲਿਆਂ ਵਿਚ ਛੋਟੀ ਉਮਰ ਦੇ ਵਿਆਹ ਦੀ ਪ੍ਰਥਾ ਜ਼ੋਰਾਂ ਉਤੇ ਸੀ।

ਹਿੰਦੂਆਂ ਵਿਚ ਕੰਨਿਆਂ ਦਾਨ ਤਾਰਿਆਂ ਦੀ ਛਾਵੇਂ ਕੀਤਾ ਜਾਂਦਾ ਹੈ। ਕੰਨਿਆਂ ਨੂੰ ਲਾੜ੍ਹੇ ਦੇ ਨਾਲ ਵੇਦੀ ਵਿਚ ਬਿਠਾ ਕੇ ਹਵਨ ਕੀਤਾ ਜਾਂਦਾ ਹੈ। ਕੰਨਿਆਂ ਦਾਨ ਦੀ ਰਸਮ ਵੇਲੇ, ਕੰਨਿਆਂ ਦਾ ਪਿਉ, ਉਸ ਦਾ ਖੱਬਾ ਹੱਥ ਵਰ ਦੇ ਸੱਜੇ ਹੱਥ

Sri Satguru Jagjit Singh Ji eLibrary NamdhariElibrary@gmail.com

ਵਿਚ ਫੜਾਂਦਾ ਹੈ। ਤੀਵੀਆਂ ਕੰਨਿਆਂ ਦਾਨ ਦੇ ਗੀਤ ਛੂਹ ਦਿੰਦੀਆਂ ਹਨ।

ਸਿੱਖਾਂ ਵਿਚ ਕੰਨਿਆਂ ਦਾਨ, ਆਦਿ ਗ੍ਰੰਥ ਦੀ ਹਜ਼ੂਰੀ ਵਿਚ, ਲਾਵਾਂ ਤੋਂ ਪਹਿਲਾਂ ਕੀਤਾ ਜਾਂਦਾ ਹੈ। ਕੰਨਿਆਂ ਦਾ ਪਿਉ ਵਰ ਦੇ ਗਲੇ ਵਿਚ ਪਏ ਪੱਲੇ ਦਾ ਲੜ ਆਪਣੀ ਕੰਨਿਆਂ ਦੇ ਹੱਥ ਵਿਚ ਫੜਾਂਦਾ ਹੈ ਅਤੇ ਕੀਰਤਨੀਆਂ 'ਪਲੇ ਮੈਂ ਤੈਂਡੇ ਲਾਗੀ' ਦੇ ਸ਼ਬਦ ਦਾ ਗਾਇਨ ਕਰਦੇ ਹਨ।

**(105) ਕਨੇਰ :**

ਇਕ ਫੁਲਦਾਰ ਬੂਟਾ; ਸ਼ੈਵਮੱਤ ਵਾਲੇ ਕਨੇਰ ਦੇ ਫੁੱਲਾਂ ਨੂੰ ਬੜਾ ਪਵਿਤ੍ਰ ਮੰਨਦੇ ਹਨ ਅਤੇ ਸ਼ਿਵਜੀ ਦੀ ਉਪਾਸਨਾ ਸਮੇਂ ਕਨੇਰ ਦੇ ਫੁੱਲ ਸ਼ਿਵਲਿੰਗ ਉਪਰ ਬਿਖੇਰਦੇ ਹਨ।

ਪਰ ਲੋਕ ਨਿਸਚੇ ਅਨੁਸਾਰ ਜੇ ਕਨੇਰ ਦੇ ਫੁੱਲ ਕਿਸੇ ਗ੍ਰਿਹਸਤੀ ਦੇ ਘਰ ਸੁਟ ਦਿਤੇ ਜਾਣ, ਤਾਂ ਉਥੇ ਹਮੇਸ਼ਾਂ ਕਲਹ ਵਰਤੀ ਰਹਿੰਦੀ ਹੈ। ਅਖਾਣ ਵੀ ਹੈ : ਕਨੇਰ ਸੁਟਿਆ ਤੇ ਘਰ ਫੁਟਿਆ। ਇਹ ਭਰਮ ਸ਼ਿਵ ਮੱਤ ਦੇ ਰਸਾਤਲ ਸਮੇਂ ਇਨ੍ਹਾਂ ਫੁੱਲਾਂ ਨਾਲ ਜੁੜਿਆ ਜਾਪਦਾ ਹੈ। ਸ਼ਿਵ ਤਿਆਗੀ ਤੇ ਵ੍ਰਿਕਤ ਸੀ। ਇਸ ਲਈ ਸ਼ਿਵ ਨਾਲ ਸਬੰਧਿਤ ਫੁੱਲ ਜਿਸ ਘਰ ਵਿਚ ਸੁਟੇ ਜਾਣਗੇ, ਉਸ ਦੇ ਮਰਦ ਵਿਚ ਵ੍ਰਿਕਤ ਭਾਵਨਾ ਉਭਰੇਗੀ ਤੇ ਘਰ ਵਿਚ ਕਲਹ ਵਰਤੇਗੀ।

**(ਕ-106) ਕਨੇਰਾ :**

ਇਕ ਟਪਰੀ ਵਾਸੀ ਜਾਤੀ, ਜੋ ਕੱਖਾਂ ਕਾਨਿਆਂ ਦੀਆਂ ਚਟਾਈਆਂ ਬਣਾ ਕੇ ਨਿਰਭਾਹ ਕਰਦੀ ਹੈ (ਵੇਖੋ : ਟਪਰੀ ਵਾਸੀ)।

**(ਕ-107) ਕਨੇਤ :**

ਰਾਜਪੂਤਾਂ ਦੀ ਇਕ ਗੋਤ, ਜੋ ਹਿਮਾਚਲ ਪ੍ਰਦੇਸ਼ ਵਿਚ ਵਸਦੀ ਹੈ (ਵੇਖੋ : ਰਾਜਪੂਤ)।

**(ਕ-108) ਕਪੜ ਛਾਣ :**

ਲਹਿੰਦੇ ਦੀ ਇਕ ਪ੍ਰਸਿਧ ਬਾਲ ਖੇਡ; ਪਹਿਲਾਂ ਦੋ ਟੋਲੀਆਂ ਬਣਾ ਕੇ ਉਨ੍ਹਾਂ ਦੇ ਵੱਡੇ ਆੜ੍ਹੀ ਚੁਣ ਲਏ ਜਾਂਦੇ ਹਨ। ਹਰੇਕ ਖਿਡਾਰੀ ਦਾ ਕੋਈ ਫ਼ਰਜ਼ੀ ਨਾਂ — ਸੋਨਾ, ਚਾਂਦੀ, ਅੰਬ, ਮਾਲਟਾ, ਸ਼ੇਰ, ਕੁੱਕੜ ਆਦਿ ਰਖ ਲਏ ਜਾਂਦੇ ਹਨ। ਫਿਰ ਦੋਵੇਂ ਟੋਲੀਆਂ ਇਕ ਦੂਜੇ ਤੋਂ ਦਸ ਬਾਰਾਂ ਕਦਮ ਦੂਰ ਬੈਠ ਜਾਂਦੀਆਂ ਹਨ। ਦੋਹਾਂ ਧਿਰਾਂ ਦੇ ਵੱਡੇ ਆੜ੍ਹੀ ਉਨ੍ਹਾਂ ਵਿਚਕਾਰ ਇਕ ਕਪੜਾ, ਚੁੰਨੀ ਜਾਂ ਚਾਦਰ ਤਾਣ ਕੇ ਖੜੇ ਹੋ ਜਾਂਦੇ ਹਨ।

ਫਿਰ ਇਕ ਟੋਲੀ ਦਾ ਵੱਡਾ ਆੜ੍ਹੀ ਆਪਣੇ ਕਿਸੇ ਆੜ੍ਹੀ ਦਾ ਫ਼ਰਜ਼ੀ ਨਾਉਂ ਲੈ ਕੇ ਉਸ ਨੂੰ

ਉਤੇ ਕਈ ਹੋਰ ਨਜ਼ਦੀਕੀ ਰਿਸ਼ਤੇਦਾਰ ਅਥਵਾ ਮੇਲੀ ਆਦਿ ਵੀ ਕੰਨਿਆਂ ਲਈ ਜੋੜੇ ਤੇ ਤ੍ਰੇਵਰ ਲਿਆਉਂਦੇ ਹਨ, ਜਿਨ੍ਹਾਂ ਵਿਚੋਂ ਕੁਝ ਕੰਨਿਆਂ ਦੇ ਦਾਜ ਵਿਚ ਸ਼ਾਮਲ ਕਰ ਲਏ ਜਾਂਦੇ ਹਨ, ਪਰ ਕੁਝ ਵਰਤਣ ਵਰਤਾਣ ਲਈ ਘਰ ਵਿਚ ਰਖ ਲਏ ਜਾਂਦੇ ਹਨ। ਗੁਜਰਾਤ ਦੇ ਮੁਸਲਮਾਨਾਂ ਵਿਚ ਕੰਨਿਆਂ ਦੀਆਂ ਵਿਆਹੀਆਂ ਹੋਈਆਂ ਭੈਣਾਂ ਅਤੇ ਫੁੱਫੀਆਂ ਕੰਨਿਆਂ ਦੇ ਦੋ ਦੋ ਜੋੜੇ ਜ਼ਰੂਰ ਲਿਆਉਂਦੀਆਂ ਹਨ। ਜੋੜਿਆਂ ਦੇ ਨਾਲ ਕੁਝ ਨਕਦ ਰਕਮ ਵੀ ਭੇਟ ਕੀਤੀ ਜਾਂਦੀ ਹੈ।

ਵਿਆਹ ਦੀਆਂ ਰਸਮਾਂ ਰੀਤਾਂ ਵੇਲੇ ਲਾੜ੍ਹੇ ਦੀ ਮਾਂ ਪੇਕੇ ਘਰ ਦਾ ਤ੍ਰੇਵਰ ਪਹਿਨਦੀ ਹੈ। ਜੇ ਲਾੜ੍ਹੇ ਦੇ ਨਾਨੀ ਨਾਨਾ ਜਿਊਂਦੇ ਨਾ ਹੋਣ, ਤਾਂ ਤ੍ਰੇਵਰ ਭੇਜਣ ਦਾ ਫ਼ਰਜ਼ ਵਡੇ ਮਾਮੇ ਮਾਮੀ ਦਾ ਬਣਦਾ ਹੈ। ਜੇ ਮਾਮਾ ਵੀ ਨਾ ਹੋਵੇ, ਤਾਂ ਲਾੜ੍ਹੇ ਦੀ ਭੂਆ ਇਹ ਜੋੜਾ ਲਿਆਂਦੀ ਹੈ। ਇਸ ਜੋੜੇ ਨੂੰ 'ਹੱਥ ਫੇਰੇ ਦਾ' ਜੋੜਾ ਕਹਿੰਦੇ ਹਨ।

ਲਾੜ੍ਹੇ ਨੇ ਘੋੜੀ ਚੜ੍ਹਨ ਵੇਲੇ ਜੋ ਜੋੜਾ ਪਹਿਨਿਆ ਹੁੰਦਾ ਹੈ, ਕੁਝ ਜਾਤਾਂ ਵਿਚ ਉਹ ਗੋਤੋਂ ਬਾਹਰਲਾ ਹੋਣਾ ਲਾਜ਼ਮੀ ਹੈ। ਆਮ ਤੌਰ 'ਤੇ ਇਹ ਜੋੜਾ ਨਾਨਕਾ ਹੁੰਦਾ ਹੈ। ਗੁਜਰਾਤ ਦੇ ਮੁਸਲਮਾਨਾਂ ਵਿਚ ਵਿਆਹ ਦੇ ਮੌਕੇ ਉਤੇ ਦੂਲ੍ਹਾ ਆਪਣੀ ਭੈਣ ਦੇ ਘਰੋਂ ਆਇਆ ਜੋੜਾ ਪਹਿਨਦਾ ਹੈ। ਜਦੋਂ ਦੂਲ੍ਹਾ ਘੋੜੀ ਚੜ੍ਹਦਾ ਹੈ, ਤਾਂ ਸਰਦੇ ਪੁਜਦੇ ਘਰ ਕਮੀਂ ਕਮੀਨਾਂ ਵਿਚ ਜੋੜੇ ਵੰਡਦੇ ਹਨ।

ਵਿਆਹ ਤੋਂ ਬਾਅਦ ਜਦੋਂ ਰਿਸ਼ਤੇਦਾਰ ਵਿਦਾ ਹੋਣ ਲਗਦੇ ਹਨ, ਤਾਂ ਆਮ ਤੌਰ 'ਤੇ ਘਰ ਦੀਆਂ ਧੀਆਂ ਧਿਆਣੀਆਂ ਨੂੰ ਕਪੜੇ ਲੱਤੇ ਦਿਤੇ ਜਾਂਦੇ ਹਨ। ਇਨ੍ਹਾਂ ਧੀਆਂ ਧਿਆਣੀਆਂ ਵਿਚ ਲਾੜ੍ਹੇ ਦੀਆਂ ਸਕੀਆਂ ਭੈਣਾਂ ਤੋਂ ਇਲਾਵਾ ਚਾਚੇ, ਮਾਮੇ ਆਦਿ ਦੀਆਂ ਧੀਆਂ ਅਤੇ ਮਾਂ ਪਿਉ ਦੀਆਂ ਭੈਣਾਂ ਵੀ ਸ਼ਾਮਲ ਕਰ ਲਈਆਂ ਜਾਂਦੀਆਂ ਹਨ। ਜਿਨ੍ਹਾਂ ਸਾਕਾਂ ਨਾਲ ਵਧੇਰੇ ਸਨੇਹ ਹੁੰਦਾ ਹੈ, ਉਨ੍ਹਾਂ ਦੇ ਬੱਚਿਆਂ ਨੂੰ ਵੀ ਕਪੜੇ ਦੇਣ ਦੀ ਪ੍ਰਥਾ ਹੈ।

ਕੰਨਿਆਂ ਦੇ ਦਾਜ ਵਿਚ ਦੂਲ੍ਹੇ ਦੁਲ੍ਹਨ ਤੋਂ ਇਲਾਵਾ ਕੁਝ ਹੋਰ ਮੇਲੀਆਂ ਦੇ ਵੀ ਕਪੜੇ ਧਰੇ ਜਾਂਦੇ ਹਨ, ਵਿਸ਼ੇਸ਼ ਕਰ ਕੇ ਦੂਲ੍ਹੇ ਦੇ ਚਾਚੇ ਚਾਚੀ,

ਬੁਲਾਂਦਾ ਹੈ। ਉਹ ਕਪੜੇ ਨਾਲ ਆਪਣਾ ਸਿਰ ਮੂੰਹ ਚੰਗੀ ਤਰ੍ਹਾਂ ਵਲ੍ਹੇਟ ਕੇ ਤਣੇ ਹੋਏ ਕਪੜੇ ਦੀ ਇਕ ਨੁਕਰੇ ਬੈਠ ਜਾਂਦਾ ਹੈ। ਫਿਰ ਦੂਜਾ ਵੱਡਾ ਆੜ੍ਹੀ ਆਪਣੇ ਕਿਸੇ ਆੜ੍ਹੀ ਨੂੰ ਸਦ ਕੇ ਪੁਛਦਾ ਹੈ:

ਪਾਰੇ ਬੰਨ੍ਹੇ ਕਿਸੇ ਵੱਛੀ ਛੋੜੀ
ਬੁਝੇਂ ਤਾਂ ਸਵਾਰ, ਨਹੀਂ ਤਾਂ ਘੋੜੀ

ਜੇ ਬੁੱਝਣ ਵਾਲਾ ਠੀਕ ਨਾਉਂ ਦਸ ਦੇਵੇ, ਤਾਂ ਛੁਪਣ ਵਾਲਾ ਬੁੱਝਣ ਵਾਲੇ ਨੂੰ ਪਿੱਠ ਉਤੇ ਚੁਕ ਕੇ ਉਹਦੀ ਟੋਲੀ ਵਿਚ ਛੱਡ ਆਉਂਦਾ ਹੈ। ਜੇ ਨਾ ਬੁਝ ਸਕੇ, ਤਾਂ ਬੁਝਣ ਵਾਲੇ ਨੂੰ ਘੋੜੀ ਬਣਨਾ ਪੈਂਦਾ ਹੈ। ਇਸ ਤਰ੍ਹਾਂ ਇਹ ਖੇਡ ਚਾਲੂ ਰਹਿੰਦੀ ਹੈ।

**(ਕ-109) ਕਪੜਿਆਂ ਦੀ ਭਾਜੀ :**

ਵਿਆਹ ਸ਼ਾਦੀ ਤੋਂ ਹੋਰ ਮੰਗਲ ਮੌਕਿਆਂ ਉਤੇ ਕਪੜਿਆਂ ਦੇ ਲੈਣ ਦੇਣ ਵੀ ਸਮਾਜਿਕ ਪ੍ਰਥਾ ਹੈ। ਪੰਜਾਬੀ ਸਮਾਜ ਵਿਚ ਕਪੜੇ ਵਰਤਨ ਭਾਜੀ ਦਾ ਲਾਜ਼ਮੀ ਅੰਗ ਸਮਝੇ ਜਾਂਦੇ ਹਨ। ਪਰ ਇਹ ਭਾਜੀ ਕੇਵਲ ਨਜ਼ਦੀਕੀ ਸਾਕਾਂ ਤੇ ਗਹਿਰੇ ਦੋਸਤਾਂ ਨਾਲ ਰਖੀ ਜਾਂਦੀ ਹੈ।

ਕੁਝ ਜਾਤਾਂ ਗੋਤਾਂ ਵਿਚ ਨਵੇਂ ਜੰਮੇ ਬਾਲ ਨੂੰ ਪਹਿਲੇ ਸਾਲ ਘਰ ਦੇ ਕਪੜੇ ਪਹਿਨਾਣੇ ਨਿਸ਼ੇਧ ਹਨ। ਬੱਚੇ ਨੂੰ ਗੋਤੋਂ ਬਾਹਰੇ ਸਾਕਾਂ ਸਨੇਹੀਆਂ ਵਲੋਂ ਭੇਟ ਕੀਤੇ ਗਏ ਕਪੜੇ ਹੀ ਪਹਿਨਾਏ ਜਾਂਦੇ ਹਨ। ਅਜਿਹੀ ਅਵਸਥਾ ਵਿਚ ਮਾਮੀ, ਮਾਸੀ, ਭੂਆ ਜਾਂ ਫੁੱਫੀ ਦੇ ਘਰੋਂ ਆਏ ਕਪੜੇ ਪਹਿਨਾਏ ਜਾਂਦੇ ਹਨ।

ਬੱਚੇ ਦੇ ਜੰਮਣ ਉਤੇ ਸਰਦੇ ਪੁਜਦੇ ਲੋਕ ਆਪਣੇ ਨਜ਼ਦੀਕੀ ਸਾਕਾਂ, ਭੂਆ ਮਾਸੀ ਆਦਿ ਨੂੰ ਜੋੜੇ ਜਾਂ ਤੇਵਰ ਭੇਟ ਕਰਦੇ ਹਨ। ਜੋੜੇ ਵਿਚ ਕੇਵਲ ਦੋ ਕਪੜੇ ਹੁੰਦੇ ਹਨ — ਕਮੀਜ਼ ਤੇ ਸਲਵਾਰ, ਪਰ ਤੇਵਰ ਵਿਚ ਇਨ੍ਹਾਂ ਦੋਹਾਂ ਤੋਂ ਇਲਾਵਾ ਸਿਰ ਦਾ ਦੁਪੱਟਾ/ਪੱਗ ਹੁੰਦੀ ਹੈ।

ਵਿਆਹ ਦੇ ਮੌਕੇ ਉਤੇ ਕਪੜੇ ਦੀ ਭਾਜੀ ਲਾਜ਼ਮੀ ਹੈ। ਕੰਨਿਆਂ ਦੇ ਵਿਆਹ ਵੇਲੇ ਉਸ ਦੇ ਨਾਨਕੇ ਨਾਨਕੀ ਛਕ ਲਿਆਉਂਦੇ ਹਨ, ਜਿਸ ਵਿਚ ਕਈ ਤ੍ਰੇਵਰ, ਭਾਂਡੇ ਅਤੇ ਹੋਰ ਵਸਤੂਆਂ ਹੁੰਦੀਆਂ ਹਨ (ਵੇਖੋ : ਨਾਨਕੀ ਛਕ)। ਇਸ ਮੌਕੇ

ਤੁਤੇ ਕਈ ਹੋਰ ਨਜ਼ਦੀਕੀ ਰਿਸ਼ਤੇਦਾਰ ਅਥਵਾ ਮੇਲੀ ਆਦਿ ਵੀ ਕੰਨਿਆਂ ਲਈ ਜੋੜੇ ਤੇ ਤ੍ਰੇਵਰ ਲਿਆਉਂਦੇ ਹਨ, ਜਿਨ੍ਹਾਂ ਵਿਚੋਂ ਕੁਝ ਕੰਨਿਆਂ ਦੇ ਦਾਜ ਵਿਚ ਸ਼ਾਮਲ ਕਰ ਲਏ ਜਾਂਦੇ ਹਨ, ਪਰ ਕੁਝ ਵਰਤਣ ਵਰਤਾਣ ਲਈ ਘਰ ਵਿਚ ਰਖ ਲਏ ਜਾਂਦੇ ਹਨ। ਗੁਜਰਾਤ ਦੇ ਮੁਸਲਮਾਨਾਂ ਵਿਚ ਕੰਨਿਆਂ ਦੀਆਂ ਵਿਆਹੀਆਂ ਹੋਈਆਂ ਭੈਣਾਂ ਅਤੇ ਫੁੱਫੀਆਂ ਕੰਨਿਆਂ ਦੇ ਦੋ ਦੋ ਜੋੜੇ ਜ਼ਰੂਰ ਲਿਆਉਂਦੀਆਂ ਹਨ। ਜੋੜਿਆਂ ਦੇ ਨਾਲ ਕੁਝ ਨਕਦ ਰਕਮ ਵੀ ਭੇਟ ਕੀਤੀ ਜਾਂਦੀ ਹੈ।

ਵਿਆਹ ਦੀਆਂ ਰਸਮਾਂ ਰੀਤਾਂ ਵੇਲੇ ਲਾੜ੍ਹੇ ਦੀ ਮਾਂ ਪੇਕੇ ਘਰ ਦਾ ਤ੍ਰੇਵਰ ਪਹਿਨਦੀ ਹੈ। ਜੇ ਲਾੜ੍ਹੇ ਦੇ ਨਾਨੀ ਨਾਨਾ ਜਿਊਂਦੇ ਨਾ ਹੋਣ, ਤਾਂ ਤ੍ਰੇਵਰ ਭੇਜਣ ਦਾ ਫ਼ਰਜ਼ ਵਡੇ ਮਾਮੇ ਮਾਮੀ ਦਾ ਬਣਦਾ ਹੈ। ਜੇ ਮਾਮਾ ਵੀ ਨਾ ਹੋਵੇ, ਤਾਂ ਲਾੜ੍ਹੇ

Sri Satguru Jagjit Singh Ji eLibrary NamdhariElibrary@gmail.com

ਦੀ ਭੂਆ ਇਹ ਜੋੜਾ ਲਿਆਂਦੀ ਹੈ। ਇਸ ਜੋੜੇ ਨੂੰ 'ਹੱਥ ਫੇਰੇ ਦਾ' ਜੋੜਾ ਕਹਿੰਦੇ ਹਨ।

ਲਾੜ੍ਹੇ ਨੇ ਘੋੜੀ ਚੜ੍ਹਨ ਵੇਲੇ ਜੋ ਜੋੜਾ ਪਹਿਨਿਆ ਹੁੰਦਾ ਹੈ, ਕੁਝ ਜਾਤਾਂ ਵਿਚ ਉਹ ਗੋਤੋਂ ਬਾਹਰਲਾ ਹੋਣਾ ਲਾਜ਼ਮੀ ਹੈ। ਆਮ ਤੌਰ 'ਤੇ ਇਹ ਜੋੜਾ ਨਾਨਕਾ ਹੁੰਦਾ ਹੈ। ਗੁਜਰਾਤ ਦੇ ਮੁਸਲਮਾਨਾਂ ਵਿਚ ਵਿਆਹ ਦੇ ਮੌਕੇ ਉਤੇ ਦੂਲ੍ਹਾ ਆਪਣੀ ਭੈਣ ਦੇ ਘਰੋਂ ਆਇਆ ਜੋੜਾ ਪਹਿਨਦਾ ਹੈ। ਜਦੋਂ ਦੂਲ੍ਹਾ ਘੋੜੀ ਚੜ੍ਹਦਾ ਹੈ, ਤਾਂ ਸਰਦੇ ਪੁਜਦੇ ਘਰ ਕਮੀਂ ਕਮੀਨਾਂ ਵਿਚ ਜੋੜੇ ਵੰਡਦੇ ਹਨ।

ਵਿਆਹ ਤੋਂ ਬਾਅਦ ਜਦੋਂ ਰਿਸ਼ਤੇਦਾਰ ਵਿਦਾ ਹੋਣ ਲਗਦੇ ਹਨ, ਤਾਂ ਆਮ ਤੌਰ 'ਤੇ ਘਰ ਦੀਆਂ ਧੀਆਂ ਧਿਆਣੀਆਂ ਨੂੰ ਕਪੜੇ ਲੱਤੇ ਦਿਤੇ ਜਾਂਦੇ ਹਨ। ਇਨ੍ਹਾਂ ਧੀਆਂ ਧਿਆਣੀਆਂ ਵਿਚ ਲਾੜ੍ਹੇ ਦੀਆਂ ਸਕੀਆਂ ਭੈਣਾਂ ਤੋਂ ਇਲਾਵਾ ਚਾਚੇ, ਮਾਮੇ ਆਦਿ ਦੀਆਂ ਧੀਆਂ ਅਤੇ ਮਾਂ ਪਿਉ ਦੀਆਂ ਭੈਣਾਂ ਵੀ ਸ਼ਾਮਲ ਕਰ ਲਈਆਂ ਜਾਂਦੀਆਂ ਹਨ। ਜਿਨ੍ਹਾਂ ਸਾਕਾਂ ਨਾਲ ਵਧੇਰੇ ਸਨੇਹ ਹੁੰਦਾ ਹੈ, ਉਨ੍ਹਾਂ ਦੇ ਬੱਚਿਆਂ ਨੂੰ ਵੀ ਕਪੜੇ ਦੇਣ ਦੀ ਪ੍ਰਥਾ ਹੈ।

ਕੰਨਿਆਂ ਦੇ ਦਾਜ ਵਿਚ ਦੂਲ੍ਹੇ ਦੂਲ੍ਹਨ ਤੋਂ ਇਲਾਵਾ ਕੁਝ ਹੋਰ ਮੇਲੀਆਂ ਦੇ ਵੀ ਕਪੜੇ ਧਰੇ ਜਾਂਦੇ ਹਨ, ਵਿਸ਼ੇਸ਼ ਕਰ ਕੇ ਦੂਲ੍ਹੇ ਦੇ ਚਾਚੇ ਚਾਚੀ, ਮਾਮੇ ਮਾਮੀ, ਮਾਸੜ ਮਾਸੀ, ਫੁੱਫੜ ਫੁੱਫੀ, ਨਾਨੇ ਨਾਨੀ ਤੇ ਦਾਦੇ ਦਾਦੀ ਆਦਿ ਦੇ ਇਨ੍ਹਾਂ ਕਪੜਿਆਂ ਨੂੰ ਮਿਲਣੀ ਦੇ ਕਪੜੇ ਕਹਿੰਦੇ ਹਨ (ਵੇਖੋ : ਦਾਜ)।

ਕਪੜਿਆਂ ਦੀ ਭਾਜੀ ਕਈ ਹੋਰ ਮੌਕਿਆਂ ਉਤੇ ਵੀ ਚਲਦੀ ਹੈ। ਜਦੋਂ ਕੋਈ ਬੱਚਾ ਆਪਣੇ ਕਿਸੇ ਅੰਗ ਸਾਕ ਦੇ ਘਰ ਹਵਾ ਪਾਣੀ ਬਦਲਣ ਲਈ, ਕੁਝ ਦਿਨ ਗੁਜ਼ਾਰਨ ਵਾਸਤੇ ਜਾਂਦਾ ਹੈ, ਤਾਂ ਵਿਦਾ ਹੋਣ ਵੇਲੇ ਉਸ ਨੂੰ ਜੋੜਾ ਦਿਤਾ ਜਾਂਦਾ ਹੈ।

ਹਿੰਦੂਆਂ ਸਿੱਖਾਂ ਵਿਚ ਪਹਿਲੇ ਗਰਭ ਸਮੇਂ ਅਠਵੇਂ ਮਹੀਨੇ ਜਾਂ ਅੱਗੇ ਪਿਛੇ 'ਰੀਤ' ਕੀਤੀ ਜਾਂਦੀ ਹੈ, ਜਿਸ ਵਿਚ ਹੋਣ ਵਾਲੇ ਬੱਚੇ ਦੇ ਕਪੜਿਆਂ ਤੋਂ ਇਲਾਵਾ ਮਾਂ ਪਿਉ ਅਤੇ ਦਾਦੀ ਦਾਦੇ ਦੇ ਕਪੜੇ ਤੇ ਕੁਝ ਹੋਰ ਸੁਗਾਤਾਂ ਦਿਤੀਆਂ ਜਾਂਦੀਆਂ ਹਨ। ਕਈ ਗੋਤਾਂ ਵਿਚ ਬੱਚੇ ਦੇ ਜੰਮਣ ਮਗਰੋਂ ਰੀਤ ਦੀ ਰਸਮ ਕੀਤੀ ਜਾਂਦੀ ਹੈ ਅਤੇ ਕਪੜੇ ਆਦਿ ਦਿਤੇ ਜਾਂਦੇ ਹਨ।

**(ਕ-110) ਕਪਾਹ :**

ਕਪਾਹ ਦਾ ਪੰਜਾਬੀ ਜੀਵਨ ਤੇ ਸੰਸਕ੍ਰਿਤੀ ਵਿਚ ਬੜਾ ਮਹੱਤਵ ਹੈ, ਇਸ ਲਈ ਕਪਾਹ ਬਾਰੇ ਕਈ ਮਨੌਤਾਂ, ਵਿਸ਼ਵਾਸ਼ ਤੇ ਧਾਰਨਾ ਲੋਕਾਂ ਵਿਚ ਪ੍ਰਚਲਤ ਹੋਣੀਆਂ ਸੁਭਾਵਿਕ ਹਨ। ਲੋਕੀਂ ਕਪਾਹ ਬਾਰੇ ਇਕ ਮਿੱਥ ਇਉਂ ਪਾਉਂਦੇ ਹਨ — ਪਹਿਲਾਂ ਲੋਕੀਂ, ਸਰੀਰ ਨੂੰ ਢੱਕਣ ਲਈ, ਦਰੱਖ਼ਤਾਂ ਦੇ ਪੱਤੇ ਅਤੇ ਛਿੱਲੜ ਵਰਤਿਆ ਕਰਦੇ ਸਨ, ਜਿਸ ਨਾਲ ਨਾ ਤਾਂ ਸਰੀਰ ਚੰਗੀ ਤਰ੍ਹਾਂ ਢਕਿਆ ਜਾਂਦਾ ਸੀ ਅਤੇ ਨਾ ਹੀ ਪੂਰੀ ਨਿਘ ਪ੍ਰਾਪਤ ਹੁੰਦੀ ਸੀ। ਇਕ ਵਾਰ ਬੜੀ ਸਖ਼ਤ ਸਰਦੀ ਪਈ। ਲੋਕਾਂ ਨੇ ਵਿਸ਼ਵਕਰਮੇ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਉਨ੍ਹਾਂ ਨੂੰ ਪਹਿਨਣ ਲਈ ਕੋਈ ਵਧੇਰੇ ਨਰਮ ਤੇ ਨਿਘੀ ਵਸਤੂ ਬਖ਼ਸ਼ੇ। ਦੇਵਤੇ ਨੇ ਬੇਨਤੀ ਮੰਨ ਲਈ। ਉਸੇ ਵੇਲੇ ਸਰਦੀ ਨਾਲ ਬਰਫ਼ ਦੇ ਜੰਮੇ ਹੋਏ ਗੋੜੇ ਕਪਾਹ ਦੀਆਂ ਫੁਟੀਆਂ ਦਾ ਰੂਪ ਧਾਰਨ ਕਰ ਗਏ।

ਕਪਾਹ ਦੀ ਉਪਜ ਵਧਾਣ ਲਈ ਕਈ ਉਪਜਾਇਕਤਾ ਰੀਤਾਂ ਵੀ ਪ੍ਰਚਲਤ ਹਨ। ਇਕ ਰੀਤ ਇਉਂ ਹੈ — ਜਦੋਂ ਤੀਵੀਆਂ ਖਿੜੀ ਕਪਾਹ ਨੂੰ ਚੁਗਣ ਲਈ ਜਾਂਦੀਆਂ ਹਨ, ਤਾਂ ਖੇਤ ਵਿਚ ਖੜੇ ਹੋ ਕੇ ਤਿਲਚੌਲੀ ਵੰਡੀ ਜਾਂਦੀ ਹੈ। ਤੀਵੀਆਂ ਤਿਲਚੌਲੀ ਨੂੰ ਚਿਥ ਕੇ ਅਤੇ ਉਸ ਦਾ ਰਸਾ ਚੂਸ ਕੇ, ਉਸ ਦਾ ਫੋਕ ਇਕ ਦੂਜੀ ਉਪਰ ਫੜੂਕਦੀਆਂ ਹਨ ਅਤੇ ਕਪਾਹ ਦੀਆਂ ਫੁਟੀਆਂ ਵਿਚ ਵੀ ਫੁਰਕੜੇ ਮਾਰਦੀਆਂ ਹਨ। ਜਿਤਨੇ ਜ਼ਿਆਦਾ ਫੁਰਕੜੇ ਮਾਰੇ ਜਾਣ, ਉਤਨੀ ਜ਼ਿਆਦਾ ਕਪਾਹ ਖਿੜਦੀ ਹੈ। ਇਸ ਰੀਤ ਦਾ ਆਧਾਰ 'ਸਹਿ ਤੋਂ ਸਹਿ ਦੀ ਉਤਪਤੀ' ਹੈ। ਇਸ ਰੀਤ ਵੇਲੇ ਕਈ ਵਾਰ ਕਪਾਹ ਦੇ ਦੂਜੇ ਬੂਟਿਆਂ ਨਾਲੋਂ ਫੁਟੀਆਂ ਤੋੜ ਕੇ ਕਿਸੇ ਇਕ ਬੂਟੇ ਵਿਚ ਪਰੋ ਦਿਤੀਆਂ ਜਾਂਦੀਆਂ ਹਨ। ਫੁਟੀਆਂ ਦੇ ਗਜਰੇ ਬਣਾ ਕੇ ਉਸ ਵਿਸ਼ੇਸ਼ ਬੂਟੇ ਨੂੰ ਸ਼ਿੰਗਾਰਿਆ ਜਾਂਦਾ ਹੈ। ਭਾਵ ਇਹ ਹੁੰਦਾ ਹੈ ਕਿ ਬਾਕੀ ਬੂਟੇ ਵੀ ਉਸੇ ਤਰ੍ਹਾਂ ਕਪਾਹ ਦੀਆਂ ਫੁਟੀਆਂ ਨਾਲ ਲੱਦੇ ਜਾਣ। ਇਨ੍ਹਾਂ ਦੋਹਾਂ ਰੀਤਾਂ ਦਾ ਆਧਾਰ 'ਸਹਿ ਤੋਂ ਸਹਿ ਦੀ ਉਤਪਤੀ' ਦਾ ਸੰਕਲਪ ਹੈ।

ਕਪਾਹ ਦੀ ਨਜ਼ਰ ਟਪਾਰ ਤੋਂ ਰੱਖਿਆ ਲਈ ਚੁਗਣ ਵੇਲੇ 'ਕਪਾਹ ਦੀ ਕਾਰ' ਬਣਾਉਣ ਦੀ ਵੀ ਪ੍ਰਥਾ ਹੈ। ਤੀਵੀਆਂ ਕਈ ਟੋਲੀਆਂ ਬਣਾ ਕੇ ਚਾਵਲ ਫੜੂਕਦੀਆਂ ਹੋਈਆਂ ਸਾਰੇ ਖੇਤ ਦੇ ਸਿਧੇ ਪੁਠੇ ਗੇੜੇ ਕਟਦੀਆਂ ਹਨ। ਜਾਂ ਫਿਰ ਕਿਸੇ ਗੁਠ ਤੋਂ ਦੋ ਕੁੜੀਆਂ ਤਿਲਚੌਲੀ ਫੜੂਕਦੀਆਂ ਇਕ ਦੂਜੇ ਦੇ ਉਲਟੇ ਪਾਸੇ ਦੌੜਦੀਆਂ ਖੇਤ ਦਾ ਗੇੜਾ ਪੂਰਾ ਕਰਦੀਆਂ ਹਨ। ਜੇ ਕਪਾਹ ਚੰਗੀ ਖਿੜੇ, ਤਾਂ ਕਪਾਹ ਦੀ ਕਾਰ ਸਦਕਾ ਨਜ਼ਰ ਟਪਾਰ ਨਹੀਂ ਲੱਗਦੀ।

ਕਪਾਹ ਦਾ ਸਬੰਧ ਕੁਝ ਰਸਮਾਂ ਰੀਤਾਂ ਨਾਲ ਵੀ ਹੈ। ਮੁਲਤਾਨ ਦੇ ਅਰੋੜਿਆਂ ਵਿਚ ਵਿਆਹ ਵੇਲੇ ਕੰਨਿਆਂ ਦਾ ਪਿਉ ਕੰਨਿਆਂ ਦੇ ਸਿਰ ਉਪਰ ਸੱਤ ਵਾਰ ਕਪਾਹ ਦੀਆਂ ਫੁਟੀਆਂ ਰਖਦਾ ਹੈ ਤੇ ਵਰ ਹਰੇਕ ਵਾਰ ਛਿੱਟੀ ਨਾਲ ਕਪਾਹ ਦੀ ਫੁਟੀ ਨੂੰ ਪਰ੍ਹੇ ਹਟਾ ਦਿੰਦਾ ਹੈ। ਇਸ ਗੀਤ ਨੂੰ 'ਸਤਕਪਾਹੀ' ਕਹਿੰਦੇ ਹਨ। ਇਸ ਗੀਤ ਦਾ ਭਾਵ ਇਹ ਹੈ ਕਿ ਵਰ ਸੱਤ ਗੁਨਾਹਾਂ ਦੇ ਬਾਵਜੂਦ ਵੀ ਕੰਨਿਆਂ ਨੂੰ ਪਰਵਾਨ ਕਰਦਾ ਹੈ (ਵੇਖੋ : ਸਤਕਪਾਹੀ)।

ਜੱਟਾਂ ਦੇ ਕੁਝ ਕਬੀਲਿਆਂ ਵਿਚ ਕਪਾਹ ਦੀ ਛਿੱਟੀ ਬਾਲਣੀ ਵਰਜਿਤ ਹੈ।

ਕਪਾਹ ਬਾਰੇ ਕੁਝ ਅਖਾਣ, ਮੁਹਾਵਰੇ ਤੇ ਬੁਝਾਰਤਾਂ ਵੀ ਮਿਲਦੀਆਂ ਹਨ। 'ਹੱਟੀ ਵਿਚ ਕਪਾਹ ਤੇ ਮੇਰੀ ਤਾਣੀ ਦੇ ਲਾਹ' ਅਗੇਤੀ ਆਸ ਤੇ ਫੋਕਟ ਸ਼ੇਖ਼ੀ ਉਪਰ ਵਿਅੰਗ ਹੈ। ਬੁਝਾਰਤਾਂ ਵਿਚ ਕਪਾਹ ਨਾਲ ਪੰਜਾਬੀਆਂ ਦੇ ਲਹੂ ਦਾ ਨਿੱਘਾ ਰਿਸ਼ਤਾ ਇਉਂ ਪ੍ਰਗਟਾਇਆ ਹੈ — 'ਉਚੇ ਟਿੱਬੇ ਮਾਸੀ ਵਸੇ, ਮੈਂ ਜਾਵਾਂ ਤਾਂ ਖਿੜ ਖਿੜ ਹੱਸੇ।' ਕਪਾਹ ਦੀ ਫ਼ਸਲ, ਕਣਕ ਤੋਂ ਬਿਨਾਂ ਹੋਰ ਫ਼ਸਲਾਂ ਤੋਂ ਲਾਹੇਵੰਦੀ ਮੰਨੀ ਜਾਂਦੀ ਹੈ — 'ਬੀਜ ਕਪਾਹ, ਰਜ ਕੇ ਲਾ ਤੇ ਰਜ ਕੇ ਖਾ।' ਲੋਕ-ਅਨੁਭਵ ਅਨੁਸਾਰ ਕਪਾਹ ਦੀ ਬੀਜਾਈ ਕਾਫ਼ੀ ਵਿਥ ਉਤੇ ਕਰਨੀ ਜ਼ਰੂਰੀ ਹੈ — 'ਡਡ ਟਪੋਸੀ ਕੰਗਣੀ, ਡਾਂਗੋ ਡਾਂਗ ਕਪਾਹ, ਲੇਫ ਦੀ ਬੁਕਲ ਮਾਰ ਕੇ ਛਲੀਆਂ ਵਿਚੋਂ ਦੀ ਜਾਹ।'

ਕਈ ਕਵੀਸ਼ਰਾਂ ਨੇ 'ਕਪਾਹ ਤੇ ਨਰਮਾ ਦਾ ਝਗੜਾ' ਲਿਖਿਆ ਹੈ, ਜੋ ਭਾਵੇਂ ਲੋਕ-ਮਨ ਦੀ ਇਕ ਅਭਿਵਿਅਕਤੀ ਹੈ, ਪਰ ਪ੍ਰਕ੍ਰਿਤੀ ਨੂੰ ਸੰਸਕ੍ਰਿਤੀ ਦੇ ਕੇ ਇਕ ਅਨੂਠੀ ਰੌਚਿਕਤਾ ਪੈਦਾ ਕੀਤੀ ਗਈ ਹੈ। ਨਰਮਾ ਇਕ ਤਰ੍ਹਾਂ ਦੀ ਬਦੇਸੀ ਕਪਾਹ ਹੈ, ਜੋ ਬਰੀਕ ਹੋਣ ਕਰ ਕੇ ਕਪਾਹ ਨਾਲੋਂ ਵਧੀਆ ਮੰਨੀ ਜਾਂਦੀ ਹੈ। ਇਥੇ ਅਸੀਂ ਭਾਈ ਛੱਜੂ ਸਿੰਘ ਕਵੀਸ਼ਰ ਦਾ ਝਗੜਾ ਹੀ ਨਮੂਨੇ ਵਜੋਂ ਪੇਸ਼ ਕਰਦੇ ਹਾਂ। ਛੱਜੂ ਕਵੀਸ਼ਰ ਨੇ ਨਰਮੇ ਨੂੰ ਮਰਦ ਦੇ ਰੂਪ ਵਿਚ ਸਮੂਰਤੀਕਰਣ ਕੀਤਾ ਹੈ ਅਤੇ ਕਪਾਹ ਦਾ ਸਤਾਰਾਂ ਵਰ੍ਹਿਆਂ ਦੀ ਮੁਟਿਆਰ ਦੇ ਰੂਪ ਵਿਚ। ਨਰਮਾ ਅਮਰੀਕ ਸਿੰਘ ਦੀ ਪ੍ਰੇਰਨਾ ਤੇ ਲਾਇਲਪੁਰ ਤੋਂ ਗੱਡੀ ਚੜ੍ਹ ਕੇ ਭਾਦਸੋਂ (ਜ਼ਿਲਾ ਪਟਿਆਲਾ) ਪਹੁੰਚਦਾ ਹੈ ਅਤੇ ਅਮਰੀਕ ਸਿੰਘ ਉਸ ਨੂੰ ਵੀਣੀ ਤੋਂ ਫੜ ਕੇ ਆਪਣੇ ਖੇਤਾਂ ਵਿਚ ਲੈ ਜਾਂਦਾ ਹੈ। ਕਪਾਹ ਦੀ ਨਜ਼ਰ ਨਰਮੇ ਉਤੇ ਪੈ ਜਾਂਦੀ ਹੈ ਅਤੇ ਉਸ ਨਾਲ ਖਹਿਬੜਨ ਲੱਗਦੀ ਹੈ —

ਏਸ ਦੇਸ ਤੇ ਕੀ ਹੱਕ ਤੇਰਾ
ਜਬਰਨ ਜ਼ੋਰ ਜਮਾਇਆ।
ਘੜੇ ਥਾਨੀ ਮਰਦ ਮੁਕਾਨੀ
ਸੌਂਹਦੇ ਵੇਦ ਬਤਾਇਆ।

ਨਰਮਾ ਵੀ ਅੱਗੋਂ ਕਰਾਰਾ ਜਵਾਬ ਦੇਂਦਾ ਹੈ —

Sri Satguru Jagjit Singh Ji eLibrary NamdhariElibrary@gmail.com

ਦੂਰ ਦੂਰ ਜਾ ਮਾਰ ਮਾਰਦੇ
ਸਿੰਘ ਸੂਰਮੇ ਧਾ ਕੇ ।
ਰਾਜੇ ਗ਼ੈਰ ਦੇਸ ਪਰ ਕਬਜ਼ਾ,
ਕਰਦੇ ਫ਼ੌਜ ਚੜ੍ਹਾ ਕੇ ।

ਝਗੜਾ ਉਦੋਂ ਤੂਲ ਤੇ ਜਾ ਪਹੁੰਚਦਾ ਹੈ, ਜਦੋਂ ਕਪਾਹ ਨਰਮੇ ਨੂੰ ਬਦਮਾਸ਼ ਅਤੇ ਫ਼ਰੇਬੀ ਕਹਿੰਦੀ ਹੈ —'ਖਾਮੇ ਡਡੀਆਂ ਨੂੰ, ਧਿਆਨ ਲਗਾਮੇ ਹਰ ਦਾ ।' ਤੇ ਅੱਗੋਂ ਨਰਮਾ ਕਪਾਹ ਨੂੰ 'ਕੱਚੀਏ ਜਹਾਨ ਦੀਏ' ਕਹਿ ਕੇ ਉਸ ਨੂੰ ਚਿੜਾਂਦਾ ਹੈ । ਅਖ਼ੀਰ ਗੱਲ ਹੱਥੋਪਾਈ ਤਕ ਪਹੁੰਚਦੀ ਹੈ —

ਨਰਮਾ ਗਰਮ ਹੋ ਗਿਆ ਸੁਣ ਕੇ
ਨੇਤਰ ਲਾਲ ਬਣਾਏ
ਫੜ ਕੇ ਮੁਢੋਂ ਗੁਤ ਕਪਾਹ ਦੀ
ਚਾਰ ਥਪੇੜ ਲਗਾਏ ।

ਲੋਕਾਂ ਨੇ ਵਿਚ ਪੈ ਕੇ ਦੋਹਾਂ ਨੂੰ ਛੁਡਾਇਆ ਅਤੇ ਗੱਲ ਠਾਣੇ ਤਕ ਪੁਜੀ । ਥਾਣੇਦਾਰ ਨੇ ਦੋਹਾਂ ਦੇ ਬਿਆਨ ਲਏ । ਕਪਾਹ ਦਾ ਬਿਆਨ ਸੀ —

ਨਾਮ ਕਪਾਹ ਕੌਰ ਹੈ ਮੇਰਾ
ਉਮਰ ਸਤਾਰਾਂ ਸਾਲਾਂ
ਇਸ ਨੇ ਮੈਨੂੰ ਕਰੀ ਮਸ਼ਕਰੀ,
ਮੈਂ ਕਢੀਆਂ ਸੀ ਗਾਲ੍ਹਾਂ ।

ਤੇ ਨਾਲ ਹੀ ਉਨ੍ਹੇ ਆਪਣੇ ਗਵਾਹ ਗਿਣਾਏ —

ਮੌਕੇ ਦੇ ਅਗਵਾਹ ਜੋ ਮੇਰੇ
ਲਿਖ ਲੌ ਨਾਮ ਲਖਾਮਾ ।
ਉੜਦ ਗੁਆਰਾ ਮੋਠ ਬਾਜਰਾ
ਦੇਸੀ ਇਖ ਬਤਾਮਾ ।

ਫਿਰ ਨਰਮਾ ਆਪਣਾ ਬਿਆਨ ਦੇਂਦਾ ਹੋਇਆ ਆਪਣੀ ਉਮਰ ਪੱਚੀ ਵਰ੍ਹੇ ਅਤੇ ਬਾਰ ਦਾ ਵਸਨੀਕ ਦਸਦਾ ਹੈ —

ਨਰਮਾ ਕਹਿੰਦਾ ਝੂਠ ਵਿਚੋਂ,
ਕੀ ਖੱਟਣਾ ਏਸ ਜਹਾਨੋਂ
ਪੱਚੀ ਬਰਸ ਦੀ ਉਮਰ ਹਮਾਰੀ,
ਡਰਦਾ ਝੂਠ ਤੂਫ਼ਾਨੋਂ
ਨਰਮ ਸਿੰਘ ਹੈ ਨਾਮ ਦਾਸ ਦਾ,
ਨਰਮ ਸੁਭਾਵ ਪਛਾਨੋਂ
ਵਿਚ ਬਾਰ ਦੇ ਰਹਿੰਦਾ ਜਾਏ,
ਜ਼ਿਲਾ ਲੈਲਪੁਰ ਜਾਨੋਂ ।

ਅਖ਼ੀਰ ਨਰਮੇ ਦੇ ਹੱਕ ਵਿਚ ਫ਼ੈਸਲਾ ਹੁੰਦਾ ਹੈ —

ਛਡੋ ਕਪਾਹ ਨੂੰ ਮਾਰੋ ਝਾੜੂ
ਨਰਮਾ ਬੀਜੋ ਸਾਰੇ
ਇਕ ਬਿਘੇ ਦੇ ਪੰਜ ਮਣ ਪੱਕਾ
ਝੜਦਾ ਝਾੜ ਪਿਆਰੇ ।

ਨਰਮੇ ਦੀ ਕਪਾਹ ਨਾਲੋਂ ਉੱਤਮਤਾ ਪ੍ਰਗਟ ਕਰਨ ਦੀ ਲੋਕ-ਮਨ ਦੀ ਇਹ ਵਿਧੀ ਬੜੀ ਰੌਚਕ ਤੇ ਪ੍ਰਭਾਵਸ਼ਾਲੀ ਹੈ ।

(ਕ-111) **ਕਪਾਹੀ :**

ਖਤਰੀਆਂ ਦੀ ਇਕ ਗੋਤ; ਮਹਾਨ ਕੋਸ਼ (221) ਅਨੁਸਾਰ ਕਪਾਹ ਦੀ ਵਣਜ ਕਰਨ ਸਦਕਾ ਉਨ੍ਹਾਂ ਖਤਰੀਆਂ ਦੀ ਇਹ ਅੱਲ ਪ੍ਰਚਲਤ ਹੋ ਗਈ, ਜੋ ਮਗਰੋਂ ਗੋਤ ਦਾ ਰੂਪ ਧਾਰਨ ਕਰ ਗਈ ।

(ਕ-112) **ਕਪਾਲ ਕਿਰਿਆ :**

ਦਾਹ ਸੰਸਕਾਰ ਸਮੇਂ ਦੀ ਇਕ ਰੀਤ; ਅੱਧ-ਸੜੀ ਮ੍ਰਿਤਕ ਦੀ ਖੋਪਰੀ ਨੂੰ ਲਕੜੀ ਨਾਲ ਠਕੋਰ ਕੇ ਭੰਨਣ ਦੀ ਕਿਰਿਆ । ਜਦੋਂ ਤਕ ਇਹ ਰੀਤ ਨਹੀਂ ਹੋ ਜਾਂਦੀ, ਉਦੋਂ ਤਕ ਦਾਹ-ਸਸਕਾਰ ਦੀ ਕਿਰਿਆ ਮੁਕੰਮਲ ਨਹੀਂ ਸਮਝੀ ਜਾਂਦੀ । ਅਰਥੀ ਨਾਲ ਆਏ ਲੋਕ ਕਪਾਲ ਕਿਰਿਆ ਤੋਂ ਬਾਅਦ ਹੀ ਵਾਪਸ ਜਾਂਦੇ ਹਨ ।

ਕਈ ਜੋਗੀ ਤੇ ਸੰਨਿਆਸੀ ਆਪਣੀ ਇੱਛਾ ਨਾਲ ਸੁਆਸ ਦਸਮ ਦੁਆਰ ਚੜ੍ਹਾ ਲੈਂਦੇ ਹਨ, ਜਾਂ ਕਈ ਵਾਰ ਸ੍ਵੈ-ਇੱਛਾ ਨਾਲ ਸੁਆਸ ਤਿਆਗ ਦੇਂਦੇ ਹਨ । ਅਜਿਹੇ ਸਾਧੂਆਂ ਦੇ ਪ੍ਰਾਣ ਕਈ ਵਾਰ ਦਸਮ ਦੁਆਰ ਵਿਚ ਅਟਕੇ ਰਹਿੰਦੇ ਹਨ । ਸੋ ਇਨ੍ਹਾਂ ਸਾਧੂਆਂ ਦੇ ਚੇਲੇ ਦਾਹ ਸੰਸਕਾਰ ਤੋਂ ਪਹਿਲਾਂ ਆਪਣੇ ਗੁਰੂ ਦੀ ਖੋਪਰੀ ਉਤੇ ਨਾਰੀਅਲ ਜਾਂ ਸੰਖ ਠਕੋਰਦੇ ਹਨ । ਇਸ ਤਰ੍ਹਾਂ ਸਿਰ ਦੇ ਫਟਣ ਨਾਲ ਜੋ ਮੋਰੀ ਬਣਦੀ ਹੈ, ਉਸ ਵਿਚ ਸਾਲਗਰਾਮ ਰਖ ਦਿਤਾ ਜਾਂਦਾ ਹੈ । ਜੋਗੀ ਤੇ ਸੰਨਿਆਸੀ ਇਸੇ ਕਿਰਿਆ ਨੂੰ 'ਕਪਾਲ ਕਿਰਿਆ' ਕਹਿੰਦੇ ਹਨ ।

ਗਰੁੜ ਪੁਰਾਣ (10, 56, 57) ਅਨੁਸਾਰ ਗ੍ਰਿਹਸਥੀ ਦਾ ਕਪਾਲ ਸੋਟੇ ਨਾਲ ਅਤੇ ਤਿਆਗੀ ਦਾ ਸ੍ਰੀ ਫਲ ਮਾਰ ਕੇ ਭੰਨਣਾ ਚਾਹੀਦਾ ਹੈ । ਅਜਿਹਾ ਕਰਨ ਨਾਲ ਪ੍ਰਾਣੀ ਨੂੰ ਪਿਤ੍ਰ ਲੋਕ ਪ੍ਰਾਪਤ ਹੁੰਦਾ ਹੈ ।

(ਕ-113) **ਕਪਾਲਧਾਰੀ :**

ਸਾਧੂਆਂ ਦੀ ਇਕ ਸੰਪ੍ਰਦਾਇ; ਇਹ ਸਾਧੂ ਆਪਣੇ ਕੰਠ ਵਿਚ ਖੋਪਰੀਆਂ ਦੀ ਮਾਲਾ ਪਹਿਨਦੇ ਹਨ । ਇਹ ਸਾਧੂ ਸ਼ਿਵ ਦੇ ਉਗ੍ਰ ਅਥਵਾ ਵਿਕਰਾਲ ਰੂਪ ਦੀ ਉਪਾਸ਼ਨਾ ਕਰਦੇ ਹਨ ।

(ਕ-114) **ਕਪਾਲ ਮੋਚਨ :**

ਹਿੰਦੂਆਂ ਦੇ ਅਠਾਹਠ ਤੀਰਥਾਂ ਵਿਚੋਂ ਇਕ; ਕਪਾਲ ਮੋਚਨ ਦਾ ਪਦ ਅਰਥ ਹੈ — ਕਪਾਲ (ਖੋਪਰੀ) ਨੂੰ ਬੰਧਨ ਰਹਿਤ ਕਰਨਾ । ਕਪਾਲ ਮੋਚਨ ਨਾਉਂ ਦੇ ਇਕ ਤੋਂ ਵਧੀਕ ਤੀਰਥ ਭਾਰਤ ਵਿਚ ਮਿਲਦੇ ਹਨ । (ੳ) ਸਢੋਰੇ ਦੇ ਦੱਖਣ ਪੂਰਬ ਵਲ, ਜਗਾਧਰੀ ਤੋਂ ਪੰਜ ਮੀਲ ਦੂਰ, ਕਪਾਲ ਮੋਚਨ ਨਾਂ ਦਾ ਇਕ ਪਵਿਤ੍ਰ ਸਰੋਵਰ ਹੈ । ਇਥੇ ਤਾਲ ਦੇ ਕੰਢੇ ਉਤੇ ਇਕ ਮੀਂਹਾਂ ਧੁਪਾਂ ਦਾ ਭੰਭਿਆ ਹੋਇਆ ਪੁਰਾਣਾ ਪੱਥਰ ਹੈ, ਜਿਸ ਨੂੰ 'ਗਊ ਬੱਚਾ' ਕਿਹਾ ਜਾਂਦਾ ਹੈ । ਇਹ ਪੱਥਰ ਵੇਖਣ ਵਿਚ ਗਊ ਅਤੇ ਵੱਛੇ ਦੀ ਸ਼ਕਲ ਦਾ ਹੈ । ਇਸ ਪੱਥਰ ਬਾਰੇ ਰਵਾਇਤ ਹੈ ਕਿ ਇਕ ਬ੍ਰਾਹਮਣ ਕਿਧਰੋਂ ਵੱਛੇ ਸਮੇਤ ਇਕ ਗਊ ਖ਼ਰੀਦ ਲਿਆਇਆ । ਘਰ ਆ ਕੇ ਬ੍ਰਾਹਮਣ ਨੇ ਵੱਛੇ ਦੇ ਨੱਕ ਵਿਚ ਨਕੇਲ ਪਾਉਣ ਦੇ ਵਿਚਾਰ ਨਾਲ, ਸੁਰਾਖ਼ ਕਰਨਾ ਚਾਹਿਆ । ਵੱਛੇ ਨੇ ਗਊ ਨੂੰ ਕਿਹਾ ਕਿ ਜੇ ਬ੍ਰਾਹਮਣ ਨੇ ਮੇਰਾ ਨੱਕ ਵਿੰਨ੍ਹਿਆ, ਤਾਂ ਮੈਂ ਉਸ ਨੂੰ ਧੁਸਾਂ ਨਾਲ ਮਾਰ ਮੁਕਾਵਾਂਗਾ । ਗਊ ਨੇ ਵੱਛੇ ਨੂੰ ਸਮਝਾਇਆ ਕਿ ਬ੍ਰਾਹਮਣ ਦੀ ਹੱਤਿਆ ਕਰਨਾ ਘੋਰ ਪਾਪ ਹੈ, ਪਰ ਵੱਛਾ ਆਪਣੀ ਜ਼ਿਦ ਉਤੇ ਅੜਿਆ ਰਿਹਾ । ਜਦੋਂ ਬ੍ਰਾਹਮਣ ਨੇ ਵੱਛੇ ਦਾ ਨੱਕ ਛੇਦਿਆ, ਤਾਂ ਵੱਛੇ ਨੇ ਧੁਸਾਂ ਮਾਰ ਕੇ ਬ੍ਰਾਹਮਣ ਦਾ ਅੰਤ ਕਰ ਦਿਤਾ । ਬ੍ਰਾਹਮਣ ਦੇ ਪ੍ਰਾਣ ਤਿਆਗਣ ਦੀ ਦੇਰੀ ਸੀ ਕਿ ਗਊ ਅਤੇ ਵੱਛੇ ਦੋਹਾਂ ਦਾ ਰੰਗ ਕਾਲਾ ਸਿਆਹ ਪੈ ਗਿਆ । ਗਊ ਨੇ ਪਾਪ ਤੋਂ ਮੁਕਤ ਹੋਣ ਲਈ ਦੇਵਤਿਆਂ ਦੀ ਸ਼ਰਨ ਲਈ । ਦੇਵਤਿਆਂ ਨੇ ਉਸ ਨੂੰ ਕਪਾਲ ਮੋਚਨ ਵਿਚ ਇਸ਼ਨਾਨ ਕਰਨ ਦਾ ਆਦੇਸ਼ ਦਿਤਾ । ਗਊ ਵੱਛੇ ਨੇ ਪਸਚਾਤਾਪ ਕਰਦੇ ਹੋਏ ਕਪਾਲ ਮੋਚਨ ਵਿਚ ਇਸ਼ਨਾਨ ਕੀਤਾ । ਫਲਸਰੂਪ ਦੋਹਾਂ ਨੂੰ ਬ੍ਰਾਹਮਣ ਦੀ ਹੱਤਿਆ ਤੋਂ ਮੁਕਤੀ ਮਿਲ ਗਈ ਅਤੇ ਗਊ ਵੱਛੇ ਦੋਹਾਂ ਦਾ ਰੰਗ ਮੁੜ ਸਫ਼ੇਦ ਹੋ ਗਿਆ । ਪਰ ਪੂਛਲ ਅਤੇ ਸਿੰਙ ਨਿਸ਼ਾਨੀ ਵਜੋਂ ਕਾਲੇ ਰਹੇ, ਜੋ ਅੱਜ ਤਕ ਹਰ ਗਊ ਦੇ ਹਨ ।

ਹਰਿਆਣੇ ਵਿਚ ਪ੍ਰਚਲਤ ਦੰਦ-ਕਥਾਵਾਂ ਅਨੁਸਾਰ ਸ਼ਿਵ ਨੇ ਜਦੋਂ ਬ੍ਰਹਮਾ ਦੇ ਇਕ ਸੀਸ ਦੀ ਹੱਤਿਆ ਕਰ ਦਿਤੀ, ਤਾਂ ਉਹ ਸੀਸ ਸ਼ਿਵ ਦੇ ਹੱਥਾਂ ਨਾਲ ਚਿਪਕ ਗਿਆ । ਸ਼ਿਵ ਨੇ ਉਪ੍ਰੋਕਤ ਗਊ ਵੱਛੇ ਦੀ ਪੈਰਵੀ ਕਰ ਕੇ ਉਸੇ ਤੀਰਥ ਉਤੇ ਇਸ਼ਨਾਨ ਕੀਤਾ, ਤਾਂ ਉਹ ਬ੍ਰਹਮ ਹੱਤਿਆ ਦੇ ਪਾਪ ਤੋਂ ਮੁਕਤ ਹੋਇਆ ।

ਇਸ ਤਾਲ ਨੂੰ ਔਸ਼ਨਸ ਵੀ ਕਹਿੰਦੇ ਹਨ । ਮਹਾਂਭਾਰਤ ਦੀ ਇਕ ਕਥਾ ਅਨੁਸਾਰ ਰਾਮ ਚੰਦਰ ਦੁਆਰਾ ਵਢੇ ਗਏ ਇਕ ਦੈਂਤ ਦਾ ਸਿਰ ਮਹੋਦਰ ਰਿਸ਼ੀ ਦੀ ਲੱਤ ਨਾਲ ਚੰਬੜ ਗਿਆ ਸੀ । ਮਹੋਦਰ ਨੇ ਕਈ ਤੀਰਥਾਂ ਵਿਚ ਇਸ਼ਨਾਨ ਕੀਤੇ, ਪਰ ਉਹ ਸੀਸ ਨਾ ਉਤਰਿਆ । ਅਖ਼ੀਰ ਇਸੇ

Sri Satguru Jagjit Singh Ji eLibrary NamdhariElibrary@gmail.com

ਕਪਾਲ ਮੋਚਨ ਤਾਲ ਵਿਚ ਇਸ਼ਨਾਨ ਕਰਨ ਨਾਲ ਮਹੋਦਰ ਦੀ ਲੱਤ ਨਾਲੋਂ ਸੀਸ ਉਤਰਿਆ।

(2) ਕਾਂਸ਼ੀ ਵਿਚ ਇਕ ਸਰੋਵਰ; 'ਪਦਮ ਪੁਰਾਣ' ਅਨੁਸਾਰ ਇਕ ਵਾਰ ਬ੍ਰਹਮਾ ਆਪਣੀ ਕੰਨਿਆਂ ਸਰਸਵਤੀ ਉਤੇ ਮੋਹਿਤ ਹੋ ਕੇ ਦੁਰਾਚਾਰ ਕਰਨ ਦੇ ਵਿਚਾਰ ਨਾਲ ਉਹਦਾ ਪਿੱਛਾ ਕਰਨ ਲੱਗੇ। ਇਹ ਵੇਖ ਮਹਾ ਭੈਰਵ (ਸ਼ਿਵ) ਨੇ ਕਰੋਧ ਵਿਚ ਆ ਕੇ ਬ੍ਰਹਮਾ ਦਾ ਇਕ ਸਿਰ ਆਪਣੇ ਖੱਬੇ ਹੱਥ ਦੇ ਨੌਂਹ ਨਾਲ ਕਟ ਦਿਤਾ। ਪਰ ਇਹ ਸੀਸ ਮਹਾਂ ਭੈਰਵ ਦੇ ਹੱਥ ਨਾਲ ਹੀ ਚਿਪਕ ਗਿਆ। ਬੜੇ ਯਤਨਾਂ ਦੇ ਬਾਵਜੂਦ ਵੀ ਜਦੋਂ ਇਹ ਸੀਸ ਨਾ ਉਤਰਿਆ, ਤਾਂ ਮਹਾਂ ਭੈਰਵ ਨੇ ਬ੍ਰਾਹਮਣ ਦੀ ਹੱਤਿਆ ਤੋਂ ਮੁਕਤ ਹੋਣ ਦੇ ਵਿਚਾਰ ਨਾਲ, ਕਾਂਸ਼ੀ ਵਿਚ ਕਪਾਲ ਮੋਚਣ ਤਾਲ ਵਿਚ ਇਸ਼ਨਾਨ ਕੀਤਾ, ਤਾਂ ਉਹ ਸੀਸ ਹੱਥ ਨਾਲੋਂ ਵੱਖ ਹੋਇਆ।

(ਕ-115) **ਕਪਿਲ :**

ਇਕ ਪ੍ਰਸਿਧ ਰਿਸ਼ੀ ਜੋ ਸਾਂਖ ਸ਼ਾਸਤਰ ਦਾ ਕਰਤਾ ਹੈ। ਇਹ ਕਪਿਲ ਮੰਨੂ ਦੀ ਲੜਕੀ ਦੇਵਹੂਤੀ ਦੇ ਉਦਰ ਤੋਂ ਕਰਦਮ ਦਾ ਪੁੱਤਰ ਸੀ। ਦੇਵਹੂਤੀ ਨੇ ਵਿਸ਼ਨੂੰ ਦੀ ਘੋਰ ਤਪੱਸਿਆ ਕਰ ਕੇ ਉਸ ਤੋਂ ਉਹਦੇ ਵਰਗਾ ਪੁੱਤਰ ਪ੍ਰਾਪਤ ਕਰਨ ਦਾ ਵਰ ਮੰਗਿਆ। ਸੋ ਵਿਸ਼ਨੂੰ ਖ਼ੁਦ ਹੀ ਉਸ ਦੇ ਉਦਰ ਤੋਂ ਕਪਿਲ ਦੇ ਰੂਪ ਵਿਚ ਪੈਦਾ ਹੋਏ। ਕਪਿਲ ਦਾ ਜ਼ਿਕਰ ਰਿਗ ਵੇਦ ਵਿਚ ਵੀ ਮਿਲਦਾ ਹੈ ਅਤੇ ਇਹ ਦਸ ਮਹਾਂ ਰਿਸ਼ੀਆਂ ਵਿਚੋਂ ਇਕ ਹੈ। ਭਾਗਵਤ ਪੁਰਾਣ ਅਤੇ ਕਈ ਹੋਰ ਗ੍ਰੰਥਾਂ ਵਿਚ ਕਪਿਲ ਨੂੰ ਵਿਸ਼ਨੂੰ ਦਾ ਪੰਜਵਾਂ ਅਵਤਾਰ ਮੰਨਿਆ ਗਿਆ ਹੈ, ਪਰ ਕਈ ਹੋਰ ਥਾਈਂ ਕਪਿਲ ਨੂੰ ਅਗਨੀ ਦਾ ਇਕ ਰੂਪ। ਵਾਚਸਪਤੀ ਦਾ ਵਿਚਾਰ ਹੈ ਕਿ ਕਪਿਲ ਅਗਨੀ ਦਾ ਹੀ ਇਕ ਨਾਉਂ ਹੈ ਅਤੇ ਅਗਨੀ ਖ਼ੁਦ ਹੀ ਸਾਂਖ ਸ਼ਾਸਤਰ ਦਾ ਰਚਨਾਕਾਰ ਹੈ।

ਸਾਂਖ ਨੇ ਦਵੈਤਵਾਦੀ ਦਰਸ਼ਨ ਪੇਸ਼ ਕੀਤਾ ਹੈ, ਉਹ ਪੁਰਸ਼ ਤੇ ਪ੍ਰਕ੍ਰਿਤੀ ਦੋਹਾਂ ਨੂੰ ਅਨਾਦੀ ਤੇ ਅਨੰਤ ਮੰਨਦਾ ਹੈ। ਜੀਵਾਤਮਾ ਅਨਾਦੀ ਹਨ ਅਤੇ ਪੁਰਸ਼ (ਪ੍ਰਮਾਤਮਾ) ਵਾਂਗ ਹੀ ਸੱਤ ਹਨ। ਸਾਂਖ ਅਨੁਸਾਰ ਪ੍ਰਮਾਤਮਾ ਸ੍ਰਿਸ਼ਟੀ ਦਾ ਕਰਤਾ ਨਹੀਂ। ਉਹ ਦ੍ਰਿਸ਼ਟਾ ਤੇ ਨਿਰਲੇਪ ਹੈ, ਉਹ ਖ਼ੁਦ ਕੁਝ ਨਹੀਂ ਕਰਦਾ। ਸਾਂਖ ਸ਼ਾਸਤਰ ਵਿਚ 'ਤੱਤ ਗਿਆਨ' ਦੁਆਰਾ ਮੁਕਤੀ ਪ੍ਰਾਪਤ ਕਰਨ ਦਾ ਮਾਰਗ ਦਰਸਾਇਆ ਗਿਆ ਹੈ।

ਪੁਰਾਣਾਂ ਵਿਚ ਕਈ ਕਪਿਲ ਰਿਸ਼ੀਆਂ ਦਾ ਜ਼ਿਕਰ ਆਉਂਦਾ ਹੈ। ਧਾਰਨਾ ਹੈ ਕਿ ਹਰ ਕਲਪ ਦੇ ਮੁਢ ਵਿਚ ਕਪਿਲ ਜਨਮ ਲੈਂਦੇ ਹਨ। ਇਕ ਕਪਿਲ ਰਿਸ਼ੀ ਨੇ ਰਾਜਾ ਸੱਗਰ ਦੇ ਇਕ ਲੱਖ ਪੁਤਰਾਂ ਨੂੰ ਆਪਣੀ ਦ੍ਰਿਸ਼ਟੀ ਦੀ ਜੁਆਲਾ ਨਾਲ ਭਸਮ ਕਰ ਦਿਤਾ ਸੀ (ਵੇਖੋ : ਸੱਗਰ)।

ਕਸ਼ਯਪ ਤੇ ਦਨੂ ਦੇ ਇਕ ਦੈਂਤ ਪੁਤਰ ਦਾ ਨਾਂ ਕਪਿਲ ਸੀ ਅਤੇ ਕਸ਼ਯਪ ਤੇ ਕਦਰੂ ਤੋਂ ਪੈਦਾ ਹੋਏ ਇਕ ਸਰਪ ਦਾ ਨਾਂ ਵੀ ਇਹੋ ਸੀ।

ਦਸਮ ਗ੍ਰੰਥ ਅਨੁਸਾਰ ਸੱਸੀ ਰੰਭਾ ਦੇ ਗਰਭ ਤੋਂ ਜੰਮੀ ਕਪਿਲ ਮੁਨੀ ਦੀ ਕੰਨਿਆਂ ਸੀ (ਵੇਖੋ : ਸੱਸੀ ਪੁੰਨੂੰ)।

(ਕ-116) **ਕਪਿਲ ਵਸਤੂ :**

ਮਹਾਤਮਾ ਬੁਧ ਦਾ ਜਨਮ ਅਸਥਾਨ, ਜੋ ਰੋਹਿਣੀ ਨਦੀ ਦੇ ਕੰਢੇ ਉਤੇ ਆਬਾਦ ਹੈ। ਇਹ ਨਗਰ ਮਹਾਤਮਾ ਬੁਧ ਦੇ ਪਿਤਾ ਸੁਧੋਧਨ ਦੀ ਰਾਜਧਾਨੀ ਸੀ। ਇਸ ਨਗਰ ਦੀ ਭੁਗੋਲਿਕ ਸਥਿਤੀ ਬਾਰੇ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਹੈ। ਕੁਝ ਵਿਦਵਾਨ ਫ਼ੈਜ਼ਾਬਾਦ ਤੋਂ 25 ਮੀਲ ਉੱਤਰ ਪੂਰਬ ਵਲ ਵਸਦੇ ਪਿਪਰਾਵਾ ਨਾਂ ਦੇ ਸਥਾਨ ਨੂੰ ਹੀ ਕਪਿਲਵਸਤੂ ਮੰਨਦੇ ਹਨ। ਸ਼ਸ਼ੀ ਭੂਸ਼ਨ (ਐਥਨਿਕ ਸੈਟਲਮੈਂਟ ਇਨ ਏਨਸ਼ੀਐਂਟ ਇੰਡੀਆ, ਹਿੱਸਾ 1, ਪੰਨਾ 62) ਅਨੁਸਾਰ ਕਪਿਲ ਵਸਤੂ ਤਰਾਈ ਦੇ ਇਲਾਕੇ ਵਿਚ ਤਿਲੌਰਾ ਕੋਟ ਦੇ ਖੰਡਰ ਦੇ ਨੇੜੇ, ਪਿਪਰਾਵਾ ਤੋਂ ਦਸ ਮੀਲ ਉੱਤਰ ਪੱਛਮ ਵਲ ਹੈ।

(ਕ-117) **ਕਪਿਲਾ ਗਊ :**

ਭੂਰੇ ਅਥਵਾ ਚਿੱਟੇ ਰੰਗ ਦੀ ਗਊ, ਜਿਸ ਦੇ ਥਣ ਕਾਲੇ ਹੋਣ; ਸਿਮ੍ਰਿਤੀਆਂ ਅਨੁਸਾਰ ਇਨ੍ਹਾਂ ਵੱਸ਼ਛਾਂ ਵਾਲੀ ਗਊ ਬੜੀ ਪਵਿੱਤਰ ਅਤੇ ਬਰਕਤ ਵਾਲੀ ਹੁੰਦੀ ਹੈ। ਕਾਮਧੇਨ ਗਊ ਸਰੀਰਕ ਤੌਰ 'ਤੇ ਇਨ੍ਹਾਂ ਵਸ਼ਛਾਂ ਦੀ ਧਾਰਨੀ ਸੀ, ਸੋ ਉਸ ਨੂੰ ਵੀ ਕਪਿਲਾ ਕਿਹਾ ਜਾਂਦਾ ਹੈ (ਵੇਖੋ : ਕਾਮਧੇਨ)। ਅਜਿਹੀ ਗਊ ਨੂੰ ਮਾਰਨਾ ਘੋਰ ਪਾਪ ਹੈ। ਕਪਿਲਾ ਗਊ ਨੂੰ ਕੈਲੀ ਵੀ ਕਹਿੰਦੇ ਹਨ।

(ਕ-118) **ਕਪੂਰ :**

ਖੱਤਰੀਆਂ ਦੀ ਇਕ ਗੋਤ (ਵੇਖੋ : ਖੱਤਰੀ)।

(ਕ-119) **ਕਪੂਰਥਲਾ :**

ਪੰਜਾਬ ਦਾ ਇਕ ਪ੍ਰਾਚੀਨ ਨਗਰ, ਜੋ ਬਿਆਸ ਦੇ ਪੂਰਬੀ ਕੰਢੇ ਉਤੇ ਸਥਿਤ ਹੈ। ਇਸ ਇਲਾਕੇ ਵਿਚ ਕਦੇ ਕਪਿਸ ਜਾਤੀ ਦੇ ਲੋਕ ਭਾਰੀ ਮਾਤਰਾ ਵਿਚ ਆਬਾਦ ਸਨ, ਜਿਸ ਤੋਂ ਇਸ ਇਲਾਕੇ ਅਤੇ ਜ਼ਬਾਨ ਦਾ ਨਾਂ ਕਾਪਿਸਥਲ ਪੈ ਗਿਆ। ਅਲਬਰੂਨੀ ਨੇ ਆਪਣੀਆਂ ਲਿਖਤਾਂ ਵਿਚ ਇਕ ਨਗਰ ਕਵੀਤਲ ਦਾ ਵਰਨਣ ਕੀਤਾ ਹੈ, ਜੋ ਕਾਪਿਸਥਲ ਦਾ ਹੀ ਵਿਕ੍ਰਤ ਜਾਪਦਾ ਹੈ। ਸ਼ਸ਼ੀ ਭੂਸ਼ਨ ਚੌਧਰੀ (ਐਥਨਿਕ ਸੈਟਲਮੈਂਟ ਇਨ ਏਨਸ਼ੀਐਂਟ ਇੰਡੀਆ, ਹਿੱਸਾ 1, ਪੰਨਾ 58) ਦਾ ਵਿਚਾਰ ਹੈ ਕਿ ਕਪੂਰਥਲੇ ਦੀ ਕਾਪਿਸਥਲ ਨਾਲ ਧੁਨੀ ਸਮਾਨਤਾ ਹੀ ਪ੍ਰਗਟ ਕਰਦੀ ਹੈ ਕਿ ਕਪੂਰਥਲਾ ਕਾਪਿਸਥਲ ਦਾ ਹੀ ਵਿਗਾੜ ਹੈ।

ਪਰ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਨਾਂ ਦੇ ਆਧਾਰ ਉਤੇ ਕਪੂਰਥਲੇ ਨਾਲ ਕਈ ਨਵੀਆਂ ਰਵਾਇਤਾਂ ਜੁੜ ਗਈਆਂ। ਕਈ ਇਸ ਨਗਰ ਨੂੰ ਜੈਸਲਮੇਰ ਦੇ ਇਕ ਰਾਜਪੂਤ ਰਾਣਾ ਕਪੂਰ ਦਾ ਵਸਾਇਆ ਹੋਇਆ ਮੰਨਣ ਲੱਗੇ। ਸਿੱਖਾਂ ਦੀ ਚੜ੍ਹਤ ਵੇਲੇ ਕਪੂਰਥਲਾ ਨਵਾਬ ਕਪੂਰ ਸਿੰਘ ਨਾਲ ਸੰਬੰਧਿਤ ਹੋ ਗਿਆ।

ਇਥੇ ਇਕ ਪੁਰਾਣਾ ਮੰਦਰ 'ਪੰਜ ਮੰਦਰੀ' ਹੈ, ਜੋ ਇਤਨਾ ਖ਼ੂਬਸੂਰਤ ਹੈ ਕਿ ਇਸ ਮੰਦਰ ਦਾ ਇਕ ਲਕੜੀ ਦਾ ਮਾਡਲ ਬਣਾ ਕੇ ਲਾਹੌਰ ਦੇ ਅਜਾਇਬ ਘਰ ਵਿਚ ਰਖਿਆ ਗਿਆ। ਇਥੋਂ ਦੀ ਇਕ ਮਸੀਤ ਵੀ ਵੇਖਣਯੋਗ ਹੈ, ਜੋ ਮਰਾਕੋ ਦੀ ਚੌਧਵੀਂ ਸਦੀ ਦੀ ਇਕ ਮਸੀਤ ਦੀ ਸ਼ਕਲ 'ਤੇ ਬਣਾਈ ਗਈ।

(ਕ-120) **ਕੱਫਨੀ :**

ਫ਼ਕੀਰਾਂ ਜਾਂ ਸਾਈਂ ਲੋਕਾਂ ਦਾ ਖੁਲ੍ਹਾ ਚੋਲਾ, ਜੋ ਮੋਢਿਆਂ ਤੋਂ ਪੈਰਾਂ ਤਕ ਫੈਲਿਆ ਹੁੰਦਾ ਹੈ। ਇਸ ਚੋਲੇ ਵਿਚ ਬਾਹਵਾਂ ਨਹੀਂ ਬਣਾਈਆਂ ਜਾਂਦੀਆਂ। ਮਰਨ ਮਗਰੋਂ ਪ੍ਰਾਣੀ ਨੂੰ ਇਸੇ ਤਰ੍ਹਾਂ ਦਾ ਖੁਲ੍ਹਾ ਚੋਲਾ ਪਹਿਨਾ ਕੇ ਦਬਿਆ ਜਾਂ ਸਾੜਿਆ ਜਾਂਦਾ ਹੈ। ਇਸੇ ਤੋਂ ਇਸ ਕੁੜਤੇ ਦਾ ਨਾਂ ਕਫਨੀ ਪੈ ਗਿਆ। ਇਹ ਚੋਲਾ ਪਹਿਨਣ ਦਾ ਭਾਵ ਹੈ ਕਿ ਇਸ ਨੂੰ ਪਹਿਨਣ ਵਾਲਾ ਫ਼ਕੀਰ ਜੀਉਂਦਾ ਹੀ ਨਿਰਇੱਛਤ ਹੋ ਗਿਆ ਹੈ ਅਤੇ ਉਸ ਲਈ ਸਾਰਾ ਜਹਾਨ ਮਰਘਟ ਹੈ।

(ਕ-121) **ਕਬੱਡੀ :**

ਪੰਜਾਬੀਆਂ ਦੀ ਇਕ ਦਿਲਪਸੰਦ ਖੇਡ, ਜੋ ਪੰਜਾਬ ਭਰ ਵਿਚ ਸਭ ਤੋਂ ਵਧ ਖੇਡੀ ਜਾਂਦੀ ਹੈ। ਇਹ ਖੇਡ ਬਹੁਤ ਪੁਰਾਣੀ ਹੈ ਅਤੇ ਪੂਰਵ ਵੈਦਿਕ ਕਾਲ ਤੋਂ ਚਲੀ ਆ ਰਹੀ ਹੈ। ਜਾਪਦਾ ਹੈ ਕਿ ਪੁਰਾਣਿਆਂ ਵੇਲਿਆਂ ਵਿਚ ਫ਼ਸਲਾਂ ਦੀ ਵਾਢੀ ਤੋਂ ਪਹਿਲਾਂ ਕਬੱਡੀ ਉਚੇਚੇ ਤੌਰ 'ਤੇ ਖੇਡੀ ਜਾਂਦੀ ਸੀ, ਜਿਸ ਦਾ ਭਾਵ ਫ਼ਸਲਾਂ ਦੀ ਉਪਜਾਇਕਤਾ ਸ਼ਕਤੀ ਨੂੰ ਵਧਾਣਾ ਸੀ। ਇਕ ਧਿਰ ਦੂਜੇ ਦੇ ਖੇਤ ਵਿਚੋਂ ਇਕੋ ਸਾਹ ਵਿਚ ਕਿਸੇ ਵਿਸ਼ੇਸ਼ ਸ਼ਬਦ ਨੂੰ ਉਚਾਰਦਿਆਂ ਕਣਕ ਦਾ ਪੂਲਾ ਵਢ ਕੇ ਲਿਆਉਂਦਾ ਸੀ ਤੇ ਦੂਜੀ ਧਿਰ ਦਾ ਕੋਈ ਇਕ ਸ਼ਖ਼ਸ ਉਸ ਨੂੰ ਕਣਕ ਵੱਢਣ ਤੋਂ ਰੋਕਦਾ ਸੀ, ਤੇ ਜੇ ਉਹ ਇਸ ਕਾਰਜ ਵਿਚ ਸਫਲ ਹੋ ਜਾਵੇ,

Sri Satguru Jagjit Singh Ji eLibrary NamdhariElibrary@gmail.com

ਤਾਂ ਉਸ ਦੀਆਂ ਬਲੀਆਂ ਵਿਚ ਦਾਣੇ ਵਧੇਰੇ ਪੈਂਦੇ ਮੰਨੇ ਜਾਂਦੇ ਸਨ। ਇਸ ਰੀਤ ਨੂੰ 'ਕਣ-ਵਢੀ' ਕਹਿੰਦੇ ਸਨ। ਹੌਲੇ ਹੌਲੇ ਇਹ ਉਪਜਾਇਕਤਾ ਵਧਾਉਣ ਦੀ ਵਿਧੀ ਦੀ ਥਾਂ ਇਕ ਖੇਡ ਦਾ ਰੂਪ ਧਾਰਨ ਕਰ ਗਈ। ਇਹੋ 'ਕਣ-ਵਢੀ' ਸ਼ਬਦ ਮਗਰੋਂ ਕਬੱਡੀ ਵਿਚ ਬਦਲ ਗਿਆ।

ਇਕ ਹੋਰ ਰਵਾਇਤ ਅਨੁਸਾਰ ਕਬੱਡੀ ਦਾ ਆਰੰਭ ਪੰਜਾਬੀਆਂ ਵਿਚ ਬੀਰਤਾ ਦੇ ਭਾਵਾਂ ਦਾ ਸੰਚਾਰ ਕਰਨ ਲਈ ਹੋਇਆ। ਜਦੋਂ ਪੰਜਾਬ ਵਿਚ ਆਮ ਹੱਲੇ ਹੋਣੇ ਸ਼ੁਰੂ ਹੋਏ, ਤਾਂ ਇਹ ਖੇਡ ਦੁਸ਼ਮਣ ਦੇ ਪਿੜ ਵਿਚ ਜਾ ਕੇ, ਕਿਸੇ ਸਾਹਸੀ ਦਾ ਵੈਰੀ ਦੇ ਲਸ਼ਕਰ ਉਤੇ ਹੱਲਾ ਬੋਲਣ ਤੇ ਇਕੋ ਸਾਹ ਦੇ ਅੰਦਰ ਅੰਦਰ ਆਪਣੇ ਕਰਤਬ ਅਤੇ ਸਾਹਸ ਵਿਖਾਣ ਦੇ ਅਭਿਆਸ ਦਾ ਹੀ ਖੇਡ ਰੂਪ ਬਣ ਗਈ।

ਕਬੱਡੀ ਨੂੰ 'ਕੌਡੀ ਕਬੱਡੀ' ਵੀ ਕਿਹਾ ਜਾਂਦਾ ਹੈ, ਜਿਸ ਤੋਂ ਇਹ ਰਵਾਇਤ ਚਲ ਪਈ ਕਿ ਪਿਛਲੇ ਸਮਿਆਂ ਵਿਚ ਵਿਰੋਧੀ ਦੇ ਪਾੜੇ (ਪਾਲੇ) ਵਿਚ ਕੌਡੀ ਸਿਟ ਦਿੰਦੇ ਸੀ ਤੇ ਇਕ ਖਿਡਾਰੀ ਕੌਡੀ ਕੌਡੀ ਕਰਦਾ ਉਸ ਨੂੰ ਚੁਕਣ ਜਾਂਦਾ ਸੀ। ਜੇ ਪਾੜਾ ਟਪ ਕੇ ਵਾਪਸ ਆਪਣੇ ਪਾਲੇ ਵਿਚ ਆਉਂਦੇ ਹੋਏ ਸਾਹ ਟੁਟ ਜਾਂਦਾ, ਤਾਂ ਉਹ ਮਰਿਆ ਹੋਇਆ ਸਮਝਿਆ ਜਾਂਦਾ ਸੀ ਤੇ ਉਦੋਂ ਤਕ ਮੁੜ ਖੇਡ ਵਿਚ ਨਹੀਂ ਸੀ ਸ਼ਾਮਲ ਹੋ ਸਕਦਾ, ਜਦੋਂ ਤਕ ਉਹਦੀ ਧਿਰ ਦਾ ਦੂਜਾ ਸਾਥੀ ਵਿਰੋਧੀ ਨੂੰ ਮਾਰ ਕੇ ਕੌਡੀ ਵਾਪਸ ਚੁਕ ਕੇ ਨਾ ਲੈ ਆਉਂਦਾ (ਪੰਜਾਬੀ ਕੋਸ਼, 1,469)।

ਕਬੱਡੀ ਦੀ ਖੇਡ ਵਿਚ ਫੁਰਤੀ, ਚਲਾਕੀ, ਸਾਹ ਰੋਕਣ ਦੀ ਸਮਰੱਥਾ ਅਤੇ ਦਾਅ ਮਾਰੀ ਦੀ ਲੋੜ ਹੁੰਦੀ ਹੈ। ਸਰੀਰਕ ਬਲ ਤੇ ਸਾਹ ਦੀ ਸਾਧਣ ਸ਼ਕਤੀ ਅਤੇ ਫੁਰਤੀ ਦੀ ਪ੍ਰਦਰਸ਼ਨੀ ਇਸ ਖੇਡ ਦੁਆਰਾ ਪੂਰੀ ਤਰ੍ਹਾਂ ਹੋ ਜਾਂਦੀ ਹੈ। ਇਸ ਲਈ ਇਹ ਖੇਡ ਪੰਜਾਬੀਆਂ ਦੇ ਸੁਭਾਵ ਦੇ ਅਨੁਕੂਲ ਹੈ। ਤਕੜੇ ਜੁਸੇ ਤੇ ਸਾਹਸੀ ਕੌਮਾਂ ਲਈ ਝੂਜਣ ਵਾਲੀਆਂ ਚੁਸਤ ਖੇਡਾਂ ਹੀ ਸ਼ੋਭਦੀਆਂ ਹਨ। ਇਸ ਖੇਡ ਨੂੰ ਬੱਚਿਆਂ ਤੋਂ ਲੈ ਕੇ ਜਵਾਨਾਂ ਤਕ ਹਰੇਕ ਪੰਜਾਬੀ ਇਕੋ ਜੋਸ਼ ਤੇ ਸਵਾਦ ਨਾਲ ਖੇਡਦੇ ਹਨ। ਇਸ ਲਈ ਕਬੱਡੀ ਪੰਜਾਬੀਆਂ ਦੀ ਕੌਮੀ ਖੇਡ ਦਾ ਦਰਜਾ ਰਖਦੀ ਹੈ।

ਕਬੱਡੀ ਪੰਜਾਬ ਵਿਚੋਂ ਹੀ ਆਸ ਪਾਸ ਦੇ ਪ੍ਰਾਂਤਾਂ ਵਿਚ ਫੈਲ ਗਈ ਹੈ। ਇਸ ਖੇਡ ਦਾ ਮੁੱਢ ਸ਼ੁਧ ਪੰਜਾਬੀ ਹੈ। ਬਾਕੀ ਪ੍ਰਾਂਤਾਂ ਵਿਚ ਖੇਡੀ ਜਾਂਦੀ ਕਬੱਡੀ ਵਿਚ ਰੂਪ ਦੇ ਪਖੋਂ ਕੁਝ ਅੰਤਰ ਆ ਗਏ ਹਨ ਅਤੇ ਉਨ੍ਹਾਂ ਨੇ ਇਸ ਨੂੰ ਆਪਣੇ ਪ੍ਰਾਂਤਕ ਸੁਭਾਵ ਦੇ ਅਨੁਕੂਲ ਕੁਝ ਸਰਲ ਤੇ ਸੌਖਾ ਬਣਾ ਲਿਆ ਹੈ। "ਸਭ ਤੋਂ ਵੱਡੀ ਗੱਲ ਜਿਸ ਵਿਚ ਪੰਜਾਬ ਦੀ ਕਬੱਡੀ ਭਾਰਤ ਦੇ ਹੋਰਨਾਂ ਪ੍ਰਾਂਤਾ ਦੀਆਂ ਕਬੱਡੀਆਂ ਨਾਲ ਨਹੀਂ ਮਿਲਦੀ, ਉਹ ਇਸ ਖੇਡ ਦੀ 'ਪਕੜ' ਹੈ। ਪੰਜਾਬ ਦੀ ਕਬੱਡੀ ਅਨੁਸਾਰ ਕੇਵਲ ਇਕ ਖਿਡਾਰੀ ਹੀ ਕਬੱਡੀ ਪਾਉਣ ਆਏ ਖਿਡਾਰੀ ਨੂੰ ਆਪਣੀ ਤਾਕਤ ਅਤੇ ਫੁਰਤੀ ਨਾਲ ਜੱਫਾ ਮਾਰ ਕੇ ਆਪਣੇ ਪਾਲੇ ਵਿਚ ਰਖ ਸਕਦਾ ਹੈ। ਪਰ ਇਸ ਦੇ ਉਲਟ ਹੋਰਨਾਂ ਪ੍ਰਾਂਤਾਂ ਦੀਆਂ ਕਬੱਡੀਆਂ ਅਨੁਸਾਰ ਕਬੱਡੀ ਪਾਉਣ ਆਏ ਖਿਡਾਰੀ ਨੂੰ ਇਕ ਤੋਂ ਵਧੀਕ ਖਿਡਾਰੀ ਫੜ ਸਕਦੇ ਹਨ। ਇਸ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਕਬੱਡੀ ਵਿਚ, ਹਰ ਖਿਡਾਰੀ ਨੂੰ ਬਹੁਤ ਬਲ, ਹਿੰਮਤ, ਫੁਰਤੀ ਤੇ ਚੁਸਤੀ ਦਾ ਮਾਲਕ ਹੋਣਾ ਪੈਂਦਾ ਹੈ। ਇਕ ਹੋਰ ਪੱਖ, ਜਿਸ ਵਿਚ ਇਹ ਦੂਜੀਆਂ ਕਬੱਡੀਆਂ ਤੋਂ ਵੱਖਰੀ ਹੈ, ਉਹ ਇਸ ਦੇ ਖੇਡਣ ਦਾ ਘੇਰਾ ਹੈ। ਪੰਜਾਬੀ ਕਬੱਡੀ ਦਾ ਘੇਰਾ ਵਡੇਰਾ ਹੁੰਦਾ ਹੈ ਤੇ ਹੋਰਨਾਂ ਪ੍ਰਾਂਤਾਂ ਦੀਆਂ ਕਬੱਡੀਆਂ ਦਾ ਛੋਟਾ। ਇਸ ਪ੍ਰਾਂਤ ਦੀ ਕਬੱਡੀ ਵਿਚ ਜੱਫਾ ਮਾਰਨ ਅਤੇ ਜੱਫਾ ਛੁਡਾਉਣ ਲਈ ਖਿਡਾਰੀਆਂ ਨੂੰ ਕਾਫ਼ੀ ਥਾਂ ਮਿਲ ਜਾਂਦੀ ਹੈ" (ਪੰਜਾਬ,ਭਾ.ਵਿਭ. ਪੰਨਾ 140-141)।

ਕਬੱਡੀ ਕਿਸੇ ਖੁਲ੍ਹੇ ਮੈਦਾਨ ਵਿਚ, ਦੋ ਟੋਲੀਆਂ ਬਣਾ ਕੇ ਖੇਡੀ ਜਾਂਦੀ ਹੈ, ਖਿਡਾਰੀ ਮੈਦਾਨ ਵਿਚ ਦੋ ਪਾਲੇ (ਮਿੱਟੀ ਜਾਂ ਇੱਟਾਂ ਦੀਆਂ ਬੁਤੀਆਂ) ਬਣਾ ਕੇ ਵਿਚਕਾਰ ਇਕ ਪਾੜਾ (ਲਕੀਰ) ਖਿਚਦੇ ਹਨ। ਇਕ ਟੋਲੀ ਦਾ ਕੋਈ ਖਿਡਾਰੀ ਲਕੀਰ ਟਪ ਕੇ ਇਕ ਸਾਹ ਵਿਚ 'ਕਬੱਡੀ' 'ਕਬੱਡੀ' ਕਰਦਾ ਦੂਜੀ ਧਿਰ ਦੇ ਕਿਸੇ ਇਕ ਖਿਡਾਰੀ ਨੂੰ ਛੁਹੰਦਾ ਹੈ ਤੇ ਬਿਨਾਂ ਪਕੜਾਈ ਦਿਤੇ ਜਾਂ ਸਾਹ ਟੁਟੇ ਦੇ ਆਪਣੇ ਪਾਸੇ ਵਾਪਸ ਪਰਤ ਆਉਂਦਾ ਹੈ। ਜੇ ਦੂਜੇ ਧਿਰ ਦਾ ਉਹ ਖਿਡਾਰੀ, ਜਿਸ ਨੂੰ ਉਸ ਨੇ ਛੁਹਿਆ ਸੀ, ਅੱਗੋਂ ਉਸ ਨੂੰ ਫੜ ਲਏ ਅਤੇ ਸਾਹ ਟੁੱਟਣ ਤੋਂ ਪਹਿਲਾਂ ਉਹ ਉਸ ਤੋਂ ਆਪਣਾ ਆਪ ਛੁੜਾ ਨਾ ਸਕੇ, ਤਾਂ ਉਹ ਖਿਡਾਰੀ ਮਰ ਜਾਂਦਾ ਅਥਵਾ ਹਾਰ ਜਾਣ ਕਾਰਨ ਖੇਡ ਵਿਚੋਂ ਖ਼ਾਰਜ ਕਰ ਦਿਤਾ ਜਾਂਦਾ ਹੈ। ਇਸ ਖੇਡ ਦੀ ਸਾਰੀ ਚਤਰਾਈ ਇਸ ਗੱਲ ਵਿਚ ਹੈ ਕਿ ਖਿਡਾਰੀ ਬਿਨਾਂ ਸਾਹ ਟੁਟੇ ਦੂਜੇ ਟੋਲੇ ਦੇ ਕਿਸੇ ਖਿਡਾਰੀ ਨੂੰ ਛੁਹ ਕੇ ਬਿਨਾਂ ਪਕੜਾਈ ਦਿਤੇ ਵਾਪਸ ਆਪਣੇ ਪਾਸੇ ਵਲ ਆ ਜਾਵੇ, ਇਸ ਖੇਡ ਵਿਚ ਸਾਹ ਤੇ ਕਾਬੂ ਤੇ ਜਿਸਮ ਦੇ ਬਲ ਦੇ ਨਾਲ ਫੁਰਤੀ ਦੀ ਵੀ ਲੋੜ ਹੈ। ਜਦੋਂ ਤਕ ਇਕ ਧਿਰ ਦੇ ਸਾਰੇ ਜਾਂ ਬਹੁਤੇ ਖਿਡਾਰੀ ਨਹੀਂ ਮਾਰੇ ਜਾਂਦੇ, ਉਦੋਂ ਤਕ ਕਿਸੇ ਦੀ ਹਾਰ ਨਹੀਂ ਹੁੰਦੀ ਅਤੇ ਖੇਡ ਚਲਦੀ ਰਹਿੰਦੀ ਹੈ।

ਕਬੱਡੀ ਕਈ ਤਰ੍ਹਾਂ ਦੀ ਹੈ। ਪੰਜਾਬ ਦੇ ਹਰੇਕ ਇਲਾਕੇ ਵਿਚ ਥੋੜੀ ਬਹੁਤੀ ਭਿੰਨਤਾ ਨਾਲ ਕਬੱਡੀ ਖੇਡੀ ਜਾਂਦੀ ਹੈ, ਜਿਸ ਕਰ ਕੇ ਵਿਸ਼ੇਸ਼ ਕਿਸਮ ਦੀ ਕਬੱਡੀ ਨਾਲ ਇਲਾਕੇ ਦਾ ਨਾਉਂ ਜੁੜ ਗਿਆ ਹੈ, ਜਿਵੇਂ ਲਾਹੌਰੀ ਕਬੱਡੀ, ਹੁਸ਼ਿਆਰਪੁਰੀ ਕਬੱਡੀ, ਜਲੰਧਰੀ ਕਬੱਡੀ, ਅੰਬਾਲਵੀ ਕਬੱਡੀ ਆਦਿ। ਧਨੀ ਦੇ ਇਲਾਕੇ ਵਿਚ ਪੀਰ ਕੌਡੀ ਬੜੀ ਪ੍ਰਸਿਧ ਹੈ।

ਕਬੱਡੀ ਦੀਆਂ ਪ੍ਰਸਿਧ ਕਿਸਮਾਂ ਇਹ ਹਨ :

(ੳ) ਲੰਮੀ ਕਬੱਡੀ;
(ਅ) ਜੱਫਲ ਕਬੱਡੀ;
(ੲ) ਗੁੰਗੀ ਕਬੱਡੀ;
(ਸ) ਪੀਰ ਕੌਡੀ।

**(ੳ) ਲੰਮੀ ਕਬੱਡੀ :** ਇਸ ਕਬੱਡੀ ਵਿਚ ਪਾੜੇ ਤੋਂ ਪਾਰ ਪਿੜ ਦੀ ਕੋਈ ਹੱਦ ਨਹੀਂ ਹੁੰਦੀ, ਜਿਤਨੀ ਦੂਰ ਤਕ ਕੋਈ ਖਿਡਾਰੀ ਦੌੜਨਾ ਚਾਹੇ, ਦੌੜ ਸਕਦਾ ਹੈ। ਇਸ ਕਬੱਡੀ ਵਿਚ ਖਿਡਾਰੀ ਸਾਹ ਭਰ ਕੇ ਕੌਡੀ ਕੌਡੀ ਕਰਦਾ ਵਿਰੋਧੀ ਪਿੜ ਵਿਚ ਦਾਖ਼ਲ ਹੁੰਦਾ ਹੈ ਤੇ ਖਿਡਾਰੀਆਂ ਪਿਛੇ ਦੌੜਦਾ ਹੋਇਆ, ਵਧ ਤੋਂ ਵਧ ਖਿਡਾਰੀਆਂ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ। ਵਿਰੋਧੀ ਧਿਰ ਦੇ ਖਿਡਾਰੀ ਉਸ ਤੋਂ ਬਚਣ ਦਾ ਯਤਨ ਕਰਦੇ ਹਨ। ਕਬੱਡੀ ਪਾਉਣ ਵਾਲੇ ਖਿਡਾਰੀ ਦਾ ਸਾਹ ਟੁੱਟਣ ਤੋਂ ਪਹਿਲਾਂ ਆਪਣੇ ਪਿੜ ਵਿਚ ਵਾਪਸ ਆਉਣਾ ਜ਼ਰੂਰੀ ਹੈ। ਜੇ ਉਹ ਵਿਰੋਧੀ ਧਿਰ ਦੇ ਕਿਸੇ ਖਿਡਾਰੀ ਨੂੰ ਹੱਥ ਲਗਾ ਦੇਵੇ, ਤਾਂ ਉਹ ਖੇਡ ਤੋਂ ਬਾਹਰ ਹੋ ਕੇ ਬੈਠ ਜਾਂਦਾ ਹੈ। ਜੇ ਕਬੱਡੀ ਪਾਉਣ ਵਾਲੇ ਖਿਡਾਰੀ ਦਾ ਵਿਰੋਧੀ ਪਿੜ ਵਿਚ ਸਾਹ ਟੁਟ ਜਾਵੇ ਅਤੇ ਦੂਜੀ ਧਿਰ ਦਾ ਕੋਈ ਖਿਡਾਰੀ ਉਸ ਨੂੰ ਛੁਹ ਦੇਵੇ, ਤਾਂ ਕਬੱਡੀ ਪਾਉਣ ਵਾਲਾ ਹਾਰ ਜਾਂਦਾ ਹੈ। ਜਦੋਂ ਤਕ ਇਕ ਧਿਰ ਦੇ ਸਾਰੇ ਖਿਡਾਰੀ ਹਾਰ ਕੇ ਬੈਠ ਨਹੀਂ ਜਾਂਦੇ, ਉਦੋਂ ਤਕ ਖੇਡ ਜਾਰੀ ਰਹਿੰਦੀ ਹੈ। ਜਿਸ ਧਿਰ ਦੇ ਸਾਰੇ ਜਾਂ ਬਹੁਤੇ ਖਿਡਾਰੀ ਬੈਠ ਜਾਣ, ਉਹ ਧਿਰ ਹਾਰ ਜਾਂਦੀ ਹੈ।

**(ਅ) ਜੱਫਲ ਕਬੱਡੀ :** ਲੰਮੀ ਕਬੱਡੀ ਤੇ ਜੱਫਲ ਕਬੱਡੀ ਵਿਚ ਵੱਡਾ ਫ਼ਰਕ ਇਹ ਹੈ ਕਿ ਜਿਥੇ ਲੰਮੀ ਕਬੱਡੀ ਵਿਚ ਕਬੱਡੀ ਪਾਉਣ ਵਾਲੇ ਦੀ ਛੁਹਾਈ ਤੋਂ ਬਚਣਾ ਹੁੰਦਾ ਹੈ ਅਤੇ ਕੇਵਲ ਸਾਹ ਟੁਟਣ ਉਤੇ ਹੀ ਉਸ ਨੂੰ ਛੁਹਿਆ ਜਾ ਸਕਦਾ ਹੈ, ਉਥੇ ਜੱਫਲ ਕਬੱਡੀ ਵਿਚ ਇਕ ਤਾਂ ਕਬੱਡੀ ਪਾਉਣ ਵਾਲੇ ਨੂੰ ਜੱਫਾ ਮਾਰ ਕੇ ਆਪਣੇ ਪਿੜ ਵਿਚ ਰਖਣ ਦਾ ਯਤਨ ਕੀਤਾ ਜਾਂਦਾ ਹੈ। ਦੂਜਾ, ਇਸ ਕਬੱਡੀ ਵਿਚ ਪਿੜ ਸੀਮਤ ਹੁੰਦਾ ਹੈ ਜਦੋਂ ਕਿ ਲੰਮੀ ਕਬੱਡੀ ਦਾ ਅਸੀਮਤ।

ਇਸ ਕਬੱਡੀ ਵਿਚ ਵੀ ਦੋ ਪਾਲੇ ਬਣਾ ਕੇ ਵਿਚੋਂ ਲਕੀਰ ਵਾਹ ਲਈ ਜਾਂਦੀ ਹੈ। ਇਕ ਧਿਰ ਦਾ ਖਿਡਾਰੀ ਪਾੜੇ ਨੂੰ ਟਪਦਾ ਹੋਇਆ, ਇਕੋ ਸਾਹੇ

Sri Satguru Jagjit Singh Ji eLibrary NamdhariElibrary@gmail.com

ਕਬੱਡੀ ਕਬੱਡੀ ਕਰਦਾ, ਵਿਰੋਧੀ ਪਿੜ ਵਿਚ ਜਾ ਧਮਕਦਾ ਹੈ ਅਤੇ ਆਪਣੇ ਆਪ ਨੂੰ ਬਚਾਂਦਾ ਹੋਇਆ, ਕਿਸੇ ਇਕ ਖਿਡਾਰੀ ਨੂੰ ਛੂੰਹਦਾ ਹੈ। ਜਿਹੜਾ ਖਿਡਾਰੀ ਛੁਹਿਆ ਜਾਵੇ, ਉਹ ਉਸ ਨੂੰ ਜੱਫਾ ਮਾਰ ਕੇ ਆਪਣੇ ਪਿੜ ਵਿਚ ਉਦੋਂ ਤਕ ਰਖਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਤਕ ਉਸ ਦਾ ਸਾਹ ਟੁਟ ਨਾ ਜਾਵੇ। ਜੇ ਸਾਹ ਟੁਟ ਜਾਵੇ, ਤਾਂ ਕੌਡੀ ਕਹਿਣ ਵਾਲਾ ਪਿੜ ਦੇ ਬਾਹਰ ਬੈਠ ਜਾਂਦਾ ਹੈ। ਜੇ ਸਾਹ ਟੁਟਣ ਤੋਂ ਪਹਿਲਾਂ ਉਹ ਜੱਫੇ ਵਿਚੋਂ ਨਿਕਲ ਕੇ ਜਾਂ ਵੈਸੇ ਹੀ ਧਰੀਕਦਾ ਹੋਇਆ ਪਾਲੇ ਜਾਂ ਲਕੀਰ ਨੂੰ ਹੱਥਾਂ ਜਾਂ ਪੈਰਾਂ ਨਾਲ ਛੁਹ ਲਏ, ਤਾਂ ਉਹ ਵਿਜਈ, ਤੇ ਦੂਜਾ ਹਾਰ ਜਾਣ ਕਰ ਕੇ ਬਾਹਰ ਬੈਠ ਜਾਂਦਾ ਹੈ। ਇਸ ਤਰ੍ਹਾਂ ਜਦੋਂ ਤਕ ਇਕ ਧਿਰ ਦੇ ਸਾਰੇ ਖਿਡਾਰੀ ਮਾਰੇ ਅਥਵਾ ਬਾਹਰ ਨਹੀਂ ਹੋ ਜਾਂਦੇ, ਉਦੋਂ ਤਕ ਬਾਜ਼ੀ ਨਹੀਂ ਮੁਕਦੀ।

(ੲ) **ਗੁੰਗੀ ਕਬੱਡੀ :** ਇਸ ਕਬੱਡੀ ਵਿਚ ਕੌਡੀ ਪਾਉਣ ਵਾਲਾ ਮੂੰਹੋਂ ਕੌਡੀ ਕੌਡੀ ਨਹੀਂ ਆਖਦਾ।

(ਸ) **ਪੀਰ ਕੌਡੀ :** (ਵੇਖੋ : ਪੀਰ ਕੌਡੀ)।

## (ਕ-122) ਕਬੰਧ :

ਇਕ ਰਾਖਸ਼ ਜੋ ਸ੍ਰੀ ਦੇਵੀ ਦਾ ਪੁੱਤਰ ਸੀ। ਇਕ ਵਾਰ ਉਸ ਦਾ ਯੁੱਧ ਇੰਦਰ ਨਾਲ ਹੋਇਆ। ਇੰਦਰ ਨੇ ਕਰੋਧ ਵਿਚ ਆ ਕੇ ਉਸ ਨੂੰ ਅਜਿਹੇ ਢੰਗ ਨਾਲ ਵਜਰ ਮਾਰਿਆ ਕਿ ਉਸ ਰਾਖਸ਼ ਦਾ ਸਿਰ ਪੇਟ ਵਿਚ ਧਸ ਗਿਆ। ਪੁਰਾਣਾਂ ਵਿਚ ਇਸ ਦੇ ਵਿਕਰਾਲ ਰੂਪ ਦਾ ਵਰਨਣ ਇਉਂ ਦਰਜ ਹੈ — ਕਬੰਧ ਦਾ ਸਾਰਾ ਸਰੀਰ ਵਾਲਾਂ ਨਾਲ ਭਰਿਆ ਹੋਇਆ ਸੀ। ਉਸ ਦਾ ਕੱਦ ਪਹਾੜ ਵਾਂਗ ਉੱਚਾ ਸੀ, ਪਰ ਉਸ ਦਾ ਨਾ ਤੇ ਸਿਰ ਸੀ ਅਤੇ ਨਾ ਹੀ ਮੂੰਹ ਮੱਥਾ। ਉਸ ਦੀ ਬਾਂਹ ਪੇਟ ਵਿਚੋਂ ਬਾਹਰ ਲਮਕਦੀ ਸੀ, ਜਿਸ ਵਿਚੋਂ ਵਿਕਰਾਲ ਦੰਦ ਉਭਰੇ ਹੋਏ ਸਨ। ਉਸ ਦੀਆਂ ਬਾਹਵਾਂ ਇਕ ਯੋਜਨ ਲੰਮੀਆਂ ਸਨ। ਉਸ ਦੀ ਸਿਰਫ਼ ਇਕ ਅੱਖ ਸੀ, ਜਿਹੜੀ ਛਾਤੀ ਵਿਚ ਸੀ।

ਕਬੰਧ ਬਾਰੇ ਇਹ ਵੀ ਧਾਰਨਾ ਹੈ ਕਿ ਉਹ ਇਕ ਗੰਧਰਵ ਸੀ, ਜੋ ਕਿਸੇ ਰਿਸ਼ੀ ਦੇ ਸਰਾਪ ਕਾਰਨ ਕਰੂਪ ਅਤੇ ਵਿਕਰਾਲ ਸ਼ਕਲ ਗ੍ਰਹਿਣ ਕਰ ਗਿਆ। ਕਬੰਧ ਰਾਮ ਚੰਦਰ ਨੂੰ ਦੰਡਕ ਬਣ ਵਿਚ ਮਿਲਿਆ ਸੀ। ਰਾਮ ਚੰਦਰ ਨੇ ਉਸ ਦੇ ਹੱਥ ਵਢ ਕੇ ਜੀਉਂਦੇ ਨੂੰ ਹੀ ਜ਼ਮੀਨ ਵਿਚ ਗਡ ਦਿਤਾ। ਕਬੰਧ ਨੇ ਰਾਮ ਚੰਦਰ ਨੂੰ ਆਪਣੇ ਸਰੀਰ ਦਾ ਦਾਹ ਕਰਨ ਦੀ ਬੇਨਤੀ ਕੀਤੀ। ਜਦੋਂ ਇਸ ਦੇ ਸਰੀਰ ਨੂੰ ਅੱਗ ਦਾਗੀ ਗਈ, ਤਾਂ ਵਿਚੋਂ ਇਕ ਖ਼ੂਬਸੂਰਤ ਗੰਧਰਵ ਨਿਕਲਿਆ। ਇੰਦਰ ਲੋਕ ਵਿਚ ਜਾਣ ਤੋਂ ਪਹਿਲਾਂ ਗੰਧਰਵ ਨੇ ਰਾਮ ਨੂੰ ਰਾਵਣ ਨਾਲ ਯੁੱਧ ਕਰਨ ਦੀ ਪ੍ਰੇਰਨਾ ਦਿਤੀ।

## (ਕ-123) ਕਬਰ :

ਮੁਸਲਮਾਨ ਆਪਣੇ ਮੁਰਦੇ ਕਬਰਾਂ ਵਿਚ ਦਬਾਂਦੇ ਹਨ। ਹਿੰਦੂਆਂ ਵਿਚ ਆਮ ਤੌਰ 'ਤੇ ਦਾਹ-ਸੰਸਕਾਰ ਦੀ ਪ੍ਰਥਾ ਹੈ, ਪਰ ਕਈ ਸੰਨਿਆਸੀਆਂ ਅਤੇ ਸਾਧਾਂ ਫ਼ਕੀਰਾਂ ਵਿਚ ਮੁਰਦੇ ਦਫ਼ਨਾਏ ਜਾਂਦੇ ਹਨ। ਛੋਟੇ ਬੱਚੇ ਨੂੰ ਹਿੰਦੂ ਜਾਂ ਤਾਂ ਕਬਰ ਵਿਚ ਦਬਾਂਦੇ ਹਨ ਜਾਂ ਜਲ-ਪ੍ਰਵਾਹ ਕਰਦੇ ਹਨ। ਪੁਰਾਣੇ ਵੇਲਿਆਂ ਵਿਚ, ਕਈ ਹਿੰਦੂ, ਆਪਣੇ ਛੋਟੇ ਬੱਚੇ ਨੂੰ, ਜੇ ਉਹ ਦੁੱਧ ਚੁੰਘਣ ਦੀ ਉਮਰ ਵਿਚ ਹੀ ਮਰ ਜਾਵੇ, ਤਾਂ ਘਰ ਦੀ ਮੁਹਾਠ ਹੇਠਾਂ ਹੀ ਦੱਬ ਦੇਂਦੇ ਸਨ। ਧਾਰਨਾ ਸੀ ਕਿ ਇਸ ਤਰ੍ਹਾਂ ਬੱਚਾ ਮੁੜ ਉਸੇ ਘਰ ਵਿਚ ਜਨਮ ਲੈਂਦਾ ਹੈ।

ਕਬਰ ਪੁੱਟਣ ਲਈ ਖ਼ਾਸ ਮਜ਼ਦੂਰ ਹੁੰਦੇ ਹਨ, ਜਿਨ੍ਹਾਂ ਨੂੰ ਕਬਰਪੁਟ ਕਿਹਾ ਜਾਂਦਾ ਹੈ। ਮੀਆਂਵਾਲੀ ਦੇ ਇਲਾਕੇ ਵਿਚ ਕਬਰ ਲੋਹਾਰ, ਤਰਖਾਣ ਜਾਂ ਘੁੰਮਿਆਰ ਤੋਂ ਖੁਦਾਈ ਜਾਂਦੀ ਹੈ। ਕਬਰ ਉੱਤਰ ਵਲੋਂ ਦੱਖਣ ਵਲ ਪੁੱਟੀ ਜਾਂਦੀ ਹੈ। ਖੁਦਾਈ ਵੇਲੇ ਕਬਰ ਦੇ ਅੰਦਰ ਪੂਰਬ ਵਲ ਇਕ ਆਲਾ ਜਾਂ ਗੁਫਾ ਬਣਾਈ ਜਾਂਦੀ ਹੈ, ਜਿਸ ਨੂੰ ਸਮੀਂ ਕਹਿੰਦੇ ਹਨ। ਮੁਰਦੇ ਦਾ ਸਰੀਰ ਇਸੇ ਗੁਫਾ ਵਿਚ ਰਖਿਆ ਜਾਂਦਾ ਹੈ। ਆਮ ਤੌਰ 'ਤੇ ਕਬਰ ਆਦਮੀ ਦੀ ਛਾਤੀ ਤਕ ਗਹਿਰੀ ਖੋਦੀ ਜਾਂਦੀ ਹੈ।

ਮੁਰਦੇ ਨੂੰ ਦੱਬਣ ਵੇਲੇ ਉਸ ਦਾ ਮੂੰਹ ਕਾਅਬੇ ਵਲ ਕੀਤਾ ਜਾਂਦਾ ਹੈ ਅਤੇ ਸਿਰ ਦੇ ਹੇਠਾਂ ਸਰਹਾਣੇ ਵਜੋਂ ਇੱਟ ਰਖੀ ਜਾਂਦੀ ਹੈ। ਉਪਰੋਂ ਮਿੱਟੀ ਦੇ ਨਾਲ ਕਬਰ ਨੂੰ ਪੂਰ ਦਿਤਾ ਜਾਂਦਾ ਹੈ। ਸਾਰੇ ਸਾਕ ਸਬੰਧੀ ਅਤੇ ਮਿੱਤਰ ਕਬਰ ਉਪਰ ਥੋੜੀ ਥੋੜੀ ਮਿੱਟੀ ਪਾਂਦੇ ਹਨ। ਲਹਿੰਦੇ ਵਿਚ ਜੇ ਕਬਰ ਮਰਦ ਦੀ ਹੋਵੇ, ਤਾਂ ਸਿਰ ਤੇ ਪੈਰਾਂ ਵਲ ਇਕ ਇਕ ਪੱਥਰ ਖੜਾ ਕਰ ਦਿਤਾ ਜਾਂਦਾ ਹੈ। ਜੇ ਤੀਵੀਂ ਦੀ ਕਬਰ ਹੋਵੇ, ਤਾਂ ਇਕ ਤੀਜਾ ਪੱਥਰ ਵੱਖੀ ਵਲ ਖੜਾ ਕਰ ਦਿਤਾ ਜਾਂਦਾ ਹੈ। ਕਈ ਇਲਾਕਿਆਂ ਵਿਚ ਇਸਤ੍ਰੀ ਦੀ ਕਬਰ ਉਤੇ ਪੱਥਰ ਪੂਰਬ ਤੇ ਪੱਛਮ ਵਲ ਖੜੇ ਕੀਤੇ ਜਾਂਦੇ ਹਨ ਪਰ ਮਰਦ ਦੀ ਕਬਰ ਉਤੇ ਉੱਤਰ ਤੇ ਦੱਖਣ ਵਲ। ਕਈ ਥਾਈਂ ਪਰਦਾ ਨਸ਼ੀਨ ਔਰਤਾਂ ਲਈ ਕਬਰਸਤਾਨ ਵਿਚ ਵੱਖਰੀ ਗੁੱਠ ਰਾਖਵੀਂ ਹੁੰਦੀ ਹੈ। ਕਈ ਲੋਕ ਕਬਰ ਦੇ ਨਾਲ ਇਕ ਸਿਲ ਗਡ ਕੇ ਉਸ ਉਤੇ ਫ਼ਾਰਸੀ ਦਾ ਕੋਈ ਸ਼ੇਅਰ ਜਾਂ ਕੁਰਾਨ ਦੀ ਆਇਤ ਲਿਖਵਾ ਦਿੰਦੇ ਹਨ। ਪੀਰਾਂ ਫ਼ਕੀਰਾਂ ਦੀਆਂ ਕਬਰਾਂ ਉਤੇ ਸਿਰ ਵਲ ਆਲਾ ਬਣਿਆ ਹੁੰਦਾ ਹੈ, ਜਿਸ ਵਿਚ ਦੀਵੇ ਬਾਲੇ ਜਾਂਦੇ ਹਨ।

ਲੋਕ ਧਾਰਨਾ ਅਨੁਸਾਰ ਕਬਰ ਵਿਚ ਪਹਿਲੀ ਰਾਤ ਮੁਨਕਰ ਅਤੇ ਨਕੀਰ ਨਾਂ ਦੇ ਦੋ ਫ਼ਰਿਸ਼ਤੇ ਆਉਂਦੇ ਹਨ ਅਤੇ ਮ੍ਰਿਤਕ ਤੋਂ ਉਸ ਦੇ ਕੀਤੇ ਕਰਮਾਂ ਬਾਰੇ ਪ੍ਰਸ਼ਨ ਪੁਛਦੇ ਹਨ। ਜੇ ਮ੍ਰਿਤਕ ਹਜ਼ਰਤ ਮੁਹੰਮਦ ਸਾਹਿਬ ਵਿਚ ਈਮਾਨ ਰਖਦਾ ਹੋਵੇ, ਤਾਂ ਉਹ ਉਸ ਦੀ ਕਬਰ ਸੱਤਰ ਗਜ਼ ਚੌੜੀ ਕਰ ਜਾਂਦੇ ਹਨ। ਜੇ ਨਾ ਰਖਦਾ ਹੋਵੇ, ਤਾਂ ਉਸ ਦੀ ਕਬਰ ਹੋਰ ਤੰਗ ਕਰ ਜਾਂਦੇ ਹਨ, ਜਿਸ ਨਾਲ ਮ੍ਰਿਤਕ ਦਾ ਸਰੀਰ ਸ਼ਕੰਜੇ ਵਿਚ ਜਕੜਿਆ ਜਾਂਦਾ ਹੈ। ਕਬਰ ਵਿਚ ਹੀ ਕਾਫ਼ਰਾਂ ਨੂੰ ਸੋਟੀਆਂ ਨਾਲ ਇਤਨੀ ਮਾਰ ਦਿਤੀ ਜਾਂਦੀ ਹੈ ਕਿ ਉਸ ਦਾ ਵਿਰਲਾਪ ਜੰਗਲ ਦੇ ਪਸ਼ੂ ਪੰਛੀ ਤਾਂ ਸੁਣਦੇ ਹਨ, ਪਰ ਮਨੁਖ ਦੇ ਕੰਨਾਂ ਵਿਚ ਆਵਾਜ਼ ਨਹੀਂ ਪੈਂਦੀ। ਮੁਸਲਮਾਨਾਂ ਦੇ ਵਿਸ਼ਵਾਸ਼ ਅਨੁਸਾਰ ਪਾਪੀਆਂ ਨੂੰ ਕਬਰ ਵਿਚ ਫ਼ਰਿਸ਼ਤੇ ਕਈ ਤਰ੍ਹਾਂ ਦੇ ਅਜ਼ਾਬ ਦੇਂਦੇ ਹਨ।

ਲਹਿੰਦੇ ਦੇ ਇਲਾਕੇ ਵਿਚ ਮੁਹੱਰਮ ਦੇ ਦਿਨੀਂ ਲੋਕੀਂ ਆਪਣੇ ਰਿਸ਼ਤੇਦਾਰਾਂ ਦੀਆਂ ਕਬਰਾਂ ਦੀ ਮੁਰੰਮਤ ਕਰਵਾਉਂਦੇ ਹਨ ਅਤੇ ਉਨ੍ਹਾਂ ਦੀਆਂ ਕਬਰਾਂ ਉਤੇ ਪਾਣੀ ਦੇ ਛੱਟੇ ਦੇਂਦੇ ਹਨ, ਜੋ ਹਿੰਦੂਆਂ ਦੀ ਪਿਤਰਾਂ ਨੂੰ ਪਾਣੀ ਦੇਣ ਦੀ ਰੀਤ ਦਾ ਹੀ ਪ੍ਰਭਾਵ ਜਾਪਦਾ ਹੈ। ਦਾਹੀਏ ਵਾਲੇ ਦਿਨ ਕਬਰ ਉਤੇ ਮਸ਼ਰੂ ਵਿਛਾਇਆ ਜਾਂਦਾ ਹੈ ਜਾਂ ਤਾੜ ਤੇ ਖਜੂਰ ਦੀਆਂ ਟਹਿਣੀਆਂ ਰਖੀਆਂ ਜਾਂਦੀਆਂ ਹਨ। ਮੁਸਲਮਾਨ ਖ਼ਾਸ ਖ਼ਾਸ ਦਿਨਾਂ ਉਤੇ ਆਪਣੇ ਰਿਸ਼ਤੇਦਾਰਾਂ ਦੀਆਂ ਕਬਰਾਂ ਉਤੇ ਜਾ ਕੇ ਦੁਆ ਅਥਵਾ ਫ਼ਾਤਿਆ ਪੜ੍ਹਦੇ ਹਨ।

ਮੁਸਲਮਾਨੀ ਅਕੀਦੇ ਅਨੁਸਾਰ ਕਿਆਮਤ ਵਾਲੇ ਦਿਨ ਕਬਰਾਂ ਵਿਚੋਂ ਸਭ ਮੁਰਦੇ ਜਾਗ ਉਠਣਗੇ ਅਤੇ ਆਪੋ ਆਪਣੇ ਕਰਮਾਂ ਦਾ ਫਲ ਭੋਗਣਗੇ। ਪਰ ਮੁਸਲਮਾਨਾਂ ਵਿਚ ਕਬਰਾਂ ਦੀ ਸੰਭਾਲ ਬਾਰੇ ਕੋਈ ਪਰੰਪਰਾ ਨਹੀਂ, ਇਸ ਬਾਰੇ ਇਸਲਾਮੀ ਗ੍ਰੰਥਾਂ ਵਿਚ ਵੀ ਕੋਈ ਵਿਸ਼ੇਸ਼ ਉਲੇਖ ਨਹੀਂ।

ਕਬਰਸਤਾਨ ਆਮ ਤੌਰ 'ਤੇ ਪਿੰਡੋਂ ਬਾਹਰ ਕਿਸੇ ਉੱਚੀ ਥਾਂ ਜਾਂ ਪੁਰਾਣੀ ਥੇਹ ਉਤੇ ਹੁੰਦੇ ਹਨ। ਕਈ ਵਾਰ ਕਿਸੇ ਪੀਰ ਦੀ ਮਜ਼ਾਰ ਦੇ ਆਲੇ ਦੁਆਲੇ ਹੀ ਕਬਰਸਤਾਨ ਬਣਾ ਲਿਆ ਜਾਂਦਾ ਹੈ। ਕਬਰਸਤਾਨ ਵਿਚ ਦਰੱਖ਼ਤ ਅਤੇ ਝਾੜੀਆਂ ਕਾਫ਼ੀ ਮਾਤਰਾ ਵਿਚ ਉਗੀਆਂ ਹੁੰਦੀਆਂ ਹਨ।

ਮੁਲਤਾਨ ਦੇ ਇਲਾਕੇ ਵਿਚ ਵੰਡ ਤੋਂ ਪਹਿਲ ਹਿੰਦੂ ਬੱਚਿਆਂ ਨੂੰ ਵੀ ਮੁਸਲਮਾਨਾਂ ਦੇ ਕਬਰਸਤਾਨ ਵਿਚ ਹੀ ਦਬਿਆ ਜਾਂਦਾ ਸੀ, ਪਰ ਕਈ ਇਲਾਕਿਆਂ ਵਿਚ ਸ਼ਮਸ਼ਾਨ ਦੇ ਨੇੜੇ ਬੱਚਿਆਂ

Sri Satguru Jagjit Singh Ji eLibrary NamdhariElibrary@gmail.com

ਦੀਆਂ ਕਬਰਾਂ ਬਣਾਈਆਂ ਜਾਂਦੀਆਂ ਹਨ।

ਮਨੁਖ ਦੀ ਸਮਾਨਤਾ ਤੇ ਪਖੰਡੀ ਚਰਿਤ੍ਰ ਨੂੰ ਕਬਰ ਦੇ ਰੂਪਕ ਦੁਆਰਾ ਅਖਾਣਾਂ ਵਿਚ ਪੇਸ਼ ਕੀਤਾ ਗਿਆ ਹੈ — 'ਕਬਰ ਵਿਚ ਸਭੋ ਬਰਾਬਰ'; 'ਕਬਰ ਚੂਨੇ ਗੱਚ ਤੇ ਮੁਰਦਾ ਬਈਮਾਨ'; 'ਕਬਰ ਕੁੱਤੇ ਦੀ ਉਪਰ ਮਖ਼ਮਲ ਦਾ ਮਸ਼ਰੂ'।

ਹੜੱਪਾ ਦੇ ਖੰਡਰਾਂ ਵਿਚੋਂ ਜੋ ਕਬਰਾਂ ਮਿਲੀਆਂ ਹਨ, ਉਥੋਂ ਪ੍ਰਾਪਤ ਹੋਈਆਂ ਵਸਤੂਆਂ ਅਤੇ ਚਿਤਰਾਂ ਤੋਂ ਹੜੱਪਾ ਦੇ ਲੋਕਾਂ ਦੇ ਮੌਤ ਨਾਲ ਸਬੰਧਤ ਰੀਤ ਰਵਾਜਾਂ ਅਤੇ ਅਗਲੇ ਲੋਕ ਬਾਰੇ ਮਨੌਤਾਂ ਸਬੰਧੀ ਕਾਫ਼ੀ ਗਿਆਨ ਮਿਲਿਆ ਹੈ (ਵੇਖੋ : ਹੜੱਪਾ)।

## (ਕ-124) ਕੰਬਲੀ :

ਉੱਨ ਦੀ ਬੁਣੀ ਹੋਈ ਭੂਰੀ, ਜੋ ਨਿਰਮਲਤਾ ਅਤੇ ਅਧਿਆਤਮਕਤਾ ਦੀ ਪ੍ਰਤੀਕ ਹੈ। ਜੋਗੀ ਆਮ ਤੌਰ 'ਤੇ ਉੱਨ ਦਾ ਜਨੇਊ ਅਤੇ ਟੋਪੀ ਪਹਿਨਦੇ ਹਨ। ਉੱਨ ਸਰੀਰ ਵਿਚ ਪਵਿਤ੍ਰਤਾ ਦਾ ਸੰਚਾਰ ਕਰਦੀ ਹੈ। ਸਾਧੂ ਸੰਤ ਤੇ ਫ਼ਕੀਰ ਵਧੇਰੇ ਕਰ ਕੇ ਕਾਲੀ ਉੱਨ ਦੀ ਲੋਈ ਮੋਢੇ ਉਤੇ ਰਖਦੇ ਹਨ। ਜਿਹੜੇ ਸੰਤ ਫ਼ਕੀਰ ਹਮੇਸ਼ਾਂ ਹੀ ਕਾਲੀ ਲੋਈ ਮੋਢਿਆਂ ਉਤੇ ਰਖਣ, ਉਨ੍ਹਾਂ ਨੂੰ ਕਾਲੀ ਕੰਬਲੀ ਵਾਲਾ ਕਿਹਾ ਜਾਂਦਾ ਹੈ। ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਲਈ 'ਕਾਲੀ ਕੰਬਲੀ ਵਾਲਾ' ਦੀ ਉਪਾਧੀ ਵਰਤਦੇ ਹਨ, ਕਿਉਂ ਜੋ ਉਹ ਆਪਣੇ ਮੋਢੇ ਉਪਰ ਕਾਲੀ ਉੱਨ ਦੀ ਕੰਬਲੀ ਲੈ ਕੇ ਵਿਚਰਿਆ ਕਰਦੇ ਸਨ।

ਕੰਬਲੀ ਨਾਲ ਇਕ ਰੌਚਿਕ ਨੈਤਿਕ ਕਥਾ ਜੁੜੀ ਹੋਈ ਹੈ। ਇਕ ਸ਼ਖ਼ਸ ਨੇ ਨਦੀ ਵਿਚ ਕਾਲੇ ਰੰਗ ਦੇ ਭੂਰੇ ਵਰਗੀ ਕੋਈ ਚੀਜ਼ ਰੁੜ੍ਹਦੀ ਵੇਖੀ। ਉਸ ਨੇ ਸੋਚਿਆ ਕਿ ਇਸ ਕੰਬਲੀ ਵਿਚ ਕੋਈ ਚੀਜ਼ ਬੰਨ੍ਹੀ ਹੋਣੀ ਹੈ ਅਤੇ ਨਦੀ ਵਿਚ ਛਾਲ ਮਾਰ ਕੇ ਉਸ ਨੂੰ ਜਾ ਫੜਿਆ। ਉਸ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਕਾਲਾ ਰਿੱਛ ਹੈ। ਸੋ ਉਹ ਉਸ ਨੂੰ ਛੱਡ ਕੇ ਪਿਛੇ ਮੁੜਨ ਲੱਗਾ, ਤਾਂ ਰਿੱਛ ਨੇ ਅੱਗੋਂ ਜੱਫਾ ਚਾੜ੍ਹ ਲਿਆ। ਕੰਢੇ ਉਤੇ ਖੜੇ ਦੋਸਤਾਂ ਨੇ ਉਸ ਸ਼ਖ਼ਸ ਨੂੰ ਔਕੜ ਵਿਚ ਫਸੇ ਵੇਖ ਕੇ ਕਿਹਾ ਕਿ ਉਹ ਕੰਬਲੀ ਨੂੰ ਛੱਡ ਦੇਵੇ ਤੇ ਖ਼ੁਦ ਤਰ ਕੇ ਬਾਹਰ ਆ ਜਾਵੇ। ਪਰ ਉਸ ਨੇ ਅੱਗੋਂ ਉੱਤਰ ਦਿਤਾ — "ਮੈਂ ਤਾਂ ਛੱਡਦਾ ਹਾਂ, ਕੰਬਲੀ ਮੈਨੂੰ ਨਹੀਂ ਛਡਦੀ।" ਇਹ ਕਹਾਵਤ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਲਈ ਜਦੋਂ ਅੱਗੋਂ ਬੰਦਾ ਮੁਸੀਬਤ ਵਿਚ ਫਸ ਜਾਵੇ, ਤਾਂ ਵਰਤੀ ਜਾਂਦੀ ਹੈ।

## (ਕ-125) ਕਬੂਤਰ :

ਕਬੂਤਰਾਂ ਬਾਰੇ ਕਾਫ਼ੀ ਸਾਰੀ ਲੋਕਧਾਰਾ ਪੰਜਾਬੀ ਵਿਚ ਉਪਲਬਧ ਹੈ। ਇਕ ਮਿੱਥੀ ਅਨੁਸਾਰ ਕਬੂਤਰ ਦੀ ਉਤਪਤੀ ਚਾਵਲਾਂ ਤੋਂ ਹੋਈ। ਪੂਰਵ-ਇਤਿਹਾਸਕ ਕਾਲ ਵਿਚ ਇਕ ਪਤੀਬ੍ਰਤ ਤੀਵੀਂ ਹਮੇਸ਼ਾਂ ਆਪਣੇ ਪਤੀ ਤੋਂ ਬਾਅਦ ਖਾਣਾ ਖਾਇਆ ਕਰਦੀ ਸੀ। ਇਕ ਵਾਰ ਉਹਦਾ ਪਤੀ ਸ਼ਾਮ ਤਕ ਘਰ ਨਾ ਪਰਤਿਆ। ਪਤਨੀ ਭੁਖ ਹਥੋਂ ਇਤਨੀ ਨਿਢਾਲ ਹੋ ਗਈ ਕਿ ਉਸ ਨੇ ਮਜਬੂਰ ਹੋ ਕੇ ਚਾਵਲਾਂ ਦਾ ਇਕ ਫੱਕਾ ਮਾਰ ਲਿਆ। ਅਚਨਚੇਤ ਉਪਰੋਂ ਉਸ ਦਾ ਪਤੀ ਆ ਗਿਆ। ਪਤਨੀ ਨੇ ਉਸੇ ਵੇਲੇ ਚਾਵਲ ਦਰਵਾਜ਼ੇ ਦੇ ਓਹਲੇ ਫੜ੍ਹਕਦੇ ਹੋਏ ਪ੍ਰਭੂ ਅੱਗੇ ਤਰਲਾ ਕੀਤਾ ਕਿ ਉਹ ਉਸ ਦੀ ਇੱਜ਼ਤ ਰਖੇ। ਦੇਵਨੇਤ ਉਹ ਚਾਵਲ ਚਿੱਟੇ ਕਬੂਤਰ ਬਣ ਕੇ ਉਡ ਗਏ।

ਹਜ਼ਰਤ ਨੂਹ ਦੇ ਸਮੇਂ ਤੋਂ ਕਬੂਤਰ ਮਨੁਖ ਨਾਲ ਦੋਸਤੀ ਪਾਲ ਰਹੇ ਹਨ। ਜਦੋਂ ਸੰਸਾਰ ਵਿਚ ਜਲ-ਪਰਲੋ ਆਈ ਸੀ, ਤਾਂ ਹਜ਼ਰਤ ਨੂਹ ਨੇ ਸੰਸਾਰ ਦੀ ਹਾਲਤ ਜਾਣਨ ਲਈ ਕਬੂਤਰਾਂ ਨੂੰ ਹੀ ਭੇਜਿਆ ਸੀ। ਈਸਾਈ ਤੇ ਇਸਲਾਮੀ ਪੁਰਾਣ-ਸ਼ਾਸਤਰ ਅਨੁਸਾਰ ਜਦੋਂ ਹੜ੍ਹ ਦਾ ਜ਼ੋਰ ਘਟਿਆ, ਤਾਂ ਹਜ਼ਰਤ ਨੂਹ ਨੇ ਪਹਿਲਾਂ ਕਾਂਵਾਂ ਨੂੰ ਭੇਜਿਆ, ਤਾਂ ਜੋ ਉਹ ਵੇਖ ਕੇ ਆਉਣ ਕਿ ਪਾਣੀ ਘਟਣ ਕਰ ਕੇ ਕਿਧਰੇ ਸੁਕੀ ਧਰਤੀ ਪ੍ਰਗਟ ਹੋਈ ਹੈ, ਪਰ ਕਾਂ ਪਾਣੀ ਉਪਰ ਤਰਦੀਆਂ ਲਾਸ਼ਾਂ ਨੂੰ ਖਾਣ ਵਿਚ ਇਤਨੇ ਰੁਝ ਗਏ ਕਿ ਉਹ ਵਾਪਿਸ ਹੀ ਨਾ ਆਏ। ਸੋ ਹਜ਼ਰਤ ਨੂਹ ਨੇ ਕਬੂਤਰਾਂ ਨੂੰ ਭੇਜਿਆ, ਜਿਨ੍ਹਾਂ ਨੇ ਆਪਣੇ ਫ਼ਰਜ਼ ਨੂੰ ਪੂਰੀ ਤਰ੍ਹਾਂ ਨਾਲ ਨਿਭਾਇਆ।

ਕਬੂਤਰ ਬੜਾ ਸਿਧਾ ਸਾਦਾ ਪੰਛੀ ਹੈ। ਇਸ ਦੇ ਸੁਭਾਅ ਬਾਰੇ ਰਵਾਇਤ ਹੈ ਕਿ ਕਬੂਤਰ ਬਿੱਲੀ ਨੂੰ ਵੇਖ ਕੇ ਅੱਖਾਂ ਮੀਟ ਲੈਂਦਾ ਹੈ। ਕਬੂਤਰ ਸਮਝਦਾ ਹੈ ਕਿ ਜੇ ਉਹ ਬਿੱਲੀ ਨੂੰ ਨਹੀਂ ਵੇਖ ਰਿਹਾ, ਤਾਂ ਉਸ ਨੂੰ ਬਿੱਲੀ ਵੀ ਨਹੀਂ ਵੇਖ ਰਹੀ। ਸੋ ਬਿੱਲੀ ਕਬੂਤਰ ਨੂੰ ਫੜ ਕੇ ਖਾ ਜਾਂਦੀ ਹੈ। ਇਸੇ ਤੋਂ ਮੁਹਾਵਰਾ ਹੈ — ਕਬੂਤਰ ਵਾਂਗ ਅੱਖਾਂ ਮੀਟ ਲੈਣੀਆਂ। ਕਬੂਤਰ ਬਾਰੇ ਕਈ ਨੀਤੀ ਕਥਾਵਾਂ ਵੀ ਪ੍ਰਚਲਤ ਹਨ। ਇਕ ਨੀਤੀ ਕਥਾ ਅਨੁਸਾਰ ਕਬੂਤਰਾਂ ਦੀ ਇਕ ਡਾਰ ਲਾਲਚ ਕਾਰਨ ਫੰਧਕ ਦੇ ਜਾਲ ਵਿਚ ਫਸ ਗਈ, ਪਰ ਮਗਰੋਂ ਏਕਾ ਕਰ ਕੇ ਸਾਰੇ ਕਬੂਤਰ ਜਾਲ ਸਮੇਤ ਉਡ ਗਏ ਅਤੇ ਚੂਹੇ ਤੋਂ ਜਾਲ ਕਟਵਾ ਕੇ ਮੁਕਤ ਹੋ ਗਏ।

ਸ਼ਾਹ ਬਹਿਰਾਮ ਦੇ ਕਿੱਸੇ ਦੀ ਨਾਇਕਾ ਹੁਸਨ ਬਾਨੋ ਕਬੂਤਰੀ ਦਾ ਰੂਪ ਧਾਰ ਕੇ ਉਡਿਆ ਕਰਦੀ ਸੀ ਅਤੇ ਇਸੇ ਰੂਪ ਵਿਚ ਉਹ ਸ਼ਾਹ ਬਹਿਰਾਮ ਨੂੰ ਢੂੰਡਣ ਲਈ ਨਿਕਲੀ ਸੀ।

ਕਬੂਤਰਾਂ ਨੂੰ ਪ੍ਰਾਣ-ਪਟੇ (Life Index) ਦੇ ਰੂਪ ਵਿਚ ਵੀ ਵਰਤਿਆ ਜਾਂਦਾ ਹੈ। ਕੋਈ ਦੇਵ ਜਾਂ ਜਿੰਨ ਆਪਣੇ ਪ੍ਰਾਣ ਕਬੂਤਰ ਵਿਚ ਦਾਖ਼ਲ ਕਰਕੇ ਉਸ ਕਬੂਤਰ ਨੂੰ ਕਿਸੇ ਸੁਰੱਖਿਅਤ ਥਾਂ ਛੁਪਾ ਦੇਂਦਾ ਹੈ। ਜਦੋਂ ਤਕ ਉਹ ਕਬੂਤਰ ਮਰਦਾ ਨਹੀਂ, ਉਦੋਂ ਤਕ ਦੇਵ ਜਾਂ ਜਿੰਨ ਦੇ ਪ੍ਰਾਣਾਂ ਨੂੰ ਕੋਈ ਡਰ ਨਹੀਂ ਹੁੰਦਾ।

ਕਬੂਤਰ ਕਈ ਕਿਸਮਾਂ ਦੇ ਹਨ। ਮਮੋਲਾ ਕਬੂਤਰ ਬੜਾ ਸ਼ੁਭ ਮੰਨਿਆ ਜਾਂਦਾ ਹੈ। ਇਸ ਕਬੂਤਰ ਦੇ ਦੋਵੇਂ ਪਰ ਇਕੋ ਰੰਗ ਦੇ ਹੁੰਦੇ ਹਨ। ਜੇ ਕੋਈ ਕੰਮ ਕਰਨ ਵੇਲੇ ਮਮੋਲਾ ਵਿਖਾਈ ਦੇ ਜਾਵੇ, ਤਾਂ ਕੰਮ ਵਿਚ ਬਰਕਤ ਪੈਂਦੀ ਹੈ। ਕਹਾਵਤ ਹੈ — 'ਮਮੋਲਾ ਆਇਆ, ਕੰਮ ਸਵਾਇਆ।' ਪਰ ਵਧੇਰੇ ਕਲਿਆਣੀ ਕਬੂਤਰ ਆਗਰਾ ਹੈ; ਜਿਸ ਦੇ ਜਿਸਮ ਦਾ ਰੰਗ ਲਾਲ, ਪਰ ਪੂਛਲ ਚਿੱਟੀ ਹੁੰਦੀ ਹੈ। ਇਹ ਕਬੂਤਰ ਧਨ ਦੌਲਤ ਦਾ ਵਾਹਣ ਮੰਨਿਆ ਜਾਂਦਾ ਹੈ। ਜਿਸ ਕੋਠੇ ਉਤੇ ਪੈਰ ਪਾ ਜਾਵੇ, ਵਲਾਂ ਛਲਾਂ ਹੋ ਜਾਂਦੀਆਂ ਹਨ।

ਕਾਂਕ ਕਬੂਤਰ, ਜੋ ਕਾਲੇ ਰੰਗ ਦਾ ਹੁੰਦਾ ਹੈ, ਕਾਲੀ ਖਾਂਸੀ ਲਈ ਵਰਤਿਆ ਜਾਂਦਾ ਹੈ। ਲੋਕ-ਚਿਕਿਤਸਾ ਅਨੁਸਾਰ ਕਾਂਕ ਕਬੂਤਰ ਦਾ ਮਾਸ ਖਾਣ ਨਾਲ ਕਾਲੀ ਖਾਂਸੀ ਹਟਾ ਹੋ ਜਾਂਦੀ ਹੈ।

ਕਬੂਤਰਾਂ ਨੂੰ ਪਾਲਣ ਦਾ ਰਵਾਜ ਹੈ। ਪਹਿਲਿਆਂ ਵਿਚ ਕਬੂਤਰਬਾਜ਼ੀ ਅਮੀਰਾਂ ਦਾ ਸ਼ੁਗਲ ਰਹੀ ਹੈ। ਪੁਰਾਣੇ ਵੇਲਿਆਂ ਵਿਚ ਕਬੂਤਰਾਂ ਤੋਂ ਚਿੱਠੀ ਪਤ੍ਰ ਅਤੇ ਸੰਦੇਸ਼ ਪਹੁੰਚਾਣ ਦਾ ਕੰਮ ਵੀ ਲਿਆ ਜਾਂਦਾ ਸੀ, ਜਿਸ ਦਾ ਹੁੰਗਾਰਾ ਸਾਡੇ ਲੋਕ-ਗੀਤ ਵੀ ਭਰਦੇ ਹਨ —

> ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ,
> ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ।

ਕਬੂਤਰ ਬੋਲੀਆਂ ਦਾ ਵੀ ਵਸਤੂ ਬਣਿਆ ਹੈ:

> ਮੁੰਡਾ ਵੇਖ ਕੇ ਕਬੂਤਰ ਵਰਗਾ,
> ਕੋਠੇ 'ਤੇ ਲਵਾ ਲਈ ਛਤਰੀ।

## (ਕ-126) ਕੰਬੋ :

ਪੰਜਾਬ ਦੀ ਇਕ ਕਾਸ਼ਤਕਾਰ ਜਾਤੀ, ਜੋ ਜ਼ਿਆਦਾਤਰ ਅੰਮ੍ਰਿਤਸਰ, ਫ਼ਿਰੋਜ਼ਪੁਰ ਅਤੇ ਜਲੰਧਰ ਦੇ ਜ਼ਿਲਿਆਂ ਵਿਚ ਮਿਲਦੀ ਹੈ। ਕੰਬੋ ਚੰਗੇ ਰਾਹਕ ਅਤੇ ਸੁਚੱਜੇ ਕਾਸ਼ਤਕਾਰ ਹਨ; ਨਾਲੇ ਮਿਹਨਤੀ ਅਤੇ ਸੰਜਮੀ ਵੀ। ਅਖਾਣ ਹੈ —

> ਕਾਂ ਕਿਰਾੜ ਕੰਬੋ ਕਬੀਲਾ ਪਾਲਦੇ,
> ਜੱਟ ਮਹਿਆਂ ਸੰਸਾਰ ਕਬੀਲਾ ਗਾਲਦੇ।

ਕੰਬੋ ਆਪਣਾ ਪਿੱਛਾ ਕੰਬੋਜ ਦੇਸ਼ ਨਾਲ ਜੋੜਦੇ ਹਨ, ਜੋ ਅਫ਼ਗਾਨਿਸਤਾਨ ਵਿਚ ਸਥਿਤ ਹੈ। ਉਥੇ ਅੱਜ ਵੀ ਪਠਾਣਾਂ ਵਿਚ ਕੰਬੋ ਜਾਤੀ ਦੇ

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਮਿਲਦੇ ਹਨ । ਕੰਬੋਜ ਦੇਸ਼ ਦੀ ਰਾਜਧਾਨੀ ਗ਼ਜ਼ਨੀ ਸੀ । ਰਵਾਇਤ ਹੈ ਕਿ ਮਹਾਂਭਾਰਤ ਦੇ ਕਾਲ ਵਿਚ, ਕੰਬੋਆਂ ਦੇ ਵਡਿਕੇ ਕੁਰਖੇਤਰ ਦੇ ਯੁਧ ਵਿਚ ਕੌਰਵਾਂ ਦੀ ਸਹਾਇਤਾ ਕਰਨ ਲਈ, ਅਫ਼ਗਾਨਿਸਤਾਨ ਤੋਂ ਭਾਰਤ ਆਏ ਸਨ ਅਤੇ ਹਮੇਸ਼ਾਂ ਲਈ ਇਥੇ ਹੀ ਆਬਾਦ ਹੋ ਗਏ। ਕੰਬੋਆਂ ਦੇ ਅਸਲੇ ਬਾਰੇ ਵਿਭਿੰਨ ਰਵਾਇਤਾਂ, ਗਲਾਸਰੀ (2,444) ਵਿਚ, ਵੇਰਵੇ ਨਾਲ ਦਰਜ ਮਿਲਦੀਆਂ ਹਨ ।

ਫਲੌਰ ਦੇ ਕੰਬੋ ਸੂਰਜਬੰਸੀ ਰਾਜਪੂਤ ਹੋਣ ਦਾ ਦਾਅਵਾ ਕਰਦੇ ਹਨ । ਉਨ੍ਹਾਂ ਦਾ ਕਥਨ ਹੈ ਕਿ ਉਹ ਹਮਾਯੂੰ ਦੇ ਰਾਜ ਵੇਲੇ ਕਾਮਰੂਪ ਤੋਂ ਦਿੱਲੀ ਆ ਕੇ ਵਸੇ। ਮਗਰੋਂ ਉਨ੍ਹਾਂ ਦਾ ਇਕ ਵਡਿਕਾ ਬੋਧ ਰਾਏ ਲਾਹੌਰ ਜਾ ਵਸਿਆ ਅਤੇ ਇਕ ਹੋਰ ਬਜ਼ੁਰਗ ਦਾਲ ਰਾਏ ਪਰਿਵਾਰ ਸਮੇਤ ਜਲੰਧਰ ਜਾ ਆਬਾਦ ਹੋਇਆ । ਉਨ੍ਹਾਂ ਦੀ ਹੀ ਔਲਾਦ ਅੱਗੋਂ ਵਧੀ ਫੁਲੀ ਅਤੇ ਫੈਲੀ ।

ਕੰਬੋ ਜਨੇਊ ਨਹੀਂ ਪਹਿਨਦੇ ਤੇ ਨਾ ਹੀ ਸੁੱਚੇ ਚੌਂਕੇ ਦਾ ਭਰਮ ਕਰਦੇ ਹਨ । ਮੁਸਲਮਾਨਾਂ ਦੀਆਂ ਤੀਵੀਆਂ ਵਾਂਗ ਇਨ੍ਹਾਂ ਵਿਚ ਵੀ ਨੱਥ ਪਹਿਨਣ ਦਾ ਰਵਾਜ ਨਹੀਂ । ਕੰਬੋਆਂ ਵਿਚ ਵਿਧਵਾ ਦੇ ਪੁਨਰ ਵਿਆਹ ਦੀ ਖੁਲ੍ਹ ਹੈ। ਕੁਝ ਕੰਬੋਆਂ ਵਿਚ ਦੁਸਹਿਰੇ ਵਾਲੇ ਦਿਨ ਔਜ਼ਾਰਾਂ ਨੂੰ ਪੂਜਣ ਦੀ ਪ੍ਰਥਾ ਹੈ । ਸੰਦਾਂ ਦਾ ਉਹ ਇਤਨਾ ਮਾਣ ਕਰਦੇ ਹਨ ਕਿ ਵਿਆਹ ਦੇ ਮੌਕੇ ਉਤੇ ਸੰਦ ਪਹਿਨਣੇ ਸ਼ਗਨ ਮੰਨਿਆ ਜਾਂਦਾ ਹੈ। ਵਿਆਹ ਵੇਲੇ ਜੰਡੀ ਵਢਣ ਅਤੇ ਬਕਰੇ ਦੀ ਬਲੀ ਦੇਣ ਦੀ ਰੀਤ ਪ੍ਰਚਲਤ ਹੈ। ਗੋਤਾਚਾਰ ਵੇਲੇ ਕੰਬੋਆਂ ਦੇ ਪ੍ਰੋਹਿਤ ਆਪਣਾ ਮੂਲ ਅਸਥਾਨ ਗੜ ਗ਼ਜ਼ਨੀ ਦਸਦੇ ਹਨ । ਕੰਬੋਆਂ ਦੀਆਂ ਬਹੁਤ ਸਾਰੀਆਂ ਗੋਤਾਂ ਬ੍ਰਾਹਮਣਾਂ ਤੇ ਖਤਰੀਆਂ ਨਾਲ ਮਿਲਦੀਆਂ ਹਨ । 'ਧਤ' ਗੋਤ ਦੇ ਹਿੰਦੂ ਕੰਬੋ ਢਾਕ ਦੇ ਦਰੱਖ਼ਤ ਹੇਠ ਮੁੰਡਨ ਕਰਦੇ ਹਨ ।

ਹਿੰਦੂ ਸਿੱਖ ਕੰਬੋ ਮਾਂ ਪਿਉ ਤੇ ਦਾਦੀ ਦੀਆਂ ਤਿੰਨਾਂ ਗੋਤਾਂ ਵਿਚ ਵਿਆਹ ਨਹੀਂ ਕਰਦੇ । ਪਰ ਮੁਸਲਮਾਨਾਂ ਵਿਚ ਕੇਵਲ ਇਕੋ ਗੋਤ ਵਰਜਨ ਹਨ। ਮੁਸਲਮਾਨਾਂ ਵਿਚ ਕੰਬੋਆਂ ਦੇ ਦੋ ਸਮੂਹ ਹਨ — ਇਕ ਬਾਵਲ ਗੋਤੀ, ਦੂਜੇ ਚੌਰਾਸੀ ਗੋਤੀ। ਇਹ ਦੋਵੇਂ ਸ਼੍ਰੇਣੀਆਂ ਆਪਸ ਵਿਚ ਵਿਆਹ ਨਹੀਂ ਕਰਦੀਆਂ ।

ਦੇਸ਼ ਵੰਡ ਤੋਂ ਪਹਿਲਾਂ ਮਿੰਟਗੁਮਰੀ ਦੇ ਕੰਬੋ, ਜੋ ਜ਼ਿਆਦਾਤਰ ਹਿੰਦੂ ਸਨ, ਆਪਣੇ ਇਕ ਵਡਿਕੇ ਭੂਮਨ ਸ਼ਾਹ ਨੂੰ ਪਤਿਆਂਦੇ ਸਨ । ਇਹ ਉਦਾਸੀ ਫਕੀਰ ਸੀ ਤੇ ਦਿਪਾਲਪੁਰ ਤਹਿਸੀਲ ਵਿਚ ਇਸ ਦੇ ਨਾਂ ਉਤੇ ਇਕ ਪਿੰਡ ਵੀ ਵਸਿਆ ਹੋਇਆ ਹੈ । ਗਲਾਸਰੀ (2, 444–445) ਅਨੁਸਾਰ ਭੂਮਨ ਸ਼ਾਹ 1687–1756 ਈ: ਵਿਚ ਹੋਇਆ ।

(ਕ-127) **ਕੰਬੋਜ ਦੇਸ਼** :

ਪੰਜਾਬ ਦੇ ਇਕ ਪ੍ਰਸਿਧ ਕਬੀਲੇ ਕੰਬੋਆਂ ਦਾ ਮੂਲ ਦੇਸ਼ । ਰਵਾਇਤਾਂ ਅਨੁਸਾਰ ਕੰਬੋ ਜਾਤੀ ਦੇ ਲੋਕ ਮਹਾਂਭਾਰਤ ਦੇ ਯੁਧ ਸਮੇਂ ਕੰਬੋਜ ਦੇਸ਼ ਵਿਚੋਂ ਪੰਜਾਬ ਆ ਕੇ ਵਸੇ ਸਨ (ਵੇਖੋ : ਕੰਬੋ) ।

ਕੰਬੋਜ ਦੇਸ਼ ਦੀ ਭੂਗੋਲਿਕ ਸਥਿਤੀ ਬਾਰੇ ਵਿਦਵਾਨ ਇਕ ਮੱਤ ਨਹੀਂ । ਆਮ ਪ੍ਰਵਾਣਿਤ ਮੱਤ ਅਨੁਸਾਰ ਕੰਬੋਜ ਅਫ਼ਗਾਨਿਸਤਾਨ ਵਿਚ ਹਿੰਦੂਕਸ਼ ਪਹਾੜ ਦੇ ਕੋਲ ਗੰਧਾਰ ਦੇ ਨੇੜੇ ਸਥਿਤ ਹੈ । ਪ੍ਰਾਚੀਨ ਸੰਸਕ੍ਰਿਤ ਅਤੇ ਪਾਲੀ ਗ੍ਰੰਥਾਂ ਵਿਚ ਕੰਬੋਜ ਤੇ ਗੰਧਾਰ ਦਾ ਨਾਂ ਨਾਲੋ ਨਾਲ ਆਉਂਦਾ ਹੈ । ਯਾਸਕ ਦੇ ਨਿਰੁਕਤ ਅਨੁਸਾਰ ਕੰਬੋਜ ਦੇ ਕੰਬਲ ਬੜੇ ਪ੍ਰਸਿਧ ਸਨ। ਯਾਸਕ ਅਨੁਸਾਰ ਤਾਂ ਕੰਬੋਜ ਸ਼ਬਦ ਕੰਬਲ ਦਾ ਹੀ ਵਿਕ੍ਰਤ ਰੂਪ ਹੈ ।

ਬਾਲਮੀਕੀ ਰਾਮਾਇਣ ਵਿਚ ਕੰਬੋਜ ਦਾ ਵਾਲਹੀਕ ਤੇ ਵਨਾਯੂ ਜਨਪਦ ਦੇ ਨਾਲ ਵਰਣਨ ਆਉਂਦਾ ਹੈ । ਇਥੋਂ ਦੇ ਕਾਲੇ ਘੋੜੇ ਬੜੇ ਪ੍ਰਸਿਧ ਸਨ, ਜੋ ਅਜੁਧਿਆ ਵਿਚ ਵਰਤੋਂ ਲਈ ਲਿਆਏ ਜਾਂਦੇ । ਮਹਾਂਭਾਰਤ ਵਿਚ ਅਰਜਨ ਦੀ ਦਿਗ-ਵਿਜੈ ਦੇ ਪ੍ਰਸੰਗ ਵਿਚ ਕੰਬੋਜ ਦਾ ਜ਼ਿਕਰ ਹੈ। ਮਹਾਂਭਾਰਤ ਦੇ ਯੁਧ ਵਿਚ ਕੰਬੋਜਾਂ ਨੇ ਕੌਰਵਾਂ ਦਾ ਸਾਥ ਦਿਤਾ ਸੀ । ਮਹਾਂਭਾਰਤ ਵਿਚ ਕੰਬੋਜ ਦੇਸ਼ ਦੇ ਇਕ ਨਗਰ ਰਾਜਪੁਰ ਦਾ ਵੀ ਉਲੇਖ ਹੈ, ਜਿਸ ਨੂੰ ਕਰਣ ਨੇ ਜਿਤਿਆ ਸੀ। ਕਨਿੰਘਮ ਨੇ 'ਏਸ਼ੀਆਟਕ ਜਿਉਗਰਾਫ਼ੀ ਆਫ਼ ਇੰਡੀਆ' (142) ਵਿਚ ਰਾਜਪੁਰ ਦਾ ਏਕੀਕਰਣ ਪੁਣਛ ਦੇ ਲਾਗੇ ਰਾਜੌਰੀ ਨਗਰ ਨਾਲ ਕੀਤਾ ਹੈ । ਪਾਣਨੀ ਦੀ 'ਅਸ਼ਟਧਿਆਈ' ਤੇ ਪਤੰਜਲੀ ਦੇ 'ਮਹਾਭਾਸ' ਵਿਚ ਵੀ ਕੰਬੋਜ ਦੇਸ਼ ਦਾ ਵਰਣਨ ਮਿਲਦਾ ਹੈ। ਪਾਣਨੀ ਕੰਬੋਜ ਨਾਲ ਲਗਦੇ ਕਿਸੇ ਖੇਤਰ ਦਾ ਵਾਸੀ ਮੰਨਿਆ ਗਿਆ ਹੈ ।

ਜਾਪਦਾ ਹੈ ਕਿ ਸਿਕੰਦਰ ਦੇ ਹੱਲੇ ਵੇਲੇ ਕੰਬੋਜ ਦੇਸ਼ ਦੀ ਸੀਮਾ ਕਾਫ਼ੀ ਫੈਲੀ ਹੋਈ ਸੀ ਅਤੇ ਇਸ ਦੇ ਅੰਤਰਗਤ ਉਰਸਾ (ਜ਼ਿਲਾ ਹਜ਼ਾਰਾ) ਅਤੇ ਅਭੀਸਾਰ (ਜ਼ਿਲਾ ਪੁਣਛ) ਦੇ ਛੋਟੇ ਛੋਟੇ ਰਾਜ ਸ਼ਾਮਲ ਸਨ ।

ਇਕ ਹੋਰ ਧਾਰਨਾ ਅਨੁਸਾਰ ਗੰਧਾਰਾ, ਕਾਪਿਸਾ, ਬਾਲਹੀਕਾ ਤੇ ਕੰਬੋਜ ਆਦਿ ਸਥਾਨ ਸਿੰਧ ਦਰਿਆ ਤੋਂ ਪਾਰਲੇ ਇਲਾਕੇ ਵਿਚ ਹਨ । ਗੰਧਾਰਾ ਜਨਪਦ ਦੀ ਸੀਮਾ ਦੱਖਣ ਵਿਚ ਕਾਬਲ ਤਕ ਸੀ ਅਤੇ ਪੂਰਬ ਵਿਚ ਇਹ ਦੇਸ਼ ਤਖਸ਼ਿਲਾ ਤੋਂ ਕੁਨਾਰ ਦਰਿਆ ਤਕ ਫੈਲਿਆ ਹੋਇਆ ਸੀ। ਕਾਪਿਸਾ ਦਾ ਸਬੰਧ ਕਾਫ਼ਰਸਤਾਨ ਨਾਲ ਜੋੜਿਆ ਜਾਂਦਾ ਹੈ, ਜੋ ਕੁਨਾਰ ਦਰਿਆ ਅਤੇ ਹਿੰਦੂਕੁਸ਼ ਵਿਚ ਸਥਿਤ ਹੈ । ਹਿੰਦੂਕੁਸ਼ ਤੋਂ ਪਾਰ ਬਾਲਹੀਕਾ ਸੀ । Rhys. Davids ਅਨੁਸਾਰ ਕੰਬੋਜ ਦੇਸ਼ ਉਤਲੇਰੀ ਆਕਸਸ ਘਾਟੀ ਵਿਚ ਸਥਿਤ ਸੀ (Ethnic Settl ment in Ancient India, 1,133) ।

ਮਹਾਂਭਾਰਤ ਤੋਂ ਸੰਕੇਤ ਮਿਲਦਾ ਹੈ ਕਿ ਕੰਬੋਜ ਦੇਸ਼ ਦੇ ਲੋਕਾਂ ਦੇ ਰੀਤ ਰਵਾਜ ਅਨਾਰੀਆ ਵਾਲੇ ਸਨ । ਭੀਸ਼ਮ ਕਾਂਡ (9,65) ਵਿਚ ਕੰਬੋਜ ਦੇ ਵਾਸੀਆਂ ਨੂੰ ਮਲੇਛ ਦਸਿਆ ਗਿਆ ਹੈ । ਮਨੂ ਨੇ ਕੰਬੋਜਾਂ ਨੂੰ ਦਸਯੂ ਕਿਹਾ ਹੈ ਅਤੇ ਉਨ੍ਹਾਂ ਨੂੰ ਮਲੇਛ ਭਾਸ਼ਾ ਬੋਲਣ ਵਾਲੀ ਜਾਤੀ ਮੰਨਿਆ ਹੈ (ਮਨੋਸਿਮਰਤੀ 10,44) । ਯਾਸਕ ਨੇ ਵੀ ਨਿਰੁਕਤ ਵਿਚ ਇਨ੍ਹਾਂ ਦੀ ਅਨਾਰੀਆ ਰੀਤਾਂ ਰਸਮਾਂ ਤੇ ਭਾਸ਼ਾ ਵਲ ਸੰਕੇਤ ਕੀਤਾ ਹੈ, ਪਰ ਇਸ ਗੱਲ ਦੇ ਵੀ, ਗ੍ਰੰਥਾਂ ਵਿਚ ਪ੍ਰਮਾਣ ਮਿਲਦੇ ਹਨ ਕਿ ਇਥੇ ਆਰੀਆ ਜਾਤੀ ਦੇ ਲੋਕ ਵੀ ਵਸਦੇ ਸਨ ਅਤੇ ਆਰੀਆ ਸੰਸਕ੍ਰਿਤੀ ਵਿਦਮਾਨ ਸੀ ।

(ਕ-128) **ਕੰਮ ਸੌਂਪਣੇ** :

ਲੋਕ-ਕਹਾਣੀਆਂ ਦੀ ਇਕ ਵਿਸ਼ੇਸ਼ ਕਥਾਨਿਕ ਰੂੜ੍ਹੀ, ਜੋ ਸਾਰੇ ਸੰਸਾਰ ਵਿਚ ਅਨੇਕਾਂ ਰੂਪਾਂ ਵਿਚ ਪ੍ਰਚਲਤ ਹੈ । ਕਈ ਵਾਰ ਕੋਈ ਰੂਪਮਤੀ ਉਸ ਸ਼ਖ਼ਸ ਨਾਲ ਹੀ ਵਿਆਹ ਕਰਵਾਣਾ ਚਾਹੁੰਦੀ ਹੈ, ਜੋ ਉਹਦੇ ਸੌਂਪੇ ਹੋਏ ਕੰਮ ਪੂਰਨ ਵਿਧੀ ਨਾਲ ਕਰ ਸਕੇ । ਇਹ ਕੰਮ ਬੜੇ ਕਠਨ ਤੇ ਜਾਨ ਜੋਖੋਂ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਕਰਨ ਲਈ ਕਈ ਗਭਰੂ ਪਹਿਲਾਂ ਅਸਫਲ ਹੋ ਕੇ ਭਟਕ ਗਏ ਜਾਂ ਆਪਣੀਆਂ ਜਾਨਾਂ ਗੰਵਾ ਚੁਕੇ ਹੁੰਦੇ ਹਨ । ਇਕ ਰਾਜਕੁਮਾਰੀ ਕੇਵਲ ਉਸ ਸ਼ਖ਼ਸ ਨਾਲ ਵਿਆਹ ਕਰਨਾ ਚਾਹੁੰਦੀ ਸੀ, ਜਿਹੜਾ ਦੁਨੀਆਂ ਦੀ ਸਭ ਤੋਂ ਅਦਭੁਤ ਚੀਜ਼ ਉਸ ਨੂੰ ਭੇਟ ਕਰੇ । ਇਕ ਰਾਜੇ ਦੇ ਤਿੰਨੋਂ ਲੜਕੇ ਅਜਿਹੀ ਅਦਭੁਤ ਚੀਜ਼ ਪ੍ਰਾਪਤ ਕਰਨ ਲਈ ਦੂਰ ਦੁਰਾਡੇ ਦੇਸਾਂ ਵਿਚ ਜਾਂਦੇ ਹਨ । ਸਮਾਂ ਸਾਲ ਦਾ ਮਿਥਿਆ ਗਿਆ ਹੈ । ਉਨ੍ਹਾਂ ਵਿਚੋਂ ਇਕ ਰਾਜਕੁਮਾਰ ਅਜਿਹਾ ਅਦਭੁਤ ਸ਼ੀਸ਼ਾ ਲਿਆਂਦਾ ਹੈ,ਜਿਸਦੇ ਸਾਹਮਣੇ ਖਲੋ ਕੇ, ਜਿਸ ਪ੍ਰਾਣੀ ਨੂੰ ਯਾਦ ਕਰੋ, ਉਹ ਜਿਸ ਵੀ ਅਵਸਥਾ ਵਿਚ ਹੋਵੇ, ਸ਼ੀਸ਼ੇ ਵਿਚ ਵਿਖਾਈ ਦੇਂਦਾ ਹੈ। ਦੂਜਾ ਰਾਜਕੁਮਾਰ ਉਸ ਕੰਨਿਆਂ ਲਈ ਇਕ ਸੰਜੀਵਨੀ ਅਨਾਰ ਲਿਆਂਦਾ ਹੈ, ਜਿਸ ਦੇ ਦਾਣੇ ਸਭ ਰੋਗਾਂ ਲਈ ਅਕਸੀਰ ਹਨ । ਦਾਣੇ ਕਢਣ ਮਗਰੋਂ, ਉਹ ਅਨਾਰ ਫਿਰ ਪਹਿਲਾਂ ਵਾਂਗ ਸਾਬਤ ਸਬੂਤ ਹੋ ਜਾਂਦਾ ਹੈ । ਤੀਜਾ ਰਾਜਕੁਮਾਰ ਇਕ ਅਜਿਹੀ ਅਦਭੁਤ ਦਰੀ ਖ਼ਰੀਦਦਾ ਹੈ, ਜਿਸ ਉਤੇ ਬੈਠ ਕੇ ਵਰ੍ਹਿਆਂ ਦਾ ਪੰਧ ਪਲਾਂ ਛਿਣਾਂ ਵਿਚ ਤੈਅ ਹੋ

Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ ਅਤੇ ਉਹ ਉਡਣ ਖਟੋਲੇ ਵਾਂਗ ਹਵਾ ਵਿਚ ਉਡ ਸਕਦੀ ਸੀ। ਤਿੰਨੋਂ ਰਾਜਕੁਮਾਰ ਇਹ ਵਸਤਾਂ ਪ੍ਰਾਪਤ ਕਰ ਕੇ ਮਿਥੀ ਹੋਈ ਥਾਂ ਉਤੇ ਪਹੁੰਚਦੇ ਹਨ। ਸ਼ੀਸ਼ੇ ਦਾ ਕਮਾਲ ਅਜ਼ਮਾਣ ਲਈ ਉਹ ਉਸ ਨੂੰ ਸਾਹਮਣੇ ਰਖ ਕੇ ਰਾਜਕੁਮਾਰੀ ਵਲ ਧਿਆਨ ਕਰਦੇ ਹਨ। ਰਾਜਕੁਮਾਰੀ ਦੀ ਅਵਸਥਾ ਸ਼ੀਸ਼ੇ ਵਿਚ ਆ ਜਾਂਦੀ ਹੈ। ਉਹ ਮੰਜੇ ਉਤੇ ਬੀਮਾਰ ਪਈ ਤੜਪ ਰਹੀ ਹੈ। ਹਕੀਮਾਂ ਨੇ ਜਵਾਬ ਦੇ ਦਿਤਾ ਹੈ। ਇਹ ਵੇਖ ਤਿੰਨੋਂ ਘਬਰਾ ਜਾਂਦੇ ਹਨ ਅਤੇ ਤੀਜੇ ਰਾਜਕੁਮਾਰ ਦੀ ਦਰੀ ਉਤੇ ਬੈਠ ਕੇ ਉਹ ਛਿਣਾਂ ਵਿਚ ਰਾਜਕੁਮਾਰੀ ਦੇ ਮਹਿਲ ਵਿਚ ਪਹੁੰਚਦੇ ਹਨ। ਉਥੇ ਦੂਜਾ ਰਾਜਕੁਮਾਰ ਅਨਾਰ ਦੇ ਦਾਣੇ ਖਵਾ ਕੇ ਰਾਜ ਕੁਮਾਰੀ ਨੂੰ ਨਵਾਂ ਨਰੋਆ ਕਰ ਦਿੰਦਾ ਹੈ। ਤਿੰਨੋਂ ਚੀਜ਼ਾਂ ਇਕੋ ਜਿਹੀਆਂ ਅਦਭੁਤ ਸਿਧ ਹੁੰਦੀਆਂ ਹਨ ਤੇ ਰਾਜਕੁਮਾਰੀ ਫ਼ੈਸਲਾ ਨਹੀਂ ਕਰ ਸਕਦੀ ਕਿ ਉਹ ਕਿਸ ਨਾਲ ਵਿਆਹ ਕਰਵਾਏ।

ਇਸੇ ਤਰ੍ਹਾਂ ਹਾਤਮ ਤਾਈ ਦੇ ਕਿੱਸੇ ਵਿਚ ਹੁਸਨ ਬਾਨੋ ਨੇ ਇਹ ਸ਼ਰਤ ਰਖੀ ਸੀ ਕਿ ਉਹ ਉਸ ਸ਼ਖ਼ਸ ਨਾਲ ਹੀ ਵਿਆਹ ਕਰਵਾਏਗੀ, ਜਿਹੜਾ ਉਸ ਨੂੰ ਸੱਤਾਂ ਚੀਜ਼ਾਂ ਦੀ ਅਸਲੀਅਤ ਦਾ ਪਤਾ ਲਗਾ ਕੇ ਦੇਵੇਗਾ। ਪਹਿਲੀ ਗੱਲ ਇਹ ਕਿ ਕਿਸੇ ਉਜਾੜ ਵਿਚ ਰੱਬ ਦਾ ਬੰਦਾ ਵਿਆਕੁਲ ਹੋਇਆ ਫਿਰਦਾ ਹੈ। ਉਸ ਨੇ ਕੋਈ ਚੀਜ਼ ਵੇਖੀ ਹੈ, ਜਿਸ ਨੂੰ ਉਹ ਦੁਬਾਰਾ ਵੇਖਣ ਲਈ ਭਟਕ ਰਿਹਾ ਹੈ। ਉਹ ਸ਼ਖ਼ਸ ਕੌਣ ਹੈ ਅਤੇ ਉਸ ਨੇ ਕੀ ਵੇਖਿਆ ਸੀ ? ਇਸੇ ਤਰ੍ਹਾਂ ਦੇ ਬਾਕੀ ਦੇ ਛੇ ਕੰਮ ਹਨ (ਵੇਖੋ : ਹਾਤਮ ਤਾਈ)। ਇਨ੍ਹਾਂ ਸੁਆਲਾਂ ਦਾ ਜੁਆਬ ਜਾਣਨ ਲਈ ਹਾਤਮ ਤਾਈ ਨੂੰ ਬੜੇ ਜਫਰ ਜਾਲਣੇ ਪਏ ਅਤੇ ਉਸ ਨਾਲ ਬੜੀਆਂ ਅਦਭੁਤ, ਵਚਿਤ੍ਰ ਤੇ ਰੌਚਿਕ ਘਟਨਾਵਾਂ ਵਾਪਰੀਆਂ। ਇਥੋਂ ਤਕ ਕਿ ਇਕ ਬਘਿਆੜ ਤੋਂ ਹਿਰਨੀ ਦੀ ਰੱਖਿਆ ਕਰਨ ਲਈ ਹਾਤਮ ਤਾਈ ਨੂੰ ਆਪਣੇ ਪੱਟ ਵਿਚੋਂ ਮਾਸ ਕਢ ਕੇ ਖਾਣ ਲਈ ਦੇਣਾ ਪਿਆ। ਇਕ ਰਿਛ-ਸ਼ਹਿਜ਼ਾਦੀ ਨਾਲ, ਜੋ ਹਾਤਮ ਤਾਈ ਉਤੇ ਮੋਹਿਤ ਹੋ ਗਈ ਸੀ, ਵਿਆਹ ਕਰਨਾ ਪਿਆ, ਪਰ ਅਖ਼ੀਰ ਉਸ ਨੇ ਸਤੇ ਸੌਂਪੇ ਕੰਮ ਕਰ ਵਿਖਾਏ। ਇਸੇ ਤਰ੍ਹਾਂ ਅਲਾਦੀਨ ਨੂੰ ਬਾਦਸ਼ਾਹ ਦੀ ਲੜਕੀ ਬਦਰ-ਉਲ-ਬਜ਼ਰ ਨਾਲ ਵਿਆਹ ਕਰਵਾਣ ਲਈ ਇਕ ਰਾਤ ਵਿਚ ਆਲੀਸ਼ਾਨ ਮਹਿਲ ਉਸਾਰਨਾ ਸੀ, ਜੋ ਉਸ ਨੇ ਚਿਰਾਗ਼ ਦੇ ਦੇਉ ਦੀ ਮਦਦ ਨਾਲ ਸਿਰੇ ਚਾੜ੍ਹਿਆ (ਵੇਖੋ : ਅਲਾਦੀਨ)।

ਪ੍ਰੀਤ ਕਥਾਵਾਂ ਵਿਚ ਵੀ ਨਾਇਕਾ ਨਾਲ ਵਿਆਹ ਕਰਵਾਣ ਲਈ ਨਾਇਕ ਨੂੰ ਬੜੇ ਕਠਨ ਕੰਮ ਕਰਨੇ ਪਏ ਹਨ। ਫ਼ਰਹਾਦ ਨੂੰ ਸ਼ੀਰੀਂ ਦੀ ਖ਼ਾਤਰ ਪਹਾੜ ਕਟ ਕੇ ਦਰਿਆ ਦਾ ਪਾਣੀ ਸ਼ੀਰੀਂ ਦੇ ਮਹਿਲ ਤਕ ਪਹੁੰਚਾਣਾ ਪਿਆ। ਸੋਹਣੀ ਬਾਰੇ ਰਵਾਇਤ ਹੈ ਕਿ ਤੁੱਲੇ ਘੁੰਮਿਆਰ ਨੇ ਸ਼ਰਤ ਰਖੀ ਸੀ ਕਿ ਜਿਹੜਾ ਕਾਗ਼ਜ਼ ਦੇ ਬਰਾਬਰ ਦੇ ਭਾਰ ਦਾ ਭਾਂਡਾ ਬਣਾ ਕੇ ਵਿਖਾਏਗਾ, ਉਸ ਨਾਲ ਉਹ ਸੋਹਣੀ ਦਾ ਵਿਆਹ ਕਰੇਗਾ। ਮਹੀਂਵਾਲ ਨੇ ਇਸ ਕੰਮ ਲਈ ਵਰ੍ਹੇ ਦੀ ਮੋਹਲਤ ਮੰਗੀ ਅਤੇ ਉਸ ਨੇ ਚਕ ਉਤੇ ਭਾਂਡੇ ਘੜਨ ਦੀ ਕਲਾ ਸਿਖਣੀ ਸ਼ੁਰੂ ਕੀਤੀ, ਪਰ ਤੁੱਲੇ ਨੇ ਬਰਾਦਰੀ ਦੇ ਕਹਿਣ 'ਤੇ ਸੋਹਣੀ ਦਾ ਵਿਆਹ ਪਹਿਲਾਂ ਹੀ ਕਰ ਦਿਤਾ।

ਇਸ ਕਥਾਨਿਕ ਰੂੜ੍ਹੀ ਦੀ ਪਰੰਪਰਾ ਬੜੀ ਪ੍ਰਾਚੀਨ ਹੈ ਅਤੇ ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਵਿਚ ਆਮ ਵੇਖੀ ਜਾ ਸਕਦੀ ਹੈ। ਸ੍ਰੀ ਰਾਮ ਚੰਦਰ ਨੂੰ ਸੀਤਾ ਨਾਲ ਸਵੰਬਰ ਕਰਨ ਲਈ ਸ਼ਿਵ ਦਾ ਧਨੁਖ ਤੋੜਨਾ ਪਿਆ। ਦਰੋਪਤੀ ਨੂੰ ਵਿਆਹੁਣ ਲਈ ਅਰਜਨ ਨੂੰ ਬਾਂਸ ਉਪਰ ਲਟਕੀ ਮੱਛੀ ਦੀ ਅੱਖ ਦਾ ਪਰਛਾਵਾਂ,ਹੇਠਾਂ ਤੇਲ ਦੇ ਪਏ ਕੜਾਹੇ ਵਿਚੋਂ ਵੇਖ ਕੇ ਨਿਸ਼ਾਨਾ ਫੁੰਡਣਾ ਪਿਆ ਸੀ।

ਕਈ ਵਾਰ ਇਹ ਕੰਮ ਰਾਹ ਵਿਚ ਪਾਈ ਰੁਕਾਵਟ ਨੂੰ ਦੂਰ ਕਰਨ ਲਈ ਕਰਨੇ ਪੈਂਦੇ ਹਨ। ਜਦੋਂ ਰਾਜਾ ਰਸਾਲੂ ਸਿਰਕਪ ਨਾਲ ਚੌਪੜ ਖੇਡਣ ਲਈ ਜਾ ਰਿਹਾ ਸੀ, ਤਾਂ ਜੋ ਉਸ ਉਤੇ ਵਿਜੈ ਪ੍ਰਾਪਤ ਕਰ ਕੇ ਉਹਦੇ ਅੱਤਿਆਚਾਰਾਂ ਦਾ ਖ਼ਾਤਮਾ ਕਰ ਸਕੇ, ਤਾਂ ਸਿਰਕਪ ਦੀ ਕੰਨਿਆਂ ਕੋਕੁੰਭੀ ਨੇ ਉਸ ਨੂੰ ਰਸਤੇ ਵਿਚ ਰੋਕ ਲਿਆ ਤੇ ਆਪਣੇ ਹੱਥਾਂ ਵਿਚ ਫੜੀ ਬਾਜਰੇ ਦੇ ਦਾਣੇ ਰੇਤ ਵਿਚ ਬਿਖੇਰ ਦਿਤੇ ਤੇ ਕਹਿਣ ਲੱਗੀ ਕਿ ਜਦੋਂ ਤਕ ਰਸਾਲੂ ਇਹ ਬਾਜਰੇ ਦੇ ਦਾਣੇ ਰੇਤ ਵਿਚੋਂ ਅਲੱਗ ਕਰ ਕੇ ਉਹਦੀ ਪੱਛੀ ਪੂਰੀ ਨਹੀਂ ਭਰ ਦਿੰਦਾ, ਉਹ ਅਗੇਰੇ ਨਹੀਂ ਜਾ ਸਕਦਾ। ਪਰ ਇਹ ਕੰਮ ਰਸਾਲੂ ਨੇ ਇਕ ਤ੍ਰਿਡੇ ਦੀ ਮਦਦ ਨਾਲ ਕੀਤਾ, ਜਿਸ ਦੀ ਜਾਨ ਰਸਾਲੂ ਨੇ ਅੱਗ ਵਿਚੋਂ ਬਚਾਈ ਸੀ ਤੇ ਜਿਸ ਨੇ ਉਸ ਨੂੰ ਆਪਣੀ ਮੁੱਛ ਦਾ ਵਾਲ ਦੇ ਕੇ ਕਿਹਾ ਸੀ ਕਿ ਜਦੋਂ ਲੋੜ ਪਏ ਇਸ ਮੁੱਛ ਨੂੰ ਧੁਖਾ ਦੇਣਾ। ਸੋ ਵਾਲ ਧੁਖਾਣ ਤੇ ਤ੍ਰਿਡਾ ਲਸ਼ਕਰ ਸਮੇਤ ਹਾਜ਼ਰ ਹੋਇਆ ਅਤੇ ਉਹਦੀ ਮਦਦ ਨਾਲ ਰਸਾਲੂ ਨੇ ਰੇਤ ਨਾਲੋਂ ਬਾਜਰਾ ਨਿਖੇੜਿਆ। ਇਸੇ ਤਰ੍ਹਾਂ ਦੀ ਇਕ ਕਹਾਣੀ ਵਿਚ ਨਾਇਕ ਕੀੜੀਆਂ ਦੇ ਲਸ਼ਕਰ ਦੀ ਮਦਦ ਨਾਲ ਰੇਤ ਵਿਚੋਂ ਖੰਡ ਨਿਖੇੜਦਾ ਹੈ ਅਤੇ ਇਕ ਹੋਰ ਕਥਾ ਵਿਚ, ਹੰਸਾਂ ਦੀ ਮਦਦ ਨਾਲ, ਦੁਧ ਨਾਲੋਂ ਪਾਣੀ ਵੱਖ ਕਰਦਾ ਹੈ। ਇਹ ਕੰਮ ਕਰਨ ਮਗਰੋਂ ਹੀ ਨਾਇਕ ਅੱਗੇ ਜਾ ਸਕਦਾ ਹੈ।

ਕਈ ਵਾਰ ਕਈ ਕੰਮ ਆਪਣੀ ਇੱਛਾ ਨਾਲ ਹੀ ਕੀਤੇ ਜਾਂਦੇ ਹਨ, ਜਿਵੇਂ ਫੂਲਾਂ ਰਾਣੀ ਨੂੰ ਪ੍ਰਾਪਤ ਕਰਨ ਲਈ ਕਿਸੇ ਨਾਇਕ ਦਾ ਸੱਤਾਂ ਸਮੁੰਦਰਾਂ, ਫਿਰ ਸੱਤਾਂ ਖਾਈਆਂ ਅਤੇ ਫਿਰ ਸੱਤਾਂ ਪਹਾੜਾਂ ਅਤੇ ਅਖ਼ੀਰ ਵਿਚ ਨੇਜ਼ਿਆਂ, ਤਲਵਾਰਾਂ, ਛੁਰਿਆਂ, ਸੂਈਆਂ ਆਦਿ ਨਾਲ ਬੀੜੇ ਸੱਤਾਂ ਖੇਤਾਂ ਵਿਚੋਂ ਲੰਘ ਕੇ ਫੂਲਾਂ ਰਾਣੀ ਤਕ ਪਹੁੰਚਣਾ। ਜਾਂ ਫਿਰ ਖ਼ੁਸ਼ਹਾਲੀ ਤੇ ਸਮ੍ਰਿਧੀ ਲਈ ਇਕ ਰਾਜਕੁਮਾਰ ਦਾ ਸੋਨੇ ਦੀ ਚਿੜੀ ਦੀ ਭਾਲ ਵਿਚ ਸ੍ਵੈ-ਇੱਛਾ ਨਾਲ ਨਿਕਲਣਾ, ਪਰ ਇਹ 'ਖੋਜ ਕੱਢਣ' ਦੀ ਰੂੜ੍ਹੀ ਉਪ੍ਰੋਕਤ ਰੂੜ੍ਹੀ ਨਾਲੋਂ ਵੱਖਰੀ ਹੈ।

**(ਕ-129) ਕਮਰ :**

ਮੁਸਲਮਾਨਾਂ ਵਿਚ ਦੂਜ ਦੇ ਚੰਨ ਨੂੰ ਹਲਾਲ ਕਹਿੰਦੇ ਹਨ, ਤੀਜ ਅਤੇ ਬਾਅਦ ਦੀਆਂ ਤਿਥਾਂ ਦੇ ਚੰਨ ਨੂੰ ਕਮਰ ਕਿਹਾ ਜਾਂਦਾ ਹੈ।

**(ਕ-130) ਕਮਰੀ ਵਰ੍ਹਾ :**

ਚੰਦਰ ਵਰ੍ਹਾ; ਉਹ ਵਰ੍ਹਾ, ਜਿਸ ਦੇ ਦਿਨਾਂ ਦੇ ਹਿਸਾਬ ਚੰਦਰਮੇ ਦੀ ਗਤੀ ਅਨੁਕੂਲ ਹੋਣ, ਇਹ ਮਹੀਨਾ ਏਕਮ ਤਿਥ ਤੋਂ ਲੈ ਕੇ ਅਗਲੀ ਅਮਾਵਸ ਤਕ ਹੁੰਦਾ ਹੈ ਅਤੇ ਸਾਲ 354 ਦਿਨ, 8 ਘੰਟੇ, 48 ਮਿੰਟ ਅਤੇ 34 ਸਕਿੰਟਾਂ ਦਾ ਹੋਣ ਕਰਕੇ ਸੂਰਜੀ ਵਰ੍ਹੇ ਨਾਲੋਂ 11 ਕੁ ਦਿਨ ਪਿਛੇ ਸਰਕਦਾ ਜਾਂਦਾ ਹੈ (ਵੇਖੋ : ਚੰਦਰ ਮਾਸ)। ਮੁਸਲਮਾਨਾਂ ਦਾ ਹਿਜਰੀ ਸੰਮਤ ਕਮਰੀ ਹੈ, ਇਸੇ ਲਈ ਰਮਜ਼ਾਨ ਦੇ ਰੋਜ਼ੇ ਕਦੇ ਸਰਦੀਆਂ ਵਿਚ ਪੈਂਦੇ ਹਨ, ਕਦੇ ਗਰਮੀਆਂ ਵਿਚ (ਵੇਖੋ : ਹਿਜਰੀ ਸੰਮਤ)।

**(ਕ-131) ਕਮਲ :**

(ਵੇਖੋ : ਕੰਵਲ)।

**(ਕ-132) ਕਮਲਾ :**

ਲਖਸ਼ਮੀ ਦੇਵੀ ਦਾ ਇਕ ਨਾਉਂ; ਰਾਮਾਇਣ ਅਨੁਸਾਰ ਜਦੋਂ ਦੇਵਤਿਆਂ ਨੇ ਰਾਖਸ਼ਾਂ ਨਾਲ ਰਲ ਕੇ ਸਮੁੰਦਰ ਨੂੰ ਮਥਿਆ, ਤਾਂ ਲਖਸ਼ਮੀ ਦੇਵੀ ਪੂਰਣ ਸੁੰਦਰਤਾ ਦੀ ਮੂਰਤ ਬਣੀ, ਹੱਥਾਂ ਵਿਚ ਕੰਵਲ ਫੁੱਲ ਲੈ ਕੇ ਸਮੁੰਦਰ ਦੀ ਤਹਿ ਵਿਚੋਂ ਪ੍ਰਗਟ ਹੋਈ। ਇਕ ਹੋਰ ਕਥਾ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਸਮੇਂ ਲਖਸ਼ਮੀ ਜਲ ਦੇ ਅਥਾਹ ਪ੍ਰਵਾਹ ਉਤੇ ਕੰਵਲ ਫੁੱਲ ਉਤੇ ਤਰਦੀ ਹੋਈ ਪ੍ਰਗਟ ਹੋਈ। ਇਸੇ ਤਰ੍ਹਾਂ ਜਦੋਂ ਵਿਸ਼ਨੂੰ ਨੇ ਵਾਮਨ ਅਵਤਾਰ ਧਾਰਨ ਕੀਤਾ, ਤਾਂ ਲਖਸ਼ਮੀ ਕਮਲ ਵਿਚੋਂ ਉਦੈ ਹੋਈ। ਕੰਵਲ ਨਾਲ ਸਬੰਧਿਤ ਹੋਣ ਕਰ ਕੇ ਉਸਨੂੰ ਕਮਲਾ ਕਿਹਾ ਜਾਣ ਲੱਗਾ (ਵੇਖੋ : ਲਛਮੀ)।

Sri Satguru Jagjit Singh Ji eLibrary NamdhariElibrary@gmail.com

**(ਕ-133) ਕਮਾਦ :**

ਗੰਨੇ ਦੀ ਫ਼ਸਲ; ਇਹ ਫ਼ਸਲ ਅਨਾਜ, ਕਪਾਹ ਤੇ ਸਰਹੋਂ ਦੀ ਫ਼ਸਲ ਵਾਂਗ ਹੀ ਵਡਮੁੱਲੀ ਹੈ, ਕਿਉਂ ਜੋ ਇਹ ਖਾਣ ਲਈ ਗੁੜ ਦੇਂਦੀ ਹੈ। ਗੁੜ ਨਾ ਸਿਰਫ਼ ਪੰਜਾਬੀਆਂ ਦੀ ਖ਼ੁਰਾਕ ਦਾ ਹੀ ਹਿੱਸਾ ਹੈ, ਸਗੋਂ ਰੀਤਾਂ ਵੇਲੇ ਭਾਜੀ ਜਾਂ ਪ੍ਰਸ਼ਾਦਿ ਵਜੋਂ ਵੀ ਵੰਡਿਆ ਜਾਂਦਾ ਹੈ। ਕਮਾਦ ਦੀ ਉਤਪਤੀ ਬਾਰੇ ਇਕ ਮਿੱਥੀ ਇਉਂ ਪ੍ਰਚਲਤ ਹੈ — ਜਦੋਂ ਦਖਸ਼ ਨੇ ਸ਼ਿਵਜੀ ਦਾ ਅਪਮਾਨ ਕਰਦੇ ਹੋਏ, ਉਸ ਨੂੰ ਯੱਗ ਵਿਚ ਨਾ ਬੁਲਾਇਆ, ਤਾਂ ਸਤੀ ਨੇ ਰੋਸ ਵਜੋਂ ਯੱਗ ਵਿਚ ਛਾਲ ਮਾਰ ਕੇ ਪ੍ਰਾਣ ਤਿਆਗ ਦਿਤੇ। ਉਦੋਂ ਸ਼ਿਵਜੀ ਨੇ ਸਤੀ ਨੂੰ ਮੋਢਿਆਂ ਉਤੇ ਚੁਕ ਕੇ ਤਾਂਡਵ ਨਾਚ ਨਚਿਆ ਤੇ ਸਤੀ ਦੇ ਭਿੰਨ ਭਿੰਨ ਅੰਗ ਵਖੋ ਵਖ ਥਾਵਾਂ ਉਤੇ ਜਾ ਡਿਗੇ। ਜਲੰਧਰ ਵਿਚ ਸਤੀ ਦੀ ਦੁਧੀ ਡਿਗੀ ਅਤੇ ਜਿਥੇ ਦੁਧ ਦੀ ਬੂੰਦ ਪਈ, ਉਥੋਂ ਧਰਤੀ ਵਿਚ ਇਕ ਗੰਨਾ ਪੈਦਾ ਹੋਇਆ। ਦੇਵੀ ਦੇ ਦੁਧ ਵਿਚੋਂ ਨਿੰਮਿਆ ਹੋਣ ਕਾਰਨ ਗੰਨੇ ਵਿਚ ਸੰਸਾਰ ਦੀਆਂ ਸਭ ਵਸਤੂਆਂ ਨਾਲੋਂ ਵਧੇਰੇ ਮਿਠਾਸ ਹੈ।

ਕਮਾਦ ਦੀ ਬੀਜਾਈ ਵੇਲੇ ਉਪਜਾਇਕਤਾ ਵਧਾਣ ਲਈ ਕਈ ਰੀਤਾਂ ਕੀਤੀਆਂ ਜਾਂਦੀਆਂ ਹਨ। ਇਕ ਲੰਮਾ ਸਾਰਾ ਗੰਨਾ ਲੈ ਕੇ ਉਸ ਦੇ ਉਪਰਲੇ ਗੱਠ ਵਿਚ ਕਜਲੇ ਨਾਲ ਨਕ, ਕੰਨ, ਅੱਖਾਂ ਤੇ ਮੂੰਹ ਬਣਾਇਆ ਜਾਂਦਾ ਹੈ। ਫਿਰ ਬਾਕੀ ਹਿੱਸੇ ਉਤੇ ਸੰਧੂਰ ਧੂੜ ਕੇ ਉਸ ਨੂੰ ਖੇਤ ਵਿਚ ਗਡ ਦਿਤਾ ਜਾਂਦਾ ਹੈ। ਤੀਵੀਆਂ ਹਾਰ ਸ਼ਿੰਗਾਰ ਕਰ ਕੇ ਉਹਦੇ ਸਾਹਮਣੇ ਨਚਦੀਆਂ ਅਤੇ ਗਾਉਂਦੀਆਂ ਹਨ। ਇਸ ਉਪਰੰਤ ਉਸ ਗੰਨੇ ਨੂੰ ਪੂਜ ਕੇ ਗੁੜ ਭੇਟ ਕੀਤਾ ਜਾਂਦਾ ਹੈ, ਜੋ ਬਾਅਦ ਵਿਚ ਉਥੇ ਬੈਠੀ ਸੰਗਤ ਵਿਚ ਵੰਡ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਗੰਨਾ ਮਿੱਠਾ ਤੇ ਲੰਮਾ ਹੁੰਦਾ ਹੈ। ਇਹ ਰੀਤ ਆਮ ਤੌਰ 'ਤੇ ਉਨ੍ਹਾਂ ਦਿਨਾਂ ਵਿਚ ਕੀਤੀ ਜਾਂਦੀ ਹੈ, ਜਦੋਂ ਚੰਦਰਮਾ ਵਧ ਰਿਹਾ ਹੋਵੇ, ਕਿਉਂ ਜੋ ਧਾਰਨਾ ਹੈ ਕਿ ਚੰਦਰਮਾ ਫਲਾਂ ਵਿਚ ਰਸ ਭਰਦਾ ਹੈ, ਇਸ ਲਈ ਚਾਨਣੇ ਪੱਖ ਵਿਚ ਰੀਤ ਕਰਨ ਨਾਲ ਗੰਨੇ ਵਿਚ ਰਸ ਜ਼ਿਆਦਾ ਪੈਦਾ ਹੁੰਦਾ ਹੈ। ਅਜਿਹੇ ਮੌਕੇ 'ਤੇ ਗੀਤ ਵੀ ਗਾਏ ਜਾਂਦੇ ਹਨ —

ਅਸਾਂ ਗੰਨੇ 'ਤੇ ਧੂੜਿਆ ਸੰਧੂਰ ਨੀ,
ਨੀ ਇਹ ਮਿਠੜਾ ਮੋਤੀਚੂਰ ਨੀ,
ਕਿ ਮੈਂ ਬਲਿਹਾਰੀ, ਅੱਲਾ ਦੀਆਂ ਰੱਖਾਂ।
ਨੀ ਇਹਦੀਆਂ ਲੰਮੀਆਂ ਪਾਂਦਾਂ ਮਿਠੀਆਂ।
ਨਾ ਪਹਿਲਾਂ ਚੂਪੀਆਂ, ਨਾ ਪਹਿਲਾਂ ਡਿਠੀਆਂ।
ਅੱਲਾ ਦੀ ਰਹਿਮਤ; ਮੈਂ ਬਲਿਹਾਰੀ।

ਕਮਾਦ ਦੀ ਬਿਜਾਈ ਤੇ ਕੀੜਾ ਲਗਣ ਬਾਰੇ ਕੁਝ ਅਖਾਣ ਵੀ ਪ੍ਰਚਲਤ ਹਨ :—

(ੳ) ਕਣਕ ਕਮਾਦੀ ਸੰਘਣੀ, ਡੱਡ ਟਪੋਸੀ ਕੰਗਣੀ,
ਡਾਂਗੋ ਡਾਂਗ ਕਪਾਹ,
ਲੇਫ ਦੀ ਬੁਕਲ ਮਾਰ ਕੇ,
ਛਲੀਆਂ ਵਿਚ ਦੀ ਜਾਹ।

(ਅ) ਕਮਾਦੀ ਨੂੰ ਜਾਂ ਪੈ ਗਿਆ ਪਾਲਾ,
ਸ਼ਾਹਾਂ ਕਢ ਲਿਆ ਦੀਵਾਲਾ
ਜਟ ਜਾ ਕੇ ਮੰਗਦਾ ਹਾਲਾ
ਖਤਰੀ ਕਰਦਾ ਟਾਲ ਮਟਾਲਾ।

(ੲ) ਗਧੀ ਵਾਲੀ ਕਮਾਦੀ ਨਾਲੋਂ ਚੰਗਾ ਹੈ ਸਿਰਵਾੜ
ਫੂਕਨ ਦੇ ਕੰਮ ਆਉਂਦਾ,
ਕਾਨਿਆਂ ਦੀ ਹੋਇ ਵਾੜ।

**(ਕ-134) ਕਮਾਲਦੀ ਮੋਜਦੀ :**

ਆਦਿ ਗ੍ਰੰਥ ਦੀਆਂ ਨੌਂ ਵਾਰਾਂ ਉਤੇ ਜਿਨ੍ਹਾਂ ਲੋਕ-ਵਾਰਾਂ ਦੀਆਂ ਧੁਨੀਆਂ ਚੜ੍ਹੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਇਕ ਵਾਰ ਕਮਾਲਦੀ ਮੋਜਦੀ ਦੀ ਹੈ। ਅਕਬਰ ਦੇ ਰਾਜ ਵੇਲੇ ਇਹ ਵਾਰ ਬੜੀ ਪ੍ਰਸਿਧ ਹੋਈ।

ਰਾਏ ਕਮਾਲਦੀਨ ਅਤੇ ਰਾਏ ਸਾਰੰਗ ਦੋਵੇਂ ਰਾਜਪੂਤ ਭਰਾ ਸਨ। ਇਹ ਦੋਵੇਂ ਤਲਵੰਡੀ ਦੇ ਹਾਕਮ ਸਨ ਅਤੇ ਅਕਬਰ ਨੂੰ ਕਰ ਭਰਿਆ ਕਰਦੇ ਸਨ। ਕਮਾਲਦੀਨ ਸਾਰੰਗ ਤੋਂ ਛੁਟਕਾਰਾ ਪਾ ਕੇ ਖ਼ੁਦ ਸਾਰਾ ਰਾਜ ਭਾਗ ਸੰਭਾਲਣ ਦੀ ਇੱਛਾ ਰਖਦਾ ਸੀ। ਉਸ ਨੇ ਅਕਬਰ ਦੇ ਕੰਨ ਭਰ ਕੇ ਸਾਰੰਗ ਉਤੇ ਬਗ਼ਾਵਤ ਦੀ ਤੋਹਮਤ ਲਗਾ ਕੇ, ਉਸ ਨੂੰ ਕੈਦ ਕਰਵਾ ਦਿਤਾ, ਪਰ ਸਾਰੰਗ ਦੇ ਇਕ ਦੋਸਤ ਨੇ ਅਕਬਰ ਨੂੰ ਅਸਲੀਅਤ ਦਸ ਕੇ ਸਾਰੰਗ ਦੀ ਬੰਦਖਲਾਸੀ ਕਰਵਾ ਦਿਤੀ ਅਤੇ ਸਾਰੰਗ ਦਾ ਮਾਣ ਮਰਤਬਾ ਵਧਾਣ ਲਈ, ਉਸ ਨੂੰ ਸ਼ਾਹੀ ਸਿਰੋਪਾ ਵੀ ਦਿਵਾ ਦਿਤਾ।

ਰਾਏ ਕਮਾਲਦੀਨ ਆਪਣੇ ਭਰਾ ਸਾਰੰਗ ਨੂੰ ਮਾਰਨ ਦੀਆਂ ਸਾਜ਼ਸ਼ਾਂ ਘੜਦਾ ਰਿਹਾ ਅਤੇ ਅਖ਼ੀਰ ਉਹ ਉਸ ਨੂੰ ਸ਼ਰਾਬ ਵਿਚ ਜ਼ਹਿਰ ਪਿਲਾ ਕੇ ਮਾਰਨ ਵਿਚ ਕਾਮਯਾਬ ਹੋ ਗਿਆ। ਸਾਰੰਗ ਦੀ ਮੌਤ ਤੋਂ ਬਾਅਦ ਕਮਾਲਦੀਨ ਨੇ ਉਸ ਦੀ ਪਤਨੀ ਅਤੇ ਲੜਕੇ ਮੋਜਦੀ (ਮੁਅੱਜ਼ੁਦੀਨ) ਨੂੰ ਇਲਾਕੇ ਵਿਚੋਂ ਬਦਰ ਕਰਵਾ ਦਿਤਾ। ਜਾਣ ਵੇਲੇ ਸਾਰੰਗ ਦੀ ਪਤਨੀ ਨੇ ਆਪਣੇ ਪੁਤਰ ਰਣਧੀਰ (ਮੋਜਦੀ ਦਾ ਨਾਨਕਾ ਨਾਂ) ਨੂੰ ਨਾਨਕਿਆਂ ਕੋਲ ਭੇਜ ਦਿਤਾ। ਜਦੋਂ ਉਹ ਜਵਾਨ ਹੋਇਆ, ਤਾਂ ਨਾਨਕਿਆਂ ਦੇ ਕਬੀਲੇ ਦੀ ਮਦਦ ਨਾਲ ਉਸ ਨੇ ਕਮਾਲਦੀ ਨਾਲ ਯੁਧ ਕੀਤਾ ਅਤੇ ਆਪਣੇ ਦਾਦੇ ਦਾ ਰਾਜ ਮੁੜ ਪ੍ਰਾਪਤ ਕਰ ਲਿਆ। ਢਾਡੀਆਂ ਨੇ ਇਸ ਯੁਧ ਬਾਰੇ ਵਾਰ ਜੋੜੀ, ਜਿਸ ਦਾ ਇਕ ਅੱਧ ਬੰਦ ਹੀ ਹੁਣ ਉਪਲਬਧ ਹੈ :—

ਰਾਣਾ ਰਾਇ ਕਮਾਲਦੀ ਰਣ ਭਾਰਾ ਬਾਹੀ।
ਮੋਜੂਦੀਨ ਤਲਵੰਡੀਉਂ ਚੜ੍ਹਿਆ ਸਾਬਾਹੀ।
ਢਾਲੀ ਅੰਬਰ ਛਇਆ ਵਾਂਗ ਫੂਲੀ ਅੱਕ ਕਾਹੀ।
ਜੁਟੇ ਆਹਮੋ ਸਾਮ੍ਹਣੇ, ਨੇਜੇ ਝਲਕਾਹੀ।
ਮੋਜੇ ਘਰ ਵਧਾਈਆਂ ਘਰ ਚਾਚੇ ਧਾਹੀਂ।

ਇਸ ਵਾਰ ਦੀ ਧੁਨੀ ਗਉੜੀ ਕੀ ਵਾਰ ਮਹਲਾ ੫ ਉਪਰ ਚੜ੍ਹੀ ਮਿਲਦੀ ਹੈ (ਵੇਖੋ : ਲੋਕ-ਵਾਰਾਂ)।

**(ਕ-135) ਕਮਾਲੀਆ ਅਤੇ ਜਲਾਲੀਆ :**

ਰੋਸ਼ਨੀਆ ਫ਼ਿਰਕੇ ਦੇ ਮੋਢੀ ਪੀਰ ਰੋਸ਼ਨ ਦੇ ਦੋ ਪੁਤਰ, ਜਿਨ੍ਹਾਂ ਦੇ ਪੂਰੇ ਨਾਉਂ ਕਮਾਲ ਉੱਦ ਦੀਨ ਤੇ ਜਮਾਲ ਉੱਦ ਦੀਨ ਸਨ। ਇਨ੍ਹਾਂ ਦੋਹਾਂ ਭਰਾਵਾਂ ਦੇ ਨਾਵਾਂ ਉਤੇ ਹੀ ਅਟਕ ਦਰਿਆ ਦੇ ਕੰਢੇ ਦੀਆਂ ਦੋ ਆਹਮੋ ਸਾਹਮਣੀਆਂ ਚੱਟਾਨਾਂ ਦੇ ਨਾਉਂ ਕਮਾਲੀਆ ਅਤੇ ਜਲਾਲੀਆ ਰਖੇ ਗਏ। ਅਟਕ ਦਰਿਆ ਵਿਚ, ਜਿਥੇ ਕਾਬਲ ਦਰਿਆ ਆ ਕੇ ਮਿਲਦਾ ਹੈ, ਉਸ ਸੰਗਮ ਤੋਂ ਰਤਾ ਕੁ ਹੇਠਾਂ ਵਲ, ਸੱਜੇ ਕੰਢੇ ਉਤੇ, ਕਮਾਲੀਆ ਤੇ ਜਲਾਲੀਆ ਨਾਂ ਦੀਆਂ ਦੋ ਕਾਲੀਆਂ ਚੱਟਾਨਾਂ ਹਨ, ਜਿਨ੍ਹਾਂ ਬਾਰੇ ਇਕ ਵਚਿਤ੍ਰ ਦੰਦ-ਕਥਾ ਹੈ, ਜੋ ਅਟਕ ਗਜ਼ਟੀਅਰ (ਪੰਨਾ 316) ਅਤੇ ਮੁਹੰਮਦ ਲਤੀਫ਼ ਦੇ 'ਪੰਜਾਬ ਦਾ ਇਤਿਹਾਸ' (ਪੰਨਾ 36) ਵਿਚ ਦਰਜ ਮਿਲਦੀ ਹੈ। ਮੁਹੰਮਦ ਲਤੀਫ਼ ਲਿਖਦਾ ਹੈ — "ਸੋਲ੍ਹਵੀਂ ਸਦੀ ਦੇ ਮਧ ਵਿਚ ਮੁਸਲਮਾਨਾਂ ਦੇ ਰੋਸ਼ਨਾਈ ਫ਼ਿਰਕੇ ਦਾ ਮੁਢ ਪੀਰ ਰੋਸ਼ਨ ਨੇ ਬੱਧਾ ਸੀ। ਇਸ ਪੀਰ ਦੇ ਘਰ ਦੋ ਪੁਤਰ ਕਮਾਲ ਉੱਦ ਦੀਨ ਤੇ ਜਮਾਲ ਉੱਦ ਦੀਨ ਹੋਏ। ਇਨ੍ਹਾਂ ਦੋਹਾਂ ਭਰਾਵਾਂ ਦੇ ਨਾਂ ਉਤੇ ਹੀ ਇਨ੍ਹਾਂ ਦੋਹਾਂ ਕਾਲੀਆਂ ਚੱਟਾਨਾਂ ਦੇ ਨਾਂ ਕਮਾਲੀਆ ਤੇ ਜਮਾਲੀਆ ਪੈ ਗਿਆ। ਇਨ੍ਹਾਂ ਦੋਹਾਂ ਭਰਾਵਾਂ ਨੂੰ ਸ਼ਹਿਨਸ਼ਾਹ ਅਕਬਰ ਦੇ ਹੁਕਮ ਨਾਲ ਇਹਨਾਂ ਚੱਟਾਨਾਂ ਦੇ ਸਿਖਰ ਤੋਂ ਹੇਠਾਂ ਦਰਿਆ ਵਿਚ ਸੁਟਿਆ ਗਿਆ ਸੀ। ਇਸ ਫ਼ਿਰਕੇ ਦਾ ਇਹ ਈਮਾਨ ਸੀ ਕਿ ਸਿਵਾਏ ਪ੍ਰਮਾਤਮਾ ਦੇ ਕੋਈ ਹੋਰ ਸ਼ੈ ਸਥਾਈ ਨਹੀਂ ਤੇ ਪ੍ਰਮਾਤਮਾ ਦੀ ਪੂਜਾ ਵੀ ਜ਼ਰੂਰੀ ਨਹੀਂ। ਉਹ ਕੁਰਾਨ ਨੂੰ ਨਹੀਂ ਸਨ ਮੰਨਦੇ ਤੇ ਨਾ ਹੀ ਉਸ ਵਿਚ ਦਸੇ ਦੀਨ ਉਤੇ ਈਮਾਨ ਲਿਆਉਂਦੇ ਸਨ। ਕਿਉਂਕਿ ਰੋਸ਼ਨੀਆਂ ਰਵਾਇਤਾਂ ਦੇ ਇਹਨਾਂ ਦੋਹਾਂ ਹਾਮੀਆਂ ਨੇ ਕਈ ਪ੍ਰਾਣੀਆਂ ਨੂੰ ਗ਼ਲਤ ਰਾਹੇ ਪਾਇਆ, ਇਸ ਲਈ ਸ਼ਰਈ ਮੁਸਲਮਾਨਾਂ ਨੇ ਇਹਨਾਂ ਚੱਟਾਨਾਂ ਦੇ ਨਾਂ ਉਨ੍ਹਾਂ ਦੇ ਨਾਵਾਂ ਉਤੇ ਰਖ ਦਿਤੇ ਅਤੇ ਇਹ ਰਖੇ ਇਸ ਲਈ, ਕਿਉਂਕਿ ਆਪਣੀ ਖ਼ਤਰੇ ਭਰਪੂਰ ਸਥਿਤੀ ਕਾਰਨ, ਤੇ ਆਪਣੀਆਂ ਘੁੰਮਣ ਘੇਰੀਆਂ ਨਾਲ, ਇਨ੍ਹਾਂ ਚੱਟਾਨਾਂ ਨੇ,

Sri Satguru Jagjit Singh Ji eLibrary NamdhariElibrary@gmail.com

ਅਨੇਕਾਂ ਇਨਸਾਨਾਂ ਦੀਆਂ ਜਾਨਾਂ ਲਈਆਂ ਸਨ।''

ਅਟਕ ਗਜ਼ਟੀਅਰ ਅਨੁਸਾਰ ਇਨ੍ਹਾਂ ਚੱਟਾਨਾਂ ਉਤੇ ਦੋਹਾਂ ਭਰਾਵਾਂ ਨੂੰ ਇਸ ਲਈ ਪਟਕਾ ਕੇ ਮਾਰਿਆ ਗਿਆ ਕਿ ਉਹ ਆਪਣੇ ਪਿਉ ਦੇ ਕੁਫ਼ਰ ਦੇ ਸਮਰਥਕ ਸਨ।

(ਕ-136) **ਕੰਮੀ ਕਮੀਨ :**
ਨੀਵੀਆਂ ਜਾਤਾਂ ਦੇ ਲੋਕ, ਜਿਨ੍ਹਾਂ ਕੋਲ ਵਾਹੀ ਖੇਤੀ ਲਈ ਆਪਣੀ ਭੋਇੰ ਨਹੀਂ ਹੁੰਦੀ ਅਤੇ ਜੋ ਜ਼ਿਮੀਂਦਾਰਾਂ ਅਥਵਾ ਭੋਇੰ ਵਾਲਿਆਂ ਦੇ ਕੰਮੀ ਬਣ ਕੇ ਆਪਣਾ ਨਿਰਬਾਹ ਤੋਰਦੇ ਹਨ। ਜ਼ਰੂਰੀ ਨਹੀਂ ਕਿ ਸਭ ਕੰਮੀਆਂ ਕੋਲ ਜ਼ਮੀਨ ਨਾ ਹੋਵੇ। ਕਈ ਕੰਮੀਆਂ ਨੂੰ ਜ਼ਿਮੀਂਦਾਰਾਂ ਤੋਂ ਸੇਵਾ ਬਦਲੇ ਕੁਝ ਜ਼ਮੀਨ ਮਿਲੀ ਹੁੰਦੀ ਹੈ, ਜੋ ਪੀੜੀ ਦਰ ਪੀੜੀ ਅੱਗੇ ਤੁਰਦੀ ਜਾਂਦੀ ਹੈ। ਪਰ ਇਹ ਭੋਇੰ ਇਤਨੀ ਥੋੜੀ ਹੁੰਦੀ ਹੈ ਕਿ ਉਨ੍ਹਾਂ ਨੂੰ ਆਪਣਾ ਗੁਜ਼ਾਰਾ ਤੋਰਨ ਲਈ ਜ਼ਿਮੀਂਦਾਰਾਂ ਕੋਲ ਕੰਮੀ ਬਣ ਕੇ ਰਹਿਣਾ ਪੈਂਦਾ ਹੈ।

ਕੰਮੀ ਕਈ ਜਾਤਾਂ ਵਿਚ ਵੰਡੇ ਹੋਏ ਹਨ। ਜਿਵੇਂ ਕਿ ਨਾਈ, ਘੁੰਮਿਆਰ, ਤਰਖਾਣ, ਲੁਹਾਰ, ਝੀਵਰ, ਮੋਚੀ। ਇਨ੍ਹਾਂ ਦਾ ਕਿੱਤਾ ਪੀੜੀ ਦਰ ਪੀੜੀ ਪਿਤਾ ਪੁਰਖੀ ਚਲਿਆ ਆ ਰਿਹਾ ਹੈ। ਅਜ਼ਾਦੀ ਮਗਰੋਂ ਸਿਖਸ਼ਾ ਸਦਕਾ ਲੋਕਾਂ ਵਿਚ ਨਵੀਂ ਚੇਤਨਾ ਉਭਰੀ ਹੈ, ਜਿਸ ਕਰ ਕੇ ਅਨੇਕਾਂ ਕੰਮੀਆਂ ਨੇ ਪਿਤਾ ਪੁਰਖੀ ਕਿੱਤੇ ਤਿਆਗ ਕੇ, ਆਰਥਿਕ ਤੌਰ 'ਤੇ ਵਧੇਰੇ ਲਾਭਵੰਦੇ ਕਿੱਤੇ ਅਪਣਾ ਲਏ ਹਨ।

ਪਛਮੀ ਪੰਜਾਬ (ਪਾਕਿਸਤਾਨ) ਵਿਚ ਕੰਮੀ ਅਤੇ ਜ਼ਿਮੀਂਦਾਰ ਭਾਵੇਂ ਵਖੋ ਵਖਰੀਆਂ ਜਾਤ ਬਰਾਦਰੀਆਂ ਨਾਲ ਸਬੰਧਿਤ ਹਨ, ਪਰ ਮੁਸਲਮਾਨਾਂ ਵਿਚ ਜਾਤ ਭੇਤ ਨਾ ਹੋਣ ਕਰ ਕੇ ਕੰਮੀ ਕਮੀਨ ਅਤੇ ਜ਼ਿਮੀਂਦਾਰ ਇਕੋ ਘੜੇ ਵਿਚੋਂ ਪਾਣੀ ਪੀ ਲੈਂਦੇ ਅਤੇ ਇਕੱਠੇ ਬੈਠ ਕੇ ਇਕੋ ਹੁੱਕੇ ਵਿਚੋਂ ਘੁਟ ਭਰ ਲੈਂਦੇ ਹਨ, ਪਰ ਪੂਰਬੀ ਪੰਜਾਬ ਵਿਚ ਸਥਿਤੀ ਇਸ ਦੇ ਐਨ ਉਲਟ ਰਹੀ ਹੈ। ਭੋਇੰ ਦੇ ਮਾਲਕਾਂ ਵਿਚ ਜਾਤੀ ਅਭਿਮਾਨ ਹੈ ਅਤੇ ਬਹੁਤੇ ਕੰਮੀ ਕਮੀਣ ਪਛੜੀਆਂ ਜਾਤਾਂ ਵਿਚੋਂ ਹੋਣ ਕਰ ਕੇ, ਇਨ੍ਹਾਂ ਨਾਲ ਭੋਇੰ ਵਾਲੇ ਜ਼ਿਮੀਂਦਾਰਾਂ ਦੀ ਖਾਣ ਪੀਣ ਤੇ ਵਰਤਣ ਦੀ ਸਾਂਝ ਨਹੀਂ। ਵੈਸੇ ਹੁਣ ਨਵੀਂ ਸਮਾਜਿਕ ਚੇਤਨਾ ਦੇ ਅਧੀਨ ਜ਼ਾਤ ਪਾਤ ਦੇ ਭੇਦ ਮਿਟਣੇ ਸ਼ੁਰੂ ਹੋ ਗਏ ਹਨ।

ਪਿੰਡਾਂ ਵਿਚ ਕੰਮੀਆਂ ਦੇ ਕੰਮ ਹੁਣ ਤਕ ਸਦੀਆਂ ਤੋਂ ਚਲੀ ਆ ਰਹੀ ਜਾਤ ਪ੍ਰਥਾ ਅਨੁਸਾਰ ਮਿਥੇ ਹੋਏ ਹਨ। ਕੰਮੀਆਂ ਦੇ ਸਬੰਧ ਜੱਦੀ ਹਨ। ਹਰੇਕ ਕੁਲ ਦੇ ਆਪਣਾ ਜੱਦੀ ਨਾਈ, ਮੋਚੀ, ਤਰਖਾਣ ਆਦਿ ਹਨ। ਉਸੇ ਤਰ੍ਹਾਂ ਜਿਵੇਂ ਪ੍ਰੋਹਿਤਾਂ ਦੇ ਆਪਣੇ ਜਜਮਾਨ ਹੁੰਦੇ ਹਨ, ਜਿਨ੍ਹਾਂ ਦੀ ਸਾਂਝ ਪੀੜੀ ਦਰ ਪੀੜੀ ਅੱਗੇ ਤੁਰਦੀ ਜਾਂਦੀ ਹੈ। ਜ਼ਿਮੀਂਦਾਰਾਂ ਤੇ ਕੰਮੀਆਂ ਦੇ ਆਪਸੀ ਆਰਥਿਕ ਸਬੰਧਾਂ ਨੂੰ ਸੇਪ ਕਿਹਾ ਜਾਂਦਾ ਹੈ। ਪੂਰਬੀ ਪੰਜਾਬ ਵਿਚ ਆਮ ਤੌਰ 'ਤੇ ਸੇਪੀ ਸ਼ਬਦ ਇਕ ਧਿਰਾ ਵਰਤਿਆ ਜਾਂਦਾ ਹੈ ਅਤੇ ਕੰਮੀਆਂ ਦਾ ਹੀ ਬੋਧਿਕ ਹੈ। ਪਛਮੀ ਪੰਜਾਬ ਵਿਚ ਇਸ ਸ਼ਬਦ ਦੀ ਵਰਤੋਂ ਦੋ ਧਿਰੀ ਹੈ। ਦੋਵੇਂ ਇਕ ਦੂਜੇ ਦੇ ਸੇਪੀ ਹਨ।

ਕੰਮੀਆਂ ਵਿਚੋਂ ਕਈ ਕੰਮੀਆਂ — ਨਾਈ, ਝੀਵਰ, ਆਦਿ ਨੂੰ ਕੁਝ ਸਮਾਜਿਕ ਕਰਮਤਵ ਵੀ ਕਰਨੇ ਪੈਂਦੇ ਸਨ। ਜਿਵੇਂ ਕਿ ਨਾਈ ਆਪਣੇ ਜਜਮਾਨ ਦੇ ਮੁੰਡੇ ਕੁੜੀਆਂ ਲਈ ਰਿਸ਼ਤੇ ਲਭਿਆ ਕਰਦਾ ਸੀ। ਦੁਖ ਸੁਖ ਵੇਲੇ ਅੰਗਾਂ ਸਾਕਾਂ ਨੂੰ ਸੁਨੇਹੇ ਵੀ ਨਾਈ ਹੀ ਪਹੁੰਚਾਂਦਾ ਸੀ। ਵਿਆਹ ਉਤੇ ਸੱਦੇ ਅਥਵਾ ਗੰਢਾਂ ਵੀ ਇਸੇ ਦੁਆਰਾ ਭੇਜੀਆਂ ਜਾਂਦੀਆਂ ਸਨ। ਇਸ ਪ੍ਰਸੰਗ ਵਿਚ ਇਨ੍ਹਾਂ ਨੂੰ ਲਾਗੀ ਕਿਹਾ ਜਾਂਦਾ ਸੀ (ਵੇਖੋ : ਲਾਗੀ)।

ਪਛਮੀ ਪੰਜਾਬ ਵਿਚ ਨਾਈ, ਝੀਵਰ, ਘੁੰਮਿਆਰ ਆਦਿ ਨੂੰ 'ਘਰ ਦੇ ਕੰਮੀ' ਵੀ ਕਹਿੰਦੇ ਹਨ, ਕਿਉਂ ਜੋ ਇਹ ਆਪਣੇ ਜਜਮਾਨਾਂ ਦੇ ਘਰ ਦੇ ਸਾਰੇ ਨਿਕੇ ਵਡੇ ਕੰਮ ਕਰਦੇ ਹਨ ਅਤੇ ਬਦਲੇ ਵਿਚ ਕੋਈ ਮਿਹਨਤਾਨਾ ਨਹੀਂ ਲੈਂਦੇ, ਸਗੋਂ ਫ਼ਸਲ ਦੀ ਵਾਢੀ ਮਗਰੋਂ ਇਨ੍ਹਾਂ 'ਘਰ ਦੇ ਕੰਮੀਆਂ' ਨੂੰ ਮਿਥੀ ਮਿਕਦਾਰ ਵਿਚ ਦਾਣੇ ਭੇਜ ਦਿਤੇ ਜਾਂਦੇ। ਪਛਮੀ ਪੰਜਾਬ ਵਿਚ ਇਹ ਪ੍ਰਥਾ ਹੁਣ ਤਕ ਪ੍ਰਚਲਤ ਹੈ।

ਕੰਮੀਆਂ ਦੇ ਵੀ ਅੱਗੋਂ ਕੰਮੀ ਹੁੰਦੇ ਹਨ, ਜਿਵੇਂ ਨਾਈ ਨੂੰ ਭਾਂਡਿਆਂ ਲਈ ਘੁੰਮਿਆਰ ਦੀ ਲੋੜ ਹੈ ਅਤੇ ਘੁੰਮਿਆਰ ਨੂੰ ਹਜਾਮਤ ਲਈ ਨਾਈ ਦੀ। ਇਨ੍ਹਾਂ ਵਿਚ ਵੀ ਲੈਣ ਦੇਣ ਸਾਲ ਮਗਰੋਂ ਪਦਾਰਥਾਂ ਵਿਚ ਹੀ ਹੁੰਦਾ। ਘੁੰਮਿਆਰ ਕਣਕ ਦੀ ਮਿਥੀ ਹੋਈ ਮਿਕਦਾਰ ਲੈ ਕੇ ਨਾਈ ਦੀ ਸਾਲ ਭਰ ਦੀ ਭਾਂਡਿਆਂ ਦੀ ਲੋੜ ਪੂਰੀ ਕਰ ਦਿੰਦਾ। ਇਸੇ ਤਰ੍ਹਾਂ ਘੁੰਮਿਆਰ ਨਾਈ ਨੂੰ ਦਾਣੇ ਦੇ ਕੇ ਸਾਰਾ ਸਾਲ ਹਜਾਮਤ ਬਣਵਾਂਦਾ ਰਹਿੰਦਾ। ਪਰ ਇਹ ਗੱਲਾਂ ਹੁਣ ਅਤੀਤ ਦੀ ਯਾਦ ਬਣਦੀਆਂ ਜਾ ਰਹੀਆਂ ਹਨ।

(ਕ-137) **ਕਰਹਲਾ :**
ਲਹਿੰਦੀ ਵਿਚ ਕਰਹਾ ਊਠ ਨੂੰ ਕਹਿੰਦੇ ਹਨ। ਸ਼ਾਹਪੁਰ ਅਤੇ ਜਿਹਲਮ ਦੇ ਥਲਾਂ ਅਤੇ ਪਹਾੜੀ ਇਲਾਕਿਆਂ ਵਿਚ ਜ਼ਿਆਦਾਤਰ ਊਠਾਂ ਦੁਆਰਾ ਹੀ ਮਾਲ ਅਸਬਾਬ ਅਤੇ ਸਵਾਰੀਆਂ ਨੂੰ ਢੋਇਆ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਊਠਾਂ ਦੇ ਕਾਫ਼ਲੇ ਜਦੋਂ ਇਕ ਥਾਂ ਤੋਂ ਦੂਜੀ ਥਾਂ ਜਾਂਦੇ ਸਨ, ਤਾਂ ਹੋਠੀ (ਊਠਵਾਨ) ਰਸਤੇ ਵਿਚ ਮਨ ਪਰਚਾਵੇ ਲਈ ਜੋ ਗੀਤ ਗਾਉਂਦੇ ਸਨ, ਉਨ੍ਹਾਂ ਨੂੰ 'ਕਰਹਲਾ' ਕਿਹਾ ਜਾਂਦਾ ਸੀ। ਇਨ੍ਹਾਂ ਗੀਤਾਂ ਵਿਚ ਪ੍ਰਦੇਸ ਦੀ ਲੰਮੀ ਯਾਤਰਾ ਅਤੇ ਮਾਰੂ ਥਲਾਂ ਦੀ ਤਪਸ਼ ਦਾ ਕਰੁਣਾਮਈ ਵਰਨਣ ਹੁੰਦਾ ਸੀ। ਸੱਜਣਾਂ ਮਿੱਤਰਾਂ ਤੇ ਪਰਿਵਾਰ ਤੋਂ ਵਿਛੜੇ ਹੋਣ ਕਰ ਕੇ ਇਨ੍ਹਾਂ ਗੀਤਾਂ ਵਿਚ ਬ੍ਰਿਹੋਂ ਦੀ ਕੱਸਕ ਅਤੇ ਵੈਰਾਗ ਦੀ ਸੁਰ ਵੀ ਗੂੰਜਦੀ। ਸਮੇਂ ਨਾਲ ਇਹੋ ਗੀਤ ਇਕ ਵੱਖਰੇ ਕਾਵਿ ਰੂਪ ਵਿਚ ਸਥਾਪਿਤ ਹੋ ਗਏ। ਜਿਵੇਂ ਮੱਝਾਂ ਚਾਰਨ ਵਾਲਿਆਂ ਦੇ ਗੀਤ ਲਹਿੰਦੇ ਵਿਚ 'ਮਾਹੀਏ' ਦਾ ਰੂਪ ਧਾਰ ਕੇ ਸਮੁੱਚੀ ਪੰਜਾਬੀਅਤ ਵਿਚ ਪ੍ਰੇਮ-ਗੀਤ ਬਣ ਕੇ ਪ੍ਰਚਲਤ ਹੋ ਗਏ, ਉਸੇ ਤਰ੍ਹਾਂ ਊਠ ਚਾਰਨ ਵਾਲਿਆਂ ਦੇ ਗੀਤ ਵਿਜੋਗ ਤੇ ਵੈਰਾਗ ਦੇ ਗੀਤਾਂ ਦਾ ਰੂਪ ਧਾਰ ਕੇ ਲੋਕ-ਸੰਸਕ੍ਰਿਤੀ ਦਾ ਅੰਗ ਬਣ ਗਏ। ਥਲ ਦੇ ਇਲਾਕੇ ਵਿਚ ਕਰਹਲੇ ਗਾਣ ਦੀ ਪ੍ਰਥਾ ਹੁਣ ਤਕ ਰਹੀ ਹੈ।

ਮਧਕਾਲ ਵਿਚ ਇਹ ਕਾਵਿ ਰੂਪ ਲਹਿੰਦੇ ਵਿਚ ਇਤਨਾ ਪ੍ਰਚਲਤ ਸੀ ਕਿ ਗੁਰੂ ਰਾਮਦਾਸ ਨੇ ਇਨ੍ਹਾਂ ਗੀਤਾਂ ਵਿਚਲੇ ਮੂਲ ਰੂਪਕਾਂ ਨੂੰ ਅਪਨਾ ਕੇ ਅਧਿਆਤਮਕ ਅਰਥਾਂ ਵਿਚ ਵਰਤਿਆ। ਮਨ, ਊਠ ਵਾਂਗ ਪ੍ਰਦੇਸੀ ਹੈ, ਜੋ ਮਾਇਆ ਦੇ ਰੇਤਲੇ ਥਲਾਂ ਵਿਚ ਭਟਕਦਾ ਫਿਰਦਾ ਹੈ।

ਆਦਿ ਗ੍ਰੰਥ ਵਿਚ ਗਉੜੀ ਰਾਗ ਵਿਚ ਦੋ ਸ਼ਬਦ 'ਕਰਹਲੇ' ਦੇ ਸਿਰਲੇਖ ਹੇਠ ਮਿਲਦੇ ਹਨ :

ਕਰਹਲੇ ਮਨ ਪਰਦੇਸੀਆ
ਕਿਉ ਮਿਲੀਐ ਹਰਿ ਮਾਇ
ਗੁਰੁ ਭਾਗਿ ਪੂਰੈ ਪਾਇਆ,
ਗਲਿ ਮਿਲਿਆ ਪਿਆਰਾ ਆਇ।

ਮਨ ਕਰਹਲਾ
ਸਤਿਗੁਰੁ ਪੁਰਖੁ ਧਿਆਇ।

(ਕ-138) **ਕਰਕ ਰਾਸ਼ੀ :**
ਬਾਰਾਂ ਰਾਸ਼ੀਆਂ ਵਿਚੋਂ ਚੌਥੀ; ਇਸ ਦੀ ਸ਼ਕਲ ਸੂਰਤ ਕਰਕਟ (ਕੇਕੜਾ) ਦੀ ਹੈ ਅਤੇ ਇਸ ਦਾ ਪ੍ਰਧਾਨ ਦੇਵਤਾ ਚੰਦ੍ਰਮਾ ਹੈ। ਪਰਾ-ਇਤਿਹਾਸਕ ਕਾਲ ਤੋਂ ਹੀ ਕੇਕੜੇ ਨੂੰ ਭਾਰਤੀ ਸੰਸਕ੍ਰਿਤੀ ਵਿਚ ਮਹੱਤਵ ਪ੍ਰਾਪਤ ਰਿਹਾ ਹੈ। ਹੜੱਪਾ ਅਤੇ ਮਹਿੰਜੋਦਾਰੋ ਦੇ ਖੰਡਰਾਂ ਦੀ ਖੁਦਾਈ ਵਿਚੋਂ ਉਪਲਬਧ ਕੁਝ ਮੋਹਰਾਂ ਉਤੇ ਕੇਕੜੇ ਦਾ ਚਿੰਨ੍ਹ ਉਕਰਿਆ ਮਿਲਿਆ ਹੈ। ਹਿੰਦੂ ਮਿਥਿਹਾਸ ਵਿਚ ਕੇਕੜੇ ਦਾ ਵਰਨਣ ਅਨੇਕ ਥਾਈਂ ਆਉਂਦਾ ਹੈ। ਕੁਟਲਿਆ ਨੇ ਅਰਥ ਸ਼ਾਸਤ੍ਰ ਵਿਚ ਲਿਖਿਆ ਹੈ ਕਿ ਯੁਧ ਵੇਲੇ ਰਾਜੇ ਨੂੰ ਆਪਣਾ ਲਸ਼ਕਰ

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਅਜਿਹੀ ਵਿਧੀ ਨਾਲ ਵਖੋ ਵਖ ਦਿਸ਼ਾਵਾਂ ਵਿਚ ਬੀੜਨਾ ਚਾਹੀਦਾ ਹੈ ਜਿਵੇਂ ਕੇਕੜਾ ਆਪਣੇ ਪੰਜੇ ਫੈਲਾਂਦਾ ਹੈ। ਇਸ ਵਿਧੀ ਨੂੰ ਕਰਕਟ-ਸ੍ਰਿੰਗੀ ਕਿਹਾ ਗਿਆ ਹੈ।

ਰਾਮਾਇਣ ਅਨੁਸਾਰ ਰਾਮ ਚੰਦਰ ਦੇ ਜਨਮ ਵੇਲੇ ਸੂਰਜ ਕਰਕ ਰਾਸ਼ੀ ਵਿਚ ਸੀ। ਫਿਰ ਜਦੋਂ ਰਾਮਚੰਦਰ ਯੁਵਰਾਜ ਥਾਪੇ ਗਏ, ਤਾਂ ਵੀ ਸੂਰਜ ਇਸੇ ਰਾਸ਼ੀ ਵਿਚ ਸਥਿਤ ਸੀ। ਜੋਤਿਸ਼ ਵਿੱਦਿਆ ਅਨੁਸਾਰ ਇਸ ਰਾਸ਼ੀ ਵਿਚ ਪੈਦਾ ਹੋਇਆ ਬਾਲਕ ਬੜਾ ਸਬਰ ਵਾਲਾ ਹੁੰਦਾ ਹੈ ਅਤੇ ਹਰ ਸਥਿਤੀ ਵਿਚ ਆਪਣੇ ਆਪ ਨੂੰ ਢਾਲਣ ਦੀ ਸਮਰੱਥਾ ਰਖਦਾ ਹੈ। ਇਸ ਰਾਸ਼ੀ ਵਿਚ ਪੈਦਾ ਹੋਇਆ ਬਾਲਕ ਪਿਉ ਨਾਲੋਂ ਮਾਂ ਦੇ ਚਰਿਤ੍ਰਕ ਤੇ ਵਿਹਾਰਕ ਲੱਛਣ ਵਧੇਰੇ ਗ੍ਰਹਿਣ ਕਰਦਾ ਹੈ। ਕਰਕ ਸ਼ਖ਼ਸ ਇਰਾਦੇ ਦਾ ਰਤਾ ਕਮਜ਼ੋਰ ਹੁੰਦਾ ਹੈ ਅਤੇ ਉਸ ਨੂੰ ਦਿਲ ਅਤੇ ਛਾਤੀ ਦੇ ਰੋਗਾਂ ਦਾ ਅੰਦੇਸ਼ਾ ਰਹਿੰਦਾ ਹੈ।

ਕਰਕ ਦਾ ਸਬੰਧ ਕਈ ਉਤਸ਼ਵਾਂ ਨਾਲ ਵੀ ਹੈ। ਕਰਕ ਮੱਕਰ ਦਾ ਹੀ ਇਕ ਰੂਪ ਹੈ ਅਤੇ ਮੱਕਰ ਨਾਲ ਸਬੰਧਿਤ ਸਭ ਤੋਂ ਵੱਡਾ ਉਤਸ਼ਵ ਮੱਕਰ-ਸੰਕਰਾਂਤੀ ਦਾ ਹੈ। ਮੱਕਰ ਸੰਕਰਾਂਤੀ ਦੇ ਦੋ ਪੱਖ ਹਨ—ਉਤਰਾਇਣ ਅਤੇ ਦਖਸ਼ਨਾਇਣ। ਪਹਿਲੇ ਨੂੰ ਮ੍ਰਿਗ ਅਤੇ ਦੂਜੇ ਨੂੰ ਕਰਕ ਸੰਕਰਾਂਤੀ ਪੁਰਬ ਵੀ ਕਿਹਾ ਜਾਂਦਾ ਹੈ। ਹਾੜ ਦੀ ਚਾਨਣੀ ਦਸਮੀ ਨੂੰ ਕਰਕ ਸੰਕਰਾਮਨ ਦਾ ਪੁਰਬ ਮਨਾਇਆ ਜਾਂਦਾ ਹੈ।

(ਕ-139) **ਕਰਘਾ :**

ਹੱਥਖਡੀ, ਜਿਸ ਦੁਆਰਾ ਜੁਲਾਹਾ ਕਪੜੇ ਬੁਣਦਾ ਹੈ। ਕਰਘੇ ਦੀ ਉਤਪਤੀ ਬਾਰੇ ਇਕ ਮਿੱਥ ਪ੍ਰਚਲਤ ਹੈ। ਵਿਸ਼ਵਕਰਮੇ ਦੀ ਕੰਨਿਆਂ ਸੰਜਨਾ ਸੂਰਜ ਦਾ ਤੇਜ ਪ੍ਰਤਾਪ ਨਾ ਝਲ ਸਕਣ ਕਾਰਨ, ਆਪਣੀ ਥਾਂ ਆਪਣੀ ਹੀ ਸ਼ਕਲ ਦੀ ਇਕ ਮੁਟਿਆਰ ਛਾਇਆ ਨੂੰ ਬਿਠਾ ਕੇ ਖ਼ੁਦ ਜੰਗਲ ਵਿਚ ਚਲੀ ਗਈ ਅਤੇ ਘੋੜੀ ਦੇ ਰੂਪ ਵਿਚ ਵਿਚਰਨ ਲੱਗੀ। ਜਦੋਂ ਵਿਸ਼ਵਕਰਮਾ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਸੂਰਜ ਦਾ ਤੇਜ ਘਟਾਣ ਲਈ, ਉਸ ਦਾ ਅੱਠਵਾਂ ਹਿੱਸਾ ਖ਼ਰਾਦ ਚੜ੍ਹਾ ਕੇ ਕਟ ਦਿਤਾ। ਇਸ ਅੱਠਵੇਂ ਅੰਸ਼ ਤੋਂ ਵਿਸ਼ਵਕਰਮਾ ਨੇ ਕਈ ਹਥਿਆਰ ਬਣਾਏ। ਕਿਸਾਨਾਂ ਲਈ ਹਲ, ਕਾਮਿਆਂ ਲਈ ਖੁਰਪੀ ਤੇ ਦਾਤ੍ਰੀ ਆਦਿ। ਉਦੋਂ ਜੁਲਾਹੇ ਵੀ ਵਿਸ਼ਵਕਰਮੇ ਕੋਲ ਗਏ ਤੇ ਉਨ੍ਹਾਂ ਨੇ ਆਪਣੀ ਦਿੱਕਤ ਦਸੀ ਕਿ ਉਹ ਇਕ ਇਕ ਧਾਗੇ ਨੂੰ ਜੋੜ ਕੇ ਅਤੇ ਇਕ ਦੂਜੇ ਵਿਚੋਂ ਲੰਘਾ ਕੇ ਕਪੜੇ ਬੁਣਦੇ ਹਨ। ਰੂੰ ਦੀ ਤੰਦ ਬਨਾਣ ਲਈ ਉਨ੍ਹਾਂ ਨੂੰ ਬੜੀ ਘਾਲਣਾ ਘਾਲਣੀ ਪੈਂਦੀ ਹੈ, ਤਾਂ ਵਿਸ਼ਵਕਰਮਾ ਨੇ ਉਨ੍ਹਾਂ ਨੂੰ ਚਰਖ਼ਾ ਅਤੇ ਕਰਘਾ ਬਣਾ ਕੇ ਦਿਤੇ।

ਕਰਘੇ ਤੇ ਕੰਮ ਕਰਨ ਵੇਲੇ ਇਕਸਾਰਤਾ ਨੂੰ ਤੋੜਨ ਲਈ ਜੁਲਾਹੇ ਕੁਝ ਗੀਤ ਵੀ ਗਾਇਆ ਕਰਦੇ ਸਨ। ਇਨ੍ਹਾਂ ਗੀਤਾਂ ਵਿਚ ਧਾਗੇ, ਤਾਣੇ ਪੇਟੇ, ਨਲੀ ਆਦਿ ਦੁਆਰਾ ਆਪਣੀਆਂ ਭਾਵਨਾਵਾਂ ਵਿਅਕਤ ਕੀਤੀਆਂ ਜਾਂਦੀਆਂ ਸਨ :—

ਕਿਧਰੇ ਤੇ ਤਾਣੀ ਕਿਧਰੇ ਈ ਪੇਟਾ
ਕਿਧਰੇ ਖਿੰਡੀਆਂ ਛਲੀਆਂ ਵੇ ਹੋ।
ਕਿੱਡੇ ਰੂਪ ਇਨ੍ਹਾਂ ਦੇ ਥੀਵਣ
ਲੰਘਣ ਜਦੋਂ ਨਲੀਆਂ ਵੇ ਹੋ।
ਹੰਡ ਹੰਡਾ ਕੇ ਕੁਝ ਨਹੀਂ ਰਹਿੰਦਾ
ਚੀਥੜੇ ਰੁਲਦੇ ਗਲੀਆਂ ਵੇ ਹੋ।

ਕਰਘੇ ਦੇ ਗੀਤਾਂ ਦੀ ਸ਼ਬਦਾਵਲੀ ਨੂੰ ਸੂਫ਼ੀ ਫ਼ਕੀਰਾਂ ਨੇ ਚਿੰਨ੍ਹ ਵਜੋਂ ਵਰਤ ਕੇ ਅਧਿਆਤਮ ਰਹੱਸ ਪ੍ਰਗਟਾਏ ਹਨ।

(ਕ-140) **ਕਰਣ :**

ਕਰਣ ਬੜਾ ਦਾਨੀ ਤੇ ਪ੍ਰਾਕ੍ਰਮੀ ਯੋਧਾ ਸੀ। ਇਹ ਕੁੰਤੀ ਦੇ ਉਦਰ ਤੋਂ ਦੈਵੀ ਸ਼ਕਤੀ ਨਾਲ ਪੈਦਾ ਹੋਇਆ ਸੂਰਜ ਦਾ ਪੁੱਤਰ ਸੀ। ਮਹਾਂਭਾਰਤ ਅਨੁਸਾਰ ਭੋਜਰਾਜ ਦੀ ਕੰਨਿਆਂ ਕੁੰਤੀ ਨੇ ਦੁਰਬਾਸ਼ਾ ਰਿਸ਼ੀ ਦੀ ਸੇਵਾ ਕਰ ਕੇ ਉਸ ਤੋਂ ਅਜਿਹਾ ਮੰਤਰ ਪ੍ਰਾਪਤ ਕਰ ਲਿਆ, ਜਿਸ ਦੀ ਅਰਾਧਨਾ ਨਾਲ, ਉਹ ਆਪਣੇ ਮਨਚਾਹੇ ਦੇਵਤੇ ਨੂੰ ਸਦ ਕੇ, ਉਸ ਦੁਆਰਾ ਸੰਤਾਨ ਪੈਦਾ ਕਰ ਸਕਦੀ ਸੀ। ਕੁੰਤੀ ਨੇ ਮੰਤ੍ਰ ਦੁਆਰਾ ਸੂਰਜ ਦੇਵਤੇ ਨੂੰ ਪ੍ਰਗਟ ਕਰ ਕੇ, ਉਸ ਦੇ ਦੈਵੀ ਸੰਜੋਗ ਤੋਂ ਕਰਣ ਨੂੰ ਜਨਮ ਦਿਤਾ, ਜੋ ਧਨੁਸ਼ ਬਾਣ, ਕੁੰਡਲ ਅਤੇ ਸੰਜੋਅ ਸਮੇਤ ਪੈਦਾ ਹੋਇਆ। ਕੁੰਤੀ ਉਦੋਂ ਕੁਆਰੀ ਸੀ, ਇਸ ਲਈ ਲੋਕਾਂ ਦੀ ਚਰਚਾ ਤੋਂ ਡਰਦਿਆਂ ਉਹਨੇ ਬੱਚੇ ਨੂੰ ਬੇੜੀ ਵਿਚ ਰਖ ਕੇ ਜਮਨਾ ਨਦੀ ਵਿਚ ਪ੍ਰਵਾਹ ਦਿਤਾ। ਧ੍ਰਿਤਰਾਸ਼ਟਰ ਦੇ ਰੱਥਵਾਨ (ਸੂਤ) ਅਧਿਰਥ ਨੇ, ਕਰਣ ਨੂੰ, ਨਦੀ ਵਿਚ ਰੁੜ੍ਹਦਾ ਵੇਖ ਕੇ ਕਢ ਲਿਆਂਦਾ ਅਤੇ ਆਪਣੀ ਪਤਨੀ ਰਾਧਾ ਨੂੰ ਪਾਲਣ ਵਾਸਤੇ ਦਿਤਾ। ਇਸੇ ਵਾਸਤੇ ਕਰਣ ਨੂੰ ਸੂਤ-ਪੁਤਰ ਕਿਹਾ ਜਾਂਦਾ ਹੈ।

ਕਰਣ ਨੇ ਦ੍ਰੋਣਾਚਾਰੀਆ ਤੋਂ ਸ਼ਸਤ੍ਰ ਵਿੱਦਿਆ ਦੀ ਸਿਖਸ਼ਾ ਲਈ। ਪਰ ਉਨ੍ਹਾਂ ਨੇ ਸੂਤ-ਪੁਤਰ ਹੋਣ ਕਰ ਕੇ ਜਾਂ ਜਨਮ ਜਾਤ ਬਾਰੇ ਸੰਦੇਹ ਹੋਣ ਕਰ ਕੇ, ਕਰਣ ਨੂੰ ਬ੍ਰਹਮ ਅਸਤ੍ਰ ਦੀ ਵਰਤੋਂ ਕਰਨੀ ਨਾ ਸਿਖਾਈ। ਇਹ ਵਿੱਦਿਆ ਕਰਣ ਨੇ ਪਰਸ ਰਾਮ ਤੋਂ ਇਹ ਕਹਿ ਕੇ ਸਿਖ ਲਈ ਕਿ ਉਹ ਬ੍ਰਾਹਮਣ ਹੈ। ਪਰ ਮਗਰੋਂ ਜਦੋਂ ਪਰਸ ਰਾਮ ਨੂੰ ਪਤਾ ਲੱਗਾ ਕਿ ਕਰਣ ਬ੍ਰਾਹਮਣ ਨਹੀਂ, ਤਾਂ ਉਨ੍ਹਾਂ ਨੇ ਕਰਣ ਨੂੰ ਸਰਾਪ ਦਿਤਾ ਕਿ ਲੋੜ ਪੈਣ 'ਤੇ ਉਹਨੂੰ ਇਹ ਵਿੱਦਿਆ ਭੁਲ ਜਾਵੇਗੀ।

ਕਰਣ ਬੜਾ ਦਾਨੀ ਸੁਭਾਅ ਦਾ ਸੀ ਅਤੇ ਅਠਾਰਾਂ ਭਾਰ ਸੋਨਾ ਹਰ ਰੋਜ਼ ਬ੍ਰਾਹਮਣਾਂ ਵਿਚ ਵੰਡ ਕੇ ਅੰਨ ਮੂੰਹ ਲਗਾਇਆ ਕਰਦਾ ਸੀ। ਇੰਦਰ ਨੇ ਬ੍ਰਾਹਮਣ ਦਾ ਰੂਪ ਧਾਰ ਕੇ ਕਰਣ ਤੋਂ ਦੈਵੀ ਕੁੰਡਲ ਅਤੇ ਸੰਜੋਅ ਦਾਨ ਵਿਚ ਮੰਗ ਲਏ, ਜੋ ਕਰਣ ਨੇ ਦਾਨ ਕਰ ਦਿਤੇ। ਇਸ ਤੇ ਖ਼ੁਸ਼ ਹੋ ਕੇ ਇੰਦਰ ਨੇ ਕਰਣ ਨੂੰ ਇਕ ਅਜਿਹੀ ਬਰਛੀ ਦਿਤੀ, ਜਿਸ ਦੇ ਵਾਰ ਤੋਂ ਸ਼ਤਰੂ ਕਦੇ ਨਹੀਂ ਸੀ ਬਚ ਸਕਦਾ। ਪਰ ਇਹਦੀ ਵਰਤੋਂ ਕਰਣ ਸਿਰਫ਼ ਇਕੋ ਵਾਰ ਕਰ ਸਕਦਾ ਸੀ।

ਕਰਣ ਦ੍ਰੋਪਤੀ ਦੇ ਸਵੰਬਰ ਵਿਚ ਸ਼ਸਤਰਾਂ ਦੇ ਕਰਤਬ ਵਿਖਾਣ ਲਈ ਸ਼ਾਮਲ ਹੋਇਆ ਅਤੇ ਇਸ ਨੇ ਅਰਜਨ ਤੋਂ ਪਹਿਲਾਂ ਮੱਛੀ ਦੀ ਅੱਖ ਨੂੰ ਵਿੰਨ੍ਹਿਆ, ਪਰ ਦ੍ਰੋਪਤੀ ਨੇ ਸੂਤ-ਪੁਤਰ ਹੋਣ ਕਰ ਕੇ ਕਰਣ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿਤਾ। ਕਰਣ ਨੇ ਮਗਰੋਂ ਪਦਮਾਵਤੀ ਨਾਲ ਵਿਆਹ ਕੀਤਾ।

ਕੁੰਤੀ ਦਾ ਪੁਤਰ ਹੋਣ ਦੇ ਨਾਤੇ ਕਰਣ ਪਾਂਡਵਾਂ ਦਾ ਇਕ ਤਰ੍ਹਾਂ ਨਾਲ ਮਤਰੇਆ ਭਰਾ ਲਗਦਾ ਸੀ, ਪਰ ਇਹ ਭੇਤ ਉਸ ਦੀ ਮੌਤ ਤੋਂ ਬਾਅਦ ਖੁਲ੍ਹਿਆ। ਮਹਾਂਭਾਰਤ ਦੀ ਯੁਧ ਵਿਚ ਕਰਣ ਨੇ ਕੌਰਵਾਂ ਦਾ ਸਾਥ ਦਿਤਾ। ਕਰਣ ਨੇ ਪੰਜਾਂ ਪਾਂਡਵਾਂ ਨੂੰ ਮਾਰਨ ਦਾ ਪ੍ਰਣ ਕੀਤਾ, ਪਰ ਕੁੰਤੀ ਦੀ ਪ੍ਰੇਰਨਾ ਉਤੇ ਉਸ ਨੇ ਆਪਣਾ ਪ੍ਰਣ ਵਾਪਸ ਲੈ ਲਿਆ। ਮਹਾਂਭਾਰਤ ਦੀ ਯੁਧ ਵਿਚ ਭੀਸ਼ਮ ਦੇ ਮਰਨ ਮਗਰੋਂ ਕਰਣ ਕੌਰਵ ਦੀ ਫ਼ੌਜ ਦਾ ਸੈਨਾਪਤੀ ਬਣਿਆ ਅਤੇ ਤਿੰਨ ਦਿਨ ਯੁਧ ਦੀ ਅਗਵਾਈ ਕੀਤੀ। ਕਰਣ ਇੰਦਰ ਤੋਂ ਪ੍ਰਾਪਤ ਕੀਤੀ ਬਰਛੀ ਨਾਲ ਅਰਜਨ ਨੂੰ ਮਾਰਨਾ ਚਾਹੁੰਦਾ ਸੀ, ਪਰ ਦੁਰਯੋਧਨ ਦੇ ਕਹਿਣ ਤੇ ਕਰਣ ਨੇ ਬਰਛੀ ਦੀ ਵਰਤੋਂ ਭੀਮ ਦੇ ਪੁਤਰ ਘਟੋਤਕਚ ਤੇ ਕੀਤੀ ਤੇ ਉਸ ਨੂੰ ਮਾਰ ਮੁਕਾਇਆ। ਪਰ ਮਗਰੋਂ ਅਰਜਨ ਦੇ ਹੱਥੋਂ ਕਰਣ ਮਾਰਿਆ ਗਿਆ। ਕਰਣ ਦੀ ਮੌਤ ਤੋਂ ਪਿਛੋਂ ਪਾਂਡਵਾਂ ਨੂੰ ਜਦੋਂ ਪਤਾ ਲੱਗਾ ਕਿ ਕਰਣ ਉਨ੍ਹਾਂ ਦਾ ਹੀ ਮਤਰੇਆ ਭਰਾ ਹੈ, ਤਾਂ ਉਨ੍ਹਾਂ ਨੂੰ ਬੜਾ ਪਛਤਾਵਾ ਲੱਗਾ।

ਅਰਜਨ ਦਾ ਕਰਣ ਨਾਲ ਜਿਸ ਅਸਥਾਨ 'ਤੇ ਯੁਧ ਹੋਇਆ, ਉਥੇ ਹੁਣ ਇਕ ਉਜੜੀ ਥੇਹ ਮੌਜੂਦ ਹੈ, ਜਿਸ ਨੂੰ 'ਕਰਣ ਦੀ ਥੇਹ' ਕਿਹਾ ਜਾਂਦਾ ਹੈ। ਧਾਰਨਾ ਹੈ ਕਿ ਇਥੇ ਸੂਰਜ ਦੀ ਪੂਜਾ ਅਰਚਾ ਕਰਨ ਨਾਲ ਪੁਤਰ ਦੀ ਦਾਤ ਮਿਲਦੀ ਹੈ, ਕਿਉਂ ਜੋ ਕਰਣ ਸੂਰਜ ਦਾ ਪੁਤਰ ਸੀ। ਇਹ ਥੇਹ ਥਨੇਸਰ ਤੋਂ ਪੌਣੀ ਮੀਲ ਦੂਰ ਕੁਰਕਸ਼ੇਤਰ ਦੇ ਤਾਲ ਦੇ ਨੇੜੇ ਹੈ।

Sri Satguru Jagjit Singh Ji eLibrary NamdhariElibrary@gmail.com

ਕਰਨ ਦੇ ਨਾਉਂ ਬਾਰੇ ਕਥਾ ਹੈ ਕਿ ਸੂਰਜ ਦੇਵਤੇ ਨੇ ਕੁੰਤੀ ਦੇ ਕੰਨ ਵਿਚ ਫੂਕ ਮਾਰੀ, ਜਿਸ ਤੋਂ ਉਹ ਗਰਭਵਤੀ ਹੋ ਗਈ। ਇਸੇ ਤੋਂ ਬੱਚੇ ਦਾ ਨਾਂ ਕਰਣ ਰਖਿਆ ਗਿਆ।

(ਕ-141) **ਕਰਣ ਦੀ ਬੇਹ** :

(ਵੇਖੋ : ਕਰਣ)।

(ਕ-142) **ਕਰਣ ਪਿਸਾਚੀ** :

ਇਕ ਪਿਸਾਚਣੀ (ਪ੍ਰੇਤਣੀ), ਜਿਸ ਨੂੰ ਸਿਧ ਕਰਨ ਨਾਲ ਮਨੁਖ ਗ਼ੈਬੀ ਗੱਲਾਂ ਬਾਰੇ ਜਾਣ ਸਕਦਾ ਹੈ। ਜੋਗੀ ਜਾਂ ਚੇਲੇ ਸ਼ਮਸ਼ਾਨ ਵਿਚ ਚਿਲ੍ਹੇ ਕਟ ਕੇ ਇਸੇ ਪ੍ਰੇਤਣੀ ਨੂੰ ਸਿਧ ਕਰਦੇ ਅਤੇ ਇਸਦੀ ਮਦਦ ਨਾਲ ਸਭ ਜਾਣਕਾਰੀ ਹਾਸਿਲ ਕਰਦੇ ਹਨ।

(ਕ-143) **ਕਰਣ ਫੁੱਲ** :

ਇਸਤ੍ਰੀਆਂ ਦੇ ਕੰਨ ਦਾ ਇਕ ਗਹਿਣਾ, ਜੋ ਫੁੱਲ ਦੀ ਸ਼ਕਲ ਦਾ ਹੁੰਦਾ ਹੈ।

(ਕ-144) **ਕਰਣ ਵੇਧ ਸੰਸਕਾਰ** :

ਕੰਨਾਂ ਨੂੰ ਛੇਦਣ ਨਾਲ ਸਬੰਧਿਤ ਇਕ ਸੰਸਕਾਰ (ਵੇਖੋ : ਕੰਨ ਛੇਦਣਾ)।

(ਕ-145) **ਕਰਤਾਰਪੁਰ ਸਾਹਿਬ** :

(ੳ) ਸਿੱਖਾਂ ਦਾ ਇਕ ਇਤਿਹਾਸਕ ਨਗਰ, ਜੋ ਤਹਿਸੀਲ ਸ਼ਕਰਗੜ੍ਹ, ਪਾਕਿਸਤਾਨੀ ਪੰਜਾਬ ਵਿਚ, ਸਰਹੱਦ ਦੇ ਨੇੜੇ ਸਥਿਤ ਹੈ। ਇਸ ਨਗਰ ਨੂੰ ਗੁਰੂ ਨਾਨਕ ਦੇਵ ਨੇ ਰਾਵੀ ਦਰਿਆ ਦੇ ਪਾਰਲੇ ਕੰਢੇ 1504 ਈ: ਵਿਚ ਵਸਾਇਆ ਸੀ। ਮਹਾਨ ਕੋਸ਼ ਅਨੁਸਾਰ "ਇਸ ਨਗਰ ਦੇ ਵਸਾਉਣ ਵਿਚ ਭਾਈ ਦੋਦਾ ਤੇ ਦੁਨੀ ਚੰਦ (ਕਰੋੜੀ ਮੱਲ) ਦਾ ਉੱਦਮ ਹੋਇਆ, ਜਿਨ੍ਹਾਂ ਨੇ ਸਤਿਗੁਰੂ ਲਈ ਪਿੰਡ ਵਸਾ ਕੇ ਧਰਮਸਾਲਾ ਬਣਵਾਈ।" ਇਥੇ ਗੁਰੂ ਨਾਨਕ ਦੇਵ ਜੀ 1522 ਈ: ਵਿਚ ਆ ਕੇ ਵਸੇ ਅਤੇ ਜ਼ਿੰਦਗੀ ਦੇ ਅੰਤਲੇ ਅਠਾਰਾਂ ਸਾਲ ਉਨ੍ਹਾਂ ਇਥੇ ਹੀ ਗੁਜ਼ਾਰੇ। ਇਸੇ ਨਗਰ ਵਿਚ ਗੁਰੂ ਨਾਨਕ ਦੇਵ 1539 ਈ: ਨੂੰ ਜੋਤੀ ਜੋਤ ਸਮਾਏ ਅਤੇ ਇਥੇ ਹੀ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਬਖ਼ਸ਼ੀ ਗਈ। ਇਸੇ ਥਾਂ ਉਤੇ ਸਭ ਤੋਂ ਪਹਿਲਾਂ ਲੰਗਰ ਦੀ ਪ੍ਰਥਾ ਚਲਾਈ ਗਈ। ਇਸੇ ਪਾਵਨ ਨਗਰ ਵਿਚ ਗੁਰੂ ਨਾਨਕ ਦੇਵ ਨੇ ਆਪਣੇ ਹੱਥੀਂ ਖੇਤੀ ਵਾਹ ਕੇ ਸਿੱਖ ਸੇਵਕਾਂ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿਤਾ। ਇਸੇ ਨਗਰ ਵਿਚ ਰਾਵੀ ਦਰਿਆ ਦੇ ਕੰਢੇ ਗੁਰੂ ਜੀ ਨੇ ਜਪੁ ਜੀ, ਤੁਖਾਰੀ ਬਾਰਾਂ ਮਾਂਹ ਤੇ ਸਿਧ ਗੋਸ਼ਟ ਦੀ ਰਚਨਾ ਕੀਤੀ। ਇਥੋਂ ਹੀ ਸਿਧਾਂ ਅਤੇ ਜੋਗੀਆਂ ਨਾਲ ਗੋਸ਼ਟ ਕਰਨ ਲਈ ਗੁਰੂ ਨਾਨਕ ਦੇਵ ਅਚਲ ਵਟਾਲੇ ਮੇਲੇ ਉਤੇ ਗਏ।

ਜਦੋਂ ਇਹ ਨਗਰ ਰਾਵੀ ਦਰਿਆ ਦੇ ਹੜ੍ਹਾਂ ਦੀ ਲਪੇਟ ਵਿਚ ਆ ਕੇ ਤਬਾਹ ਹੋ ਗਿਆ, ਤਾਂ ਸ਼ਰਧਾਲੂ ਸਿੱਖਾਂ ਨੇ ਇਸੇ ਨਾਂ ਦਾ ਇਕ ਨਵਾਂ ਨਗਰ ਦਰਿਆ ਦੇ ਪਾਰਲੇ ਕੰਢੇ ਤੇ ਵਸਾਇਆ। ਇਥੇ ਗੁਰੂ ਨਾਨਕ ਦੇਵ ਦੀ ਸਿਮਰਤੀ ਵਿਚ ਗੁਰਦਵਾਰਾ ਕਰਤਾਰਪੁਰ ਸਾਹਿਬ ਹੈ, ਜਿਸ ਦਾ ਕਲਸ ਦੂਰੋਂ ਭਾਰਤੀ ਪੰਜਾਬ ਵਿਚੋਂ ਵੀ ਵਿਖਾਈ ਦੇਂਦਾ ਹੈ। ਇਸ ਕਲਸ ਬਾਰੇ ਮਨੌਤ ਹੈ ਕਿ ਜਿਥੋਂ ਤਕ ਇਹ ਕਲਸ ਵਿਖਾਈ ਦੇਂਦਾ ਹੈ, ਉਥੋਂ ਤਕ ਕਿਸੇ ਨੂੰ ਸੱਪ ਡੰਗ ਨਹੀਂ ਮਾਰਦਾ। ਜੇ ਸੱਪ ਲੜ ਵੀ ਜਾਏ, ਤਾਂ ਉਹਦਾ ਜ਼ਹਿਰ ਨਹੀਂ ਚੜ੍ਹਦਾ।

ਹੜ੍ਹ ਨਾਲ ਨਗਰ ਦੇ ਤਬਾਹ ਹੋਣ ਮਗਰੋਂ ਗੁਰੂ ਨਾਨਕ ਦੇਵ ਜੀ ਦੀ ਸਮਾਧ ਅਥਵਾ ਦੇਹਰਾ, ਜਿਥੇ ਬਣਾਇਆ ਗਿਆ, ਉਸ ਨਗਰ ਨੂੰ ਦੇਹਰਾ ਬਾਬਾ ਨਾਨਕ ਕਹਿੰਦੇ ਹਨ। ਇਹ ਥਾਂ ਬਟਾਲੇ ਤੋਂ 21 ਮੀਲ ਦੂਰ ਹੈ ਤੇ ਭਾਰਤੀ ਪੰਜਾਬ ਵਿਚ ਸਥਿਤ ਹੈ (ਵੇਖੋ : ਡੇਰਾ ਬਾਬਾ ਨਾਨਕ)।

(ਅ) ਜ਼ਿਲਾ ਜਲੰਧਰ ਦਾ ਇਕ ਨਗਰ, ਜਿਸ ਦੀ ਨੀਂਹ ਗੁਰੂ ਅਰਜਨ ਦੇਵ ਨੇ 1593 ਈ: ਵਿਚ ਰਖੀ। ਰਵਾਇਤ ਹੈ ਕਿ ਗੁਰੂ ਅਰਜਨ ਦੇਵ, ਮਾਤਾ ਭਾਨੀ ਦੇ ਸਵਰਗਵਾਸ ਹੋਣ ਉਪਰੰਤ ਗੋਇੰਦਵਾਲ ਤੋਂ ਦੁਆਬੇ ਵਲ ਤੁਰ ਪਏ ਅਤੇ ਕਰਤਾਰਪੁਰ ਵਾਲੀ ਥਾਂ ਉਤੇ ਪਹੁੰਚ ਕੇ ਉਨ੍ਹਾਂ ਨੇ ਆਪਣੇ ਹੱਥਾਂ ਵਿਚਲੀ ਸੋਟੀ ਜ਼ਮੀਨ ਵਿਚ ਗਡਦੇ ਹੋਏ ਕਿਹਾ, "ਇਹ ਥਾਉਂ ਸਾਡੇ ਧਰਮ ਦਾ ਥੰਮ ਬਣੇਗੀ।" ਇਸ ਥਾਉਂ ਦੁਆਲੇ ਜੋ ਨਗਰ ਵਸਿਆ, ਉਹ ਕਰਤਾਰਪੁਰ ਦੇ ਨਾਉਂ ਨਾਲ ਪ੍ਰਸਿਧ ਹੋਇਆ। ਜਿਥੇ ਗੁਰੂ ਅਰਜਨ ਦੇਵ ਜੀ ਨੇ ਸੋਟੀ ਗੱਡੀ ਸੀ, ਉਸ ਜਗ੍ਹਾ ਦਾ ਨਾਂ ਥੰਮ ਸਾਹਿਬ ਰਖਿਆ ਹੈ। ਇਥੇ ਇਕ ਥੰਮ ਬਣਾਇਆ ਗਿਆ। ਅਹਿਮਦ ਸ਼ਾਹ ਅਬਦਾਲੀ ਦੇ ਇਕ ਹੱਲੇ ਦੇ ਦੌਰਾਨ 1756 ਈ: ਵਿਚ ਕਰਤਾਰਪੁਰ ਅਤੇ ਥੰਮ ਨੂੰ ਤਬਾਹ ਕਰ ਦਿਤਾ ਗਿਆ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ 1833 ਈ: ਵਿਚ ਇਥੇ ਇਕ ਸੁੰਦਰ ਗੁਰਦਵਾਰਾ ਬਣਵਾਇਆ, ਜੋ ਥੰਮ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੈ।

'ਅਕਬਰਨਾਮੇ' ਅਨੁਸਾਰ ਅਕਬਰ 24 ਨਵੰਬਰ, 1598 ਈ: ਨੂੰ ਗੋਇੰਦਵਾਲ ਦੇ ਪਤਣ ਤੋਂ ਬਿਆਸਾ ਪਾਰ ਕਰ ਕੇ ਗੁਰੂ ਅਰਜਨ ਦੇਵ ਦੀ ਹਜ਼ੂਰੀ ਵਿਚ ਆਇਆ ਅਤੇ ਇਸ ਜ਼ਮੀਨ ਦਾ ਪੱਟਾ ਦਰਸ਼ਨ ਭੇਟ ਵਜੋਂ ਦਿਤਾ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਗੁਰੂ ਹਰਿਗੋਬਿੰਦ ਨੇ ਇਸ ਨਗਰ ਨੂੰ ਵਿਸਥਾਰਿਆ।

ਜਲੰਧਰ ਗਜ਼ਟੀਅਰ (ਪੰਨਾ 290) ਅਨੁਸਾਰ ਜਦੋਂ ਗੁਰੂ ਅਰਜਨ ਦੇਵ ਨੇ ਇਥੇ ਮਕਾਨ ਉਸਾਰਨਾ ਚਾਹਿਆ, ਤਾਂ ਇਕ ਦੈਂਤ ਨੇ, ਜੋ ਇਕ ਰੁੱਖ ਦੇ ਤਨੇ ਵਿਚ ਰਹਿੰਦਾ ਸੀ, ਉਦੋਂ ਤਕ ਛੱਤ ਦੀਆਂ ਕੜੀਆਂ ਲਈ ਲਕੜੀ ਕੱਟਣ ਨਾ ਦਿਤੀ, ਜਦੋਂ ਤਕ ਗੁਰੂ ਜੀ ਨੇ ਉਸ ਨੂੰ ਇਹ ਬਚਨ ਨਾ ਦਿਤਾ ਕਿ ਉਸ ਨੂੰ ਇਥੇ ਕੋਈ ਤੰਗ ਨਹੀਂ ਕਰੇਗਾ ਅਤੇ ਉਸ ਦੀ ਸਿਮਰਤੀ ਵਿਚ ਇਥੇ ਇਕ ਥੰਮ ਬਣਾਇਆ ਜਾਵੇਗਾ। ਬਚਨ ਪਾਲਣ ਲਈ ਗੁਰੂ ਅਰਜਨ ਦੇਵ ਨੇ ਇਥੇ ਚੰਦਨ ਦੀ ਲਕੜੀ ਦਾ ਪੰਜਾਹ ਫ਼ੁਟ ਉੱਚਾ ਥੰਮ ਗਡਿਆ, ਜਿਸ ਨੂੰ ਥੰਮ ਜੀ ਕਹਿ ਕੇ ਪੂਜਿਆ ਜਾਂਦਾ ਹੈ।

ਕਰਤਾਰਪੁਰ ਵਿਚ ਅਨੇਕਾਂ ਇਤਿਹਾਸਕ ਅਸਥਾਨ ਹਨ, ਜਿਥੇ ਗੁਰੂਆਂ ਨਾਲ ਸਬੰਧਿਤ ਕਈ ਪ੍ਰਾਚੀਨ ਵਸਤੂਆਂ ਮੌਜੂਦ ਹਨ। ਕਰਤਾਰਪੁਰ ਵਿਚ ਹੇਠ ਲਿਖੇ ਇਤਿਹਾਸਕ ਅਸਥਾਨ ਹਨ :— 1. ਸ਼ੀਸ਼ ਮਹਲ, 2. ਖੂਹ ਮਲੀਆ, 3. ਗੁਰੂ ਕੇ ਮਹਿਲ, 4. ਗੰਗਾਸਰ ਕੂਆ, 5. ਟਾਹਲੀ ਸਾਹਿਬ, 6.ਥੰਮ ਸਾਹਿਬ, 7. ਦਮਦਮਾ ਸਾਹਿਬ, 8. ਨਾਨਕੀਆਣਾ, 9. ਬੇਰ ਸਾਹਿਬ, 10. ਮਾਤਾ ਕੌਲਾਂ ਦੀ ਸਮਾਧ, 11. ਵਿਵਾਹ ਅਸਥਾਨ।

ਸ਼ੀਸ਼ ਮਹਿਲ ਵਿਚ ਕੁਝ ਇਤਿਹਾਸਕ ਵਸਤੂਆਂ—ਗੁਰੂ ਗ੍ਰੰਥ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਦੀ ਖੜਗ, ਗੁਰੂ ਹਰਿਰਾਏ ਦਾ ਖੰਡਾ ਤੇ ਸੇਲੀ ਟੋਪੀ ਬਾਬਾ ਸਿਰੀ ਚੰਦ ਆਦਿ ਮੌਜੂਦ ਹਨ।

(ਕ-146) **ਕਰਦਮ** :

ਇਕ ਰਿਸ਼ੀ, ਜੋ ਬ੍ਰਹਮਾ ਦੀ ਛਾਇਆ ਤੋਂ ਪੈਦਾ ਹੋਇਆ। ਰਾਮਾਇਣ ਅਨੁਸਾਰ ਕਰਦਮ ਬ੍ਰਹਮਾ ਦੁਆਰਾ ਉਤਪੰਨ ਪ੍ਰਜਾਪਤੀਆਂ ਵਿਚੋਂ ਇਕ ਸੀ।

(ਕ-147) **ਕਰਨਾਲ** :

ਹਰਿਆਣੇ ਦਾ ਇਕ ਪ੍ਰਸਿਧ ਸ਼ਹਿਰ; ਰਵਾਇਤ ਹੈ ਕਿ ਇਸ ਨਗਰ ਨੂੰ ਮਹਾਂਭਾਰਤ ਦੇ ਪ੍ਰਸਿਧ ਯੋਧੇ ਕਰਣ ਨੇ ਵਸਾ ਕੇ ਇਹਦਾ ਨਾਂ 'ਕਰਨਾਲਯ' ਰਖਿਆ, ਜੋ ਮਗਰੋਂ ਵਿਗੜ ਕੇ ਕਰਨਾਲ ਬਣ ਗਿਆ। ਮਹਾਂਭਾਰਤ ਦੀ ਯੁਧ ਵਿਚ ਕਰਣ ਕੌਰਵਾਂ ਵਲੋਂ ਲੜਿਆ ਸੀ ਅਤੇ ਅਰਜਨ ਹੱਥੋਂ ਮਾਰਿਆ ਗਿਆ ਸੀ (ਵੇਖੋ : ਕਰਣ)।

ਕਰਨਾਲ ਦਾ ਨਗਰ ਸ਼ਾਹੀ ਸੜਕ ਉਤੇ ਪਾਣੀਪਤ ਦੇ ਨੇੜੇ ਹੋਣ ਕਰ ਕੇ ਕਈ ਵਾਰ ਉਜੜਿਆ। ਪਰ 1573 ਈ: ਵਿਚ ਇਬਰਾਹੀਮ ਮਿਰਜ਼ਾ ਨੇ ਜਦੋਂ ਅਕਬਰ ਵਿਰੁਧ ਬਗ਼ਾਵਤ

Sri Satguru Jagjit Singh Ji eLibrary NamdhariElibrary@gmail.com

ਕੀਤੀ, ਤਾਂ ਕਰਨਾਲ ਨੂੰ ਉਸ ਨੇ ਖ਼ੂਬ ਲੁਟਿਆ। ਨਾਦਰ ਸ਼ਾਹ ਨੇ 1739 ਈ: ਵਿਚ ਮੁਹੰਮਦ ਸ਼ਾਹ ਨੂੰ ਇਥੇ ਹੀ ਹਾਰ ਦਿਤੀ।

(ਕ-148) **ਕਰਬਲਾ :**

ਕੂਫ਼ਾ (ਇਰਾਕ) ਵਿਚ, ਫ਼ਰਾਤ ਦਰਿਆ ਦੇ ਪੱਛਮੀ ਕੰਢੇ ਉਤੇ ਸਥਿਤ ਇਕ ਅਸਥਾਨ, ਜਿਸ ਨੂੰ ਸ਼ੀਆ ਮੱਤ ਵਾਲੇ ਬੜੀ ਮਾਨਤਾ ਦਿੰਦੇ ਹਨ। ਇਥੇ ਹਜ਼ਰਤ ਮੁਹੰਮਦ ਸਾਹਿਬ ਦਾ ਦੋਹਤਰਾ ਹਜ਼ਰਤ ਇਮਾਮ ਹੁਸੈਨ, ਇਕ ਧਰਮ ਯੁਧ ਵਿਚ, ਦਮਿਸ਼ਕ ਦੇ ਸ਼ਹਿਜ਼ਾਦੇ ਯਜੀਦ-ਬਿਨ-ਮੁਆਵੀਆ ਹਥੋਂ, 680 ਈ: ਵਿਚ ਸ਼ਹੀਦ ਹੋ ਗਿਆ ਸੀ। ਮਗਰੋਂ ਇਥੇ ਇਮਾਮ ਹੁਸੈਨ ਦੀ ਸਿਮਰਤੀ ਵਿਚ ਇਕ ਗੁੰਬਦਦਾਰ ਮਕਬਰਾ ਬਣਾਇਆ ਗਿਆ।

ਇਮਾਮ ਹੁਸੈਨ ਦੀ ਯਾਦ ਵਿਚ ਮੁਹੱਰਮ ਵਾਲੇ ਦਿਨ ਤਾਜ਼ੀਏ ਕਢੇ ਜਾਂਦੇ ਹਨ, ਜੋ ਕਰਬਲਾ ਵਿਚ ਇਮਾਮ ਹੁਸੈਨ ਦੇ ਗੁੰਬਦਦਾਰ ਮਕਬਰੇ ਦੀ ਸ਼ਕਲ ਦੇ ਬਣਾਏ ਜਾਂਦੇ ਹਨ। ਨਗਰ ਵਿਚ ਜਿਥੇ ਕਿਧਰੇ ਇਹ ਤਾਜ਼ੀਏ ਸ਼ੀਆ ਮੁਸਲਮਾਨ ਦਬਦੇ ਹਨ; ਉਸ ਥਾਂ ਨੂੰ ਵੀ ਉਹ ਕਰਬਲਾ ਕਹਿੰਦੇ ਹਨ।

ਕੂਫ਼ਾ ਵਿਚ, ਮੁਸਲਮਾਨ ਕਰਬਲਾ ਦੇ ਆਲੇ ਦੁਆਲੇ ਮੁਰਦੇ ਦੱਬਣ ਨੂੰ ਸਵਾਬ ਮੰਨਦੇ ਹਨ। ਇਸੇ ਵਿਸ਼ਵਾਸ਼ ਤੋਂ ਕਰਬਲਾ ਦੇ ਨੇੜੇ ਕਬਰਸਤਾਨ ਬਨਾਣ ਦੀ ਪ੍ਰਥਾ ਪੈ ਗਈ।

ਮੁਹੱਰਮ ਦੀ ਦਸਵੀਂ ਦੀ ਰਾਤ ਨੂੰ, ਜਦੋਂ ਇਮਾਮ ਹੁਸੈਨ ਸ਼ਹੀਦ ਹੋਇਆ, ਸ਼ੀਆ ਕਤਲ ਦੀ ਰਾਤ ਕਹਿੰਦੇ ਹਨ।

(ਕ-149) **ਕਰਮ :**

ਪੰਜਾਬ ਦੀ ਲੋਕਧਾਰਾ ਵਿਚ ਕਰਮ ਦਾ ਸੰਕਲਪ ਬੜਾ ਮਹੱਤਵਸ਼ੀਲ ਹੈ। ਇਹ ਸੰਸਾਰ ਕਰਮ ਭੂਮੀ ਹੈ, ਜਿਥੇ ਪ੍ਰਾਣੀ ਜੋ ਵੀ ਕਰਮ ਕਰਦਾ ਹੈ, ਉਸ ਦਾ ਫਲ ਉਸ ਨੂੰ ਦੁਖ ਸੁਖ ਦੇ ਰੂਪ ਵਿਚ ਭੋਗਣਾ ਪੈਂਦਾ ਹੈ। ਪਿਛਲੇ ਜਨਮਾਂ ਦੇ ਕਰਮ ਪ੍ਰਾਣੀ ਵਰਤਮਾਨ ਜਨਮ ਵਿਚ ਭੋਗ ਰਹੇ ਹਨ, ਇਸ ਜਨਮ ਦੇ ਕਰਮਾਂ ਦਾ ਫਲ ਅਗਲੇ ਜਾਂ ਕਿਸੇ ਹੋਰ ਅਗਲੇਰੇ ਜਨਮ ਭੋਗਣੇ ਪੈਣਗੇ ਅਤੇ ਕਰਮਾਂ ਅਨੁਸਾਰ ਪ੍ਰਾਣੀ ਨੂੰ ਮਨੁਖ ਜੂਨ ਜਾਂ ਕਿਸੇ ਹੋਰ ਦੇਹ ਵਿਚ ਵਿਚਰਨਾ ਪਏਗਾ। ਚੌਰਾਸੀ ਲੱਖ ਜੂਨਾਂ ਦਾ ਸਾਰਾ ਸੰਕਲਪ ਵੀ ਕਰਮ ਨਾਲ ਜੁੜਿਆ ਹੋਇਆ ਹੈ। ਇਹ ਜੂਨਾਂ ਪ੍ਰਾਣੀ ਦੀ ਪਿਛਲੇ ਜਨਮ ਦੀਆਂ ਪ੍ਰਮੁਖ ਪ੍ਰਵਿਰਤੀ ਉਤੇ ਹੀ ਆਧਾਰਤ ਹੁੰਦੀਆਂ ਹਨ। ਪਸ਼ੂ ਬਿਰਤੀਆਂ ਵਾਲਾ ਆਦਮੀ ਅਗਲੇ ਜਨਮ ਪਸ਼ੂ ਜੂਨ ਵਿਚ ਪਏਗਾ। ਮਾਇਆ ਵਿਚ ਬਹੁਤਾ ਮੋਹ ਰਖਣ ਵਾਲਾ ਪ੍ਰਾਣੀ ਸੱਪ ਦੀ ਜੂਨ ਭੋਗਦਾ ਹੈ ਅਤੇ ਕਾਮ ਵਿਚ ਲੀਨ ਰਹਿਣ ਵਾਲਾ ਕੁੱਤੇ ਦੀ ਜੂਨ ਵਿਚ (ਵੇਖੋ : ਜੂਨੀਆਂ)।

ਇਸ ਵਾਸਤੇ ਪ੍ਰਾਣੀ ਜੋ ਕੁਝ ਸੰਸਾਰ ਦੀ ਕਰਮ ਭੂਮੀ ਵਿਚ, ਜੀਵਨ ਦੀ ਖੇਤੀ ਵਿਚ ਬੀਜਦਾ ਹੈ, ਉਸੇ ਨੂੰ ਹੀ ਅਗਲੇ ਜਨਮ ਵਿਚ ਕਰਮਾਂ ਦੀ ਸ਼ਕਲ ਵਿਚ ਵਢਦਾ ਹੈ। ਇਕ ਕਹਾਵਤ ਵਿਚ ਇਸੇ ਸੰਕਲਪ ਵਲ ਸੰਕੇਤ ਹੈ :

ਜੋ ਕੁਝ ਬੀਜੇ ਸੋਈ ਜੰਮੇ
ਜਿਸ ਨੇ ਵਾਹ ਕਮਾਈ।
ਤੂੰ ਕਿਉਂ ਆਪਣੀ ਖੇਤੀ ਅੰਦਰ
ਕਾਈ ਦੁਭ ਉਗਾਈ।

ਕਰਮ ਦਾ ਸੰਕਲਪ ਲੋਕ-ਮਨ ਨਾਲ ਸਬੰਧਿਤ ਹੋਣ ਕਰ ਕੇ ਲੋਕਧਾਰਾ ਦੇ ਖੇਤਰ ਦੀ ਵਸਤੂ ਹੈ। ਇਸ ਸੰਕਲਪ ਦੀ ਸਿਰਜਨਾ ਕਿਸੇ ਵਿਸ਼ੇਸ਼ ਵਿਅਕਤੀ ਨੇ ਨਹੀਂ ਕੀਤੀ, ਇਹ ਲੋਕਾਂ ਦੇ ਸਾਮੂਹਿਕ ਸੋਚ ਵਿਚੋਂ ਉਤਪੰਨ ਹੋ ਕੇ ਪਰੰਪਰਾ ਦਾ ਅੰਗ ਬਣਿਆ ਹੈ। ਇਸ ਸਿਧਾਂਤ ਦਾ ਮੂਲ ਆਧਾਰ ਇਹ ਜਾਪਦਾ ਹੈ ਕਿ ਜਦੋਂ ਅਸੀਂ ਇਕੋ ਤਰ੍ਹਾਂ ਦੇ ਚੰਗੇ ਜਾਂ ਮੰਦੇ ਕਰਮ ਬਾਰ ਬਾਰ ਦੁਹਰਾਂਦੇ ਹਾਂ, ਤਾਂ ਸਾਡੀ ਬਿਰਤੀ ਉਸੇ ਤਰ੍ਹਾਂ ਦੀ ਮਾਨਸਿਕਤਾ ਗ੍ਰਹਿਣ ਕਰ ਲੈਂਦੀ ਹੈ ਅਤੇ ਹੌਲੇ ਹੌਲੇ ਇਹੋ ਬਿਰਤੀ ਸਾਡਾ ਸੰਸਕਾਰ ਬਣ ਜਾਂਦੀ ਹੈ, ਜੋ ਅਗਲੇ ਜਨਮ ਦਾ ਆਧਾਰ ਬਣਦੀ ਹੈ। ਪਸ਼ੂ ਬਿਰਤੀਆਂ ਵਾਲੇ ਪ੍ਰਾਣੀ ਅਗਲੇ ਜਨਮ ਕਿਸੇ ਪਸ਼ੂ ਦੀ ਜੂਨ ਵਿਚ ਪੈਂਦੇ ਹਨ, ਮਨੁਖ ਬਿਰਤੀਆਂ ਵਾਲੇ ਮੁੜ ਮਨੁਖਾ ਜੂਨ ਵਿਚ ਅਤੇ ਦੈਵੀ ਬਿਰਤੀਆਂ ਵਾਲੇ ਨੂੰ ਮੁਕਤੀ ਮਿਲ ਜਾਂਦੀ ਹੈ।

ਲੋਕ ਨਿਸਚੇ ਅਨੁਸਾਰ ਹਰੇਕ ਕਰਮ ਦਾ ਫਲ ਪ੍ਰਾਣੀ ਨੂੰ ਕਿਸੇ ਨਾ ਕਿਸੇ ਜਨਮ ਵਿਚ ਜ਼ਰੂਰ ਭੋਗਣਾ ਪੈਂਦਾ ਹੈ। ਵਰਤਮਾਨ ਜੀਵਨ ਅਤੀਤ ਦਾ ਫਲ ਹੈ ਅਤੇ ਭਵਿਖਤ ਵਰਤਮਾਨ ਦਾ ਫਲ। ਜਦੋਂ ਤਕ ਕਰਮਾਂ ਦਾ ਭੋਗ ਮੁਕਦਾ ਨਹੀਂ, ਉਦੋਂ ਤਕ ਪ੍ਰਾਣੀ ਦੇ ਜਨਮ ਮਰਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ।

ਕਰਮ-ਰੇਖ ਭਾਵੇਂ ਬਦਲੀ ਨਹੀਂ ਜਾ ਸਕਦੀ, ਪਰ ਵਰਤਮਾਨ ਕਰਮਾਂ ਦੀ ਸ਼ਕਤੀ ਨਾਲ ਉਨ੍ਹਾਂ ਦਾ ਜ਼ੋਰ ਅਤੇ ਪ੍ਰਭਾਵ ਘਟਾਇਆ ਜਾ ਸਕਦਾ ਹੈ। ਜੇ ਪ੍ਰਾਣੀ ਨੇ ਪਿਛਲੇ ਜਨਮ ਪੁੰਨ ਕਰਮ ਕਾਫ਼ੀ ਮਾਤਰਾ ਵਿਚ ਕੀਤੇ ਹੋਣ, ਪਰ ਵਰਤਮਾਨ ਜਨਮ ਵਿਚ ਉਸ ਵਿਚ ਪਾਪ ਦੀਆਂ ਪ੍ਰਵਿਰਤੀਆਂ ਪ੍ਰਬਲ ਹੋ ਗਈਆਂ ਹੋਣ, ਤਾਂ ਸਹਿਜ ਰੂਪ ਵਿਚ ਪੁੰਨ ਕਰਮ ਗ੍ਰਹਿਣੇ ਜਾਂਦੇ ਹਨ। ਇਸ ਤਰ੍ਹਾਂ ਜੇ ਕਿਸੇ ਪ੍ਰਾਣੀ ਨੇ ਪਿਛਲੇ ਜਨਮ ਕਾਫ਼ੀ ਸਾਰੇ ਪਾਪ ਕਮਾਏ ਹੋਣ ਤੇ ਵਰਤਮਾਨ ਜਨਮ ਵਿਚ ਪੁੰਨ ਕਰਮ ਕਰਦਾ ਰਿਹਾ ਹੋਵੇ, ਤਾਂ ਸੁਤੇ ਸਿਧ ਪਾਪਾਂ ਦੇ ਭੋਗਣ ਦੀ ਕਰੜਾਈ ਘਟ ਜਾਂਦੀ ਹੈ। ਇਹੋ ਸੰਕਲਪ 'ਸੂਲੀ ਦਾ ਕੰਡਾ' ਤੇ 'ਮੁਹਰਾਂ ਦੇ ਕੋਲੇ' ਨਾਂ ਦੀ ਸਾਖੀ ਦੁਆਰਾ ਪ੍ਰਗਟ ਕੀਤਾ ਗਿਆ ਹੈ (ਵੇਖੋ : ਸੂਲੀ ਦਾ ਕੰਡਾ)।

ਕਰਮਾਂ ਦੇ ਭੋਗ ਤੋਂ ਹੀ ਸਵਰਗ ਅਤੇ ਨਰਕ ਦਾ ਸੰਕਲਪ ਪੈਦਾ ਹੋਇਆ। ਇਹ ਸੰਕਲਪ ਆਵਾਗਵਨ ਤੋਂ ਪਹਿਲਾਂ ਦਾ ਜਾਪਦਾ ਹੈ। ਚੰਗੇ ਕਰਮ ਕਰਨ ਵਾਲੇ ਸਵਰਗ ਲੋਕ ਨੂੰ ਜਾਂਦੇ ਹਨ ਅਤੇ ਮੰਦੇ ਕਰਮਾਂ ਵਾਲੇ ਨਰਕ ਨੂੰ।

ਸ਼ਾਸਤਰਾਂ ਵਿਚ ਕਰਮ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ :

(ੳ) ਕਿਰਿਆਮਾਣ
(ਅ) ਪ੍ਰਾਲਬਧ
(ੲ) ਸੰਚਿਤਾ

ਕਿਰਿਆਮਾਣ ਉਹ ਕਰਮ ਹਨ, ਜੋ ਕੋਈ ਪ੍ਰਾਣੀ ਵਰਤਮਾਨ ਦੇਹ ਵਿਚ ਕਰ ਰਿਹਾ ਹੈ ਅਤੇ ਜਿਨ੍ਹਾਂ ਦਾ ਫਲ ਅਜੇ ਅਗਲੇ ਜਨਮਾਂ ਵਿਚ ਭੋਗਣਾ ਹੈ। ਕਿਰਿਆਮਾਣ ਕਰਮਾਂ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਇਕ, ਨਿਤ ਕਰਮ ਜੋ ਪ੍ਰਾਣੀ ਰੋਜ਼ ਨੇਮ ਪੂਰਵਕ ਕਰਦਾ ਹੈ, ਜਿਵੇਂ ਪੂਜਾ ਪਾਠ ਤੇ ਇਸ਼ਨਾਨ ਆਦਿ। ਦੂਜਾ, ਨਮਿਤ ਕਰਮ ਜੋ ਕਿਸੇ ਖ਼ਾਸ ਅਵਸਰ ਉਤੇ ਕਿਸੇ ਪ੍ਰਾਣੀ ਜਾਂ ਦੇਵਤੇ ਨਮਿਤ ਕੀਤੇ ਜਾਂਦੇ ਹਨ, ਜਿਵੇਂ ਬੱਚੇ ਦੇ ਜਨਮ ਸਮੇਂ ਨਾਮ-ਸੰਸਕਾਰ ਦਾ ਕਰਮ ਜਾਂ ਪੂਰਨਮਾਸ਼ੀ, ਮੱਸਿਆ ਆਦਿ ਪੁਰਬਾਂ ਉਪਰ ਵਰਤ ਅਤੇ ਪੁੰਨ ਦਾਨ ਕਰਨ ਦਾ ਕਰਮ।

ਪ੍ਰਾਲਬਧ ਉਹ ਕਰਮ ਹਨ, ਜੋ ਪ੍ਰਾਣੀ ਨੇ ਕਿਸੇ ਹੋਰ ਜਨਮ ਕੀਤੇ ਹੁੰਦੇ ਹਨ ਅਤੇ ਜਿਨ੍ਹਾਂ ਦੇ ਫਲਸਰੂਪ ਉਸ ਨੂੰ ਵਰਤਮਾਨ ਜਨਮ ਪ੍ਰਾਪਤ ਹੁੰਦਾ ਹੈ। ਵਰਤਮਾਨ ਅਤੀਤ ਦਾ ਫਲ ਹੈ। ਇਸ ਪ੍ਰਾਲਬਧ ਨੂੰ ਕੋਈ ਬਦਲ ਨਹੀਂ ਸਕਦਾ। ਇਸੇ ਨੂੰ 'ਕਰਮ ਰੇਖ' ਵੀ ਕਿਹਾ ਜਾਂਦਾ ਹੈ। ਪਿਛਲੇ ਜਨਮਾਂ ਦੇ ਕਰਮਾਂ ਦੇ ਬਲ ਸਰੂਪ, ਜੋ ਕੁਝ ਪ੍ਰਾਣੀ ਦੇ ਕਰਮਾਂ ਵਿਚ ਵਰਤਮਾਨ ਦੇਹ ਦੇ ਭੋਗਣ ਲਈ ਧੁਰੋਂ ਲਿਖਿਆ ਗਿਆ ਹੈ, ਉਸ ਨੂੰ ਕੋਈ ਮੇਟ ਨਹੀਂ ਸਕਦਾ—"ਕਰਮ ਰੇਖ ਬਲਵਾਨ" ਵਿਚ ਇਸੇ ਸੰਕਲਪ ਨੂੰ ਸੂਤਰਬਧ ਕੀਤਾ ਗਿਆ ਹੈ।

ਤੀਜੇ ਸੰਚਿਤ ਕਰਮ ਹਨ। ਪਿਛਲੇ ਜਨਮਾਂ ਦੇ ਕੁਝ ਕਰਮ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੇ ਫਲ ਪ੍ਰਾਣੀ ਨੇ ਵਰਤਮਾਨ ਜਨਮ ਵਿਚ ਨਹੀਂ ਭੋਗਣੇ ਹੁੰਦੇ, ਉਹ ਕਰਮ ਸੰਚਿਤ ਰੂਪ ਵਿਚ ਪ੍ਰਾਣੀ ਦੇ ਨਾਲ ਅਗਲੇ ਜਨਮਾਂ ਵਿਚ ਤੁਰਦੇ ਜਾਂਦੇ ਹਨ।

(ਕ-150) **ਕਰਮ ਸਾਖੀ :**

ਉਹ ਦੇਵੀ ਦੇਵਤੇ, ਜੋ ਪ੍ਰਾਣੀਆਂ ਦੇ ਚੰਗੇ ਮੰਦੇ ਕਰਮਾਂ ਉਤੇ ਨਿਗਾਹ ਰਖਦੇ ਹਨ ਅਤੇ

Sri Satguru Jagjit Singh Ji eLibrary NamdhariElibrary@gmail.com

ਇਹਦੀ ਸੂਚਨਾ ਪ੍ਰਭੂ ਦੇ ਦਰਬਾਰ ਵਿਚ ਦੇਂਦੇ ਹਨ। ਹਿੰਦੂ ਸ਼ਾਸਤਰਾਂ ਅਨੁਸਾਰ ਇਹ ਦੇਵਤੇ ਗਿਣਤੀ ਵਿਚ ਸੱਤ ਹਨ—ਸੂਰਜ, ਚੰਨ, ਧਰਤੀ, ਜਲ, ਅਗਨੀ, ਵਾਯੂ ਅਤੇ ਧਰਮਰਾਜ। ਮਨੁਖ ਜੋ ਵੀ ਕਰਮ ਕਰਦਾ ਹੈ, ਉਹ ਇਨ੍ਹਾਂ ਦੇਵੀ ਦੇਵਤਿਆਂ ਤੋਂ ਛੁਪਿਆ ਨਹੀਂ ਰਹਿੰਦਾ ਅਤੇ ਇਹੋ ਅਗਲੇ ਲੋਕ ਵਿਚ ਉਨ੍ਹਾਂ ਕਰਮਾਂ ਦੇ ਸਾਖੀ ਬਣਦੇ ਹਨ।

(ਕ-151) **ਕਰਮ ਕਾਂਡ :**

ਸ਼ਾਸਤ੍ਰਾਂ ਵਿਚ ਪ੍ਰਾਣੀਆਂ ਦੇ ਕਰਨ ਯੋਗ ਅਤੇ ਤਿਆਗਣ ਯੋਗ ਕਰਮਾਂ ਦੇ ਵਿਧਾਨ ਅਤੇ ਸਰੂਪ ਦਾ ਜ਼ਿਕਰ ਜਿਸ ਅਧਿਆਇ ਵਿਚ ਮਿਲਦਾ ਹੈ, ਉਸ ਦਾ ਨਾਂ 'ਕਰਮ ਕਾਂਡ' ਹੈ। ਸਮੇਂ ਨਾਲ ਇਹੋ ਸ਼ਬਦ ਧਰਮ ਨਾਲ ਸਬੰਧਿਤ ਕਰਮਾਂ, ਸੰਸਕਾਰਾਂ, ਪੂਜਾ ਪਾਠ ਦੀਆਂ ਵਿਧੀਆਂ, ਪੂਜਾ ਅਰਚਾ, ਪੁੰਨ ਦਾਨ ਅਤੇ ਨਕਾਰਨ ਵਾਲੀਆਂ ਕਿਰਿਆਵਾਂ-ਨਿਸ਼ੇਧਾਂ, ਆਦਿ ਲਈ ਵੀ ਸਾਮੂਹਿਕ ਰੂਪ ਵਿਚ ਰੂੜ੍ਹ ਹੋ ਗਿਆ।

ਕਰਮ ਕਾਂਡ ਪ੍ਰਮੁਖ ਰੂਪ ਵਿਚ ਦੋ ਭਾਗਾਂ ਵਿਚ ਵੰਡੇ ਜਾ ਸਕਦੇ ਹਨ। (ੳ) ਵਿਹਿਤ—ਜਿਨ੍ਹਾਂ ਦਾ ਕਰਨਾ ਲਾਜ਼ਮੀ ਹੈ। (ਅ) ਨਿਸ਼ੇਧ—ਜਿਨ੍ਹਾਂ ਦਾ ਕਰਨਾ ਮਨ੍ਹਾ ਹੈ। ਇਨ੍ਹਾਂ ਦੋਹਾਂ ਕਿਸਮਾਂ ਦੇ ਕਰਮਾਂ ਦਾ ਆਧਾਰ ਮਨੁਖ ਦੀਆਂ ਸਹਿਜ ਬਿਰਤੀਆਂ 'ਰਤੀ' ਅਤੇ 'ਭੈ' ਹਨ, ਜੋ ਜਨਮ ਤੋਂ ਹੀ ਮਨੁਖ ਵਿਚ ਵਿਦਮਾਨ ਰਹਿੰਦੀਆਂ ਹਨ। ਰਤੀ ਕਾਮ ਭਾਵ ਹਨ, ਜੋ ਇਕ ਤੋਂ ਅਨੇਕ ਹੋਣਾ ਚਾਹੁੰਦੇ ਹਨ ਭਾਵ ਵਿਸਥਾਰ ਲੋਚਦੇ ਹਨ। ਵਿਸਥਾਰ ਲਈ ਮਨੁਖ ਆਪੇ ਤੋਂ ਬਾਹਰ ਵਲ ਫੈਲਣ ਲਈ ਕੁਝ ਕਰਮ ਕਰਦਾ ਹੈ। ਇਹੋ ਕਰਮ ਵਿਹਿਤ ਕਹੇ ਜਾਂਦੇ ਹਨ। ਪਰ ਜਦੋਂ ਮਨੁਖ ਵਿਸਥਾਰ ਚਾਹੁੰਦਾ ਹੈ, ਤਾਂ ਬਾਹਰਲੀਆਂ ਸ਼ਕਤੀਆਂ ਨਾਲ ਉਸ ਦਾ ਵਾਸਤਾ ਪੈਂਦਾ ਹੈ। ਇਸ ਵਾਸਤੇ ਉਸ ਦੇ ਮਨ ਵਿਚ ਸ੍ਵੈ-ਰੱਖਿਆ ਦੇ ਭਾਵ ਉਠਦੇ ਹਨ, ਜੋ ਭੈ ਬਣ ਕੇ ਉਸ ਨੂੰ ਕੁਝ ਕੰਮਾਂ ਤੋਂ ਵਰਜਦੇ ਹਨ। ਪਹਿਲੀ ਕਿਸਮ ਦੇ ਕਰਮ ਰੀਤਾਂ (ਅਨੁਸ਼ਠਾਨ) ਨੂੰ ਜਨਮ ਦੇਂਦੇ ਹਨ ਅਤੇ ਦੂਜੀ ਕਿਸਮ ਦੇ ਵਰਜਨ (Tabu) ਨੂੰ।

ਕਰਨ ਗੋਚਰੇ ਕਰਮਾਂ ਨੂੰ ਸ਼ਾਸਤ੍ਰੀਆਂ ਨੇ ਅੱਗੋਂ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ — ਨਿਤ (ਨਿਤਯ) ਅਤੇ ਨਮਿਤ (ਨੈਮਿਤਕ)। ਨਿੱਤ ਕਰਮ ਅੱਗੋਂ ਤਿੰਨ ਹਿੱਸਿਆਂ ਵਿਚ ਵੰਡੇ ਗਏ ਹਨ (ੳ) ਸੰਧਿਆ, (ਅ) ਪੂਜਾ ਅਤੇ (ੲ) ਪੰਚ ਮਹਾ ਯਜਨਾ। ਸੰਧਿਆ ਦੀ ਪ੍ਰਾਰਥਨਾ ਦਿਨ ਵਿਚ ਤਿੰਨ ਵਾਰ ਇਸ਼ਨਾਨ ਉਪਰੰਤ ਕੀਤੀ ਜਾਂਦੀ ਹੈ। ਸੂਰਜ ਦੇ ਉਦੇ ਹੋਣ ਵੇਲੇ, ਦੁਪਹਿਰਾਂ ਵੇਲੇ ਅਤੇ ਸੂਰਜ ਦ ਅਸਤ ਹਨ ਤੋਂ ਪਹਿਲਾਂ। ਸਵੇਰ ਦੀ ਸੰਧਿਆ ਪੂਰਵ ਮੁਖ, ਦੁਪਹਿਰ ਦੀ ਉੱਤਰ ਮੁਖ ਅਤੇ ਸੰਝ ਦੀ ਪੱਛਮ-ਉੱਤਰ ਮੁਖ ਕਰਨ ਦੀ ਪ੍ਰਥਾ ਹੈ। ਸੰਧਿਆ ਵੈਦਿਕ ਮੂਲਕ ਕਰਮ ਕਾਂਡ ਹੈ ਅਤੇ ਪ੍ਰਾਰਥਨਾ ਸਮੇਂ ਵੇਦ ਮੰਤਰਾਂ ਦਾ ਉੱਚਾਰਨ ਕੀਤਾ ਜਾਂਦਾ ਹੈ। ਸੰਧਿਆ ਦੇ ਤਿੰਨ ਅੰਗ ਹਨ : ਪਹਿਲਾਂ ਵੇਦ ਮੰਤਰਾਂ ਦਾ ਪਾਠ ਕੀਤਾ ਜਾਂਦਾ ਹੈ, ਫਿਰ ਗਾਇਤਰੀ ਜਾਂ ਸਾਵਿਤ੍ਰੀ ਮੰਤਰ ਪੜ੍ਹਿਆ ਜਾਂਦਾ ਹੈ, ਇਸ ਤੋਂ ਉਪਰੰਤ ਪ੍ਰਾਣਾਯਾਮ ਕੀਤਾ ਜਾਂਦਾ ਹੈ।

ਦੂਜਾ ਨਿਤ-ਕਰਮ ਪੂਜਾ ਹੈ, ਇਸ ਕਰਮ ਕਾਂਡ ਵਿਚ ਪਹਿਲਾਂ ਨੌਂ ਗ੍ਰਹਿਆਂ, ਦਸਾਂ ਦਿਗਪਾਲਾਂ, ਵਿਸ਼ਨੂੰ, ਸੂਰਯ, ਗਣੇਸ਼, ਸ਼ਿਵ, ਸ਼ਕਤੀ ਦੀ ਪੂਜਾ ਕੀਤੀ ਜਾਂਦੀ ਹੈ। ਫਿਰ ਆਪੋ ਆਪਣੇ ਮੂਲ ਇਸ਼ਟ ਨੂੰ ਪੂਜਿਆ ਜਾਂਦਾ ਹੈ। ਵਿਸ਼ਨੂੰ ਭਗਤ ਠਾਕਰਾਂ ਅਤੇ ਸਾਲਿਗਰਾਮ ਦੀ ਪੂਜਾ ਕਰਦੇ ਹਨ, ਸ਼ਿਵ ਭਗਤ ਸ਼ਿਵ ਲਿੰਗ ਦੀ। ਪੂਜਾ ਅਰਚਾ ਵੇਲੇ ਧੂਪ ਦੀਪ, ਨੈਵੇਦ, ਅਰਗ, ਮਧੁਪਰਕਾ, ਗੰਧਾ, ਫੁੱਲ ਅਤੇ ਤੁਲਸੀ ਦੇ ਪੱਤੇ ਭੇਟ ਕੀਤੇ ਜਾਂਦੇ ਹਨ ਅਤੇ ਇਸ ਤੋਂ ਬਾਅਦ ਆਰਤੀ ਉਤਾਰੀ ਜਾਂਦੀ ਹੈ।

ਤੀਜਾ ਨਿਤ-ਕਰਮ ਪੰਚ ਮਹਾ ਯਜਨਾ ਹੈ, ਜਿਸ ਦੇ ਅੰਤਰਗਤ ਹੇਠਲੇ ਪੰਜ ਯਗ ਕੀਤੇ ਜਾਂਦੇ ਹਨ — (ੳ) ਬ੍ਰਹਮ ਯਜਨਾ, (ਅ) ਪਿਤਰੀ ਯਜਨਾ, (ੲ) ਦੇਵ ਯਜਨਾ, (ਸ) ਭੂਤ ਯਜਨਾ, (ਹ) ਅਤਿਥੀ ਯਜਨਾ। ਬ੍ਰਹਮ ਯਜਨਾ ਵੇਦਾਂ ਦੇ ਅਧਿਐਨ ਦੁਆਰਾ ਹੁੰਦਾ ਹੈ; ਪਿਤਰੀ ਯਜਨਾ ਵਿਚ ਪਿਤਾ ਨੂੰ ਪਾਣੀ ਤੇ ਤਰਪਣ ਦਿਤਾ ਜਾਂਦਾ ਹੈ। ਦੇਵ ਯਜਨਾ ਵਿਚ ਅਗਨੀ (ਹਵਨ) ਦੁਆਰਾ ਦੇਵਤਿਆਂ ਨੂੰ ਭੇਟਾ ਦਿਤੀਆਂ ਜਾਂਦੀਆਂ, ਵੇਦੀ ਵਿਚ ਸਦਾ ਪਵਿਤ੍ਰ ਅੱਗ ਬਾਲੀ ਜਾਂਦੀ ਅਤੇ ਘਿਉ ਦੀ ਜੋਤ ਜਗਾਈ ਜਾਂਦੀ ਹੈ। ਭੂਤ ਯਜਨਾ ਵਿਚ ਭੂਤ ਪ੍ਰੇਤ ਨੂੰ ਪਤਿਆਣ ਜਾਂ ਵਿਛੜੀਆਂ ਰੂਹਾਂ ਨੂੰ ਭੇਟਾ ਦਿਤੀਆਂ ਜਾਂਦੀਆਂ ਹਨ। ਪੰਜਵਾਂ ਯਗ ਮਹਿਮਾਨ ਨਿਵਾਜ਼ੀ, ਲੋੜਵੰਦਾਂ ਨੂੰ ਪੁੰਨ ਦਾਨ ਅਤੇ ਦੁਖੀਆਂ ਦਲਿਦ੍ਰੀਆਂ ਦੀ ਸਹਾਇਤਾ ਕਰਨਾ ਹੈ।

ਦੂਜੀ ਕਿਸਮ ਦੇ ਕਰਮ ਨਮਿਤ ਜਾਂ ਨਮੈਤਿਕ ਕਰਮ ਹਨ, ਜੋ ਕਦੇ ਕਦੇ ਕਿਸੇ ਨਮਿਤ ਜਾਂ ਵਿਸ਼ੇਸ਼ ਤਿਥ ਤਿਉਹਾਰ ਉਤੇ ਕੀਤੇ ਜਾਂਦੇ ਹਨ। ਨਮਿਤ ਕਰਮ ਅੱਗੋਂ ਚਾਰ ਭਾਗਾਂ ਵਿਚ ਵੰਡੇ ਹੋਏ ਹਨ —

(ੳ) ਸੰਸਕਾਰ, (ਅ) ਸ਼ਾਂਤੀ ਕਰਮ, (ੲ) ਵਰਤ ਅਤੇ ਕਥਾ, (ਸ) ਪ੍ਰਾਸਚਿਤ।

ਸੰਸਕਾਰ ਧਾਰਮਿਕ ਭਾਵਨਾ ਨਾਲ ਕੀਤੀਆਂ ਰਹੁ-ਰੀਤਾਂ ਹਨ, ਜੋ ਜਨਮ, ਵਿਆਹ ਅਤੇ ਮੌਤ ਨਾਲ ਸਬੰਧਿਤ ਹਨ। ਹਿੰਦੂ ਧਾਰਨਾ ਅਨੁਸਾਰ ਸੰਸਕਾਰ ਦਾ ਸੂਖਮ ਪ੍ਰਭਾਵ ਪ੍ਰਾਣੀ ਦੇ ਜੀਵਨ ਉਤੇ ਸਹਿਜ ਭਾਵ ਵਿਚ ਪੈਂਦਾ ਅਤੇ ਉਸ ਦੀ ਪ੍ਰਤਿਭਾ ਦਾ ਨਿਰਮਾਣ ਕਰਦਾ ਹੈ। ਇਨ੍ਹਾਂ ਸੰਸਕਾਰਾਂ ਦੀ ਗਿਣਤੀ ਤਾਂ ਬੇਸ਼ੁਮਾਰ ਹੈ, ਪਰ ਹਿੰਦੂਆਂ ਵਿਚ ਸੋਲਾਂ ਸੰਸਕਾਰਾਂ ਨੂੰ ਪ੍ਰਮੁਖਤਾ ਪ੍ਰਾਪਤ ਹੈ ਜਿਹਾ ਕਿ ਗਰਭ ਦਾਨ, ਪੁੰਸਵਨ, ਸੰਮੰਤੋਨਯਨ, ਜਾਤ ਕਰਮ, ਨਾਮ ਕਰਮ, ਨਿਸ਼ਕ੍ਰਮਣ, ਅੰਨ ਪ੍ਰਾਸਨ, ਚੂੜਾਕਰਮ, ਉਪਨਯਨ, ਕੇਸ਼ਾਂਤ, ਸਮਾਵਰਤਨ, ਵਿਆਹ, ਅੰਤੇਸ਼ਟੀ ਸੰਸਕਾਰ ਆਦਿ (ਵੇਖੋ : ਸੰਸਕਾਰ)।

ਸ਼ਾਂਤੀ ਕਰਮ ਦੇ ਅੰਤਰਗਤ ਗਣੇਸ਼ ਪੂਜਾ, ਗ੍ਰਹਿ ਪੂਜਾ ਆਦਿ ਆਉਂਦੇ ਹਨ। ਸ਼ਗਨ ਅਪਸ਼ਗਨ, ਵਿਚਾਰ ਵੀ ਸ਼ਾਂਤੀ ਕਰਮ ਦਾ ਹੀ ਸਹਿਜ ਭਾਗ ਹਨ। ਵਿਆਹ ਸ਼ਾਦੀ ਵੇਲੇ ਵੀ ਸ਼ਾਂਤ ਕਰਮ ਕਰਵਾਣ ਦੀ ਪ੍ਰਥਾ ਹੈ (ਵੇਖੋ : ਸ਼ਾਂਤ)।

ਵਰਤ ਅਤੇ ਕਥਾ — ਹਿੰਦੂਆਂ ਵਿਚ ਇਕਾਦਸ਼ੀ, ਮਸਿਆ, ਪੂਰਨਮਾਸ਼ੀ ਆਦਿ ਖ਼ਾਸ ਖ਼ਾਸ ਤਿਥਾਂ ਅਤੇ ਦਿਨ-ਦਿਹਾਰਾਂ ਉਤੇ ਵਰਤ ਰਖਣਾ ਵਿਧਾਨ ਹੈ। ਹਿੰਦੂ ਧਾਰਨਾ ਅਨੁਸਾਰ ਵਰਤਾਂ ਨਾਲ ਦੇਵਤੇ ਪ੍ਰਸੰਨ ਹੁੰਦੇ, ਮਨ ਅਤੇ ਆਤਮਾ ਸੂਖਮ ਰੂਪ ਵਿਚ ਸ਼ੁਧ ਹੁੰਦੀ ਹੈ ਅਤੇ ਮਨ-ਇੱਛਤ ਫਲ ਪ੍ਰਾਪਤ ਹੁੰਦੇ ਹਨ। ਹਰੇਕ ਵਰਤ ਨਾਲ ਕੋਈ ਨਾ ਕੋਈ ਕਥਾ ਜੁੜੀ ਹੋਈ ਹੈ, ਜਿਸ ਦੁਆਰਾ ਉਸ ਵਰਤ ਦੇ ਮਹਾਤਮ ਉਪਰ ਪ੍ਰਕਾਸ਼ ਪਾਇਆ ਗਿਆ ਹੈ।

ਪ੍ਰਾਸਚਿਤ ਕਰਮ — ਇਨ੍ਹਾਂ ਦੁਆਰਾ ਖੋਟੇ ਕਰਮਾਂ ਅਤੇ ਪਾਪਾਂ ਤੋਂ ਵਿਮੁਕਤ ਹੋਣ ਲਈ ਪ੍ਰਾਸਚਿਤ ਕੀਤਾ ਜਾਂਦਾ ਹੈ।

ਧਰਮ ਸ਼ਾਸਤਰਾਂ ਅਤੇ ਗ੍ਰਹਿ ਸੂਤਰਾਂ ਵਿਚ ਨਿਤ ਕਰਮ ਅਤੇ ਨਮਿਤ ਕਰਮ ਦਾ ਵਰਨਣ ਵੇਰਵੇ ਨਾਲ ਮਿਲਦਾ ਹੈ।

ਮਨੂ ਸਿਮਰਤੀ ਵਿਚ ਪ੍ਰਾਣੀ ਲਈ ਖਟ ਕਰਮ ਜ਼ਰੂਰੀ ਮੰਨੇ ਗਏ ਹਨ, ਜੋ ਇਸ ਪ੍ਰਕਾਰ ਹਨ — ਅਧਯਨ, ਅਧਯਾਪਨ, ਯਜਨ, ਯਾਜਨ, ਦਾਨ, ਪ੍ਰਤਿ ਗ੍ਰਹਿ। ਇਨ੍ਹਾਂ ਕਰਮਾਂ ਵਿਚ ਜੇ ਇਸ਼ਨਾਨ, ਜਪ, ਹਵਨ, ਦੇਵ ਪੂਜਨ, ਤੀਰਥ ਯਾਤਰਾ ਅਤੇ ਤਪ ਛੇ ਕਰਮ ਹੋਰ ਜੋੜ ਲਏ ਜਾਣ, ਤਾਂ ਇਹ ਦਵਾਦਸ ਕਰਮ ਬਣਦੇ ਹਨ।

ਨਿਸ਼ੇਧ ਕਰਮਾਂ ਵਿਚ ਜੂਆ ਖੇਡਣਾ, ਚੋਰੀ ਚਕਾਰੀ ਤੇ ਸ਼ਰਾਬ ਦੀ ਮਨਾਹੀ ਹੈ। ਇਹ ਕਰਮ ਆਤਮਿਕ ਕਲਿਆਣ ਵਿਚ ਰੁਕਾਵਟ ਬਣਦੇ ਹਨ। ਇਸ ਤੋਂ ਇਲਾਵਾ ਗਊ ਅਤੇ ਬ੍ਰਾਹਮਣ ਹੱਤਿਆ ਨੂੰ ਵੀ ਵੱਡਾ ਪਾਪ ਮੰਨਿਆ ਗਿਆ ਹੈ। ਬਾਸ਼ਕ ਨਾਗ ਨੂੰ ਗਊ ਹੱਤਿਆ ਕਾਰਨ ਕੋਹੜ ਹੋ ਗਿਆ ਸੀ ਅਤੇ ਸ਼ਿਵ ਨੇ ਜਦੋਂ ਬ੍ਰਹਮਾ ਦਾ ਇਕ ਸਿਰ ਵਢ ਦਿਤਾ, ਤਾਂ ਉਹ ਸੀਸ ਸ਼ਿਵ ਦੇ ਹੱਥਾਂ

Sri Satguru Jagjit Singh Ji eLibrary NamdhariElibrary@gmail.com

ਨਾਲ ਹੀ ਚੰਬੜ ਗਿਆ ਅਤੇ ਕਪਾਲ ਮੋਚਨ ਨਾਂ ਦੇ ਤੀਰਥ ਉਪਰ ਇਸ਼ਨਾਨ ਕਰਨ ਨਾਲ ਉਤਰਿਆ।

ਕੁਝ ਨਦੀਆਂ ਦੇ ਇਸ਼ਨਾਨ ਵੀ ਕਰਮ-ਨਾਸ਼ਕ ਮੰਨੇ ਗਏ, ਭਾਵ ਇਨ੍ਹਾਂ ਦੇ ਜਲ ਦੀ ਛੁਹ ਜਾਂ ਇਸ਼ਨਾਨ ਪ੍ਰਾਣੀ ਦੇ ਕਰਮ ਕਾਂਡਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸ ਤਰ੍ਹਾਂ ਦੇ ਤਿੰਨ ਪ੍ਰਵਾਹ ਹਨ। ਕਰੋਤਯਾ ਨਦੀ ਦੇ ਉਪਰੋਂ ਲੰਘਣ ਨਾਲ ਸਭ ਪੁੰਨ ਕਰਮ ਸੁਤੇ ਸਿਧ ਨਸ਼ਟ ਹੋ ਜਾਂਦੇ ਹਨ। ਕਰਮ-ਨਾਸ਼ਕਾ ਦੇ ਜਲ ਵਿਚ ਇਸ਼ਨਾਨ ਕੀਤਾ ਜਾਵੇ, ਤਾਂ ਜਿਸਮ ਤੇ ਆਤਮਾ ਮਲੀਨ ਅਤੇ ਸਭ ਕਰਮ ਸੁਤੇ ਸਿਧ ਭਸਮ ਹੋ ਜਾਂਦੇ ਹਨ। ਇਹ ਨਦੀ ਰਾਵਣ ਦੇ ਮੂਤਰ ਤੋਂ ਉਪਜੀ ਸੀ। ਇਕ ਪੁਰਾਣ ਕਥਾ ਅਨੁਸਾਰ ਇਹ ਨਦੀ ਤ੍ਰਿਸ਼ੰਕੂ ਦੀਆਂ ਗੱਲ੍ਹਾਂ ਤੋਂ ਉਤਪੰਨ ਹੋਈ ਸੀ। ਤੀਜੀ ਨਦੀ ਗੰਡਕਾ ਹੈ, ਜੋ ਵਿਸ਼ਨੂੰ ਦੇ ਪਸੀਨੇ ਵਿਚੋਂ ਉਤਪੰਨ ਹੋਈ। ਇਸ ਵਿਚ ਤਰਨ ਨਾਲ ਪੁੰਨ ਕਰਮਾਂ ਦਾ ਨਾਸ਼ ਹੋ ਜਾਂਦਾ ਹੈ (ਵੇਖੋ : ਰਹੁ-ਰੀਤ)।

(ਕ-152) **ਕਰਵਾ ਚੌਥ** :

ਇਕ ਪੁਰਬ ਜੋ ਕੱਤਕ ਦੇ ਹਨੇਰੇ ਪੱਖ ਦੀ ਚੌਥੀ ਤਿਥ ਨੂੰ ਪੰਜਾਬ ਅਤੇ ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਤੀਵੀਆਂ ਆਪਣੇ ਸੁਹਾਗ ਦੀ ਦੀਰਘ ਆਯੂ, ਸੁਰੱਖਿਅਤਾ ਅਤੇ ਮੰਗਲਮਈ ਜੀਵਨ ਲਈ ਵਰਤ ਰਖਦੀਆਂ ਹਨ। ਕਈ ਵਾਰ ਕੰਵਾਰੀਆਂ ਕੁੜੀਆਂ ਵੀ ਆਪਣੇ ਭਾਵੀ ਪਤੀ ਦੀ ਦੀਰਘ ਆਯੂ ਲਈ ਇਹ ਵਰਤ ਰਖ ਲੈਂਦੀਆਂ ਹਨ।

ਇਸ ਤਿੱਥ ਨੂੰ ਵਰਤ ਦੇ ਦੌਰਾਨ ਕਰੂਆ (ਮਿੱਟੀ ਦੀ ਘੜੋਲੀ) ਪੂਜੀ ਜਾਂਦੀ ਹੈ ਅਤੇ ਉਸ ਵਿਚ ਭਰੇ ਜਲ ਨਾਲ ਚੰਦਰਮਾ ਨੂੰ ਅਰਘਾ ਦਿਤਾ ਜਾਂਦਾ ਹੈ, ਜਿਸ ਤੋਂ ਇਸ ਪੁਰਬ ਦਾ ਨਾਂ ਕਰਵਾ ਪੈ ਗਿਆ। ਜਲ ਦਾ ਭਰਿਆ ਕਰਵਾ, ਪੂਰਨਤਾ ਅਤੇ ਅਖੰਡਤਾ ਦਾ ਪ੍ਰਤੀਕ ਹੈ ਅਤੇ ਜਲ ਜੀਵਨਦਾਇਕ ਹੋਣ ਕਰ ਕੇ ਦੀਰਘ ਆਯੂ ਦਾ। ਚੰਦਰਮੇ ਦੀ ਚੌਥੀ ਤਿੱਥ ਗਣੇਸ਼ ਨਾਲ ਸਬੰਧਿਤ ਹੋਣ ਕਰ ਕੇ ਸਮਰਿਧੀ ਦੀ ਪ੍ਰਤੀਕ ਹੈ।

ਸੁਹਾਗਣਾਂ ਤੀਜ ਵਾਲੇ ਦਿਨ ਘਰ ਦੀ ਕਿਸੇ ਕੰਧ ਉਤੇ ਕਰਵੇ ਦਾ ਚਿਤ੍ਰ ਬਣਾਉਂਦੀਆਂ ਹਨ। ਕਰਵੇ ਦੇ ਇਕ ਪਾਸੇ ਵਲ ਗਣੇਸ਼, ਸਵਾਸਤਿਕ, ਸੂਰਜ/ਚੰਨ, ਫਲ ਫੁਲ, ਕੰਘੀ ਬਿੰਦੀ ਦਾ ਚਿਤ੍ਰ ਬਣਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਸੱਤਾਂ ਭਰਾਵਾਂ ਅਤੇ ਉਨ੍ਹਾਂ ਦੀਆਂ ਸੱਤਾਂ ਪਤਨੀਆਂ ਅਤੇ ਇਕ ਭੈਣ ਵੀਰਾਂਵਾਲੀ ਦਾ ਚਿਤਰ ਵਾਹਿਆ ਜਾਂਦਾ ਹੈ। ਚਿਤਰਾਂ ਵਿਚ ਕਈਂ ਤਰ੍ਹਾਂ ਦੇ ਰੰਗ ਭਰ ਕੇ ਮਨਮੋਹਣੀ ਦਿੱਖ ਦੇ ਲਈ ਜਾਂਦੀ ਹੈ। ਇਨ੍ਹਾਂ ਚਿਤਰਾਂ ਦੇ ਹੇਠਾਂ ਇਕ ਚੌਕੀ ਉਤੇ, ਛੋਟਾ ਜਿਹਾ ਕਰਵਾ, ਜਲ ਨਾਲ ਭਰ ਕੇ ਰਖ ਦਿਤਾ ਜਾਂਦਾ ਹੈ। ਨਾਲ ਹੀ ਇਕ ਹੋਰ ਚੌਕੀ ਉਤੇ ਫਲ ਫੁਲ ਤੇ ਮਠਿਆਈ ਰਖੀ ਜਾਂਦੀ ਹੈ। ਕਰਵੇ ਉਤੇ ਸਵਾਸਤਿਕ ਦਾ ਚਿੰਨ੍ਹ ਅਤੇ ਓਮ ਬੜੇ ਸੁੰਦਰ ਰੰਗਾਂ ਵਿਚ ਅੰਕਿਆ ਜਾਂਦਾ ਹੈ। ਕਰਵੇ ਦੀ ਛੂਣੀ ਉਪਰ ਦੀਵਾ ਰਖ ਕੇ ਜੋਤ ਬਾਲੀ ਜਾਂਦੀ ਹੈ। ਚੌਥ ਨੂੰ ਇਸੇ ਜੋਤ ਨਾਲ ਚਿਤਰ ਦੀ ਪੂਜਾ ਕੀਤੀ ਜਾਂਦੀ ਅਤੇ ਆਰਤੀ ਉਤਾਰੀ ਜਾਂਦੀ ਹੈ। ਕਈ ਘਰਾਂ ਦੀਆਂ ਸਵਾਣੀਆਂ ਵਿਚ ਚਿਤਰ ਉਲੀਕਣ ਦੀ ਸਮਰੱਥਾ ਨਹੀਂ ਹੁੰਦੀ, ਸੋ ਉਹ ਕੇਵਲ ਕਰਵੇ ਦੀ ਆਰਤੀ ਉਤਾਰਦੀਆਂ ਹਨ। ਕਰਵੇ ਦੇ ਕੋਲ ਹੀ ਇਕ ਥਾਲ ਵਿਚ ਮਠਿਆਈ, ਫਲ, ਬਦਾਮ, ਕਪੜੇ ਤੇ ਸੁਹਾਗੀ ਆਦਿ ਕਈ ਚੀਜ਼ਾਂ ਰਖੀਆਂ ਜਾਂਦੀਆਂ ਹਨ। ਸੁਹਾਗੀ ਵਿਚ ਬਿੰਦੀ, ਚੂੜੀਆਂ, ਮੌਲੀ ਆਦਿ ਰਖੀ ਜਾਂਦੀ ਹੈ। ਇਸ ਸਾਰੇ ਥਾਲ ਨੂੰ 'ਪੋਹੀਆ' ਕਿਹਾ ਜਾਂਦਾ ਹੈ। ਕਰਵਾ ਪੂਜਣ ਮਗਰੋਂ ਇਹ ਥਾਲ ਸੱਸ ਜਾਂ ਨਨਾਣ ਨੂੰ ਭੇਟ ਕੀਤਾ ਜਾਂਦਾ ਹੈ।

ਕਰਵੇ ਚੌਥ ਵਾਲੇ ਦਿਨ ਸਵੇਰੇ ਇਸ਼ਨਾਨ ਕਰ ਕੇ ਸੁਹਾਗਵਤੀ ਵਰਤ ਰਖਣ ਦਾ ਸੰਕਲਪ ਕਰਦੀ ਹੈ। ਤਾਰਿਆਂ ਦੀ ਛਾਵੇਂ 'ਸਰਘੀ' ਖਾਣ ਦੀ ਪ੍ਰਥਾ ਹੈ, ਜਿਸ ਵਿਚ ਦੁਧ ਸੇਵੀਆਂ ਜਾਂ ਫੇਣੀਆਂ, ਫਲ ਤੇ ਮਠਿਆਈ ਆਦਿ ਖਾਧ ਪਦਾਰਥ ਸ਼ਾਮਿਲ ਹੁੰਦੇ ਹਨ। ਆਮ ਤੌਰ 'ਤੇ ਸੁਹਾਗਣ ਨੂੰ ਸਰਘੀ ਦੀਆਂ ਚੀਜ਼ਾਂ ਉਹਦੀ ਸੱਸ ਭੇਜਦੀ ਹੈ। ਜੇ ਉਹ ਜਿਊਂਦੀ ਨਾ ਹੋਵੇ, ਤਾਂ ਭਰਜਾਈ ਦਾ ਫ਼ਰਜ਼ ਬਣਦਾ ਹੈ। ਸਰਘੀ ਖਾਣ ਪਿਛੋਂ ਸਾਰਾ ਦਿਨ ਕੁਝ ਵੀ ਮੂੰਹ ਨਹੀਂ ਲਗਾਇਆ ਜਾਂਦਾ। ਇਥੋਂ ਤਕ ਕਿ ਪਾਣੀ ਦਾ ਘੁਟ ਭਰਨਾ ਵੀ ਵਰਜਿਤ ਹੈ। ਸੰਧਿਆ ਵੇਲੇ ਤੀਵੀਆਂ ਦੁਲ੍ਹਨ ਵਾਂਗ ਹਾਰ ਸ਼ਿੰਗਾਰ ਕਰ ਕੇ ਅਤੇ ਬਿੰਦੀ ਸੰਧੂਰ ਲਗਾ ਕੇ ਕੰਧ ਉਤੇ ਅੰਕਿਤ ਚਿਤਰ ਨੂੰ ਪੂਜਦੀਆਂ ਹਨ। ਜੇ ਚਿਤਰ ਨਾ ਬਣਾਇਆ ਹੋਵੇ, ਤਾਂ ਸ਼ਿਵ, ਪਾਰਬਤੀ, ਗਣੇਸ਼ ਆਦਿ ਦੀਆਂ ਮੂਰਤੀਆਂ ਪੂਜ ਲਈਆਂ ਜਾਂਦੀਆਂ ਹਨ। ਪੰਜਾਬ ਵਿਚ ਗੌਰੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਵਰਤ ਨੂੰ ਪੂਜਣ ਵੇਲੇ ਗੀਤ ਗਾਏ ਜਾਂਦੇ ਹਨ, ਇਕ ਗੀਤ ਇਉਂ ਹੈ :

ਸੁਣ ਭੈਣ ਪਿਆਰੀ ਵੀਰਾਂ
ਚੰਨ ਚੜ੍ਹੇ ਤੇ ਪਾਣੀ ਪੀਣਾ
ਸੁਤੜਾ ਜਗਾਈਂ ਨਾ
ਰੁਠੜਾ ਮਨਾਈਂ ਨਾ
ਸੂਈ ਧਾਗਾ ਪਾਈਂ ਨਾ
ਘੁੰਮ ਚਰਖੜਾ ਫੇਰੀ ਨਾ
ਕਤਿਆ ਅਟੇਰੀ ਨਾ
ਵਾਹੁਣ ਪੈਰ ਪਾਈਂ ਨਾ
ਸੁਤੜਾ ਜਗਾਈਂ ਨਾ।

ਪੂਜਾ ਮਗਰੋਂ ਪ੍ਰੋਹਤਣੀ ਤੋਂ ਕਰਵੇ ਚੌਥ ਦੀ ਕਥਾ ਸੁਣ ਕੇ ਉਸ ਨੂੰ ਦੱਛਣਾ ਦਿਤੀ ਜਾਂਦੀ ਹੈ। ਰਾਤ ਵੇਲੇ ਚੰਨ ਚੜ੍ਹਨ ਉਤੇ ਅਰਘਾ ਦੇ ਕੇ ਵਰਤ ਖੋਲ੍ਹਿਆ ਜਾਂਦਾ ਹੈ। ਕਈ ਥਾਈਂ ਚੰਨ ਚੜ੍ਹਨ 'ਤੇ ਤੀਵੀਆਂ ਅੱਖਾਂ ਅੱਗੇ ਛਾਣਨੀ ਰਖ ਕੇ, ਚੰਨ ਨੂੰ ਕੱਚੀ ਲੱਸੀ ਦਾ ਅਰਘਾ ਦੇਂਦੀਆਂ ਹਨ। ਨਾਲ ਹੀ ਕੁਝ ਗੀਤ ਗਾਏ ਜਾਂਦੇ ਹਨ, ਜਿਨ੍ਹਾਂ ਨੂੰ 'ਕਰਵੇ ਦੇ ਗੀਤ' ਕਹਿੰਦੇ ਹਨ :

ਸਰ ਧੜੀ ਤੇ ਪੈਰ ਧੜੀ
ਅਰਗਾ ਦੇਣ ਚੁਬਾਰੇ ਚੜ੍ਹੀ।
ਵੰਝ ਆਖੀਂ ਮੈਂਡੀ ਮਾਊ ਆਂ
ਸੁਹਾਗ ਤੈਂਡੀ ਜਾਈ ਆਂ।
ਵੰਝ ਆਖੀਂ ਮੈਂਡੇ ਪਿਊ ਆਂ
ਸੁਹਾਗ ਤੈਂਡੀ ਧੀਊ ਆਂ।

ਇਸ ਤਰ੍ਹਾਂ ਪੰਜ ਵਾਰ ਉਚਾਰ ਕੇ ਬਾਕੀ ਬਚੀ ਕੱਚੀ ਲੱਸੀ ਨਾਲ ਵਰਤ ਖੋਲ੍ਹਿਆ ਜਾਂਦਾ ਹੈ। ਬ੍ਰਾਹਮਣਾਂ ਨੂੰ ਅੰਨ, ਫਲ ਤੇ ਮਠਿਆਈ ਭੇਟ ਕੀਤੀ ਜਾਂਦੀ ਹੈ।

ਵਰਤ ਦੇ ਦੌਰਾਨ ਤੀਵੀਆਂ ਆਮ ਤੌਰ 'ਤੇ ਕੋਈ ਕੰਮ ਨਹੀਂ ਕਰਦੀਆਂ। ਕੁਝ ਕੰਮ ਨਿਸ਼ੇਧ ਹਨ, ਜਿਵੇਂ ਸੂਈ ਵਿਚ ਧਾਗਾ ਪਾਉਣਾ, ਚਰਖੜਾ ਕਤਣਾ ਆਦਿ। ਇਸ ਦਿਨ ਜੇ ਪਤੀ ਸੁੱਤਾ ਹੋਵੇ, ਤਾਂ ਉਸ ਨੂੰ ਜਗਾਇਆ ਨਹੀਂ ਜਾਂਦਾ। ਇਨ੍ਹਾਂ ਨਿਸ਼ੇਧਾਂ ਬਾਰੇ ਉਪਰੋਕਤ ਗੀਤਾਂ ਵਿਚ ਸੰਕੇਤ ਮਲਦੇ ਹਨ। ਇਸ ਦਿਨ ਸੁਹਾਗਣਾਂ ਕਚ ਦੀਆਂ ਵੰਗਾਂ ਜ਼ਰੂਰ ਪਹਿਨਦੀਆਂ ਹਨ। ਵੰਗ ਟੁਟਣੀ ਅਸ਼ੁਭ ਹੁੰਦੀ ਹੈ।

**ਕਰਵਾ ਚੌਥ ਦੀ ਕਥਾ**—ਕਰਵਾ ਪੂਜਣ ਵੇਲੇ ਪ੍ਰੋਹਤਣੀ ਕਰਵਾ ਚੌਥ ਦੀ ਕਥਾ ਸੁਣਾਂਦੀ ਹੈ। ਪੰਜਾਬ ਵਿਚ ਵੀਰੋ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ —

ਪ੍ਰਾਚੀਨ ਕਾਲ ਵਿਚ ਇੰਦਰਪ੍ਰਸਥ ਨਗਰ ਵਿਚ ਇਕ ਵਿਦਵਾਨ ਵੇਦ ਸ਼ਰਮਾ ਦੇ ਸੱਤ ਪੁੱਤਰ ਅਤੇ ਇਕੋ ਇਕ ਕੰਨਿਆਂ ਵੀਰਾਂ ਵਾਲੀ ਸੀ। ਵੀਰਾਂ ਵਾਲੀ ਦੇ ਭਰਾ ਅਤੇ ਭਰਜਾਈਆਂ ਵੀਰਾਂ ਨਾਲ ਬੜਾ ਪਿਆਰ ਕਰਦੀਆਂ ਅਤੇ ਘੋਲੇ ਵਾਰਨੇ ਜਾਂਦੀਆਂ ਸਨ। ਵੀਰਾਂ ਵਾਲੀ ਦਾ ਵਿਆਹ ਇਕ ਬ੍ਰਾਹਮਣ ਸੁਦਰਸ਼ਨ ਨਾਲ ਹੋ ਗਿਆ। ਵਿਆਹ ਮਗਰੋਂ ਜਦੋਂ ਪਹਿਲਾ ਕਰਵਾ ਚੌਥ ਆਇਆ, ਤਾਂ ਵੀਰਾਂ ਵਾਲੀ ਦੇ ਭਰਾ ਉਸ ਨੂੰ ਪੇਕੇ ਘਰ ਲੈ ਆਏ। ਵੀਰਾਂ ਵਾਲੀ ਨੇ ਵਰਤ ਰਖਿਆ। ਇਸ ਤੋਂ ਪਹਿਲਾਂ ਉਸ ਨੇ ਕਦੇ ਵਰਤ ਨਹੀਂ ਸੀ ਰਖਿਆ। ਸੋ ਉਹ ਭੁਖ ਪਿਆਸ ਨਾਲ ਵਿਆਕੁਲ

Sri Satguru Jagjit Singh Ji eLibrary NamdhariElibrary@gmail.com

ਹੋਣ ਲੱਗੀ। ਭਰਾਵਾਂ ਤੋਂ ਇਹ ਕਲੇਸ਼ ਵੇਖਿਆ ਨਾ ਗਿਆ। ਡੂੰਘੀਆਂ ਤ੍ਰਿਕਾਲਾਂ ਵੇਲੇ ਭਰਾਵਾਂ ਨੇ ਪਿੱਪਲ ਦੇ ਦਰੱਖਤ ਦੀ ਓਟ ਵਿਚ ਬਨਾਵਟੀ ਚੰਦਰਮਾ ਬਣਾਇਆ ਤੇ ਨਾਲ ਦੀਵਾ ਬਾਲ ਕੇ ਰੌਸ਼ਨੀ ਕੀਤੀ ਅਤੇ ਇਉਂ ਵੀਰਾਂ ਵਾਲੀ ਨੂੰ ਬਨਾਵਟੀ ਚੰਦਰਮਾ ਵਿਖਾ ਕੇ ਤੇ ਅਰਘ ਦੇ ਕੇ ਉਸ ਨੂੰ ਪਾਣੀ ਪਿਲਾ ਕੇ ਵਰਤ ਖੁਲ੍ਹਵਾ ਦਿਤਾ।

ਵਰਤ ਖੰਡਨ ਹੋਣ ਦੀ ਦੇਰ ਸੀ ਕਿ ਵੀਰਾਂ ਵਾਲੀ ਦੇ ਪਤੀ ਦੇ ਪਿੰਡੇ ਦੇ ਸਾਰੇ ਲੂੰ ਸੂਈਆਂ ਬਣ ਗਏ ਅਤੇ ਉਹ ਪੀੜ ਨਾਲ ਬੇਹੋਸ਼ ਹੋ ਕੇ ਡਿਗ ਪਿਆ। ਅਸਲੀ ਗੱਲ ਪਤਾ ਲੱਗਣ 'ਤੇ ਵੀਰਾਂ ਵਾਲੀ ਬੜੀ ਦੁਖੀ ਹੋਈ ਅਤੇ ਉਸ ਨੇ ਭਰਾਵਾਂ ਨੂੰ ਬੜਾ ਕੋਸਿਆ। ਵੀਰਾਂ ਵਾਲੀ ਸਾਰਾ ਦਿਨ ਰੋਂਦੀ ਰਹਿੰਦੀ ਅਤੇ ਬੇਹੋਸ਼ ਪਤੀ ਦੇ ਸਰੀਰ ਵਿਚੋਂ ਚੁਣ ਚੁਣ ਕੇ ਸੂਈਆਂ ਕਢਦੀ ਰਹਿੰਦੀ।

ਕੁਝ ਸਮਾਂ ਲੰਘ ਗਿਆ। ਇਕ ਵਾਰ ਗੌਰਾਂ ਆਪਣੀਆਂ ਸਖੀਆਂ ਸਮੇਤ ਮਾਤ-ਲੋਕ ਵਿਚ ਆਈ ਅਤੇ ਉਸ ਦੀ ਨਜ਼ਰ ਵੀਰਾਂ ਵਾਲੀ ਉਤੇ ਪਈ, ਜੋ ਖੂਹੇ ਉਤੇ ਪਾਣੀ ਭਰਨ ਗਈ, ਰਾਹ ਵਿਚ ਇਕ ਦਰੱਖਤ ਹੇਠ ਬੈਠੀ ਰੋ ਰਹੀ ਸੀ। ਗੌਰੀ ਨੇ ਕਾਰਨ ਪੁਛਿਆ। ਤਾਂ ਵੀਰਾਂ ਵਾਲੀ ਨੇ ਆਪਣਾ ਦੁਖਦਾਈ ਬਿਰਤਾਂਤ ਸੁਣਾਇਆ। ਗੌਰਾਂ ਨੇ ਵੀਰਾਂ ਵਾਲੀ ਨੂੰ ਅਗਲੇ ਸਾਲ ਕਰਵਾ ਚੌਥ ਦਾ ਵਰਤ ਵਿਧੀ ਪੂਰਵਕ ਸੰਪੂਰਨ ਕਰਨ ਲਈ ਕਿਹਾ। ਵੀਰਾਂ ਵਾਲੀ ਨੇ ਅਗਲੇ ਸਾਲ ਫਿਰ ਕਰਵਾ ਚੌਥ ਦਾ ਵਰਤ ਰਖਿਆ, ਜਿਸ ਨਾਲ ਉਸ ਦਾ ਪਤੀ ਨਵਾਂ ਨਰੋਆ ਹੋ ਗਿਆ।

ਇਸ ਤਰ੍ਹਾਂ ਦੀਆਂ ਕਈ ਹੋਰ ਵਰਤ ਕਥਾਵਾਂ ਵੀ ਪ੍ਰਚਲਤ ਹਨ।

(ਕ-153) **ਕਰਵੇ ਚੌਥ ਦੀ ਕਥਾ** :

(ਵੇਖੋ : ਕਰਵਾ ਚੌਥ)।

(ਕ-154) **ਕਰਵੇ ਦੇ ਗੀਤ** :

ਕਰਵਾ ਚੌਥ ਵਾਲੇ ਦਿਨ ਜਦੋਂ ਕਰਵਾ ਪੂਜਿਆ ਜਾਂਦਾ ਹੈ, ਤਾਂ ਤੀਵੀਆਂ ਗੀਤ ਗਾਉਂਦੀਆਂ ਹਨ, ਜਿਨ੍ਹਾਂ ਵਿਚ ਥਿਰ ਸੁਹਾਗ ਦੀ ਕਾਮਨਾ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਕਰਵੇ ਦੇ ਗੀਤ ਕਹਿੰਦੇ ਹਨ (ਵੇਖੋ : ਕਰਵਾ ਚੌਥ)।

(ਕ-155) **ਕਰੜੀ ਧਰਤੀ** :

ਜਿਸ ਥਾਂ ਉਤੇ ਭੂਤ ਪ੍ਰੇਤਾਂ ਦਾ ਵਾਸਾ ਹੋਵੇ; ਲੋਕ ਧਾਰਨਾ ਅਨੁਸਾਰ ਜਿਹੜਾ ਪ੍ਰਾਣੀ ਔਤਰਾ ਮਰ, ਜਾਂ ਜਿਸ ਦੀ ਕਿਸੇ ਦੁਰਘਟਨਾ ਨਾਲ ਅਚਾਨਕ ਮੌਤ ਹੋ ਜਾਵੇ, ਜਾਂ ਜਿਹੜੀ ਤੀਵੀਂ ਸੂਤਕ ਦੇ ਦਿਨਾਂ ਵਿਚ ਮਰ ਜਾਵੇ, ਉਹਦੀ ਆਤਮਾ ਪ੍ਰੇਤ ਜੂਨ ਵਿਚ ਭਟਕਦੀ ਰਹਿੰਦੀ ਹੈ। ਜਿਥੇ ਅਜਿਹੀ ਪ੍ਰੇਤ ਆਤਮਾ ਦਾ ਵਾਸਾ ਹੋਵੇ, ਉਹਨੂੰ ਪੱਕੀ ਥਾਂ ਕਹਿੰਦੇ ਹਨ। ਇਸ ਕਿਸਮ ਦੀ ਥਾਂ 'ਤੇ ਲੋਕੀਂ ਰਾਤ ਵੇਲੇ ਨਹੀਂ ਜਾਂਦੇ, ਕਿਉਂ ਜੋ ਪ੍ਰੇਤ ਰੂਹਾਂ ਵਧੇਰੇ ਕਰ ਕੇ ਰਾਤ ਵੇਲੇ ਆਪਣੇ ਉਗ੍ਰ ਅਤੇ ਕਰੂਰ ਰੂਪ ਵਿਚ ਹੁੰਦੀਆਂ ਹਨ। ਕਈ ਲੋਕ ਕਰੜੀ ਧਰਤੀ ਦੀ ਪ੍ਰੇਤ ਰੂਹ ਪਤਿਆਣ ਲਈ ਦੀਵਾ ਬਾਲਦੇ ਹਨ। ਕਈ ਚੇਲਿਆਂ ਨੂੰ ਸਦ ਕੇ ਕੋਈ ਕਰਮ ਕਾਂਡ ਕਰਦੇ ਹਨ, ਜਿਸ ਕਰ ਕੇ ਰੂਹ ਉਥੋਂ ਚਲੀ ਜਾਂਦੀ ਹੈ।

(ਕ-156) **ਕਰਾਮਾਤ** :

ਕਰਾਮਾਤ ਅਰਬੀ ਦੇ ਸ਼ਬਦ ਕਰਾਮਤ ਦਾ ਬਹੁਵਚਨ ਹੈ, ਜਿਸ ਦਾ ਸ਼ਾਬਦਿਕ ਅਰਥ ਚਮਤਕਾਰ ਹੈ ਅਥਵਾ ਕੋਈ ਅਲੌਕਾਰ ਗੱਲ ਕਰਨੀ। ਲੋਕ-ਮਨ ਦੀ ਇਹ ਧਾਰਨਾ ਹੈ ਕਿ ਇਸ ਸੰਸਾਰ ਦੇ ਉਹਲੇ ਕੋਈ ਪ੍ਰਾਣਧਾਰੀ ਦੈਵੀ ਸ਼ਕਤੀ ਹੈ, ਜਿਸ ਦਾ ਇਸ ਸੰਸਾਰ ਦੀ ਹਰ ਵਸਤੂ ਉਤੇ ਪੂਰਨ ਅਧਿਕਾਰ ਹੈ। ਲੋਕ-ਮਨ ਦ੍ਰਿਸ਼ਟਮਾਨ ਸੰਸਾਰ ਤੋਂ ਉਹਲੇ ਇਕ ਅਲੌਕਿਕ ਸ਼ਕਤੀ ਨੂੰ ਮੰਨਦਾ ਹੈ। ਇਸ ਅਲੌਕਿਕ ਸ਼ਕਤੀ ਨਾਲ ਇਕਸੁਰ ਹੋ ਕੇ ਜਾਂ ਇਸ ਦੀ ਬਖ਼ਸ਼ਿਸ਼ ਨਾਲ ਪ੍ਰਾਕ੍ਰਿਤਕ ਸੰਸਾਰ ਵਿਚ ਚਮਤਕਾਰ ਵਿਖਾਏ ਜਾ ਸਕਦੇ ਹਨ।

ਧਰਮ ਵੀ ਦ੍ਰਿਸ਼ਟਮਾਨ ਸੰਸਾਰ ਤੋਂ ਉਹਲੇ ਇਕ ਦੈਵੀ ਸ਼ਕਤੀ ਵਿਚ ਵਿਸ਼ਵਾਸ਼ ਰਖਦਾ ਹੈ, ਜਿਸ ਨੂੰ ਉਹ ਪ੍ਰਭੂ ਜਾਂ ਦੇਵੀ ਦੇਵਤਿਆਂ ਦਾ ਨਾਉਂ ਦਿੰਦਾ ਹੈ। ਇਹ ਸ਼ਕਤੀ ਸਮੇਂ ਸਮੇਂ ਸੰਸਾਰ ਉਤੇ ਮਹਾਂਪੁਰਖਾਂ ਨੂੰ ਭੇਜਦੀ ਹੈ ਜਾਂ ਪ੍ਰਾਣੀਆਂ ਦੇ ਰੂਪ ਵਿਚ ਖ਼ੁਦ ਅਵਤਾਰ ਧਾਰਨ ਕਰਦੀ ਹੈ। ਅਜਿਹੇ ਪ੍ਰਾਣੀਆਂ ਜਾਂ ਅਵਤਾਰਾਂ ਵਿਚ ਚਮਤਕਾਰ ਵਿਖਾਣ ਦੀ ਸ਼ਕਤੀ ਹੁੰਦੀ ਹੈ ਅਤੇ ਉਨ੍ਹਾਂ ਦੇ ਵਾਕਾਂ ਵਿਚ ਸਿਧੀ। ਉਹ ਕੁਦਰਤ ਦੇ ਨੇਮਾਂ ਨੂੰ ਬਦਲਣ ਦੀ ਸਮਰੱਥਾ ਰਖਦੇ ਹਨ। ਮੋਏ ਪ੍ਰਾਣੀ ਉਹਨਾਂ ਦੀ ਛੁਹ ਨਾਲ ਜ਼ਿੰਦਾ ਹੋ ਜਾਂਦੇ ਹਨ।

ਭਗਤੀ, ਸਾਧਨਾ ਤੇ ਤਪਾਂ ਦੁਆਰਾ ਵੀ ਪ੍ਰਾਣੀ ਕਰਾਮਾਤੀ ਸ਼ਕਤੀ ਗ੍ਰਹਿਣ ਕਰ ਸਕਦਾ ਹੈ। ਜੋਗੀ ਹਠ ਯੋਗ ਦੁਆਰਾ ਅਥਵਾ ਕੁੰਡਲਨੀ ਜਗਾ ਕੇ ਰਹੱਸਮਈ ਸ਼ਕਤੀਆਂ ਦੇ ਮਾਲਕ ਬਣ ਜਾਂਦੇ ਹਨ।

ਟੂਣਾ ਚਿੰਤਨ ਅਨੁਸਾਰ ਵੀ ਜਾਦੂ ਮੰਤਰਾਂ ਦੁਆਰਾ ਚਮਤਕਾਰ ਵਿਖਾਏ ਜਾ ਸਕਦੇ ਹਨ। ਤੰਤਰਾਂ ਵਿਚ ਅਜਿਹੀਆਂ ਵਿਧੀਆਂ ਦਾ ਵਰਨਣ ਵੇਰਵੇ ਨਾਲ ਮਿਲਦਾ ਹੈ।

ਪੁਰਾਣਾਂ ਵਿਚ ਇਹ ਅਲੌਕਿਕ ਸ਼ਕਤੀ ਦੇਵਤਿਆਂ ਤੋਂ ਇਲਾਵਾ ਰਿਸ਼ੀਆਂ ਮੁਨੀਆਂ ਵਿਚ ਮੰਨੀ ਜਾਂਦੀ ਸੀ, ਜੋ ਰੂਪ ਬਦਲ ਸਕਦੇ ਸਨ। ਬੁੱਢਾ ਸੋਭਰੀ ਜਵਾਨ ਗਭਰੂ ਦਾ ਰੂਪ ਧਾਰਨ ਕਰ ਲੈਂਦਾ ਹੈ। ਦੁਰਬਾਸ਼ਾ ਕੋਲ ਵਾਕ ਸਿਧੀ ਦੀ ਸ਼ਕਤੀ ਸੀ। ਕਪਿਲ ਰਿਸ਼ੀ ਦੀ ਅੱਖ ਦੇ ਤੇਜ ਨਾਲ ਸਗਰ ਦੇ ਲੜਕੇ ਭਸਮ ਹੋ ਗਏ ਸਨ। ਰਿਸ਼ੀਆਂ ਮੁਨੀਆਂ ਤੋਂ ਮਗਰੋਂ ਇਸ ਕਿਸਮ ਦੀ ਅਲੌਕਿਕ ਸ਼ਕਤੀ ਸਿਧਾਂ ਵਿਚ ਮੰਨੀ ਗਈ। ਸਿਧਾਂ ਨੇ ਸਾਧਨਾ ਦੁਆਰਾ ਕਈ ਸਿਧੀਆਂ, ਜੋ ਅਸਲ ਵਿਚ ਕਰਾਮਾਤਾਂ ਹੀ ਹਨ, ਪ੍ਰਾਪਤ ਕੀਤੀਆਂ ਹੋਈਆਂ ਸਨ। ਇਨ੍ਹਾਂ ਸਿਧੀਆਂ ਦੀ ਸੰਖਿਆ ਅਠਾਰਾਂ ਮੰਨੀ ਜਾਂਦੀ ਹੈ (ਵੇਖੋ : ਰਿਧੀਆਂ ਸਿਧੀਆਂ)। ਸਿਧਾਂ ਮਗਰੋਂ ਇਹ ਅਲੌਕਾਰ ਸ਼ਕਤੀ ਜੋਗੀਆਂ ਵਿਚ ਮੰਨ੍ਹੀ ਗਈ। ਗੋਰਖਨਾਥ ਨੇ ਪੂਰਨ ਨੂੰ ਖੂਹ ਵਿਚੋਂ ਕਢ ਕੇ ਉਸ ਦੇ ਕੱਟੇ ਹੋਏ ਹੱਥ ਪੈਰ ਮੁੜ ਨਰੋਏ ਕਰ ਦਿਤੇ ਸਨ।

ਮੁਸਲਮਾਨਾਂ ਦਾ ਤਾਂ ਕਰਾਮਾਤ ਵਿਚ ਅਟੁਟ ਵਿਸ਼ਵਾਸ਼ ਹੈ। ਸਾਮੀ ਧਰਮ ਵਿਚ ਤਾਂ ਪੈਗੰਬਰਾਂ ਵਿਚ ਕਰਾਮਾਤ ਦਾ ਹੋਣਾ ਲਾਜ਼ਮੀ ਸਮਝਿਆ ਜਾਂਦਾ ਹੈ। ਜਿਸ ਕੋਲ ਅਲੌਕਿਕ ਸ਼ਕਤੀ ਨਹੀਂ, ਉਹ ਪੀਰ ਪੈਗੰਬਰ ਨਹੀਂ ਹੋ ਸਕਦਾ। ਹਜ਼ਰਤ ਮੁਹੰਮਦ ਸਾਹਿਬ ਨੇ ਇਕ ਵਾਰ ਚੰਨ ਦੇ ਟੁਕੜੇ ਕਰ ਦਿਤੇ ਸਨ। 'ਮਾਅਰਾਜ' ਦੇ ਸਮੇਂ ਉਹ ਸਤਵੇਂ ਅਸਮਾਨ ਵਿਚ ਅੱਲਾ ਨੂੰ ਜਾ ਮਿਲੇ ਸਨ।

ਸਾਮੀ ਅਤੇ ਪੌਰਾਣਿਕ ਕਥਾਵਾਂ ਦਾ ਪ੍ਰਭਾਵ ਸਿੱਖ ਧਰਮ ਉਤੇ ਪੈਣਾ ਸੁਭਾਵਿਕ ਸੀ। ਭਾਵੇਂ ਗੁਰਬਾਣੀ ਵਿਚ ਕਰਾਮਾਤ ਨੂੰ ਨਿੰਦਿਆ ਗਿਆ ਹੈ — 'ਰਿਧਿ ਸਿਧਿ ਅਵਰਾ ਸਾਦੁ'। ਪਰ ਗੁਰੂ ਵਿਅਕਤੀਆਂ ਨਾਲ ਅਨੇਕਾਂ ਕਰਾਮਾਤਾਂ ਜੋੜ ਲਈਆਂ ਗਈਆਂ ਹਨ, ਜੋ ਜਨਮ ਸਾਖੀਆਂ ਵਿਚ ਕਾਫ਼ੀ ਮਾਤਰਾ ਵਿਚ ਦਰਜ ਮਿਲਦੀਆਂ ਹਨ।

ਲੋਕ-ਮਨ ਸਤਿ ਵਾਲੇ ਕਰਮੀ ਧਰਮੀ ਬੰਦਿਆਂ ਵਿਚ ਵੀ ਮੋਅਜਜ਼ੇ ਕਰਨ ਦੀ ਸ਼ਕਤੀ ਮੰਨਦਾ ਹੈ। ਸਤਿ ਧਰਮ ਵਿਚ ਪਰਪਕ ਤੀਵੀਂ ਦੀ ਛੁਹ ਨਾਲ ਸੁਕੇ ਬੂਟੇ ਹਰੇ ਹੋ ਜਾਂਦੇ ਹਨ। ਰਾਜਾ ਰਸਾਲੂ ਸਤਿ ਜਤ ਵਾਲਾ ਲੋਕ-ਸਨੇਹੀ ਨਾਇਕ ਹੈ। ਉਹ ਆਪਣੇ ਸਤਿ ਦੇ ਬਲ ਨਾਲ ਚਾਂਦਨੀ ਦੇਵੀ ਦੀਆਂ ਛਾਤੀਆਂ ਉਤੇ ਚਾਵਲਾਂ ਦਾ ਪਤੀਲਾ ਧਰ ਕੇ ਰਿੰਨ੍ਹ ਵਖਾਂਦਾ ਹੈ ਅਤੇ ਚਾਂਦਨੀ ਉਸ ਨੂੰ ਆਪਣੇ ਮਨ ਦੀ ਸਵੱਛਤਾ ਦੇ ਬਲ ਨਾਲ ਖੀਰ ਵਿਚ ਬਦਲ ਦੇਂਦੀ ਹੈ। ਰਾਂਝੇ ਦੇ ਸਰਾਪ ਨਾਲ ਸ਼ਹਿਰ ਨੂੰ ਅੱਗ ਲਗ ਜਾਂਦੀ ਹੈ, ਪਰ ਮਗਰੋਂ ਰਾਂਝਾ ਆਪਣੀ ਪ੍ਰੀਤ ਦੀ ਸ਼ਕਤੀ ਨਾਲ ਉਸ ਅੱਗ ਨੂੰ ਬੁਝਾ ਦਿੰਦਾ ਹੈ।

Sri Satguru Jagjit Singh Ji eLibrary NamdhariElibrary@gmail.com

(ਕ-157) **ਕਰਿਆਲਾ :**

ਹਿਮਾਚਲ ਪ੍ਰਦੇਸ਼ ਦੇ ਇਲਾਕੇ ਦਾ ਇਕ ਲੋਕ-ਨਾਟ; ਜੋ ਖੇਤਾਂ ਵਿਚਕਾਰ ਕਿਸੇ ਖੁਲ੍ਹੀ ਥਾਂ ਖੇਡਿਆ ਜਾਂਦਾ ਹੈ। ਕਈ ਵਾਰ ਖੇਤਾਂ ਵਿਚ ਹੀ ਦੋ ਤਿੰਨ ਫੁਟ ਉਚੇ ਬਾਂਸ ਗਡ ਕੇ ਉਪਰ ਮੰਚ ਬਣਾ ਲਿਆ ਜਾਂਦਾ ਹੈ। ਇਸ ਨਾਟ ਵਿਚ ਸੰਗੀਤ, ਨਾਚ ਤੇ ਕਾਵਿ-ਸੰਬਾਦਾਂ ਦੁਆਰਾ ਰੌਚਿਕਤਾ ਪੈਦਾ ਕੀਤੀ ਜਾਂਦੀ ਹੈ। ਤੀਵੀਆਂ ਦਾ ਕਰਦਾਰ ਆਮ ਤੌਰ 'ਤੇ ਛੋਟੀ ਉਮਰ ਦੇ ਲਵੇ ਮੁੰਡੇ ਕਰਦੇ ਹਨ। ਹਰ ਟੋਲੀ ਵਿਚ ਸੱਤ ਅੱਠ ਮੁੰਡੇ ਤੀਵੀਆਂ ਦੀ ਪੁਸ਼ਾਕ ਪਹਿਨ ਕੇ ਤੇ ਹਾਰ ਸ਼ਿੰਗਾਰ ਕਰ ਕੇ ਸ਼ਾਮਲ ਹੁੰਦੇ ਹਨ। ਇਸ ਨਾਟ ਵਿਚ ਹਿੱਸਾ ਲੈਣ ਵਾਲਿਆਂ ਨੂੰ ਕਰਿਆਲਚੀ ਕਿਹਾ ਜਾਂਦਾ ਹੈ। ਕਰਿਆਲਚੀਆਂ ਦੀਆਂ ਟੋਲੀਆਂ ਪਿੰਡਾਂ ਵਿਚ ਜਾ ਕੇ ਨਾਟ ਕਰਦੀਆਂ ਅਤੇ ਲੋਕਾਂ ਦਾ ਮਨੋਰੰਜਨ ਕਰ ਕੇ ਉਨ੍ਹਾਂ ਤੋਂ ਪੈਸੇ ਵਸੂਲ ਕਰਦੀਆਂ ਹਨ।

ਹਰ ਮੰਡਲੀ ਵਿਚ ਕੁਝ ਸਾਜ਼ਿੰਦੇ ਵੀ ਸ਼ਾਮਲ ਹੁੰਦੇ ਹਨ, ਜੋ ਢੋਲ, ਨਗਾਰਾ, ਸ਼ਹਿਨਾਈ ਅਤੇ ਕਰਨਲ ਵਜਾਂਦੇ ਹਨ ਅਤੇ ਇਨ੍ਹਾਂ ਦੇ ਤਾਲ ਉਤੇ ਕਰਿਆਲਚੀ ਨਚਦੇ ਹਨ।

ਕਰਿਆਲਾ ਪਰੰਪਰਾ ਤੋਂ ਚਲਿਆ ਆ ਰਿਹਾ ਲੋਕ-ਨਾਟ ਹੈ, ਜੋ ਪੰਜਾਬ ਵਿਚ ਪ੍ਰਚਲਤ ਸਵਾਂਗ ਦਾ ਹੀ ਪਹਾੜੀ ਰੂਪਾਂਤਰ ਹੈ। ਇਸ ਨਾਟ ਦਾ ਕੋਈ ਇਕ ਠੁੱਕ ਬਝਵਾਂ ਰੂਪ ਨਹੀਂ। ਸਭ ਤੋਂ ਪਹਿਲਾਂ ਮੰਗਲਾਚਰਨ ਕੀਤਾ ਜਾਂਦਾ ਹੈ ਅਤੇ ਆਪਣੇ ਇਸ਼ਟ ਦੇਵਤੇ ਨੂੰ ਅਰਾਧ ਕੇ ਸਫਲਤਾ ਮੰਗੀ ਜਾਂਦੀ ਹੈ। ਫਿਰ ਇਕ ਕਰਿਆਲਚੀ ਲਖਸ਼ਮੀ ਦੇਵੀ ਵਾਂਗ ਕਪੜੇ ਪਹਿਨ ਕੇ, ਹੱਥਾਂ ਵਿਚ ਧੂਪ ਦੀਪ ਲਈ, ਸਾਜ਼ਾਂ ਦੇ ਤਾਲ ਤੇ ਅਖਾੜੇ ਦੀ ਪ੍ਰਕਰਮਾ ਕਰਦਾ ਹੈ। ਇਸ ਨੂੰ ਚੰਦਰਾਵਲ ਕਿਹਾ ਜਾਂਦਾ ਹੈ। ਕ੍ਰਿਸ਼ਨ ਜੀ ਦਾ ਚੰਦਰਾਵਲੀ ਨਾਲ ਪ੍ਰੇਮ ਸੀ। ਕ੍ਰਿਸ਼ਨ ਮੁਕਟ ਧਾਰ ਕੇ ਚੰਦਰਾਵਲ ਦੇ ਨਾਲ ਅਖਾੜੇ ਵਿਚ ਲੀਲਾ ਰਚਾਂਦਾ ਹੈ। ਉਨ੍ਹਾਂ ਦੇ ਪਿਛੇ ਪਿਛੇ ਦੋ ਤਿੰਨ ਹੋਰ ਸਖੀਆਂ ਹੁੰਦੀਆਂ ਹਨ। ਇਸ ਮੰਗਲਾਚਰਨ ਤੋਂ ਬਾਅਦ ਹੀ ਕਰਿਆਲਾ ਖੇਡਿਆ ਜਾਂਦਾ ਹੈ।

ਕਰਿਆਲਾ ਦੇ ਆਰੰਭ ਵਿਚ ਆਮ ਤੌਰ 'ਤੇ ਸਵਾਂਗ ਖੇਡਿਆ ਜਾਂਦਾ ਹੈ। ਕਈ ਵਾਰ ਤਿੰਨ ਸਾਧੂ ਭਗਵੇ ਕਪੜੇ ਪਹਿਨੀ ਅਖਾੜੇ ਵਿਚ ਆਉਂਦੇ ਹਨ; ਦੋ ਸਾਧੂ ਤਾਂ ਦਾਨੇ ਹੁੰਦੇ ਹਨ, ਪਰ ਤੀਜਾ ਨਿਰਾ ਮੂਰਖ। ਦਾਨੇ ਮੂਰਖ ਨੂੰ ਜੋ ਵੀ ਕੰਮ ਕਰਨ ਲਈ ਕਹਿੰਦੇ ਹਨ, ਉਹ ਉਹਦੇ ਉਲਟ ਕਰਦਾ ਹੈ, ਜਿਸ ਕਰ ਕੇ ਹਾਸਾ ਠੱਠਾ ਪੈਦਾ ਹੁੰਦਾ ਹੈ। ਕਈ ਵਾਰ ਇਕ ਦੂਜੇ ਉਤੇ ਵਿਅੰਗ ਕੀਤੇ ਜਾਂਦੇ ਹਨ।

ਸਵਾਂਗ ਤੋਂ ਬਾਅਦ ਨੱਟ ਅਤੇ ਨੱਟੀ ਖੇਡ ਤਮਾਸ਼ਾ ਵਿਖਾਂਦੇ ਹਨ। ਦੋ ਕਰਿਆਲਚੀ ਨੱਟਾਂ ਦਾ ਭੇਖ ਧਾਰਨ ਕਰ ਲੈਂਦੇ ਹਨ ਅਤੇ ਤੀਜਾ ਨੱਟਣੀ ਦਾ। ਫਿਰ ਉਹ ਕਈ ਤਰ੍ਹਾਂ ਦੇ ਕਰਤਬ ਵਿਖਾਂਦੇ ਹਨ। ਕਦੇ ਕਦੇ ਨੱਟ ਤੇ ਨਟਣੀ ਰਲ ਕੇ ਸੰਗੀਤ ਦੀ ਧੁਨੀ ਉਤੇ ਨਚਦੇ ਤੇ ਕਾਵਿ ਸੰਬਾਦਾਂ ਦੁਆਰਾ ਇਕ ਦੂਜੇ ਨੂੰ ਤਾਅਨੇ ਕਸਦੇ ਹਨ :

ਮਸੂਰਾ ਦੀ ਦਾਲ ਤੇਲਾ ਰਾ ਤੁੜਕਾ
ਟੁਟਾ ਦਾ ਦੇਣਾ ਤੰਬਾਕੂ ਪੀਣਾ ਬੁੜਕਾ।

ਇਸ ਤਰ੍ਹਾਂ ਦੇ ਕਾਵਿ-ਸੰਬਾਦ ਕਾਫ਼ੀ ਰੰਗ ਬੰਨ੍ਹਦੇ ਹਨ। ਕਈ ਵਾਰ ਨਟ ਤੇ ਨਟਣੀ ਕੋਈ ਝਾਕੀ ਪੇਸ਼ ਕਰਦੇ ਹਨ, ਜਿਵੇਂ ਦੋ ਨਟ ਘੁੰਮਦੇ ਫਿਰਦੇ ਅਚਾਨਕ ਬਜ਼ਾਰ ਵਿਚ ਆ ਮਿਲਦੇ ਹਨ। ਇਕ ਨਟਣੀ ਵੀ ਕਿਧਰੋਂ ਆ ਕੇ ਉਨ੍ਹਾਂ ਦੇ ਕੋਲ ਖੜੀ ਹੋ ਜਾਂਦੀ ਹੈ। ਇਕ ਨਟ ਦੂਜੇ ਨੂੰ ਨਟਣੀ ਦੇ ਨਾਲ ਜਾਣ ਪਛਾਣ ਕਰਵਾਂਦਾ ਹੋਇਆ ਕਹਿੰਦਾ ਹੈ ਕਿ ਇਹ ਮੇਰੀ ਤ੍ਰੀਮਤ ਹੈ; ਪਰ ਦੂਜਾ ਨਟ ਉਸ ਦੀ ਗੱਲ ਦਾ ਵਿਰੋਧ ਕਰਦਾ ਹੋਇਆ ਕਹਿੰਦਾ ਹੈ ਕਿ ਇਹ ਤਾਂ ਮੇਰੀ ਪਤਨੀ ਹੈ। ਬੜੀ ਰੌਚਿਕ ਨਾਟਕੀ ਸਥਿਤੀ ਪੈਦਾ ਹੁੰਦੀ ਹੈ। ਦੋਵੇਂ ਨਟ ਆਪੋ ਵਿਚ ਝਗੜਦੇ ਹਨ ਤੇ ਅਖੀਰ ਉਹ ਦੋਵੇਂ ਨਟਣੀ ਉਤੇ ਫ਼ੈਸਲਾ ਛਡ ਦੇਂਦੇ ਹਨ। ਨੱਟੀ ਨਖ਼ਰੇ ਕਰਦੀ ਹੋਈ ਕਹਿੰਦੀ ਹੈ ਕਿ ਮੈਂ ਤਾਂ ਉਸ ਦੀ ਵਹੁਟੀ ਹਾਂ, ਜਿਹੜਾ ਬਹੁਤ ਵਧੀਆ ਗਾਵੇ। ਸੋ ਦੋਹਾਂ ਨੱਟਾਂ ਵਿਚ ਗਾਣ ਦਾ ਮੁਕਾਬਲਾ ਚਲਦਾ ਹੈ। ਇਕ ਗਾਉਂਦਾ ਹੈ —

ਹੁੰਦੀਆਂ ਨਾ ਬੰਦੇ ਦੀਆਂ
ਆਸਾਂ ਕਦੇ ਪੂਰੀਆਂ।
ਕਲਪਦਾ ਹੀ ਰਹਿੰਦਾ ਬਹੁਤਾ,
ਫਿਰ ਵੀ ਰਹਿੰਦੀਆਂ ਅਧੂਰੀਆਂ।

ਦੂਜਾ ਕੋਈ ਹੋਰ ਗੀਤ ਛੁਹੰਦਾ ਹੈ। ਪਰ ਨਟਣੀ ਨੂੰ ਦੋਹਾਂ ਦੇ ਗੀਤ ਪਸਿੰਦ ਨਹੀਂ ਤੇ ਉਹ ਫ਼ੈਸਲਾ ਦਿੰਦੀ ਹੈ ਕਿ ਉਹ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਨਹੀਂ ਵਸੇਗੀ।

ਇਸ ਉਪਰੰਤ ਨਾਟਕੀ ਸੰਬਾਦਾਂ ਦੁਆਰਾ ਕੋਈ ਅਜਿਹੀ ਕਥਾ-ਕਹਾਣੀ ਪੇਸ਼ ਕੀਤੀ ਜਾਂਦੀ ਹੈ, ਜੋ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਦੀ ਹੋਵੇ। ਕਈ ਵਾਰ ਕਿਸੇ ਸਥਾਨਿਕ ਪ੍ਰੀਤ ਕਹਾਣੀ ਦੀ ਕੋਈ ਝਾਕੀ ਵਿਖਾਈ ਜਾਂਦੀ ਹੈ। ਕਈ ਵਾਰ ਸਮਾਜਿਕ ਤੇ ਆਰਥਿਕ ਮਸਲੇ ਰੌਚਿਕ ਘਟਨਾਵਾਂ ਦੁਆਰਾ ਪੇਸ਼ ਕੀਤੇ ਜਾਂਦੇ ਹਨ।

ਅਖੀਰ ਵਿਚ ਫਿਰ ਕੋਈ ਸਵਾਂਗ ਵਿਖਾਇਆ ਜਾਂਦਾ ਹੈ, ਜਿਸ ਵਿਚ ਪਿੰਡ ਦੇ ਸ਼ਾਹ ਜਾਂ ਲੋਟੂ ਸ਼੍ਰੇਣੀ ਦਾ ਮੌਜੂ ਉਡਾਇਆ ਜਾਂਦਾ ਹੈ। ਇਨ੍ਹਾਂ ਸਵਾਂਗਾਂ ਵਿਚੋਂ 'ਰੋਹਲੂ ਦਾ ਸਵਾਂਗ' ਬੜਾ ਪ੍ਰਸਿਧ ਹੈ। ਰੋਹਲੂ ਪਿੰਡ ਦੇ ਸ਼ਾਹ ਦਾ ਨੌਕਰ ਹੈ, ਜੋ ਬੜੇ ਮਖ਼ੌਲੀਏ ਸੁਭਾਵ ਦਾ ਹੈ। ਸ਼ਾਹਣੀ ਨੂੰ ਪੇਕਿਉਂ ਵਾਪਸ ਲਿਆਣ ਦੀ ਇਕ ਝਾਕੀ ਵਿਚ ਮੁਨੀਮ ਤੇ ਰੋਹਲੂ ਦੀ ਵਾਰਤਾਲਾਪ ਇਉਂ ਹੈ —

ਮੁਨੀਮ : ਰੋਹਲੂਆ ! ਸ਼ਾਹਣੀਆ ਹੋ ਤੈਂ ਜਾਣਾਂ ਯਾ ਮੈਂ।

ਰੋਹਲੂ : (ਜਿਸ ਨੇ ਮੂੰਹ 'ਤੇ ਤਵੇ ਦਾ ਕਾਲਾ ਰੰਗ ਥਪਿਆ ਹੋਇਆ ਹੈ) ਮੈਂ ਜਾਣੈ।

ਮੁਨੀਮ : ਮੂਆ, ਤੂੰ ਕਲਮੂਹਾ ਏਂ, ਮੈਂ ਜਾਣਾ।

ਰੋਹਲੂ : ਮੂਆ, ਮੈਂ ਹੀ ਜਾਣੈ, ਕਲਮੂੰਹਾ ਨਹੀਂ, ਏ ਪੋਡਰ ਲਾ ਰਖਿਐ।

ਰੋਹਲੂ ਸ਼ਾਹਣੀ ਨੂੰ ਲੈਣ ਜਾਂਦਾ ਹੋਇਆ ਕਈ ਤਰ੍ਹਾਂ ਦੀਆਂ ਹਾਸ-ਹੀਣੀਆਂ ਗੱਲਾਂ ਕਰਦਾ ਹੈ। ਜਦੋਂ ਰਾਹ ਵਿਚ ਕਿਸੇ ਨੂੰ ਰੁਪਿਆ ਦੇਣਾ ਹੁੰਦਾ ਹੈ, ਤਾਂ ਦਸ ਰੁਪਏ ਦੇ ਨੋਟ ਦੇ ਦਸ ਬਰਾਬਰ ਹਿੱਸੇ ਕਰ ਕੇ ਇਕ ਟੁਕੜਾ ਉਸ ਦੇ ਹਵਾਲੇ ਕਰਦਾ ਹੈ। ਉਸ ਦੇ ਤੁਰਨ ਦਾ ਢੰਗ ਵੀ ਮਸਖ਼ਰੀ ਭਰਿਆ ਹੁੰਦਾ ਹੈ।

ਅਖੀਰ ਵਿਚ ਸ਼ਾਹ ਦੀ ਮੌਤ ਕਾਰਨ ਸ਼ਾਹਣੀ ਰੋ ਕੁਰਲਾ ਰਹੀ ਹੁੰਦੀ ਹੈ। ਰੋਹਲੂ ਸ਼ਾਹਣੀ ਨੂੰ ਧੀਰਜ ਦਿੰਦਾ ਹੈ —

ਸ਼ਾਹਣੀ : ਹਾਇ ਮੇਰਾ ਸ਼ਾਹ ਮਰੀ ਗਿਆ।
ਰੋਹਲੂ : ਨਾ ਨਾ ਤੂੰ ਫਿਕਰ ਨਾ ਕਰੀਂ, ਮੇਰੇ ਆਏ ਜਾ, ਮਾਈ ! ਜੇ ਸ਼ਾਹ ਮਰੀ ਗਿਆ।
ਸ਼ਾਹਣੀ : ਇਸਰੀਯਾ ਤਕੜੀਆ ਕਿਨੀ ਤੋਲਨਾ।
ਰੋਹਲੂ : ਮੈਂ ਤੋਲਨਾ, ਪੂਰਾ ਕਿਨੀ ਨਹੀਂ ਦੇਣਾ।
ਸ਼ਾਹਣੀ : ਇਸ ਦਾ ਹੁੱਕਾ ਤਮਾਕੂ ਕਿਨੀ ਪੀਣਾ।
ਰੋਹਲੂ : ਨਾ ਡਰੀ ਸ਼ਾਹਣੀਏਂ, ਮੈਂ ਪੀਣਾ, ਮੈਂ ਆਂ ਤੇਰਾ ਸ਼ਾਹ।

ਇਸ ਤਰ੍ਹਾਂ ਕਾਫ਼ੀ ਹਾਸਾ ਠੱਠਾ ਮਚਦਾ ਹੈ। ਕਰਿਆਲਾ ਕਈ ਵਾਰ ਸਾਰੀ ਸਾਰੀ ਰਾਤ ਚਲਦਾ ਰਹਿੰਦਾ ਹੈ।

ਆਧਾਰ :

1. Censes of India, 1961, Vol. 20,
2. ਹਰੀਕ੍ਰਿਸ਼ਨ ਮਿਟੂ : ਹਿਮਾਚਲ ਪ੍ਰਦੇਸ਼, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ।

(ਕ-158) **ਕਰੀਚਣੀ :**

ਚਾਂਦੀ ਦੀ ਤਾਰ ਦਾ ਛੱਲਾ; ਵਿਆਹ ਵੇਲੇ ਦੂਲ੍ਹਾ, ਦੁਲ੍ਹਨ ਦੀਆਂ ਭੈਣਾਂ ਅਤੇ ਸਹੇਲੀਆਂ ਨੂੰ.

ਸੁਗਾਤ ਦੇ ਤੌਰ 'ਤੇ ਕਰੀਚਣੀਆਂ ਦੇਂਦਾ ਹੈ। ਅੱਜ ਕਲ੍ਹ ਅਮੀਰ ਸ਼ਹਿਰੀਆਂ ਵਿਚ ਸੋਨੇ ਦੀਆਂ ਕਰੀਚਣੀਆਂ ਦੇਣ ਦਾ ਰਵਾਜ ਪੈ ਗਿਆ ਹੈ। ਇਹ ਰੀਤ ਵਧੇਰੇ ਕਰ ਕੇ ਲਹਿੰਦੇ ਪੰਜਾਬ ਧਨੀ ਪੋਠੋਹਾਰ ਅਤੇ ਮੁਲਤਾਨ ਵਿਚ ਪ੍ਰਚਲਤ ਸੀ। ਕਰੀਚਣੀ ਦੇਣਾ ਇਕ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ ਅਤੇ ਇਨ੍ਹਾਂ ਖੇਤਰਾਂ ਦੇ ਹਿੰਦੂਆਂ ਸਿੱਖਾਂ ਵਿਚ ਦੁਲ੍ਹਨ ਦੀਆਂ ਭੈਣਾਂ ਤੇ ਸਹੇਲੀਆਂ ਕਰੀਚਣੀ ਲੈਣਾ ਆਪਣਾ ਅਧਿਕਾਰ ਸਮਝਦੀਆਂ ਹਨ। ਜੇ ਦੁਲ੍ਹਾ ਕਰੀਚਣੀਆਂ ਨਾ ਲਿਆਵੇ, ਤਾਂ ਦੁਲ੍ਹਨ ਦੀਆਂ ਭੈਣਾਂ ਤੇ ਸਹੇਲੀਆਂ ਉਸ ਨੂੰ ਸਿਠਣੀਆਂ ਦੇਂਦੀਆਂ ਹਨ।

(ਕ-159) **ਕਰੀਰ :**

ਇਕ ਕੰਡੇਦਾਰ ਬ੍ਰਿਛ, ਜਿਸ ਨੂੰ ਡੇਲੇ ਪੈਂਦੇ ਹਨ। ਕਰੀਰ ਦੇ ਦਰੱਖ਼ਤ ਨਾਲ ਕਈ ਤਰ੍ਹਾਂ ਦੀਆਂ ਮਨੌਤਾਂ ਸਬੰਧਿਤ ਹਨ। ਕਰੀਰ ਦੇ ਦਰੱਖ਼ਤ ਉਤੇ ਸੀਤਲਾ ਮਾਤਾ ਦਾ ਨਿਵਾਸ ਮੰਨਿਆ ਜਾਂਦਾ ਹੈ। ਇਸ ਲਈ ਜਦੋਂ ਕਿਸੇ ਨੂੰ ਮਾਤਾ ਨਿਕਲੇ, ਤਾਂ ਕਰੀਰ ਦੀਆਂ ਜੜ੍ਹਾਂ ਵਿਚ ਪਾਣੀ ਪਾ ਦਿਤਾ ਜਾਂਦਾ ਹੈ, ਇਸ ਤਰ੍ਹਾਂ ਦੇਵੀ ਪ੍ਰਸੰਨ ਹੁੰਦੀ ਹੈ। ਦਾਗ਼ ਬਹੁਤੇ ਗਹਿਰੇ ਨਹੀਂ ਪੈਂਦੇ ਅਤੇ ਕੋਈ ਅੰਗ ਵੀ ਭੰਗ ਨਹੀਂ ਹੁੰਦਾ। ਕਈ ਮਾਂਵਾਂ ਸੀਤਲਾ ਅਸ਼ਟਮੀ ਨੂੰ ਕਰੀਰ ਨੂੰ ਜਲ ਦੇਂਦੀਆਂ ਹਨ, ਤਾਂ ਜੋ ਸੀਤਲਾ ਦੇਵੀ ਉਨ੍ਹਾਂ ਦੇ ਬੱਚਿਆਂ ਵਿਚ ਪ੍ਰਵੇਸ਼ ਨਾ ਕਰੇ।

ਕਰੀਰ ਦੇ ਦਰੱਖ਼ਤਾਂ ਉਤੇ ਰੋਗਾਂ ਨੂੰ ਫੈਲਾਣ ਵਾਲੀਆਂ ਪ੍ਰੇਤ ਰੂਹਾਂ ਦਾ ਵੀ ਵਾਸਾ ਮੰਨਿਆ ਜਾਂਦਾ ਹੈ, ਇਸ ਲਈ ਇਹ ਦਰੱਖ਼ਤ ਆਮ ਤੌਰ 'ਤੇ ਘਰੋਂ ਦੂਰ ਲਗਾਇਆ ਜਾਂਦਾ ਹੈ।

(ਕ-160) **ਕਰੂਆ :**

ਮਿੱਟੀ ਜਾਂ ਧਾਤ ਦਾ ਬਰਤਨ, ਜੋ ਚੰਨ ਨੂੰ ਅਰਘਾ ਦੇਣ ਲਈ ਵਰਤਿਆ ਜਾਂਦਾ ਹੈ। ਕਰੂਆ ਚੌਥ (ਕਰਵਾ ਚੌਥ) ਨੂੰ ਸੁਹਾਗਣਾਂ ਮਿੱਟੀ ਦੇ ਕਰੂਏ ਵਿਚ ਕੱਚੀ ਲੱਸੀ ਪਾ ਕੇ ਚੰਨ ਨੂੰ ਅਰਘਾ ਦੇਂਦੀਆਂ ਹਨ। ਮਗਰੋਂ ਉਸ ਕਰੂਏ ਵਿਚ ਮਠਿਆਈ ਅਤੇ ਪਕਵਾਨ ਪਾ ਕੇ ਬ੍ਰਾਹਮਣ ਨੂੰ ਦਾਨ ਕਰ ਦਿੰਦੀਆਂ ਹਨ। ਇਸ ਦਿਨ ਕਰੂਆ ਟੁਟਣਾ ਅਪਸ਼ਗਨ ਮੰਨਿਆ ਜਾਂਦਾ ਹੈ (ਵੇਖੋ : ਘੜਾ)।

(ਕ-161) **ਕਰੂਆ ਚੌਥ :**

(ਵੇਖੋ : ਕਰਵਾ ਚੌਥ)।

(ਕ-162) **ਕਰੂਲਾ :**

ਇਸ ਨੂੰ ਘੁਟੀ ਵੀ ਕਹਿੰਦੇ ਹਨ। ਕੋਈ ਵਡੇਰੀ ਤੀਵੀਂ ਥੋੜਾ ਜਿਹਾ ਗੁੜ, ਜਵੈਣ ਤੇ ਸੌਂਫ਼ ਆਦਿ ਮੂੰਹ ਵਿਚ ਚਿੱਥ ਕੇ ਨਰਮ ਕਰ ਲੈਂਦੀ ਹੈ। ਫਿਰ ਉਸ ਦਾ ਰਸ ਕਪੜੇ ਵਿਚ ਪੁਣ ਕੇ ਬੱਚੇ ਨੂੰ ਦਵਾਈ ਵਜੋਂ ਦਿਤਾ ਜਾਂਦਾ ਹੈ। ਇਸ ਨਾਲ ਬੱਚੇ ਦਾ ਪੇਟ ਸਾਫ਼ ਹੋ ਜਾਂਦਾ ਹੈ।

ਜ਼ਿਲਾ ਅਟਕ (ਅਟਕ ਗਜ਼ਟੀਅਰ, ਪੰਨਾ 65) ਵਿਚ ਬੱਚੇ ਨੂੰ ਜੰਮਣ ਮਗਰੋਂ ਜੋ ਗੁੜ੍ਹਤੀ ਦਿਤੀ ਜਾਂਦੀ ਹੈ, ਉਹ ਕਰੂਲੇ ਦੀ ਹੁੰਦੀ ਹੈ। ਜਦੋਂ ਤਕ ਬੱਚੇ ਨੂੰ ਟੱਟੀ ਨਹੀਂ ਆ ਜਾਂਦੀ, ਉਦੋਂ ਤਕ ਉਸ ਦੀ ਮਾਂ ਬੱਚੇ ਨੂੰ ਦੁਧ ਨਹੀਂ ਚੁੰਘਾਂਦੀ।

(ਕ-163) **ਕਰੇਵਾ :**

ਵਿਧਵਾ ਇਸਤ੍ਰੀ ਨਾਲ ਕੀਤਾ ਪੁਨਰ-ਵਿਵਾਹ; ਪੰਜਾਬ ਦੀਆਂ ਕੁਝ ਜਾਤਾਂ ਗੋਤਾਂ ਖਤਰੀਆਂ ਆਦਿ ਵਿਚ ਵਿਧਵਾ ਦਾ ਪੁਨਰ ਵਿਆਹ ਵਰਜਿਤ ਹੈ, ਪਰ ਜੱਟਾਂ, ਗੁਜਰਾਂ ਅਤੇ ਕੁਝ ਪਛੜੇ ਵਰਗਾਂ ਵਿਚ ਵਿਧਵਾ ਨੂੰ ਦੁਬਾਰਾ ਕਿਧਰੇ ਬਿਠਾ ਦੇਣ ਦੀ ਪ੍ਰਥਾ ਹੈ। ਆਮ ਤੌਰ 'ਤੇ ਵਿਧਵਾ ਇਸਤ੍ਰੀ ਦਾ ਪੁਨਰ-ਵਿਆਹ ਉਹਦੇ ਛੋਟੇ ਦੇਵਰ ਨਾਲ ਕੀਤਾ ਜਾਂਦਾ ਹੈ, ਪਰ ਜੇ ਦੇਵਰ ਨਾਲ ਹਾਣ-ਮੇਲ ਨਾ ਰਲਦਾ ਹੋਵੇ, ਤਾਂ ਬਰਾਦਰੀ ਵਿਚੋਂ ਹੀ ਕਿਸੇ ਦੂਰ ਨੇੜੇ ਦੇ ਸਾਕ ਨਾਲ ਕਰੇਵਾ ਕਰ ਦਿਤਾ ਜਾਂਦਾ ਹੈ। ਹਰਿਆਣੇ ਦੇ ਜੱਟਾਂ ਵਿਚ ਵਿਧਵਾ ਇਸਤ੍ਰੀ ਆਪਣੇ ਜੇਠ ਨਾਲ ਚਾਦਰ ਅੰਦਾਜ਼ੀ ਕਰ ਲੈਂਦੀ ਹੈ।

ਦੇਵਰ ਨਾਲ ਪੁਨਰ-ਵਿਆਹ ਕਰਨ ਦਾ ਪਿਛੋਕੜ ਨਿਯੋਗ ਦੀ ਰੀਤ ਵਿਚੋਂ ਲਭਿਆ ਜਾ ਸਕਦਾ ਹੈ। ਮਨੂੰ ਸਿਮਰਤੀ (9,59) ਵਿਚ ਲਿਖਿਆ ਹੈ : ਜੇ ਪਤੀ ਬੱਚਾ ਪੈਦਾ ਕਰਨ ਵਿਚ ਸਫਲ ਨਾ ਹੋਵੇ, ਤਾਂ ਬੱਚੇ ਦੀ ਉਤਪਤੀ ਲਈ ਆਪਣੇ ਪਤੀ ਦੇ ਭਰਾ ਜਾਂ ਕਿਸੇ ਸਪਿੰਡ ਨਾਲ ਨਿਯੋਗ ਕਰ ਲਿਆ ਜਾਵੇ (ਵੇਖੋ : ਨਿਯੋਗ)।

ਕਰੇਵੇ ਵੇਲੇ ਹਿੰਦੂਆਂ ਸਿੱਖਾਂ ਵਿਚ ਨਾ ਤਾਂ ਫੇਰੇ ਦੀ ਰਸਮ ਕੀਤੀ ਜਾਂਦੀ ਹੈ ਅਤੇ ਨਾ ਹੀ ਕੋਈ ਹੋਰ ਧਾਰਮਿਕ ਰੀਤ। ਧਰਮ ਅਨੁਸਾਰ ਤਾਂ ਹਿੰਦੂ ਇਸਤ੍ਰੀ ਨੂੰ ਇਕੋ ਪਤੀ ਧਾਰਨ ਕਰਨਾ ਚਾਹੀਦਾ ਹੈ ਅਤੇ ਪਤੀਬ੍ਰਤ ਇਸਤ੍ਰੀ ਅਗਲੇ ਲੋਕ ਵਿਚ ਸੁਖ ਆਨੰਦ ਭੋਗਦੀ ਹੈ। ਇਸ ਲਈ ਕਰੇਵੇ ਵੇਲੇ ਕੇਵਲ ਲੋਕ-ਰੀਤ ਕਰਨ ਦਾ ਰਿਵਾਜ ਹੈ। ਭਾਈਚਾਰੇ ਨੂੰ ਸਦ ਕੇ ਇਕ ਪਾਸੇ ਵਿਧਵਾ ਇਸਤ੍ਰੀ ਨੂੰ ਬਿਠਾ ਦਿਤਾ ਜਾਂਦਾ ਹੈ। ਫਿਰ ਉਸ ਦਾ ਹੋਣ ਵਾਲਾ ਪਤੀ ਇਕ ਚਿੱਟੀ ਚਾਦਰ, ਜਿਸ ਦੀਆਂ ਚਾਰੇ ਕੰਨੀਆਂ ਪੀਲੇ ਰੰਗ ਵਿਚ ਰੰਗੀਆਂ ਹੁੰਦੀਆਂ ਹਨ, ਬਰਾਦਰੀ ਦੇ ਸਾਹਮਣੇ ਵਿਧਵਾ ਦੇ ਸਿਰ ਉਤੇ ਪਾ ਦੇਂਦਾ ਹੈ। ਇਸਤੋਂ ਬਾਅਦ ਉਹ ਤੀਵੀਂ ਦੀਆਂ ਬਾਹਵਾਂ ਵਿਚ ਸੋਨੇ ਜਾਂ ਕੱਚ ਦੀਆਂ ਵੰਗਾਂ ਪਹਿਨਾ ਦੇਂਦਾ ਹੈ। ਇਸ ਰੀਤ ਨੂੰ ਚਾਦਰ ਪਾਉਣੀ ਵੀ ਕਹਿੰਦੇ ਹਨ।

ਅੱਜ ਕਲ੍ਹ ਕਰੇਵੇ ਦੀ ਰੀਤ ਨੂੰ ਧਾਰਮਿਕ ਰੰਗਣ ਦੇਣ ਲਈ ਹਿੰਦੂ ਪ੍ਰੋਹਿਤ ਨੂੰ ਸਦ ਲੈਂਦੇ ਹਨ, ਜੋ ਕੁਝ ਮੰਤਰਾਂ ਦਾ ਉੱਚਾਰਨ ਵੀ ਕਰਦਾ ਹੈ। ਸਿੱਖ ਇਹ ਰਸਮ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਰਨ ਲੱਗ ਪਏ ਹਨ।

ਰਾਜਪੂਤਾਂ ਵਿਚ ਵਿਧਵਾ ਇਸਤ੍ਰੀ ਦਾ ਪੁਨਰ-ਵਿਆਹ ਵਰਜਿਤ ਹੈ।

(ਕ-164) **ਕਰੋਪੀ :**

ਲੋਕ-ਧਾਰਨਾ ਅਨੁਸਾਰ ਦੇਵੀ ਦੇਵਤੇ ਜਦੋਂ ਕਰੋਪ ਵਿਚ ਹੋਣ, ਤਾਂ ਧਰਤੀ ਉਤੇ ਭੁਚਾਲ ਆਉਂਦੇ, ਕਾਲ ਪੈਂਦੇ ਅਤੇ ਬੀਮਾਰੀਆਂ ਫੈਲਦੀਆਂ ਹਨ। ਜੇ ਲੰਮੇ ਅਰਸੇ ਤਕ ਮੀਂਹ ਨਾ ਵਸੇ, ਤਾਂ ਸਮਝੋ ਇੰਦਰ ਦੇਵਤਾ ਕਰੋਧ ਵਿਚ ਹੈ, ਉਸ ਨੂੰ ਪਤਿਆਣਾ ਚਾਹੀਦਾ ਹੈ। ਜਦੋਂ ਧਰਤੀ ਉਤੇ ਬਹੁਤੇ ਪਾਪ ਹੋਣ, ਤਾਂ ਧਰਤੀ ਮਾਤਾ ਕਰੋਧ ਵਿਚ ਕੰਬਦੀ ਹੈ ਤਾਂ ਭੁਚਾਲ ਆਉਂਦੇ ਹਨ। ਚੇਚਕ ਦੀ ਬੀਮਾਰੀ ਸੀਤਲਾ ਦੇਵੀ ਦੀ ਕਰੋਪੀ ਦਾ ਫਲ ਦਸਿਆ ਜਾਂਦਾ ਹੈ। ਇਸ ਤਰ੍ਹਾਂ ਬਸੰਤ ਰੁੱਤ ਦੇ ਨੇੜੇ ਤੇੜੇ ਮੌਸਮ ਬਦਲਣ ਕਰ ਕੇ ਜੋ ਬੀਮਾਰੀਆਂ ਫੈਲਦੀਆਂ ਹਨ, ਉਹ ਬਸੰਤੀ ਦੇਵੀ ਦੀ ਕਰੋਪੀ ਕਾਰਨ ਹਨ। ਛਾਇਆ ਦਾ ਰੋਗ ਕਿਸੇ ਪ੍ਰੇਤ ਰੂਹ ਦੀ ਕਰੋਪੀ ਦਾ ਮੰਨਿਆ ਜਾਂਦਾ ਹੈ। ਕਿਸੇ ਕਰੜੀ ਥਾਂ ਉਤੇ ਜਦੋਂ ਕੋਈ ਸ਼ਖ਼ਸ ਮੂਤਰ ਦਿੰਦਾ ਜਾਂ ਕੋਈ ਹੋਰ ਅਵਿੱਗਿਆ ਕਰ ਦਿੰਦਾ ਹੈ, ਤਾਂ ਪ੍ਰੇਤ ਕਰੋਪਵਾਨ ਹੋ ਕੇ ਪ੍ਰਾਣੀ ਦੇ ਸਰੀਰ ਵਿਚ ਦਾਖ਼ਲ ਹੋ ਕੇ ਉਸ ਨੂੰ ਦੁਖ ਪਹੁੰਚਾਂਦਾ ਹੈ।

ਪੀਰਾਂ ਫ਼ਕੀਰਾਂ ਅਤੇ ਜੋਗੀਆਂ ਦੀ ਕਰੋਪੀ ਤੋਂ ਲੋਕੀਂ ਡਰਦੇ ਹਨ, ਕਿਉਂ ਜੋ ਕਰਨੀ ਵਾਲੇ ਫ਼ਕੀਰਾਂ ਦੀ ਬਦ-ਅਸੀਸ ਆਪਣਾ ਅਸਰ ਵਿਖਾਂਦੀ ਹੈ। ਇਸ ਲਈ ਸਾਧਾਂ ਸੰਤਾਂ ਫ਼ਕੀਰਾਂ ਦੀ ਕਦੇ ਨਾਰਾਜ਼ਗੀ ਨਹੀਂ ਲਈ ਜਾਂਦੀ। ਪੁਰਾਣਾਂ ਵਿਚ ਅਨੇਕਾਂ ਰਿਸ਼ੀਆਂ ਮੁਨੀਆਂ ਦੇ ਕਰੋਧ ਵਿਚ ਆ ਕੇ ਦਿਤੇ ਸਰਾਪਾਂ ਦਾ ਉਲੇਖ ਹੈ। (ਵੇਖੋ:ਵਰ ਸਰਾਪ)।

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

3

ਵਣਜਾਰਾ ਬੇਦੀ

Sri Satguru Jagjit Singh Ji eLibrary NamdhariElibrary@gmail.com